ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰੁਤਿ ਦੂਸਰੀ Rut 2

Sri Gur Partap Suraj Granth

ਕ੍ਰਿਤ:
ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'
By
Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji

© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਕੀ-ਸਟ੍ਰੋਕ ਸੂਚੀ

ਤਤਕਰਾ ਰੁਤਿ ਦੂਸਰੀ

ਰੁਤਿ ਦੂਸਰੀ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਤਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

੨੧ ਜਨਵਰੀ ੨੦੦੫
ਰੰਧਾਵਾ

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰੁਤਿ ਦੂਸਰੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰੁਤਿ ੨ ਉਪਰ ਕਲਿਕ ਕਰੋ ਜੀ)

ਪਠ ੧ ੨ ੩ ੪ ੫ ੬ ੭ ੮ ੯ ੧੦ ੧੧
੧੨ ੧੩ ੧੪ ੧੫ ੧੬ ੧੭ ੧੮ ੧੯ ੨੦ ੨੧
੨੨ ੨੩ ੨੪ ੨੫ ੨੬ ੨੭ ੨੮ ੨੯ ੩੦ ੩੧
੩੨ ੩੩ ੩੪ ੩੫ ੩੬ ੩੭ ੩੮ ੩੯ ੪੦ ੪੧
੪੨ ੪੩ ੪੪ ੪੫ ੪੬ ੪੭ ੪੮ ੪੯ ੫੦

ਕੀ-ਸਟ੍ਰੋਕ ਸੂਚੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫਾਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

ੳ	ਅ	ੲ	ਸ	ਹ	ਕ	ਖ	ਗ	ਘ	ਙ
A	a	e	s	h	k	K	g	G	Alt+ 249
ਚ	ਛ	ਜ	ਝ	ਞ	ਟ	ਠ	ਡ	ਢ	ਣ
c	C	j	J	Alt+ 248	t	T	f	F	N
ਤ	ਥ	ਦ	ਧ	ਨ	ਪ	ਫ	ਬ	ਭ	ਮ
q	Q	d	D	n	p	P	b	B	m
ਯ	ਰ	ਕ	ਵ	ੜ	ਸ਼	ਖ਼	ਗ਼	ਜ਼	ਫ਼
X	r	k	v	V	S	Alt+ 222	Alt+ 223	Z	Alt+ 227
ਲ਼	ਨੂੰ	ਜ	ੑ	ਾ	ਾਂ	ਿ	ੀ	ੁ	ੁ
Alt+ 253	L	Alt+ 206	Alt+ 236	w	W	i	I	u	Alt+ 252
ੂ	ੂ	ੇ	ੇ	ੈ	ੋ	ੌ	ਃ	ੰ	ੰ
U	Alt+ 193	Alt+ 216	y	Y	o	O	x	M	Alt+ 251
˘	˘	੍	੍	੍	੍	੍	੍ਤ	੍ਵ	੍ਰ
z	Alt+	Alt+ 196	Alt+ 180	H	Alt+ 231	Alt+ 195	Alt+ 156	Alt+ 205	R
-	.	꞉							
Alt+ 216	Alt+ 230	Alt+ 218							

ਤਤਕਰਾ ਰੁਤਿ ੨

	ਦੂਸਰੀ ਰੁਤਿ
੧	ਅੰਸੂ ੧. [ਮੰਗਲ। ਖਾਨ ਨੌਕਰ ਰੱਖੇ] ੧. ਇਸ਼੍ਟ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ। ੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ। [ਬਿਨਯ]
੨	੨. [ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ]
੩	੩. [ਬੇੜੀ ਉਤੇ ਰਾਮਰਾਇ ਨਾਲ ਮੇਲ]
੪	੪. [ਕ੍ਰਪਾਲ ਮੋਚਨ]
੫	੫. [ਰਾਜ ਕੌਰ ਦਾ ਹਾਲ]
੬	੬. [ਰਾਮ ਰਾਇ ਜੀ ਦਾ ਅੰਤ]
੭	੭. [ਪੰਜਾਬ ਕੌਰ ਦੀ ਸਤਿਗੁਰਾਂ ਨੂੰ ਚਿੱਠੀ]
੮	੮. [ਗੁਰੂ ਜੀ ਡੇਹਰੇ ਆਏ। ਮਸੰਦਾਂ ਨੂੰ ਦੰਡ ਦੇਣ ਹਿਤ ਤਜਾਰੀ]
੯	੯. [ਮਸੰਦਾਂ ਨੂੰ ਦੰਡ]
੧੦	੧੦. [ਫਤੇਸ਼ਾਹ ਦੇ ਲਾਗੀ ਆਏ। ਤੰਬੋਲ ਦੀ ਤਿਆਰੀ]
੧੧	੧੧. [ਨੰਦ ਚੰਦ ਤੰਬੋਲ ਲੈਕੇ ਗਿਆ। ਬਰਾਤ]
੧੨	੧੨. [ਰਾਜੇ ਦਾ ਵਜ਼ੀਰ ਰਾਹ ਲੈਣ ਆਇਆ]
੧੩	੧੩. [ਕੇਵਲ ਦੂਲਹੁ ਤੇ ਵਜ਼ੀਰ ਦੇ ਲੰਘਣ ਦੀ ਆਗਜਾ ਲੈਣੀ]
੧੪	੧੪. [ਭੀਮਚੰਦ ਦਾ ਪੁੱਤ੍ਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ]
੧੫	੧੫. [ਸਉਦਾਗਰ। ਬਰਾਤ ਸ੍ਰੀ ਨਗਰ]
੧੬	੧੬. [ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ]
੧੭	੧੭. [ਘਾਟ ਲੰਘਣਾ]
੧੮	੧੮. [ਨੰਦ ਚੰਦ ਦਾ ਆਉਣਾ]
੧੯	੧੯. [ਫਤੇਸ਼ਾਹ ਦਾ ਜੰਗ ਹਿਤ ਅੱਗੇ ਵਧਣਾ]
੨੦	੨੦. [ਪਠਾਣਾਂ ਨੇ ਛੁੱਟੀ ਮੰਗਣੀ]
੨੧	੨੧. [ਪਠਾਣ ਫਤੇਸ਼ਾਹ ਨੂੰ ਜਾ ਮਿਲੇ]
੨੨	੨੨. [ਬੁੱਧੂ ਸ਼ਾਹ ਨੂੰ ਖ਼ਬਰ। ਕਾਲੇ ਖਾਂ]
੨੩	੨੩. [ਉਦਾਸੀਆਂ ਦਾ ਖਿਸਕਣਾਂ]
੨੪	੨੪. [ਮਹੰਤ ਕ੍ਰਿਪਾਲ। ਦਲ ਦੀ ਚੜ੍ਹਾਈ]
੨੫	੨੫. [ਜੰਗ ਸ਼ੁਰੂ]
੨੬	੨੬. [ਬੁੱਧੂਸ਼ਾਹ ਦੇ ਪੁੱਤ੍ਰਾਂ ਦਾ ਜੰਗ। ਇਕ ਸ਼ਹੀਦ ਹੋਯਾ]
੨੭	੨੭. [ਕ੍ਰਿਪਾਲ ਮਹੰਤ ਨੇ ਹਯਾਤ ਖਾਂ ਨੂੰ ਮਾਰਨਾ]

੨੮	੨੮. [ਸਾਹਿਬ ਚੰਦ। ਦਯਾਰਾਮ ਨੰਦ ਚੰਦ ਦਾ ਯੁੱਧ]
੨੯	੨੯. [ਹਲਵਾਈ ਸਿੱਖ। ਜੀਤ ਮੱਲ ਬੱਧ। ਫਤੇ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ]
੩੦	੩੦. [ਸੰਗੋਸ਼ਾਹ ਤੇ ਹਰੀਚੰਦ ਬੱਧ]
੩੧	੩੧. [ਭੰਗਾਣੀ ਯੁੱਧ ਫਤਹ ਕੀਤਾ]
੩੨	੩੨. [ਇਨਾਮ ਵੰਡੇ। ਪਾਂਵਟੇ ਤੋਂ ਤਿਆਰੀ]
੩੩	੩੩. [ਅਨੰਦ ਪੁਰ ਦਾ ਸਫਰ। ਨਾਹਣੇਸ਼। ਲਾਹਾ ਤੇ ਟੋਟਾ ਗ੍ਰਾਮ ਦੇ ਚੋਰ]
੩੪	੩੪. [ਰਾਇਪੁਰ ਦੀ ਰਾਣੀ]
੩੫	੩੫. [ਕੀਰਤਿ ਪੁਰਿ। ਆਨੰਦ ਪੁਰਿ ਆਉਣਾ]
੩੬	੩੬. [ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ]
੩੭	੩੭. [ਭੀਮਚੰਦ ਮੇਲ ਹਿਤ ਆਇਆ। ਸਾਹਿਬ ਅਜੀਤ ਸਿੰਘ ਜਨਮ]
੩੮	੩੮. [ਮੇਲੇ ਵਿਚੋਂ ਠੱਗ ਫੜਕੇ ਦੰਡ ਦਿੱਤਾ]
੩੯	੩੯. [ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਪਰ ਚੜ੍ਹਾਈ]
੪੦	੪੦. [ਨਾਦੌਣ ਦਾ ਜੰਗ ਆਰੰਭ]
੪੧	੪੧. [ਬਿੱਝੜ ਵਾਲੀਆ ਦਜਾਲ ਬੱਧ]
੪੨	੪੨. [ਜੰਗ ਜਿੱਤਣਾ। ਅਲਫ ਖਾਂ ਦਾ ਰਾਤੀਂ ਨੱਸਣਾ]
੪੩	੪੩. [ਆਲਸੂਨ ਮਾਰਨਾ]
੪੪	੪੪. [ਆਨੰਦਪੁਰ। ਬਾਬਾ ਜ਼ੋਰਾਵਰ ਸਿੰਘ ਜੀ ਜਨਮ]
੪੫	੪੫. [ਸ੍ਰੀ ਗੁਰੂ ਜੀ ਦਾ ਪ੍ਰਤਾਪ]
੪੬	੪੬. [ਦਿਲਾਵਰ ਖਾਂ ਦੇ ਪੁੱਤ੍ਰ ਦੀ ਚੜ੍ਹਾਈ]
੪੭	੪੭. [ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ]
੪੮	੪੮. [ਗੁਪਾਲ ਤੇ ਹੁਸੈਨੀ ਦੀ ਸੁਲਹ ਲਈ ਸੰਗਤੀਆ ਸਿੰਘ ਆਇਆ]
੪੯	੪੯. [ਹੁਸੈਨੀ ਬੱਧ ਗੁਪਾਲ ਦੀ ਫਤਹ। ਜੁਝਾਰ ਸਿੰਘ ਜਨਮ]
੫੦	੫੦. [ਕਵੀਆਂ ਦੀ ਕਦਰ। ਬਾਬਾ ਫਤਹ ਸਿੰਘ ਜਨਮ]

ਦੂਜੀ ਰਿਤੁ ਚੱਲੀ

ੴ ਸਤਿਗੁਰ ਪ੍ਰਸਾਦਿ ॥

ਸ਼੍ਰੀ ਵਾਹਿਗੁਰੂ ਜੀ ਕੀ ਫਤਹ ॥

ਅਬ ਦੁਤਿਯ ਰੁੱਤ ਬਰਨਤੇ।

ਅੰਸੂ ੧. [ਮੰਗਲ। ਖਾਨ ਨੌਕਰ ਰੱਖੇ]

<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨

੧. ਇਸ਼੍ਰ ਗੁਰੂ-ਦਸੋ ਗੁਰੂ ਸਾਹਿਬਾਂ ਦਾ-ਮੰਗਲ।

ਕਬਿੱਤ: ਜਪ ਗੁਰੂ ਨਾਨਕ ਮੁਕੰਦ, ਗੁਰੂ ਅੰਗਦ,
ਅਮਰ ਗੁਰੂ ਰਾਮਦਾਸ ਆਨੰਦ ਬਿਲੰਦ ਮੈਂ।
ਸਤਿਗੁਰੂ ਅਰਜਨ, ਸ਼੍ਰੀ ਹਰਿਗੋਵਿੰਦ ਚੰਦ,
ਗੁਰੂ ਹਰਿ ਰਾਇ ਬ੍ਰਿੰਦ ਬਿਘਨ ਨਿਕੰਦ ਮੈਂ।
ਸ਼੍ਰੀ ਹਰਿ ਕ੍ਰਿਸ਼ਨ, ਨਵਮ ਗੁਰ ਪਾਤਸ਼ਾਹ,
ਸ਼੍ਰੀ ਗੁਵਿੰਦ ਸਿੰਘ ਜੀ ਸਦੀਵ ਸੁਖਕੰਦ ਮੈਂ।
ਸਭਿ ਕੇ ਪਦਾਰਬਿੰਦ ਮਨ ਕੋ ਮਲਿੰਦ ਕਰਿ,
ਗਯਾਨ ਮਕਰੰਦ ਹਿਤ ਬੰਦੌਂ ਹਾਥ ਬੰਦਿਮੈਂ ॥੧॥

ਜਪ = ਜਪਦਾ ਹਾਂ, ਅਰਾਧਨਾ ਕਰਦਾ ਹਾਂ, ਸਿਮਰਨ ਕਰਦਾ ਹਾਂ।

ਮੈਂ = ਮੈਂ। (ਅ) ਜੇ 'ਮੈਂ' ਨੂੰ 'ਮਯ' ਸਮਝੀਏ ਤਾਂ ਅਰਥ ਬਣੂ:-ਵਾਲੇ। ਸਰੂਪ।

ਸੁਖਕੰਦ = ਸੁਖਾਂ ਦਾ ਮੂਲ। ਮਲਿੰਦ = ਭੌਰਾ।

ਅਰਥ: ਮੈਂ ਸਿਮਰਨ ਕਰਦਾ ਹਾਂ ਮੁਕਤੀ ਦਾਤੇ ਗੁਰੂ ਨਾਨਕ ਜੀ ਦਾ, (ਅਤੇ) ਅਤਿ ਆਨੰਦ (ਦਾਤੇ) ਗੁਰੂ ਅੰਗਦ, ਸ਼੍ਰੀ ਗੁਰੂ ਅਮਰ ਦੇਵ ਤੇ ਗੁਰੂ ਰਾਮਦਾਸ ਜੀ ਦਾ, (ਫਿਰ) ਮੈਂ (ਸਿਮਰਨ ਕਰਦਾ ਹਾਂ) ਸਾਰੇ ਵਿਘਨਾਂ ਨੂੰ ਕੱਟਣ ਹਾਰੇ (ਸ਼੍ਰੀ) ਸਤਿਗੁਰੂ ਅਰਜਨ (ਦੇਵ ਜੀ), ਸ਼੍ਰੀ ਹਰਿ ਗੋਵਿੰਦ ਚੰਦ (ਅਤੇ) ਗੁਰੂ ਹਰਿ ਰਾਇ ਜੀ ਦਾ; (ਫਿਰ) ਮੈਂ (ਸਿਮਰਨ ਕਰਦਾ ਹਾਂ) ਸਦੀਵੀ ਸੁਖਦਾਤੇ ਸ਼੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ, ਸ਼੍ਰੀ) ਗੁਰੂ (ਤੇਗ ਬਹਾਦਰ ਜੀ) ਨੌਵੇਂ ਪਾਤਸ਼ਾਹ (ਤੇ) ਸ਼੍ਰੀ (ਗੁਰੂ) ਗੋਵਿੰਦ ਸਿੰਘ ਜੀ ਦਾ; (ਹਾਂ,) ਮੈਂ ਸਾਰੇ (ਗੁਰੂ ਸਾਹਿਬਾਂ ਦੇ) ਚਰਨਾਂ ਕਮਲਾਂ ਦਾ (ਆਪਣੇ) ਮਨ ਨੂੰ ਭਉਰਾ ਬਣਾ ਕੇ ਗਯਾਨ (ਰੂਪ) ਮਕਰੰਦ (ਪ੍ਰਾਪਤ ਕਰਨ) ਲਈ (ਦੋਵੇਂ) ਹਥ ਜੋੜਕੇ (ਉਨ੍ਹਾਂ ਚਰਨਾਂ ਉਤੇ) ਨਮਸਕਾਰ ਕਰਦਾ ਹਾਂ।

੨. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ: ਸਾਰਦ ਬਾਰਦ ਭਾ ਰਦੀ; ਨਾਰਦ, ਪਾਰਦ, ਕੁੰਦ।
ਬਰਨ ਸਾਰਦਾ ਸਾਰਦਾ, ਪਦ ਅਰਵਿੰਦਨਿ ਬੰਦਿ ॥੨॥

ਸਾਰਦ ਬਾਰਦ = ਸਰਦ ਰੁੱਤ ਦਾ ਬੱਦਲ।

ਭਾ ਰਦੀ = ਸ਼ੋਭਾ ਰੱਦ ਕਰ ਦਿਤੀ ਹੈ, ਭਾਵ ਮਾਤ ਕਰ ਦਿਤੀ ਹੈ।

ਨਾਰਦ = ਨਾਰਦ, ਜਿਸ ਦਾ ਰੰਗ ਚਿੱਟਾ ਮੰਨਿਆ ਹੈ।

ਪਾਰਦ = ਪੂਰਾ। ਕੁੰਦ-ਮਰਤਬਾਨ ਦਾ ਫੁੱਲ ਜੋ ਚਿੱਟਾ ਹੁੰਦਾ ਹੈ।

ਬਰਨ ਸਾਰਦਾ = ਅਖਰਾਂ (ਦੁਆਰਾ ਵਿੱਦਯਾ ਵਿੱਗ੍ਯਾਨ ਰੂਪੀ) ਤੱਤੂ ਦੀ ਦਾਤੀ ਭਾਵ ਗ੍ਯਾਨ ਦਾਤੀ। ਸਾਰਦਾ = ਸਰਸ੍ਵਤੀ।

ਬੰਦਿ = ਬੰਦਨਾ ਕਰਦਾ ਹਾਂ।

ਅਰਥ: ਸਰਦ ਰਿਤੂ ਤੇ ਬੱਦਲ, ਨਾਰਦ, ਪਾਰੇ ਤੇ ਕੁੰਦ (ਦੀ) ਸ਼ੋਭਾ (ਜਿਸ ਨੇ) ਮਾਤ ਕਰ ਦਿਤੀ ਹੈ, (ਉਸ) ਗ੍ਯਾਨ ਦਾਤੀ ਸਰੱਸ੍ਵਤੀ ਦੇ ਚਰਨਾਂ ਕਵਲਾਂ ਪਰ ਬੰਦਨਾ ਕਰਦਾ ਹਾਂ।

[ਬਿਨਯ]

ਉਚਰੋਂ ਰੁਤ ਅਬਿ ਦੂਸਰੀ, ਗੁਰ ਕੀ ਕਥਾ ਰਸਾਲ।
ਸੁਨੀਅਹਿ ਸ਼੍ਰੋਤਾ ਪ੍ਰੀਤਿ ਧਰਿ, ਹੁਇ ਸ਼ਰਧਾਲੁ ਬਿਸਾਲ ॥੩॥

ਰਸਾਲ ਰਸ+ਆਲਯ = ਰਸਾਂ ਦਾ ਘਰ, ਜਿਸ ਵਿਚ ਨਵੇਂ ਹੀ ਰਸ ਹੋਣ। (ਅ) ਅੰਬ, ਭਾਵ ਸ੍ਵਾਦੀਕ ਅਥਵਾ ਰੋਚਕ। (ੲ) ਸੁੰਦਰ।

ਅਰਥ: ਹੁਣ ਮੈਂ ਦੂਸਰੀ ਰੁਤ ਵਿਖੇ (ਸ਼੍ਰੀ) ਗੁਰੂ (ਗੋਬਿੰਦ ਸਿੰਘ) ਜੀ ਦੀ ਰਸਮਈ ਕਥਾ ਉਚਾਰਦਾ ਹਾਂ, (ਹੇ ਸ਼੍ਰੋਤਾ ਜਨੋ! ਤੁਸੀਂ) ਬੜੇ ਸ਼ਰਧਾਲੂ ਹੋਕੇ ਪ੍ਰੀਤੀ ਨਾਲ ਸੁਣੋ:-

ਚੌਪਈ: ਬੁੱਧੂਸ਼ਾਹਿ ਗਯੋ ਨਿਜ ਡੇਰੇ।
ਦਿਨ ਕੇਤਿਕ ਜਬਿ ਕੀਨਿ ਬਸੇਰੇ।
ਨਗਰ ਦਾਮਲਾ[1] ਏਕ ਸੁ ਜਾਨਿ।
ਤਹਾਂ ਹੁਤੇ ਕੁਛ ਖਾਨਹਿ ਖਾਨ[2] ॥੪॥
ਸਦਾ ਰਹਤਿ ਨੌਕਰ ਪਤਿਸ਼ਾਹੀ।
ਕਰਤਿ ਜੀਵਕਾ ਨਿਜ ਨਿਰਬਾਹੀ।
ਕੁਛ ਕਾਰਜ ਤਿਨ ਦੀਨਿ ਬਿਗਾਰੇ।
ਰਿਸਿ ਨੌਰੰਗ ਸੋ[3] ਵਹਿਰ ਨਿਕਾਰੇ ॥੫॥
ਸਭਿ ਮਹਿਂ ਹੁਕਮ ਬਿਦਤਿ ਇਮ ਭਾਖੇ।
'ਇਨ ਕੋ ਚਾਕਰ ਨਹਿਂ ਕੋ ਰਾਖੇ।
ਖਤਾਵੰਦ[4] ਪਤਿਸ਼ਾਹੀ ਅਹੈਂ।
ਰਾਖਹਿ ਜੋ ਸਜ਼ਾਇ ਸੋ ਲਹੈ' ॥੬॥
ਭਏ ਬਿ ਨੌਕਰ ਰੋਜ਼ੀ ਹੀਨੇ।
ਫਿਰੇ ਬਹੁਤ, ਨਹਿਂ ਰਾਖਨਿ ਕੀਨੇ।
ਹੁਤੇ ਪੰਚ ਸੈ ਗਿਨਤੀ ਬਿਖੇ।
ਭਏ ਦੀਨ, ਜਬਿ ਨਹਿਂ ਕਿਹ ਰਖੇ ॥੭॥
ਬਿਚਰਤਿ ਪਹੁੰਚੇ ਸ਼ਹਿਰ ਸਢੌਰੇ।
ਡੇਰਾ ਕਰਯੋ ਵਹਿਰ ਕਿਸ ਠੌਰੇ।

---
[1] ਨਾਮ ਹੈ ਨਗਰ ਦਾ, ਕਰਨਾਲ ਦੇ ਜ਼ਿਲੇ ਵਿਚ ਹੈ।
[2] ਖਾਨਾਂ ਦੇ ਘਰ।
[3] ਓਹ (ਪਠਾਣ)।
[4] ਕਸੂਰਵਾਰ।

ਜਾਨਿ ਪੀਰ ਨਿਜ ਬੁੱਧੂਸ਼ਾਹਾ।
ਜ਼ਾਰਤ ਹੇਤੁ[੧] ਗਏ ਸਭਿ ਪਾਹਾ ॥੮॥
ਕੁਛ ਅਕੋਰ ਧਰਿ ਕੀਨਿ ਸਲਾਮੂ।
ਬੈਠੇ ਜਾਇ ਸਮੀਪ ਤਮਾਮੂ।
ਬੂਝਨ ਕਰਜੋ 'ਕਹਾਂ ਤੇ ਆਏ?'
ਤਿਨ ਬ੍ਰਿਤੰਤ ਸਭਿ ਦੀਨਿ ਸੁਨਾਏ ॥੯॥
'ਰੋਜ਼ੀ ਹੇਤੁ ਫਿਰੇ ਹਮ ਸਾਰੇ।
ਨਹਿਂ ਕਿਨ ਰਾਖਨਿ ਬਾਕ ਉਚਾਰੇ।
ਹੁਇ ਨਿਰਾਸ ਹਮ ਚਲੇ ਅਵਾਸ।
ਕਰਹਿਂ ਸ਼ਾਹ ਤੇ ਸਗਰੇ ਤ੍ਰਾਸ ॥੧੦॥
ਜੋ ਨੌਰੰਗ ਤੇ ਨਹਿਂ ਉਰ ਡਰੈ।
ਹਮਹਿਂ ਸਮੀਪ ਸੁ ਰਾਖਨਿ ਕਰੈ।
ਅਬਿ ਜਗ ਮਹਿਂ ਅਸ ਦਿਖਤਿ ਨ ਕੋਈ।
ਰਾਖਹਿ ਤ੍ਰਾਸ ਤਜਾਗ ਕਰਿ ਸੋਈ ॥੧੧॥
ਭਏ ਲਚਾਰ ਜੀਵਕਾ ਹੇਤੁ।
ਕਰਹਿਂ ਖੇਤ ਕ੍ਰਿਤ[੨] ਜਾਇ ਨਿਕੇਤ।
ਵਸਤੂ ਆਦਿਕ ਅਧਿਕ ਦਰਬ ਕੋ।
ਖਰਚਜੋ ਪਹਿਰਨਿ ਖਾਨ ਸਰਬ ਕੋ[੩] ॥੧੨॥
ਜੇ ਕਰਿ ਤੁਮ ਤੇ ਹੁਇ ਉਪਕਾਰ।
ਕਰੋ ਪੀਰ ਜੀ ਮਿਹਰ ਉਦਾਰ।'
ਅਰਜ਼ੀ ਸੁਨੀ ਭਨੀ ਹੁਇ ਦੀਨ।
ਬੁੱਧੂਸ਼ਾਹ ਬਿਚਾਰਨਿ ਕੀਨਿ ॥੧੩॥
-ਇਕ ਸ੍ਰੀ ਕਲਗ਼ੀਧਰ ਤੇ ਬਿਨੈ[੪]।
ਅਪਰ ਨ ਸਮਰਥ ਰਾਖਨਿ ਇਨੈ-।
'ਸੁਨੋ ਖਾਨਜ਼ਾਦੇ[੫]! ਮਮ ਬੈਨਾ।
ਕੋ ਅਸ ਜਾਇ[੬*] ਸ਼ਾਹਿ ਜਿਸ ਭੈ ਨਾ ॥੧੪॥

---

[੧]ਦਰਸ਼ਨ ਕਰਨ ਵਾਸਤੇ।
[੨]ਖੇਤੀ ਦਾ ਕੰਮ।
[੩]ਪਹਿਰਨੇ ਤੇ ਖਾਣੇ ਲਈ ਸਭ ਧਨ ਤੇ ਵਸਤਾਂ ਖਰਚ ਦਿੱਤੀਆਂ ਹੈਨ।
[੪]ਬਿਨਾਂ।
[੫]ਹੇ ਪਠਾਣਾਂ ਦੇ ਪੁੱਤ੍ਰੋ।
[੬]ਕੇਹੜੀ ਐਸੀ ਜਗਾ ਹੈ (ਅ) ਕੌਣ ਐਸਾ ਜੰਮਿਆਂ ਹੈ?
[*]ਪਾ:-ਸਾਹ।

ਸ਼੍ਰੀ ਨਾਨਕ ਗਾਦੀ ਪਰ ਅਹੈ।
ਸੋ ਨਹਿਂ ਤ੍ਰਾਸ ਕਿਸੂ ਤੇ ਲਹੈ।
ਰਾਖਿ ਸਕਹਿ ਤੁਮ ਕੋ ਗੁਰ ਸੋਈ।
ਅਪਰ ਬਿਖੈ ਨਿਸ਼ਚੈ ਨਹਿਂ ਕੋਈ ॥੧੫॥
ਦਲ ਕੋ ਕਰਹਿ ਸਕੇਲਨਿ ਬ੍ਰਿੰਦ।
ਪਰਖਿ ਸੁਭਟ ਦੇ ਦਰਬ ਬਿਲੰਦ।
ਕਿਤਿਕ ਦਿਵਸ ਮੈਂ ਤਿਨ ਢਿਗ ਰਹਜੋ[1]।
ਤਬਿ ਆਵਤਿ ਪਾਵਤਿ ਚਿਤ ਚਹਜੋ[2]' ॥੧੬॥
ਸੁਨਿ ਬੋਲਜੋ ਪੁਨ ਭੀਖਨ ਖਾਨ।
'ਤੁਮਰੇ ਸਕਲ ਮੁਰੀਦ ਪਠਾਨ।
ਜੇ ਇਨ ਕੋ ਰੋਜ਼ੀ ਸਿਰ[3] ਕਰਿਹੋ।
ਅਧਿਕ ਅਸਾਨ ਆਪਨੋ ਧਰਿ ਹੋ[4] ॥੧੭॥
ਪਰਉਪਕਾਰ ਸਬਾਬ[5] ਮਹਾਨਾ।
ਰਿਜ਼ਕ ਹੋਇ ਤੁਮ ਬਨਹੁ ਬਹਾਨਾ।
ਹਮਰੇ ਹੇਤੁ ਪਯਾਨਹੁ ਫੇਰ।
ਗੁਰ ਢਿਗ ਕਰਹੁ ਤਰੀਫ ਬਡੇਰ ॥੧੮॥
ਖਾਨ ਪੰਚ ਸੈ ਰੋਜ਼ੀ ਬਨੇ।
ਅਬਿ ਲਾਚਾਰ ਭਏ ਇਹ ਘਨੇ।'
ਕਾਲੇ ਖਾਂ ਹਯਾਤ ਖਾਂ ਕਹਜੋ।
'ਏਕ ਆਸਰਾ ਰਾਵਰਿ ਲਹਜੋ ॥੧੯॥
ਕਰਹੁ ਸਬਾਬ[11] ਦੇਹੁ ਰਖਵਾਇ।
ਨਤੁ ਹਯ ਸ਼ਸਤ੍ਰ ਬੇਚ ਕਰਿ ਖਾਇਂ।
ਬਹੁਰ ਨ ਬਾਨਾ ਬਨਹਿ ਸਿਪਾਹੀ।
ਰੁਲ ਜੈਹੈਂ ਕ੍ਰਿਤ ਕਰਿ ਕਰਿ ਖਾਹੀਂ ॥੨੦॥
ਗਮਨਹੁ ਤਹਿਂ ਲਗਿ ਸੰਗ ਹਮਾਰੇ।
ਦਿਹੁ ਰਖਵਾਇ ਮੁਰੀਦ ਤੁਮਾਰੇ[6]।'
ਇੱਤਜਾਦਿਕ ਜਬਿ ਬਹੁ ਘਿਘਿਆਏ।

---

[1]ਭਾਵ ਮੈਂ ਗੁਰਾਂ ਪਾਸ ਰਹਿ ਆਇਆ ਹਾਂ।
[2]ਭਾਵ ਜੇ ਤੁਸੀਂ ਤਦੋਂ ਆ ਜਾਂਦੇ ਤਾਂ ਚਿਤ ਚਾਹੀ ਪਾ ਲੈਂਦੇ ਭਾਵ ਮੈਂ ਉਥੇ ਤੁਸਾਂ ਨੂੰ ਨੌਕਰ ਰਖਾ ਦੇਂਦਾ।
[3]ਰੋਜ਼ੀ ਦੇ ਸਿਰ।
[4]ਆਪਣਾ ਅਹਿਸਾਨ (ਸਾਡੇ ਤੇ) ਕਰੋਗੇ।
[5]ਪੁੰਨ।
[6](ਅਸੀਂ) ਤੁਸਾਂ ਦੇ ਮੁਰੀਦ ਹਾਂ।

ਬੁੱਧੂ ਸ਼ਾਹ ਮਿਹਰ ਮਨ ਲਜਾਏ ॥੨੧॥
ਕਹ੍ਯੋ ਕਿ 'ਮੈਂ ਚਾਲਹੁਂ ਤੁਮ ਸਾਥ।
ਗਹਿਵਾਵੌਂ, ਹਾਥਹਿ ਗੁਰ ਨਾਥ[1]।'
ਇਮ ਕਰਿ ਨਿਸਾ ਬਾਸ ਕੋ ਕੀਨਾ।
ਭਈ ਪ੍ਰਾਤਿ ਚਲਿਬੇ ਚਿਤ ਦੀਨਾ ॥੨੨॥
ਖਾਨ ਪੰਚਸੈ ਲੈ ਕਰਿ ਸੰਗ।
ਚਲ੍ਯੋ ਪਾਂਵਟੇ ਚਢੇ ਤੁਰੰਗ।
ਮਗ ਮਹਿਂ ਇਕ ਨਿਸ ਬਸਿ ਕਰਿ ਗਏ।
ਪਿਖਿ ਥਲ ਆਛੋ ਉਤਰਤਿ ਭਏ ॥੨੩॥
ਦੁੰਦਭਿ ਬਜਤਿ ਸੁਨ੍ਯੋ ਜਬਿ ਕਾਨ।
ਸੁਧਿ ਮੰਗਵਾਇ ਗੁਰੂ ਭਗਵਾਨ[2]।
'ਹੇਤੁ ਨੌਕਰੀ ਰਹਿਬੇ ਆਏ।
ਬੁੱਧੂਸ਼ਾਹੁ ਸੰਗ ਨਿਜ ਲਜਾਏ' ॥੨੪॥
ਉਤਰਿ ਜਾਮਨੀ ਏਕ ਬਿਤਾਈ।
ਭਈ ਪ੍ਰਾਤਿ, ਨਿਜ ਵਜੀ* ਵਧਾਈ[3]।
ਗੁਰ ਦਰਬਾਰ ਲਗ੍ਯੋ ਜਿਹ ਸਮੋ।
ਬੁੱਧੂਸ਼ਾਹਿ ਜਾਇ ਕਰਿ ਨਮੋ ॥੨੫॥
ਸਗਲੀ ਸੁਧਿ ਬੂਝੀ ਤਿਸ ਪਾਸ।
ਸੁਨਿ ਗੁਰ ਤੇ ਸਭਿ ਕੀਨਿ ਪ੍ਰਕਾਸ਼।
'ਹੇਤੁ ਚਾਕਰੀ ਏ ਚਲਿ ਆਏ।
ਰਹਨਿ ਹੇਤੁ ਮੋ ਕੋ ਸੰਗ ਲਜਾਏ ॥੨੬॥
ਲਰਿਬੇ ਕੋ ਪਠਾਨ ਹੁਇਂ ਗਾਢੇ[4]।
ਰਣ ਮਹਿਂ ਰਿਪੁ ਆਗੇ ਰਹਿਂ ਠਾਢੇ।
ਹੱਥਜਾਰਨ ਕੋ ਬਹੁ ਅੱਭਜਾਸੈਂ।
ਪੁਸ਼ਤਨ ਲਗਿ ਇਨ ਸੰਘਰ ਆਸ਼ੈ[5]' ॥੨੭॥

---

[1]ਫੜਾਵਾਂਗਾ (ਤੁਹਾਡਾ) ਹੱਥ ਗੁਰੂ ਸੁਆਮੀ ਨੂੰ।
[2]ਭਾਵ ਪਠਾਣਾਂ ਦਾ ਨਗਾਰਾ ਵਜਦਾ ਗੁਰੂ ਜੀ ਨੇ ਸੁਣਿਆਂ ਤਾਂ ਖਬਰ ਮੰਗਵਾਈ (ਕਿ ਕੌਣ ਆ ਗਿਆ ਹੈ ਤਾਂ ਇਹ ਖਬਰ ਆਈ ਕਿ.....)।
*ਪਾ:-ਵਧੀ।
[3]ਸਵੇਰ ਹੋਣ ਤੇ ਆਪਣੀ (ਵਲੋਂ) ਵਧਾਈ ਦਿਤੀ (ਭਾਵ ਪਠਾਣਾਂ ਨੇ ਸ਼ਦਯਾਨਾ ਵਜਾਇਆ) (ਅ) ਨਿਜ (ਆਪਣੀ ਭਾਵ ਗੁਰੂ ਜੀ ਦੀ) ਵਧਾਈ ਵੱਜੀ, ਧੌਂਸੇ ਆਦਿ ਵਜੇ।
[4]ਤਕੜੇ ਹੁੰਦੇ ਹਨ।
[5]ਜੰਗ ਹੀ (ਇਹਨਾਂ ਦਾ) ਆਸ਼ਾ ਹੈ ਭਾਵ ਪੇਸ਼ਾ ਹੀ ਜੰਗ ਹੈ।

ਸੁਨਿ ਸਤਿਗੁਰ ਕਹਿ ਖ਼ਾਨ ਬੁਲਾਏ।
ਬ੍ਰਿੰਦ ਹਯਨਿ ਪਰ ਚਢਿ ਕਰਿ ਆਏ।
ਜਿਸ ਮਹਿਂ ਚਾਰ ਅਹੈਂ ਸਿਰਦਾਰ।
ਭੀਖਨਖਾਂ ਇਕ ਨਾਮ ਉਦਾਰ ॥੨੮॥
ਕਾਲੇਖਾਨ, ਨਿਜਾਬਤ ਖਾਨ।
ਚੌਥੇ ਕੋ ਹਯਾਤਖਾਂ ਜਾਨਿ।
ਹਯਨਿ ਸਮੇਤ ਸੈਨ ਲਖਿ[1] ਬਨੀ।
ਪੁਨ ਬੁੱਧੂ ਫੁਰਮਾਇਸ਼ ਭਨੀ ॥੨੯॥
ਨੰਦ ਚੰਦ ਸੰਗ ਸਤਿਗੁਰ ਭਾਖਾ।
'ਚਿਹਰੇ[2] ਲਿਖਹੁ, ਲੇਹੁ ਇਨ ਰਾਖਾ।
ਏਕ ਰਜਤਪਣ ਇਕ ਅਸਵਾਰ।
ਪੰਚ ਪੰਚ ਸਿਰਦਾਰਨ ਚਾਰ[3]' ॥੩੦॥
ਭਯੋ ਹੁਕਮ ਹਰਖੇ ਉਰ ਖਾਨ।
'ਧੰਨ ਧੰਨ ਗੁਰ' ਕਰਹਿਂ ਬਖਾਨ।
ਬੁੱਧੂਸ਼ਾਹ ਪੀਰ ਰਖਵਾਏ।
ਰੋਜ਼ੀ ਕਰੀ ਫਿਰਤਿ ਅਕੁਲਾਏ ॥੩੧॥
ਨੰਦ ਚੰਦ ਹੁਇ ਖਰੋ ਕਿਨਾਰੇ।
ਲਿਖਨਿ ਹੇਤੁ ਸਭਿ ਨਿਕਟ ਹਕਾਰੇ।
ਚਿਹਰੇ[4] ਨਾਮ ਸਰਬ ਲਿਖਵਾਇ।
ਜਿਤ ਪ੍ਰਵਾਹਿ ਜਮਨਾ ਜਲ ਜਾਇ ॥੩੨॥
ਤਿਤ ਦਿਸ਼ਿ ਡੇਰਾ ਦੀਨਿ ਕਰਾਇ।
ਤੰਬੂ ਲਗੇ ਤੀਰ ਸਮੁਦਾਇ।
ਬੁੱਧੂ ਸ਼ਾਹ ਅਧਿਕ ਸਨਮਾਨਾ।
ਗੁਰ ਸੁਸ਼ੀਲ[5] ਤੇ ਉਰ ਹਰਖਾਨਾ ॥੩੩॥
ਰਹਯੋ ਨਿਕਟ ਜੇਤਿਕ ਮਨ ਭਾਯੋ।
ਬਹੁਰ ਸਢੌਰੇ ਸ਼ਹਿਰ ਸਿਧਾਯੋ।
ਖਾਨ ਪਾਂਚ ਸੈ ਢਿਗ ਰਖਵਾਏ।
ਜਾਇ ਜਹਾਂ ਕਹਿਂ ਸੁਜਸੁ ਬਢਾਏ ॥੩੪॥

---

[1]ਦੇਖੀ (ਗੁਰੂ ਜੀ ਨੇ)।
[2]ਹੁਲੀਏ।
[3]ਚਾਰੋਂ ਸਰਦਾਰਾਂ ਦੇ ਪੰਜ ਪੰਜ (ਰੁਪੱਯੇ ਰੋਜ਼ ਕਰ ਦਿੱਤੇ)।
[4]ਹੁਲੀਏ।
[5]ਚੰਗੇ ਸੁਭਾਵ।

ਸਤਿਗੁਰ ਚਢਹਿਂ ਅਖੇਰ ਸਿਧਾਰਹਿਂ।
ਬੀਨ ਬੀਨ ਸ਼ੇਰਨਿ ਕਹੁ ਮਾਰੈਂ।
ਦੁਸ਼ਟ ਜੀਵ ਬਨਿ ਰਹ੍ਯੋ ਨ ਕੋਈ।
ਚਰਹਿਂ[1] ਮਹਿਖ ਗੋ ਚਿੰਤ ਨ ਕੋਈ ॥੩੫॥
ਜਿਤ ਕਿਤ ਸੁਖੀ ਭਏ ਨਰ ਨਾਰੀ।
ਬਿਚਰਹਿਂ ਸਗਰੀ ਦੂਨ ਮਝਾਰੀ।
ਕਹੈਂ ਸਗਲ 'ਗੁਰ ਰੌਣਕ ਕੀਨੀ।
ਜਗੇ ਭਾਗ ਅਵਨੀ ਇਸ ਚੀਨੀ' ॥੩੬॥
ਪੁਨ ਸਤਿਗੁਰ ਥਿਰ ਹੋਇ ਮਦਾਨ।
ਸਭਿ ਸੁਭਟਨਿ ਸੋਂ ਕਰਹਿਂ ਬਖਾਨ।
'ਤੀਰ ਤੁਪਕ ਤੋਮਰ ਤਰਵਾਰੈਂ।
ਕਰਹੁ ਵਾਰ ਹਮ ਖਰੇ ਨਿਹਾਰੈਂ' ॥੩੭॥
ਮਾਤੁਲ ਸੰਗੋ ਆਦ ਕਰੰਤੇ।
ਪੁਨ ਪਠਾਨ ਗਨ ਹਯ ਧਾਵੰਤੇ।
ਤੁਪਕ ਚਲਾਇ ਤਾਕਿ ਲਛ[2] ਮਾਰੈਂ।
ਤਿਮ ਹੀ ਗੁਰ ਕੇ ਸਿੱਖ ਸਿਧਾਰੈਂ ॥੩੮॥
ਤੋਮਰ ਕੋ ਭਰਮਾਇ ਦਿਖਾਵੈਂ।
ਧਨੁ ਕੋ ਐਂਚਤਿ ਬਾਨ ਚਲਾਵੈਂ।
ਇਸ ਪ੍ਰਕਾਰ ਬਹੁ ਧਰਹਿਂ ਪ੍ਰਕਾਸ਼ਾ।
ਕਰਹਿਂ ਬਿਲੋਕਨਿ ਬੀਰ ਬਿਲਾਸਾ ॥੩੯॥
ਗੁਰ ਘਰ ਤੇ ਸਭਿ ਲੇਤਿ ਰੁਜ਼ੀਨਾ।
ਜਥਾ ਜੋਗ ਜਿਸ ਕੋ ਕਰਿ ਦੀਨਾ।
ਕੇਤਿਕ ਨਗਦੀ ਲੇ ਗੁਰ ਘਰ ਤੇ।
ਕਿਤਿਕ ਚੂਨ ਚਾਵਰ ਲੇ ਬਰਤੇਂ ॥੪੦॥
ਕਿਤਿਕ ਦੇਗ਼ ਤੇ ਅਚਹਿਂ ਅਹਾਰਾ।
ਰਾਜ ਸਮਾਜ ਬਧ੍ਯੋ ਤਬਿ ਭਾਰਾ।
ਦਰਬ ਇਕੱਤ੍ਰ ਅਧਿਕ ਚਹੁਂ ਦਿਸ਼ਿ ਤੇ।
ਭਯੋ ਕੋਸ਼ ਪਰਿਪੂਰਣ ਜਿਸ ਤੇ ॥੪੧॥
ਕਬਹੂੰ ਸੈਨਾ ਚਢਹਿ ਅਕੇਲੇ[3]।

---

[1]ਚਰਦੀਆਂ ਹਨ।
[2]ਨਿਸ਼ਾਨਾ।
[3]ਚੜ੍ਹਦੀ ਹੈ ਇਕੇਲੀ।

ਬਾਂਛਤਿ ਜਿਤਿਕ ਅਖੇਰਹਿਂ ਖੇਲੇ।
ਸ਼ਲਖ ਬੰਦੂਕਨਿ ਕੀ ਮੁਚਕੰਤੀ[1]।
ਸ਼ਬਦ ਮਹਿਦ ਇਕ ਬਾਰ ਉਠੰਤੀ ॥੪੨॥
ਜਬਿ ਪ੍ਰਤਾਪ ਇਮ ਬਧਯੋ ਬਧੇਰਾ।
ਸ਼ੰਕਤਿ ਗਨ ਮਹੀਪ[2] ਤਿਸ ਬੇਰਾ।
'ਛੀਨ ਲੇਹਿਂ ਨਹਿਂ ਰਾਜ ਹਮਾਰਾ।
ਕੋ ਕਰਿ ਸਾਕਹਿ ਜੰਗ ਅਖਾਰਾ ॥੪੩॥
ਚਹੈਂ ਜਿ ਕਿਹ ਨ੍ਰਿਪ ਕੀ ਰਜਧਾਨੀ।
ਬਿਨਾਂ ਬਿਲਮ ਲੇਂ ਤਿਨ ਕਰਿ ਹਾਨੀ।
ਕੋ ਅਰ ਸਕਹਿ ਬੀਰਤਾ ਧਰਿ ਕੈ।
ਜਾਇ ਪਲਾਇ ਨਤੁ ਮਰਿ ਹੈ ਡਰਿ ਕੈ' ॥੪੪॥
ਸਭਿ ਕੇ ਮਨ ਖਟਪਟ ਹੁਇ ਆਈ?
ਲਖਹਿਂ ਸੁਭਟ ਗੁਰ ਕੋ ਅਧਿਕਾਈ।
ਦਿਨ ਪ੍ਰਤਿ ਦਲ ਬਧਾਇ ਬਲ ਭਾਰਾ।
ਗਿਰਪਤਿ ਸਗਰੇ ਕਰਹਿਂ ਬਿਚਾਰਾ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨ ਰਾਖਨ' ਪ੍ਰਸੰਗ ਬਰਨਨੰ ਨਾਮ ਪ੍ਰਥਮੋ ਅੰਸੂ ॥੧॥

---

[1]ਛੱਡਦੇ ਹਨ।
[2]ਸ਼ੰਕਾਵਾਨ ਹੋਏ ਸਾਰੇ ਰਾਜੇ।

੨. [ਰਾਮ ਰਾਇ ਦਾ ਮਸੰਦ ਮੇਲ ਠਹਿਰਾਉਣ ਹਿਤ ਆਇਆ]

੧<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ,
ਰਾਜ ਸਮਾਜ ਬ੍ਰਿਧਾਇ।
ਕਰੀ ਸਕੇਲਨਿ ਬਾਹਿਨੀ,
ਤ੍ਰਾਸ ਨ੍ਰਿਪਨਿ ਉਪਜਾਇ ॥੧॥
ਚੌਪਈ: ਸੁਨਿ ਸ਼੍ਰੀ ਰਾਮਰਾਇ ਬਡਿਆਈ।
-ਦਿਨ ਪ੍ਰਤਿ ਬਧਤਿ ਜਾਤਿ ਅਧਿਕਾਈ[1]-।
ਮਿਲਿਨਿ ਪਿਖਿਨਿ ਕੀ ਪ੍ਰੀਤਿ ਉਪਾਵੈ।
-ਕਹਨਿ ਸੁਨਨਿ ਹੁਇ- ਮਨ ਮਹਿਂ ਆਵੈ[2] ॥੨॥
ਕੇਤਿਕ ਦਿਨ ਲੌ ਰਹਯੋ ਬਿਚਾਰਤਿ।
ਕੁਛ ਜਗ ਦਿਸ਼ਿ ਤੇ ਸ਼ੰਕਾ ਧਾਰਤਿ।
-ਡੇਰੇ ਬਿਖੇ ਨ ਬਨਿ ਹੈ ਜਾਨ[3]।
ਅਲਪ ਲਖਹਿਂ ਮੋ ਕਹੁ ਸਭਿ ਥਾਨ ॥੩॥
ਸੋ ਸਭਿ ਬਿਧਿ ਤੇ ਅਹੈਂ ਬਿਸਾਲਾ।
ਅਹੌਂ ਭਤੀਜਾ, ਰਹੌਂ ਨਿਰਾਲਾ।
ਮੁਰ ਪਿਤ ਤੇ ਗੁਰਤਾ ਲਘੁ ਭਾਈ[4]।
ਤਿਨ ਤੇ ਪੁਨ ਇਨ ਕੇ ਘਰ ਆਈ ॥੪॥
ਅਹੈ ਜਥਾਰਥ ਇਹ ਸਭਿ ਬਾਤੀ।
ਤਊ ਅਧਿਕ ਮੈਂ ਜਗ ਬੱਖਜਾਤੀ[5]।
ਬ੍ਰਿੰਦ ਸੰਗਤਾਂ ਜੋ ਮੁਹਿ ਮਾਨਹਿਂ।
ਸਭਿ ਤੇ ਅਧਿਕ ਰਿਦੇ ਪਹਿਚਾਨਹਿਂ ॥੫॥
ਜੇ ਪਹੁੰਚੌਂ ਮੈਂ ਚਲਿ ਤਿਸ ਥਾਨ।
ਤਿਸ ਤੇ ਅਲਪ ਮੋਹਿ ਲੇਂ ਜਾਨਿ।
ਸਿੱਖ ਮਸੰਦ ਸੰਗਤਾਂ ਜੇਈ।
ਮਿਲਿ ਮਿਲਿ ਕਰਹਿਂ ਬਿਚਾਰਨ ਤੇਈ ॥੬॥
ਮਗ ਮਹਿਂ ਮੇਲ ਕਿਤਹੁਂ ਜੇ ਹੋਇ।
ਨਿਜ ਨਿਜ ਥਲ ਤੇ ਚਲਿ ਦਿਸ਼ਿ ਦੋਇ।

---

[1]ਬਹੁਤ ਵਧਦੀ ਜਾਂਦੀ ਹੈ (ਵਡਿਆਈ)।
[2]ਮਨ ਵਿਚ ਆਉਂਦੀ ਹੈ (ਰਾਮ ਰਾਇ ਦੇ)।
[3]ਗੁਰੂ ਜੀ ਦੇ ਡੇਰੇ ਵਿਚ ਤਾਂ ਜਾਣਾ ਨਹੀਂ ਬਣਦਾ।
[4]ਭਾਵ ਸ਼੍ਰੀ ਹਰਿਰਾਇ ਜੀ ਤੋਂ ਗੁਰਤਾ ਸ਼੍ਰੀ ਕ੍ਰਿਸ਼ਨ ਜੀ ਨੂੰ ਹੋਈ।
[5]ਤਾਂ ਬੀ ਮੈਂ ਜਗਤ ਵਿਚ ਵੱਡਾ ਪ੍ਰਗਟ ਹਾਂ।

ਤਬਿ ਸਮਤਾ ਮੇਰੀ ਰਹਿ ਆਵੈ।
ਹੋਇ ਮੇਲ ਸੰਸੈ ਨ ਉਠਾਵੈਂ- ॥੭॥
ਇਮ ਬਿਚਾਰ ਕਰਿ ਪਠਯੋ* ਮਸੰਦ।
ਦੇ ਕਰਿ ਤਿਸਹਿ ਸਮਾਜ ਬਿਲੰਦ।
ਬਸਤ੍ਰ ਬਿਭੂਖਣ ਨਰ ਸਮੁਦਾਯਾ।
ਸਕਲ ਭੇਵ ਕਹਿ ਤਬਹੁੰ ਪਠਾਯਾ ॥੮॥
ਸੋ ਚਲਿ ਕਰਿ ਆਯਹੁ ਤਤਕਾਲਾ।
ਪਿਖੀ ਪਾਂਵਟੈ ਭੀਰ ਬਿਸਾਲਾ।
ਦੂਰ ਦੂਰ ਲੌ ਸੁਭਟ ਤੁਰੰਗ।
ਉਤਰੇ ਧਰੇ ਸ਼ਸਤ੍ਰ ਨਿਜ ਅੰਗ ॥੯॥
ਪੌਰਦਾਰ ਢਿਗ ਮਨੁਜ ਪਠਾਯੋ।
'ਕਰੀਅਹਿ ਸੁਧਿ -ਮਸੰਦ ਚਲਿ ਆਯੋ-।'
ਸ਼੍ਰੀ ਕਲਗ਼ੀਧਰ ਸੁਨ ਕਰਿ ਕਹਯੋ।
'ਪ੍ਰਾਤਿ ਹਕਾਰਹਿਂ ਮਿਲਿਨਿ ਜਿ ਚਹਯੋ' ॥੧੦॥
ਨੰਦ ਚੰਦ ਸੋਂ ਹੁਕਮ ਬਖਾਨਾ।
'ਸਭਿ ਸੁਧਿ ਲੇਹੁ ਖਾਨ ਅਰੁ ਪਾਨਾ।'
ਤਿਸ ਕੋ ਕਹਿ ਡੇਰਾ ਕਰਿਵਾਯੋ।
ਬਾਂਛਤਿ ਏਕ ਬਾਰਿ ਪਹੁੰਚਾਯੋ ॥੧੧॥
ਨਿਸਾ ਬਿਤਾਇ ਕੀਨਿ ਦਰਬਾਰਾ।
ਦਰਸਹਿ ਸੰਗਤਿ ਮਿਲਿ ਹਜ਼ਾਰਾ।
ਲਗੇ ਅਕੋਰਨ ਕੇ ਅੰਬਾਰੇ।
ਖਰੋ ਮੇਵਰੋ ਅਰਜ਼ ਗੁਜ਼ਾਰੇ ॥੧੨॥
ਸੁਭਟਨਿ ਕੋ ਲਾਗਯੋ ਦੀਵਾਨ।
ਬੈਠੇ ਪਾਂਚਹੁ ਭ੍ਰਾਤ ਸੁ ਥਾਨ।
ਨਿਕਟ ਕ੍ਰਿਪਾਲ ਸੁ ਮਾਤੁਲ ਅਹੈ।
ਸਿੱਖਨ ਦਿਸ਼ਿ ਕ੍ਰਿਪਾਲ ਕਬਿ ਲਹੈ[1] ॥੧੩॥
ਨੰਦ ਚੰਦ ਕਰ ਬੰਦਿ ਬਖਾਨਾ।
'ਨਰ ਸ਼੍ਰੀ ਰਾਮਰਾਇ ਠਹਿਰਾਨਾ।
ਹੁਕਮ ਹੋਇ ਤਿਸ ਲੇਹਿਂ ਬੁਲਾਇ।
ਪਰਸਹਿ ਚਰਨ ਕਮਲ ਕੋ ਆਇ' ॥੧੪॥

---

*ਪਾ:-ਗਯੋ।
[1]ਭਾਵ ਸ਼੍ਰੀ ਗੁਰੂ ਜੀ ਦੇਖਦੇ ਹਨ।

ਆਇਸੁ ਦਈ 'ਹਕਾਰਹੁ ਤਾਂਹਿ।'
ਭੇਜਯੋ ਛਰੀਦਾਰ ਤਿਸ ਪਾਹਿ।
ਸੁਨਿ ਮਸੰਦ ਨਰ ਬ੍ਰਿੰਦ ਸਮੇਤ।
ਪਹੁੰਚਯੋ ਦਰਸ਼ਨ ਲੈਬੇ ਹੇਤੁ ॥੧੫॥
ਸਭਾ ਸੁਧਰਮਾ ਕੇ ਸਮ[1] ਹੇਰੀ।
ਸੁਰ ਸਿੱਖਨਿ ਤੇ ਸ਼ੁਭ ਤਿਸ ਬੇਰੀ।
ਇੰਦ੍ਰ ਮਨਿੰਦ ਪ੍ਰਤਾਪ ਬਿਲੰਦ।
ਸ਼੍ਰੀ ਗੋਬਿੰਦ ਸਿੰਘ ਦਿਪਤਿ ਮੁਕੰਦ ॥੧੬॥
ਕਦਮ ਪਦਮ ਕੌ ਬੰਦਨ ਕੀਨਿ।
ਬੈਠਿ ਸਮੁਖ ਸ਼ੁਭ ਦਰਸ਼ਨ ਲੀਨਿ।
ਭਾਖਿ ਬੂਝਿ ਨਿਜ ਅਰਜ਼ ਗੁਜ਼ਾਰੀ।
'ਮੋਹਿ ਪਠਾਇਸਿ ਪਾਇ ਅਗਾਰੀ[2] ॥੧੭॥
ਰਿਦੇ ਪ੍ਰੇਮ ਧਰਿ ਗੁਰੂ ਹਮਾਰੇ[3]।
ਮਿਲਿਬੇ ਕੀ ਬਾਂਛਾ ਮਨ ਧਾਰੇ।
ਆਇ ਨ ਸਕਹਿਂ ਪਾਂਵਟਾ ਪੁਰਿ ਮੈਂ।
-ਦਰਸਹਿਂ ਅਨਤ ਥਾਨ ਇਹ ਉਰ ਮੈਂ ॥੧੮॥
ਕੇਤੇ ਕਾਰਨ ਕਰਹਿਂ ਬਿਚਾਰਨ।
ਸੋ ਮੁਹਿ ਢਿਗ ਨਹਿਂ ਕੀਨਿ ਉਚਾਰਨਿ।
ਚਹਤਿ ਰਹਤਿ ਰਿਦ ਹੇਤਿ ਸਹਿਤ ਹੈਂ[4]।
ਇਤ ਆਵਨਿ ਚਿਤ ਮਹਿਂ ਨ ਲਹਿਤਿ ਹੈਂ ॥੧੯॥
ਚਢਹੁ ਅਖੇਰ ਹੇਤੁ ਉਤਿ ਦਿਸਿ ਮੈਂ।
ਸੁਧ ਦਿਹੁ ਆਵਹਿਂ ਤਿਸੀ ਦਿਵਸ ਮੈਂ।
ਵਹਿਰ ਮੇਲ ਕਰਿ ਨਿਜ ਘਰ ਜਾਇਂ।
ਕਹਿਬੋ ਸੁਨਿਬੋ ਤਹਿਂ ਹੁਇ ਜਾਇ ॥੨੦॥
ਨਹਿਂ ਨਿਸ ਬਸਿਬੇ ਨਿਤ ਕੋ ਆਸ਼ੈ।
ਨਹਿ ਸਮੁਦਾਇ ਹੋਇਂ ਸਿਖ ਪਾਸੈ।
ਨਹਿਂ ਬਹੁ ਬਿਦਤਹਿ ਜਗ ਕੇ ਮਹੀਆ।
ਮੁਲਾਕਾਤ ਇਸ ਬਿਧਿ ਕੀ ਚਹੀਆ' ॥੨੧॥

---

[1]ਇੰਦ੍ਰ ਦੀ ਸਭਾ ਵਾਂਙ।
[2](ਆਪ ਦੇ) ਚਰਨਾਂ ਅੱਗੇ।
[3]ਭਾਵ ਰਾਮ ਰਾਇ ਨੇ।
[4]ਚਾਹੁੰਦੇ ਰਹਿੰਦੇ ਹਨ ਰਿਦੇ ਦੇ ਪਿਆਰ ਨਾਲ।

ਹੁਇ ਮਸੰਦ ਇਮ ਨਿਕਟ ਬਖਾਨੀ।
ਗੁਰੁ ਅਰੁ ਗੁਰੁ ਮਾਤੁਲ ਸੁਨਿ ਕਾਨੀ।
ਨਹੀਂ ਅਪਰ ਕੋ ਕੀਨਿ ਸੁਨਾਵਨਿ।
ਸਨੇ ਸਨੇ ਸਭਿ ਕੀਨਿ ਬਤਾਵਨਿ ॥੨੨॥
ਸੁਨਿ ਕ੍ਰਿਪਾਲ ਮਾਤੁਲ ਨੇ ਕਹਜੋ।
'ਇਤੋ ਦੁਰਾਵ[1] ਕਰਨਿ ਕਜੋਂ ਚਹਜੋ?
ਸਗਰੋ ਇਕ ਘਰ ਹੈ ਗੁਰ ਕੇਰਾ।
ਸ਼੍ਰੀ ਹਰਿਗੋਬਿੰਦ ਬੰਸ ਬਡੇਰਾ ॥੨੩॥
ਅਰੁ ਕਲਗ਼ੀਧਰ ਬਡੋ ਸਥਾਨੇ।
ਬੈਠੇ ਤਖਤ ਸਗਲ ਜਗ ਜਾਨੇ।
ਬੇਦੀ ਤੇਹਣ ਭੱਲੇ ਜੇਯ।
ਧੀਰਮੱਲ ਬਿਨ ਸੋਢੀ ਵੇਯ[2] ॥੨੪॥
ਗੁਰ ਗਾਦੀ ਕੋ ਲਖਿ ਅਧਿਕਾਰਾ।
ਮਿਲੇ ਸਕਲ, ਨਹਿਂ ਸੰਸੈ ਧਾਰਾ।
ਆਇ ਪਾਂਵਟੇ ਮਿਲਿਬੋ ਠਾਨਹੁ।
ਕੋ ਦਿਨ ਬਸਹੁ ਰਸਹੁ ਸੁਖ ਮਾਨਹੁ ॥੨੫॥
ਜੋ ਸ਼੍ਰੀ ਰਾਮਰਾਇ ਵਡਿਆਈ।
ਛਪੀ ਨਹੀਂ ਸਭਿ ਜਗ ਬਿਦਤਾਈ।
ਦੇਸ਼ ਬਿਦੇਸ਼ਨਿ ਸੰਗਤਿ ਬ੍ਰਿੰਦ।
ਦਰਸਹਿਂ ਪੂਜਹਿਂ ਭਾਵ ਬਿਲੰਦ ॥੨੬॥
ਤੁਰਕੇਸ਼ੁਰ ਕੀ ਸਭਾ ਮਝਾਰੀ।
ਜੀਤੇ ਅਜ਼ਮਤਿ ਅਰੁ ਮਤਿਧਾਰੀ[3]।
ਜਸੁ ਬਿਸਾਲ ਕੋ ਨਿਤਪ੍ਰਤਿ ਪਾਯੋ।
ਜਹਿਂ ਕਹਿਂ ਅਪਨੋ ਤੇਜ ਬਧਾਯੋ ॥੨੭॥
ਇਨ ਕੇ ਮਿਲਹਿ ਸੁ ਘਟਿ ਨਹਿਂ ਜਾਈ।
ਕਜੋਂ ਚਿਤ ਮਹਿਂ ਅਸ ਸ਼ੰਕ ਉਪਾਈ।'
ਪੁਨ ਮਸੰਦ ਬੋਲਜੋ ਕਰ ਜੋਰਿ।
'ਬਹੁ ਬਿਚਾਰ[4] ਭੇਜਜੋ ਇਤ ਓਰ ॥੨੮॥

---

[1]ਲੁਕਾਉ।
[*]ਪਾ:-ਗਯੋ।
[2]ਉਹ (ਹੋਰ ਸਾਰੇ)।
[3]ਅਜ਼ਮਤੀ ਤੇ ਬੁੱਧੀਵਾਨ ਜਿੱਤੇ ਹਨ।
[4]ਵਿਚਾਰਾਂ ਕਰ ਕੇ।

ਪਾਵ ਨ ਬੀਚ ਪਾਂਵਟੇ ਘਾਲਹਿ।
ਵਹਿਰ ਮਿਲਨਿ ਕੀ ਰਿਦੇ ਸਮਾਲਹਿ[1]।
-ਸ੍ਰੀ ਪ੍ਰਭੁ ਨਿਤ ਅਖੇਰ ਬਿਚਰੰਤੇ।
ਬਨਹਿ ਮੇਲ ਤਹਿਂ- ਇਮ ਚਿਤਵੰਤੇ ॥੨੯॥
ਪੁਰਹੁ ਮਨੋਰਥ ਇਮ ਹੀ ਤਿਨ ਕੋ।
ਤੁਮ ਹੋ ਬਡੇ ਅਨੰਦ ਦਿਹ ਮਨ ਕੋ।'
ਸੁਨਿ ਕਰਿ ਸ੍ਰੀ ਕਲਗ਼ੀਧਰ ਭਾਖਾ।
'ਕਰਹਿਂ ਤਥਾ ਹਮ ਤਿਨ ਅਭਿਲਾਖਾ ॥੩੦॥
ਸ੍ਰੀ ਜਮਨਾ ਕੇ ਰੁਚਿਰ ਪ੍ਰਵਾਹਾ।
ਥਿਰਹਿਂ ਤਰੀ[2] ਬਿਚਰਹਿਂ ਜਲ ਮਾਹਾ।
ਆਇਤਵਾਰ ਦੂਜ ਤਿਥਿ ਜਾਨਹੁ।
ਤਿਸ ਦਿਨ ਆਇ ਮੇਲ ਕੋ ਠਾਨਹੁ ॥੩੧॥
ਸੰਗਤਿ ਰਾਮਰਾਇ ਕੀ ਖੋਟੀ।
ਬਿਨ ਉਪਦੇਸ਼ ਰਹੀ ਮਤਿ ਮੋਟੀ।
ਬਿਨਾ ਤ੍ਰਾਸ ਤੇ ਤਾਂਹਿ ਮਸੰਦ।
ਗਰਬੇ ਧਨ ਕੋ ਪਾਇ ਬਿਲੰਦ ॥੩੨॥
ਤਿਨ ਤੇ[3] ਸ਼ੰਕਤਿ ਹੈ ਚਿਤ ਸੋਇ।
ਇਸ ਕਾਰਨ ਬਿਨ ਦੁਤਿਯ ਨ ਕੋਇ।
ਯਾਂ ਤੇ ਹਮ ਨੀਕੇ ਮਨ ਜਾਨੀ।
ਬਿਗਰੇ ਕਬਿ ਕਾਰਜ ਤੇ ਹਾਨੀ[4] ॥੩੩॥
ਜਿਮ ਮਹਿਪਾਲਕ ਕੋ ਪਰਧਾਨ।
ਬਨਹਿਂ ਧਨੀ ਧਾਰਹਿਂ ਅਭਿਮਾਨ।
ਤਿਮ ਹੀ ਸੁਭਟ ਬਿਗਰ ਕਰਿ ਜਾਇਂ।
ਨਿਜ ਸ੍ਵਾਮੀ ਕੋ ਨਾਸ਼ ਉਪਾਇਂ ॥੩੪॥
ਯਾ ਤੇ ਰਾਮਰਾਇ ਕੋ ਕਹੋ।
-ਸਾਵਧਾਨ ਬਨਿ ਸਭਿ ਤੇ ਰਹੋ।
ਸ੍ਰੀ ਜਮਨਾ ਮਹਿਂ ਤਰਨੀ ਤਰੈ[5]।
ਤਿਹ ਠਾਂ ਆਇ ਮੇਲ ਕੋ ਕਰੈ-' ॥੩੫॥

---

[1]ਭਾਵ ਬਾਹਰ ਮਿਲਨ ਦੀ (ਇੱਛਾ) ਰਿਦੇ ਵਿਚ ਕਰਦੇ ਹਨ।
[2]ਬੇੜੀ ਪਰ।
[3]ਤਿਨਾਂ (ਮਸੰਦਾਂ) ਪਾਸੋਂ।
[4]ਕਦੇ ਵਿਗੜਨਗੇ (ਤੇ) ਉਹਨਾਂ ਦੇ ਕੰਮ ਨੂੰ ਹਾਨੀ ਪੁਜੇਗੀ।
[5]ਨੌਕਾ ਵਿਚ ਤਰਾਂਗੇ।

ਹਰਖਾਯੋ ਸੁਨਿ ਮਸੰਦ ਗੁਰ ਬਾਨੀ।
'ਰਾਵਰ ਭਨੀ ਸਕਲ ਹਮ ਮਾਨੀ।
ਅਭਿਲਾਖਾ ਸਭਿ ਪੂਰਨ ਕਰੀ।
ਚਲਯੋ ਚਹੌਂ ਤਿਤ ਮੈਂ ਇਸ ਘਰੀ' ॥੩੬॥
ਤਬਿ ਸਤਿਗੁਰ ਸਿਰੁਪਾਉ ਦਿਵਾਯੋ।
ਉਠਿ ਤਤਛਿਨ ਪਦ ਸੀਸ ਨਿਵਾਯੋ।
ਆਇ ਤੁਰੰਗ ਅਰੂਢਤਿ ਭਯੋ।
ਰਾਮਰਾਇ ਕੀ ਦਿਸ਼ਿ ਚਲਿ ਗਯੋ ॥੩੭॥
ਜਾਇ ਮਿਲਯੋ ਸਭਿ ਕਹਯੋ ਪ੍ਰਸੰਗ।
'ਜਮਨਾ ਮਹਿਂ ਮਿਲਿਬੋ ਹਿਤ ਸੰਗ।
ਹੁਇੰ ਨਉਕਾ ਮਹਿਂ ਮਾਨਵ ਥੋਰੇ।
ਆਦਿਤਵਾਰ ਚਲੌਂ ਤਿਸ ਓਰੇ ॥੩੮॥
ਉਤ ਤੇ ਹਿਤ ਅਖੇਰ ਚਲਿ ਆਵੈਂ।
ਕੁਛ ਮਾਨਵ ਅਪਨੇ ਸੰਗ ਲ੍ਯਾਵੈਂ।
ਜਿਸ ਪ੍ਰਕਾਰ ਮਿਲਿਬੇ ਅਭਿਲਾਖਾ।
ਗਮਨਤਿ ਮੋਹਿ ਜਥਾ ਤੁਮ ਭਾਖਾ ॥੩੯॥
-ਹੁਇ ਬਿਧਿ ਸੋਂ- ਰਚਿ ਮੈਂ ਚਤੁਰਾਈ*।
ਕਹਿ ਸ਼ੁਭ ਬਾਤਿ ਸੁ ਭਾਂਤਿ ਬਨਾਈ[੧*]।'
ਸੁਨਿ ਸ਼੍ਰੀ ਰਾਮਰਾਇ ਹਰਖਾਯੋ।
ਤਿਸ ਮਸੰਦ ਕੁਛ ਦਰਬ ਦਿਵਾਯੋ ॥੪੦॥
ਆਦਿਤਵਾਰ ਪ੍ਰਤੀਖਤਿ ਰਹਯੋ।
ਪੁਨ ਸਮਾਜ ਬੂਝਨਿ ਕੋ ਕਹਯੋ।
'ਕੇਤਿਕ ਦਲ, ਕੇਤਿਕ ਉਤਸਾਹਾ।
ਕਿਤਿਕ ਅਕੋਰਨ ਅਰਪਹਿਂ ਪਾਹਾ' ॥੪੧॥
ਤਬਿ ਮਸੰਦ ਕਰ ਬੰਦਿ ਬਖਾਨਾ।
'ਦਿਨ ਪ੍ਰਤਿ ਬਧਤਿ ਸਮਾਜ ਮਹਾਨਾ।
ਜਥਾ ਅਧਿਕ ਮਹਿਪਾਲਨਿ ਕੇਰਾ।
ਖਰਚ ਆਮਦਨ ਤਥਾ ਬਡੇਰਾ ॥੪੨॥

---

[੧]ਤੁਰਨ ਵੇਲੇ ਜਿਵੇਂ ਤੁਸਾਂ ਕਿਹਾ ਸੀ ਮੈਨੂੰ ਕਿ (ਮੇਰਾ ਮੇਲ ਇਸ) ਵਿਧਿ ਨਾਲ ਹੋਵੇ ਭਾਵ ਪਾਂਵਟੇ ਨਾ ਜਾਣਾ ਪਵੇ, ਕਿਤੇ ਰਾਹ ਖਹਿੜੇ ਮੇਲ ਹੋਵੇ (ਸੋ) ਤਿਵੇਂ ਮੈਂ ਚਤੁਰਾਈ ਕਰਕੇ ਸਭ ਗਲਾਂ ਕਰਕੇ ਉਸੀ ਭਾਂਤ (ਵਿਧੀ) ਬਨਾਈ ਹੈ।

*ਐਉਂ ਅਹਿਲਕਾਰ ਗੱਲਾਂ ਬਨਾਕੇ ਆਪਣੀ ਕੀਮਤ ਮਾਲਕਾਂ ਪਾਸ ਵਧਾਕੇ ਉਹਨਾਂ ਦੀਆਂ ਵਾਗਾਂ ਹੱਥ ਲੈਂਦੇ ਹਨ।

ਪ੍ਰਥਮ ਗੁਰੂ ਸ਼੍ਰੀ ਹਰਿਗੋਵਿੰਦ।
ਸੁਨਜੋਂ ਜਥਾ ਉਤਸਾਹ ਬਿਲੰਦ।
ਤਿਨ ਤੇ ਦੂਨ ਚਉਨ ਬਿਸਾਲਾ।
ਵਧਤੋ ਜਾਤਿ ਸਰਬਥਾ ਕਾਲਾ ॥੪੩॥
ਕੌਨ ਕੌਨ ਗਿਨ ਭਨੌਂ ਸਮਾਜਾ।
ਸ਼ੋਭਤਿ ਬੈਠਿ ਜਥਾ ਮਹਾਰਾਜਾ।
ਗਰ ਸ਼ਮਸ਼ੇਰ ਦਿਪਤਿ ਸਮ ਸ਼ੇਰਿ।
ਊਚੀ ਦ੍ਰਿਸ਼ਟਿ ਲਖਹਿਂ ਸਭਿ ਜ਼ੇਰ[1]' ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਮਾਨ ਦੁਤੀਓ ਅੰਸੂ ॥੨॥

[1](ਉਹਨਾਂ ਦੀ) ਨਿਗਾਹ ਉੱਚੀ ਹੈ ਹੋਰ ਸਾਰੇ ਉਸ ਨਿਗਾਹ ਦੇ ਹੇਠਾਂ (ਤਾਬੇ) ਨਜ਼ਰ ਪੈਂਦੇ ਹਨ। (ਇਹ ਚੜ੍ਹਦੀਆਂ ਕਲਾਂ ਸੂਚਿਤ ਕਰਾ ਰਿਹਾ ਹੈ।

੩. [ਬੇੜੀ ਉਤੇ ਰਾਮਰਾਇ ਨਾਲ ਮੇਲ]

੨<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪

ਦੋਹਰਾ: ਦਿਵਸ ਜਾਨਿ ਕਰਿ ਜਾਨਿ ਕੋ[1],
ਕੁਛਕ ਫਕੀਰਨਿ ਸੰਗ।
ਕੇਤਿਕ ਸਿਖ ਜੁਤਿ ਤਯਾਰ ਹੁਇ,
ਚਢਿ ਕਰਿ ਚਲ੍ਯੋ[2] ਤੁਰੰਗ ॥੧॥
ਚੌਪਈ: ਸਤਿਗੁਰ ਪੂਰਨ ਸ਼੍ਰੀ ਹਰਿਰਾਇ।
ਸੁਤ ਸ਼੍ਰੀ ਰਾਮਰਾਇ ਹਰਖਾਇ।
ਮਿਲਬੇ ਹਿਤ ਗਮਨ੍ਯੋਂ ਤਤਕਾਲਾ।
ਸੂਰਜ ਸੁਤਾ ਤੀਰ ਕੋ ਚਾਲਾ ॥੨॥
ਇਤਿ ਸ਼੍ਰੀ ਕਲਗ਼ੀਧਰ ਭੇ ਤਯਾਰ।
ਚਪਲ ਤੁਰੰਗਮ ਪਰ ਅਸਵਾਰ।
ਦਯਾਰਾਮ ਪ੍ਰੋਹਤ ਹੁਇ ਨਾਲੇ।
ਪੰਚਹੁੰ ਬੀਰ ਅਰੂੜ੍ਹਤਿ ਚਾਲੇ ॥੩॥
ਮਾਤੁਲ ਲੇ ਕ੍ਰਿਪਾਲ ਕੋ ਸਾਥ।
ਗਮਨ ਕੀਨ ਕਲਗ਼ੀਧਰ ਨਾਥ।
ਅਪਰ ਸੁਭਟ ਸਭਿ ਬਰਜਿ ਹਟਾਏ।
ਖਰੇ ਬਿਲੋਕਤਿ ਹੈ ਸਮੁਦਾਏ ॥੪॥
ਜਮਨਾ ਤੀਰ ਤੀਰ ਗਮਨੰਤੇ।
ਰੁਚਿਰ ਪ੍ਰਵਾਹ ਹੇਰਿ ਹਰਖੰਤੇ।
ਨੰਦ ਚੰਦ ਸੋਂ ਬੋਲਤਿ ਜਾਤੇ।
ਸੁੰਦਰ ਨਦੀ ਬਿਪਨ ਬਹੁ ਭਾਂਤੇ ॥੫॥
ਸੰਗੋਸ਼ਾਹਿ ਜੀਤਮਲ ਸੰਗ।
ਗੰਗਾਰਾਮ ਅਨੇਕ ਪ੍ਰਸੰਗ।
ਬਹੁਰ ਮਾਹਰੀਚੰਦ ਪ੍ਰਬੀਨ।
ਸੰਗ ਗੁਲਾਬ ਚੰਦ ਬਲ ਪੀਨ[3] ॥੬॥
ਪੰਚਹੁੰ ਬੀਰਨਿ ਕੋ ਗੁਰ ਹੇਰਿ।
ਖਰੇ ਹੋਇ ਬੋਲੇ ਤਿਸ ਬੇਰ।
'ਹਯ ਧਵਾਇ ਹੱਥਯਾਰ ਪ੍ਰਹਾਰਨਿ।

---

[1](ਗੁਰੂ ਜੀ ਨੂੰ ਮਿਲਨ) ਜਾਣ ਦਾ ਦਿਨ ਜਾਣਕੇ।
[2](ਰਾਮ ਰਾਇ) ਚਲਿਆ।
[3]ਬੜਾ ਬਲਵਾਨ।

ਕਰਹੁ ਕੁਵਾਇਦ ਅਬਹਿ ਦਿਖਾਰਨਿ' ॥੭॥
ਪਿਖਿ ਮਦਾਨ ਆਛੋ ਉਮਗਾਏ।
ਪ੍ਰਿਥਕ ਪ੍ਰਿਥਕ ਹਯ ਬਲੀ ਧਵਾਏ।
ਦੇਖਤਿ ਸਤਿਗੁਰ ਠਾਂਢੇ ਰਹੇ।
ਨਿਪੁਨ ਸ਼ਸਤ੍ਰ ਬਿੱਦਯਾ ਮਹਿਂ ਲਹੇ ॥੮॥
ਨੰਦਚੰਦ ਉਤਸਾਹ ਵਧਾਯੋ।
ਹੇਤੁ ਦਿਖਾਵਨਿ ਤੁਰੰਗ ਧਵਾਯੋ।
ਸ਼ਸਤ੍ਰ ਹਤਨਿ ਕੀ ਘਾਤ ਬਿਸਾਲਾ।
ਬਾਮ ਦਾਹਿਨੀ ਕਰਿ ਕਰਿ ਚਾਲਾ[1] ॥੯॥
ਦਯਾਰਾਮ ਕੋ ਚਿਤ ਹੁਲਸਾਯੋ।
ਤੁੰਦ ਤੁਰੰਗਮ ਕਰਿ ਫੰਧਾਯੋ।
ਬਹੁਰ ਧਵਾਇ ਘਾਤ ਹੱਥਯਾਰ।
ਕਰੀ ਦਿਖਾਵਨਿ ਸਰਬ ਪ੍ਰਕਾਰ ॥੧੦॥
ਪੁਨ ਕ੍ਰਿਪਾਲ ਮਾਤੁਲ ਬਰ ਬੀਰ।
ਸਰਬ ਪ੍ਰਕਾਰਨਿ ਪੁਨ ਧਰਿ ਧੀਰ।
ਚੰਚਲ ਬਲੀ ਫੇਰ ਬਹੁ ਭਾਂਤਿ।
ਜਥਾ ਹੋਤਿ ਜੋਧਨਿ ਕੀ ਘਾਤ ॥੧੧॥
ਸਭਿ ਬਿਧਿ ਕੀ ਕਰਿ ਕਰਿ ਦਿਖਰਾਈ।
ਭਗਨੀ ਸੁਤ ਕੇ[2] ਖੁਸ਼ੀ ਉਪਾਈ।
ਪ੍ਰਿਥਕ ਪਿਥਕ ਇਮ ਸਭਿ ਕੀ ਦੇਖਿ।
ਸ੍ਰੀ ਕਲਗ਼ੀਧਰ ਤੁਰੰਗ ਵਿਸ਼ੇਖ ॥੧੨॥
ਕਰਯੋ ਤੇਜ, ਪਗ ਮੋਰਤਿ ਦੌਨ[3]।
ਰਿਸਯੋ -ਨ ਗਮਨੈ ਅੱਗ੍ਰਯ ਪੌਨ[4]-।
ਅਹੈ ਕੌਨ ਮ੍ਰਿਗਛੌਨ ਪਲਾਵੈ[5]।
ਫਾਂਧਿ ਉਤੰਗ[6] ਅਧਿਕ ਉਤਲਾਵੈ ॥੧੩॥
ਤੀਰ ਤੁਫੰਗਨਿ ਤੋਮਰ ਮਾਰਨਿ।
ਹਾਥ ਸਿਪਰ ਧਰਿ ਖਿਚਿ ਤਰਵਾਰਨਿ।

---

[1]ਖੱਬੇ ਸੱਜੇ ਸ਼ਸਤ੍ਰ ਚਲਾਉਣ ਦੀਆਂ ਘਾਤਾਂ ਕਰ ਕਰਕੇ (ਦੱਸਦਾ) ਚਲਦਾ ਹੈ।
[2]ਭਾਵ ਸਤਿਗੁਰੂ ਜੀ ਨੂੰ।
[3](ਘੋੜੇ ਨੇ) ਦੋਵੇਂ ਪੈਰ ਮੋੜੇ।
[4](ਐਸਾ) ਗੁੱਸੇ ਵਿੱਚ ਆਇਆ ਕਿ (ਚਾਹੇ ਕਿ ਹਵਾ) ਬੀ (ਮੈਥੋਂ) ਅੱਗੇ ਨਾ ਲੰਘ ਸਕੇ।
[5]ਹਿਰਨ ਦਾ ਬੱਚਾ ਕੌਣ ਹੈ (ਜੋ ਉਸ ਦੇ ਬਰਾਬਰ) ਦੌੜ ਸਕੇ।
[6]ਉੱਚੀ ਛਾਲ।

ਸਕਲ ਕਵਾਇਦ ਕੀਨਿ ਬਿਲਾਸਾ*।
ਥਲ ਸੁੰਦਰ ਜਮਨਾ ਤਟ ਪਾਸਾ ॥੧੪॥
ਕਰਹਿਂ ਪਰਸਪਰ ਅਧਿਕ ਸਰਾਹਨ।
'ਇਮ ਕੀਜਹਿ ਸ਼ੱਤ੍ਰੂ ਦਲ ਗਾਹਨ[1]।'
ਤੀਰ ਤੀਰ ਰਵਿ ਤਨੁਜਾ ਗਏ[2+]।
ਤਰਨੀ ਹੇਰਿ ਸਥਿਰਤਾ ਲਏ[3] ॥੧੫॥
ਉਤਰਿ ਤੁਰੰਗਨ ਤੇ ਹੁਇ ਤਰੇ[4]।
ਤਰੇ ਚਹੰਤਿ, ਤੀਰ ਪਰ ਖਰੇ[5]।
ਖਰੇ ਤਰੋਵਰ ਹੇਰਤਿ ਹਰੇ[6]।
ਹਰੇ ਪਾਪ, ਜਲ ਜਿਹ ਥਲ ਢਰੇ[7] ॥੧੬॥
ਪਿਖਿ ਮਲਾਹ ਆਨੀ ਤਬਿ ਤਰਨੀ[++]।
ਤਰਨੀ ਬਯ ਸੁਖ ਕੀ ਗੁਰ ਕਰਨੀ[8]।
[9]ਕਰਨੀ ਕਰੀ ਪਗਨਿ ਗਨ ਖੋਜ।
ਖੋਜਤਿ ਦੇ ਦੇ ਦ੍ਰਿਗਨਿ ਸਰੋਜ[9] ॥੧੭॥
ਬੋਲੇ ਸਤਿਗੁਰ ਸਾਰੰਗਪਾਨੀ।
'ਪਾਨੀ ਪਿਯਬੇ ਥਾਇ ਪਛਾਨੀ[10]।
[11]ਛਾਨੀ ਨਹਿਂ, ਜਗ ਬਿਦਤ ਕਹਾਨੀ।

---

*ਇਥੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਆਪਣੇ ਦਲ ਨੂੰ ਆਪਣੀ ਕਿਸੇ ਕਵਾਯਦ ਨਾਲ ਕਵਾਯਦ ਦਾਨ ਬਣਾਇਆ ਹੋਯਾ ਸੀ।

[1]ਨਾਸ਼।

[2]ਜਮਨਾ ਦੇ ਕਿਨਾਰੇ।

+ਇਸ ਤੋਂ ਜਾਪਦਾ ਹੈ ਕਿ ਉਪਰਲੇ ਪਾਸੇ ਦੇ ਪਹਿਲੇ ਪੱਤਣ ਨੂੰ ਆਏ ਜੋ ਡੇਹਰਾਦੂਨ ਦੀ ਸਿੱਧੀ ਸੜਕ ਦੇ ਸਾਹਮਣੇ ਹੈ।

[3]ਬੇੜੀ ਵੇਖਕੇ ਠਹਿਰ ਗਏ।

[4]ਹੇਠਾਂ ਉਤਰ ਕੇ।

[5]ਤਰਨਾ ਚਾਹੁੰਦੇ ਹਨ (ਪਰ ਅਜੇ) ਕੰਢੇ ਤੇ ਖੜੇ ਹਨ।

[6]ਹਰੇ ਹਰੇ ਸੁਹਣੇ ਬ੍ਰਿੱਛ ਖੜੇ ਦੇਖ ਰਹੇ ਹਨ।

[7]ਜਿੱਥੇ ਚਲਦਾ ਹੈ ਪਾਣੀ ਪਾਪਾਂ ਨੂੰ ਹਰਨ ਵਾਲਾ।

++ਇਸ ਤੋਂ ਜਾਪਦਾ ਹੈ ਕਿ ਮੌਸਮ ਸਿਆਲੇ ਦਾ ਸੀ, ਕਿਉਂਕਿ ਏਥੇ ਹੁਨਾਲ ਵਿਚ ਸਰਨਾਂ ਅਤੇ ਤੁਲਿਹਾਂ ਆਦਿ ਨਾਲ ਪਾਰ ਹੁੰਦੇ ਹਨ, ਬੇੜੀ ਨਹੀਂ ਪਾਉਂਦੇ। ਬੇੜੀ ਬਰਸਾਤ ਮਗਰੋਂ ਪੈਂਦੀ ਹੈ। ਅਗਲੇ ਅੰਸੂ ਦੇ ਅੰਕ ੧੪ ਵਿਚ ਕੱਤਕ ਦੀ ਰੁੱਤ ਸਹੀ ਹੋ ਜਾਂਦੀ ਹੈ।

[8]ਜੋਬਨ ਆਯੂ ਸ਼੍ਰੀ ਗੁਰੂ ਜੀ ਦੀ ਸੁਖਦਾਤੀ ਹੈ। (ਅ) ਜ੍ਵਾਨ ਅਵਸਥਾ ਵਾਲੇ ਗੁਰੂ ਜੀ ਨੂੰ ਸੁਖ ਦੇਣ ਵਾਲੀ ਬੇੜੀ

[9]ਬਹੁਤ ਹਥਨੀਆਂ ਤੇ ਹਾਥੀਆਂ ਦੇ ਪੈਰਾਂ ਦਾ ਖੋਜ ਨੇਤ੍ਰ ਕਵਲ ਦੇ ਦੇਕੇ ਭਾਲਿਆ ਭਾਵ ਦੇਖਿਆ।

[10](ਹਾਥੀਆਂ ਦੇ) ਪਾਣੀ ਪੀਣ ਦੀ ਥਾਂ ਪਛਾਣੀ ਜਾ ਰਹੀ ਹੈ।

[11]ਗੁੱਝੀ ਬਾਤ ਨਹੀਂ (ਇਹ) ਜਗਤ ਵਿਚ ਗਲ ਪ੍ਰਸਿੱਧ ਹੈ ਕਿ (ਜਿੱਥੇ) ਹਾਥੀ ਪਾਣੀ ਪੀਣ ਉਸ ਥਾਂ ਤੇ ਬ੍ਰਿੱਛ ਟੁਟਦੇ ਹਨ। (ਅ) ਇਸ ਥਾਂ ਤੇ ਤਰਨੇ ਵਿਚ ਬਹੁਤ ਹਾਨੀ ਹੈ।

ਹਾਨੀ ਤਰਨਿ ਬਹੁਤ ਇਸ ਥਾਨੀ' ॥੧੮॥
ਇਮ ਬੋਲਤਿ ਸਭਿਹਿਨਿ ਲੇ ਸਾਥ।
ਨੌਕਾ ਪਰ ਅਰੋਹਿ ਗੁਰ ਨਾਥ।
ਠੇਲਿ ਨੀਰ ਪਰ ਕੀਨਿ ਚਲਾਵਨਿ।
ਲਾਵੰਨਤਾ[੧] ਦੇਖਤਿ ਜਲ ਪਾਵਨ ॥੧੯॥
ਉਤ ਸ਼੍ਰੀ ਰਾਮਰਾਇ ਚਲਿ ਆਯੋ।
ਦੇਖਿ ਕਮਲ ਦ੍ਰਿਗ ਤੇ ਬਿਗਸਾਯੋ।
ਉਤਲਾਵਤਿ ਪਹੁੰਚਜੋ ਤਬਿ ਘੋਰਾ।
ਕੇਵਟ ਪ੍ਰੇਰਜੋ ਗੁਰ ਤਸਿ ਓਰਾ ॥੨੦॥
ਤਟ ਆਵਤਿ ਲੌ ਪਹੁੰਚੀ ਤਰੀ।
ਚਢਿਬੇ ਮਹਿਂ ਤੂਰਨਤਾ ਕਰੀ[੨]।
ਬੰਦਿ ਦੁੰਦ ਕਰ ਪਦ ਅਰਬਿੰਦ।
ਬੰਦਨ ਕੀਨਿ ਬਿਲੰਦ ਅਨੰਦ ॥੨੧॥
ਸ਼੍ਰੀ ਕਲਗ਼ੀਧਰ ਬਹੁ ਸਨਮਾਨਾ।
ਨਿਕਟ ਬਿਠਾਵਨਿ ਅਪਨੇ ਠਾਨਾ।
ਦੇਖਤਿ ਚੰਦ ਬਦਨ ਕੀ ਓਰਾ।
ਲੋਚਨ ਮਨਹੁਂ ਚਕੋਰਨ ਜੋਰਾ[੩] ॥੨੨॥
[੪]-ਦੀਰਘ ਦੀਪਤਿ ਤੇਜ ਉਚੇਰਾ[੫]।
ਭਰਜੋ ਸ਼ਕਤਿ ਥਲ ਬਿਖੈ ਬਡੇਰਾ।
ਉਚਿਤ ਪ੍ਰਤਾਪ ਬਧਾਵਨ ਮਾਂਹੀ।
ਚਹਹਿਂ ਸੁ ਕਰਹਿਂ ਮਿਟਹਿ ਕਿਮ ਨਾਂਹੀ- ॥੨੩॥
ਗੁਰਨੰਦਨ ਸ਼੍ਰੀ ਗੁਰ ਕੋ ਦੇਖਾ[੬]।
ਅਧਿਕ ਲਾਯਕੀ ਉਚਿਤ ਪਰੇਖਾ।
ਕੁਸ਼ਲ ਪ੍ਰਸ਼ਨ ਕਹਿ ਆਪਸ ਮਾਂਹੀ।
ਪ੍ਰੇਮ ਸਹਿਤ ਮੋਦ ਉਪਜਾਹੀ ॥੨੪॥
ਬਹਿਲੋ ਕਾ ਗੁਰਦਾਸ ਰੁ ਤਾਰਾ[੭]।

---

[੧]ਸੁੰਦਰਤਾ।
[੨](ਸ੍ਰੀ ਰਾਮ ਰਾਇ ਜੀ ਨੇ) ਛੇਤੀ ਕੀਤੀ।
[੩]ਜੋੜਾ।
[੪](ਰਾਮਰਾਇ ਜੀ ਨੇ ਇਹ ਕੁਛ ਡਿੱਠਾ:-)
[੫](ਸ੍ਰੀ ਗੁਰੂ ਜੀ ਦਾ) ਉਚੇਰਾ ਤੇਜ।
[੬]ਗੁਰੂ ਪੁਤ੍ਰ ਭਾਵ ਸ਼੍ਰੀ ਰਾਮਰਾਇ ਜੀ ਨੇ ਗੁਰੂ ਜੀ ਨੂੰ (ਐਸਾ) ਦੇਖਿਆ।
[੭](ਦੋਵੇਂ ਮਸੰਦ) ਗੁਰਦਾਸ ਤੇ ਤਾਰਾ।

ਇਕ ਦੁਇ ਨਿਕਟ ਮਸੰਦ ਉਦਾਰਾ।
ਸਤਿਗੁਰ ਸੰਗ ਅਸ਼ਟ ਇਹ ਬੀਰ।
ਅਪਰ ਖਰੇ ਸਭਿ ਜਮਨਾ ਤੀਰ ॥੨੫॥
[1]-ਬੰਧਨ* ਸੋਂ ਸ਼ਰੀਕਪਨ ਕਰਿਬੋ।
ਮਤਸਰ ਆਦਿ ਅਸੂਆ ਧਰਿਬੋ।
ਪੂਰਬ ਅਨਿਕ ਪ੍ਰਕਾਰ ਉਠਾਵਾ[2]-।
ਚਿਤ ਸ਼੍ਰੀ ਰਾਮ ਰਾਇ ਪਛੁਤਾਵਾ ॥੨੬॥
ਧਰੀ ਸਰਲਤਾ ਉਰ ਮਹਿਂ ਭਲੇ।
-ਭਈ ਸਫਲਤਾ ਗੁਰ+ ਸੰਗ ਮਿਲੇ-।
ਬੂਝਤਿ ਭਯੋ ਅਨੰਦਪੁਰ ਗਾਥਾ।
'ਕਿਮ ਬਿਰੋਧ ਉਪਜਯੋ ਨ੍ਰਿਪ ਸਾਥਾ? ॥੨੭॥
ਛਿਮਾ ਧਾਰਿ ਇਤ ਦਿਸ਼ ਕੋ ਆਏ।
ਨਹਿਂਨ ਜੰਗ ਤਿਨ ਸੰਗ ਮਚਾਏ।'
ਸੁਨਿ ਕਲਗੀਧਰ ਸਕਲ ਬਖਾਨਾ।
'ਮੂਢ ਚਹੈਂ ਹਮ ਸੋਂ ਛਲ ਠਾਨਾ ॥੨੮॥
ਕਪਟ ਸੰਗ ਚਹਿਂ ਲਹਯੋ ਮਤੰਗਾ।
ਗੁਰ ਘਰ ਸੋਂ ਕਿਮ ਪੁਜਹਿ ਕੁਢੰਗਾ[3]।
ਸਰਬ ਪ੍ਰਕਾਰ ਭਈ ਰਣ ਤਯਾਰੀ।
ਮਿਲਿ ਭ੍ਰਾਤਨਿ ਸੋਂ ਤਬਹਿ ਬਿਚਾਰੀ[4] ॥੨੯॥
-ਬਯਾਹ ਬਿਖੈ ਹੁਇ ਸ਼ੋਕ ਮਹਾਨਾ-।
ਟਰ ਕਰਿ ਗਯੋ ਬੀਰਰਸ ਹਾਨਾ[5]।
ਨਾਹਣੇਸ਼ ਇਤ ਹਮਹਿਂ ਬੁਲਾਯੋ।
ਚਹਤਿ ਆਪ ਕੇ ਨਿਕਟ ਟਿਕਾਯੋ ॥੩੦॥
ਜਮਨਾ ਤਟ ਸੁੰਦਰ ਕੋ ਹੇਰਾ।
ਘਾਲਯੋ ਆਨਿ ਆਪਨੋ ਡੇਰਾ++।

---

[1](ਇਹ ਵਿਚਾਰ ਕੇ ਕਿ:-) ਸਨਬੰਧੀਆਂ (ਸ੍ਰੀ ਹਰਿ ਕ੍ਰਿਸ਼ਨ ਜੀ ਭਿਰਾ ਤੇ ਗੁਰੂ ਤੇਗ ਬਹਾਦਰ ਜੀ ਬਾਬੇ) ਨਾਲ ਜੋ ਸ਼ਰੀਕਪੁਣਾ ਕਰਦਾ ਰਿਹਾ ਹਾਂ।

*ਪਾ:-ਬੰਦਨ।

[2]ਉਠਾਏ (ਮਤਸਰ, ਅਸੂਯਾ ਆਦਿ)।

+ਪਾ:-ਉਨ।

[3]ਕਿਵੇਂ ਖੋਟ ਪੁੱਜੇ।

[4](ਭੀਮਚੰਦ ਨੇ) ਵਿਚਾਰ ਕੀਤੀ।

[5]ਬੀਰਰਸ ਨਾਸ਼ ਕਰਕੇ ਟਲ ਗਿਆ।

++ਪਾ:-ਰਚਿ ਕਰਿ ਕੋਟ ਕੀਯੋ ਤਹਿਂ ਡੇਰਾ।

ਕਾਰਨ ਅਨਿਕ ਜਾਨਿ ਕਰਿ ਆਏ।
ਬਸਤਿ ਸੁ ਬਿਹਰਤਿ[੧] ਅਨੰਦ ਉਪਾਏ' ॥੩੧॥
ਸੁਨਿ ਸ੍ਰੀ ਰਾਮਰਾਇ ਪੁਨ ਭਾਖਾ।
'ਕ੍ਵੈ ਨ ਹਟਾਇ ਸਕਹਿ ਤੁਮ ਕਾਂਖਾ[੨]।
ਜਾਨੀ ਪਰੈ ਬੈਸ ਮਮ ਥੋਰੀ।
ਠਾਨਤਿ ਰਹੋ ਕ੍ਰਿਪਾ ਹਮ ਓਰੀ ॥੩੨॥
ਭੇਦ ਭਾਵ ਜੇ ਅਨਿਕ ਪ੍ਰਕਾਰੀ।
ਨਹਿਂ ਕੁਛ ਰਾਖਹੁ ਰਿਦੈ ਮਝਾਰੀ।
ਬਿਗਰੇ ਬ੍ਰਿੰਦ ਮਸੰਦ ਹਮਾਰੇ।
ਜੇ ਕਰਿ ਪੀਛੇ ਕਰਹਿਂ ਬਿਗਾਰੇ ॥੩੩॥
ਸਭਿ ਡੇਰੇ ਕੀ ਕਾਰ ਸੁਧਾਰਹੁ।
ਉਚਿਤ ਅਨੁਚਿਤ ਬਿਚਾਰਿ ਸੰਭਾਰਹੁ।
ਬੰਸ ਬਿਭੂਖਨ ਭਏ ਅਦੂਖਨ।
ਬਿਘਨ ਤਿਮਰ ਗਨ ਕੇ ਜਨੁ[*] ਪੂਖਨ[੩] ॥੩੪॥
ਬਹੁ ਕਾਰਨ ਕਰਿ ਜਨਮ ਤੁਹਾਰਾ।
ਮੈਂ ਨਿਰਨੈ ਕਰਿ ਲੀਨਿ ਬਿਚਾਰਾ।
ਭਵਜਲ ਸਾਗਰ ਤਰਣ ਦੁਹੇਲਾ।
ਇਸ ਕੋ ਤਰਿਬੇ ਹੇਤੁ ਸੁਹੇਲਾ ॥੩੫॥
ਸ੍ਰੀ ਨਾਨਕ ਜੀ ਭਰਯੋ ਜਹਾਜਾ।
ਅਨਿਕ ਰੀਤਿ ਕੇ ਜੀਵ ਸਮਾਜਾ।
ਤਿਸ ਮਹਿਂ ਬਿਘਨ ਬਿਸਾਲ ਪ੍ਰਚੰਡ[੪]।
ਜਿਸ ਤੇ ਫਟਯੋ ਭਯੋ ਖੰਡ ਖੰਡ[੫] ॥੩੬॥
ਤਿਹ ਸਕੇਲਿ[੬] ਪੁਨ ਏਕ ਬਨਾਵਹੁ।
ਭਰਯੋ ਜਹਾਜ ਪਾਰ ਉਤਰਾਵਹੁ।
ਪਿਤਾ ਗੁਰੂ[੭] ਇਕ ਬਾਰਿ ਬਖਾਨੀ।

---

[੧]ਵਸਦੇ ਤੇ ਵਿਚਰਦੇ ਹਾਂ।
[੨]ਆਪਦੀ ਇੱਛਾ।
[*]ਪਾ:-ਜਗ।
[੩]ਸੂਰਜ ਰੂਪ।
[੪]ਤਿੱਖੇ।
[੫]ਟੁਕੜੇ ਟੁਕੜੇ (ਜਹਾਜ਼)।
[੬]ਇਕੱਠਾ ਕਰਕੇ।
[੭]ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ।

ਸਿਖ ਢਿਗ ਤੇ ਮੈਂ ਸੁਨਿਬੋ[1] ਬਾਨੀ[+] ॥੩੭॥
-ਗੁਰ ਕੋ ਭਰਯੋ ਜਹਾਜ ਉਦਾਰਾ।
ਲਾਇ ਧ੍ਯਾਨ ਕੋ ਹੇਰਿ ਬਿਚਾਰਾ।
ਭਾ ਬਹੁ ਖੰਡ ਮਿਲਹਿ ਪੁਨ ਸੋਈ।
ਹੁਇ ਅਸ ਪੁਰਖ ਮਿਲਾਵਹਿ ਜੋਈ- ॥੩੮॥
ਤਬਿ ਕੋ ਮੈਂ ਬਿਚਾਰਤੋ ਰਹਯੋ।
ਅਬਿ ਸੋ ਹੋਇ ਭਲੇ ਮੈਂ ਲਹਯੋ।
ਦਰਸ਼ਨ ਦੇਖਤਿ ਭਈ ਪ੍ਰਤੀਤ।
ਬਿਗਰੇ ਕਰਹੁ ਸੁਧਾਰਣ ਚੀਤ[2]' ॥੩੯॥
ਸੁਨਿ ਸ਼੍ਰੀ ਕਲ਼ਗੀਧਰ ਸਭਿ ਲਹਯੋ।
ਗੁਰ ਸੁਤ ਨਿਜ ਆਸ਼ੈ ਜਿਮ ਕਹਯੋ।
ਬੋਲੇ 'ਰਾਮਰਾਇ' ਗੁਰ 'ਸਾਚਾ[3]।
ਗੁਰ ਪਰ ਕੇ ਹਿਤ ਸੋਂ ਚਿਤ ਰਾਚਾ' ॥੪੦॥
ਪੁਨ ਤਟ ਦਿਸ਼ਾ ਦ੍ਰਿਸ਼ਟਿ ਗੁਰ ਪ੍ਰੇਰੀ।
ਕੇਤਿਕ ਸੰਗਤਿ ਥਿਤ ਤਿਸ ਕੇਰੀ।
ਬੇਮੁਖ ਹੁਇ ਕਰਿ ਖਰੇ ਕੁਚਾਰੀ[4]।
ਸਤਿਗੁਰ ਕੀ ਦਿਸ਼ਿ ਕੀਨਿ ਪਿਛਾਰੀ ॥੪੧॥
ਮੰਦ ਭਾਗ ਮਤਿਮੰਦ ਮਲੀਨੇ।
ਸਨਮੁਖ ਹੋਇ ਨ ਦਰਸ਼ਨ ਕੀਨੇ।
ਗਨ ਪਾਪਨ ਅਸ ਫਲ ਉਪਜਾਯੋ।
ਜਿਸ ਤੇ ਨਹਿਂ ਗੁਰ ਦਰਸ਼ਨ ਪਾਯੋ ॥੪੨॥
ਪ੍ਰਭੁ ਬਿਲੋਕਿ ਤਿਨ ਕੋ ਮੁਸਕਾਨੇ।
ਸਭਿ ਕੇ ਸੁਨਤਯੋ ਪੁਨਹਿ ਬਖਾਨੇ।
'ਰਾਮਰਾਇ ਤੋ ਹੈ ਗੁਰ ਸਾਚੇ। ਵਿਸ਼ੇਸ਼ ਟੂਕ
ਇਸ ਕੇ ਸਿਖ ਮੂਰਖ ਮਤਿ ਕਾਚੇ ॥੪੩॥
ਅਹੇ ਭੂਤਨੀ ਸੰਗਤਿ ਸਾਰੀ।

---

[1]ਸੁਣੀ ਸੀ।
[+]ਪਾ:-ਸਾਨੀ।
[2]ਵਿਗੜੇ ਚਿੱਤਾਂ ਨੂੰ ਤੁਸੀਂ ਸੁਧਾਰੋਗੇ।
[3]ਗੁਰੂ ਜੀ ਬੋਲੇ ਰਾਮ ਰਾਇ ਸੱਚਾ ਹੈ।
(ਅ) ਬੋਲੇ ਰਾਮਰਾਇ ਸਾਚਾ ਗੁਰੂ ਹੈ। 'ਗੁਰੂ' ਦਾ ਅਰਥ ਭਾਵ ਅਵਤਾਰ ਗੁਰੂ ਨਹੀਂ, ਪਰ ਆਪਣੀ ਸੰਗਤ ਦਾ ਮੁਹਰੀ ਯਾ ਮੁਰਸ਼ਿਦ ਜਿਵੇਂ ਮੰਜੀਆਂ ਦੀ ਬਖਸ਼ਸ਼ਾਂ ਵਾਲੇ ਹੁੰਦੇ ਸਨ। ਦੇਖੋ ਟੂਕ* ਅਗਲਾ ਸਫਾ।
[4]ਖੋਟੀ ਚਾਲ ਵਾਲੇ।

ਜਿਨਹੁੰ ਗੁਰਨਿ ਦਿਸ਼ਿ[1] ਕੀਨਿ ਪਿਛਾਰੀ।
ਗੁਰੂ ਪ੍ਰਲੋਕ ਨ ਬਨਹਿਂ ਸਹਾਈ।
ਇਹੈ ਕਾਮਨਾ ਕਛੁ ਲੇ ਪਾਈ[2]' ॥੪੪॥
ਇਮ ਕਹਿ ਪੁਨ ਗੁਰਦਾਸਹਿਂ ਹੇਰਾ।
ਥਿਰ ਸ਼੍ਰੀ ਰਾਮਰਾਇ ਕੈ ਨੇਰਾ।
'ਸੁਨਿ ਬਹਿਲੋ ਕੇ ਹਮਹਿਂ ਬਤਾਵਹੁ।
ਹਮਰੇ ਸਨਮੁਖ ਤੀਰ ਚਲਾਵਹੁ? ॥੪੫॥
ਕਿਸ ਕੋ ਬਲ ਲੇ ਕਰਤਿ ਪ੍ਰਹਾਰਾ?
ਜਿਸ ਤੇ ਮਹਿਦ ਗਰਬ ਕੋ ਧਾਰਾ।'
ਤਬਿ ਲੱਜਤਿ ਹੋਯਸਿ ਗੁਰਦਾਸ।
ਤਰੇ ਦ੍ਰਿਸ਼ਟਿ ਕਰਿ ਹਿਰਦੇ ਤ੍ਰਾਸ ॥੪੬॥
ਹਹਿਰਤਿ ਬੋਲਯੋ ਦ੍ਵੈ ਕਰਿ ਜੋਰਿ।
'ਪ੍ਰਭੁ ਜੀ! ਹਮ ਕੌ ਤੁਮਰਾ ਜੋਰ।
ਲਘੁ ਦੀਰਘ ਜੋ ਕਾਰਜ ਸਾਰੇ।
ਹਮ ਕਰਿ ਸਕਹਿਂ ਪ੍ਰਤਾਪ ਤੁਮਾਰੇ' ॥੪੭॥
ਪੁਨ ਗੁਰ ਭਨਯੋ 'ਧਨੁਖ ਜਿਨ ਧਾਰਾ।
ਤਜਹਿ ਬਾਨ, ਇਹ ਨਾਮ ਸੁ ਤਾਰਾ।
ਉਦੈ ਭਯੋ ਤਬਿਹੂੰ ਤੇ ਕਹਯੋ[3]।
ਅਬਿ ਸੋ ਅਸਤ ਹੋਇ ਹਮ ਲਹਯੋ[4]' ॥੪੮॥
ਸੁਨਿ ਕਰਿ ਕੰਪਤਿ ਤੁਸ਼ਨਿ ਠਾਨੀ।
ਰਹਯੋ ਜੋਰਿ ਕਰ ਗੁਰ ਅਗੁਵਾਨੀ।
ਵਧਿ ਕੈ ਬਾਕ ਬਿਅਦਬੀ ਕਹਯੋ।
ਪਛੁਤਾਵਤਿ ਤਿਸ ਕੋ ਫਲ ਲਹਯੋ ॥੪੯॥
ਇਮ ਸ਼੍ਰੀ ਰਾਮਰਾਇ ਅਰੁ ਸਤਿਗੁਰ।
ਬਾਕ ਬਿਲਾਸ ਕਰੇ ਭਰਿ ਮੁਦ ਉਰ।
ਬੰਦਨ ਠਾਨਿ ਬਿਦਾ ਹੁਇ ਗਯੋ।
ਤੀਰ ਤੁਰੰਗ ਅਰੂਢਤਿ ਭਯੋ ॥੫੦॥
ਸਿਖ ਮਸੰਦ ਲੇ ਸੰਗ ਸਿਧਾਰਾ।

---

[1]ਜਿਨ੍ਹਾਂ ਨੇ ਗੁਰਾਂ ਵਲ ਭਾਵ ਆਪਣੇ ਮੁਰਸ਼ਿਦ ਤੇ ਗੁਰੂ ਅਵਤਾਰ ਦੋਹਾਂ ਵਲ।
[2]ਏਥੇ (ਮਾਤ ਲੋਕ ਵਿਚ) ਕੁਛ ਕਾਮਨਾ ਪਾ ਲੈਣਗੇ।
[3]ਉਦੈ ਹੋਇਆ ਤਦ ਤੋਂ (ਜਦੋਂ ਤੂੰ ਉਹ) ਵਾਕ ਕਿਹਾ ਸੀ।
[4]ਹੁਣ ਓਹ ਛੁਪ ਗਿਆ ਅਸਾਂ ਡਿੱਠਾ ਹੈ।

ਕਛੁ ਬ੍ਰਿਤੰਤ ਤਿਨ ਮਹਿਂ ਨ ਉਚਾਰਾ[੧]।
ਜਾਇ ਪ੍ਰਵੇਸ਼ਜੋ ਆਪਨਿ ਡੇਰੇ।
ਉਤਰਜੋ ਹਯ ਤੇ ਕੀਨਿ ਬਸੇਰੇ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਤ੍ਰਿਤੀਓ ਅੰਸੁ ॥੩॥

ਵਿਸ਼ੇਸ਼ ਟੂਕ: *ਏਥੇ 'ਗੁਰੂ' ਦਾ ਅਰਥ ਗੁਰਮੁਖ ਯਾ ਮੁਰਸ਼ਿਦ ਹੈ, ਕਿ ਆਪਣੀ ਸੰਗਤ ਦੇ ਆਗੂ ਹਨ। ਇੱਥੇ ਗੁਰੂ ਅਵਤਾਰ ਤੋਂ ਭਾਵ ਨਹੀਂ ਹੈ। 'ਗੁਰ ਅਵਤਾਰ' ਤਾਂ ਕਦੇ ਦੋ ਹੋ ਨਹੀਂ ਸਕਦੇ, ਓਹ ਕੇਵਲ ਇਕ ਸਮੇਂ ਇਕ ਹੀ ਹੋ ਸਕਦਾ ਹੈ, ਜੋ ਇਸ ਵੇਲੇ ਕਲਗੀਧਰ ਜੀ ਆਪ ਹਨ, ਜਿਨ੍ਹਾਂ ਨੂੰ ਸ਼੍ਰੀ ਰਾਮਰਾਇ ਜੀ ਨੇ ਖੁਦ ਗੁਰੂ ਅਵਤਾਰ ਮੰਨਿਆ ਹੈ ਤੇ ਬੰਦਨਾਂ ਕੀਤੀ ਹੈ ਤੇ ਮੁਖੋਂ ਜਸ ਕਿਹਾ ਹੈ। ਦੇਖੋ ਅੰਕ ੨੧ ਅਤੇ ੩੮, ੩੯। 'ਬੋਲੇ ਰਾਮਰਾਇ ਗੁਰ ਸਾਚਾ' ਤੇ ਇਹ ਤੁਕ 'ਰਾਮਰਾਇ ਤੋਂ ਹੈਂ ਗੁਰ ਸਾਚੇ' ਇਨ੍ਹਾਂ ਤੁਕਾਂ ਦਾ ਇਹ ਭਾਵ ਭੀ ਜਾਪਦਾ ਹੈ ਕਿ ਪਿੱਛੇ ਤਾਂ ਸ਼੍ਰੀ ਰਾਮਰਾਇ ਜੀ ਭੀ ਗੁਰੂ ਘਰ ਨਾਲ ਵਿਰੋਧ ਕਰਕੇ ਵਿੱਥ ਤੇ ਰਹੇ ਹਨ ਹੁਣ ਪਿਛਲੀ ਭੁੱਲ ਤੇ ਪਛੁਤਾਵਾ (ਵੇਖੋ ਅੰਕ ੨੬ ਵਿਚ ਕਰਕੇ ਗੁਰੂ ਘਰ ਦੇ ਹਿਤੂ ਬਣਕੇ ਸਤਿਗੁਰੂ ਨਾਲ 'ਸੱਚੇ' ਹੋ ਗਏ ਹਨ, ਪਰ ਰਾਮਰਾਇ ਜੀ ਦੀ ਸੰਗਤ ਪਿੱਠ ਕਰਨ ਦੇ ਕਾਰਨ ਭੁਤਨੀ ਹੈ, ਭਾਵ ਸਤਿਗੁਰਾਂ ਤੋਂ ਬੇਮੁਖ ਹੀ ਰਹੀ ਹੈ। ਤੁਕ ਦਾ ਇਹ ਅਰਥ ਬਣੇਗਾ, ਕਿ (ਭੁੱਲ ਮੰਨਕੇ) ਸਚੇ ਹੋ ਗਏ ਹਨ।

---

[੧]ਤਿਨ੍ਹਾਂ ਆਪਣੇ (ਮਸੰਦਾਂ) ਵਿਚ (ਮਿਲਣ ਦਾ) ਨਹੀਂ ਦੱਸਿਆ।

੪. [ਕਪਾਲ ਮੋਚਨ]

੩<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੫

ਦੋਹਰਾ: ਸ਼੍ਰੀ ਕਲਗੀਧਰ ਤਰੀ ਕੋ, ਪ੍ਰੇਰਨਿ ਕਰਿ ਜਲ ਮਾਂਹਿ।
ਰਵਿ ਤਨੁਜਾ ਕੇ ਬੀਚ ਹੀ, ਚਲੇ ਆਇਂ ਹਰਖਾਹਿਂ ॥੧॥
ਚੌਪਈ: ਚਲੇ ਨਊ ਜਲ ਕੇ ਅਨੁਕੂਲੰ[੧]।
ਅਵਿਲੋਕਹਿਂ ਸੁੰਦਰ ਦ੍ਵੈ ਕੂਲੰ।
ਗਨ ਪੰਕਤਿ ਤਰੁਵਰੁ ਕੀ ਖਰੀ[੨]।
ਹੇਰਹਿਂ ਹਰੀ ਹਰੀ ਜਬਿ ਖਰੀ[੩] ॥੨॥
ਸਨੇ ਸਨੇ ਗਮਨੈ ਜਲ ਤਰਨੀ।
ਸ਼੍ਰੀ ਮੁਖ ਤੇ ਸ਼ੋਭਾ ਬਹੁ ਬਰਨੀ।
ਪੁਸ਼ਪਤਿ[੪] ਬਨ ਕੋ ਕਰਹਿਂ ਦਿਖਾਵਨਿ।
ਤਰੁਵਰ ਕੀ ਬਹੁ ਜਾਤਿ ਬਤਾਵਨਿ ॥੩॥
ਬਿਨਾ ਪੰਕ[੫] ਤੇ ਚਾਰੁ ਪ੍ਰਵਾਹੂ।
ਸ਼ਯਾਮਲ ਬਰਨ ਬਿਲੋਕਹਿਂ ਤਾਹੂ।
ਨਗਰ ਪਾਂਵਟਾ ਤਟ ਪਰ ਜਾਂ ਕੇ।
ਆਵਤਿ ਚਲੇ ਨੀਰ ਪਰ ਤਾਂ ਕੇ ॥੪॥
ਤੀਰ ਤੀਰ ਪਰ ਹਯ ਡੁਰਿਆਏ[੬]।
ਸਭਿਹਿਨਿ ਕੇ ਸੇਵਕ ਲੈ ਧਾਏ।
ਜਹਿਂ ਬੈਠਨਿ ਕੀ ਰੁਚਿਰ ਸਥਾਈ।
ਸਿਲਾ ਬਿਸਾਲ ਪਰੀ ਤਟ ਛਾਈ ॥੫॥
ਅਬਿ ਲੌਂ ਥਲ ਬਿਨ ਕਰਦਮ ਸੋਊ।
ਦਿਖੀਅਤਿ ਹੈ ਸੁੰਦਰ ਤਟ ਦੋਊ।
ਕਰੀ ਖਰੀ ਤਰਨੀ ਤਹਿਂ ਆਇ।
ਸ਼੍ਰੀ ਗੋਬਿੰਦ ਸਿੰਘ ਉਤਰੇ ਰਾਇ ॥੬॥
ਖਾਨ ਪਾਨ ਕਰਿ ਨਿਸਾ ਬਿਤਾਈ।
ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਪੂਰੇ।

---

[੧]ਨਾਓ ਪਾਣੀ ਦੇ ਪ੍ਰਵਾਹ ਅਨਕੂਲ (ਹੇਠਾਂ ਨੂੰ) ਜਾ ਰਹੀ ਹੈ।
[੨]ਖੜੀ ਹੈ।
[੩]ਜਦ ਦੇਖਦੇ ਹਨ ਹਰੀ ਕਤਾਰ ਰੁੱਖਾਂ ਦੀ (ਤਾਂ) ਸਹੁਣੀ ਲਗਦੀ ਹੈ। [ਖਰੀ = ਸੁਹਣੀ]।
[੪]ਫੁਲਾਂ ਨਾਲ ਭਰੇ ਹੋਏ।
[੫]ਚਿਕੜ ਤੋਂ ਬਿਨਾਂ ਭਾਵ ਨਿਰਮਲ। ਚਿਕੜ ਬਿਨ ਪਾਣੀ ਵੀ ਸਿਆਲੇ ਦੀ ਨਿਸ਼ਾਨੀ ਹੈ।
[੬]ਕੰਢੇ ਕੰਢੇ ਘੋੜੇ ਲਈ ਆਏ।

ਕਵਿਤਾ ਕਰਨਿ ਲਗੇ ਪ੍ਰਭੁ ਰੂਰੇ ॥੭॥
ਪ੍ਰਥਮੈ ਸ੍ਰੀ ਕ੍ਰਿਸ਼ਨਾ ਅਵਤਾਰੂ।
ਛੰਦ ਸਵੈਯੇ ਕਰਤਿ ਉਚਾਰੂ।
ਰੁਚਿਰ ਰਾਸ ਮੰਡਲ ਬਹੁ ਬਰਨਜੋਂ।
ਉਪਮਾਨਹਿਂ ਉਪਮੇਯਹਿ ਕਰਨਜੋ[1] ॥੮॥
ਕਰਿ ਸ਼ਨਾਨ ਬੈਠਹਿਂ ਤਿਸ ਤੀਰ।
ਸਿਲਾ ਸੰਗ ਖਸ[2] ਚਾਲਤਿ ਨੀਰ।
ਜਾਮ ਦਿਵਸ ਜਬਿ ਲੌਂ ਚਢਿ ਆਵੈ।
ਰਹੈਂ ਇਕਾਕੀ ਗਿਰਾ ਬਨਾਵੈਂ ॥੯॥
ਨਹਿਂ ਕਿਸਹੂੰ ਕੋ ਦਰਸ਼ਨ ਹੋਇ।
ਦੂਰ ਦੂਰ ਰਹਿਂ ਥਿਰ ਸਭ ਕੋਇ।
ਮਨ ਟਿਕਾਇ ਬਰ ਬਾਨੀ ਰਚੈਂ।
ਕ੍ਰਿਸ਼ਨ ਬਿਲਾਸਾਦਿਕ ਬਿਧਿ ਸਚੈਂ[3] ॥੧੦॥
ਆਦਿ ਰਾਧਕਾ ਗੋਪੀ ਬ੍ਰਿੰਦ।
ਤਿਨ ਸੋਂ ਮਿਲਿ ਜਿਮ ਕੀਨਿ ਅਨੰਦ।
ਬਰਨਹਿਂ ਸਤਿਗੁਰ ਪ੍ਰੇਮ ਲਗਾਇ।
ਪੁਨ ਤੁਕਾਂਤ ਮਹਿਂ ਪੈਂਤੀ ਪਾਇ ॥੧੧॥
ਆਦਿ ਕਕਾਰ ਸੁ ਅੰਤ ੜਕਾਰ[4]।
ਜਿਹ ਜੇ ਬਰਨ ਜਥਾ ਕ੍ਰਮ ਧਾਰ[5]।
ਪਾਇ ਸਵੈਯਨਿ ਕੇ ਜੁਤਿ ਕ੍ਰਾਂਤਿ[6]।
ਪਾਠਕ ਸੁਮਤਿ ਲਖੈ ਬੱਖਜਾਤ ॥੧੨॥
ਇੱਤਜਾਦਿਕ ਕੀ ਬਹੁ ਚਤੁਰਾਈ।
ਸੁੰਦਰ ਕਵਿਤਾ ਕਰਿ ਕਰਿ ਪਾਈ।
ਜਲ ਖਸਿ[7] ਚਲੈ ਸਿਲਾ ਕੇ ਸਾਥ।

---

[1]ਉਪਮਾਨ ਤੇ ਉਪਮੇਯ ਕਰਕੇ। (ਅ) ਉਪਮਾਂ ਨਹਿਂ = ਕਿਸੇ ਉਪਮੇਯ ਨਾਲ ਉਪਮਾ ਨਹੀਂ ਕਰੀ ਜਾ ਸਕਦੀ; ਭਾਵ ਬਾਣੀ ਅਲੌਕਿਕ ਹੈ। [ਉਪਮਾਨ = ਜਿਸ ਦੀ ਉਪਮਾ ਦਿੱਤੀ ਜਾਵੇ ਜੈਸੇ, ਚੰਦ। ਉਪਮੇਯ = ਜਿਸਨੂੰ ਉਪਮਾ ਦਿੱਤੀ ਜਾਵੇ। ਜੈਸੇ ਮੁਖ]।
[2]ਖਹਿਕੇ।
[3]ਅਸਲ ਵਿਧੀ ਪੂਰਬਕ (ਸੰਚਦੇ =) ਸੰਕਲਤ ਕਰਦੇ ਭਾਵ ਰਚਦੇ ਹਨ।
[4]ਭਾਵ ਕ੍ਰਿਸ਼ਨਾ ਅਵਿਤਾਰ ਦੇ ਦਸਮ ਸਕੰਧ ਵਿਚ ਪਹਿਲੇ ਕਕਾ ਤੁਕ ਦੇ ਅੰਤ ਵਿਚ ਰੱਖਕੇ ੜਾੜੇ ਤਕ ਪੈਂਤੀ ਪੂਰੀ ਕੀਤੀ ਹੈ।
[5]ਜੋ ਅੱਖਰ ਕ੍ਰਮ ਅਨੁਸਾਰ ਪਾਇਆ ਹੈ।
[6]ਸ੍ਵੈਯਾਂ ਵਿੱਚ ਅੱਖਰ ਪਾਏ ਹਨ ਸ਼ੋਭਾ ਸਹਿਤ।
[7]ਖਹਿਕੇ।

ਤਹਾਂ ਬਿਰਾਜੈਂ ਸ਼੍ਰੀ ਜਗਨਾਥ ॥੧੩॥
ਕਾਤਕ ਮਾਸ ਸੁੰਦਰੀ ਰੁਤ ਮੈਂ।
-ਚਢੈਂ ਅਖੇਰ ਅਬਹਿ- ਹੁਇ ਚਿਤ ਮੈਂ।
ਸਿੱਖ ਮਸੰਦਨ ਬ੍ਰਿੰਦਨਿ ਬ੍ਰਿੰਦ।
ਭਯੋ ਆਨਿ ਬਹੁ ਮੇਲ ਬਿਲੰਦ ॥੧੪॥
ਸਿਰੇ ਪਾਉ ਸਭਿਹਿਨਿ ਹਿਤ ਦੈਬੇ।
ਪਠੇ ਦਾਸ ਹਿਤ ਮੋਲਹਿ ਲੈਬੇ।
ਨਗਰ ਨਿਕਟ ਜੇਤਿਕ ਤਹਿਂ ਜਾਨੇ।
ਸਭਿਨਿ ਬਿਖੈ ਗਨ ਮਨੁਜ ਪਯਾਨੇ ॥੧੫॥
ਹੁਤੋ ਬੂੜੀਆ ਨਗਰ ਸਢੌਰਾ।
ਇੱਤਯਾਦਿਕ ਪਹੁੰਚੇ ਸਭਿ ਠੌਰਾ।
ਸੌ ਦੋ ਸੌ ਪਗੀਆ ਤਹਿਂ ਲੀਨਿ।
ਅਪਰ ਨ ਪ੍ਰਾਪਤਿ ਖੋਜਨ ਕੀਨਿ ॥੧੬॥
ਹਟਿ ਆਏ ਜਹਿਂ ਕਹਿਂ ਤੇ ਦਾਸਿ।
ਜੇਤਿਕ ਹੁਤੀ ਸੁ ਆਨੀ ਪਾਸ।
ਕਾਰਜ ਨਹੀਂ ਸਰਜੋ ਸਭਿ ਕੇਰਾ।
ਦਿਵਸ ਪੰਚਮੀ ਚਢੇ ਅਖੇਰਾ ॥੧੭॥
ਪੰਥ ਦੂਨ ਕੇ ਚਲਿ ਕਰਿ ਆਏ।
ਵਹਿਰਿ ਗਿਰਨ ਤੇ ਥਲ[1] ਦਿਖਰਾਏ।
ਇਕ ਸਮ ਅਵਨੀ ਮਹਿਂ ਕਰਿ ਡੇਰਾ।
ਬਿਚਰੇ ਕੇਤਿਕ ਦਿਵਸ ਅਖੇਰਾ ॥੧੮॥
ਇਕ ਕਪਾਲ ਮੋਚਨ[2] ਸ਼ੁਭ ਤਾਲ।
ਤਹਿਂ ਕੋ ਮੇਲਾ ਅਯੋ ਬਿਸਾਲ।
ਸੁਨਜੋਂ ਸੁ ਤੀਰਥ ਸਤਿਗੁਰ ਜਬੈ।
ਸਭਿਹਿਨਿ ਮਹਿਂ ਬੋਲਹਿਂ ਇਮ ਤਬੈ ॥੧੯॥
'ਚਲਹੁ ਕਰਹਿਂ ਮੇਲਾ ਤਿਸ ਥਾਨਾ।
ਆਵਤਿ ਖਿਲਹਿਂ ਅਖੇਰ ਮਹਾਨਾ।'
ਇਮ ਕਹਿ ਕਰਿ ਤਯਾਰੀ ਕਰਿਵਾਈ।
ਸੈਨਾ ਸੰਗਿ ਚਢੀ ਸਮੁਦਾਈ ॥੨੦॥
ਬਜਤਿ ਬਡੋ ਰਣਜੀਤ ਨਗਾਰਾ।

---

[1]ਪਹਾੜਾਂ ਤੋਂ ਬਾਹਰ ਥਾਂ।
[2]ਨਾਮ ਹੈ ਤੀਰਥ ਦਾ, ਜਗਾਧਰੀ ਤੋਂ ਸਤ ਅੱਠ ਮੀਲ ਉੱਪਰ ਨੂੰ ਇਹ ਟਿਕਾਣਾ ਹੈ।

ਆਨਿ ਪਹੂੰਚੇ ਥਾਨ ਨਿਹਾਰਾ।
ਡੇਰਾ ਕਰਯੋ ਤਾਨਿ ਸ਼ਮਿਯਾਨੇ।
'ਸਤਿਗੁਰ ਥਿਰੇ ਸਭਿਨਿ ਸੁਨਿ ਕਾਨੇ ॥੨੧॥
ਸੇਵਕ ਸਿੱਖ ਆਨਿ ਪਗ ਪਰਸਹਿਂ।
ਪਾਇਂ ਕਾਮਨਾ ਦਰਸ਼ਨ ਦਰਸਹਿਂ।
ਕਾਤਕ ਕੀ ਪੂਰਣਮਾ* ਨੇਰੇ+।
ਮੇਲਾ ਭਯੋ ਸਕੇਲ ਘਨੇਰੇ ॥੨੨॥
ਤਬਹਿ ਮਸੰਦਨ ਸਤਿਗੁਰ ਪਾਸ।
ਹਾਥ ਜੋਰਿ ਕੀਨਸਿ ਅਰਦਾਸ।
'ਮਹਾਰਾਜ ਹਮ ਬਹੁ ਪੁਰਿ ਫਿਰੇ।
ਪਗੀਯਾ ਥੋਰੀ ਲਜਾਵਨਿ ਕਰੇ ॥੨੩॥
ਖਰਚ ਹਜ਼ਾਰ ਪਾਗ ਕੋ ਅਬੈ।
ਕਰੇ ਉਪਾਇ ਨ ਪ੍ਰਾਪਤਿ ਸਬੈ।
ਹੁਕਮ ਆਪ ਕੋ ਹੋਇ ਸੁ ਕਰੀਅਹਿ।
ਕਿਤ ਤੇ ਆਨਹਿਂ? ਨਹੀਂ ਨਿਹਰੀਅਹਿ' ॥੨੪॥
ਤਬਿ ਸਤਿਗੁਰ ਉਰ ਚਰਿਤ ਬਿਚਾਰਾ।
-ਬਲ ਤੇ ਛੀਨਹਿਂ ਕਰਹਿਂ ਪੁਕਾਰਾ।
ਭਾਗਹ ਜਾਇਂ, ਮੇਲਾ ਡਰਪਾਵੈ।
ਬਿਗਰੇ, ਜੰਗ ਕਰਨਿ ਬਨਿ ਆਵੈ[1] ॥੨੫॥
ਤਊ ਨ ਸਰਿ ਹੈ ਕਾਰਜ ਕੋਊ।
ਕਰਹਿਂ ਸੁ ਇਮ ਸੁਖ ਤੇ ਸਿਧ ਹੋਊ-।
ਨਿਜ ਸੁਭਟਨ ਸੋਂ ਹੁਕਮ ਬਖਾਨਾ।
'ਬਿਚਰਹੁ ਮੇਲੇ ਮਹਿਂ ਸਵਧਾਨਾ ॥੨੬॥
ਕਰਹਿਂ ਬਿਅਦਬੀ ਤੀਰਥ ਕੇਰੀ।
ਤਜਾਗਹਿ ਲਘੁ ਸ਼ੰਕਾ[2] ਲਿਹੁ ਹੇਰੀ।
ਨਿਕਟ ਤਾਲ ਕੇ ਜੋ ਨਰ ਹੋਇ।
ਕਰਹਿ ਪਖਾਰਨ++ ਕਰ ਬਿਚ ਕੋਇ[3] ॥੨੭॥

---

*ਇਹੋ ਦਿਨ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਸੀ ਜੋ ਏਥੇ ਮਨਾਇਆ ਗਿਆ।
+ਪਾ:-ਡੇਰੇ।
[1]ਡਰ ਖਾਕੇ ਮੇਲਾ ਭਜ ਜਾਏਗਾ, ਜੇ ਵਿਗੜ ਖੜੋਤੇ ਤਾਂ ਜੰਗ ਕਰਨਾ ਪਵੇਗਾ।
[2]ਪਿਸ਼ਾਬ।
++ਪਾ:-ਬਿਛਾਰਨਿ।
[3]ਭਾਵ (ਤਾਲ) ਵਿਚ (ਜੋ) ਕੋਈ ਹੱਥ ਪਾਣੀ ਕਰੇ ਤਾਂ.....।

ਤਿਨ ਕੀ ਪਗੀਯਾ ਲੇਹੁ ਉਤਾਰੀ[¶]।
ਨਹਿਂ ਮਾਰਹੁ ਦੀਜਹਿ ਬਹੁ ਗਾਰੀ[¶¶]।
ਬਿਚਰਹੁ ਚਹੁਂਦਿਸ਼ਿ ਤੀਰਥ ਕੇਰ।
ਕਰਹਿ ਬਿਅਦਬੀ ਫਲ ਦਿਹੁ ਹੇਰਿ[੧]' ॥੨੮॥
ਸੁਨਿ ਗੁਰ ਹੁਕਮ ਸੁਭਟ ਸਵਧਾਨੇ।
ਗਹੇ ਸਿਪਰ ਅਰੁ ਹਾਥ ਕ੍ਰਿਪਾਨੇ।
ਲਘੁ ਸ਼ੰਕਾ[੨] ਤਜਾਗਤਿ ਜੋ ਨੇਰੇ।
ਬਿਚਰਤਿ ਜਿਤ ਕਿਤ ਨਰ ਕੌ ਹੇਰੇਂ ॥੨੯॥
ਤਿਸ ਕੀ ਤੂਰਨ ਪਾਗ ਉਤਾਰੈਂ।
ਸਮੁਝਾਵਹਿਂ ਅਰੁ ਗਾਰਿ ਨਿਕਾਰੈਂ[*]।
'ਮੂਢਹੁ ! ਪਾਪ ਕਰਨਿ ਕੌ ਆਏ।
ਕੈ ਸ਼ਨਾਨ ਤੇ ਚਹਤਿ ਗਵਾਏ' ॥੩੦॥
ਸੁਨਿ ਤੂਸ਼ਨਿ ਹੁਇ ਕਰਤਿ ਨ ਬੈਨ।
ਭਾਜਹਿਂ ਇਤ ਉਤ ਕਰਿ ਤਰੁ ਨੈਨ[੩]।
-ਆਛੀ ਭਨਹਿਂ- ਸਕਲ ਮਨ ਜਾਨੈਂ[੪]।
ਪਾਗ ਛਿਨਾਇ ਕਛੂ ਨ ਬਖਾਨੈਂ ॥੩੧॥
ਇਮ ਲੇ ਲੇ ਜੋਧਾ ਬਲਵਾਨ।
ਕਰਹਿਂ ਸੰਭਾਰਨਿ ਕਰਿ ਇਕ ਥਾਨ।
ਤੀਨ ਦਿਵਸ ਲੌ ਬਿਚਰਤਿ ਐਸੇ।
ਪਗੀਆ ਕਰਹਿਂ ਉਤਾਰਨਿ ਤੈਸੇ ॥੩੨॥
ਸਭਿ ਨਰ ਜਹਿਂ ਕਹਿਂ ਮਿਲੈਂ ਅਲਾਵੈਂ।
'ਤੀਰਥ ਅਦਬ ਗੁਰੂ ਰਖਵਾਵੈਂ।

[¶]ਲੋਕੀ ਉਸੇ ਤਾਲ ਵਿਚੋਂ ਹੱਥ ਪਾਣੀ ਕਰਦੇ ਤੇ ਪੇਸ਼ਾਬ ਪਖਾਨਾ ਵੀ ਕਿਨਾਰੇ ਹੋਣ ਕਰਕੇ ਬੀਮਾਰੀ ਪਾ ਦਿਆ ਕਰਦੇ ਸਨ। ਗੁਰੂ ਜੀ ਦਾ ਸਫਾਈ ਰੱਖਣ ਲਈ ਹੁਕਮ ਸੀ ਕਿ ਤਾਲ ਤੋਂ ਦੂਰ ਦੂਰ ਮਲ ਮੂਤ੍ਰ ਤੇ ਸ਼ੌਚ ਕਰਨ, ਜੋ ਇਹ ਹੁਕਮ ਨਾ ਮੰਨੇ ਉਸ ਲਈ ਹਲਕੀ ਸਜ਼ਾ ਪੱਗ ਲਾਹ ਲੈਣ ਦੀ ਤਜਵੀਜ਼ ਕੀਤੀ। ਪਗਾਂ ਦੀ ਲੋੜ ਲਈ ਇਹ ਕੌਤਕ ਨਹੀਂ ਰਚਿਆ। ਇਹ ਹੁਕਮ ਯਾਤ੍ਰੂਆਂ ਦੇ ਆਪਣੇ ਭਲੇ ਲਈ ਸੀ, ਹਲਕੇ ਦੰਡ ਦਾ ਕਾਰਨ ਅੰਕ ੨੫ ਵਿਚ ਦੱਸਿਆ ਹੈ ਕਿ ਬਹੁਤਾ ਡਰ ਨਹੀਂ ਦੇਣਾ ਜੋ ਲੋਕੀ ਭੱਜ ਹੀ ਨਾਂ ਜਾਣ।

[¶¶]ਕਹਿੰਦੇ ਹਨ ਕਿ ਨਾ ਬਹੁਤੀਆਂ ਗਾਲਾਂ ਦਿਓ ਤੇ ਨਾ ਮਾਰੋ। ਭਾਵ ਇਹ ਹੋਇਆ ਕਿ ਹਲਕੀ ਜੇਹੀ ਝਾੜ ਪਾਓ ਤੇ ਪੱਗ ਲਾਹ ਲਓ।

[੧]ਦੇਖਕੇ, ਭਾਵ ਸੁਣੇ ਸੁਣਾਏ ਤੇ ਦੰਡ ਨਹੀਂ ਦੇਣਾ, ਅੱਖੀਂ ਦੇਖਕੇ ਦੇਣਾ।

[੨]ਪਿਸ਼ਾਬ।

[*]ਇਸ ਦਾ ਮਤਲਬ ਗਾਲੀ ਤੋਂ ਨਹੀਂ ਪਰ ਦਬਕੇ ਦੇਣ ਤੋਂ ਹੈ, ਗਾਲ ਦਾ ਨਮੂਨਾ ਅੱਗੇ ਨਾਲ ਹੀ ਹੈ।

[੩]ਅੱਖਾਂ ਨੀਵੀਆਂ ਕਰਕੇ।

[੪]ਸਾਰੇ ਸਮਝਦੇ ਹਨ ਕਿ ਇਹ ਠੀਕ ਗਲ ਕਹਿ ਰਹੇ ਹਨ।

ਨਰ ਮੂਰਖ ਮਹਿਮਾਂ ਨਹਿਂ ਜਾਨਹਿਂ।
ਅਘ ਨਹਿਂ ਹਰਹਿਂ ਉਲਟ ਗਨ ਠਾਨਹਿਂ[1] ॥੩੩॥
'ਧੰਨ ਧੰਨ' ਭਾਖਹਿਂ ਸਭਿ ਲੋਗ।
'ਸ਼੍ਰੀ ਗੋਬਿੰਦ ਸਿੰਘ ਠਾਨਹਿਂ ਜੋਗ।
[2]ਆਛੋ ਕਰਨ ਹੇਤੁ ਉਪਦੇਸ਼।
ਮਹਾਂ ਪੁਰਖ ਕੋ ਹੋਨਿ ਵਿਸੇਸ਼' ॥੩੪॥
ਇੱਤਯਾਦਿਕ ਕਹਿ ਮਿਲਿ ਸਮੁਦਾਏ।
ਪਾਗ ਛਿਨਾਇ ਸੁ ਪੁਨ ਪਛੁਤਾਏ।
ਤੀਨ ਦਿਵਸ ਲਗਿ ਮੇਲ ਸਕੇਲੇ।
ਕਰਿ ਪਗੀਅਨਿ ਕੋ ਕਾਜ ਸੁਹੇਲੇ ॥੩੫॥
ਜਗ ਮਹਿਂ ਸੁਜਸੁ ਲੀਨਿ ਬਹੁਤੇਰੋ।
ਦਰਸਹਿਂ ਪੂਜਹਿਂ ਭਾਵ ਘਨੇਰੋ।
ਪਗੀਆ ਗਿਨੀ ਸਾਤ ਸੈ ਭਈ।
ਧੋਵਨ ਹਿਤ ਧੁਬੀਆ ਕੌ ਦਈ ॥੩੬॥
ਕਰਿ ਕੈ ਤਯਾਰ ਗੁਰੂ ਢਿਗ ਆਨੀ।
ਮਲ ਬਿਨ ਰੁਚਰ ਸੁਪੈਦ ਮਹਾਨੀ।
ਆਗਲ ਪਾਛਲ[3] ਕਰਿ ਇਕਠਾਈ।
ਗਨ ਮਸੰਦ ਸਿਖ ਲਏ ਬੁਲਾਈ ॥੩੭॥
ਸਭਿ ਕੇ ਸੀਸ ਦਈ ਬੰਧਵਾਇ।
ਇਸ ਪ੍ਰਕਾਰ ਦੇ ਕਰਿ ਸਿਰੁਪਾਇ।
ਸੰਗਤਿ ਬ੍ਰਿੰਦ ਮਸੰਦ ਜਿ ਆਏ।
ਕਰੇ ਬਿਦਾ ਸਭਿ ਸਦਨ ਸਿਧਾਏ ॥੩੮॥
ਕੇਤਿਕ ਦਿਨ ਰਾਖਯੋ ਤਹਿਂ ਡੇਰਾ।
ਕਈ ਬਾਰ ਚਢਿ ਗਏ ਅਖੇਰਾ।
ਅਨਿਕ ਬਿਧਿਨਿ ਕੇ ਕਰੇ ਬਿਲਾਸਾ।
ਜੁਗ ਤੀਰਥ[4] ਪਰ ਕੀਨਿਸਿ ਬਾਸਾ ॥੩੯॥
ਸੁਨਿ ਸੁਨਿ ਜਸੁ ਸੇਵਕ ਸਮੁਦਾਏ।
ਧਰਿ ਧਰਿ ਭਾਵ ਦਰਸ ਕੋ ਆਏ।

---

[1]ਪਾਪਾਂ ਨੂੰ (ਤੀਰਥ ਤੇ ਆਕੇ) ਦੂਰ ਨਹੀਂ ਕਰਦੇ ਸਗੋਂ ਬਹੁਤੇ (ਪਾਪ) ਕਮਾਉਂਦੇ ਹਨ।
[2]ਮੁਨਾਸਬ ਬਾਤ ਕਰ ਰਹੇ ਹਨ।
[3]ਪਹਿਲੀਆਂ ਤੇ ਮਗਰਲੀਆਂ।
[4]ਕਪਾਲ ਮੋਚਨ ਦੇ ਪਾਸ ਰਿਣ ਮੋਚਨ ਨਾਮੇ ਇਹ ਦੂਸਰਾ ਤਲਾਉ ਬੀ ਤੀਰਥ ਮੰਨਿਆ ਹੋਇਆ ਹੈ।

ਜਥਾ ਸ਼ਕਤਿ ਕੀ ਧਰਹਿਂ ਅਕੋਰ।
ਕਦਮ ਪਦਮ ਬੰਦਹਿਂ ਕਰ ਜੋਰਿ ॥੪੦॥
ਧਰਹਿਂ ਕਾਮਨਾ ਪਾਇ ਸਿਧਾਰਹਿਂ।
ਅਨਿਕ ਪ੍ਰਕਾਰ ਸੁਜਸੁ ਬਿਸਥਾਰਹਿਂ।
ਪੁਨ ਸਤਿਗੁਰ ਕਰਿ ਕੈ ਇਸ਼ਨਾਨਾ।
ਚਹਿਤਿ ਪਾਂਵਟੇ ਕਿਯਸਿ ਪਯਾਨਾ ॥੪੧॥
ਗਰਜਤਿ ਬਹੁ ਰਣਜੀਤ ਨਗਾਰਾ।
ਚਢੀ ਬਾਹਿਨੀ ਹੁਇ ਹੁਇ ਤਯਾਰਾ।
ਪੰਥ ਪਾਂਵਟੇ ਚਲਿ ਕਰਿ ਗਏ।
ਇਕ ਨਿਸ ਮਗ ਬਸਿ ਪਹੁੰਚਤਿ ਭਏ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਕਪਾਲ ਮੋਚਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਅੰਸੂ ॥੪॥

੫. [ਰਾਜ ਕੌਰ ਦਾ ਹਾਲ]

੪<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੬

ਦੋਹਰਾ: ਬਸੇ ਪਾਂਵਟੇ ਪੁਰਿ ਬਿਖੈ, ਹਯ ਸੈਨਾ ਸਮੁਦਾਇ।
ਮੰਗਲ ਅਨਿਕ ਪ੍ਰਕਾਰ ਕੇ, ਦਿਨ ਪ੍ਰਤਿ ਗਨ ਸੁਖਦਾਇ ॥੧॥
ਚੌਪਈ: ਜਿਤ ਕਿਤ ਤੇ ਗਨ ਸੰਗਤਿ ਆਵੈ।
ਬਸਤ੍ਰ ਸ਼ਸਤ੍ਰ ਬਹੁ ਬਿਧਿ ਅਰਪਾਵੈ।
ਬਹੁ ਮੋਲੇ ਹਯ ਤੁਰਕੀ ਤਾਜ਼ੀ।
ਚਪਲ ਬਲੀ ਆਨਹਿਂ ਬਰ ਬਾਜੀ[1] ॥੨॥
ਬਿਦਤ ਬਾਤ ਸਭਿ ਜਗਤ ਮਝਾਰ।
'ਸਤਿਗੁਰ ਚਾਹਤਿ ਹਯ ਹੱਥਜਾਰ।'
ਸੁਨਿ ਸੁਨਿ ਸਿਖ ਬਹੁ ਜਤਨ ਉਪਾਵੈਂ।
ਜਿਤ ਕਿਤ ਦਰਬ ਦੇਤਿ ਹਯ ਲ੍ਯਾਵੈਂ ॥੩॥
ਬ੍ਰਿੰਦ ਬਲਾਇਤ ਤੇ ਹੱਥਜਾਰ।
ਖਰਚਹਿਂ ਧਨ ਕੋ ਰੁਚਿਰ ਨਿਹਾਰਿ।
ਜਬਿ ਅਰਪਹਿਂ ਸਤਿਗੁਰ ਕੇ ਤੀਰ।
ਖੁਸ਼ੀ ਦੇਤਿ ਸਿੱਖਨ ਗੰਭੀਰ ॥੪॥
ਸੈਫ਼, ਤੁਫੰਗ, ਤਿਖੀ ਤਰਵਾਰੈਂ।
ਬਿਛੂਏ ਬਾਂਕ ਦੁਧਾਰਨਿ ਧਾਰੈਂ[2]।
ਕੌਨ ਕੌਨ ਕੇ ਗਿਨੀਅਹਿ ਨਾਮੂ।
ਆਨਹਿਂ ਸ਼ਸਤ੍ਰ ਮਹਿਦ ਅਭਿਰਾਮੂ ॥੫॥
ਜਬਿ ਅਰਪਹਿਂ ਗੁਰ ਕਰ ਮਹਿਂ ਧਾਰੈਂ।
ਲੋਹਾ ਪਰਖਹਿਂ ਭਲੇ ਨਿਹਾਰੈਂ।
ਕਰਹਿਂ ਸਰਾਹਨਿ ਅਨਿਕ ਪ੍ਰਕਾਰਾ।
ਦੇਂ ਸਿਖ ਕੌ ਪੁਨ ਖੁਸ਼ੀ ਅਪਾਰਾ ॥੬॥
ਤਿਮ ਹੀ ਤਰਲ[3] ਤੁਰੰਗਮ ਹੇਰੈਂ।
ਜੋ ਆਨਹਿਂ ਦੇਂ ਖੁਸ਼ੀ ਬਡੇਰੈਂ।
ਯਾਂ ਤੇ ਚਿਤ ਮਹਿਂ ਚੌਪ ਚਹੰਤੇ।
ਜਿਤ ਕਿਤ ਤੇ ਆਨਹਿਂ ਧਨਵੰਤੇ ॥੭॥
ਨਿਤਪ੍ਰਤਿ ਰਹਤਿ ਭੀਰ ਦਰਬਾਰ।

---

[1]ਸ੍ਰੇਸ਼ਟ ਘੋੜੇ।
[2]ਟੇਢੇ ਤੇ ਦੋ ਧਾਰਾਂ ਵਾਲੇ ਬਿਛੂਏ [ਬਿਛੂਆ ਇਕ ਪ੍ਰਕਾਰ ਦੀ ਕਟਾਰ ਹੈ ਜੋ ਬਿੱਛੂ ਦੇ ਡੰਗ ਵਾਂਙੂ ਟੇਢਦਾਰ ਹੁੰਦੀ ਹੈ। ਬਾਂਕ = ਟੇਢਾ]। (ਅ) ਬਾਂਕ = ਇਕ ਖਮਦਾਰ ਸ਼ਸਤ੍ਰ ਬੀ ਹੈ।
[3]ਚੰਚਲ।

ਕਾਂਖੀ ਦਰਸ਼ਨ ਕਈ ਹਜ਼ਾਰ।
ਬਰ ਕੋ ਪਾਇ ਕਾਮਨਾ ਪੂਰਹਿਂ।
ਨਹਿਂ ਤ੍ਰਿਪਤਹਿਂ ਪਿਖਿ ਸ਼੍ਰੀ ਮੁਖ ਰੂਰਹਿਂ ॥੮॥
ਅਬਿ ਸ਼੍ਰੀ ਰਾਮਰਾਇ ਕੁਛ ਕਥਾ।
ਸੁਨੀਯਹਿ ਸ਼੍ਰੋਤਾ ਬੀਤੀ ਜਥਾ।
ਕਰਜੋ ਅਰਾਧਨ ਕਿਹ ਸਿਖ ਭੀਰ[1]।
ਅਧਿਕ ਦੂਰ ਕਿਤ ਸਿਮਰਜੋ ਧੀਰ ॥੯॥
ਚਿਤ ਮਹਿਂ ਚਾਹਤਿ -ਕਰਨ ਸਹਾਈ-।
ਦਾਸ ਜਾਨਿ ਮਨ ਰਹਜੋ ਨ ਜਾਈ[2]।
ਮਹਿਲਾ ਹੁਤੀ ਚਾਰ ਤਿਸ ਕੇਰੀ।
ਰਾਜਕੁਵਰ ਸਭਿ ਬਿਖੈ ਬਡੇਰੀ ॥੧੦॥
ਸੋ ਲਰਿ ਪਰੀ ਕੰਤ ਕੇ ਸੰਗ।
ਸੁਨਿ ਸ਼੍ਰੋਤਾ ਕੁਛ ਤਾਂਹਿ ਪ੍ਰਸੰਗ।
ਰਿਸ ਉਰ ਧਾਰਿ ਬਿਚਾਰਤਿ ਸੋਈ।
'ਮੇਰੋ ਰਹਨਿ ਨਹੀਂ ਅਬਿ ਹੋਈ ॥੧੧॥
ਬਨੌਂ ਇਕਾਂਕੀ ਹਰਿ ਗੁਨ ਗਾਵੌਂ।
ਪ੍ਰਥਕ[3] ਤੁਮਹਿ ਤੇ ਬੈਸ ਬਿਤਾਵੌਂ।'
ਸੁਨਿ ਕਰਿ ਰਾਮਰਾਇ ਤਬਿ ਕਹਜੋ।
'ਇਤ ਤੇ ਪਜਾਨ ਕਰਨਿ ਕੋ ਚਹਜੋ? ॥੧੨॥
ਜਹਿਂ ਸਿਖ ਸੰਗਤਿ ਹੋਇ ਹਮਾਰੇ।
ਤਹਿਂ ਹੀ ਬੈਠੇ ਕਰਹਿਂ ਗੁਜ਼ਾਰੇ।
ਅਪਰ ਕੌਨ ਸੇ ਥਲ ਚਲਿ ਜਾਵੈਂ।
ਮਮ ਸਿੱਖਨ ਤੇ ਆਪ ਪੁਜਾਵੈਂ ॥੧੩॥
[4]ਔਰ ਕਹਾਂ ਸ਼ਕਤੀ ਕੋ ਧਾਰਹਿਂ।
ਅਪਨੇ ਸਿੱਖ ਬਨਾਇ ਉਧਾਰਹਿਂ।'
ਸੁਨਿ ਪਤਿ ਤੇ ਰਿਸ ਅਤਿ ਉਪਜਾਈ।
ਮੁਖ ਤੇ ਮਹਿਦ ਕਠੋਰ ਅਲਾਈ ॥੧੪॥
'ਗ੍ਰਾਮ ਨਗਰ ਜਹਿਂ ਤੁਵ ਸਿਖ ਹੋਇ।

---

[1]ਭੀੜ ਪਈ ਤੇ।
[2]ਰਾਮਰਾਇ ਜੀ ਕੋਲੋਂ।
[3]ਵੱਖਰੀ ਹੋਕੇ।
[4]ਹੋਰ ਤੂੰ ਕੇਹੜੀ ਤਾਕਤ ਰਖਦੀ ਹੈਂ ਜੋ ਆਪਣੇ ਸਿਖ ਬਣਾਕੇ ਉਧਾਰ ਕਰੇਂਗੀ?

ਤਹਿਂ ਬਾਸਾ ਮੈਂ ਕਰੌਂ ਨ ਕੋਇ।
ਜਿਸ ਥਲ ਨਹੀਂ ਨਾਮ ਸਿਖ ਦਾਸ।
ਤਹਿਂ ਅਵਾਸ ਕਰਿ ਲੈਹੌਂ ਬਾਸ' ॥੧੫॥
ਇਮ ਪ੍ਰਨ ਕਰਿ ਕਸਵਾਯੋ ਡੇਰਾ।
ਲੇ ਕਛੁ ਦਾਸ ਚਲੀ ਗਿਰ ਓਰਾ।
ਤੀਰ ਤੀਰ ਸੈਲਨਿ ਕੇ ਜਾਤਿ।
ਉਤਰਹਿ ਕਹੂੰ ਬਸਨ ਹਿਤ ਰਾਤਿ ॥੧੬॥
ਬਸਹਿਂ ਸਿੱਖ ਤਹਿਂ ਸੁਨਿ ਕਰਿ ਆਵੈਂ।
ਜਥਾ ਸ਼ਕਤਿ ਕੁਛ ਭੇਟ ਚੜਾਵੈਂ।
ਤਹਿਂ ਤੇ ਪਿਖਿ ਉਠਿਵਾਵਹਿ ਡੇਰਾ।
ਨਹੀਂ ਲੇਤਿ ਕਿਸ ਪਾਸ ਅਕੋਰਾ ॥੧੭॥
ਕਿਤ ਕਿਤ ਨਿਸਾ ਬਸਹਿ ਤਮ ਹੋਏ।
ਖੋਜਤਿ ਥਲ ਜਹਿਂ ਸਿੱਖ ਨ ਕੋਏ।
ਬਹੁਤੇ ਗ੍ਰਾਮ ਨਗਰ ਫਿਰਿ ਹੇਰੇ।
ਇਮ ਚਲਿ ਆਈ ਦੂਰ ਬਡੇਰੇ ॥੧੮॥
ਮਿਲਿ ਸਿਖ ਜੂਥ[1] ਤੁਰਤ ਉਠਿ ਚਾਲਹਿ।
ਤਿਮਰ ਪ੍ਰਬਿਰਤੇ ਡੇਰਾ ਘਾਲਹਿ।
ਗਮਨਤਿ ਗਮਨਤਿ ਆਈ ਤਹਿਂਵਾ।
ਮਨਸਾ ਦੇਵੀ ਮੰਦਿਰ ਜਹਿਂਵਾ ॥੧੯॥
ਮਨੂਮਾਜਰਾ[2] ਪੁਰਿ ਤਿਹ ਪਾਸ।
ਉਤਰੀ ਤਹਾਂ ਜਾਇ ਤਿਹ ਬਾਸ।
'ਕੌਨ ਅਹੈ ਇਹ' ਬੂਝਯੋ ਆਨਿ।
ਮਾਨਵ ਮਿਲੇ ਕਿਤਿਕ ਤਿਸ ਥਾਨ ॥੨੦॥
ਕਹਯੋ ਕਹਾਰਨਿ ਬਚ ਤਿਸ ਬੇਰੀ।
'ਪਤਨੀ ਰਾਮਰਾਇ ਗੁਰ ਕੇਰੀ।
ਬਸਿਓ ਚਾਹਿਤਿ ਤੁਮਰੇ ਪੁਰਿ ਮਹਿਂ।
ਕਰਨਿ ਸਦਨ ਕੀ ਬਾਂਛਾ ਉਰ ਮਹਿਂ' ॥੨੧॥
ਸੁਨਿ ਕਰਿ ਨਰਨਿ ਅਨਾਦਰ ਕਰਯੋ।
'ਕੌਨ ਗੁਰੂ ਹਮ ਭਾਉ ਨ ਧਰਯੋ।
ਲੇ ਕਰਿ ਜਾਹੁ ਉਠਾਵਹੁ ਡੇਰਾ।

---

[1](ਜਿੱਥੇ) ਸਿੱਖਾਂ ਦੀ ਭੀੜ ਮਿਲੇ (ਉਥੋਂ)।
[2]ਮਨੀਮਾਜਰਾ ਜੋ ਅੰਬਾਲੇ ਦੇ ਜ਼ਿਲੇ ਵਿੱਚ ਹੈ। ਇਹ ਥਾਂ ਕੈਥਲ ਵਾਂਗੂ ਕਦੇ ਸਿਖ ਰਿਆਸਤ ਸੀ।

ਹਮ ਨਹਿਂ ਮਾਨਹਿਂ, ਹ੍ਵੈ ਕਿਸ ਓਰਾ[1] ॥੨੨॥
ਸੁਨਿ ਕੈ ਰਾਜ ਕੁਵਰ ਹਰਖਾਨੀ।
ਬਸਿਬੇ ਹੇਤੁ ਥਾਉਂ ਸੋ ਜਾਨੀ।
-ਇਸ ਪੁਰਿ ਮੋਂ ਨਹਿਂ ਗੁਰ ਕੋ[2] ਸਿੱਖ।
ਬੈਸ ਬਿਤਾਊਂ ਬੈਸਿ ਭਵਿੱਖ[3]- ॥੨੩॥
ਜਥੋਂ ਕਥੋਂ ਕਰਿ ਸੋ ਨਰ ਸਮੁਝਾਏ।
ਕਹਿ ਕਰਿ ਡੇਰਾ ਲੀਨਿ ਜਮਾਏ।
ਸਨੇ ਸਨੇ ਤਹਿਂ ਸਦਨ ਬਨਾਇ।
ਕੀਨਸਿ ਬਾਸ ਰਿਦੈ ਹਰਖਾਇ ॥੨੪॥
ਬਸਤਜੋ ਕੇਤਿਕ ਮਾਸ ਬਿਤਾਏ।
ਗ੍ਰੀਖਮ ਤੇ ਬਰਖਾ ਰਿਤੁ ਆਏ।
ਬਰਖਹਿ ਮੇਘ ਘਟਾ ਹੁਇ ਭਾਰੀ।
ਪਰਹਿ ਬਿਸਾਲ ਧਰਾ ਪਰ ਬਾਰੀ[4] ॥੨੫॥
ਅਰਧ ਰਾਤ੍ਰਿ ਬਹੁ ਬਰਖਤਿ ਨੀਰ।
ਗਯੋ ਛਾਤ ਕੋ ਟੂਟ ਛਤੀਰ।
ਜਲ ਘਰ ਬਿਖੈ ਪਰਨਿ ਬਹੁ ਲਾਗੇ।
ਠਾਨਹਿਂ ਜਤਨ ਦਾਸ ਤਿਸ ਜਾਗੇ ॥੨੬॥
ਰਾਜ ਕੌਰ ਲਖਿ ਬਿਘਨ ਬਡੇਰਾ।
ਹੁਤੋ ਚੌਧਰੀ ਬਡ ਪੁਰਿ ਕੇਰਾ।
ਕਹਿ ਕਰਿ ਤਹਾਂ ਪਠਾਇਸਿ ਦਾਸ।
'ਜਾਹਿ ਤੁਰਤ ਭਨੀਅਹਿ ਤਿਸ ਪਾਸ ॥੨੭॥
ਇਕ ਸ਼ਤੀਰ ਉਚਵਾਇ ਸੁ ਲਜਾਊ।
ਨਰ ਗਨ ਸੰਗ ਤੁਰਤ ਅਬਿ ਆਊ।
ਸਦਨ ਗਿਰ ਗਯੋ ਚਲੌ ਉਧਾਰਹੁ[5]।
ਪੁਰਹੁ ਕਾਮਨਾ ਜਿਮ ਉਰ ਧਾਰਹੁ' ॥੨੮॥
ਸੁਨਤਿ ਦਾਸ ਗਮਨਜੋ ਤਤਕਾਲਾ।
ਜਾਇ ਜਗਾਯੋ ਸਦਨ ਉਤਾਲਾ।

---

[1]ਹੋਊ ਕਿਸੇ ਪਾਸੇ (ਰਾਮਰਾਇ ਗੁਰੂ)।
(ਅ) ਕਿਸ ਪਾਸੇ ਹੈ?
[2]ਭਾਵ ਰਾਮਰਾਇ ਦਾ।
[3]ਬੈਠਕੇ ਇਥੇ ਬਿਤਾਵਾਂਗੀ ਅਗਲੀ ਆਯੂ।
[4]ਜਲ।
[5]ਬਚਾਓ।

'ਘਰ ਮਾਤਾ ਕੋ[੧] ਤੁਟੵੋ ਸ਼ਤੀਰ।
ਤੋਹਿ ਹਕਾਰੵੋ ਚਲੀਅਹਿ ਤੀਰ' ॥੨੯॥
ਅਪਰ ਬਾਰਤਾ ਸਕਲ ਸੁਨਾਈ।
ਹੁਤੋ ਧਨੀ ਕੁਛ ਮਨ ਨਹਿਂ ਭਾਈ।
[੨]'ਬਰਖਾ ਅਧਿਕ ਤਿਮਰ ਘਨ ਛਾਯੋ।
ਜਤਨ ਨ ਬਨੈ ਅਬੈ ਕਿਤ ਜਾਯੋ[੩]' ॥੩੦॥
ਜਾਇ ਦਾਸ ਤਤਕਾਲ ਬਖਾਨੀ।
ਰਾਜਕੁਅਰ ਪੁਨ ਸੁਨਿ ਕਹਿ ਬਾਨੀ।
'ਅਲਪ[੪] ਚੌਧਰੀ ਦੂਸਰ ਜੋਈ।
ਪਹੁੰਚਹੁ ਤੁਰਤ ਹਕਾਰਹੁ ਸੋਈ ॥੩੧॥
ਘਰ ਕੇ ਨਰ[੫] ਅਰੁ ਲਜਾਇ ਸ਼ਤੀਰ[੧੦]।
ਤੂਰਨ ਆਇ, ਜਾਹੁ ਤਿਸ ਤੀਰ[੬]।'
ਧਾਇ ਦਾਸ ਤਿਸ ਕੇ ਘਰ ਗਯੋ।
ਕਾਰਜ ਸਕਲ ਸੁਨਾਵਤਿ ਭਯੋ ॥੩੨॥
'ਚਲਹੁ ਜਤਨ ਕਰ ਛਾਤ ਸੁਧਾਰਹੁ।
ਪੂਰਵਹੁ ਅਭਿਲਾਖਾ ਜਿਮ ਧਾਰਹੁ।'
ਸੁਨਤਿ ਜਾਟ ਚਿਤ ਬਿਖੈ ਬਿਚਾਰੈ।
-ਮਮ ਕੁਲ ਰਾਜ ਕਰਹਿ ਦੁਖ ਟਾਰੈ- ॥੩੩॥
ਲੇ ਸ਼ਤੀਰ ਘਰ ਕੇ ਨਰ ਜਾਲਾ।
ਬਰਖਾ ਤਿਮਰ ਬਿਖੈ ਤਹਿਂ ਚਾਲਾ।
ਜਾਇ ਤੁਰਤ ਕਰ ਬੰਦਿ ਸੁਨਾਯੋ।
'ਫੁਰਮਾਵਹੁ ਮੈਂ ਲੇ ਕਰਿ ਆਯੋ' ॥੩੪॥
ਰਾਜਕੁਵਰ ਤਿਹ ਸਾਥ ਉਚਾਰਾ।
'ਛਾਤ ਬਨਾਵਹੁ ਤਿਸੀ ਪ੍ਰਕਾਰਾ।'
ਓਢਿ ਕਾਮਰੀ[੭] ਲਗੇ ਬਨਾਵਨਿ।
ਪੂਰਬ ਦੀਪਕ ਕਰੇ ਜਲਾਵਨਿ ॥੩੫॥

---

[੧]ਮਾਤਾ (ਰਾਜਕੌਰ) ਦੇ ਘਰ ਦਾ।
[੨](ਚੌਧਰੀ ਨੇ ਕਿਹਾ:-)।
[੩]ਐਸ ਵੇਲੇ ਕਿੱਥੇ (ਕੋਈ) ਜਾਵੇ।
[੪]ਛੋਟਾ।
[੫](ਚੌਧਰੀ) ਆਪਣੇ ਘਰ ਦੇ ਪੁਰਸ਼ ਤੇ ਸ਼ਤੀਰ ਲਿਆਵੇ।
[੬]ਤਿਸ ਦੇ ਪਾਸ ਜਾਓ।
[੭]ਕੰਬਲ ਉਪਰ ਲੈਕੇ।

ਕਰੇ ਉਪਾਵ ਸ਼ਤੀਰ ਟਿਕਾਵਾ।
ਊਪਰ ਗਨ ਕਾਸ਼ਟ ਤੇ ਛਾਵਾ।
ਮ੍ਰਿਤਕਾ ਖਨਿ ਖਨਿ ਤਿਸ ਪਰ ਪਾਈ।
ਹੋਤਿ ਪ੍ਰਾਤ ਲੌ ਭਲੀ ਬਨਾਈ ॥੩੬॥
ਰਾਜਕੁਵਰ ਪਿਖਿ ਹਰਖ ਉਪੰਨਾ।
ਕਹਜੋ 'ਲੇਹੁ ਬਰ' ਹੋਇ ਪ੍ਰਸੰਨਾ।
'ਜੋ ਇਸ ਸਮੈਂ ਜਾਚਨਾ ਕਹੈਂ।
ਨਿਹਸੰਸੈ ਮੁਝ ਤੇ ਸੋ ਲਹੈਂ[1]' ॥੩੭॥
ਸੁਨਤਿ ਜਾਟ ਕਰ ਜੋਰਿ ਬਖਾਨਾ।
'ਰੱਯਤ ਹੋਨਿ ਮਹਾਂ ਦੁਖ ਜਾਨਾ।
ਜੇ ਤੁਮਰੋ ਮਨ ਕਰੁਨਾ ਢਰਜੋ।
ਦੀਜਹਿ ਰਾਜ ਮਹਿਦ ਸੁਖ ਭਰਜੋ ॥੩੮॥
ਮਮ ਕੁਲ ਮਹਿਂ ਨਹਿਂ ਦਾਰਿਦ ਰਹੈ।
ਅਬਿ ਤੇ ਐਸ਼੍ਵਰਜ ਘਰ ਮਹਿਂ ਲਹੈਂ।'
ਸੁਨੀ ਕਾਮਨਾ ਜਾਚਨ ਕੀਨਿ।
ਰਾਜਕੁਅਰ ਸੋਈ ਬਰ ਦੀਨ ॥੩੯॥
'ਅਬਿ ਤੇ ਹੋਇ ਬੰਸ ਮਹਿਂ ਰਾਜਾ।
ਸਨੇ ਸਨੇ ਸਭਿ ਵਧੈ ਸਮਾਜਾ।
ਮੋਰ ਹਕਾਰਜੋ ਆਇ ਨ ਜੋਈ[2]।
ਰੱਯਤ ਬਨਹਿ ਤੋਹਿ ਕੁਲ ਸੋਈ[3]' ॥੪੦॥
ਇਮ ਬਰ ਦੇ ਕਰਿ ਕਰਜੋ ਨਿਹਾਲਾ।
ਵਧਨਿ ਲਗਜੋ ਐਸ਼੍ਵਰਜ ਬਿਸਾਲਾ।
ਮਨੂਮਾਜਰੇ ਮੈਂ ਸੋ ਰਾਜੇ।
ਅਬਿ ਲੌ ਲਖੀਅਤਿ ਅਧਿਕ ਸਮਾਜੇ* ॥੪੧॥
ਰਾਜਕੁਵਰ ਬਸਿ ਬੈਸ ਬਿਤਾਈ।
ਤਹਿਂ ਤਨ ਤਜਿ ਸੁਰ ਲੋਕ ਸਿਧਾਈ।
ਪੂਜਹਿਂ ਤਹਾਂ ਦੇਹੁਰਾ ਸੋਈ।
ਅਬਿ ਲੌ ਅਹੈ ਪਿਖਹਿਂ ਸਭਿ ਕੋਈ ॥੪੨॥

---

[1] ਦੇਖਾਂ।
[2] ਭਾਵ ਵੱਡਾ ਚੌਧਰੀ।
[3] ਰੱਯਤ ਬਣੇਗਾ ਤੇਰੀ ਕੁਲ ਦੀ ਉਹ ਭਾਵ ਵੱਡਾ ਚੌਧਰੀ।
* ਕਵੀ ਜੀ ਦੇ ਸਮੇਂ ਇਸ ਦੀ ਵੰਸ਼ ਦੇ ਸਿਖ ਰਾਜੇ ਰਾਜ ਕਰਦੇ ਸੀ। ਹੁਣ ਰਿਆਸਤ ਜ਼ਬਤ ਹੋ ਚੁਕੀ ਹੈ।

ਇਮ ਸ਼੍ਰੀ ਰਾਮਰਾਇ ਕੀ ਘਰਨੀ।
ਹੁਤੀ ਬਡੀ ਤਿਸ ਕੀ ਕਥ[1] ਬਰਨੀ।
ਅਪਰ ਤੀਨ ਮਹਿਲਾ ਤਿਸ ਕੇਰੀ।
ਬਸਤਿ ਨਿਕਟ ਕਰਿ ਪ੍ਰੀਤਿ ਬਡੇਰੀ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮ ਰਾਇ' ਪ੍ਰਸੰਗ ਬਰਨਨੰ ਨਾਮ ਪੰਚਮੋ ਅੰਸੂ ॥੫॥

---

[1]ਕਥਾ।

੬. [ਰਾਮ ਰਾਇ ਜੀ ਦਾ ਅੰਤ]

੫<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੭

ਦੋਹਰਾ: ਤੀਨੋ ਮਹਿਂ ਮੁਖਿ ਏਕ ਤ੍ਰਿਯ,
ਨਾਮ ਕੁਵਰ ਪੰਜਾਬ[੧]।
ਚਹਿਂ ਸਹਾਇਤਾ ਸਿੱਖ ਕੀ,
ਨਿਕਟ ਬੁਲਾਇ ਸ਼ਿਤਾਬ[੨] ॥੧॥

ਚੌਪਈ: ਪਾਸ ਬਿਠਾਇ ਅਧਿਕ ਸਤਿਕਾਰੀ।
ਰਾਮਰਾਇ ਤਿਹ ਸਾਥ ਉਚਾਰੀ।
'ਅੰਤਰ ਕੋਸ਼ਠ[੩] ਕੇ ਤਨ ਮੇਰੋ।
ਥਿਰਯੋ ਰਹੈ, ਕੋ ਇਸਹਿ ਨ ਹੇਰੋ[੪] ॥੨॥
ਮੋ ਕਹੁ ਕਾਰਜ ਹੈ ਅਤਿ ਭਾਰੀ।
ਬਹੁਰ ਆਇ ਕਰਿ ਲੇਹੁਂ ਸੰਭਾਰੀ।
ਕਿਸਹੂੰ ਨਿਕਟ ਨ ਆਵਨਿ ਦੀਜੈ।
ਸਭਿਹਿਨਿ ਤੇ ਰੱਖ੍ਯਾ ਤਨ ਕੀਜੈ' ॥੩॥
ਇਮ ਪੰਜਾਬ ਕੁਇਰ ਸਮੁਝਾਈ।
ਕੋਸ਼ਠ ਮਹਿਂ ਪ੍ਰਵਿਸ਼ਯੋ ਸਹਿਸਾਈ।
ਕਰੇ ਕਿਵਾਰ ਅਸੰਜਤਿ[੫] ਠਾਵੇ।
ਅੰਤਰ ਸਾਂਕਰ ਦੇ ਕਰਿ ਗਾਵੇ[੬] ॥੪॥
ਆਸਤਰਨ[੭] ਪਰ ਤਤਛਿਨ ਪਰਯੋ।
ਨਿਜ ਸ਼ਕਤੀ ਬਲ ਕੌ ਬਹੁ ਕਰਯੋ।
ਤਨ ਕੌ ਤ੍ਯਾਗਿ ਗਯੋ ਜਹਿ ਜਾਨਾ।
ਨਿਜ ਸਿਖ ਕੋ ਲਖਿ ਕਾਜ ਮਹਾਨਾ ॥੫॥
ਜਬਿ ਇਕ ਜਾਮ ਬਿਤੀਤਨਿ ਕਰਯੋ।
ਬੀਚ ਮਸੰਦਨ ਰੌਰਾ ਪਰਯੋ।
'ਨਹਿਂ ਨਿਕਸੇ ਗੁਰ ਵਹਿਰ ਹਮਾਰੇ।
ਜਥਾ ਦੇਤਿ ਨਿਤ ਦਰਸ ਉਦਾਰੇ ॥੬॥

---

[੧]ਪੰਜਾਬ ਕੌਰ।
[੨](ਸ਼੍ਰੀ ਰਾਮਰਾਇ ਜੀ) ਸਿੱਖ ਦੀ ਸਹਾਇਤਾ ਕਰਨੀ ਚਾਹੁੰਦੇ ਹਨ ਇਸ ਕਰਕੇ ਪਾਸ ਬੁਲਾਇਆ ਛੇਤੀ (ਪੰਜਾਬ ਕੁਇਰ) ਨੂੰ।
[੩]ਕੋਠੇ।
[੪]ਕੋਈ ਦੇਖੇ ਨਾ ਇਸ ਨੂੰ।
[੫]ਬੰਦ।
[੬]ਸੰਗਲੀ ਮਾਰਕੇ ਚੰਗੀ ਤਰ੍ਹਾਂ।
[੭]ਵਿਛੌਣ ਉਪਰ।

ਕਹਾਂ ਭਯੋ ਕੁਛ ਜਾਇ ਨ ਜਾਨਾ।'
ਮਿਲਹਿਂ ਪਰਸਪਰ ਕਰਹਿਂ ਬਖਾਨਾ।
ਚਿਤਵਤਿ ਘਟਿਕਾ ਚਤੁਰ ਬਿਤਾਈ।
ਇਕ ਥਲ ਭੇ ਮਸੰਦ ਸਮੁਦਾਈ ॥੭॥
ਤਿਨ ਮਹਿਂ ਮੁੱਖਿ ਸੁ ਨਿਕਟਿ ਬੁਲਾਏ।
ਕਹਿ ਪੰਜਾਬ ਕੁਵਰ ਸਮੁਝਾਏ।
'ਇਮ ਕਰਿ ਹੁਕਮ ਗਏ ਜਿਤ ਜਾਨੋ।
ਨਹਿਂਨ ਬਿਲੋਕਹੁ ਚਿੰਤ ਨ ਠਾਨੋ ॥੮॥
ਤੂਸ਼ਨ ਰਹਹੁ ਲਖਹੁ ਉਰ ਐਸੇ।
ਕਾਰ ਕਰਹੁ ਨਿਜ ਪੂਰਬ ਜੈਸੇ।'
ਸੁਨਜੋਂ ਸੁ ਮਾਨਜੋਂ ਸਭਿ ਜਿਮ ਕਹਜੋ।
ਤਊ ਸਚਿੰਤ ਨਿਤਹਿ ਮਨ ਰਹਜੋ[1]* ॥੯॥
ਬਚ ਪੰਜਾਬ ਕੁਵਰ ਜੋ ਭਾਖਾ।
ਦ੍ਰਿੜ੍ਹ ਨਿਸ਼ਚਾ ਨਹਿਂ ਤਿਸ ਪਰ ਰਾਖਾ।
ਦਿਵਸ ਬਿਤਜੋ ਸੋ ਨਿਸਾ ਬਿਤਾਈ।
ਮਿਲੇ ਮਸੰਦ ਪ੍ਰਾਤਿ ਸਮੁਦਾਈ ॥੧੦॥
ਕਹੈਂ ਸੁ 'ਹਮ ਗੁਰ ਤਨ ਤਜਿ ਗਯੋ।
ਸੋ ਅਬਿ ਲੌਂ ਨਿਕਸਤਿ ਨਹਿਂ ਭਯੋ।
ਜੋ ਸਹਾਇਤਾ ਕੌ ਕਿਤ ਜਾਤੇ।
ਤੌ ਉਠਿ ਦਰਸ਼ਨ ਦੇਤਿ ਪ੍ਰਭਾਤੇ ॥੧੧॥
ਕਹਾਂ ਪੰਜਾਬ ਕਵਰ ਲਖਿ ਭੇਵ।
ਅਚਰਜ ਚਰਿਤ ਕਰਹਿਂ ਗੁਰਦੇਵ।
ਤ੍ਰਿਯ ਕੇ ਤਨ ਮਹਿਂ ਹ੍ਵੈ ਨ ਮਹਾਨੀ[2]।
ਇਸ ਕੀ ਕਹੀ ਕਹਾਂ ਸਚ ਜਾਨੀ ॥੧੨॥
ਅਪਨਿ ਭੇਵ ਪਰਲੋਕ ਸਿਧਾਰਨ।
ਨਿਕਟਿ ਨ ਕਿਸ ਕੇ ਕੀਨਿ ਉਚਾਰਨ।
ਧੀਰਜ ਦੇਨ ਹੇਤੁ ਇਸ ਮਨ ਕੌ।
ਧਰਹਿ ਸ਼ੋਕ ਨਹਿਂ ਕਰਹਿ ਰੁਦਨ ਕੌ ॥੧੩॥

---

[1]ਤਿਨ੍ਹਾਂ ਦਾ ਮਨ ਚਿੰਤਾਤੁਰ ਰਿਹਾ।
*ਪਾ:-ਤਨਹਿ ਮਨ ਰਹਯੋ।
[2]ਇਸਤ੍ਰੀ ਸ਼ਰੀਰ ਵਿੱਚ ਵਿਸ਼ਾਲਤਾ ਨਹੀਂ ਹੁੰਦੀ ਮੁਰਾਦ ਹੈ ਕਿ ਇਸਤ੍ਰੀਆਂ ਮੁਆਮਲਾ ਫਹਿਮ ਨਹੀਂ ਹੁੰਦੀਆਂ। (ਅ) ਇਸਤ੍ਰੀ ਸਰੀਰ ਵਿੱਚ ਬਹੁਤੀ (ਬੁੱਧੀ) ਨਹੀਂ ਹੁੰਦੀ।

ਯਾਂ ਤੇ ਕਛੁ ਫਰੇਬ ਸੰਗ ਬਾਨੀ।
ਕਹੀ ਹੋਇਗੀ, ਨਹਿਂ ਇਸ ਜਾਨੀ।
ਕਰਹੁ ਜਤਨ ਜਿਮ ਖੁਲਹਿਂ ਕਿਵਾਰ।
ਸਭਿ ਮਿਲਿ ਕਯੋਂ ਨਹਿਂ ਲੇਤਿ ਨਿਹਾਰ' ॥੧੪॥
ਗਰਬਤਿ ਧਨੀ ਮਸੰਦ ਬਿਲੰਦ।
ਧਰਹਿਂ ਨ ਤ੍ਰਾਸ ਮਹਾਂ ਮਤਿ ਮੰਦ।
ਜਬਹਿ ਜਤਨ ਕਛੁ ਲਾਗਹਿਂ ਕਰਨੇ।
ਤੋਰ ਕਿਵਾਰਨ ਚਹਤਿ ਉਘਰਿਨੇ[1] ॥੧੫॥
ਸੁਨਿ ਪੰਜਾਬ ਕੁਵਰ ਤਬਿ ਦਾਸੀ।
ਭੇਜੀ ਤੂਰਨ ਤਿਨ ਕੇ ਪਾਸੀ।
ਕਰੇ ਹਟਾਵਨਿ 'ਤੁਮ ਕਜਾ ਕਰੋ।
ਗੁਰੂ ਹੁਕਮ ਕੋ ਤ੍ਰਾਸ ਨ ਧਰੋ ॥੧੬॥
ਮੁਝ ਸੋਂ ਕਹਿ ਕਰਿ ਆਪ ਸਿਧਾਰੇ।
ਬਰਜੇ ਕਯੋਂ ਨਹਿਂ ਰਹਿਤਿ ਹਮਾਰੇ।
ਪੁਨ ਆਵੈਂ ਨਿਜ ਦੇਹਿ ਸੰਭਾਰਹਿਂ।
ਬੈਠਿ ਸਭਾ ਮਹਿਂ ਦਰਸ ਦਿਖਾਰਹਿਂ' ॥੧੭॥
ਸੁਨਿ ਮਸੰਦ ਪੁਨ ਗਮਨੇ ਪਾਸ।
'ਗੁਰ ਬਚ ਮਹਿਂ ਕਿਮ ਧਾਰਤਿ ਆਸ।
ਰੁਦਨ ਸ਼ੋਕ ਨਹਿਂ ਉਪਜੈ ਤੋਹੀ।
ਹਿਤ ਧੀਰਜ ਕੇ ਭਾਖਯੋ ਹੋਹੀ ॥੧੮॥
ਕਯੋਂ ਗਤਿ ਕਰਨਿ ਦੇਤਿ ਨਹਿਂ ਆਛੇ।
ਅਜਹੁ ਜੀਵਬੋ ਪਤਿ ਕੋ ਬਾਂਛੇ।
ਆਠ ਪਹਿਰ ਬੀਤੇ ਤਨ ਤਜਾਗੇ।
ਅਬਿ ਦੁਰਗੰਧਤਿ ਹੋਵਨਿ ਲਾਗੇ ॥੧੯॥
ਕਯੋਂ ਸਸਕਾਰ ਨ ਦੇਤਿ ਸਰੀਰ।
ਕਹਾਂ ਕਹੇ ਪਰ ਬਾਂਧਤਿ ਧੀਰ[2]।
ਜਿਮ ਭਾਖੀ ਸੋ ਭੇਵ ਨ ਜਾਨਹਿਂ।
ਨਾਹਕ ਬੈਠੀ ਹਠ ਕੋ ਠਾਨਹਿਂ' ॥੨੦॥
ਸੁਨਿ ਪੰਜਾਬ ਕੁਵਰ ਪੁਨ ਕਹੀ।
'ਤਨ ਤਜਿਬੇ ਗਤਿ ਕੁਛ ਨਹਿਂ ਲਹੀ।

---

[1]ਖੋਲ੍ਹਣੇ।
[2]ਸ਼੍ਰੀ ਰਾਮਰਾਇ ਜੀ ਦੇ ਕਹੇ ਪਰ ਕਿਉਂ ਧੀਰਜ ਬੰਨ੍ਹ ਰਹੀ ਹੈਂ।

ਜੁਤਿ ਉਤਸਾਹ ਧੀਰ ਕੇ ਸਾਥ।
ਆਛੀ ਰੀਤਿ ਕਹਜੋ ਬਚ ਨਾਥ ॥੨੧॥
-ਨਹਿੰ ਕਿਵਾਰ ਕਿਮ ਖੋਲਨਿ ਕਰੀਅਹਿ-।
ਗੁਰ ਦਿਸ਼ ਤੇ ਡਰ ਉਰ ਮਹਿੰ ਧਰੀਅਹਿ।
ਨਾਂਹਿ ਤ ਸ੍ਰਾਪ ਦੇਹਿੰਗੇ ਭਾਰੇ।
ਲਖਹਿਂ ਅਵੱਗਯਾ ਜਰਹਿਂ[1] ਉਖਾਰੇ' ॥੧੧॥
ਨੀਠ ਨੀਠ ਇਮ ਬਰਜਿ ਹਟਾਏ।
ਚਾਹਤਿ ਚਿਤ ਅਬਿ ਦੇਹਿਂ ਜਰਾਏ।
ਰੌਰਾ ਕਰਤਿ ਰਹੇ ਦਿਨ ਸਾਰੇ।
ਪਰੀ ਜਾਮਨੀ ਤਿਮਰ ਪਸਾਰੇ ॥੨੩॥
ਮਿਲਿ ਮਸੰਦ ਤਬਿ ਮਤਾ ਪਕਾਏ।
'ਅਬਿ ਨਹਿਂ ਮਿਟਹੁ ਜਿ ਕਿਮਹੁ ਹਟਾਏ?
ਹੋਤਿ ਪ੍ਰਾਤਿ ਕੇ ਦਿਹੁ ਸਸਕਾਰ।
ਕੀਜਹਿ ਜਥਾ ਜੋਗ ਸਭਿ ਕਾਰ' ॥੨੪॥
ਕਰਿ ਮਸਲਤ ਇਮਨਿਸ ਮਹਿਂ ਸੋਏ।
ਉਠੇ ਪ੍ਰਾਤਿ ਅਰਣੋਦੈ ਹੋਏ।
ਤਤਛਿਨ ਤੋਰਿ ਕਿਵਾਰ ਉਘਾਰੇ।
ਸਿਹਜਾ ਊਪਰ ਪਰੇ ਨਿਹਾਰੇ ॥੨੫॥
ਕਹਿ ਪੰਜਾਬ ਕੁਵਰ ਬਹੁ ਰਹੀ।
ਗਰਬਤਿ ਮੂਢਨ ਮਾਨੀ ਨਹੀਂ।
ਮਿਲਿ ਸਭਿਹਿਨਿ ਤਨ ਲੀਨਿ ਉਚਾਈ।
ਸਸਕਾਰਨਿ ਤਜਾਰੀ ਕਰਿਵਾਈ ॥੨੬॥
ਆਦਿ ਪੰਜਾਬ ਕੁਇਰ ਰੁਦਨਾਵੈ।
ਦੇਖਿ ਦੇਖਿ ਬਡ ਸ਼ੋਕ ਬਧਾਵੈ।
ਦਿਨਕਰ ਚਢਜੋ ਬਿਮਾਨ ਬਨਾਯੋ।
ਅਧਿਕ ਦਰਬ ਤਿਹ ਊਪਰ ਲਾਯੋ ॥੨੭॥
ਦਾਸ ਮਸੰਦ ਸਿੱਖ ਸਮੁਦਾਏ।
ਸੁਨਿ ਸੁਨਿ ਜਿਤ ਕਿਤ ਤੇ ਸਭ ਆਏ।
ਫੂਲਨ ਮਾਲਾ ਚੰਦਨ ਆਨਜੋਂ।
ਸ਼ਬਦ ਕੀਰਤਨ ਮਿਲਤਿ ਬਖਾਨਜੋਂ ॥੨੮॥
ਕੇਤਿਕ ਰੋਦਤਿ ਸ਼ੋਕ ਵਧਾਵਹਿਂ।

---

[1]ਜੜਾਂ।

ਗਨ ਧਨਵਾਨ ਮਸੰਦ ਅਲਾਵਹਿਂ।
'ਪਿਖਹੁ ਪੰਜਾਬ ਕੁਇਰ ਕਜਾ ਕੀਨਿ।
ਗੁਰ ਕੋ ਭੇਦ ਸਕੀ ਨਹਿਂ ਚੀਨ ॥੨੯॥
ਖੋੜਸ ਜਾਮ ਰਹਜੋ ਤਨ ਖਾਲੀ।
ਸਸਕਾਰਨਿ ਕੀ ਕੀਨਿ ਨ ਚਾਲੀ।
ਅਬਿ ਭੀ ਤਿਸ ਕੋ ਕਹਜੋ ਮਿਟਾਯੋ।
ਅੰਤਰ ਹੇਰਿ ਵਹਿਰ ਨਿਕਸਾਯੋ ॥੩੦॥
ਬਿਨਾ ਸ੍ਵਾਸ ਤੇ ਪਰਜੋ ਸਰੀਰ।
ਹਮ ਨੇ ਜਾਨ ਲੀਨਿ ਬਿਨ ਤੀਰ[1]।'
ਕਹਹਿਂ ਪਰਸਪਰ ਤਜਾਰੀ ਠਾਨਹਿਂ।
ਚੰਦਨ ਕਾਸ਼ਟ ਸੰਚਹਿਂ, ਆਨਹਿਂ ॥੩੧॥
ਪੁਨ ਮਸੰਦ ਮਿਲਿਕੇ ਸਮੁਦਾਏ।
ਹਿਤ ਸ਼ਨਾਨ ਕੇ ਜਲ ਸੁਚ ਲਜਾਏ।
ਹੁਤੇ ਮੁੱਖਿ ਤਨ ਤਿਨਹੁਂ ਉਠਾਯੋ।
ਜੀਵਤਿ ਮਨਹੁਂ ਸਭਿਨਿ ਦਰਸਾਯੋ ॥੩੨॥
ਪੁਨ ਪੰਜਾਬ ਕੁਇਰ ਬਚ ਭਾਖਾ।
'ਬੁਰਾ ਕੀਯੋ ਤੁਮ ਤਨ ਨਹਿਂ ਰਾਖਾ।
ਦੁਤਿ ਜੀਵਤਿ ਸਮ ਦੇਖੀ ਪਰੈ।
ਇਮ ਨਹਿਂ ਰਹੈ ਜਿ ਪ੍ਰਾਨੀ ਮਰੈ' ॥੩੩॥
ਚਿਤ ਮਹਿਂ ਲਗੀ ਅਰਾਧਨਿ ਪਤਿ ਕੋ।
-ਕਹਾਂ ਕੀਨਿ ਤੁਮ ਪਾਛਲ ਗਤਿ ਕੋ।
ਅਬਿ ਭੀ ਪਹੁੰਚਹੁ ਦੇਹ ਸੰਭਾਰੋ।
ਖੋਟ ਮਸੰਦਨ ਕੋ ਨਿਰਧਾਰੋ ॥੩੪॥
ਮੇਰੋ ਕਹਜੋ ਨ ਮੂਰਖ ਮਾਨਹਿਂ।
ਨਹਿਂ ਪ੍ਰਤਾਪ ਕੁਛ ਰਾਵਰਿ ਜਾਨਹਿਂ-।
ਲੋਚਨ ਮੂੰਦਿ ਧਜਾਨ ਜਬਿ ਠਾਨਾ।
ਲਗੇ ਕਰਾਵਨ ਤਨ ਇਸ਼ਨਾਨਾ ॥੩੫॥
ਜਲ ਘਟ ਕੋ ਜਲ ਊਪਰ ਡਾਰਾ।
ਅਰੁ ਸਾਧ੍ਵੀ[2] ਕਰਿ ਧਜਾਨ ਹਕਾਰਾ।
ਜਹਿਂ ਥਿਰ ਹੁਤੇ ਸਰਬਗਤਿ ਜਾਨੀ।

---

[1]ਕੋਲ ਹੋਏ ਤੋਂ ਬਿਨਾਂ।
[2]ਇਸਤ੍ਰੀ ਨੇ।

ਕੀਨਿ ਆਗਵਨ ਤੂਰਨ ਠਾਨੀ ॥੩੬॥
ਗਗਨਪੰਥ[1] ਮਹਿਂ ਤਤਛਿਨ ਆਏ।
ਦੇਖੇ -ਮਿਲੇ ਲੋਕ ਸਮੁਦਾਏ।
ਤਨ ਨਿਕਾਸ ਕਰਿਵਾਇ ਸ਼ਨਾਨਾ।
ਸਸਕਾਰਨ ਹਿਤ ਸਭਿ ਕੁਛੁ ਠਾਨਾ ॥੩੭॥
ਮਹਾਂ ਬਿਘਨ ਕੀਨਸਿ ਮਤਿਮੰਦਨਿ।
ਨਿਜ ਬਲ ਤੇ ਮਮ ਪ੍ਰਾਨ ਨਿਕੰਦਨ।
ਅਬਿ ਜੀਵਨ ਕੀ ਬਾਤ ਨ ਆਛੇ।
ਦੇਖਯੋ ਤਨ ਸਭਿਹਿਨਿ ਮੁਝ ਪਾਛੇ- ॥੩੮॥
ਪੁਨ ਪੰਜਾਬ ਕੁਵਰ ਦਿਸ਼ਿ ਹੇਰਾ।
ਥਿਰੀ ਧਯਾਨ ਉਰ ਸ਼ੋਕ ਬਡੇਰਾ।
ਮਹਾਂ ਕ੍ਰੋਧ ਤੇ ਸ਼ਬਦ ਸੁਨਾਯੋ।
'ਮਿਲਿ ਮੂੜ੍ਹਨਿ ਬਡ ਬਿਘਨ ਉਠਾਯੋ ॥੩੯॥
ਪਰਿਹੋ ਘੋਰ ਆਪਦਾ ਮਾਂਹੀ।
ਵਧਹਿ ਬਿਖਾਦ ਮਿਟਹਿ ਕਿਮ ਨਾਂਹੀ।
ਮਹਾਂ ਪਾਤਕੀ ਤੁਮ ਅਬਿ ਹੋਏ।
ਗੁਰ ਕੇ ਪ੍ਰਾਨ ਘਾਤਿ ਕਰਿ ਜੋਏ ॥੪੦॥
ਮ੍ਰਿੱਤੁ ਮਸੰਦਨ ਕੀ ਨਿਯਰਾਈ।
ਜਿਸ ਤੇ ਕੀਨ ਕੁਕਰਮ ਬਨਾਈ।'
ਬੋਲਤਿ ਸੁਨਯੋ ਸ਼ਬਦ ਤਹਿਂ ਮਾਨਵ।
ਤਊ ਨ ਤ੍ਰਾਸ ਰਿਦੈ ਕੁਛ ਠਾਨਵ ॥੪੧॥
ਪੁਨ ਪੰਜਾਬ ਕੁਵਰ ਸੋਂ ਭਾਖਾ।
'ਮਮ ਪਲਟੇ ਕੀ ਰਖਿ ਅਭਿਲਾਖਾ।
ਤੁਮ ਦੇਖਤਿ ਇਹ ਅਪਦਾ ਪਾਵੈਂ।
ਫਲ ਕੋ ਭੋਗੈਂ ਪ੍ਰਾਨ ਗਵਾਵੈਂ ॥੪੨॥
ਅਬਿ ਤੌਂ ਬੀਤ ਗਈ ਸਭਿ ਬਾਤੀ।
ਗੁਰਮਤਿ ਚਿਤ ਧਰਿ ਠਾਨਹੁ ਸ਼ਾਂਤੀ।
ਉੱਦਮ ਕਰਿ, ਪਲਟੇ ਕੋ ਪੈਹੈਂ।
ਨਾਂਹਿਤ ਇਹ ਤੁਝ ਬਹੁ ਦੁਖ ਦੈਹੈਂ ॥੪੩॥
ਤੇਜ ਪ੍ਰਤਾਪ ਸਮੇਤ ਉਦਾਰਾ।
ਤੋਹਿ ਸਮੀਪ ਬਸਹਿ ਗੁਰ ਭਾਰਾ।

[1]ਆਕਾਸ਼ ਮਾਰਗ।

ਤਿਨ ਸੋਂ ਕਹਿ ਆਪਨ ਬਿਰਤੰਤਾ।
ਸਭਿ ਮਸੰਦ ਕੌ ਕੀਜਹਿ ਅੰਤਾ' ॥੪੪॥
ਇਮ ਪੰਜਾਬ ਕੁਇਰ ਸਮੁਝਾਈ।
ਬਹੁਰ ਨ ਗਿਰਾ ਗਗਨ ਤੇ ਆਈ।
ਸੁਰ ਪੁਰਿ ਪਹੁੰਚੇ ਕੀਨਸਿ ਬਾਸਾ।
ਇਸ ਪ੍ਰਕਾਰ ਭਾ ਅਜਬ ਤਮਾਸ਼ਾ ॥੪੫॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਖਸ਼ਟਮੋ ਅੰਸੂ ॥੬॥

੭. [ਪੰਜਾਬ ਕੌਰ ਦੀ ਸਤਿਗੁਰਾਂ ਨੂੰ ਚਿੱਠੀ]

੬<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੮

ਦੋਹਰਾ: ਸੰਸਕਾਰ* ਸਮਿੱਗ੍ਰੀ ਸਹਿਤ ਤਨ,
ਲੀਯੋ ਵਹਿਰ ਨਿਕਾਸ।
ਜਲ ਤੇ ਦਯੋ ਸ਼ਨਾਨ ਕਰਿ,
ਪਿਖਿ ਗੁਰ ਪੁੱਤ੍ਰ ਉਦਾਸ ॥੧॥
ਚੌਪਈ: ਤਨ ਮਹਿ ਨਹਿਂ ਪ੍ਰਵੇਸ਼ ਪੁਨ ਕੀਨੋ।
ਹੁਇ ਨਿਰਾਸ ਸੁਰਿ ਪੁਰਿ ਮਗ ਲੀਨੋ।
ਭ੍ਰਾਤ ਗੁਰੂ ਕੋ ਸ੍ਰਾਪ ਚਿਤਾਰਾ।
ਨਹਿਂ ਜੀਵਨ ਮਹਿਂ ਨਿਜ ਮਨ ਧਾਰਾ ॥੨॥
ਗਗਨ ਗਿਰਾ[1] ਕਿਨ ਕਿਨ ਸੁਨਿ ਲੀਨੀ।
ਗਰਬਤਿ ਮਹਿਦ ਮਸੰਦ ਨ ਚੀਨੀ[2]।
ਇਕ ਪੰਜਾਬ ਕੁਇਰ ਉਰ ਧਾਰੀ।
ਦੁਖਤਿ ਬਾਪੁਰੀ[3] ਭਈ ਲਚਾਰੀ ॥੩॥
ਨਹਿਂ ਕੁਛ ਜਤਨ ਬਨਜੋ ਤਿਸ ਪਾਸਾ।
ਰੋਦਤਿ ਅਧਿਕ ਲੇਤਿ ਬਡ ਸ੍ਵਾਸਾ।
ਜੁਗ ਸੌਤਨ[4] ਜੁਤਿ ਬਿਲਪਹਿਂ ਦਾਸੀ।
ਸਭਿ ਕੋ ਆਨਿ ਪਰਜੋ ਦੁਖ ਰਾਸੀ ॥੪॥
ਬ੍ਰਿੰਦ ਮਸੰਦਨ ਕਰਿ ਸਭਿ ਤਯਾਰੀ।
ਦੇਹਿ ਚਿਖਾ ਪਰਿ ਧਰਿ ਕਰਿ ਜਾਰੀ।
ਮੱਜਨ ਕਰਿ ਬੈਠੇ ਸਮੁਦਾਏ।
ਪੁਨ ਉਠਿ ਉਠਿ ਨਿਜ ਸਦਨ ਸਿਧਾਏ ॥੫॥
ਦਰਬ ਆਦਿ ਵਸਤੁਨਿ ਸੰਭਾਰੇ।
ਲਗੇ ਦੁਰਾਵਨਿ ਜਿਸ ਅਨੁਸਾਰੇ।
ਸੁਰ ਪੁਰਿ ਰਾਮਰਾਇ ਚਲਿ ਗਏ।
ਅਪਰਨ ਤੇ ਨਹਿਂ ਤ੍ਰਾਸਤਿ ਭਏ ॥੬॥
ਜਹਿਂ ਜਹਿਂ ਛੋਰੇ ਹੁਤੇ ਮਸੰਦ।
ਸਿਖ ਸੰਗਤਿ ਤੇ ਲੇ ਧਨ ਬ੍ਰਿੰਦ।

---

*ਇਸ ਪਦ ਵਿਚ ਦੋ ਮਾਤ੍ਰਾਂ ਵਧ ਹਨ।
[1]ਆਕਾਸ਼ ਬਾਣੀ।
[2]ਬਹੁਤੇ ਹੰਕਾਰੀ ਮਸੰਦਾਂ ਨੇ ਨਾ ਪਛਾਣੀ।
[3]ਵਿਚਾਰੀ।
[4]ਦੋ ਸੌਂਕਣਾਂ।

ਹੁਤੇ ਪ੍ਰਥਮ ਹੀ ਤ੍ਰਾਸ ਨ ਮਾਨਤਿ।
-ਹਮਰੋ ਕਰਜੋ ਗੁਰੂ- ਯਹ ਜਾਨਤਿ+ ॥੭॥
ਗਰਬਤਿ ਰਿਦੇ ਸੁਨੀ ਪੁਨ ਐਸੇ[੧]।
ਅਬਿ ਹਮ ਕੋ ਡਰ ਰਹ੍ਯੋ ਨ ਕੈਸੇ+।
ਜਹਿਂ ਕਹਿਂ ਤੇ ਗਨ ਦਰਬ ਸੰਭਾਰਾ।
ਮਿਲਿ ਆਪਸ ਮਹਿਂ ਚੋਰ੍ਯੋ[੨] ਸਾਰਾ ॥੮॥
ਕਹੇ ਪੰਜਾਬ ਕੁਵਰ ਬਹੁਤੇਰੇ।
ਹਟਹਿਂ ਨ ਮਾਨਹਿਂ ਦੁਸ਼ਟ ਬਡੇਰੇ।
ਕੁਛ ਬਸ ਚਲੇ ਨ, ਭਈ ਲਚਾਰੀ।
ਨਹਿਂ ਮਾਨਹਿਂ ਬਿਨ ਦੰਡ ਕੁਚਾਰੀ ॥੯॥
ਗੁਰ ਕੇ ਤਰਫ ਲਿਖੀ ਤਬਿ ਅਰਜ਼ੀ।
'ਘਰ ਰਾਵਰਿ ਕੋ, ਹਮ ਇਹ ਅਰਜ਼ੀ[੩]।
ਹੁਤੇ ਭਤੀਜਾ, ਆਪ ਬਡੇਰੇ[੪]।
ਤੁਮ ਮਾਲਿਕ ਸਾਂਭਹੁ ਇਸ ਬੇਰੇ ॥੧੦॥
ਦੁਸ਼ਟ ਮਸੰਦਨ ਕੀਨਿ ਬਿਗਾਰਾ।
ਤਨਕ ਨ ਤ੍ਰਾਸ ਕਿਸਹੁਂ ਤੇ ਧਾਰਾ।
ਅਬਿ ਨਚਿੰਤ ਧਰਿ ਗਰਬ ਬਿਸਾਲੇ।
ਜਿਤ ਕਿਤ ਦਰਬ ਦੁਰਾਇ ਸੰਭਾਲੇਂ ॥੧੧॥
ਮੁਝ ਕੋ ਭਨੈਂ -ਤ੍ਰਿਯਾ ਤਨ ਤੇਰੋ।
ਲਖਹਿਂ ਕਹਾਂ ਅਸ ਭਾਵ* ਬਡੇਰੋ[੫]-।
ਕ੍ਰਿਪਾ ਧਾਰਿ ਆਵਹੁ ਜੇ ਆਪ।
ਦਿਹੁ ਫਲ ਇਨਹੁਂ ਕਿਯੋ ਜਿਮ ਪਾਪ ॥੧੨॥
ਦੰਡ ਉਚਿਤ ਜੇ ਦੰਡ ਨ ਪਾਯੋ।
ਉਲਟੇ ਮਿਲਿ ਸਭਿ ਗਰਬ ਬਢਾਯੋ।

+ਇਸ ਤੋਂ ਸਪਸ਼ਟ ਹੈ ਕਿ ਮਸੰਦਾਂ ਨੇ ਜਾਣਕੇ ਰਾਮਰਾਇ ਜੀ ਨੂੰ ਸਾੜਿਆ ਸੀ ਕਿ ਅਸੀਂ ਮਾਲਕ ਬਣ ਜਾਈਏ ਥਾਓਂ ਥਾਈਂ।

[੧]ਫਿਰ ਇਸ ਤਰ੍ਹਾਂ ਸੁਣਕੇ (ਕਿ ਸ਼੍ਰੀ ਰਾਮਰਾਇ ਜੀ ਗੁਜ਼ਰ ਗਏ ਹਨ) ਰਿਦੇ ਵਿੱਚ (ਮਸੰਦ) ਹੰਕਾਰ ਕਰਨ ਲੱਗੇ।

[੨]ਚੁਰਾਯਾ।

[੩]ਬੇਨਤੀ ਹੈ।

[੪]ਰਾਮਰਾਇ ਜੀ ਆਪ ਦੇ ਭਤੀਜੇ ਸਨ ਆਪ ਵਡੇ (ਥਾਂ) ਹੋ।

*ਪਾ:-ਭੇਵ।

[੫]ਤੇਰਾ ਇਸਤ੍ਰੀ ਸਰੀਰ ਹੈ ਐਸੇ ਮਹਾਨ ਭਾਵ ਨੂੰ ਤੂੰ ਕੀ ਸਮਝ ਸਕਦੀ ਹੈਂ ਅਰਥਾਤ ਸੰਗਤਾਂ ਦੇ ਸੰਭਾਲਣ ਆਦਿ ਨੂੰ।

ਮਨ ਭਾਵਤਿ ਕ੍ਰਿਤ ਕੋ ਸਭਿ ਕਰੈਂ।
ਵਸਤੁ ਦੁਰਾਵੈਂ ਲੈ ਲੈ ਧਰੈਂ ॥੧੩॥
ਅਬਿ ਤੁਮ ਬਿਨ ਨਹਿਂ ਕੋਇ ਹਮਾਰਾ।
ਦੁਖ ਸਮੁੰਦ੍ਰ ਤੇ ਕਰਹੁ ਉਧਾਰਾ।'
ਹੁਤੋ ਜੁ ਬਹਿਲੋ ਕੋ ਗੁਰਦਾਸਿ।
ਮਿਲਿ ਪੰਜਾਬ ਕੁਵਰ ਕੇ ਪਾਸ ॥੧੪॥
ਸਕਲ ਮਸੰਦਨ ਤੇ ਛਪਿ ਕਰਿ ਕੈ।
ਇਹ ਪੱਤ੍ਰੀ ਸਭਿ ਲਿਖੀ ਬਿਚਰਿ ਕੈ।
ਸਭਿਹਿਨਿ ਤੇ ਦੁਰਾਇ ਪਹੁੰਚਾਈ।
ਕਲਗ਼ੀਧਰ ਸਮੀਪ ਤਬਿ ਆਈ ॥੧੫॥
ਨੰਦ ਚੰਦ ਲੇ ਕਰਿ ਢਿਗ ਗਯੋ।
ਸਰਬ ਪ੍ਰਸੰਗ ਸੁਨਾਵਤਿ ਭਯੋ।
ਤਿਸ ਨਰ ਕੌ ਭੀ ਨਿਕਟ ਹਕਾਰਾ।
ਬੂਝਯੋ, ਤਾਂਹਿ ਬ੍ਰਿਤੰਤ ਉਚਾਰਾ ॥੧੬॥
'ਬਰਜ ਰਹੀ ਸਭਿ ਕੌ ਬਹੁ ਬਾਰੀ।
ਨਹਿਂ ਮਾਨੀ ਕਾਯਾਂ ਮਿਲਿ ਜਾਰੀ।
ਭੈ ਨਿਰਭੈ[1] ਮਨ ਭਾਵਤਿ ਕਰੈਂ।
ਦਰਬ ਚੁਰਾਵਹਿਂ ਨਿਜ ਨਿਜ ਧਰੈਂ[2] ॥੧੭॥
ਇਕ ਗੁਰਦਾਸ ਕੁਛਕ ਅਨੁਸਾਰੀ।
ਅਪਰ ਸੁ ਬਿਗਰੇ ਹੁਇ ਹੰਕਾਰੀ।
ਅਬਿ ਸਹਾਇਤਾ ਚਹੈਂ ਤੁਮਾਰੀ।
ਅਹੋ ਅਲੰਬ ਏਕ ਨਿਰਧਾਰੀ' ॥੧੮॥
ਸ੍ਰੀ ਕਲਗ਼ੀਧਰ ਸੁਨਤਿ ਬਿਚਾਰੇ।
-ਬ੍ਰਿੰਦ ਮਸੰਦ ਬਿਲੰਦ ਬਿਗਾਰੇ।
ਡਰਤਿ ਨ ਰਾਮਰਾਇ ਤੇ ਜੇਈ।
ਕਯੋਂ ਨ ਬੁਰਾ ਠਾਨਹਿਂ ਅਬਿ ਤੇਈ ॥੧੯॥
ਸ੍ਰੀ ਗੁਰ ਨਾਨਕ ਕੇ ਘਰ ਸਾਰੇ।
ਧਨੀ ਮਸੰਦ ਅਧਿਕ ਹੰਕਾਰੇ।
ਅਦਬ ਨ ਕਰਹਿਂ ਨ ਸ਼ਰਧਾ ਧਾਰਹਿਂ।
ਅਪਰ ਨਰਨਿ ਸਮ ਗੁਰੂ ਬਿਚਾਰਹਿਂ ॥੨੦॥

---

[1]ਭੈ ਤੋਂ ਨਿਡਰ ਹੋਏ।
[2]ਆਪੋ ਆਪਣੇ (ਘਰੀਂ) ਰੱਖਦੇ ਹਨ।

ਗਨ ਸਿੱਖਨ ਕੇ ਮਹਿਦ ਸੰਤਾਪੀ।
ਧਨ ਲੇ ਬਨਹਿਂ ਸੁਰਾਪੀ[੧] ਪਾਪੀ।
ਬੇਸਜਾ ਭੋਗਨਿ ਆਦਿ ਬਿਕਾਰਾ।
ਸਭਿ ਮਹਿਂ ਫਸਹਿਂ ਪੁਨਹਿਂ ਹੰਕਾਰਾ ॥੨੧॥
ਜਬਿ ਕਬਿ ਸਿੱਖੀ ਰੀਤਿ ਬਿਗਾਰੈਂ।
ਕਰਹਿਂ ਅਨਾਦਰ ਸਿੱਖਨ ਤਾਰੈਂ[੨]।
ਇਨ ਕੋ ਮੂਲ ਉਖਾਰਿ ਨ ਹੋਇ[੩]।
ਸੁਖ ਪ੍ਰਾਪਤਿ ਸਤਿਸੰਗ ਨ ਸੋਇ[੪]- ॥੨੨॥
ਇੱਤ੍ਯਾਦਿਕ ਗੁਰ ਰਿਦੈ ਬਿਚਾਰੀ।
ਪੱਤ੍ਰੀ ਲਿਖਿਬੇ ਹੇਤੁ ਉਚਾਰੀ।
'ਜਹਿਂ ਕਹਿਂ ਤੁਮਰੇ ਅਹੈਂ ਮਸੰਦ।
ਕਰਹੁ ਹਕਾਰਨਿ ਨਿਜ ਢਿਗ ਬ੍ਰਿੰਦ ॥੨੩॥
ਲਿਖਹੁ ਸਭਿਨਿ ਪ੍ਰਤਿ ਤੁਮ ਚਲਿ ਆਵਹੁ।
ਸਿਰੇ ਪਾਉ ਗੁਰ ਘਰ ਤੇ ਪਾਵਹੁ।
ਪੁਨ ਗਮਨਹੁ ਨਿਜ ਨਿਜ ਅਸਥਾਨ।
ਭੇਤ ਨ ਦੇਹੁ, ਨ ਲੇਹਿਂ ਪਛਾਨ ॥੨੪॥
ਜਬਹਿ ਆਨਿ ਮਿਲਿਹੈਂ ਸਮੁਦਾਇ।
ਹਮ ਸਮੀਪ ਦਿਹੁ ਸੁਧ ਪਹੁੰਚਾਇ।
ਤਤਛਿਨ ਚਢਿ ਕੈ ਆਇ ਸੁਧਾਰੈਂ।
ਜਿਮ ਕਹਿਬੋ ਹੁਇ ਤਥਾ ਬਿਚਾਰੈਂ' ॥੨੫॥
ਇੱਤ੍ਯਾਦਿਕ ਲਿਖਿ ਧੀਰਜ ਹੇਤੁ।
ਪਠੀ ਪੱਤ੍ਰਿਕਾ ਛਿੱਪ੍ਰ ਸਮੇਤ।
ਲੇ ਪਹੁੰਚਯੋ ਗੁਰਦਾਸਹਿ ਪਾਸ।
ਪਠਿ ਕਰਿ ਬਹੁ ਛਪਾਇ ਕਰਿ ਤਾਸ[੫] ॥੨੬॥
ਜਾਇ ਪੰਜਾਬ ਕੁਇਰ ਸਮੁਝਾਈ।
'ਆਇ ਕਰਹਿਂ ਗੁਰ ਸਕਲ ਉਪਾਈ।'
ਨਿਕਟ ਮਸੰਦ ਜਿਤੇ ਕੁਰਿਆਰ[੬]।

---
[੧]ਸ਼ਰਾਬ ਪੀਣ ਵਾਲੇ।
[੨]ਤਾੜਨਾ ਕਰਦੇ ਹਨ।
[੩](ਜੇ) ਨਾ ਪੁੱਟਿਆ ਗਿਆ।
[੪]ਸੁਖ ਨੂੰ ਪ੍ਰਾਪਤ ਕਰਨ ਵਾਲਾ ਸਤਿਸੰਗ ਨਹੀਂ ਦਿੱਸ ਸਕੇਗਾ।
[੫]ਤਿਸ ਨੇ।
[੬]ਝੂਠੇ।

ਗੁਰ ਸੁਤ ਤ੍ਰਿਯ ਨੇ[1] ਲਿਏ ਹਕਾਰ ॥੨੭॥
ਜੁਤਿ ਗੁਰਦਾਸ ਸਭਿਨਿ ਸੋਂ ਭਾਖਾ।
'ਚਹੀਅਹਿ ਰੀਤਿ ਕਰੀ ਇਮ ਕਾਂਖਾ[2]।
ਜਿਤਿਕ ਮਸੰਦ ਗੁਰੂ ਘਰ ਕੇਰੇ।
ਪਹੁੰਚਹਿਂ ਸਕਲ ਇਹਾਂ ਇਸ ਬੇਰੇ ॥੨੮॥
ਨਏ ਨਏ ਦੇ ਕਰਿ ਸਿਰੁਪਾਇ।
ਪੁਨ ਤਿਸ ਦੇਸ਼ਨਿ ਦੇਹਿਂ ਪਠਾਇ।
ਪ੍ਰਥਮ ਰੀਤਿ ਇਮ ਹੀ ਚਲਿ ਆਈ।
ਤੁਮ ਸਜਾਨੇ ਸਮਝਹੁ ਸਮੁਦਾਈ ॥੨੯॥
ਲਿਖਹੁ ਮਾਸ ਕੀ ਤਿਥ ਇਕ ਸਾਰੇ[3]।
ਮਿਲਹਿਂ ਆਨ ਤਿਸ ਦਿਵਸ ਹਕਾਰੇ।'
ਸੁਨਿ ਮਸਲਤ ਸਭਿਹਿਨਿ ਮਨ ਮਾਨੀ।
ਰੀਤਿ ਆਦਿ ਗੁਰ ਕੀ ਘਰ ਜਾਨੀ ॥੩੦॥
ਲਿਖੇ ਹੁਕਮਨਾਮੇ ਤਬਿ ਸਾਰੇ।
'ਪਹੁੰਚਹੁ ਇਸ ਥਲ ਬਿਲਮ ਬਿਸਾਰੇ।
ਗੁਰੁ ਘਰ ਤੇ ਬਡਤਾ ਅਬਿ ਪਾਵੋ।
ਪੁਨ ਸਿੱਖਨ ਤੇ ਧਨ ਉਗਰਾਵੋ ॥੩੧॥
ਜਹਿਂ ਕਹਿਂ ਲਿਖਿ ਕਰਿ ਤੁਰਤ ਪਠਾਏ।
ਪਠਿ ਪਠਿ ਹੁਕਮ ਸਕਲ ਚਲਿ ਆਏ।
ਹਰਖ ਉਪਾਇ ਅਧਿਕ ਮਨ ਮਾਂਹੀ।
'ਹਮ ਬਿਨ ਗੁਰੂ ਬਨੈ ਕਿਮ ਨਾਂਹੀ ॥੩੨॥
ਯਾਂ ਤੇ ਖਾਤਰ ਕਰਹਿਂ ਹਮਾਰੀ।
ਕਯੋਂ ਨ ਲੇਹੁ ਸਿਰੁਪਾਉ ਉਦਾਰੀ।'
ਦੇਸ਼ ਬਿਦੇਸ਼ਨਿ ਤੇ ਸਮੁਦਾਏ।
ਗਨ ਮਸੰਦ ਲਘੁ ਦੀਰਘ ਆਏ ॥੩੩॥
ਭਈ ਆਨਿ ਕਰਿ ਭੀਰ ਘਨੇਰੀ।
ਮਿਲਹਿਂ ਪਰਸਪਰ ਪ੍ਰੀਤਿ ਬਡੇਰੀ।
ਬਹੁ ਉਤਸਾਹ ਕਰਤਿ ਮਿਲਿ ਮਿਲਿ ਕੈ।
ਪਹੁੰਚੇ ਜਬਹਿ ਸਕਲ ਚਲਿ ਚਲਿ ਕੈ ॥੩੪॥

---

[1]ਭਾਵ ਸ੍ਰੀ ਰਾਮਰਾਇ ਜੀ ਦੀ ਇਸਤ੍ਰੀ ਨੇ।
[2]ਮੇਰੀ ਇੱਛਾ ਹੈ ਇਸ ਤਰ੍ਹਾਂ ਰੀਤ ਕਰਨੀ ਚਾਹੀਦੀ ਹੈ।
[3]ਸਾਰਿਆਂ ਨੂੰ ਮਹੀਨੇ ਦੀ ਇੱਕੋ ਹੀ ਤਿੱਥ ਲਿਖੋ।

ਪੁਨ ਪੰਜਾਬ ਕੁਇਰ ਲਿਖਿ ਪਾਤੀ।
ਛਪਿ ਕਰਿ ਸਭਿ ਤੇ ਜੇਤਿਕ ਬਾਤੀ।
'ਮਿਲੇ ਆਨ ਕਰਿ ਦੁਸ਼ਟ ਮਸੰਦ।
ਧਨ ਪ੍ਰਾਪਤਿ ਤੇ ਅਨੰਦ ਬਿਲੰਦ ॥੩੫॥
ਬਿਨਾ ਬਿਲੰਬ ਆਪ ਚਲਿ ਆਵਹੁ।
ਬੁਧਿ ਬਲ ਤੇ ਸਭਿ ਜਤਨ ਬਨਾਵਹੁ।
ਏਕ ਆਸਰਾ ਰਾਵਰ ਕੇਰਾ।
ਨਹਿਂ ਇਸ ਸਮੈਂ ਅਪਰ ਕੋ ਮੇਰਾ' ॥੩੬॥
ਇੱਤਜਾਦਿਕ ਲਿਖਿ ਬਿਨੈ ਪਠਾਈ।
ਗਯੋ ਦੂਤ ਲੇ ਕਰਿ ਸਹਿਸਾਈ।
ਆਨਿ ਪਾਂਵਟੇ ਪਹੁਂਚਯੋ ਸੋਇ।
ਸਿੰਘ ਪੌਰ ਪਰ ਥਿਰ ਤਬਿ ਹੋਇ ॥੩੭॥
ਕਲ਼ਗੀਧਰ ਢਿਗ ਸੁਨਿ ਪਹੁਂਚਾਈ।
ਸੁਨਿ ਕਰਿ ਅੰਤਰ ਲੀਨਿ ਬੁਲਾਈ।
ਬੂਝਨਿ ਕੀਨਿ ਸਕਲ ਹੀ ਬਾਤਿ।
ਸਤਿਗੁਰ ਪਾਸ ਕਹੀ ਬੱਖਜਾਤਿ ॥੩੮॥
'ਜਿਤਕ ਮਸੰਦ ਅਹੈਂ ਤਿਸ ਘਰ ਕੇ।
ਲਿਏ ਬਟੋਰ ਹਕਾਰਨਿ ਕਰਿ ਕੇ।
ਰਾਵਰ ਕੀ ਪ੍ਰਤੀਖਨਾ ਕਰਿ ਹੀ।
ਸਿਖ ਸੰਗਤਿ ਅਭਿਲਾਖਾ ਧਰਿ ਹੀ ॥੩੯॥
ਬਿਨ ਬਿਲੰਬ ਅਬਿ ਕੀਜਹਿ ਤਯਾਰੀ।
ਦੇਖਤਿ ਹੈਂ ਸਭਿ ਦਿਸ਼ਾ ਤੁਮਾਰੀ।'
ਸੁਨਿ ਗੁਰ ਨੰਦਚੰਦ ਸੋਂ ਕਹਯੋ।
'ਸਮਾ ਚਹਤਿ ਸੋ ਅਬਿ ਹਮ ਲਹਯੋ ॥੪੦॥
ਪ੍ਰਾਤਿ ਹੋਤਿ ਹੀ ਕੀਜਹਿ ਤਯਾਰੀ।
ਕੇਤਿਕ ਸੈਨਾ ਲੇਹੁ ਸੰਗਾਰੀ।
ਅਪਰ ਟਿਕਹਿਂ ਸਭਿ ਧੀਰਜ ਦੀਜੈ।
ਅਬਿ ਤੇ ਸਕਲ ਬੁਲਾਇ ਭਨੀਜੈ[1]' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਮਰਾਇ ਪ੍ਰਲੋਕ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

---
[1]ਹੁਣ ਤੋਂ ਸਾਰਿਆਂ ਨੂੰ ਬੁਲਾਕੇ ਕਹਿ ਦਿਓ।

੮. [ਗੁਰੂ ਜੀ ਡੇਹਰੇ ਆਏ। ਮਸੰਦਾਂ ਨੂੰ ਦੰਡ ਦੇਣ ਹਿਤ ਤਯਾਰੀ]

੭<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੯

ਦੋਹਰਾ: ਨਿਸਾ ਬਸੇ ਬਿਸਰਾਮ ਕਰਿ, ਸ੍ਰੀ ਗੁਰ ਕ੍ਰਿਪਾ ਨਿਧਾਨ।
ਬਡੀ ਪ੍ਰਾਤਿ ਤਯਾਰੀ ਕਰੀ, ਕਹਿ ਬਜਵਾਇ ਨਿਸ਼ਾਨ ॥੧॥
ਚੌਪਈ: ਤਤਛਿਨ ਜ਼ੀਨ ਤੁਰੰਗਨਿ ਡਾਰੇ।
ਸ੍ਰੀ ਗੁਰ ਸ਼ਸਤ੍ਰ ਬਸਤ੍ਰ ਤਨ ਧਾਰੇ।
ਡੀਲ ਬਿਲੰਦ ਮਤੰਗ ਮੰਗਾਯੋ।
ਜ਼ਰੀਦਾਰ ਜਿਹ ਝੂਲ ਸੁਹਾਯੋ ॥੨॥
ਭਏ ਅਰੂਢਨਿ ਸ਼ੋਭਤਿ ਐਸੇ।
ਐਰਾਵਤਿ ਪਰ ਸੁਰਪਤਿ[੧] ਜੈਸੇ।
ਤਬਿ ਮਾਤੁਲ ਕਿਰਪਾਲ ਬੁਲਾਯੋ।
ਹਾਥੀ ਪਰ ਪਸ਼ਚਾਤਿ ਚਢਾਯੋ ॥੩॥
ਨੰਦ ਚੰਦ ਹੱਥਯਾਰਨਿ ਧਾਰੇ।
ਚਢ੍ਯੋ ਤੁਰੰਗਮ ਪਰ ਬਲ ਭਾਰੇ।
ਸੰਗੋ ਸੰਗ ਪੰਚ ਜੋ ਭ੍ਰਾਤਾ।
ਹਯ ਅਰੋਹਿ ਮਗ ਕੀਨਿ ਪ੍ਰਯਾਤਾ[੨] ॥੪॥
ਸੈਨਾ ਸੰਗ ਪੰਚ ਸੈ ਔਰ।
ਗਮਨੇ ਕੁਲ ਸੋਢੀ ਸਿਰਮੌਰ।
ਅਪਰ ਸਭਿਨਿ ਕੋ ਨਗਰ ਟਿਕਾਯੋ।
ਚਲਤਿ ਭਏ ਦੁੰਦਭਿ ਗਰਜਾਯੋ ॥੫॥
'ਰਾਮਰਾਇ ਕੀ ਜਾਹਿਂ ਮੁਕਾਨ[੩]।'
ਮਿਲਹਿਂ ਜਹਾਂ ਕਹਿਂ ਕਰਹਿਂ ਬਖਾਨਿ[੪]।
ਦੂਨ ਮਹਾਂ ਰਮਨੀਕ ਨਿਹਾਰਤਿ।
ਦਲ ਫਲ ਫੂਲ ਬ੍ਰਿੱਛ ਗਨ ਧਾਰਤਿ ॥੬॥
ਦੋਨਹੁਂ ਦਿਸ਼ਿ ਸੈਲਨਿ ਕੀ ਸੈਲ[੫]।
ਨੀਕੇ ਕਰਤਿ ਜਾਤਿ ਗੁਰ ਗੈਲ[੬]।
ਸਭਿ ਕੇ ਅੱਗ੍ਰ ਨਾਥ ਕੋ ਹਾਥੀ।

---

[੧]ਇੰਦ੍ਰ।
[੨]ਘੋੜੇ ਤੇ ਸਵਾਰ ਹੋਕੇ ਰਸਤੇ ਤੇ ਤੁਰ ਪਏ।
[੩]ਮੁਕਾਣ ਦੇਣ ਚੱਲੇ ਹਨ।
[੪](ਇਸ ਤਰ੍ਹਾਂ) ਕਹਿੰਦੇ ਹਨ।
[੫]ਸੈਰ।
[੬]ਰਾਹ ਵਿਚ।

ਨਿਕਟ ਚਲਹਿਂ ਬੋਲਹਿਂ ਤਿਨ ਸਾਥੀ[1] ॥੭॥
ਪੰਕਤਿ ਕਰੇ ਬਾਹਨੀ[2] ਗਮਨੇ।
ਸ਼ਸਤ੍ਰ ਬਸਤ੍ਰ ਹਯ ਤੇ ਭਟ ਰਵਨੇ।
ਕਿਤਿਕ ਅਖੇਰ ਕਰਤਿ ਗੁਰ ਚਾਲੇ।
ਕਰਹਿਂ ਪ੍ਰਹਾਰਨਿ ਬਾਨ ਬਿਸਾਲੇ ॥੮॥
ਸਗਰੇ ਦਿਨ ਇਮ ਕਰਤਿ ਪਯਾਨਾ।
ਪਹੁੰਚੇ ਰਾਮਰਾਇ ਅਸਥਾਨਾ।
ਅੱਗ੍ਰ ਪੰਜਾਬ ਕੁਇਰ ਸਭਿ ਤਜਾਰੀ।
ਕਰਤਿ ਰਹੀ, ਲਖਿ ਕਰਿ ਦਲ ਭਾਰੀ ॥੯॥
ਤ੍ਰਿਣ ਦਾਨਾ ਗਨ ਕੀਨਿ ਬਟੋਰਨਿ।
ਕਰੇ ਸੁਚੇਤ ਦਾਸ ਸਭਿ ਠੌਰਨਿ।
ਸਗਲ ਮਸੰਦ ਰਿਦੈ ਧਰਿ ਗ਼ਮ ਕੋ[3]।
-ਇਨ ਕੋ ਮੇਲ ਭਲੋ ਨਹਿਂ ਹਮ ਕੋ- ॥੧੦॥
ਮਿਲਹਿਂ ਬਿਚਾਰਹਿਂ ਕਰਹਿਂ ਉਚਾਰਨਿ।
'ਆਵਨਿ ਇਨ ਬਤਰਾਵਨਿ ਕਾਰਨ[4]।
ਬਹੁ ਦਿਨ ਠਹਿਰਨ ਹੋਇ ਨ ਇਨ ਕੋ।
ਅਧਿਕ ਖਰਚ ਸੰਗੀ ਦਲ ਗਨ ਕੋ' ॥੧੧॥
ਇੱਤਯਾਦਿਕ ਮਿਲਿ ਕਹੈਂ ਮਸੰਦ।
ਤਊ ਰਿਦੈ ਮਹਿਂ ਚਿੰਤ ਬਿਲੰਦ।
ਮਹਾਂ ਕੁਸ਼ਗਨ ਹੋਇੰ ਸਭਿਹੂੰਨਿ।
ਜਿਤ ਕਿਤ ਮਿਲਿ ਬੈਠਹਿਂ ਮਨਊਨ[5] ॥੧੨॥
ਸ਼੍ਰੀ ਕਲਗ਼ੀਧਰ ਪਹੁੰਚੇ ਜਾਇ।
ਕੇਤਿਕ ਆਨਿ ਮਿਲੇ ਅਗੁਵਾਇ।
ਜਲ ਛਾਯਾ ਕੋ ਸੁੰਦਰ ਹੇਰਾ।
ਸਹਿਤ ਬਾਹਿਨੀ ਕੀਨਸਿ ਡੇਰਾ ॥੧੩॥
ਗਜ ਤੇ ਉਤਰਿ ਗੁਰੂ ਕੁਛ ਥਿਰੇ।
ਸੁਭ ਨਰ ਨਿਕਟ ਹਕਾਰਨਿ ਕਰੇ।
ਸਭਿ ਸੁਭਟਨਿ ਕੋ ਭਲੇ ਟਿਕਾਇ।

---

[1]ਜੇਹੜੇ ਨੇੜੇ ਨੇੜੇ ਜਾਂਦੇ ਹਨ ਤਿਨ੍ਹਾਂ ਨਾਲ ਗੱਲਾਂ ਕਰਦੇ ਜਾਂਦੇ ਹਨ (ਗੁਰੂ ਜੀ)।
[2]ਸੈਨਾ ਕਤਾਰ ਵਿਚ ਕਰਕੇ।
[3]ਚਿੰਤਾ ਕਰਦੇ ਹਨ।
[4](ਰਾਮਰਾਇ ਦੇ ਮਰਨੇ ਤੇ) ਬੁਲਾਵਨ ਵਾਸਤੇ ਇਹਨਾਂ ਦਾ ਆਵਣਾ ਹੈ।
[5]ਉਦਾਸ ਮਨ।

ਅੰਤਰ ਆਪ ਪ੍ਰਵੇਸ਼ੇ ਜਾਇ ॥੧੪॥
ਪਰਦੇ ਮਹਿਂ ਪੰਜਾਬਿ ਕੁਇਰ ਥਿਰ।
ਮਹਾਂ ਫਰਸ਼ ਤੇ ਛਾਇ ਰਖੀ ਧਰ[1]।
ਤਨ ਕੇ ਪੁਸ਼ਟ ਮਸੰਦ ਬਿਲੰਦ।
ਬਨ ਬਨ ਜਹਿਂ[2] ਬੈਠੇ ਮਤਿਮੰਦ ॥੧੫॥
ਤੇਜ ਬਿਲੋਕਤਿ ਸ਼੍ਰੀ ਗੁਰ ਕੇਰਾ।
ਉਠੇ ਅੱਗ੍ਰ ਤੇ ਸਭਿ ਤਿਸ ਬੇਰਾ।
ਬੈਠੇ ਜਾਇ ਸਭਿਨਿ ਕੇ ਮਾਂਹਿ।
ਸੁਭਟ ਬਿਸਾਲ ਕਿਤਿਕ ਥਿਤ ਪਾਹਿ ॥੧੬॥
ਬੂਝੇ: 'ਕੋ ਕਾਰਨ ਤਨ ਭਯੋ?
ਜਿਸ ਤੇ ਸੁਰ ਪੁਰਿ ਕੋ ਚਲਿ ਗਯੋ।'
ਸੁਨਿ ਪੰਜਾਬ ਕੁਇਰ ਤਬਿ ਬੋਲੀ।
ਭਰੀ ਕਸ਼ਟ ਜਨੁ ਕੁਠੀਆ ਖੋਲੀ[3] ॥੧੭॥
'ਮੋ ਕਹੁ ਭਲੀ ਭਾਂਤਿ ਸਮੁਝਾਏ।
-ਤਨ ਕਉ ਰਾਖੋਂ- ਕਹਤਿ ਸਿਧਾਏ।
ਨਹੀਂ ਮਸੰਦਨਿ ਕੁਛ ਕਰਿ ਮਾਨਾ।
ਬਰਜ ਰਹੀ ਬਹੁ ਕਯੋਹੁੰ ਨ ਜਾਨਾ ॥੧੮॥
ਦ੍ਵਾਰ ਕਿਵਾਰ ਅਸੰਜਤਿ ਤੋਰੇ[4]।
ਪੌਢਯੋ ਤਨ ਦੇਖਯੋ ਤਿਸ ਠੌਰੇ।
ਲਿਯੋ ਉਠਾਇ ਵਹਿਰ ਕੋ ਆਨਾ।
ਕਰੇ ਅਰਾਧਨ ਮੈਂ ਧਰਿ ਧਯਾਨਾ ॥੧੯॥
ਗਗਨ ਪੰਥ ਤਤਛਿਨ ਚਲਿ ਆਏ।
ਲਖਿ ਕਸੂਤ ਰਿਸ ਵਾਕ ਸੁਨਾਏ[*]।
ਨਹੀਂ ਪ੍ਰਵੇਸ਼ਨਿ ਭਏ ਸਰੀਰ।
ਗਮਨੇ ਪੁਨ ਸੁਰ ਪੁਰਿ ਕੋ ਧੀਰ' ॥੨੦॥
ਪਿਖਿ ਮਸੰਦ ਦਿਸ਼ਿ ਗੁਰੂ ਬਖਾਨਾ।
'ਕਯੋਂ ਨ ਕਹਯੋ ਯਾ ਕੋ ਤੁਮ ਮਾਨਾ?
ਮਹਾਂਪੁਰਖ ਕੇ ਅਚਰਜ ਚਰਿਤਾ।

---

[1]ਧਰਤੀ ਛਾ ਰਖੀ ਸੀ ਭਾਵ ਫਰਸ਼ ਕੀਤਾ ਹੋਇਆ ਸੀ।
[2]ਜਿੱਥੇ।
[3]ਕਸ਼ਟ ਦੀ ਭਰੀ ਹੋਈ ਕੋਠੀ ਮਾਨੋ ਖੋਹਲੀ ਹੈ।
[4]ਬੰਦ ਕੀਤੇ ਹੋਏ ਤੋੜੇ ਬੂਹੇ।
[*]ਪਾ:-ਬੈਕੁੰਠ ਸਿਧਾਏ।

ਕਾਰਜ ਗਨ ਸਿੱਖਨ ਕੇ ਕਰਿਤਾ ॥੨੧॥
ਮਤਿਮੰਦਹੁ ! ਤੁਮ ਕੀਨਿ ਕੁਕਰਮਾ।
ਜਿਸ ਤੇ ਬਡੋ ਨ ਅਪਰ ਅਧਰਮਾ।
ਨਿਜ ਗੁਰ ਕੌ ਤੁਮ ਭਲੋ ਨ ਚਾਹਾ।
ਜਿਯਤਿ ਸਰੀਰ ਚਿਖਾ ਧਰਿ ਦਾਹਾ' ॥੨੨॥
ਗੁਰ ਪ੍ਰਤਾਪ ਪਿਖਿ ਠਾਨੀ ਮੌਨ।
ਉੱਤਰ ਦਿਯੋ ਮਸੰਦ ਨ ਕੌਨ[1]।
ਪੁਨ ਧੀਰਜ ਦੁਤਿ ਬਾਕ ਅਲਾਇ।
ਜਿਸ ਤੇ ਡਰ ਕਰਿ ਭਾਜ ਨ ਜਾਇਂ ॥੨੩॥
'ਭਈ ਸੁ ਭਈ ਰਹਹੁ ਸਵਧਾਨਾ।
ਕਰਹੁ ਸੰਭਾਰਨਿ ਘਰ ਬਿਧਿ ਨਾਨਾ।'
ਭੀਰ ਮਸੰਦਨਿ ਬ੍ਰਿੰਦਨਿ ਹੇਰੀ।
ਜਹਿਂ ਕਹਿਂ ਥਿਰੀ ਹਜ਼ਾਰਨਿ ਕੇਰੀ ॥੨੪॥
ਚਲਿ ਆਏ ਕਲਗੀਧਰ ਡੇਰੇ।
ਕਰਿ ਬਿਸਰਾਮ ਰਹੇ ਤਿਸ ਬੇਰੇ।
ਤਬਿ ਪੰਜਾਬ ਕੁਇਰ ਪਠਿ ਦਾਸ।
ਤ੍ਰਿਣ ਦਾਨਾ ਪਠਿਯੋ ਸਭਿ ਪਾਸ ॥੨੫॥
ਨਾਨਾ ਬਿਧਿ ਕੀ ਸੇਵ ਕਰਾਈ।
ਲੇ ਲੇ ਪਹੁੰਚੇ ਨਰ ਸਮੁਦਾਈ।
ਸੁਪਤਿ ਜਥਾ ਸੁਖ ਨਿਸਾ ਬਿਤਾਇ।
ਉਠੇ[+] ਪ੍ਰਾਤਿ ਕਰਿ ਸ਼ੌਚ ਨਹਾਇ ॥੨੬॥
ਕੁਛ ਦਿਨ ਚਢੇ ਤਜਾਰ ਤਬਿ ਹ੍ਵੈ ਕੈ।
ਆਦਿ ਕ੍ਰਿਪਾਲ ਸੰਗ ਸਭਿ ਲੈ ਕੈ।
ਅੰਤਰ ਪਹੁੰਚੇ ਜਾਇ ਗੁਸਾਈਂ।
ਬ੍ਰਿੰਦ ਮਸੰਦਨ ਸਭਾ ਲਗਾਈ ॥੨੭॥
ਗਨ ਫਕੀਰ ਬੈਠੇ ਜਿਨ ਮਾਂਹੀ।
ਊਚੀ ਕੁਲਹਿ ਸੀਸ ਪਰ ਜਾਂਹੀ।
ਪਰਦੇ ਮਹਿਂ ਪੰਜਾਬ ਕੁਇਰ ਥਿਰ।
ਅਧਿਕ ਭੀਰ ਸੋਂ ਪਹੁੰਚੇ ਸਤਿਗੁਰ ॥੨੮॥
ਉਠਿ ਸਭਿਹਿਨਿ ਸਨਮਾਨਿ ਬਿਠਾਏ।

---

[1](ਕਿਸੇ) ਮਸੰਦ ਨੇ ਕੋਈ ਉੱਤਰ ਨਾ ਦਿੱਤਾ।
[+]ਪਾ:-ਬੈਠੇ।

ਦੇਖਹਿਂ ਤ੍ਰਾਸ ਰਿਦੈ ਉਪਜਾਏ।
ਬਹੁਤ ਮੋਲ ਕੋ ਸੇਤ ਦੁਸ਼ਾਲਾ।
ਦਰਬ ਸਮੂਹ ਦੀਨਿ ਤਿਸ ਨਾਲਾ ॥੨੯॥
ਉਠਿ ਕਰਿ ਦਯਾਰਾਮ ਕਰ ਲੀਨਿ।
ਜਾਇ ਪੰਜਾਬ ਕੁਇਰ ਕੌ ਦੀਨਿ।
ਤਤਛਿਨ ਲੇ ਕਰਿ ਸੀਸ ਚਢਾਯੋ।
ਬੰਦਨ ਕੀਨਿ ਭਾਵ ਬਿਰਧਾਯੋ ॥੩੦॥
ਨੰਦ ਚੰਦ ਢਿਗ ਲੀਨਿ ਬੁਲਾਇ।
ਅਪਨੋ ਸੰਕਟ ਸਕਲ ਸੁਨਾਇ।
'ਕਰਹੁ ਮਸੰਦਨ ਕੋ ਉਪਚਾਰ।
ਨਹਿਂ ਚਹੀਅਹਿ ਅਬਿ ਕਰੀ ਅਵਾਰ[1]' ॥੩੧॥
ਬੋਲਯੋ ਦਯਾਰਾਮ ਤਿਸ ਬੇਰੀ।
'ਇਮ ਮਰਜ਼ੀ ਹੈ ਸਤਿਗੁਰ ਕੇਰੀ।
-ਬੰਦੁ ਬਸਤ ਕਰਿ ਤਨਹੁ ਕਨਾਤ।
ਕੋਈ ਨ ਜਾਨਿ[2] ਸਕਹਿ ਬੱਖਜਾਤ ॥੩੨॥
ਦਰ ਪਰ ਸੁਭਟ ਰਹੈਂ ਸਵਧਾਨ।
ਹੁਇ ਮਸੰਦ ਇਕ ਇਕ ਕੋ ਜਾਨਿ।
ਸਿਰੇਪਾਉ ਕੋ ਮਿਸ ਕਰਿ ਧਾਰੇ।
ਇਮ ਸਭਿ ਪ੍ਰਥਕ ਸੁ ਲੇਹੁ ਹਕਾਰੇ ॥੩੩॥
ਬੰਧਿ ਬੰਧਿ ਕਰ ਪਗ[3] ਤਿਨ ਕੇਰਾ।
ਅੰਤਰ ਕੋਸ਼ਠ ਕੇ ਦਿਹੁ ਗੇਰਾ।
ਪੀਛੇ ਜਿਸ ਪ੍ਰਕਾਰ ਮਨ ਭਾਵੈ।
ਦਿਹੁ ਸਜ਼ਾਇ ਕੋ ਜੋ ਗਰਬਾਵੈ[4]- ॥੩੪॥
ਇਹ ਮਸਲਤ ਨਿਸ ਮਹਿਂ ਗੁਰ ਕੀਨਿ।
ਇਕ ਇਕ ਕੋ ਪਕਰਨਿ ਸ਼ੁਭ ਚੀਨ।
ਹੋਤਿ ਪ੍ਰਾਤ ਕੇ ਕੀਜਹਿ ਤਯਾਰੀ।
ਨਹਿਂ ਆਛੀ ਅਬਿ ਕਰਨਿ ਅਵਾਰੀ' ॥੩੫॥
ਸੁਨਿ ਪੰਜਾਬ ਕੁਇਰ ਲਖਿ ਨਿਜ ਹਿਤ।

---

[1]ਦੇਰ।
[2]ਜਾਣਾ।
[3]ਹੱਥ ਪੈਰ।
[4]ਜੋ ਹੰਕਾਰੀ ਹੋਏ ਸਨ।

'ਜਿਮ ਗੁਰ ਠਟੀ ਰੁਚਹਿ ਸੋ ਮਮ ਚਿਤ।
ਬਹੁ ਜੋਧਾ ਲਖਿ ਪਰਾਤੀ ਆਵੈਂ।
ਪਕਰਨਿ ਕੋ ਸਭਿ ਬਜੋਂਤ ਬਨਾਵੈਂ ॥੩੬॥
ਮਮ ਅਨੁਸਾਰੀ ਨਰ ਕੁਛ ਥੋਰੇ।
ਅਸ ਨਹਿਂ ਹੋਹਿ ਪਰਹਿ ਬਡ ਰੌਰੇ।
ਬਿਗਰ ਨ ਜਾਇ ਗਹਿਨ ਮੈਂ ਬਾਤ[1]।
ਹੁਇ ਨ ਮਸੰਦਨ ਮੈਂ ਬੱਖਜਾਤ' ॥੩੭॥
ਇਸ ਪ੍ਰਕਾਰ ਕਰਿ ਨੀਕੇ ਮਤ ਕੋ।
ਅਰੁ ਸਤਿਸੰਗਤਿ[*] ਕੇ ਬਹੁ ਹਿਤ ਕੋ।
ਥਿਰੇ ਮਸੰਦਨ ਮਹਿਂ ਗੁਰ ਰਹੇ।
ਅਨਿਕ ਪ੍ਰਕਾਰਨਿ ਬਾਤਨਿ ਕਹੇ ॥੩੮॥
ਚਤੁਰ ਘਟੀ ਮਹਿਂ ਉਠਿਬੋ ਚਾਹੇ।
ਦਯਾਰਾਮ ਆਯੋ ਚਲਿ ਪਾਹੇ।
ਨੰਦ ਚੰਦ ਕੋ ਲੇ ਕਰਿ ਸਾਥ।
ਸੁਭਟਨ ਸਹਿਤ ਕਹਿਤਿ ਤਬਿ ਨਾਥ ॥੩੯॥
ਸਭਿਨਿ ਬਿਖੈ ਤਿਨ ਦਈ ਸੁਨਾਇ।
'ਸਿਰੇਪਾਉ ਸੰਚੇ ਸਮੁਦਾਇ।
ਹੋਤਿ ਪ੍ਰਾਤਿ ਕੌ ਦੈ ਹੈਂ ਆਇ।
ਨਿਜ ਨਿਜ ਦੇਸ਼ਨ ਤਥਾ ਪਠਾਇੰ' ॥੪੦॥
ਕੇਤਿਕ ਚਤਰ ਮਸੰਦਨਿ ਜਾਨਾ।
ਤਊ ਨ ਕਿਹ ਸੋਂ ਕਹੂੰ ਬਖਾਨਾ।
ਅਪਦਾ ਮੂਢਨ ਕੀ ਨਿਯਰਾਈ।
ਹਤੈ ਗੁਰੂ, ਕੋ ਸਕੈ ਬਚਾਈ[2]? ॥੪੧॥
ਸੇਵਾ ਸਰਬ ਭਾਂਤਿ ਲੇ ਸੁਧਿ ਕੋ।
ਕਹਿ ਪੰਜਾਬ ਕੁਵਰ ਕਰਿ ਬੁਧਿ ਕੋ।
ਸੋ ਦਿਨ ਬਹੁਰ ਬਿਤਾਵਨਿ ਕਰਜੋ।
ਰਚਹਿਂ ਉਪਾਇ ਜਥਾ ਚਿਤ ਧਰਜੋ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਰਾਮਰਾਇ' ਪ੍ਰਸੰਗ ਬਰਨਨੰ ਨਾਮ ਅਸ਼ਟਮੋ ਅੰਸੂ ॥੮॥

---

[1]ਫੜਨ ਵਿਚ ਗਲ ਵਿਗੜ ਨਾ ਜਾਵੇ।
[*]ਪਾ:-ਕਰਿ ਮਤਿ ਸੰਗਤਿ।
[2]ਗੁਰੂ ਮਾਰੇ ਤਾਂ ਕੌਣ ਬਚਾ ਸਕੇ?

੯. [ਮਸੰਦਾਂ ਨੂੰ ਦੰਡ]

੮<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੦

ਦੋਹਰਾ: ਕਹਜੋ ਫਰਾਸ਼ਨ ਕੋ ਤਬੈ, 'ਤਨਹੁ ਕਨਾਤ ਬਨਾਇ।
ਦੂਰ ਦੂਰ ਥਲ ਘੇਰੀਯੇ, ਅੰਤਰ ਕੋਇ ਨ ਜਾਇ' ॥੧॥
ਚੌਪਈ: ਬ੍ਰਿੰਦ ਕਰਾਹੇ ਤਹਿਂ ਧਰਿਵਾਏ।
ਤੇਲ ਬਿਸਾਲ ਸੰਗ ਭਰਿਵਾਏ।
ਬੰਦੁਬਸਤ ਨਰ ਗਨ ਕੋ ਭਯੋ।
ਅੰਤਰ ਪ੍ਰਵਿਸ਼ਨਿ ਕੋ ਨਹਿਂ ਦਯੋ ॥੨॥
ਈਂਧਨ ਅਧਿਕ ਮੰਗਾਇ ਧਰਾਏ।
ਰਸਰਨਿ[1] ਬ੍ਰਿੰਦ ਭਾਰੁ ਅਨਵਾਏ।
ਇਹ ਨਿਸ ਮਹਿਂ ਸਭਿ ਕੀਨਿਸਿ ਤਜਾਰੀ।
ਉਤ ਮਸੰਦ ਹਰਖਤਿ ਉਰ ਭਾਰੀ ॥੩॥
-ਭੋਰ ਹੋਤਿ ਲੇ ਕਰਿ ਸਿਰੁਪਾਉ।
ਨਿਜ ਨਿਜ ਸੰਗਤਿ ਬਿਖੈ ਸਿਧਾਊਂ-।
ਸੁਪਤਿ ਜਾਮਨੀ ਸਭਿਨਿ ਬਿਤਾਈ।
ਭਈ ਪ੍ਰਭਾਤਿ ਉਠੇ ਸਮੁਦਾਈ ॥੪॥
ਸੌਚ ਸ਼ਨਾਨ ਸਭਿਨਿਹੂੰ ਕੀਨਿ।
ਚੀਰ ਸ਼ਰੀਰ ਭਲੇ ਧਰਿ ਲੀਨਿ।
ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ।
ਲੇ ਮਾਤੁਲ ਕੋ ਸੰਗ ਸਿਧਾਏ ॥੫॥
ਨੰਦ ਚੰਦ ਅਰੁ ਪਾਂਚਹੁਂ ਭ੍ਰਾਤਾ।
ਦਯਾਰਾਮ ਆਯੁਧ ਧਰਿ ਗਾਤਾ।
ਇੱਤਜਾਦਿਕ ਲੇ ਜੋਧਾ ਔਰ।
ਪਹੁੰਚੇ ਬੰਦੁਬਸਤ ਕੇ ਠੌਰ ॥੬॥
ਅਪਰ ਸੈਨ ਸਵਧਾਨ ਬਨਾਈ।
ਸਗਰੇ ਦ੍ਵਾਰਨਿ ਥਾਨ ਟਿਕਾਈ।
ਪਰਦਾ ਕਰਿ ਸਤਿਗੁਰ ਕੇ ਨੇਰੇ।
ਥਿਰੀ ਪੰਜਾਬ ਕੁਇਰ ਤਿਸ ਬੇਰੇ ॥੭॥
ਭਾਈ ਬਹਿਲੋ ਕੋ ਗੁਰਦਾਸ।
ਤਾਂਹਿ ਬੁਲਾਇ ਬਿਠਾਯੋ ਪਾਸ।
ਇਸ ਤੇ ਆਦਿ ਜਿਤਿਕ ਅਨੁਸਾਰੀ।

---
[1] ਰੱਸਿਆਂ ਦੇ।

ਸੋ ਸਗਰੇ ਢਿਗ ਲੀਨਿ ਹਕਾਰੀ ॥੮॥
ਪਕਰਨਿ ਹੇਤੁ ਬਲੀ ਕੁਛ ਬੀਰ।
ਕਰੇ ਹਕਾਰਨਿ ਰਾਖੇ ਤੀਰ।
ਇੱਤਜਾਦਿਕ ਸਭਿ ਕਰਿ ਤਕਰਾਈ।
ਜੋ ਮਸੰਦ ਸਭਿ ਮਹਿਂ ਬਡਿਆਈ ॥੯॥
ਪਠਿ ਨਰ ਤਿਸ ਕੋ ਪ੍ਰਥਮ ਬੁਲਾਯੋ।
ਸਿਰੇਪਾਉ ਹਿਤ ਬਾਕ ਸੁਨਾਯੋ।
ਸੁਨਿ ਅਨੰਦ ਕਰਿ ਪਹੁੰਚਯੋ ਜਾਈ।
ਬੈਠੇ ਕਲਗ਼ੀਧਰ ਤਿਸ ਠਾਂਈ ॥੧੦॥
ਖਿਰਯੋ ਆਨ ਕਰਿ ਨਿਕਟੀ ਜਬੈ।
ਸ਼ਾਰਤ ਕਰੀ ਭਟਨ ਕੋ ਤਬੈ।
ਗਹਿ ਲੀਨੋ ਸਿਰ ਪਾਗ ਉਤਾਰੀ।
ਕਰ ਪਗ ਤੇ ਜੁੜਯੋ ਦ੍ਰਿੜ੍ਹ ਭਾਰੀ ॥੧੧॥
ਤਿਮ ਹੀ ਦੁਤੀ ਮਸੰਦ ਹਕਾਰਾ।
ਕਰ ਪਗ ਜੁੜਿ ਤਿਸੀ ਢਿਗ ਡਾਰਾ।
ਨਹਿਂ ਬੋਲਨ ਦੀਨੋ ਕਹਿ ਤ੍ਰਾਸ।
ਕੋਸ਼ਠ ਬਿਖੈ ਬਿਠਾਯੋ ਤਾਸ ॥੧੨॥
ਪੁਨ ਤੀਸਰ ਕੋ ਲੀਆ ਬੁਲਾਇ।
ਕਰ ਪਗ ਬਾਂਧੇ ਦੇਤਿ ਬਿਠਾਇ।
ਵਹਿਰ ਸਭਿਨਿ ਮਹਿਂ ਇਮ ਬਿਦਤਾਏ।
'ਦੈਬੋ ਕਰਹਿਂ ਬ੍ਰਿੰਦ ਸਿਰੁਪਾਏ' ॥੧੩॥
ਪਹਿਰ ਪਹਿਰ ਤਨ ਮਹਿਂ ਪਟ ਆਛੇ।
ਹਰਖ ਧਰਤਿ ਅੰਤਰ ਕੋ ਗਾਛੇ[1]।
ਇਕ ਦੁਇ ਤ੍ਰੈ ਮਿਲਿ ਨਿਕਟ ਸਿਧਾਏ।
ਪਕਰਹਿਂ ਅੰਤਰ ਦੇਤਿ ਗਿਰਾਏ ॥੧੪॥
ਆਵਤਿ ਹੋਤਿ ਪ੍ਰਵੇਸ਼ ਅਨੇਕ।
ਹਟਿ ਕਰਿ ਨਿਕਸੈ ਨਾਂਹਿ ਨ ਏਕ।
ਬਾਂਧਿ ਬਾਂਧਿ ਕੋਸ਼ਠ ਮਹਿਂ ਗੇਰਹਿਂ।
ਖਰੇ ਨਿਕਟ ਕਯੋਂਹੂੰ ਨਹਿਂ ਟੇਰਹਿਂ[2] ॥੧੫॥
ਜਬਿ ਗਹਿ ਮੁਸ਼ਕਹਿਂ ਦੇਤਿ ਗਿਰਾਵਹਿਂ।

---

[1]ਅੰਦਰ ਜਾਂਦੇ ਹਨ।
[2](ਸੂਰਮੇ) ਪਾਸ ਖਲੋਤੇ ਹਨ (ਇਸ ਲਈ) ਕਿਸੇ ਤਰ੍ਹਾਂ (ਕੋਈ) ਬੋਲ ਨਹੀਂ ਸਕਦਾ।

ਤਬਿ ਪਕਰਨਿ ਕੀ ਸੁਧ ਕੋ ਪਾਵਹਿਂ।
ਜਾਤਿ ਵਹਿਰ ਤੇ ਹਰਖ ਉਦੋਤਿ।
ਅੰਤਰ ਪ੍ਰਵਿਸ਼ਹਿਂ ਬੰਧਨ ਹੋਤਿ ॥੧੬॥
ਜਬਹਿ ਪੰਚ ਸੈ ਪਕਰੇ ਗਏ।
ਕਛੁ ਸੰਸੈ ਸ਼ੇਖਨ[1] ਕੋ ਭਏ।
ਸਭਿ ਢਿਗ ਪਹੁੰਚੇ ਭਟ ਸਵਧਾਨ।
'ਤੂਰਨ ਚਲੀਅਹਿ' ਕਰਤਿ ਬਖਾਨਿ ॥੧੭॥
ਘੇਰ ਘੇਰ ਸਭਿ ਅੰਤਰ ਕਰੇ।
ਰਸਰਨਿ ਸੰਗ[2] ਬੰਧ ਤਹਿਂ ਧਰੇ।
ਕਹੌਂ ਕਹਾਂ ਲਗਿ ਕਥਾ ਅਗੇਰੀ।
ਗਹੇ ਇਕਾਦਸ਼ ਸੌ ਤਿਸ ਬੇਰੀ ॥੧੮॥
ਬਹੁ ਕੋਠਨਿ ਮਹਿਂ ਗਹਿ ਗਹਿ ਪਾਏ।
ਦ੍ਵਾਰ ਕਿਵਾਰਨਿ ਕੁਲਫ ਲਗਾਏ।
ਦਿਨ ਮੱਧਜਾਨ ਭਯੋ ਗੁਰੁ ਜਾਨਾ।
ਉਠਿ ਕਲਗ਼ੀਧਰ ਕੀਨਿ ਪਯਾਨਾ ॥੧੯॥
ਸੁਭਟ ਸੈਂਕਰੇ ਤਹਿਂ ਠਹਿਰਾਏ।
ਗਈ ਪੰਜਾਬ ਕੁਇਰ ਨਿਜ[*] ਥਾਏ।
ਖਾਨ ਪਾਨ ਕਰਿ ਗੁਰ ਬਿਸਰਾਮੇ।
ਸਿਹਜਾ ਮਾਂਹਿ ਬਿਸਦ ਅਭਿਰਾਮੇ[3] ॥੨੦॥
ਜਾਮ ਦਿਵਸ ਉਠਿ ਹੁਕਮ ਬਖਾਨਾ।
'ਕਰਹੁ ਮਸੰਦਨ ਤਾੜ ਮਹਾਨਾ।'
ਤਬਿ ਪੰਜਾਬ ਕੁਇਰ ਸੋਂ ਭਾਖਾ।
'ਲਿਹੁ ਪਲਟਾ ਜਿਮ ਉਰ ਅਭਿਲਾਖਾ' ॥੨੧॥
ਤਪਨ ਲਗੇ ਤਬਿ ਤੇਲ ਕੜਾਹੇ।
ਲਜਾਇ ਮਸੰਦਨ ਕੋ ਤਿਨ ਪਾਹੇ।
ਕਰਛੇ ਭਰਿ ਭਰਿ ਸਿਰ ਮਹਿਂ ਪਾਵੈਂ।
ਸੰਕਟ ਪਰੇ ਅਧਕ ਬਿਲਲਾਵੈਂ ॥੨੨॥
ਕਿਸਹੂੰ ਪਰ ਹੁਇ ਬੈਤਨ ਮਾਰ।

---

[1]ਬਾਕੀਆਂ ਨੂੰ।
[2]ਰੱਸਿਆਂ ਨਾਲ।
[*]ਪਾ:-ਤਿਸ।
[3]ਉੱਜਲ ਸੁੰਦਰ ਛੇਜਾ ਪਰ।

ਹਨਤਿ ਹਨਤਿ ਭੇ ਪ੍ਰਾਨ ਸੰਘਾਰਿ[1]।
ਬਡੇ ਮਸੰਦ ਬਡੇ ਅਪਰਾਧੀ।
ਬਡੀ ਸਜ਼ਾਇ ਪਾਇ ਮ੍ਰਿਤੁ ਲਾਧੀ ॥੨੩॥
ਨਿਸ ਦਿਨ ਬਨਹਿ ਤਾੜਨਾ ਭਾਰੀ।
ਮ੍ਰਿਤਕ ਭਏ ਬਾਹਿਰ ਦੇਂ ਡਾਰੀ।
ਕੇਤਿਕ ਦਿਨ ਗੁਰ ਰਾਖ੍ਯੋ ਡੇਰਾ।
ਸੇਵ ਪੰਜਾਬ ਕੁਇਰ ਬਹੁਤੇਰਾ ॥੨੪॥
ਬਾਰਿ ਬਾਰਿ ਕਹਿ ਰਖਹਿ ਮੁਕਾਮੂ।
'ਜਾਨ ਲੇਹੁ ਇਹ ਆਪਨ ਧਾਮੂ।'
ਕਹਿੰ ਲਗਿ ਕਹੌਂ ਸਜ਼ਾਇ ਮਸੰਦਨ।
ਜਿਹ ਹਨੀਯਤਿ ਭੇ ਪ੍ਰਾਨ ਨਿਕੰਦਨ ॥੨੫॥
ਕੋਠਨ ਤੇ ਬਾਹਰ ਗਹਿ ਲ੍ਯਾਵਹਿਂ।
ਤਪਤ ਤੇਲ ਬਹੁ ਊਪਰ ਪਾਵਹਿਂ।
ਕਿਤਿਕ ਬੰਧਿ ਸਿਰ ਤਰ[2] ਲਟਕਾਏ।
ਚਾਬਕ ਗਨ ਤੇ ਧਰ ਹਤਵਾਏ[3] ॥੨੬॥
ਜਸ ਅਪਰਾਧ ਕਰ੍ਯੋ ਹੰਕਾਰੇ। {ਵਿਸ਼ੇਸ਼ ਟੂਕ}
ਤਸ ਦੁਖ ਦੇ ਕਰਿ ਪ੍ਰਾਨ ਸੰਘਾਰੇ।
ਇਮ ਮਾਰਤਿ ਮਾਰਤਿ ਮਰਿ ਗਏ।
ਮਹਾਂ ਪਾਪ ਤੇ ਬਚਤਿ ਨ ਭਏ ॥੨੭॥
ਗੁਰ ਪੂਜਾ ਕੋ ਲੇ ਧਨ ਪਾਪੀ।
ਭੋਗਹਿਂ ਬਾਰ-ਬਧੂਨ ਸੁਰਾਪੀ[4]।
ਸਿਖ ਕੋ ਕਰਹਿਂ ਅਨਾਦਰ ਭਾਰੀ।
ਜ੍ਯੋਂ ਕ੍ਯੋਂ ਲੇਤਿ ਦਰਬ ਦੇ ਗਾਰੀ ॥੨੮॥
ਬਹੁਰ ਗੁਰਨ ਕੀ ਮਮਤਾ ਚਹੈਂ।
-ਹਮ ਬਡਿਆਇਂ ਤ ਪੂਜਾ ਲਹੈਂ।
ਕਰ੍ਯੋ ਹਮਾਰੋ ਹੀ ਗੁਰ ਹੋਇ।
ਹਮਰੇ ਬਿਨ ਧਨ ਦੇਇ ਨ ਕੋਇ- ॥੨੯॥
ਇੱਤ੍ਯਾਦਿਕ ਹੰਕਾਰ ਅਫਾਰੇ।

[1]ਨਾਸ਼।
[2]ਸਿਰ ਹੇਠਾਂ, ਭਾਵ ਪੁੱਠੇ।
[3]ਮਰਵਾਏ।
[4]ਵੇਸ਼ਵਾ ਭੋਗਦੇ ਤੇ ਸ਼ਰਾਬ ਪੀਂਦੇ।

ਪਾਪ ਬ੍ਰਿੰਦ ਨੇ ਅਵਗਤਿ ਡਾਰੇ।
ਛੁਟ੍ਯੋ ਨ ਕੋਊ ਜੋ ਗਹਿ ਲਏ।
ਹਨੀਅਤਿ ਇਮ ਹੀ ਮਰਿ ਮਰਿ ਗਏ ॥੩੦॥
ਹੁਤੇ ਪੰਜਾਬ ਕੁਵਰ ਅਨੁਸਾਰੀ।
ਤਿਨਹੁਂ ਮਸੰਦੀ ਦੇ ਤਿਸ ਬਾਰੀ।
ਦੇਸ਼ ਬਿਦੇਸ਼ਨਿ ਬਿਖੈ ਪਠਾਏ।
ਪਹੁਂਚਿ ਜਹਾਂ ਕਹਿਂ ਗੁਰ ਧਨ ਲ੍ਯਾਏ ॥੩੧॥
ਇਮ ਸਭਿ ਰੀਤਿ ਸੁਧਾਰਨਿ ਕੀਨੀ।
ਨਿਸ਼ਕੰਟਕ[1] ਤਿਸ ਕੋ ਕਰਿ ਦੀਨੀ।
ਮਨਭਾਵਤ ਕਰਿ ਹਰਖਤਿ ਹੋਈ।
ਕਾਰ ਕਰਨਿ ਲਾਗੇ ਸਭਿ ਕੋਈ ॥੩੨॥
ਬੰਦੁਬਸਤ ਸਭਿ ਘਰ ਕੋ ਕਰ੍ਯੋ।
ਮਾਨਵ ਦੁਸ਼ਟ ਨਿਕਾਰਨਿ ਕਰ੍ਯੋ।
ਚਿਤ ਕੀ ਚਿੰਤਾ ਦੂਰ ਬਿਦਾਰੀ।
ਪੁਨ ਕਲਗ਼ੀਧਰ ਕੀਨਸਿ ਤ੍ਯਾਰੀ ॥੩੩॥
ਦੁਸ਼ਟ ਮਸੰਦ ਪ੍ਰਹਾਰ ਸੰਘਾਰੇ[2]।
ਅੰਤਰ ਸਤਿਗੁਰ ਬੈਠਿ ਉਚਾਰੇ।
'ਅਬਿ ਤੁਮ ਭਯੋ ਮਨੋਰਥ ਪੂਰਾ।
ਨਿਰਬਾਹਹੁ ਘਰ ਕਾਰਜ ਰੂਰਾ' ॥੩੪॥
ਬਿਨੈ ਪੰਜਾਬ ਕੁਇਰ ਬਹੁ ਕਹੀ।
'ਤੁਮ ਬਿਨ, ਕੋ ਕਰਿ ਸਕਿ ਇਮ ਨਹੀਂ।
ਬਡੇ ਆਪ, ਮਮ ਕਾਜ ਸੁਧਾਰੀ।
ਸਭਿ ਬਿਧਿ ਕੀ ਮਮ ਚਿੰਤ ਨਿਵਾਰੀ ॥੩੫॥
ਆਗੈ ਸਦਾ ਸੰਭਾਰਤਿ ਰਹੀਅਹਿ।
ਮੋ ਵਿਧਵਾ ਕੀ ਕਾਰ ਨਿਬਹੀਅਹਿ।'
ਸੁਨਿ ਕਲਗ਼ੀਧਰ ਧੀਰਜ ਦੀਨਿ।
'ਨਿਜ ਅਨੁਸਾਰਿ ਸਕਲ ਅਬਿ ਕੀਨਿ[3] ॥੩੬॥
ਜਥਾ ਕਹੈਂ[4] ਤਿਮ ਕਾਰਜ ਕਰੈਂ।

---

[1]ਵੈਰੀ ਰਹਿਤ।
[2]ਮਾਰ ਮਾਰ ਕੇ ਮਾਰ ਦਿੱਤੇ।
[3]ਸਾਰੇ ਮਸੰਦ ਹੁਣ (ਤੁਹਾਡੇ) ਆਪਣੇ ਅਨੁਸਾਰੀ ਕਰ ਦਿੱਤੇ ਹਨ।
[4]ਤੂੰ ਕਹੇਂਗੀ।

ਤ੍ਰਾਸ ਲਹੈਂ, ਨਹਿੰ ਬਿੱਪ੍ਰੈ ਧਰੈ[1]।'
ਕਹਿ ਇੱਤਜਾਦਿ ਉਠੇ ਤਿਸ ਕਾਲਾ।
ਸ਼੍ਰੀ ਗੋਬਿੰਦ ਸਿੰਘ ਬਾਹੁ ਬਿਸਾਲਾ ॥੩੭॥
ਤਬਿ ਪੰਜਾਬ ਕੁਵਰ ਕਰ ਬੰਦੇ।
ਬੰਦਨ ਕਰੀ ਚਰਨ ਅਰਬਿੰਦੇ।
ਹੁਇ ਰੁਖ਼ਸਦ ਬਾਹਰ ਕੋ ਆਏ।
ਕਰਜੋ ਕੂਚ ਦੁੰਦਭਿ ਬਜਵਾਏ ॥੩੮॥
ਤਤਛਿਨ ਜ਼ੀਨ ਤਰੰਗਮ ਡਾਰੇ।
ਨਿਜ ਬਾਹਨ[2] ਪਰ ਹੁਇ ਅਸਵਾਰੇ।
ਪਸ਼ਚਮ ਦਿਸ਼ਿ ਕੌ ਮੁਖ ਕਰਿ ਚਾਲੇ।
ਭਈ ਬਾਹਨੀ[3] ਨਾਲ ਬਿਸਾਲੇ ॥੩੯॥
ਮਗ ਮਹਿਂ ਕਰਤਿ ਅਖੇਰ ਘਨੇਰੇ।
ਜਮਨਾ ਤੀਰ ਤੀਰ ਤਰੁ ਹੇਰੇ[4]।
ਅਨਿਕ ਭਾਂਤਿ ਕੀ ਸ਼ੋਭਾ ਧਾਰਤਿ।
ਗਮਨਤਿ ਮਾਰਗ ਤਿਨਹੁੰ ਨਿਹਾਰਤਿ ॥੪੦॥
ਤੇਜ ਸਹਿਤ ਤੁਰਨਤਾ ਧਾਰੀ।
ਸ਼੍ਰੀ ਗੋਬਿੰਦ ਸਿੰਘ ਕੀ ਅਸਵਾਰੀ।
ਨਗਰ ਪਾਂਵਟੇ ਪਹੁੰਚਤਿ ਭਏ।
ਲੋਕ ਹਜ਼ਾਰਹੁੰ ਅੱਗ੍ਰੀ ਅਏ[*] ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਮਰਾਇ ਮਸੰਦ ਸਾੜਨ' ਪ੍ਰਸੰਗ ਬਰਨਨੰ ਨਾਮ ਨਵਮੋ ਅੰਸੂ ॥੯॥

ਵਿਸ਼ੇਸ਼ ਟੂਕ:- ਮਸੰਦਾਂ ਨੂੰ ਜਿਨਾਂ ਦੇ ਪਾਪ ਇੱਥੇ ਦੱਸੇ ਹਨ ਅਤੇ ਜਿਨ੍ਹਾਂ ਨੇ ਰਾਮਰਾਇ ਜੀ ਨੂੰ ਜੀਉਂਦਿਆਂ ਸਾੜ ਦਿਤਾ ਸੀ ਦੰਡ ਦੇਣਾ ਨੀਤੀ ਅਨਕੂਲ ਸੀ। ਇਹ ਗਲ ਕਿ ਕਿਤਨੇ ਮਸੰਦ ਸਨ ਤੇ ਕੀਹ ਕੀਹ ਸਜ਼ਾ ਸੀ ਇਸ ਪਰ ਇਹੋ ਤੁਕ ਕੁਛ ਰਸਤਾ ਪਈ ਦੇਂਦੀ ਹੈ 'ਜਸ ਅਪਰਾਧ ਕਰਜੋ ਹੰਕਾਰੇ' ਜੈਸਾ ਜੈਸਾ ਅਪਰਾਧ ਹੰਕਾਰੀਆਂ ਨੇ ਕੀਤਾ ਸੀ ਤੈਸਾ ਤੈਸਾ ਦੰਡ ਸੀ।

ਜਿਨ੍ਹਾਂ ਨੇ ਜੀਂਵਦੇ ਜੀ ਰਾਮਰਾਇ ਜੀ ਨੂੰ ਸਾੜ ਦਿਤਾ ਸੀ ਉਹਨਾਂ ਦਾ ਦੰਡ ਤਾਂ ਮੌਤ ਹੋਣਾ ਹੀ ਸੀ। ਉਹਨਾਂ ਨੇ ਆਪਣੇ ਅਪਰਾਧ ਦਾ ਇਕਰਾਰ ਨਹੀਂ ਸੀ ਕੀਤਾ। ਤਦੋਂ ਤੇਲ ਤੱਤਾ ਕਰਕੇ ਕਹਿਣਾ ਵਿਚ ਹੱਥ ਪਾ ਤਾਂ ਸੱਚ ਪਤੀਜੇਗਾ, ਇਹ ਆਮ ਤ੍ਰੀਕਾ

---

[1]ਉਲਟਾ ਨਹੀਂ ਕਰਨਗੇ।
[2]ਅਸਵਾਰੀ।
[3]ਸੈਨਾ।
[4]ਬ੍ਰਿੱਛ ਦੇਖੇ।
[*]ਪਾ:-ਭਏ।

ਸੀ ਅਪਰਾਧੀ ਪਰਖਣੇ ਦਾ। ਇਸ ਤਰ੍ਹਾਂ ਡਰਾ ਡਰਾ ਰਾਮਰਾਇ ਜੀ ਦੇ ਪ੍ਰਾਣਾਂਤ ਕਰਨ ਵਾਲੇ ਖੂਨੀ ਲੱਭਣ ਤੇ ਪਰਖਣ ਦਾ ਜਤਨ ਕੀਤਾ ਹੋਣਾ ਹੈ। ਇਸ ਤੋਂ ਸਮਾਂ ਪਾ ਕੇ ਰਵਾਯਤ ਚੱਲ ਪਈ ਕਿ ਸਾਰੇ ਤੇਲ ਪਾ ਪਾ ਸਾੜੇ। ਇਹ ਤਾਂ ਤ੍ਰੀਕਿਆਂ ਵਿਚ ਇਕ ਤ੍ਰੀਕਾ ਸੀ ਅਪਰਾਧ ਸਹੀ ਕਰਨੇ ਦਾ। ਸੋ ਜੋ ਮੌਤ ਦੀ ਸਜ਼ਾ ਦੇ ਲਾਇਕ ਸਨ ਉਹ ਮੌਤ ਦੀ ਸਜ਼ਾ ਨਾਲ ਦੰਡੇ ਗਏ ਤੇ ਬਾਕੀ ਦੇ ਆਪਣੇ ਆਪਣੇ ਅਪਰਾਧਾਂ ਮੂਜਬ ਸਜ਼ਾਯਾਬ ਹੋਏ। ਯਾਰਾਂ ਸੌ ਦਾ ਸਾੜੇ ਜਾਣਾ ਸਮਝ ਲੈਣਾ ਠੀਕ ਨਹੀਂ। ਯਾਰਾਂ ਸੌ ਮਸੰਦ ਗਿਣਤੀ ਵਿਚ ਹੋਣਾ ਬੀ ਸੰਸੇ ਵਾਲੀ ਗਲ ਹੈ। ਯਾਰਾਂ ਸੌ ਨੂੰ ਡੱਕਣ ਵਾਸਤੇ ਕੋਠੇ ਕਿੰਨੇ ਕੁ ਚਾਹੀਏ ਤੇ ਬੰਨ੍ਹਣ, ਨਿਆਂ ਕਰਨ ਤੇ ਸਾੜ ਦੇਣ ਵਾਸਤੇ ਵਕਤ ਕਿੰਨਾ ਕੁ ਲੋੜੀਏ? ਅੰਕ ੩੧ ਦੱਸਦਾ ਹੈ ਕਿ ਮਸੰਦ ਜੋ ਚੰਗੇ ਸਨ ਦੇਸਾਂ ਬਦੇਸ਼ਾਂ ਨੂੰ ਟੋਰੇ। ਸੋ ਸਹੀ ਹੋਇਆ ਕਿ ਚੋਖੇ ਮਸੰਦ ਬਚ ਰਹੇ ਜੋ ਪ੍ਰਦੇਸ਼ਾਂ ਨੂੰ ਟੋਰੇ ਤੇ ਅਦਾਲਤ ਬੀ ਜ਼ਰੂਰ ਹੋਈ। ਜਿਸ ਵਿਚ ਚੰਗੇ ਬੁਰੇ ਪਰਖੇ ਗਏ। ਤ੍ਵਾਰੀਖ ਖਾਲਸਾ ਦੇ ਲੇਖਕ ਨੇ ਬੀ ਤੇਲ ਵਿਚ ਸਾੜੇ ਜਾਣਾ ਸ੍ਵੀਕਾਰ ਨਹੀਂ ਕੀਤਾ।

ਮਸੰਦਾਂ ਦੇ ਅਪਰਾਧ ਵਿਚਾਰਿਆਂ ਜੋ ਉਹਨਾਂ ਨੇ ਸੰਗਤਾਂ ਨੂੰ ਦੁੱਖ ਦਿਤੇ ਸਨ ਤੇ ਜੋ ਵਿਭਚਾਰ ਕਮਾਏ ਸਨ ਤੇ ਅੱਗੇ ਜਿਨ੍ਹਾਂ ਦੁਖਾਂ ਦੇ ਸੰਗਤਾਂ ਨੂੰ ਵਾਪਰਨ ਦਾ ਡਰ ਸੀ ਸੋ ਉਹਨਾਂ ਨੂੰ ਅਪਰਾਧ ਮੂਜਬ ਦੰਡ ਦੇਣਾ ਸੰਗਤਾਂ ਨਾਲ ਪਿਆਰ ਕਰਨਾ ਸਿੱਧ ਹੁੰਦਾ ਹੈ। ਦੇਖੋ ਅੰਸੂ ੮ ਅੰਕ ੩੮ ਦੀ ਤੁਕ 'ਅਰ ਸਤਿਸਗਤ ਕੇ ਬਹੁ ਹਿਤ ਕੋ ਤਥਾ ਅੰਸੂ ੧੦ ਦਾ ਅੰਕ ੧ 'ਨਿਜ ਸਿੱਖਨ ਕੋ ਸੁਖ ਦਯੋ ਬਿਗਰਤਿ ਪੰਥ ਸੁਧਾਰਿ। ' ਰਾਮਰਾਇ ਜੀ ਦੇ ਦੇਹੁਰੇ ਦੇ ਨਾਲ ਹੀ ਉੱਤਰ ਦੇ ਪਾਸੇ ਉਹ ਟਿਕਾਣਾ ਹੈ ਜਿੱਥੇ ਬੈਠਕੇ ਸਤਿਗੁਰੂ ਜੀ ਨੇ ਨਿਆਂ ਕੀਤਾ ਸੀ, ਇਹ ਟਿਕਾਣਾ ਹੁਣ ਤਕ ਹੈ। ਪਹਿਲੋਂ ਮਹੰਤ ਜੀ ਤੇ ਸੇਵਾਦਾਰ ਆਪ ਜਗ੍ਹਾ ਦਿਖਾਲਦੇ ਤੇ ਦੱਸਿਆ ਕਰਦੇ ਸਨ ਕਿ ਐਥੇ ਦਸਮ ਗੁਰੂ ਜੀ ਬੈਠੇ ਸਨ, ਐਥੇ ਦਿਵਾਨ ਲਾਇਆ ਸੀ, ਐਥੇ ਦੰਡ ਦਿਤਾ ਸੀ, ਪਰ ਅਕਾਲੀ ਅੰਦੋਲਨ ਤੋਂ ਮਗਰੋਂ ਭੈ ਕਰਕੇ ਕਿ ਮਤਾਂ ਅਕਾਲੀ ਨਾਂ ਆ ਜਾਣ, ਟਿਕਾਣੇ ਦੱਸਣ ਵੇਲੇ ਹੁਣ ਕੁਛਕ ਸੰਕੋਚ ਤੋਂ ਕੰਮ ਲੈਂਦੇ ਹਨ।

੧੦. [ਫਤੇਸ਼ਾਹ ਦੇ ਲਾਗੀ ਆਏ। ਤੰਬੋਲ ਦੀ ਤਿਆਰੀ]

੯<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੧

ਦੋਹਰਾ: ਇਸ ਪ੍ਰਕਾਰ ਸ੍ਰੀ ਸਤਿਗੁਰੂ,
ਦੁਸ਼ਟ ਮਸੰਦਨ ਮਾਰਿ।
ਨਿਜ ਸਿੱਖਨ ਕੌ ਸੁਖ ਦਿਯੋ,
ਬਿਗਰਤਿ ਪੰਥ ਸੁਧਾਰਿ ॥੧॥
ਚੌਪਈ: ਬਸੇ ਪਾਂਵਟੇ ਨਗਰ ਮਝਾਰਾ।
ਜਹਿਂ ਸ੍ਰੀ ਜਮੁਨਾ ਸੁੰਦਰ ਧਾਰਾ।
ਸ਼ਿਲਾ ਬਿਸਾਲ ਤੀਰ ਥਿਰ* ਜਹਾਂ[1]।
ਕਰਿ ਮੱਜਨ ਕੌ ਬੈਠੇ ਤਹਾਂ ॥੨॥
ਸ੍ਰੀ ਮੁਖ ਤੇ ਕਵਿਤਾ ਸ਼ੁਭ ਰਚੈਂ।
ਛੰਦ ਸਵੈਯੇ ਸ਼ੁਭ ਪਦ ਖਚੈਂ।
ਜਾਮ ਦਿਵਸ ਲੌ ਤਹਾਂ ਸੁਹਾਵੈਂ।
ਕੋ ਕਾਰਜ ਕਿਤ[2] ਨਿਕਟ ਨ ਆਵੈ ॥੩॥
ਲਿਖਿਬੇ ਹਿਤ ਇਕ ਥਿਰੇ ਲਿਖਾਰੀ।
ਹੋਇ ਇਕਾਂਕੀ ਕਰਹਿਂ ਬਿਚਾਰੀ।
ਪੁਨ ਉਠਿ ਮਹਾਰਾਜ ਗੁਰ ਪੂਰੇ।
ਅਚਹਿਂ ਅਸਨ ਨਾਨਾ ਬਿਧਿ ਰੂਰੇ ॥੪॥
ਵਰਤਹਿ ਦੇਗ ਅਤੋਟ ਭੰਡਾਰਾ।
ਖਾਇਂ ਅਹਾਰਨਿ ਸਿੱਖ ਹਜ਼ਾਰਾ।
ਆਵਹਿਂ ਜਾਇਂ ਨਿਤਾਪ੍ਰਤਿ ਨਏ।
ਦਰਸਹਿਂ ਚਰਨ ਕਮਲ ਸੁਕ ਮਏ ॥੫॥
ਪੁਨ ਕਲ਼ਗੀਧਰ ਕੇਤਿਕ ਸਮੈਂ।
ਥਿਰੇ ਪ੍ਰਯੰਕ ਆਇ ਨਰ ਨਿਮੈਂ।
ਨੰਦ ਚੰਦ ਸੰਗੋ ਤੇ ਆਦਿ।
ਬੰਦਤਿ ਬੈਠਹਿਂ ਧਰਿ ਅਹਿਲਾਦਿ ॥੬॥
ਰਾਜ ਸਾਜ ਕੀ ਬਾਤ ਅਨੇਕ।
ਕਰਹਿਂ ਬੂਝਿ ਕਰਿ ਜਲਧਿ ਵਿਵੇਕ।
ਅਪਰ ਪ੍ਰਸੰਗ ਕਹੈਂ ਮਨ ਭਾਏ।

---

*ਪਾ:-ਸੁਤੀਰਥ।
[1]ਜਿੱਥੇ ਕਿਨਾਰੇ ਤੇ ਵੱਡੀ ਸ਼ਿਲਾ ਟਿਕੀ ਹੈ।
[2]ਕਿਸੇ ਕਾਰਜ ਲਈ ਕੋਈ।

ਹਾਸ ਬਿਲਾਸ ਅਨੰਦ ਕੋ ਪਾਏ ॥੭॥
ਪੁਨ ਸਤਿਗੁਰੁ ਕੁਛ ਕਰਹਿਂ ਅਰਾਮ।
ਪੌਢਹਿਂ ਬਡ ਪ੍ਰਯੰਕ ਅਭਿਰਾਮ।
ਜਾਮ ਤੀਸਰੇ ਉਠੈਂ ਗੁਸਾਈਂ।
ਸੁੱਖਾ ਹੋਇ ਤਜਾਰ ਸਮੁਦਾਈ ॥੮॥
ਸਹਿਤ ਹਫੀਮ ਛਕਹਿਂ ਤਿਸ ਨਾਲੇ[+]।
ਚਢਹਿਂ ਤੁਰੰਗਮ ਬਾਹਰ ਚਾਲੇ।
ਕਿਤਿਕ ਦੂਰ ਪਸ਼ਚਮ ਦਿਸ਼ਿ ਤਹਾਂ।
ਲਗਵਾਯੋ ਉਪਬਨ ਤਰੁ ਮਹਾਂ[੧] ॥੯॥
ਆਰੂ ਦਾਰਮ[੨], ਬ੍ਰਿਦੰ ਰਸਾਲ[੩]।
ਆਮਰੂਦ, ਕਦਲੀ[੪], ਗੁਲਲਾਲ[੫]।
ਰਾਇਬੇਲ[੬], ਚੰਬੇਲੀ ਘਨੀ।
ਆਲਬਾਲ ਸੁੰਦਰ ਜਲ ਸਨੀ ॥੧੦॥
ਸੇਵ[੭], ਸੇਵਤੀ[੮], ਦਲ ਫਲ ਫੂਲ।
ਕਲਤਿ ਮਾਲਤੀ[੯], ਤਰੁ ਦ੍ਰਿਢ ਮੂਲ[੧੦]।
ਅਬਿ ਲੌ ਥਲ ਤਿਸ ਖਰੇ ਰਸਾਲ[੧੧]।

[+]ਜਾਪਦਾ ਹੈ ਕਿ ਕਵਿ ਜੀ ਨੇ ਗੁਰ ਬਿਲਾਸ ਭਾਈ ਸੁੱਖਾ ਸਿੰਘ ਤੋਂ ਭੰਗ ਅਫੀਮ ਦਾ ਖਿਆਲ ਲੈਕੇ ਯਾ ਰਵਾਯਤਨ ਸੁਣਕੇ ਆਪਣੀ ਖੋਜ ਕੀਤੇ ਬਿਨਾਂ ਹੀ ਲਿਖਿਆ ਹੈ। ਬੀਸ ਕੁ ਬਰਸ ਦੀ ਉਮਰ ਵਿਚ ਅਫੀਮ ਦੀ ਲੋੜ ਕਦ ਪੈਂਦੀ ਹੈ ਤੇ 'ਉਹ ਰਸੁ ਪੀਆ ਇਹ ਰਸੁ ਨਹੀਂ ਭਾਵਾ' ਮਹਾਂ ਵਾਕ ਦੇ ਜੀਵਨ ਵਾਲੇ ਪੈਗ਼ੰਬਰ ਅਵਤਾਰ ਤੇ ਗੁਰ ਪਰਮੇਸ਼ਰ ਕਦੇ ਇਹਨਾਂ ਦੁਖਦਾਈ ਚੀਜ਼ਾਂ ਦੇ ਮੁਥਾਜ ਹੋ ਸਕਦੇ ਸਨ? ਅਜੇ ਤਕ ਜੰਗ ਬੀ ਨਹੀਂ ਆਰੰਭ ਹੋਏ ਜੋ ਕੋਈ ਜੰਗ ਦਾ ਬਹਾਨਾ ਹੀ ਦੇ ਸਕੇ ਕਿ ਜੁੱਧ ਵੇਲੇ ਲੋੜ ਹੁੰਦੀ ਹੈ। ਦੇਖੋ ਰੁਤ ੩ ਅੰਸੂ ੪੪ ਅੰਕ ੨੦ ਦੀ ਹੇਠਲੀ ਟੂਕ।

[੧]ਬਾਗ ਬਹੁਤੇ ਬ੍ਰਿੱਛਾਂ ਵਾਲਾ।

[੨]ਅਨਾਰ।

[੩]ਅੰਬ।

[੪]ਕੇਲੇ।

[੫]ਲਾਲ ਫੁਲਾਂ (ਦੇ ਬੂਟੇ) ਜੈਸੇ ਜਾਪਾ ਕੁਸਮ। (ਅ) ਗੂੜ੍ਹੇ ਲਾਲ ਰੰਗ ਦਾ ਫੁਲ ਜਿਸ ਦੇ ਅੰਦਰ ਕਾਲਾ ਦਾਗ ਹੁੰਦਾ ਹੈ, ਜਿਸ ਨੂੰ ਗੁਲੇ ਲਾਲਾ ਕਹਿੰਦੇ ਹਨ। (ੲ) ਕਈ ਗਿਆਨੀ ਇਸ ਨੂੰ ਗੁਲ ਦੁਪਹਿਰੀ ਸਮਝਦੇ ਹਨ ਜੋ ਸਲੂਣਕ ਦੀ ਜਾਤ ਵਿਚੋਂ ਹੈ ਤੇ ਉਨ੍ਹਾਲੇ ਧੁੱਪ ਚੜ੍ਹਿਆਂ ਖਿਲਦਾ ਹੈ।

[੬]ਰਵੇਲ।

[੭]ਸੋਉ।

[੮]ਚਿੱਟਾ ਗੁਲਾਬ ਜੋ ਅਕਸਰ ਖੁਦਰੌ ਤੇ ਇਕਹਿਰਾ ਤੇ ਖੁਸ਼ਬੂਦਾਰ ਹੁੰਦਾ ਹੈ; ਵੈਦ ਦਵਾਈਆਂ ਵਿਚ ਵਰਤਦੇ ਹਨ।

[੯]ਸੁੰਦਰ ਮਾਲਤੀ।

[੧੦]ਬ੍ਰਿੱਛ ਪੱਕੀਆਂ ਜੜ੍ਹਾਂ ਵਾਲੇ।

[੧੧]ਅੰਬ।

ਕਹੈ ਸਿੰਘ ਕਵਿ ਪਿਖੇ ਬਿਸਾਲ* ॥੧੧॥
ਛਕਿ ਸੁੱਖਾ ਉਪਬਨ[1] ਕੋ ਆਵਹਿਂ।
ਸੁਭਟ ਸੈਂਕਰੇ ਸੰਗ ਸਿਧਾਵਹਿਂ।
ਸੌਚ ਸ਼ਨਾਨ ਕਰਹਿਂ ਤਿਸ ਥਾਨ।
ਬੈਠਹਿਂ ਸਤਿਗੁਰ ਲਾਇ ਦਿਵਾਨ ॥੧੨॥
ਗਨ ਰਾਜਨਿ ਕੋ ਆਇਂ ਵਕੀਲ।
ਦਰਸ਼ਨ ਕਰਹਿਂ ਸਰਾਹਿਂ ਸੁਸ਼ੀਲ।
ਹੁਇ ਸ਼ਸਤ੍ਰਨਿ ਬਿੱਦਜਾ ਅੱਭਜਾਸ।
ਹਨਹਿਂ ਲੱਛ ਬਹੁ ਧਰਹਿਂ ਹੁਲਾਸ ॥੧੩॥
ਤੀਰ ਤੁਪਕ ਤੋਮਰ ਕੋ ਮਾਰਨਿ।
ਬਾਰਿ ਬਾਰਿ ਭਟਹੂੰਨ ਨਿਹਾਰਨ।
ਤੁਰੰਗ ਪਲਾਵਨ[2], ਕਬਹੁਂ ਫੰਧਾਵਨ[3]।
ਅਨਿਕ ਚਲਾਕੀ ਫੇਰਿ ਦਿਖਾਵਨਿ ॥੧੪॥
ਇਸ ਪ੍ਰਕਾਰ ਕੇ ਅਨਿਕ ਬਿਲਾਸਨਿ।
ਰਣ ਕਰਿਬੇ ਹਿਤ ਕਰਹਿਂ ਪ੍ਰਕਾਸ਼ਨਿ।
ਸਿੱਖਨ ਮਹਿਂ ਜਹਿਂ ਕਹਿਂ ਜਸ ਫੈਲਾ।
ਹਤੇ ਮਸੰਦ ਅਧਿਕ ਸੁਖਦੈਲਾ[4] ॥੧੫॥
ਸੰਧਜਾ ਭਏ ਆਇ ਪੁਨ ਡੇਰੇ।
ਸੁਭਟ ਸ਼ਸਤ੍ਰ ਜੁਤਿ ਸੰਗ ਘਨੇਰੇ।
ਸ਼ਬਦ ਕੀਰਤਨ ਕਰਹਿਂ ਰਬਾਬੀ।
ਭਾਂਤਿ ਭਾਂਤਿ ਕੇ ਰਾਗ ਅਜਾਬੀ[5] ॥੧੬॥
ਬਾਗ਼ ਬੀਚ ਇਕ ਬਾਸੁਰ ਬੈਸੇ।
ਸੁਰ ਸਿੱਖਨ+ ਮਹਿਂ ਸੁਰਪਤਿ ਜੈਸੇ।
ਫਤੇਸ਼ਾਹਿ ਸ਼੍ਰੀਨਗਰ ਭੁਪਾਲਾ।
ਲਾਗੀ ਪਠੇ ਆਇ ਤਿਸ ਕਾਲਾ ॥੧੭॥

---

*ਇਹ ਕਵਿ ਜੀ ਨੇ ਆਪ ਡਿੱਠਾ ਹੈ ਸਾਰਾ ਟਿਕਾਣਾ ਤੇ ਸਮਾਚਾਰ ਤੇ ਰਵਾਇਤਾਂ ਬੀ ਇਥੋਂ ਸਹੀ ਕੀਤੀਆਂ ਜਾਪਦੀਆਂ ਹਨ।

[1]ਬਾਗ।

[2]ਨਸਾਉਣੇ।

[3]ਛਾਲਾਂ ਮਰਵਾਉਣੀਆਂ।

[4]ਸੁਖ ਦੇਣ ਵਾਲੇ (ਸ਼੍ਰੀ ਗੁਰੂ ਜੀ ਨੇ)।

[5]ਅਸਚਰਜ।

+ਪਾ:-ਸਿੰਘਨ।

ਕਰਿ ਬੰਦਨ ਕੋ ਦੀਨਸਿ ਪਾਤੀ।
ਨ੍ਰਿਪ ਕੀ ਨਮੋ ਕੀਨਿ ਬੱਖਜਾਤੀ।
ਆਨਿ ਕਾਵਰਾਂ[1] ਅਨਿਕ ਕਹਾਰਨਿ[2]।
ਗੁਰ ਆਗੇ ਸਭਿ ਕੀਨਿ ਉਤਾਰਨਿ ॥੧੮॥
ਹਾਥ ਬੰਦਿ ਮਾਨਵ ਕਹਿਂ ਬਾਨੀ।
'ਮਹਿਪਾਲਕ ਬਹੁ ਬਿਨੈ ਬਖਾਨੀ।
ਗੰਠ[3] ਪੁੰਗ ਫਲ ਆਦਿ ਪਠਾਈ।
ਨਿਜ ਕੰਨਜਾ ਕੋ ਬਜਾਹ ਰਚਾਈ ॥੧੯॥
ਸਦਨ ਅਵਾਹਨ ਤੁਮ ਕੋ ਚਾਹਾ।
ਹਿਤ ਬਡਿਆਈ ਅਧਿਕ ਉਮਾਹਾ।
ਚਰਨ ਆਪ ਕੇ ਜਬਿ ਤਹਿਂ ਪਰੈਂ।
ਸਭਿ ਭ੍ਰਾਤਨਿ ਤੇ ਬਡਤਾ ਧਰੈਂ' ॥੨੦॥
ਸੁਨਿ ਸਤਿਗੁਰ ਤਿਨ ਧੀਰਜ ਦੀਨੋ।
ਮਿਲਿ ਕਰਿ[4] ਵਾਸ ਪਾਂਵਟੇ ਕੀਨੋ।
ਭਈ ਭੋਰ ਨਿਜ ਨਿਕਟ ਬੁਲਾਇ।
ਕਰੇ ਬਿਸਰਜਨ ਦਰਬ ਦਿਵਾਇ ॥੨੧॥
'ਹਮਰੇ ਆਵਨਿ ਮਹਿਂ ਸੰਦੇਹੂ।
ਸੰਗ ਭੂਰ ਸਿਖ ਸੈਨ ਸਨੇਹੂ[5]।
ਕਾਰਨ ਘਨੇ ਅਪਰ ਕਹਿਂ ਕਹਾਂ।
ਰਾਜੇ ਅਨਿਕ ਆਇ ਹੈਂ ਜਹਾਂ ॥੨੨॥
ਹੁਇ ਨ ਪਰਹਿ ਕਿਸ ਸਾਥ ਬਖੇਰਾ।
ਕੇਤਿਕ ਪੂਰਬ ਬਾਢਯੋ ਝੇਰਾ।
ਨਿਜ ਦੀਵਾਨ ਪਠਾਵਨ ਕਰੈਂ।
ਕੇਤਿਕ ਸੈਨ ਤਿਨਹੁੰ ਸੰਗ ਕਰੈਂ' ॥੨੩॥
ਇੱਤਜਾਦਿਕ ਸੋ ਨਰ ਸੁਨਿ ਕਾਨ।
ਬੰਦਤਿ ਨ੍ਰਿਪ ਢਿਗ ਕੀਨਿ ਪਯਾਨ।

---

[1]ਵਹਿਗੀਆਂ।
[2]ਕਹਾਰਾਂ ਨੇ।
[3]ਰਾਜੇ ਨੇ ਗੰਢ ਭੇਜੀ ਹੈ ਸੁਪਾਰੀ ਆਦਿਕ। [ਸੂਚਨਾ-ਮੌਲੀ ਸੁਪਾਰੀ ਆਦਿ ਚੀਜ਼ਾਂ ਭੇਜ ਦੇਣ ਨੂੰ ਗੰਢ ਘੱਲਣੀ ਕਹਿੰਦੇ ਹਨ। ਇਹ ਗੰਢ ਮੇਲ ਨੂੰ ਸੱਦਣ ਵਾਸਤੇ ਘੱਲੀਦੀ ਹੈ। ਹੁਣ ਆਮ ਮੁਹਾਵਰਾ ਹੋ ਗਿਆ ਹੈ ਫੁਲਾਣੇ ਨੇ ਗੰਢ ਘੱਲੀ ਹੈ ਭਾਵ ਮੇਲ ਸੱਦਿਆ ਹੈ]।
[4]ਮੁਲਾਕਾਤ ਤੋਂ ਮਗਰੋਂ (ਉਨ੍ਹਾਂ ਲਾਗੀਆਂ ਨੇ)।
[5]ਭਾਵ ਸਿੱਖ, ਫੌਜ ਤੇ ਮਿੱਤ੍ਰ ਸੰਬੰਧੀ (ਸੰਗੋ ਸ਼ਾਹ ਆਦਿਕ) ਬਹੁਤ ਨਾਲ ਹਨ।

ਜਾਇ ਪ੍ਰਸੰਗ ਸੁਨਾਵਨਿ ਕਰਜੋ।
ਬਚ ਕਲਗੀਧਰ ਜਥਾ ਉਚਰਜੋ ॥੨੪॥
ਸਕਲ ਭਾਂਤਿ ਤਯਾਰੀ ਕਰਿਵਾਈ।
ਫਤੇਸ਼ਾਹਿ ਉਰ ਮੋਦ ਬਢਾਈ।
-ਬਹੁਤੇ ਆਇਂ ਮੇਲ ਮਹਿਂ ਰਾਜੇ।
ਉਤ ਬਰਾਤ ਮਹਿਂ ਬ੍ਰਿੰਦ ਬਿਰਾਜੇ[1] ॥੨੫॥
ਸਕਲ ਗਿਰਨਧਾਰਾ ਪਤਿ ਮਿਲੇਂ।
ਹੁਇ ਉਤਸਾਹ ਬ੍ਯਾਹ ਕੌ ਭਲੇ-।
ਘਨੋ ਅੰਨ ਘ੍ਰਿਤ ਕੋ ਪਕਵਾਨ।
ਮਧੁਰ ਕਰਹਿਂ ਰਖਵਾਇ ਮਹਾਨ ॥੨੬॥
ਤ੍ਰਿਣ ਦਾਨਾ ਕੋ ਸੰਚਿ ਅੰਬਾਰ।
ਖਰਚਹਿਂ ਧਨ ਕੌ ਬਨ੍ਯੋ ਉਦਾਰਾ।
ਇਤ ਸਤਿਗੁਰ ਉਰ ਬਿਖੈ ਬਿਚਾਰਾ।
ਰਾਜਨੀਤਿ ਕੋ ਜਿਤਿਕ ਪ੍ਰਕਾਰਾ ॥੨੭॥
-ਕੰਨ੍ਯਾ ਬ੍ਯਾਹ ਬਿਖੈ ਕਛੁ ਦੇਨਾ।
ਜਗਤ ਰੀਤਿ ਠਾਨਹਿ, ਸਭਿ ਲੇਨਾ।
ਜਾਨਿ ਆਪਨੀ ਊਚ ਬਡਾਈ।
ਦੁਤੀਏ ਪਿਖਹਿਂ ਬ੍ਰਿੰਦ ਗਿਰਰਾਈ- ॥੨੮॥
ਬਹੁਰੋ ਚਿਤ ਉਦਾਰ ਗੁਰ ਕੇਰਾ।
ਯਾਂ ਤੇ ਚਾਹਤਿ ਦਿਯੋ ਘਨੇਰਾ।
ਜੇਵਰ ਜਰੇ ਜਰਾਵ[2] ਜਵਾਹਰ।
ਜਾਗਤਿ ਜ਼ੇਬ ਜਿਨਹੁਂ ਕੀ ਜ਼ਾਹਰ ॥੨੯॥
ਸੁੰਦਰ ਕੁੰਦਨ ਕੇ[3] ਕਰਿਵਾਏ।
ਬਹੁਤ ਦਰਬ ਜਿਨ ਊਪਰ ਲਾਏ।
ਪਸ਼ਮੰਬਰ ਪਾਟੰਬਰ ਘਨੇ।
ਗੋਟਾ ਜ਼ਰੀ ਲਾਗ ਬਰ ਬਨੇ ॥੩੦॥
ਬਾਸਨ[4] ਕੰਚਨ ਰਜਤ[5] ਘਰਾਏ।
ਕਾਰੀਗਰਨਿ ਅਨੇਕ ਬਨਾਏ।

---

[1](ਮੇਰੇ ਘਰ) ਮੇਲ (ਮਾਂਵੀ) ਬਣਕੇ ਬਹੁਤੇ ਰਾਜੇ ਆਉਣਗੇ, ਉਧਰੋਂ ਜੰਞ ਵਿਚ ਬੀ ਬਹੁਤੇ ਰਾਜੇ ਬਿਰਾਜਣਗੇ।
[2]ਜੜਾਊ।
[3]ਖਾਲਸ ਸੋਨੇ ਦੇ।
[4]ਭਾਂਡੇ।
[5]ਸੋਨੇ ਚਾਂਦੀ ਦੇ।

ਇੱਤਯਾਦਿਕ ਦਾਇਜ ਕੇ ਹੇਤੁ।
ਧਨ ਗਨ ਦੀਨਸਿ ਕ੍ਰਿਪਾ ਨਿਕੇਤ ॥੩੧॥
ਸਵਾਲਾਖ ਕੋ ਕਰਿ ਤੰਬੋਲ[1]।
ਬਸਤੁ ਅਜਾਇਬ ਜਿਨ ਬਹੁ ਮੋਲ।
ਨੰਦਚੰਦ ਸਭਿ ਤਯਾਰ ਕਰਾਇ।
ਸ਼੍ਰੀ ਸਤਿਗੁਰ ਕੋ ਦੀਨਿ ਦਿਖਾਇ ॥੩੨॥
ਅਵਿਲੋਕਤਿ ਪ੍ਰਭੁ ਹੁਕਮ ਬਖਾਨਾ।
'ਦਯਾਰਾਮ ਪ੍ਰੋਹਤ ਮਤਿਵਾਨਾ!
ਤੋਹਿ ਸਹਿਤ ਲੈ ਚਮੂੰ ਘਨੇਰੀ।
ਪਹੁੰਚਨਿ ਬਨਹਿ ਬਜਾਹ ਜਿਸ ਬੇਰੀ ॥੩੩॥
ਸੈਲਪਤਨਿ ਕੇ ਗਨ ਜਬਿ ਮਿਲੈਂ।
ਕਰਹੁ ਦਿਖਾਵਨਿ ਤਬਿ ਸਭਿ ਭਲੇ।'
ਨੰਦ ਚੰਦ ਅਰੁ ਦਿਜ ਸੁਨਿ ਕਰਿ ਕੈ।
ਬੂਝਨਿ ਲਾਗੇ ਰਿਦੈ ਬਿਚਰਿ ਕੈ ॥੩੪॥
'ਪਰਬਤ ਪਾਲਿਕ[2] ਕਿਤਿਕ ਬਿਰੋਧੀ।
ਭੀਮ ਚੰਦ ਤੇ ਆਦਿ ਕਰੋਧੀ।
ਭਏ ਮੇਲ ਤੇ ਵਧਹਿ ਬਖੇਰਾ।
ਆਵਨ ਮੁਸ਼ਕਲ ਹੁਇ ਤਿਸ ਬੇਰਾ ॥੩੫॥
ਪੰਥ ਪਹਾਰਨ ਬਿਖਮ ਬਡੇਰੇ।
ਕੌਨ ਸਹਾਇਕ ਹੁਇ ਤਿਸ ਬੇਰੇ?'
ਸੁਨਿ ਕਲਗੀਧਰ ਹੁਕਮ ਬਖਾਨਾ।
'ਸੰਸ਼ਯ ਕਹਾਂ ਏਵ ਤੁਮ ਠਾਨਾ ॥੩੬॥
ਦਿਢ ਨਿਸ਼ਚਾ ਉਰ ਰਾਖਹੁ ਐਸੇ।
ਸਤਿਗੁਰ ਕਰਹਿਂ ਪਠਾਵਨਿ ਜੈਸੇ।
ਤਿਮ ਹੀ ਸਤਿਗੁਰ ਲਜਾਵਨਿ ਕਰੈਂ।
ਅਪਨੇ ਜਾਨਹਿਂ ਰੱਛਾ ਧਰੈਂ ॥੩੭॥
ਜੋ ਸਿਖ ਮੇਰੋ ਗਹੈ ਅਲੰਬ[3]।
ਕਰੈਂ ਮਿਟਾਵਨਿ ਬਿਘਨ ਕਦੰਬ[4]।

---

[1]ਨਿਉਂਦ੍ਰਾ।
[2]ਪਹਾੜੀ ਰਾਜੇ।
[3]ਆਸਰਾ।
[4]ਸਾਰੇ।

ਜੇ ਰਾਖਹਿਂ ਨਿਤ ਮੋਰ ਭਰੋਸਾ।
ਤਿਨ ਕੇ ਨਿਕਟ ਨ ਪਹੁਂਚੈ ਦੋਸ਼ਾ ॥੩੮॥
ਅੰਗ ਸੰਗ ਗੁਰ ਬਨਹਿਂ ਸਹਾਈ।
ਤਾਤੀ ਵਾਉ ਨ ਲਾਗਨਿ ਪਾਈ।
ਜੇ ਨਹਿਂ ਸਿਮਰਹਿਂ ਮੋ ਕਹੁ ਕਦੇ।
ਨਿਜ ਬਲ ਪਰ ਬਿਸਵਾਸੀ[1] ਰਿਦੇ ॥੩੯॥
ਨਹਿਂ ਨਿਤ ਕੋ ਮੈਂ ਬਨਹੁਂ ਸਹਾਈ।
ਗੁਰ ਸੰਗੀ ਹੁਇਂ ਜੇ ਸ਼ਰਨਾਈ[2]।
ਯਾਂ ਤੇ ਸਦਾ ਰਾਖ ਬਿਸਵਾਸਹਿ।
ਪ੍ਰਭੁ ਹੁਇਂ ਸਦਾ ਦਾਸ ਕੇ ਪਾਸਹਿਂ' ॥੪੦॥
ਸੁਨਿ ਦੋਨਹੁਂ ਕੋ ਧੀਰਜ ਆਯੋ।
ਕਰਿ ਨਿਸ਼ਚਾ ਤਬਿ ਸੀਸ ਨਿਵਾਯੋ।
ਸਕਲ ਵਸਤੁ ਕੀ ਤਯਾਰੀ ਠਾਨਿ।
ਗੁਰ ਆਗਯਾ ਤੇ ਚਹਸਿ ਪਯਾਨ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨੰਦ ਚੰਦ' ਪ੍ਰਸੰਗ ਬਰਨਨੰ ਨਾਮ ਦਸਮੋ ਅੰਸੂ ॥੧੦॥

---
[1] ਆਪਣੇ ਬਲ ਤੇ ਭਰੋਸੇ ਵਾਲੇ।
[2] ਜੋ ਸ਼ਰਨ ਹਨ ਗੁਰੂ ਉਹਨਾਂ ਦੇ ਸੰਗ ਹੈ।

੧੧. [ਨੰਦ ਚੰਦ ਤੰਬੋਲ ਲੈਕੇ ਗਿਆ। ਬਰਾਤ]

੧੦<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੨

ਦੋਹਰਾ: ਬੀਤ ਗਈ ਜਬਿ ਜਾਮਨੀ,
ਉਠਹਿਂ ਪ੍ਰਾਤਿ ਕੋ ਪਾਇ।
ਠਾਨਜੋ ਸੌਚ ਸ਼ਨਾਨ ਕੋ,
ਭਏ ਤਯਾਰ ਤਬਿ ਆਇ ॥੧॥
ਚੌਪਈ: ਚਰਨ ਬੰਦਨਾ ਗੁਰ ਕੋ ਕਰਿ ਕੈ।
ਸਗਰੀ ਵਸਤੂ ਭਲੇ ਸੰਭਰਿ ਕੈ[1]।
ਸੰਗ ਪੰਚ ਸੈ ਲੇ ਅਸਵਾਰ।
ਧਾਰੋ ਧਨੁਖ ਬਾਨ ਹੱਥਯਾਰ ॥੨॥
ਤੋਮਰ ਤਰਵਾਰਨਿ ਕਰ ਧਰਿ ਕੈ।
ਗਮਨੇ ਚਪਲ ਤੁਰੰਗਮ ਚਰਿ ਕੈ।
ਸਵਾਲਾਖ ਕੋ ਲੇ ਤੰਬੋਲ[2]।
ਵਸਤੁ ਅਜਾਇਬ ਜਿਨ ਬਹੁ ਮੋਲ ॥੩॥
ਸਕਲ ਕਹਾਰਨਿ ਤੇ ਉਚਵਾਈ।
ਪ੍ਰਸਥਾਨੇ ਸ਼੍ਰੀ ਨਗਰ ਸਥਾਈ।
ਮਾਰਗ ਸਕਲ ਉਲੰਘਤਿ ਗਏ।
ਰਜਧਾਨੀ ਪੁਨ ਪਹੁੰਚਤਿ ਭਏ ॥੪॥
ਫਤੇਸ਼ਾਹਿ ਸੁਨਿ ਕੈ ਮਹਿਪਾਲ।
ਡੇਰੇ ਹੇਤੁ ਕਹਜੋ ਤਤਕਾਲ।
'ਪੁਰਿ ਅੰਤਰ ਇਕ ਸਦਨ ਬਿਸਾਲਾ।
ਤਹਾਂ ਦੇਹੁ ਡੇਰਾ ਜਿਨ ਘਾਲਾ' ॥੫॥
ਸਾਦਰ ਜਬਿ ਸੋ ਥਾਨ ਦਿਖਾਯੋ।
ਕਰਿ ਬਿਚਾਰ ਨੰਦਚੰਦ ਅਲਾਯੋ।
'ਸਤਿਗੁਰ ਕੇ ਸਿਖ ਸੰਗ ਹਮਾਰੇ।
ਉੱਗ੍ਰ[3] ਸੁਭਾਵ ਜਿਨਹੁ ਰਣ ਪਜਾਰੇ ॥੩॥
ਅੰਤਰ ਨਗਰ ਹਰਖ ਨਹਿਂ ਮਾਨਹਿਂ।
ਥਾਨ ਕੁਸ਼ਾਦ[4] ਲੇਨਿ ਕੌ ਠਾਨਹਿਂ।
ਡੇਰਾ ਕਰਤਿ ਪਰਸਪਰ ਲਰਹਿਂ।

---

[1]ਸੰਭਾਲਕੇ।
[2]ਨਿਉਂਦ੍ਰਾ।
[3]ਤੇਜ਼।
[4]ਖੁੱਲ੍ਹਾ।

ਖੜਗ ਪ੍ਰਹਾਰਨਿ ਤੇ ਨਹਿਂ ਡਰਹਿਂ ॥੭॥
ਪੁਰਿ ਜਨ ਸੋਂ ਇਹ ਕਰਹਿਂ ਬਖੇਰਾ।
ਹੁਕਮ ਨ ਮਾਨਤਿ ਹੈਂ ਕਿਸ ਕੇਰਾ।
ਇਕ ਗੁਰ ਬਿਨਾ ਨ ਜਾਨਹਿਂ ਆਨ।
ਲਰਤਿ ਨ ਧਾਰਹਿਂ ਕਿਸ ਕੀ ਕਾਨ ॥੮॥
ਯਾਂ ਤੇ ਸਿਵਰ ਇਨਹੁਂ ਕੋ ਆਛੇ।
ਵਹਿਰ ਕੁਸ਼ਾਦ ਥਾਨ ਮਹਿਂ ਬਾਂਛੇ।
ਸੌਚ ਸ਼ਨਾਨ ਸੁਖੇਨ ਸੁ ਠਾਨਹਿਂ।
ਅੰਤਰ ਥਲ ਤੇ ਹਰਖ ਨ ਮਾਨਹਿਂ*' ॥੯॥
ਸਿਵਰ ਕਰਾਵਣ ਹਾਰ ਜਿ ਆਇ।
ਸੁਨਿ ਕਰਿ ਨਿਪ ਕੋ ਜਾਇ ਸੁਨਾਇ।
'ਗੁਰ ਦਿਵਾਨ ਉਤਰਹਿ ਨਹੀਂ ਅੰਤਰ।
ਚਾਹਤਿ ਡੇਰਾ ਵਹਿਰ ਨਿਰੰਤਰ' ॥੧੦॥
ਫਤੇਸ਼ਾਹ ਸੁਨਿ ਕਰਿ ਪੁਨ ਭਾਖਾ।
'ਇਸ ਪ੍ਰਕਾਰ ਕੀ ਜੇ ਅਭਿਲਾਖਾ।
ਪੰਥ ਪਾਂਵਟੇ ਪਰ ਉਪਬਨ[1] ਹੈ।
ਤਹਾਂ ਉਤਾਰਹੁ ਜਿਮ ਸੁਖ ਮਨਿ ਹੈ' ॥੧੧॥
ਇਮ ਸੁਨਿ ਨਰ ਬਹੋਰ ਕਰਿ ਲਜਾਏ।
ਬਾਗ਼ ਬਿਸਾਲ ਸਿਵਰ[2] ਕਰਿਵਾਏ।
ਦਾਵ ਘਾਵ ਆਪਨਿ ਰਖਿ ਸਾਰਾ।
ਸਤਿਗੁਰ ਦਲ ਡੇਰੋ ਪਿਖਿ ਡਾਰਾ ॥੧੨॥
ਸੰਗਰ[3] ਲਯੋ ਅਧਿਕ ਬੰਧਵਾਇ।
ਨਿਜ ਤਕਰਾਈ ਭਲੇ ਕਰਾਇ।
ਇਕ ਜਾਮਨਿ ਕਰਿ ਬਾਸ ਬਿਤਾਈ।
ਗਏ ਪ੍ਰਾਤ ਮਿਲਿਬੇ ਗਿਰਰਾਈ ॥੧੩॥
'ਤੁਮ ਕੌ ਖੁਸ਼ੀ ਕਰੀ ਗੁਰ ਪੂਰੇ।
ਦਾਇਜ ਪਠਯੋ ਮੋਲ ਬਹੁ ਰੂਰੇ।
ਅਪਨੋ ਜਾਨਿ ਦਯਾ ਉਰ ਛਾਈ।

---

*ਕਵਿ ਜੀ ਇਥੇ ਨੰਦਚੰਦ ਦੀ ਨੀਤੀ ਨਿਪੁਨਤਾ ਦਿਖਾ ਰਹੇ ਹਨ।

[1]ਬਾਗ।

[2]ਡੇਰਾ।

[3]ਸੈਨਾ ਦੇ ਆਰਜ਼ੀ ਡੇਰੇ ਦੇ ਉਦਾਲੇ ਕੰਧ ਯਾ ਉੱਚਾ ਮਿੱਟੀ ਦਾ ਧੁੜਕੋਟ ਯਾ ਛਾਪਿਆਂ ਦੀ ਵਾੜ ਜੋ ਬਾਹਰੋਂ ਕਿਸੇ ਨੂੰ ਛੇਤੀ ਅੰਦਰ ਨਾ ਜਾਣ ਦੇਵੇ। [ਸੰਸ:, ਸੰਗਰ]।

ਸਦਲ ਭੇਜ ਮੁਹਿ ਹਿਤ ਬਡਿਆਈ[1]' ॥੧੪॥
ਫਤੇਸ਼ਾਹ ਕਰ ਜੋਰਿ ਉਚਾਰਾ।
'ਹਮ ਪਰ ਕਰਜੋ ਅਧਿਕ ਉਪਕਾਰਾ।
ਸੇਵਕ ਸਦਾ ਗੁਰੂ ਘਰ ਕੇਰੇ।
ਇਤੋ ਸੁਜਸੁ ਚਾਹਤਿ ਸੋ ਮੇਰੇ' ॥੧੫॥
ਇੱਤਯਾਦਿਕ ਕਹਿ ਆਪਸ ਮਹੀਆ।
ਆਏ ਸਿਵਰ ਪਰਜੋ ਨਿਜ ਜਹੀਆ।
ਨਿਤ ਭੂਪਤਿ ਸੇਵਾ ਕਰਿਵਾਵੈ।
ਤ੍ਰਿਣ ਦਾਨਾ ਇਨ ਸਕਲ ਪੁਚਾਵੈ ॥੧੬॥
ਖਾਨ ਪਾਨ ਕਰਿ ਸ੍ਵਾਦ ਮਹਾਨੇ।
ਨਿਸ ਦਿਨ ਬਨੇ ਰਹਿਤ ਸਵਧਾਨੇ।
ਫਤੇਸ਼ਾਹ ਨਿਤ ਪ੍ਰਤਿ ਸਤਿਕਾਰੀ।
ਹਿਤ ਬਰਾਤ ਕੇ ਠਾਨਹਿ ਤਯਾਰੀ ॥੧੭॥

ਇਸ ਪ੍ਰਕਾਰ ਇਤ ਕੋ ਬਿਰਤਾਂਤ।
ਉਤ ਕੀ ਸੁਨੀਅਹਿ ਆਇ ਬਰਾਤ।

ਭੀਮ ਚੰਦ ਸਭਿ ਨ੍ਰਿਪਤ ਪਹਾਰੀ।
ਮਿਲਜੋ ਮੇਲ ਜਹਿਂ ਕਹਿਂ ਤੇ ਭਾਰੀ ॥੧੮॥
ਬਹੁ ਧਾਰਨਿ ਕੋ ਮਹਿਪਤਿ ਆਏ।
ਨਿਜ ਨਿਜ ਦਲ ਸਕੇਲ ਧਰਿ ਲਯਾਏ।
ਬਸਤ੍ਰ ਸ਼ਸਤ੍ਰ ਤੇ ਬਨਿ ਠਨਿ ਭਲੇ।
ਆਨਿ ਆਨਿ ਚਹੁੰ ਦਿਸ਼ਿ ਤੇ ਮਿਲੇ ॥੧੯॥
ਦਲ ਸਕੇਲ ਬਹੁ ਸ਼ਗਨ ਮਨਾਇ।
ਗਨ ਨਾਰਿਨਿ ਤੇ ਗੀਤ ਗਵਾਇ।
ਬਡੀ ਬਰਾਤ ਜੋਰਿ ਕਰਿ ਚਢਜੋ।
ਬਾਜੇ ਬਹੁ ਬਜਾਇ ਮੁਦ ਬਢਜੋ ॥੨੦॥
ਮੰਗਲ ਕਰਿਤੇ ਅਨਿਕ ਪ੍ਰਕਾਰਾ।
ਉਲੰਘੇ ਪੰਥ ਬਿਖਮ ਸਮ ਸਾਰਾ[2]।
ਨਿਕਟ ਪਾਂਵਟੇ ਕੇ ਚਲਿ ਗਏ।
ਕੋਸ ਦੋਇ ਤ੍ਰੈ ਉਤਰਤਿ ਭਏ ॥੨੧॥
ਸੰਧਯਾ ਸਮੈ ਟਿਕਜੋ ਜਬਿ ਡੇਰਾ।

---

[1]ਆਪ ਦੀ ਵਡਿਆਈ ਵਾਸਤੇ ਮੈਨੂੰ ਫੌਜ ਸਣੇ ਘੱਲਿਆ ਹੈ।
[2]ਬਿਖੜਾ ਤੇ ਪੱਧਰਾ ਸਾਰਾ।

ਬਾਤ ਸੁਨੀ ਪ੍ਰਭੁ ਕੀ ਤਿਸ ਬੇਰਾ*।
-ਪੰਥ ਪ੍ਰਾਤਿ ਕੌ ਜਿਸ ਥਲ ਗਵਨੂ।
ਉਤਰੇ ਤਹਾਂ ਸਦਲ ਬਲ ਭਵਨੂ[1] ॥੨੨॥
ਸੁਨਿ ਕਰਿ ਚਿਤ ਉਪਜੀ ਦੁਚਿਤਾਈ[2]।
-ਕਿਸ ਪ੍ਰਕਾਰ ਹਮ ਉਲੰਘਹਿ ਜਾਈ-?
ਹੇਤੁ ਮੰਤ੍ਰ[3] ਕੇ ਸਕਲ ਬੁਲਾਏ।
ਭੀਮਚੰਦ ਢਿਗ ਗਿਰਪਤਿ ਆਏ ॥੨੩॥
ਇਕ ਗੁਲੇਰੀਆ ਨਾਮ ਗੁਪਾਲ।
ਮੰਡੀਪਤਿ, ਸੁਕੇਤ, ਜਸੁਵਾਲਿ।
ਆਦਿ ਹੰਡੂਲੀ ਜੇਤਿਕ ਸਾਥ।
ਸਭਿ ਮਿਲਿ ਥਿਰੇ ਵਹਿਰ+ ਗਿਰਨਾਥ ॥੨੪॥
ਸਭਿ ਕੋ ਕਰਿ ਆਦਰ ਕਹਿਲੂਰੀ।
ਬੋਲਯੋ 'ਇਕ ਚਿੰਤਾ ਵਧਿ ਭੂਰੀ।
ਸ਼੍ਰੀ ਗੁਰ ਸੰਗ ਵਿਗਾਰ[4] ਹਮਾਰਾ।
ਭਯੋ ਪ੍ਰਥਮ ਰਣ ਕਯੋਹੂੰ ਟਾਰਾ[5] ॥੨੫॥
ਪੰਥ ਪ੍ਰਾਤਿ ਕੇ ਮਹਿਂ ਤਿਨ ਡੇਰਾ।
ਨੇਰ ਪਰੈ, ਹੁਇ ਹੈ ਭਟ ਭੇਰਾ।
ਉਤਸਵ ਬਜਾਹ ਜਾਨਿ ਕਰਿ ਟਾਰੇ।
ਅਬਿ ਕਿਮ ਉਲੰਘਹਿ ਦਲ ਬਲ ਭਾਰੇ' ॥੨੬॥
ਤਬਿ ਜਸੁਵਾਲਿ ਕੇਸਰੀ ਚੰਦ।
ਆਦਿ ਗੁਲੇਰੀ ਅਪਰ ਨਰਿੰਦ।
ਕਹਤਿ 'ਧੀਰ! ਕਯੋਂ ਚਿੰਤਾ ਠਾਨੀ।
ਕਿਤਕ ਸੈਨ ਗੁਰ ਕੇ ਸੰਗ ਜਾਨੀ? ॥੨੭॥
ਹਮ ਸਗਰੇ ਮਹਿਪਤਿ ਦਲ ਸੰਗ।
ਕਯੋਂ ਕਰਿ ਟਰਹਿਂ ਕਰਨਿ ਤੇ ਜੰਗ।

---

*ਗੁਰੂ ਜੀ ਦੀ ਪਾਉਂਟੇ ਹੋਣ ਦਾ ਪਤਾ ਤਾਂ ਪਹਿਲੋਂ ਤੋਂ ਜ਼ਰੂਰ ਹੋਣਾ ਹੈ ਪਰ ਫੌਜਾਂ ਸਹਿਤ ਹੋਣ ਦਾ ਤੇ ਦੁਰਗ ਰਚੇ ਹੋਣ ਦਾ ਵਿਸਥਾਰ ਦਾ ਪੂਰਾ ਪਤਾ ਭਾਵੇਂ ਇੱਥੇ ਆ ਕੇ ਪਤਾ ਲੱਗਾ ਹੋਵੇ।

[1]ਦਲ ਸਹਿਤ ਬਲ ਤੇ ਘਰ (ਸ਼੍ਰੀ ਗੁਰੂ ਜੀ)।

[2]ਚਿੰਤਾ।

[3]ਸਲਾਹ ਲਈ।

+ਪਾ:-ਬਹੁਰ।

[4]ਵਿਰੋਧ।

[5]ਕਿਵੇਂ ਨ ਕਿਵੇਂ ਟਾਲਿਆ ਹੈ।

ਅਲਪ ਚਮੂੰ[1] ਤੇ ਤ੍ਰਾਸ ਨ ਮਾਨੈਂ।
ਨਿਜ ਬਲ ਤੇ ਆਗੈ ਪ੍ਰਸਥਾਨੈਂ ॥੨੮॥
ਅਬਿ ਤੁਮ ਪੂਰਬ ਪਠਹੁ ਵਜ਼ੀਰ।
ਜਾਨਹਿ ਭੇਦ ਜਿਤਿਕ ਭਟ ਭੀਰ।
ਨਿਜ ਪ੍ਰਾਕ੍ਰਮ ਕੋ ਭਾਖਿ ਸੁਨਾਵੈ।
-ਦਿਹੁ ਮਗ ਨਤੁ ਡੇਰਾ ਲੁਟਿ ਜਾਵੈ-' ॥੨੯॥
ਭੀਮਚੰਦ ਸੁਨਿ ਰਾਜਨਿ ਬਾਨੀ।
ਨਿਜ ਉਤਸਵ ਲਖਿ ਤਿਨਹੁਂ ਬਖਾਨੀ।
'ਰਣ ਕਰਿਬੇ ਕੀ ਬਾਤ ਨ ਆਛੀ।
ਸ਼ਾਦੀ ਸੈਲਪਤਿਨਿ ਘਰ ਬਾਛੀ ॥੩੦॥
ਪਰੇ ਜੰਗ ਹੁਇ ਮਾਰਨ ਮਰਨੋ।
ਭਏ ਸ਼ੋਕ ਆਨੰਦ ਹੁਇ ਹਰਨੋ[2]।
ਨਿਸ਼ਚੈ ਲਰਜੋ ਚਹੈਂ ਇਕ ਬਾਰੀ।
ਸੁਤ ਸ਼ਾਦੀ ਤੇ ਲਖਹੁਂ ਪਿਛਾਰੀ ॥੩੧॥
ਯਾਂ ਤੇ ਕਰਜੋ ਪ੍ਰਥਮ ਮੈਂ ਟਾਰਾ।
ਏਵ ਮਤੋ ਉਰ ਜਾਨਿ ਹਮਾਰਾ।
ਅਬਿ ਤੌ ਬਿਨੈ ਕਰਨਿ ਹੀ ਬਨੈ।
ਜਿਸ ਤੇ ਜਾਨਹਿਂ ਪ੍ਰੇਮੀ ਸਨੈ ॥੩੨॥
ਅਪਰ ਥਾਨ ਕੋ ਪੰਥ ਨ ਨੇਰੇ।
ਜੇ ਕੋ ਅਹੈ ਪਰਤਿ ਬਡ ਫੇਰੇ[3]।
ਤਿਤ ਕੌ ਗਮਨਤਿ ਸਾਹਾ ਟਰੈ।
ਪੀਛੇ ਪਹੁਂਚਿ ਕਹਾਂ ਤਬਿ ਕਰੈਂ ॥੩੩॥
ਬਡੋ ਬਿਰਸ ਉਤਸਵ ਮਹਿਂ ਪਰਿਹੀ।
ਜੇ ਬਿਰੋਧ ਅਬਿ ਗੁਰ ਸੰਗ ਧਰਿਹੀ।
ਰਾਜ ਘਾਟ ਪਰ ਕੀਨਸਿ ਡੇਰਾ[4]।
ਆਪ ਸੂਰਮਾ ਬਲੀ ਬਡੇਰਾ ॥੩੪॥
ਸਭਿ ਬਿਧਿ ਕੀ ਹੁਇ ਹੈ ਤਕਰਾਈ।
ਬਲ ਤੇ ਕਜੋਂ ਹੂੰ ਦੇਹਿ ਨ ਜਾਈ।

---

[1](ਗੁਰੂ ਜੀ ਦੀ) ਥੋੜੀ ਫੌਜ ਤੋਂ। ਇਸ ਤੋਂ ਟਪਕ ਰਿਹਾ ਹੈ ਕਿ ਰਾਜਿਆਂ ਦੇ ਨਾਲ ਫੌਜ ਬਹੁਤ ਸੀ।
[2]ਨਾਸ਼।
[3]ਫੇਰ ਪੈਂਦਾ ਹੈ ਭਾਵ ਰਾਹ ਲੰਮਾ ਹੈ।
[4]ਵਡੇ ਘਾਟ ਪਰ ਗੁਰੂ ਜੀ ਦਾ ਡੇਰਾ ਹੈ।

ਸੁਮਤਿ ਬਿਚਾਰ ਕਰਹੁ ਛਲ ਐਸੇ।
ਇਸੀ ਪੰਥ ਮਹਿਂ ਗਮਨੈਂ ਜੈਸੇ ॥੩੫॥
ਸਾਥ ਸਾਮਤਾ[੧] ਨੀਕੀ ਬਾਤ।
ਸੁਖ ਸੋਂ ਪਹੁੰਚੈ ਸਕਲ ਬਰਾਤ।'
ਭੀਮਚੰਦ ਤੇ ਸੁਨਿ ਕਰਿ ਬਾਨੀ।
ਕਰਿ ਲਗਿ ਗਰਬ[*] ਨ੍ਰਿਪਤ ਸਭਿ ਮਾਨੀ[੨] ॥੩੬॥
'ਪਠੌ ਵਜੀਰ ਕਰਨਿ ਕੌ ਬਿਨਤੀ।
ਪੀਛੇ ਲਰਹਿਂ' ਕੀਨਿ ਮਿਲਿ ਗਿਨਤੀ।
ਛਲਯੋ ਚਹੈਂ ਸਰਬੱਗਨ ਮਤਿ ਕੌਂ[੩]।
ਬਲ ਚਾਤੁਰਤਾ ਲਖਿ ਨਿਜ ਮਤਿ ਕੋ ॥੩੭॥
ਭਾਵ ਹੀਨ ਮਤਿਮੰਦ ਪਹਾਰੀ।
ਕਿਨਹੁ ਨ ਨੀਕੀ ਰਿਦੈ ਬਿਚਾਰੀ।
ਸੁਮਤਿਵੰਤਿ ਨਿਜ ਸਚਿਵ ਬੁਲਾਯੋ।
ਸਾਦਰ ਸਭਿਨਿ ਬੀਚ ਬੈਠਾਯੋ ॥੩੮॥
ਨਿਜ ਆਸ਼ੈ ਸਗਰੋ ਸਮੁਝਾਵਾ।
'ਨਹੀਂ ਚਹੈਂ ਹਮ ਸੰਘਰ[੪] ਪਾਵਾ।
ਜਯੋਂ ਕਯੋਂ ਕਰਿ ਮਾਰਗ ਇਹ ਲੈਨਾ।
ਸਾਚ ਝੂਠ ਹਿਤ ਚਹਿ ਕਰਿ ਦੇਨਾ[੫] ॥੩੯॥
ਬਾਤਨ ਸੋਂ ਰਿਝਾਇ ਗੁਰ ਲੀਜੈ।
ਇਤ ਕੇ ਬਿਨੈ ਬਾਕ ਕਹਿ ਦੀਜੈ।
ਜੇ ਦਾਨਾਇ ਜਗਤ ਮਹਿਂ ਅਗਰੇ[੬]।
ਬਿਬਸ ਲਖਹਿਂ ਕਾਰਜ ਕਛੁ ਬਿਗਰੇ[੭] ॥੪੦॥

---

[੧]ਸੁਲਹ ਨਾਲ।
[*]ਜਾਪਦਾ ਹੈ ਕਿ 'ਕਰਿ ਲਗਿ' ਦੀ ਥਾਵੇਂ ਪਾਠ 'ਕਰਿ ਲਘੁ' ਹੋਣਾ ਹੈ, ਲਿਖਾਰੀਆਂ ਦੀ ਕਲਮ-ਉਕਾਈ ਹੋਈ ਹੈ।

'ਕਰਿ ਲਘੁ ਗਰਬ' ਦਾ ਅਰਥ ਹੈ ਆਪਣੇ ਹੰਕਾਰ ਨੂੰ ਘਟਾ ਕੇ। ਇਹ ਅਰਥ ਅੰਕ ੪੧ ਤੋਂ ਸਹੀ ਹੋ ਜਾਂਦਾ ਹੈ।

[੨]ਹੰਕਾਰ ਕਰਨ ਲਗੇ (ਪਰ) ਸਾਰੇ ਰਾਜਿਆਂ ਮੰਨ ਲਈ।
[੩]ਭਾਵ ਗੁਰੂ ਜੀ, ਜਿਨ੍ਹਾਂ ਦੀ ਬੁੱਧੀ ਸਰਬੱਗਯ ਹੈ।
[੪]ਜੰਗ।
[੫]ਭਲੇ ਵਾਸਤੇ ਸੱਚ ਝੂਠ ਬੀ ਚਾਹੇ ਕਹਿ ਦੇਣਾ।
[੬]ਚਤੁਰ।
(ਅ) ਜੋ ਅੱਗੇ ਹੋ ਚੁਕੇ ਹਨ।
[੭]ਕੁਛ ਕਾਰਜ ਵਿਗੜਨ ਦੀ ਲਚਾਰੀ ਨੂੰ ਜਦ ਲਖ ਲੈਂਦੇ ਹਨ ਤਾਂ.....।

ਅਲਪ ਬਨਹਿਂ[੧], ਸੁਧਰਹਿਂ[੨] ਜਿਸ ਰੀਤਿ।
ਠਾਨਹਿਂ ਤਿਮ ਹੀ ਤੂਰਨ ਨੀਤਿ।
ਕਯੋਂਹੂੰ[*] ਲਘੁ ਸੋ ਹੋਇ ਨ ਜਾਈ[੩]।
ਸਜਾਨੇ ਜਾਨਹਿਂ ਤਿਹ ਅਧਿਕਾਈ' ॥੪੧॥
ਭੀਮਚੰਦ ਜਬਿ ਐਸੇ ਕਹਯੋ।
ਅਪਰ ਗਰਿੰਦਨ ਸੋ[੪] ਨਹਿਂ ਸਹਯੋ।
'ਕਯੋਂ ਸਭਿ ਕੀ ਤੁਮ ਲਘੁਤਾ ਕਰੋ ?
ਬੁਧਿ, ਬਲ, ਦਲ ਕੌ ਦੀਰਘ ਧਰੋ' ॥੪੨॥
'ਸੁਨਹੁ ਵਜੀਰ ! ਆਪਨੋ ਜੋਰ।
ਕਹੋ ਸਕਲ ਨ੍ਰਿਪ ਦਲ ਕੋ ਜ਼ੋਰ।
-ਤਜਿ ਮਗ ਕੋ ਅਬਿ ਕਰੋ ਕਿਨਾਰਾ।
ਮਿਲਹਿ ਸੈਨ ਤਬਿ ਹੋਇ ਬਿਗਾਰਾ ॥੪੩॥
ਅਸ ਨਹਿਂ ਬਨਹਿ ਜਾਇ ਲੁਟਿ ਡੇਰਾ।
ਯਾ ਤੇ ਸੁਧਿ ਕਰਿਬੇ ਮੁਝ ਪ੍ਰੇਰਾ-।
ਇੱਤਯਾਦਿਕ ਨਿਜ ਓਜ ਜਨਾਵਹੁ।
ਬਹੁ ਬਿਧਿ ਤੇ ਗੁਰ ਤ੍ਰਾਸ ਉਪਾਵਹੁ' ॥੪੪॥
ਭੀਮਚੰਦ ਸੁਨਿ ਬਹੁਰ ਬਖਾਨੀ।
'ਪ੍ਰਥਮ ਕਟਕ[੫] ਨਹਿਂ ਭਾਖਹੁ ਬਾਨੀ।
ਸਹਿਤ ਸ਼ਾਮਤਾ[੬] ਜੇ ਮਗ ਦੇਹਿਂ।
ਇਸ ਤੇ ਆਛੀ ਬਾਤ ਨ ਕੇਹ[੭] ॥੪੫॥
ਜੇ ਨਹਿਂ ਮਾਨਹਿਂ ਪੁਨ ਕਹਿ ਦੀਜੈ।
ਜਯੋਂ ਕਯੋਂ ਛਲ ਬਲ ਕਰਿ ਮਗ ਲੀਜੈ।'
ਸੁਮਤ ਵਜ਼ੀਰ ਜਾਨਿ ਅਭਿਪ੍ਰਾਯ[੮]।
'ਰਣ ਨ ਕਰਹੁ' ਸਭਿ ਕੌ ਸਮੁਝਾਯ ॥੪੬॥
ਆਪ ਚਲਨਿ ਕੌ ਕੀਨਸਿ ਤਯਾਰੀ।

---

[੧]ਨੀਵੇਂ ਬਣ ਜਾਂਦੇ ਹਨ।
[੨](ਕਾਰਜ)
[*]ਪਾ:-ਤੂੰ।
[੩](ਜੋ ਵਡਾ ਹੈ) ਉਹ ਕਿਵੇਂ ਬੀ ਛੋਟਾ ਨਹੀਂ ਹੋ ਜਾਂਦਾ।
[੪]ਭਾਵ ਪਿੱਛੇ ਕਹੀ ਗਲ।
[੫]ਕੌੜੀ।
[੬]ਸੁਲਹ ਨਾਲ।
[੭]ਕੋਈ।
[੮]ਮਤਲਬ, ਤਾਤਪਰਯ।

ਸੰਗ ਸੁਭਟ ਲੇ ਖੋੜਸਚਾਰੀ[1]।
ਡੇਰਾ ਕਰਿ ਮੁਕਾਮ ਤਿਸ ਥਾਨ।
ਇਕ ਵਜੀਰ ਠਾਨਜੋਂ ਪ੍ਰਸਥਾਨ[2] ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗ੍ਰਿੰਦ੍ਰਿਨ' ਪ੍ਰਸੰਗ ਬਰਨਨੰ ਨਾਮ ਏਕਾਦਸ਼ਮੋ ਅੰਸੂ ॥੧੧॥

---

[1]ਵੀਹ ਕੁ।
[2](ਸਾਰੀ ਫੌਜ ਨੇ) ਉਥੇ ਡੇਰਾ ਕਰਕੇ ਟਿਕਾਉ ਕੀਤਾ।

੧੨. [ਰਾਜੇ ਦਾ ਵਜ਼ੀਰ ਰਾਹ ਲੈਣ ਆਇਆ]

੧੧<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੩

ਦੋਹਰਾ: ਨ੍ਰਿਭੈ ਹੋਇ ਹਿਤ ਸਾਮ ਕੇ, ਗੁਰ ਢਿਗ ਚਢ੍ਯੋ ਵਜ਼ੀਰ।
ਭੀਮਚੰਦ ਚਿਤ ਚਟਪਟੀ[1], ਬਡੀ ਚਿੰਤ ਨਹਿਂ ਧੀਰ ॥੧॥

ਚੌਪਈ: -ਕਲਗੀਧਰ ਬਡ ਤੇਜ ਪ੍ਰਤਾਪੀ।
ਨਹੀਂ ਨ੍ਯੂਨਤਾ[2] ਸਹਹਿਂ ਕਦਾਪੀ।
ਕਿਮ ਹ੍ਵੈ ਹੈ[3], ਕਿਮ ਉਲੰਘਹਿਂ ਆਗੇ?
ਮਹਾਂ ਬਿਘਨ ਹੁਇ ਜੇ ਰਣ ਜਾਗੇ ॥੨॥
ਗਿਰਪਤਿ ਮੇਲ ਬਿਖੈ ਗਨ ਆਏ।
ਹਟਹਿਂ ਕੁਸ਼ਲ ਸੋਂ ਨਰ ਸਮੁਦਾਏ।
ਗਾਵਹਿਂ ਗੀਤ ਉਛਾਹਿ ਬਿਸਾਲਾ।
ਕਰਿਬੋ ਜੰਗ ਸ਼ੋਕ ਕੀ ਸਾਲਾ[4] ॥੩॥
ਨਿਜ ਨਿਜ ਡੇਰੇ ਟਿਕੈਂ ਪਹਾਰੀ।
ਆਇ ਵਜ਼ੀਰ ਤੇ ਠਾਨਹਿਂ ਤਜਾਰੀ-।
ਇਮ ਪ੍ਰਤੀਖਨਾ ਧਰਿ ਟਿਕ ਰਹੇ।
'ਗੁਰ ਕਬਿ ਮਿਲਹਿਂ[5]' ਪਰਸਪਰ ਰਹੇਂ ॥੪॥
ਉਤ ਕਲਗੀਧਰ ਲਗੇ ਦਿਵਾਨ।
ਬੈਠੇ ਸ਼ੋਭਤਿ ਇੰਦ੍ਰ ਸਮਾਨ।
ਸੁਧਿ ਪਹੁੰਚੀ ਗਿਰਰਾਜਨਿ ਕੇਰੀ।
'ਬਜਾਹ ਬਰਾਤਿ ਬਟੋਰਿ ਬਡੇਰੀ ॥੫॥
ਪਰਜੋ ਸਮੀਪ ਆਨਿ ਕਰਿ ਡੇਰਾ।
ਗਜ ਬਾਜੀ ਗਨ ਸੁਭਟਨਿ ਕੇਰਾ।
ਇਸ ਹੀ ਪੰਥ ਉਲੰਘ੍ਯੋ ਚਹੈਂ।
ਦਲ ਬਹੁ ਸੰਗ ਨ੍ਰਿਭੈ ਉਰ ਅਹੈਂ' ॥੬॥
ਸੁਨਿ ਬੋਲੇ ਪ੍ਰਭੁ ਬਹੁ ਬਲ ਭਰਿ ਕੈ।
'ਕਿਹ ਦੁਇ ਸੀਸ ਉਲੰਘਹਿ ਅਰਿ ਕੈ[6]।
ਤਜੌਂ ਧਨੁਖ ਤੇ ਬਾਨ ਕਰਾਰੇ।

---

[1]ਉਚਿੜ ਚਿੱਤੀ।
[2]ਛੁਟਿਆਈ।
[3]ਕਿਵੇਂ ਹੋਵੇਗੀ।
[4]ਸ਼ੋਕ ਦਾ ਘਰ ਹੈ।
[5]ਗੁਰੂ ਜੀ ਕਦੇ ਮਿਲਾਪ ਕਰ ਲੈਣ ਤਾਂ (ਚੰਗੀ ਗਲ ਹੈ)। (ਅ) ਗੁਰੂ ਜੀ ਨੇ ਕਦ ਮਿਲਣਾ ਹੈ?
[6]ਕਿਸ ਦੇ ਦੋ ਸਿਰ ਹੈਨ ਕਿ ਜੰਗ ਕਰਕੇ ਲੰਘੇਗਾ?

ਗਿਰਹਿਂ ਖੇਤ ਰਣ ਜਥਾ ਮੁਨਾਰੇ ॥੭॥
ਸੁਪਤਹਿਂ ਬਡੀ ਨੀਂਦ ਮਹਿਂ ਜੋਧਾ[1]।
ਕੁਲਸਨਿ ਵਾਰਨਿ ਸਮ ਹੁਇ ਰੋਧਾ[2]।
ਕਰਹਿਂ ਮਾਰ ਖੜਗਨਿ ਕੀ ਐਸੇ।
ਤਰੁ ਕਾਨਨ ਕੌ ਖਾਤੀ ਜੈਸੇ[3] ॥੮॥
ਇਕ ਸੁਤ ਬਜਾਹ ਹੇਤ ਕੌ ਆਏ।
ਰਚਹਿਂ ਬਜਾਹ ਹੂਰਨਿ ਸਮੁਦਾਏ[4]।
ਰੁੰਡ ਮੁੰਡ ਰਨ ਬਿਖੈ ਬਿਥਾਰੌਂ।
ਸ਼੍ਰੋਣਤ ਪੰਕ ਧਰਾ ਕਰਿ ਡਾਰੌਂ[5]' ॥੯॥
ਇੱਤਜਾਦਿਕ ਗੁਰ ਨਿਕਟ ਬ੍ਰਿਤੰਤਾ।
ਤਜਾਰ ਸੁਭਟ ਕੀਨੇ ਭਗਵੰਤਾ।
ਸਨੱਧ ਬੱਧ ਪੰਚ ਸੈ ਗਾਢੇ।
ਕੋਸ ਅਗਾਰੀਂ[6] ਕੀਨਸਿ ਠਾਂਢੇ ॥੧੦॥
'ਜਬਿ ਅਵਨੀਪ[7] ਸਮੀਪ ਬਿਲੋਕਹੁ।
ਛੋਰਿ ਸ਼ਲਖ ਤਬਿ ਤਿਸ ਥਲ ਰੋਕਹੁ[8]।
ਮਚੈ ਜੰਗ ਸਭਿ ਦਲ ਚਢਿ ਆਵਹਿ।
ਹਤਹਿਂ ਸ਼ੱਤ੍ਰ ਗਨ ਆਯੁਧ ਪਾਵਹਿਂ' ॥੧੧॥
ਇਤਨੇ ਮਹਿਂ ਵਜ਼ੀਰ ਚਲਿ ਆਯੋ।
ਸੁਭਟ ਸਨੱਧਨਿ ਕੌ ਦਰਸਾਯੋ[9]।
ਭਯ ਜੁਤਿ ਹੋਇ ਬੰਦਨਾ ਠਾਨਾ।
'ਕਰਨਿ ਸਾਮ ਹਿਤ ਚਲਨਿ[10]' ਬਖਾਨਾ ॥੧੨॥
'ਸ਼੍ਰੀ ਸਤਿਗੁਰ ਕੇ ਢਿਗ ਮੈਂ ਜਾਨਾ।

---

[1]ਭਾਵ ਮਰਨਗੇ।
[2]ਬੱਜਰ ਦੇ (ਬਾਰ-) ਤਖਤਿਆਂ ਵਾਂਝ ਹੋ ਕੇ ਰੋਕਾਂਗੇ। [ਸੰਸ:, ਕੁਲਿਸ਼ = ਵੱਜ੍ਰ] (ਅ) ਪਰ ਜਾਪਦਾ ਹੈ ਕਿ ਸ਼ੁੱਧ ਪਾਠ 'ਕੁਲਿਸ਼ ਕਿਵਾਰਨ' ਸੀ।
[3]ਬਣ ਦੇ ਬ੍ਰਿੱਛਾਂ ਨੂੰ ਤਰਖਾਣ ਵਾਂਗ।
[4]ਸਾਰਿਆਂ ਦਾ ਬਜਾਹ ਹੂਰਾਂ (ਨਾਲ) ਰਚ ਦਿਆਂਗੇ।
[5]ਲਹੂ ਦਾ ਚਿੱਕੜ ਧਰਤੀ ਤੇ ਕਰ ਦਿਆਂਗਾ।
[6]ਕੋਹ ਭਰ ਅੱਗੇ।
[7]ਰਾਜੇ।
[8](ਤੁਹਾਡਾ) ਜੰਗ (ਉਹਨਾਂ ਨਾਲ) ਮਚਦੇ ਸਾਰ (ਇਧਰੋਂ ਬਾਕੀ ਦਾ) ਸਾਰਾ ਦਲ ਚੜ੍ਹ ਆਵੇਗਾ (ਫਿਰ ਰਲ ਕੇ) ਸਾਰੇ ਵੈਰੀਆਂ ਨੂੰ ਮਾਰ ਲਵਾਂਗੇ, ਚੁਫੇਰਿਓਂ ਜੰਗ ਮਚਾਕੇ। [ਆ = ਸਰਬ ਓਰ ਤੇ। ਯੁਧ = ਜੰਗ]। (ਅ) ਆਯੁਧ ਪਾਉਣ ਵਾਲੇ ਭਾਵ ਸ਼ਸਤ੍ਰ ਧਾਰੀ ਸ਼ੱਤ੍ਰੂਆਂ ਨੂੰ ਮਾਰ ਲਵਾਂਗੇ।
[9]ਸਨੱਧ ਬੱਧ ਸੂਰਮਿਆਂ ਨੂੰ ਦੇਖਿਆ।
[10]ਸੁਲਹ ਵਾਸਤੇ ਮੇਰਾ (ਸ਼੍ਰੀ ਗੁਰੂ ਜੀ ਪਾਸ) ਜਾਣਾ ਹੈ।

ਪਠਜੋ ਗਿਰਿੰਦ੍ਰਨਿ ਨੰਮ੍ਰ ਨਿਧਾਨਾ[1]।'
ਇਮ ਕਹਿ ਉਲੰਘਜੋ ਸੁਭਟਨਿ ਠਟ[2] ਕੋ।
ਗਿਨੈ ਗਨੀ -ਨਹਿਂ ਪੁਜਹਿ ਕਪਟ ਕੋ[3]- ॥੧੩॥
ਸਿੰਘ ਪੌਰ ਬੀਰਨ ਜੁਤਿ ਜੋਵਾ।
ਉਤਰਿ ਤੁਰੰਗ ਕਰਿ ਨਮੋ ਖਰੋਵਾ।
ਦ੍ਵਾਰਪਾਲ ਸੰਗ ਸਕਲ ਸੁਨਾਵਾ।
'ਬ੍ਰਿੰਦ ਗਿਰਿੰਦ੍ਰਨਿ ਮੋਹਿ ਪਠਾਵਾ ॥੧੪॥
ਮਹਾਰਾਜ ਸਤਿਗੁਰ ਕੇ ਸਾਥ।
ਕਹੁ ਸੁਧ ਜਾਇ ਸਕਲ ਇਹ ਗਾਥ।
-ਬਹੁ ਗਿਰਧਾਰ ਬਰਾਤ ਬਟੋਰੀ।
ਡੇਰਾ ਪਰਜੋ ਨਿਕਟ ਇਤ ਓਰੀ-' ॥੧੫॥
ਸੁਨਿ ਇਮ ਅੰਤਰ ਤੂਰਨ ਗਯੋ।
'ਦ੍ਵੈ ਕਰ ਜੋਰਿ ਸੁਨਾਵਤਿ ਭਯੋ।
ਭੀਮਚੰਦ ਤੇ ਆਦਿ ਗਿਰੇਸ਼।
ਨਿਕਟ ਸਿਵਰ ਕੌ ਘਾਲਿ ਅਸ਼ੇਸ਼[4] ॥੧੬॥
ਪਠਜੋ ਵਜ਼ੀਰ ਪੌਰ ਪਰ ਖਰਜੋ।
ਦਰਸ਼ਨ ਕੀ ਲਾਲਸ ਉਰ ਧਰਜੋ।'
ਸ੍ਰੀ ਪ੍ਰਭੁ ਤਬਹਿ ਹਕਾਰਨਿ ਕੀਨੋ।
'ਆਨਹੁਂ ਸਭਾ ਤਿਸਹਿ' ਕਹਿ ਦੀਨੋ ॥੧੭॥
ਤਤਛਿਨ ਦ੍ਵਾਰਪਾਲ ਨਿਜ ਸਾਥ।
ਲੇ ਕਰਿ ਗਮਨਜੋਂ ਨਿਕਟ ਸੁ ਨਾਥ।
ਸੁਰ ਸਮਾਨ ਸਭਿ ਸਭਾ ਪ੍ਰਕਾਸ਼ਨਿ।
ਬੀਚ ਬਿਰਾਜਹਿ ਰੁਚਿਰ ਸਿੰਘਾਸਨ ॥੧੮॥
ਤਿਸ ਪਰ ਇੰਦ੍ਰ ਮਨਿੰਦ ਸੁਹਾਏ।
ਕਲਗ਼ੀ ਤੁੰਗ ਸ਼ੋਭ ਅਧਿਕਾਏ।
ਖਰ ਖਪਰਾ[5] ਇਕ ਕਰ ਮਹਿਂ ਧਾਰੈਂ।
ਬਾਰਹਿ ਬਾਰ ਭ੍ਰਮਾਇ ਨਿਹਾਰੈਂ ॥੧੯॥
ਧਨੁਖ ਕਠੋਰ ਅਗਾਰੀ ਧਰਜੋ।

---

[1]ਨਿੰਮ੍ਰਤਾ ਦੀ ਨਿਧੀ ਭਾਵ ਅਤਿ ਨਿੰਮ੍ਰਤਾ ਵਾਲਿਆਂ ਰਾਜਿਆਂ ਨੇ।
[2]ਭੀੜ।
[3]ਕਪਟ ਨਹੀਂ ਪੁੱਜਣਾ।
[4]ਸਾਰਿਆਂ ਨੇ।
[5]ਤਿੱਖਾ ਬਾਣ।

ਆਵਤਿ ਨ੍ਰਿਪਤ ਵਕੀਲ ਨਿਹਰਜੋ।
ਨੰਮ੍ਰੀ ਬਨਤਿ ਹਾਥ ਜੁਗ ਜੋਰੇ।
ਪਹੁੰਚਜੋ ਜਬਿ ਹੀ ਜਾਇ ਨਿਹੋਰੇ ॥੨੦॥
ਸ਼੍ਰੀ ਗੁਰ ਮੰਦ ਮੰਦ ਮੁਸਕਾਨੇ।
ਕ੍ਰਿਪਾ ਧਾਰਿ ਗੁਰਦੇਵ ਬਖਾਨੇ।
'ਆਵਹੁ ਰਾਜੇ ਦਿਯਾ ਵਜ਼ੀਰਾ!
ਚਿਰੰਕਾਲ ਮਹਿਂ ਪਹੁੰਚਿਆ ਤੀਰਾ?' ॥੨੧॥
ਸੁਨਤਿ ਸੀਸ ਤੇ ਬੰਦਨ ਠਾਨੀ।
ਆਇਸੁ ਪਾਇ ਬੈਠਿ ਅਗਵਾਨੀ।
'ਕਹੁ ਨਿਜ ਰਾਜੇ ਕੇਰ ਬ੍ਰਿਤੰਤ।
ਕਿਮ ਤੋ ਕਹੁ ਕਹਿ ਪਠਜੋ ਮਤੰਤ?' ॥੨੨॥
ਸੁਨਿ ਵਜ਼ੀਰ ਕਰ ਜੋਰਤਿ ਬੋਲਾ।
'ਜਾਨ ਆਪ ਕੋ ਅਪਨੋ ਓਲਾ[1]।
ਨਮੋ ਠਾਨਿ ਬਹੁ ਕਰੀ ਪ੍ਰਸੰਸਾ।
ਸਤਿਗੁਰ ਸੋਢੀ ਕੁਲ ਅਵਿਤੰਸ਼ਾ ॥੨੩॥
ਜਬਿ ਕੇ ਤੁਮ ਇਤ ਕੋ ਚਲਿ ਆਏ।
ਕਈ ਬਾਰ ਸਿਮਰਤ ਪਛੁਤਾਏ[2]।
ਅਬਿ ਨਰਿੰਦਰ ਹਿਤ ਨੰਦਨ ਬਜਾਹੂ।
ਬ੍ਰਿੰਦ ਗਿਰਿੰਦ੍ਰਨਿ ਮੇਲ ਉਛਾਹੂ ॥੨੪॥
ਚਢਿ ਕਹਿਲੂਰ ਤਜਾਗ ਕਰਿ ਆਏ।
ਬਡੀ ਬਰਾਤ ਬਟੋਰਨ ਲਜਾਏ।'
[3]'ਕਹੋ ਵਜ਼ੀਰ ਗਿਰੇਸ਼ਨ ਐਸੇ[4]।
-ਜੇ ਬਲ ਕੋ ਮਦ ਹੈ ਉਰ ਕੈਸੇ[5] ॥੨੫॥
ਤੌ ਬਿਨ ਸ਼ੰਕ ਸਮੁਖ ਚਲਿ ਆਵੋ।
ਹਮ ਦਿਸ਼ ਤੇ ਨਹਿਂ ਦੇਰ ਲਗਾਵੋ।

---

[1]ਜਾਣਿਆਂ ਹੈ ਆਪ ਨੂੰ ਆਪਣਾ ਆਸਰਾ।
[2]ਇਥੋਂ ਅੱਗੋਂ ਕੋਈ ਤੁਕ (ਯਾਂ ਤੁਕਾਂ) ਰਹੀ ਹੋਈ ਜਾਪਦੀ ਹੈ। ਗੁਰ ਬਿਲਾਸ ਵਿੱਚ ਇਹੋ ਪ੍ਰਸੰਗ ਹੈ, ਉਥੇ ਵਜ਼ੀਰ ਨੇ ਕਿਹਾ ਹੈ 'ਅਬ ਚਲੀਐ ਤਵਨੇ ਸਭ ਥਾਨਾ। ਆਨੰਦ ਪੁਰੇ ਬਿਮਲ ਅਸਥਾਨਾ'। ਇਥੇ ਉਪਰਲਾ ਭਾਵ ਰਹਿ ਗਿਆ ਇਸ ਗਲ ਤੋਂ ਸਹੀ ਹੋ ਜਾਂਦਾ ਹੈ ਕਿ ਅੱਗੇ ਅੰਕ ੨੬ ਵਿਚ ਗੁਰੂ ਜੀ ਇਸੇ ਗਲ ਦਾ ਉੱਤਰ ਦੇ ਰਹੇ ਹਨ ਜੋ ਗੁਰ ਬਿ: ਵਿਚ ਹੈ ਤੇ ਸੂ: ਪ੍ਰ: ਵਿਚ ਨਹੀਂ।
[3](ਗੁਰੂ ਜੀ ਨੇ ਕਿਹਾ)।
[4]ਹੇ ਵਜ਼ੀਰ! ਪਹਾੜੀ ਰਾਜਿਆਂ ਨੂੰ ਐਉਂ ਕਹੁ:-
[5]ਜੇ ਬਲ ਦਾ ਹੰਕਾਰ ਕਿਸੇ ਤਰ੍ਹਾਂ ਦਾ ਬੀ ਹੈ।

[1]ਪਹੁੰਚਨਿ ਤੈਂ ਅਨੰਦਪੁਰਿ ਕਹਜੋ।
ਇਸ ਬਿਧਿ ਹਮ ਨੇ ਨੀਕ ਨ ਲਹਜੋ ॥੨੬॥
ਬਿਜੈ ਕਰੈਂਗੇ ਪੂਰਬ ਅਰਿ ਕੋ।
ਪੁਨ ਗਮਨਹਿੰਗੇ ਆਪਨ ਪੁਰਿ ਕੌ[1]।
ਦਗੇ ਬਾਜ਼ ਕੀ ਗੈਲ ਨ ਜਾਵੈਂ।
ਕਹੈਂ ਅਪਰ ਮੁਖ, ਅਪਰ ਕਮਾਵੈਂ[2] ॥੨੭॥
ਅਪਨੇ ਬਲ ਆਸ਼੍ਰਯ ਹਮ ਰਹੈਂ।
ਜੇ ਨਿਰਬਲ ਤੇ ਪਰ[*] ਕੋ ਲਹੈਂ[3]।
ਉਛਲਤਿ ਮਮ ਤਰਕਸ਼ ਕੇ ਤੀਰ।
ਪ੍ਰਵਿਸ਼ਹਿਂ ਤੂਰਨ ਰਿਪੁਨਿ ਸਰੀਰ ॥੨੮॥
ਜਯੋਂ ਬਲਮੀਕ ਬਿਖੈ ਅਹਿ ਬਰੈਂ[4]।
ਡਸੈਂ ਸ਼ੱਤ੍ਰ ਕੌਂ[5] ਤਤਛਿਨ ਮਰੈਂ।
ਗਿਰਪਤਿ ਹਿਤ ਬਰਾਤ ਪਹੁਨਾਈ[6]।
ਲਖਿ ਆਗਮਨ ਸੁਧਾਰਿ ਬਨਾਈ ॥੨੯॥
ਢਾਲ ਬਿਸਾਲ ਥਾਲ ਕਰਿ ਆਗੇ।
ਘੇਵਰ ਖੜਗ ਦੇਉਂ ਤਨ ਖਾਂਗੇ[7]।
ਗਨ ਗੁਲਕਾ ਬਹੁ ਸ਼ੱਕਰਪਾਰੇ।
ਖਪਰੇ ਬ੍ਰਿੰਦ ਜਲੇਬ ਉਤਾਰੇ ॥੩੦॥
ਸੂਰ ਸਮੂਹ ਪਰੋਸਨ ਹਾਰੇ।
ਤ੍ਰਿਪਤਾਵਹਿਂ ਬਹੁ ਭਾਂਤਿ ਕਰਾਰੇ[8]।
ਰਖਹੁ ਬੀਰਤਾ ਛੁਧਾ[9] ਜਿ ਮਨ ਮੈਂ।
ਬਿਨਾ ਬਿਲਮ ਪਹੁੰਚਹੁ ਅਬਿ ਰਨ ਮੈਂ ॥੩੧॥

---

[1](ਵਜ਼ੀਰ ਨੇ ਗੁਰੂ ਜੀ ਨੂੰ ਮੁੜ ਅਨੰਦਪੁਰ ਚਲਣ ਲਈ ਕਿਹਾ ਹੋਸੀ, ਉਸ ਦੇ ਉੱਤਰ ਵਿਚ ਕਹਿੰਦੇ ਹਨ ਕਿ) ਤੂੰ ਸਾਨੂੰ ਕਿਹਾ ਹੈ ਕਿ ਅਨੰਦਪੁਰ (ਮੁੜ ਕੇ) ਚਲ ਪਹੁੰਚੋ ਐਉਂ (ਜਾਣਾ) ਸਾਨੂੰ ਚੰਗਾ ਨਹੀਂ ਲਗਦਾ, ਪਹਿਲਾਂ ਵੈਰੀ ਨੂੰ ਜਿੱਤਾਂਗੇ ਫੇਰ ਆਪਣੇ ਸ਼ਹਿਰ ਚਲਾਂਗੇ।

[2]ਮੂੰਹੋਂ ਹੋਰ ਕਹਿੰਦੇ ਹਨ ਤੇ ਕਮਾਉਂਦੇ ਹੋਰ ਹਨ।

[*]ਪਾ:-ਪਦ।

[3]ਨਿਰਬਲ ਓਹ ਹਨ ਜੋ ਦੂਜੇ ਦਾ (ਆਸਰਾ) ਤੱਕਦੇ ਹਨ।

[4]ਜਿਉਂ ਖੁੱਡਾਂ ਵਿਚ ਸਪ ਵੜਦੇ ਹਨ (ਇਉਂ)।

[5]ਵੈਰੀ (ਦੇ ਸਰੀਰ ਵਿਚ ਧਸ ਕੇ) ਡਸਣਗੇ।

[6]ਪ੍ਰਾਹੁਣਚਾਰੀ।

[7]ਤਨ ਨੂੰ ਚੀਰਨ ਵਾਲੀ ਤਲਵਾਰ ਰੂਪੀ ਘੇਵਰ ਦਿਆਂਗਾ। (ਅ) ਖਾਂਗੇ = ਖਾਣ ਲਈ। (ੲ) ਖਾਂਗੇ = ਖੱਗ, ਖੜਗ।

[8]ਬਹੁਤ ਤਰ੍ਹਾਂ ਕਰੜੇ।

[9]ਸੂਰਮੱਤਣ ਰੂਪੀ ਭੁੱਖ।

ਨਾਤੁਰ ਗੀਦੀ ਮੂਢ ਗਵਾਰੋ।
ਅਪਰ ਪੰਥ ਕੋ ਦੇਖਿ ਸਿਧਾਰੋ।
ਸੁਨਹੁਂ ਵਜ਼ੀਰ! ਜਥਾ ਹਮ ਕਰਨੀ।
ਸਭਿ ਨਿਸ਼ਕਪਟ ਤੋਹਿ ਢਿਗ ਬਰਨੀ ॥੩੨॥
ਚਹੋ ਜੰਗ ਤੌਂ ਇਤ ਚਲਿ ਆਵੋ।
ਬਹੁ ਦਿਵਸਨਿ ਕੋ ਛੋਭ ਮਿਟਾਵੋ।'
ਇਮ ਸਤਿਗੁਰ ਜਬਿ ਸਾਫ ਬਖਾਨੀ।
ਨਹਿਂ ਕਹਿ ਸਕਯੋ ਦੂਤ ਕਛੁ ਬਾਨੀ ॥੩੩॥
ਤਰੇ ਦ੍ਰਿਸ਼ਟਿ ਕਰਿ ਬੈਠਯੋ ਰਹਯੋ।
-ਘਟ ਘਟ ਕੋ ਗਯਾਤਾ ਪ੍ਰਭੁ- ਲਹਯੋ।
-ਕਪਟ ਗਿਰਿੰਦ੍ਰਨਿ ਕੋ ਮਨ ਜਾਨਾਂ।
ਕਿਮ ਸਹਿ ਸਕਹਿਂ ਆਪਨੀ ਹਾਨਾ[1]- ॥੩੪॥
ਇੱਤਯਾਦਿਕ ਬਿਚਾਰਿ ਮਨ ਮਾਂਹੀ।
ਨਿਸ਼ਚੈ ਲਖੀ ਪੰਥ ਦੈ ਨਾਂਹੀ[2]।
ਜੁਗ ਕਰ ਜੋਰਿ ਬੰਦਨਾ ਠਾਨੀ।
ਉਠਿ ਚਹਿ ਗਮਨਯੋਂ ਚਿੰਤ ਮਹਾਨੀ ॥੩੫॥
ਸਰਬ ਸਭਾ ਕੌ ਕਰਿ ਕਰਿ ਨਮੋਂ।
ਨਿਕਸਿ ਦ੍ਵਾਰ ਹਯ ਚਢਿ ਤਿਹ ਸਮੋਂ।
ਜਹਿਂ ਕਹਿਂ ਬੀਰ ਬ੍ਰਿੰਦ ਬਰ ਹੇਰੇ।
ਪਿਖੇ ਪਠਾਨਨਿ ਕੇ ਬਹੁ ਡੇਰੇ ॥੩੬॥
ਆਯੁਧ ਅਧਿਕ ਮੋਲ ਕੇ ਧਰੈਂ।
ਚਪਲ ਬਲੀ ਹਯ ਊਪਰ ਚਰੈਂ।
ਸਿੱਖ ਸੁਭਟ ਸਮੁਦਾਇ ਸਿਵਰ ਮੈਂ।
ਜਥਾ ਸ਼ੇਰ ਕਾਨਨ ਗਿਰਵਰ ਮੈਂ[3] ॥੩੭॥
ਤੁਰੰਗ ਤਬੇਲੇ ਥਿਤ ਗਨ ਲੈਨ[4]।
ਅਨਿਕ ਦੇਸ਼ ਕੇ ਭਟ ਬਿਨ ਚੈਨ[*]।
ਨਾਨਾ ਰੀਤਿ ਦਿਪਤ ਹੱਥਯਾਰੰ।

---

[1](ਤੇ ਸੋਚਣ ਲਗਾ ਕਿ ਸ੍ਰੀ ਗੁਰੂ ਜੀ) ਆਪਣੀ ਹਾਨੀ ਕਿਸ ਤਰ੍ਹਾਂ ਸਹਾਰ ਸਕਦੇ ਹਨ।
[2]ਰਾਹ ਨਹੀਂ ਦੇਣਗੇ।
[3]ਪਹਾੜੀ ਜੰਗਲ ਵਿਚ।
[4]ਕਤਾਰ, ਲਾਰ
[ਅੰ:, ਲਾਈਨ Line]।
[*]ਪਾ:-ਥਿਤ ਹੈਨ।

ਹੇਰਤਿ ਹਹਿਰ[1] ਹਿਰਾਨ ਬਿਚਾਰੰ[2] ॥੩੮॥
-ਦੁਰਗ ਮਹਾਂ ਦਿਢ ਦੀਰਘ ਦਿਪੈ।
ਥਲ ਥਲ ਥਿਰੇ ਸੁਚੇਤੀ ਥਪੈ[3]।
ਬਸਯੋ ਨਗਰ ਬਹੁ ਬਿਚਰਤਿ ਮਾਨਵ।
ਨਿਜ ਬਿਵਹਾਰ ਕਰਤਿ ਹਿਤ ਠਾਨਵ[4]- ॥੩੯॥
ਨਿਕਸਿ ਵਹਿਰ ਗਮਨਯੋਂ ਲਘੁ ਦੂਰੀ[5]।
ਉਪਬਨ[6] ਪਿਖਯੋ ਰਚਨ ਜਿਸ ਰੂਰੀ।
ਨਾਨਾ ਜਾਤਿ ਤਰੋਵਰੁ ਖਰੇ।
ਸੁਮਨਸ ਖਰੇ ਸ਼ੁਭਨ ਖਗ ਰਰੇ[7] ॥੪੦॥
ਸੰਗੀ ਮਨੁਖਨਿ ਸੰਗ ਬਖਾਨਾ।
'ਗੁਰ ਪ੍ਰਤਾਪ ਤੁਮ ਪਿਖਹੁ ਮਹਾਨਾ।
ਚਢਿ ਅਨੰਦਪੁਰ ਤੇ ਇਤ ਆਏ।
ਗਿਰ ਕਾਨਨ ਮਹਿਂ ਨਗਰ ਬਸਾਏ ॥੪੧॥
ਥੋਰੇ ਦਿਵਸਨ ਮਹਿਂ ਅਸ ਰਚਨਾ।
ਨਰਨਿ ਸਮਾਜ ਭਯੋ ਬਡ ਸਚਨਾ[8]।
ਬ੍ਰਿੰਦ ਬਾਹਿਨੀ ਜਹਿਂ ਕਹਿਂ ਛਾਈ[9]।
ਸ੍ਰੀ ਜਮਨਾ ਤਟ ਸੁੰਦਰ ਥਾਈਂ' ॥੪੨॥
ਇੱਤ੍ਯਾਦਿਕ ਕਹਿ ਕਰਿ ਚਲਿ ਜਾਵਤਿ।
ਸਤਿਗੁਰ ਕੀਰਤਿ ਸਭਿਨਿ ਸੁਨਾਵਤਿ।
ਪਹੁੰਚਯੋ ਸੈਲਪਤਿਨਿ ਜਹਿਂ ਡੇਰਾ।
ਸਭਿਹਿਨਿ ਰਿਦੈ ਸੰਦੇਹ ਬਡੇਰਾ ॥੪੩॥
-ਕਲਗੀਧਰ ਮਗ ਦੇਹਿਂ ਕਿ ਨਾਂਹੀ।
ਦਲ ਬਿਸਾਲ ਕੋ ਸੁਨਿ ਡਰਪਾਹੀਂ[10]-।
ਕੇਤਿਕ ਕਹੈਂ 'ਗੁਰੂ ਬਰ ਬੀਰ।

---

[1] ਕੰਬਿਆ।
[2] ਹੈਰਾਨ ਹੋਕੇ ਵਿਚਾਰਦਾ ਹੈ।
[3] ਸੁਚੇਤੀ ਕਰਦੇ ਹਨ।
[4] ਪ੍ਰੇਮ ਕਰਕੇ।
[5] ਥੋੜੀ ਦੂਰ ਤਕ।
[6] ਬਾਗ।
[7] ਫੁਲਾਂ (ਦੇ ਬੂਟੇ) ਖੜੇ ਹਨ (ਤੇ) ਸ਼ੋਭਦੇ ਹਨ ਪੰਛੀ ਚਹਿਕਦੇ।
[8] ਇਕੱਠਾ।
[9] ਫੈਲੀ ਹੋਈ ਹੈ।
[10] (ਸਾਡਾ) ਦਲ ਬਹੁਤਾ ਸੁਣਕੇ ਡਰਦੇ ਹਨ (ਕਿ ਨਹੀਂ ਗੁਰੂ ਜੀ)।

ਕਿਮਹੁੰ ਨ ਉਲੰਘਨਿ ਦੇਹਿ ਬਹੀਰ ॥੪੪॥
ਨ੍ਰਿਭੈ ਰਹਤਿ ਹੈਂ ਜੇ ਬਡ ਜੋਧਾ।
ਗਿਨਹਿਂ ਨ ਬਹੁਤ, ਕਰਹਿਂ ਰਣ ਕ੍ਰੋਧਾ[1+]।
ਪੁਨ ਤਿਨ ਕੋ ਘਰ ਊਪਰ ਮਗ ਕੇ।
ਕਹੇ ਨ੍ਰਿਪਨ ਕੇ ਤਜਹਿਂ ਨ ਭਗ ਕੇ[2] ॥੪੫॥
ਸ਼ਸਤ੍ਰ ਧਾਰੀਅਨਿ ਮਹਿਂ ਅਤਿ ਸ੍ਰੇਸ਼ਟ।
ਦੇਗ਼ ਤੇਗ਼ ਕੇ ਧਨੀ ਸੁ ਜੇਸ਼ਟ[3]।'
ਇੱਤਯਾਦਿਕ ਬੋਲਤਿ ਮਿਲਿ ਕਰਿ ਕੈ।
ਮਨੈ ਪਰਬਤੀ ਸੰਸੈ ਧਰਿ ਕੈ[4] ॥੪੬॥
ਇਤਨੇ ਮਹਿਂ ਵਜ਼ੀਰ ਚਲਿ ਆਯੋ।
ਗੁਰ ਬਚ ਸੁਨਿਬੇ ਦਲ ਉਮਡਾਯੋ।
'ਦਿਯੋ ਕਿ ਨਹੀਂ ਪੰਥ ਹਿਤ ਜਾਨੈ[5]?
ਲਰਹਿ ਕਿ ਨਹੀਂ, ਮੇਲ ਕੋ ਠਾਨੈ?' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਵਜ਼ੀਰ' ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋ ਅੰਸੂ ॥੧੨॥

---

[1](ਆਪ) ਜੁ ਵੱਡਾ ਜੋਧਾ ਹੈ ਨਿਰਭੈ ਰਹਿੰਦਾ ਹੈ, (ਜਦੋਂ) ਕ੍ਰੋਧ ਕਰਕੇ ਰਣ ਕਰਦਾ ਹੈ ਤਾਂ ਬਹੁਤਿਆਂ ਦੀ ਗਿਣਤੀ ਨਹੀਂ ਕਰਦਾ ਭਾਵ ਪ੍ਰਵਾਹ ਨਹੀਂ ਕਰਦਾ। (ਅ) ਜੋ ਵੱਡੇ ਵੱਡੇ ਜੋਧੇ (ਉਹਨਾਂ ਪਾਸ ਰਹਿੰਦੇ ਹਨ) ਓਹ (ਡਾਢੇ) ਕ੍ਰੋਧ ਨਾਲ ਲੜਦੇ ਹਨ, (ਸ਼ੱਤ੍ਰੂਆਂ ਦੀ) ਬੁਤੈਤ ਨੂੰ ਗਿਣਦੇ ਨਹੀਂ ਭਾਵ ਕੁਛ ਸ਼ੈ ਨਹੀਂ ਸਮਝਦੇ।
[+]ਪਾ:-ਰੋਧਾ।
[2]ਨੱਸਕੇ।
[3]ਬੜੇ।
[4]ਪਰਬਤ ਵਾਸੀ ਮਨ ਵਿੱਚ ਸੰਸਾ ਧਾਰਕੇ ਮਿਲਿ ਮਿਲਿਕੇ ਗੱਲਾਂ ਕਰਦੇ ਹਨ। (ਅ) ਮਨੈ ਪਰਬਤੀ = ਪਰਬਤੀ ਮਾਣੂ = ਭਾਵ ਪਹਾੜੀ ਆਦਮੀ।
[5]ਜਾਣ ਵਾਸਤੇ ਰਾਹ।

੧੩. [ਕੇਵਲ ਦੂਲਹੁ ਤੇ ਵਜ਼ੀਰ ਦੇ ਲੰਘਣ ਦੀ ਆਗਜਾ ਲੈਣੀ]

੧੨<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੪

ਦੋਹਰਾ: ਭੀਮਚੰਦ ਸੁਧਿ ਗੁਰੂ ਕੀ,
ਕਰਤਿ ਪ੍ਰਤੀਖਨ ਚੀਤ।
ਗਮਨਜੋ ਸ਼ੀਘ੍ਰ ਢੁਕਾਉ ਹਿਤ,
ਮਿਲਹਿਂ ਅਨਿਕ ਨ੍ਰਿਪ ਮੀਤਿ[1] ॥੧॥

ਚੌਪਈ: ਉਤਰਿ ਤੁਰੰਗ ਤਤਕਾਲ ਵਜ਼ੀਰ।
ਪਹੁੰਚਜੋ ਚਲਿ ਗਿਰਪਤਿ ਕੇ ਤੀਰ।
ਮੁਸਕਾਵਤਿ ਮੁਖ ਨਿਕਟਿ ਬਿਠਾਰਾ।
[2]'ਕਹੋ ਕਹਾਂ ਸਤਿਗੁਰੂ ਉਚਾਰਾ?' ॥੨॥
ਸੁਨਿ ਮੰਤ੍ਰੀ ਕਰ ਜੋਰਿ ਬਖਾਨਾ।
'ਕਲਗ਼ੀਧਰ ਤੁਮਰੋ ਛਲ ਜਾਨਾ।
-ਅਪਨੋ ਅਰਥ[3] ਹੇਤੁ ਬਨ ਮੀਤਾ।
ਪੁਨ ਤਤਛਿਨ ਹੋਵਤਿ ਬਿਪਰੀਤਾ[4]- ॥੩॥
ਸਾਹਿਬ ਕਰਾਮਾਤ ਗੁਰੁ ਪੂਰਾ।
ਕਿਮ ਪੁਜ ਸਕਹਿ ਤਿਨਹੁਂ ਢਿਗ ਕੂਰਾ।
ਕਹੀ ਜਾਇ ਕਰਿ ਅਧਿਕ ਪ੍ਰਸੰਸਾ।
ਸੁਨਿ ਕਰਿ ਸੋਢਿ ਬੰਸ ਅਵਤੰਸ਼ਾ ॥੪॥
ਕਪਟ ਸਮੇਤ ਜਾਨਿ ਨਹਿਂ ਮਾਨੀ।
ਭਰੀ ਬੀਰ ਰਸ ਗਿਰਾ ਬਖਾਨੀ।
-ਇਸ ਮਗ ਮਹਿਂ ਨਹਿਂ ਉਲੰਘਨ ਦੈ ਹੌਂ।
ਰੋਕਿ ਬਿਲੋਕਤਿ ਸ਼ੋਕ ਉਪੈ ਹੌਂ[5] ॥੫॥
ਜੇ ਗਿਰ ਪਤਿਨਿ ਬਿਖੈ ਬਲ ਭਾਰੀ।
ਦਲ ਸਕੇਲ ਚਲਿ ਆਉ ਅਗਾਰੀ।
ਬਿਗਰੇ ਰਹਹੁ ਅਨੰਦ ਪੁਰਿ ਜਬਿ ਕੇ[6]।
ਲਰਿਬੇ ਤਯਾਰ ਅਹੈਂ ਹਮ ਤਬਿ ਕੇ ॥੬॥

---

[1](ਜੋ ਭੀਮਚੰਦ) ਜਾ ਰਿਹਾ ਸੀ ਅਨੇਕਾਂ ਰਾਜੇ ਮਿੱਤ੍ਰਾਂ ਨੂੰ ਨਾਲ ਮਿਲਾ ਕੇ ਢੁਕਾਉ ਲਈ।
[2]ਭੀਮਚੰਦ ਨੇ ਪੁੱਛਿਆ।
[3]ਅਪਣੇ ਮਤਲਬ।
[4]ਉਲਟ, ਵਿਰੋਧੀ।
[5]ਰੋਕਾਂਗਾ ਤੇ ਦੇਖਦਿਆਂ ਦੇਖਦਿਆਂ ਸ਼ੋਕ ਉਪਾਦਿਆਂਗਾ, ਭਾਵ ਸ਼ੱਤ੍ਰੂ ਨੂੰ ਨਾਸ਼ ਕਰਾਂਗਾ। (ਅ) (ਜੇ ਰਾਜੇ ਵਲੋਂ ਮੈਂ ਆਪਣੀ ਇਸ ਗਲ ਵਿਚ ਰੋਕ =) ਅੜੀ ਵੇਖਾਂਗਾ ਤਾਂ ਸ਼ੋਕ ਉਪਾਵਾਂਗਾ।
[6]ਜਦ ਅਨੰਦਪੁਰ (ਸੀ) ਤਦ ਦੇ ਵਿਗੜੇ ਰਹਿੰਦੇ ਹੋ।

ਜੰਗ ਖੇਤ ਅਭਿਲਾਖਾ ਰਾਖੀ।
ਪੁਰਵਹੁ ਅਬਹਿ ਆਨਿ-ਗੁਰ ਭਾਖੀ।
-ਕਰਨਿ ਸੰਧਿ[1] ਕੋ ਕਾਜ ਨ ਕੋਈ।
ਬਨਹਿ ਮਿਲਹਿੰ ਗਨ ਸ਼ਸਤ੍ਰਨਿ ਸੋਂ ਈ[2] ॥੭॥
ਖਰੇ ਪੰਚ ਸੈ ਸੁਭਟ ਅਗਾਰੀ।
ਕਰਹਿੰ ਪ੍ਰਤੀਖਨ ਤੁਮ ਅਸਵਾਰੀ।
ਗੁਰ ਦਲ ਮਹਿਂ ਨਹਿਂ ਬਿਲਮ ਰਤੀ ਕੀ[3]।
ਚਾਹਿ ਪਿਖਿਨਿ ਤੁਮ ਚਮੂੰ ਗਤੀ ਕੀ[4]' ॥੮॥
ਭੀਮਚੰਦ ਸੁਨਿ ਚਿੰਤ ਬਿਸਾਲਾ।
-ਪਰਜੋ ਬਿਘਨ ਕਿਮ ਹੋਇ ਨ ਟਾਲਾ।
ਬਜਾਹ ਦਿਵਸ ਅਬਿ ਆਇ ਨਜੀਕਾ।
ਪਰਹਿ ਜੰਗ ਬਡ, ਹੋਹਿ ਨ ਠੀਕਾ ॥੯॥
ਅਪਰ ਪੰਥ ਜੈਬੇ ਕਹੁ ਨਾਂਹੀ।
ਜੇ ਕੋ ਅਹੈ ਦੂਰ ਕੋ ਜਾਹੀਂ[5]।
ਬਿਤ ਜੈ ਹੈ ਸਾਹੇ ਕੋ ਸਮੈਂ।
ਆਨਿ ਬਨੀ ਅਸਮੰਜਸ[6] ਹਮੈਂ- ॥੧੦॥
ਚਿਤਵਤਿ ਗਿਰਪਤਿ ਸਕਲ ਬੁਲਾਏ।
ਕਰਿ ਆਦਰ ਨਿਜ ਨਿਕਟਿ ਬਿਠਾਏ।
'ਮਿਲਿ ਮਸਲਤ ਕੀਜਹਿ ਅਬਿ ਕੈਸੇ।
ਸਮਧੀ ਸਦਨ ਪਹੂੰਚਹਿਂ ਜੈਸੇ ॥੧੧॥
ਗੁਰੂ ਕੰਨੇ[7] ਤੇ ਇਹ ਸੁਧਿ ਆਈ।
ਦੇਤਿ ਨ ਮਗ ਦਿਢ ਹੇਤੁ ਲਰਾਈ[8]।'
ਸੁਨਿ ਸੈਲੇਂਦ੍ਰਨਿ ਕਰਿ ਹੰਕਾਰਾ।
ਸਭਿਹਿਨਿ ਧੀਰਜ ਹੇਤੁ ਉਚਾਰਾ ॥੧੨॥
'ਕਹਾਂ ਤ੍ਰਾਸ ਚਿਤ ਮੈਂ ਤੁਮ ਕੀਨੋ।

---

[1]ਮੇਲ।
[2]ਸਮੂਹ ਸ਼ਸਤ੍ਰਾਂ ਨਾਲ ਹੀ ਮੇਲ ਗੇਲ ਬਣੇਗਾ (ਹੁਣ)।
[3]ਰਤੀ ਕੁ ਬੀ।
[4]ਸੈਨਾਂ ਦੀ ਚਾਲ ਦੇਖਣ ਦੀ।
[5]ਦੂਰ ਦੀ ਜਾਂਦਾ ਹੈ।
[6]ਅਣ ਬਣ।
[7]ਵਲੋਂ।
[8]ਲੜਾਈ ਕਰਨ ਲਈ ਦ੍ਰਿੜ ਹੈ।

ਇਤੋ ਕਟਕ[੧] ਇਕੱਤ੍ਰ ਕਰਿ ਲੀਨੋ[*]।
ਸੂਧੇ ਗਮਨਹਿਂ ਪੰਥ ਮਝਾਰੇ।
ਬਨ ਅਰਿ ਅਰਹਿ ਜਿ ਆਇ ਅਗਾਰੇ[੨] ॥੧੩॥
ਬੀਨ ਬੀਨ ਹਮ ਸੁਭਟ ਬਟੋਰੈਂ[੩]।
ਹੇਲ ਘਾਲਿ[੪] ਰਿਪੁ ਊਪਰ ਦੌਰੈਂ।
ਸਭਿਨਿ ਧਕਾਵਹਿਂ ਕਰਹਿਂ ਕਿਨਾਰੇ[੫]।
ਦਿਢ ਹ੍ਵੈ ਕਰੈਂ, ਰਹੈਂ ਬਲਿ ਭਾਰੇ ॥੧੪॥
ਗੁਲਕਾਂ ਸ਼ਲਖਨਿ ਮਾਰਹਿਂ ਤਕਹੀ।
ਰਿਪੁ ਬਹੀਰ ਪਰ ਆਇ ਨ ਸਕਹੀ।
ਸਨੇ ਸਨੇ ਮਗ ਉਲੰਘਹਿ ਸਾਰੇ।
ਚਢਿ ਨੌਕਾ ਜਮੁਨਾ ਪਰਿ ਪਾਰੇ ॥੧੫॥
ਜਬਿ ਸਮਾਜ ਪਰਲੈ ਹੁਇ ਕੂਲ[੬]।
ਦੇ ਕਰਿ ਏਕ ਬਾਰ ਦਲ ਹੂਲ[੭]।
ਡੇਰੇ ਮਹਿਂ ਤਬਿ[+] ਕਰੀਅਹਿ ਛੂਟ[੮]।
ਸ਼ਸਤ੍ਰ ਬਸਤ੍ਰ ਧਨ ਲੀਜਹਿ ਲੂਟ ॥੧੬॥
ਦਲ ਬਲ ਤੇ ਗੁਰ ਸੈਨ ਹਟਾਇ।
ਲੂਟਤਿ ਚਲਹਿਂ ਨਿਸ਼ਾਨ ਬਜਾਇ।'
ਇਮ ਜਸਵਾਲ ਕੇਸਰੀ ਚੰਦ।
ਕਹ੍ਯੋ ਗੁਪਾਲ ਗੁਲੇਰ ਨਰਿੰਦ ॥੧੭॥
ਸੰਗ ਕ੍ਰਿਪਾਲ ਕਟੋਚਿਨ ਆਦਿ।
ਭਯੋ ਪਰਸਪਰ ਚਲਨਿ ਸੰਬਾਦ।
ਭੀਮਚੰਦ ਸਤਿਗੁਰ ਕੋ ਜਾਨਹਿ।
-ਆਯੁਧ ਧਾਰੀ ਬੀਰ- ਪਛਾਨਹਿ ॥੧੮॥
ਨਹਿਂ ਲਰਿਬੇ ਕੀ ਮਸਲਤ ਮਾਨੀ।

---

[੧]ਸੈਨਾ।
[*]ਇਥੋਂ ਸਪਸ਼ਟ ਹੈ ਕਿ ਰਾਜਿਆਂ ਨਾਲ ਫੌਜ ਬਹੁਤ ਸੀ।
[੨]ਸ਼ੱਤ੍ਰੂ ਬਣਕੇ ਜੇ ਅੱਗੇ ਆਕੇ ਅੜੇਗਾ।
[੩]ਇਕੱਠੇ ਕਰਾਂਗੇ।
[੪]ਹੱਲਾ ਦੇਕੇ।
[੫]ਪਾਸੇ ਕਰਾਂਗੇ (ਰਾਹ ਤੋਂ)।
[੬]ਪਰਲੇ ਕਿਨਾਰੇ ਤੇ ਹੋ ਜਾਏਗਾ।
[੭]ਹੱਲਾ ਕਰਕੇ।
[+]ਪਾ:-ਹਥ।
[੮]ਧਾਵਾ (ਹੱਲਾ)।

'ਨਹਿਂ ਆਛੀ, ਦੁਖਦਾਨ ਮਹਾਨੀ[1]।
ਕਹੁ ਵਜ਼ੀਰ! ਉਲੰਘਨ ਕੀ ਬਾਤ।
ਕਿਮ ਰਹਿ ਆਇ ਬਜਾਹ ਕੀ ਬਾਤ ॥੧੯॥
ਗੁਰ ਢਿਗ ਦਲ ਕੇਤਿਕ ਮਿਲਿ ਗਯੋ।
ਕਿਮ ਠਕੁਰਾਈ[2] ਠਾਨਤਿ ਭਯੋ।
ਤੁਮ ਮਤਿ ਮਹਿਂ ਆਵਤਿ ਕਹੁ ਕੈਸੇ?
ਬਿਘਨ ਨ ਪਰਹਿ ਆਨ ਕਰਿ ਜੈਸੇ' ॥੨੦॥
ਸੁਨਤਿ ਬੈਨ ਪਰਧਾਨ ਬਖਾਨੈ।
'ਸਭਿ ਗਿਰਿੰਦ੍ਰ ਤੁਮ ਬਹੁ ਬੁਧਿਵਾਨੈ।
ਨਿਕਟ ਚਮੂੰ ਭੀ ਅਹੈ ਮਹਾਨਾ[3]।
ਤਊ ਨ ਹੋਵਹੁ ਗੁਰੂ ਸਮਾਨਾ ॥੨੧॥
ਲਾਖਹੁਂ ਨੰਮ੍ਰਿ ਹੋਇਂ ਨਰ ਪਾਇਨ।
ਆਨਹਿਂ ਅਰਪਹਿਂ ਅਨਿਕ ਉਪਾਇਨ।
ਸ਼੍ਰੀ ਨਾਨਕ ਕੀ ਗਾਦੀ ਸਾਥ।
ਕਿਮ ਸਮਸਰਤਾ ਹੁਇ ਗਿਰ ਨਾਥ! ॥੨੨॥
ਅਹਿ ਅਨੰਦ ਪੁਰਿ ਤੇ ਸੌ ਗੁਨਾ।
ਦਲ ਪ੍ਰਤਾਪ ਬਾਢਯੋ ਅਤਿ ਘਨਾ।
ਸੁਭਟ ਸ਼ਸਤ੍ਰ ਜੁਤਿ ਜਿਤ ਕਿਤ ਖਰੇ।
ਪੁਸ਼ਟ ਤੁਰੰਗਮ ਗਨ ਬਲ ਭਰੇ ॥੨੩॥
ਅਤਿ ਉਤਸਾਹ ਚਮੂੰ ਬਹੁ ਦੀਖਾ।
ਲਰਿ ਕਰਿ ਕੋਇ ਨ ਬਨੈ ਸਰੀਖਾ[4]।
ਜਮਨਾ ਤਟ ਲੌ ਦੇਹਿਂ ਨ ਜਾਨੇ।
ਵਧਹਿਂ ਅਗਾਊ ਕਰਿ ਘਮਸਾਨੇ[5] ॥੨੪॥
ਕਿਮ ਤਿਨ ਕੌ ਲੂਟਨਿ ਤੁਮ ਚਾਹਾ।
ਰਾਤਿ ਦਿਵਸ ਜਿਨ ਲਰਨਿ ਉਮਾਹਾ।
ਧਨ ਹੰਕਾਰ ਨ ਕੀਜਹਿ ਐਸੇ।
ਪਸ਼ਚਾਤਾਪ ਬਿਸੂਰਹ ਜੈਸੇ ॥੨੫॥

---

[1](ਲੜਨ ਦੀ ਸਲਾਹ) ਚੰਗੀ ਨਹੀਂ ਦੁਖਦਾਈ ਹੈ ਬਹੁਤ।
[2]ਸਰਦਾਰੀ।
(ਅ) ਰਜਧਾਨੀ ਸਾਜੀ ਹੈ।
[3]ਬਹੁਤ ਹੈ (ਤੁਹਾਡੇ ਪਾਸ)।
[4]ਭਾਵ ਕੋਈ ਬਰਾਬਰ ਨਹੀਂ ਢੁੱਕ ਸਕਦਾ।
[5]ਅੱਗੇ ਵਧ ਕੇ ਘਮਸਾਨ ਕਰਨਗੇ।

ਮੈਂ ਦੇਖੀ ਸਭਿ ਰੀਤਿ ਬਿਚਾਰੀ।
ਗੁਰੂ ਨ ਉਲੰਘਨਿ ਦੇਹਿ ਅਗਾਰੀ।
ਕਿਸ ਬਿਧਿ ਹੋਤਿ ਸਾਮਤਾ[੧] ਨਾਂਹੀ।
ਲਰਿਬੇ ਬਿਜੈ ਨਹੀਂ ਰਨ ਮਾਂਹੀ ॥੨੬॥
ਔਰ ਉਪਾਵ ਏਕ ਮੈਂ ਜਾਨਾ।
ਦੂਲਹੁ ਇਸ ਮਗ ਕਰਹੁ ਪਯਾਨਾ।
ਇਕ ਦੁਇ ਸੇਵਕ ਲੇ ਕਰਿ ਸੰਗ।
ਸਨਮੁਖ ਗਮਨਜੋਂ ਜਾਇ ਨਿਸੰਗ[੨] ॥੨੭॥
ਬਜਾਹ ਸਮੇਂ ਪਹੁੰਚੈ ਸਸੁਰਾਰੇ।
ਫੇਰੇ ਫਿਰਹਿ ਕਾਜ ਕੌ ਸਾਰੇ।
ਅਪਰ ਜਾਹਿਂ ਸਭਿ ਮਾਰਗ ਦੂਜੇ।
ਸਨੇ ਸਨੇ ਚਲਿ ਕੈ ਤਹਿਂ ਪੂਜੇ[੩] ॥੨੮॥
ਆਛੋ ਜਤਨ ਅਹੈ ਇਕ ਏਹੀ।
ਅਪਰ ਬਿਧੀ ਉਰ ਆਇ ਨ ਕੇਹੀ।'
ਸੁਨਤਿ ਕੇਸਰੀ ਅਪਰ ਗੁਪਾਲ।
ਸਭਾ ਬੀਚ ਬੋਲੇ ਤਿਸ ਕਾਲ ॥੨੯॥
ਕਹਾਂ ਬਾਤ ਤੈਂ ਕਹੀ ਵਜ਼ੀਰ?
ਹਮ ਕੋ ਨਾਂਹਿ ਨ ਜਾਨਜੋਂ ਬੀਰ।
ਕਰਿ ਕਾਤੁਰ ਸਭਿ ਚਹਤਿ ਹਟਾਇ[੪]।
ਕਹਾਂ ਗੁਰੂ ਢਿਗ ਦੇਖਜੋ ਜਾਇ? ॥੩੦॥
ਕੌਨ ਜਾਤਿ ਕੇ ਹੈਂ ਬਰ ਬੀਰ?
ਕਟਕ[੫] ਬਟੋਰਿ ਜੁ ਰਾਖਜੋ ਤੀਰ।
ਕੇਤਿਕ ਗਿਨਤੀ ਮਹਿਂ ਮਨੁ[੬] ਜਾਨੇ?
ਕੇਤਿਕ ਅਸੁ[੭] ਕਿਸ ਬਿਧਿ ਸਵਧਾਨੇ?' ॥੩੧॥
ਸੁਨਿ ਵਜ਼ੀਰ ਗਿਰਨਾਥਹਿ ਸਾਥ।

---

[੧]ਸੁਲਹ
(ਅ) ਸਮਤਾ।
[੨]ਸਾਹਮਣੇ (ਗੁਰੂ ਜੀ ਦੇ) ਨਿਸ਼ੰਗ ਹੋਕੇ ਟੁਰਿਆ ਜਾਵੇ।
[੩]ਤਿਥੇ ਪੁੱਜਣ।
[੪]ਕਾਇਰ ਕਰਕੇ ਸਾਰਿਆਂ ਨੂੰ (ਜੰਗ ਤੋਂ) ਹਟਾਇਆ ਚਾਹੁੰਦਾ ਹੈ।
[੫]ਸੈਨਾ।
[੬]ਮਨੁੱਖ, ਆਦਮੀ।
[੭]ਘੋੜੇ।

ਕਹਤਿ ਭਯੋ ਗੁਰ ਦਲ ਕੀ ਗਾਥ।
'ਘਨੇ ਪਠਾਨ ਬਨੇ ਹਥਜਾਰ[1]।
ਸਭਿ ਤੇ ਉਰੇ ਪਰੇ[2] ਬਲ ਧਾਰਿ ॥੩੨॥
ਬਾਨ ਸਰਾਸਨ ਧਾਰਨਹਾਰੇ।
ਖੜਗ ਤੁਪਕ ਯੁਤ ਭਿੜਨਿ ਕਰਾਰੇ।
ਦੇਸ਼ ਬਿਦੇਸ਼ੀ ਭਟ ਸਿਖ ਸੰਗਤਿ।
ਥਲ ਥਲ ਥਿਰੇ ਪਿਖੀ ਬਹੁ ਪੰਗਤਿ ॥੩੩॥
ਬ੍ਰਿੰਦ ਉਦਾਸੀ ਬਿਚਰਤਿ ਹੇਰੇ।
ਖਾਇਂ ਕੜਾਹਿ ਸੁ ਪੁਸ਼ਟ[3] ਬਡੇਰੇ।
ਰਿਦੇ ਅਚੰਭ ਭਯੋ ਦਲ ਜੋਵਾ।
ਸੰਗ੍ਰਹਿ ਇਤੋ ਕਵਨ ਬਿਧਿ ਹੋਵਾ ॥੩੪॥
ਅਤਿ ਉਤਸਾਹ ਲਰਨ ਕੌ ਜਿਨ ਮੈਂ।
ਲਖੀਅਤਿ ਮਨੋ ਲਈ ਜੈ ਰਨ ਮੈਂ।
ਮੈਂ ਮਸਲਤ ਕਬਿ ਕਹੌਂ ਨ ਲਰਿਬੇ।
ਤੁਮ ਕਰੀਅਹਿ ਜਿਸ ਬਿਧਿ ਬੁਧਿ ਧਰਿਬੇ' ॥੩੫॥
ਸੁਨਿ ਵਜ਼ੀਰ ਤੇ ਗੁਰ ਕੀ ਗਾਥਾ।
ਠਾਨੀ ਮੌਨ ਜਿਤਿਕ ਗਿਰਨਾਥਾ।
ਭੀਮਚੰਦ ਕੋ ਚਿੰਤ ਬਿਲੰਦਾ।
-ਛੰਦ ਬੰਦ ਕੋ ਨਹੀ ਪੁਜੰਦਾ[4]- ॥੩੬॥
'ਸੁਨਿ ਵਜ਼ੀਰ! ਤੈਂ ਮੰਤ੍ਰ[5] ਬਤਾਵਾ।
ਦੂਲੋ ਏਕਲ ਚਹੈਂ ਪਠਾਵਾ।
ਜੇ ਸਤਿਗੁਰ ਗਹਿ ਕਰਿ ਹੈਂ ਕੈਦ।
ਬਹੁਰ ਛੁਟਾਵਨਿ ਕਹਾਂ ਉਮੈਦ ॥੩੭॥
ਪ੍ਰਿਯ ਸੁਤ ਕੋ ਇਮ ਬਿਘਨ ਬਿਸਾਲਾ।
ਮੋ ਤੇ ਸਹਜੋ ਨ ਜਾਇ ਕਰਾਲਾ।
ਅਪਜਸੁ ਜਗ ਮਹਿਂ ਭਾਖਹਿਂ ਸਾਰੇ।
ਬੁਧਿ ਅਰੁ ਬਲ ਮੇਰੋ ਧਿਧਕਾਰੇਂ[6] ॥੩੮॥

---

[1] ਹਥਜਾਰਬੰਦ।
[2] (ਡੇਰਾ ਪਾਈ) ਪਏ ਹੋਏ ਹਨ।
[3] ਮੋਟੇ।
[4] ਛਲ ਵਲ ਕੋਈ ਨਹੀਂ ਪੁਜਦਾ (ਗੁਰੂ ਜੀ ਨਾਲ)।
[5] ਸਲਾਹ।
[6] ਧ੍ਰਿਕਾਰਨਗੇ।

ਗੁਰ ਕੋ ਧਨ ਕੀ ਚਾਹਿ ਨ ਕੋਇ[੧]।
ਜਿਸ ਕੌ ਦੇ ਮੁਚਵਾਵੌਂ ਸੋਇ[੨]।
ਮਸਲਤ ਆਪ ਕਰੋ ਹਿਤ ਜਾਨੈ[੩]।
ਜਿਮ ਦੂਲਹੁ ਸ੍ਰੀ ਨਗਰ ਪਯਾਨੈ' ॥੩੯॥
ਸੁਨਿ ਪਰਧਾਨ ਬਖਾਨੇ ਬੈਨ।
'ਭੋ ਗਿਰਿੰਦ੍ਰ! ਇਮ ਕੀਜੈ ਭੈਨ।
ਗੁਰੂ ਗੰਭੀਰ ਧੀਰ ਬਲਬੀਰ।
ਇਮ ਨਹਿਂ ਕਰਹਿ ਗਏ ਤੇ ਤੀਰ ॥੪੦॥
ਮਹਾਂ ਕ੍ਰਿਪਾਲੁ ਗਜਾਨਿ ਗੁਨਵੰਦ।
ਅਸ ਕਾਰਜ ਨਹਿਂ ਕਰਹਿ ਕਦੰਤ।
ਉਰ ਨਿਚਿੰਤ ਹੁਇ ਸੁਤ ਪਠਿ ਦੀਜੈ।
ਮਾਰਗ ਅਪਰ ਆਪ ਗਮਨੀਜੈ ॥੪੧॥
ਮਸਲਤ ਸਾਰ ਮਾਨਿ[੪] ਇਹ ਮੇਰੀ।
ਜਾਨਿ ਆਪਨੀ ਛੇਮ[੫] ਭਲੇਰੀ।
ਅਪਰ ਉਪਾਇ ਨਹੀਂ ਬਨਿ ਆਵੈ।
ਜਿਸ ਤੇ ਸਿਰੀ ਨਗਰ ਮਹਿਂ ਜਾਵੈਂ' ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਮਸਲਤ ਕਰਨਿ' ਪ੍ਰਸੰਗ ਬਰਨਨੰ ਨਾਮ ਤ੍ਰਿਯੋਦਸਮੋ ਅੰਸੂ ॥੧੩॥

---

[੧]ਗੁਰੂ ਜੀ ਨੂੰ ਧਨ ਦੀ ਚਾਹ ਨਹੀਂ ਕੋਈ।
[੨]ਜਿਸ (ਧਨ) ਨੂੰ ਦੇਕੇ ਉਸ ਨੂੰ ਛੁਡਵਾ ਲਵਾਂਗਾ।
[੩]ਜਾਣੇ ਵਾਸਤੇ।
[੪](ਸਭ ਤੋਂ) ਉੱਤਮ।
[੫]ਸੁਖ।

੧੪. [ਭੀਮਚੰਦ ਦਾ ਪੁੱਤ੍ਰ ਤੇ ਵਜ਼ੀਰ ਸ੍ਰੀ ਨਗਰ ਪੁੱਜੇ]

੧੩<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੫

ਦੋਹਰਾ: ਜਤਨ ਅਨੇਕ ਬਿਚਾਰਿ ਕੈ,
ਭੀਮਚੰਦ ਗਿਰਰਾਇ।
ਮਾਨਜੋਂ ਮੰਤ੍ਰ ਵਜ਼ੀਰ ਕੋ,
ਔਰ ਨ੍ਰਿਪਨ ਸਮੁਦਾਇ[1] ॥੧॥
ਚੌਪਈ: [2]'ਸੁਨੋ ਸੈਲਨਾਥਨ! ਬਚ ਮੇਰੇ।
ਬਜਾਹ ਸਮੈ ਆਯੋ ਅਬਿ ਨੇਰੇ।
ਲਰਿਬੇ ਬਿਖੈ ਦਿਵਸ ਬਹੁ ਲਾਗੈਂ।
ਪਿਖਿ ਦਲ ਬਲ ਕੌ ਗੁਰ ਨਹਿਂ ਭਾਗੈ ॥੨॥
ਭੀਮ ਜੰਗ ਦੁਇ ਦਿਸ਼ਿ ਤੇ ਪਰੈ।
ਦੋਨਹੁਂ ਚਮੂੰ ਸੁਭਟ ਬਲ ਧਰੈਂ।
ਹਟ ਨਹਿਂ ਜਾਇਂ ਲਾਜ ਨਿਰਬਾਹੈਂ।
ਕੋ ਜਾਨੇ ਤਬਿ ਕਜਾ ਹੁਇ ਜਾਹੈ ॥੩॥
ਬਜਾਹ ਕਾਜ ਪੂਰਨ ਅਬਿ ਕਰੋ।
ਪੁਨ ਗੁਰ ਸੰਗ ਲਰੋ ਨਹਿਂ ਟਰੋ।
ਅਬਿ ਰਿਸ ਤਜਹੁ ਅਪਰ ਮਗ ਗਮਨਹੁ।
ਬਹੁਰ ਆਇ ਗੁਰ ਦਲ ਕੋ ਦਮਨਹੁ[3] ॥੪॥
ਫਤੇਸ਼ਾਹ ਕੋ ਲੇ ਕਰਿ ਸੰਗ।
ਦਿਹੁ ਉਠਾਇ ਇਤ ਤੇ[4] ਕਰਿ ਜੰਗ।
ਸਭਿਨਿ ਬਿਰੋਦੀ ਬਨਜੋਂ ਮਹਾਨ।
ਕੈਸੇ ਬਸਨ ਦੇਹਿਂ ਇਸ ਥਾਨ ॥੫॥
ਬਿਘਨ ਬਿਸਾਲ ਬਜਾਹ ਮਹਿਂ ਡਾਲਾ।
ਇਸ ਪਲਟੋਂ ਮੈਂ ਲੇਉਂ ਬਿਸਾਲਾ।'
ਇੱਤਜਾਦਿਕ ਕਹਿ ਨ੍ਰਿਪ ਸਮੁਝਾਏ।
ਲਰਿਬੇ ਤੇ ਤਿਸ ਸਮੈਂ ਹਟਾਏ ॥੬॥
ਕਰਜੋ ਤਜਾਰ ਸੁਤ ਹੇਤੁ ਪਠਾਵਨ।
ਨਿਕਟ ਅਮਾਤ[5] ਕੀਨਿ ਸਮੁਝਾਵਨਿ।

---

[1]ਭੀਮ ਚੰਦ ਪਹਾੜੀ ਰਾਜੇ ਤੇ ਹੋਰ ਸਾਰਿਆਂ ਰਾਜਿਆਂ ਨੇ ਵਜ਼ੀਰ ਦੀ ਸਲਾਹ ਮੰਨ ਲਈ।
[2]ਭੀਮਚੰਦ ਕਹਿੰਦਾ ਹੈ:-
[3]ਦੰਡ ਦਿਓ।
[4]ਇਥੋਂ (ਪਾਂਵਟੇ) ਤੋਂ।
[5]ਵਜ਼ੀਰ।

'ਗਮਨਹੁ ਇਸੀ ਸੰਗ ਮਗ ਸੂਧੇ।
ਗੁਰੂ ਕਦਾਚਿਤ ਜੇ ਮਗ ਰੂਧੇ[1] ॥੭॥
ਬਨਿ ਕੈ ਦੀਨ ਬਿਨੈ ਬਹੁ ਭਾਖੋ।
ਜਯੋਂ ਕਯੋਂ ਕਰਿ ਉਲੰਘਨ ਅਭਿਲਾਖੋ।
ਕਰ ਬੰਦਨ ਬੰਦਨ ਪਗ ਠਾਨਹੁ[2]।
ਹਮ ਦਿਸ਼ਿ ਤੇ ਬਹੁ ਅਰਜ਼ ਬਖਾਨਹੁ ॥੮॥
-ਨਹਿਂ ਮਗ ਦੀਯੋ ਨ ਆਯੋ ਰਾਜਾ।
ਸਕਲ ਸਹਾਰਯੋ ਬਨਯੋਂ ਕੁਕਾਜਾ।
ਤੁਮ ਸੰਗ ਲਰਯੋ ਨ ਚਾਹਤਿ ਸੋਈ।
ਠਾਨੀ ਨਮੋ, ਬੰਦਿ ਕਰ ਦੋਈ-' ॥੯॥
ਕਹਿ ਸੁਤ ਕੌ ਝੰਪਾਨ[3] ਚਢਾਵਾ।
ਰਿਦਾ ਹੌਲ ਜੁਤਿ ਪੰਥ ਪਠਾਵਾ।
ਇਕ ਦੁਇ ਦਾਸਿਕ ਸੰਗ ਵਜ਼ੀਰ[4]।
ਗਮਨੇ ਜਬਿ, ਨ੍ਰਿਪ ਹੋਤਿ ਅਧੀਰ ॥੧੦॥
ਸਨੇ ਸਨੇ ਸਨਮੁਖ ਜਬਿ ਗਏ।
ਗੁਰ ਦਲ ਕੇ ਸਮੀਪ ਜਬਿ ਭਏ।
ਦੇਖਤਿ ਜਾਨਯੋ -ਰਿਪੁ ਦਲ ਆਯੋ-।
ਚਢੇ ਤੁਰੰਗਨ ਉਰ ਉਮਗਾਯੋ ॥੧੧॥
ਤਯਾਰ ਤੁਫੰਗਨ ਕਰਤਿ ਧਵਾਏ[5]।
ਭੀਮਚੰਦ ਨੰਦਨ ਪਿਖਿ ਜਾਏ[6]।
ਬਿਨਾ ਬਾਹਿਨੀ ਕੇ ਚਲਿ ਆਯੋ।
ਘੇਰ ਲਿਯੋ ਨਿਜ ਅੱਗ੍ਰ ਚਲਾਯੋ ॥੧੨॥
ਸਹਿਤ ਵਜ਼ੀਰ ਤਹਾਂ ਪਹੁੰਚਾਏ।
ਜਹਿਂ ਸਤਿਗੁਰ ਕੋ ਪੌਰ ਸੁਹਾਏ।
ਦ੍ਵਾਰਪਾਲ ਸੁਧਿ ਜਾਇ ਸੁਨਾਈ।
'ਨ੍ਰਿਪ ਸੁਤ ਕੋ ਸੈਨਾ ਗਹਿ ਲਯਾਈ ॥੧੩॥
ਜਾਤਿ ਹੁਤੋ ਹਿਤ ਬਯਾਹ ਅਗਾਰੀ।

---

[1]ਰੋਕੇ।
[2]ਹੱਥ ਜੋੜ ਕੇ ਚਰਨਾਂ ਤੇ ਨਮਸਕਾਰ ਕਰੋ।
[3]ਪਾਲਕੀ ਉਪਰ।
[4]ਇਕ ਦੋ ਦਾਸ ਤੇ ਇਕ ਵਜ਼ੀਰ ਨਾਲ।
[5]ਦੌੜਾਏ (ਘੋੜੇ।
[6]ਜਾਕੇ ਦੇਖਿਆ।

ਸਚਿਵ ਏਕ ਦੁਇ ਨਰ ਸੰਗ ਧਾਰੀ।
ਡਰਿ ਧਰਿ ਕਰਿ ਸਗਰੇ ਮਹਿਪਾਲਾ।
ਸੈਨ ਸਮੇਤ ਸਮਾਜ ਬਿਸਾਲਾ ॥੧੪॥
ਅਪਰ ਪੰਥ ਕੋ ਸੇ ਚਲਿ ਗਏ।
ਦੂਲਹੁ ਮੰਤ੍ਰੀ ਇਤ ਕੋ ਅਏ।'
ਸੁਨਿ ਸਤਿਗੁਰ ਸੋ ਨਿਕਟਿ ਹਕਾਰਾ।
ਭਏ ਨੰਮ੍ਰਿ ਜਬਿ ਦਰਸ ਨਿਹਾਰਾ ॥੧੫॥
ਹਾਥ ਜੋਰਿ ਠਾਂਢੇ ਹੁਇ ਰਹੇ।
ਸ਼੍ਰੀ ਮੁਖ ਤੇ ਬਿਗਸਤਿ ਬਚ ਕਹੇ।
'ਕਹੁ ਬਾਲਿਕ! ਤੁਝ ਕਰਿ ਹੈਂ ਕੈਦ।
ਕਿਮ ਛੂਟਨਿ ਕੀ ਧਰਹਿਂ ਉਮੈਦ? ॥੧੬॥
ਤੋਰ ਪਿਤਾ ਹੈ ਸ਼ੱਤ੍ਰੁ ਹਮਾਰਾ।
ਸਾਧ ਲੇਹਿਂ ਨਿਜ ਬੈਰ ਉਦਾਰਾ[1]?
ਲਾਖਹੁਂ ਧਨ ਇਸ ਥਾਨ ਅਨਾਵੈਂ।
ਤੁਮ ਸੋਂ ਕਰਹਿਂ ਜਥਾ ਮਨ ਭਾਵੈ' ॥੧੭॥
ਜੋਰਤਿ ਹਾਥ ਵਜ਼ੀਰ ਉਚਾਰੇ।
'ਨ੍ਰਿਪ ਸੁਤ ਆਯੋ ਸ਼ਰਨਿ ਤੁਮਾਰੇ।
ਜੇਤਿਕ ਰਾਜ ਸਮਾਜ ਘਨੇਰਾ।
ਸਗਰੋ ਬਖਸ਼ਜੋ ਰਾਵਰ ਕੇਰਾ ॥੧੮॥
ਮੈਂ ਤੁਮਰੋ ਜਬਿ ਕਹਜੋ ਬਖਾਨਜੋ।
ਤਤਛਿਨ ਭੀਮਚੰਦ ਨ੍ਰਿਪ ਮਾਨਜੋ।
ਗਯੋ ਅਪਰ ਮਗ ਕੌ ਕਰਿ ਕੂਚ।
ਬਜਾਹ ਸਮੈ ਨਹਿਂ ਪੁੱਤ੍ਰ ਪਹੂਚਿ[2] ॥੧੯॥
ਯਾਂ ਤੇ ਇਸ ਮਗ ਕਰਜੋ ਪਠਾਵਨਿ।
ਤੁਮ ਆਗੇ ਕਰਿ ਸੀਸ ਨਿਵਾਵਨਿ।
ਬਿਰਦ ਕ੍ਰਿਪਾਲ ਆਪ ਕੋ ਸੁਨਜੋ।
ਗਿਰਪਤਿ ਕਛੂ ਨ ਮਨ ਮਹਿਂ ਗੁਨਜੋ ॥੨੦॥
ਨਹੀਂ ਸੰਦੇਹ ਆਪ ਤੇ ਠਾਨਾ।
ਪ੍ਰਿਯ ਸੁਤ ਕੋ ਇਤ ਕੀਨਿ ਪਯਾਨਾ।
ਕਹਜੋ -ਜਥਾ ਨੰਦਨ ਇਹ ਮੇਰੋ।

---

[1]ਆਪਣਾ ਵੈਰ ਕੱਢ ਲਈਏ।
[2]ਨਹੀਂ ਪਹੁੰਚ ਸਕਦਾ ਸੀ।

ਤਿਸ ਬਿਧਿ ਹੀ ਕਲਗੀਧਰ ਕੇਰੋ ॥੨੧॥
ਜੇ ਇਸ ਪੰਥ ਨ ਪਠਵਤਿ ਪੂਤੰ।
ਹੋਤਿ ਬਜਾਹ ਕੋ ਮਹਾਂ ਕੁਸੂਤੰ।
ਜਾਇ ਸਮੈ ਤਿਸ ਲੇ ਅਬਿ ਫੇਰੇ[1]।
ਬਿਨ ਬਰਾਤ ਭਾ ਬਿਘਨ ਬਡੇਰੇ-' ॥੨੨॥
ਸੁਨਿ ਬਿਨਤੀ ਕੋ ਪ੍ਰਭੁ ਗਹੀਰੰ।
ਹੇਰਯੋ ਜੋਰਤਿ ਹਾਥ ਵਜ਼ੀਰੰ।
ਨ੍ਰਿਪ ਸੁਤ ਜਥਾ ਨੰਮ੍ਰਿ ਹੁਇ ਰਹ੍ਯੋ।
ਕ੍ਰਿਪਾ ਨਿਧਾਨ ਕ੍ਰਿਪਾ ਕਰਿ ਕਹ੍ਯੋ ॥੨੩॥
'ਭੀਮਚੰਦ ਦ੍ਰੋਹੀ ਜਿਮ ਝੂਠਾ।
[2]ਤਿਮ ਜੇ ਕਰਤੇ ਫਿਰਤਿ ਅਪੂਠਾ।
ਗਹਿ ਅਬਿ ਲੇਤਿ ਕਰਤਿ ਜਿਮ ਕਾਂਖਾ।
ਕਹਾਂ ਹੋਤਿ ਮਗ ਦੁਤਿਯੇ ਨਾਖਾ ॥੨੪॥
ਬਿਨ ਦੂਲੋ ਤੇ ਨਿਫਲ ਸਮਾਜਾ।
ਕਹਿਤੇ ਕਹਾਂ, ਮੇਲ ਗਨ ਰਾਜਾ[4]।
ਜਾਹੁ ਅਬਹਿ ਹਮ ਛੋਰਨਿ ਕਰ੍ਯੋ।
ਨ੍ਰਿਪ ਕਰਤਬ ਕੋ ਉਰ ਨਹਿਂ ਧਰ੍ਯੋ' ॥੨੫॥ {ਵਿਸ਼ੇਸ਼ ਟੂਕ}
ਸੁਨਤਿ ਵਜ਼ੀਰ ਆਦਿ ਹਰਖਾਏ।
ਬਾਰਿ ਬਾਰਿ ਬੰਦਹਿਂ ਕਰ ਪਾਏ[3]।
'ਧੰਨ ਧੰਨ ਗੁਰ' ਕੋ ਕਹਿ ਚਾਲੇ।
ਮਨਹੁ ਮ੍ਰਿਤਕ ਕਰਿ ਕ੍ਰਿਪਾ ਜਿਵਾਲੇ ॥੨੬॥
ਸ੍ਰੀ ਜਮਨਾ ਜਲ ਉਤਰੇ ਪਾਰ।
ਗਮਨੇ ਪੰਥ ਸ਼ੀਘ੍ਰਤਾ ਧਾਰਿ।
ਗਏ ਉਲੰਘਿ ਕੈ ਗਿਰ ਬਨ ਦੇਸ਼।
ਪਹੁੰਚੇ ਪੁਰਿ ਸ੍ਰੀ ਨਗਰ ਬਿਸ਼ੇਸ਼ ॥੨੭॥
ਫਤੇਸ਼ਾਹ ਠਾਨਤਿ ਸਭਿ ਤਜਾਰੀ।
ਰਿਦੈ ਪ੍ਰਤੀਖ -ਬ੍ਰਾਤ ਹੁਇ ਭਾਰੀ।

---

[1]ਤਿਸ (= ਫੇਰਿਆਂ ਦੇ) ਸਮੇਂ ਸਿਰ ਪੁਜਕੇ ਫੇਰੇ ਲੈ ਲਵੇਗਾ।
[2](ਜੇ ਉਸ ਨਾਲ ਤਿਮ =) ਉਸੇ ਤਰ੍ਹਾਂ ਦਾ (ਸਲੂਕ) ਕਰਦੇ ਤਾਂ (ਹੇ ਵਜ਼ੀਰ! ਤੈਨੂੰ) ਪੁੱਠਾ ਮੁੜਨਾ ਪੈਂਦਾ ਤੇ (ਟਿੱਕੇ ਨੂੰ) ਫੜ ਲੈਂਦੇ ਤੇ ਜੋ ਜੀ ਆਉਂਦੀ ਕਰਦੇ, ਫਿਰ ਦੂਸਰੇ ਰਸਤੇ ਰਾਜਿਆਂ ਤੇ ਸੈਨਾ ਲੰਘਣ ਦਾ ਕੀ ਗੁਣ ਹੁੰਦਾ, ਦੂਲੋ (ਦੇ ਪਹੁੰਚੇ) ਬਿਨਾ ਸਾਰਾ ਸਮਾਜ (ਸ੍ਰੀ ਨਗਰ ਅੱਪੜਿਆ) ਨਿਸ਼ਫਲ ਹੁੰਦਾ; (ਉਥੇ) ਸਾਰੇ ਰਾਜਿਆਂ ਦਾ ਮੇਲ ਫਿਰ ਕੀ ਕਹਿੰਦਾ।
[3]ਬਾਰ ਬਾਰ ਜੋੜਕੇ ਹੱਥ ਚਰਨਾਂ (ਤੇ ਲਾਉਂਦੇ ਹਨ)।

ਦੁਦੰਭਿ ਆਦਿ ਬਜੇ ਬਹੁ ਬਾਜੇ।
ਐ ਹੈਂ ਗਨ ਸੈਲਨਿ ਕੇ ਰਾਜੇ- ॥੨੮॥
ਉਤਸਵ ਕੌ ਚਿਤਵਤਿ ਬਹੁ ਭਾਂਤੀ।
ਅਧਿਕ ਮੇਲ ਯੁਤਿ ਸੀਤਲ ਛਾਤੀ।
ਇਤਨੇ ਬਿਖੇ ਵਜ਼ੀਰ ਪਹੂੰਚਾ।
ਦੇਖਜੋ ਸਭਾ ਥਿਰਜੋ ਸਭਿ ਊਚਾ[1] ॥੨੯॥
ਸਮਧੀ ਕੋ[2] ਪਰਧਾਨ ਨਿਹਾਰਜੋ।
ਨਮੋ ਕਰਤਿ ਕਹੁ ਬਹੁ ਸਤਿਕਾਰਜੋ।
'ਕਹੁ ਸੁਧ ਕਿਤ ਬਰਾਤ ਸਮੁਦਾਈ।
ਮਾਨਵ ਪਠਜੋ ਨ ਕੋ ਅਗੁਵਾਈ?' ॥੩੦॥
ਸੁਨਿ ਵਜ਼ੀਰ ਸਭਿ ਗਾਥਾ ਕਹੀ।
'ਨਿਕਟਿ ਬਰਾਤ ਪਹੁੰਚਤਿ ਨਹੀਂ[3]।
ਪਰਜੋ ਪੰਥ ਮਹਿਂ ਬਿਘਨ ਬਿਸਾਲਾ।
ਕਲਗ਼ੀਧਰ ਰੋਕੇ ਨ੍ਰਿਪ ਜਾਲਾ ॥੩੧॥
ਇਕ ਨਰ ਭੀ ਨਹਿਂ ਉਲੰਘਨਿ ਦੀਨੋ।
ਦ੍ਵੈਸ਼ ਗਿਰੇਸ਼ਨ ਸਿਮਰਨ ਕੀਨੋ[4]।
ਦੀਨ ਹੋਇ ਹਮ ਬੈਨ ਬਖਾਨਜੋ।
ਨੀਠ ਨੀਠ ਕਰਿ ਦੂਲਹੁ ਆਨਜੋਂ ॥੩੨॥
ਸਾਹਾ ਸਮੈ ਨ ਟਰਿ ਕਰਿ ਜਾਈ।
ਯਾਂ ਤੇ ਪਹੁੰਚਜੋ ਠਾਨਿ ਉਪਾਈ।
ਵਹਿਰ ਜਮਾਤਾ ਬੈਠਜੋ ਆਇ।
ਸਾਦਰ ਆਨਹੁ ਸ਼ਗਨ ਮਨਾਇ ॥੩੩॥
ਸਭਿ ਗਿਰਨਾਥ ਬਰਾਤ ਬਡੇਰੀ।
ਗਏ ਦੂਸਰੇ ਮਾਰਗ ਹੇਰੀ।
ਕੇਤਿਕ ਦਿਨ ਮਹਿਂ ਪਹੁੰਚਹਿਂ ਆਈ।
ਤਬਿ ਕੀਜਹਿ ਜੈਸੇ ਮਨ ਭਾਈ' ॥੩੪॥
ਫਤੇਸ਼ਾਹ ਸੁਨਿ ਦਹਿਲਜੋ ਐਸੇ।
ਸੁਖ ਤੇ ਥਿਰਜੋ ਚੋਟ ਲਗਿ ਜੈਸੇ[5]।

---

[1]ਸਭ ਤੋਂ ਉੱਚਾ ਸਭ ਵਿਚ ਬੈਠਾ ਹੋਯਾ (ਫਤੇਸ਼ਾਹ)।
[2]ਕੁੜਮ ਦਾ।
[3](ਸਾਹੇ ਦੇ) ਨੇੜੇ ਬਰਾਤ ਨਹੀਂ ਪਹੁੰਚ ਸਕਦੀ।
[4]ਪਹਾੜੀ ਰਾਜਿਆਂ ਦੀ ਦ੍ਵੈਸ਼ ਚੇਤੇ ਕਰਕੇ।
[5]ਸੁਖ ਨਾਲ ਬੈਠੇ ਨੂੰ ਜਿਵੇਂ ਚੋਟ ਲਗ ਜਾਵੇ।

ਬਿਘਨ ਬਜਾਹ ਮਹਿਂ ਜਾਨਯੋ ਹੋਵਾ।
ਅਪਨੇ ਸਚਿਵਨਿ ਕੀ ਦਿਸ਼ਿ ਜੋਵਾ ॥੩੫॥
ਕਹਯੋ 'ਜਾਹੁ ਸਭਿ ਦੂਲਹੁ ਪਾਸ।
ਆਨਹੁ ਕਰਿ ਸਨਮਾਨ ਅਵਾਸ।
ਤਯਾਰੀ ਅਪਰ ਸਕਲ ਠਹਿਰਾਵਹੁ।
ਜਬਿ ਨ੍ਰਿਪ ਆਵਹਿਂ ਤਬਹਿ ਸਜਾਵਹੁ' ॥੩੬॥
ਸੁਨਿ ਕੈ ਸਭਿਹਿਨਿ ਮਨ ਮੁਰਝਾਯੋ।
ਅੰਤਹਿਪੁਰ ਆਦਿਕ ਬਿਸਮਾਯੋ।
ਤੂਰਨ ਗਮਨੇ ਦੂਲਹੁ ਆਨਯੋਂ।
ਸੁੰਦਰ ਸਦਨ ਬਾਸ ਕੋ ਠਾਨਯੋਂ ॥੩੭॥
ਪਾਨ ਗ੍ਰਹਨ ਕੋ ਸਮੈ ਬਿਚਾਰਾ।
ਨ੍ਰਿਪ ਸੁਤ ਫੇਰੇ ਫਿਰਿ ਤਿਸ ਬਾਰਾ।
ਫਤੇਸ਼ਾਹ ਕੁਲ ਰੀਤਿ ਕਰਾਈ।
ਜਥਾ ਬ੍ਰਿਧਨਿ ਅਰੁ ਬਿੱਪ੍ਰ ਬਤਾਈ ॥੩੮॥
ਲੇਨਿ ਦੇਨਿ ਜੇਤਿਕ ਬਿਧਿ ਚੀਨੋ।
ਫਤੇਸ਼ਾਹ ਦੁਹੂੰ ਦਿਸ਼ਿ ਕੋ ਕੀਨੋ।
ਪੁਨ ਅਪਨੇ ਘਰ ਰਾਖਤਿ ਭਯੋ।
ਗੁਰੂ ਕਰਮ ਕੋ ਚਿਤਵਨਿ ਕਿਯੋ ॥੩੯॥
ਸਮਧੀ ਸਹਿਤ ਬਰਾਤ ਗਿਰੇਸ਼ਾ।
ਕਰਤਿ ਪ੍ਰਤੀਖਨ ਰਹਿਤ ਹਮੇਸ਼ਾ।
ਨੰਦਚੰਦ ਗੁਰ ਪ੍ਰੋਹਤ ਦੋਊ।
ਸੁਨਯੋ ਪ੍ਰਸੰਗ ਕਿਸੇ ਤੇ ਸੋਊ ॥੪੦॥
-ਬਧਯੋ ਬਖੇਰਾ- ਰਿਦੈ ਬਿਚਾਰਾ।
ਇਕ ਦਿਨ ਗਏ ਭੂਪ ਕੇ ਦ੍ਵਾਰਾ।
ਸਾਦਰ ਅਪਨੇ ਨਿਕਟਿ ਬਿਠਾਏ।
ਦਯਾਰਾਮ ਕਹਿ ਬਾਕ ਸੁਨਾਏ ॥੪੧॥
'ਪਠਯੋ ਤੰਬੋਲ ਗੁਰੁ ਪ੍ਰਭੁ ਜੋਈ।
ਲੀਜਹਿ ਆਪ ਹਮਹੁਂ ਤੇ ਸੋਈ।
ਬਹੁ ਦਿਨ ਭਏ ਇਹਾਂ ਚਲਿ ਆਏ।
ਦੇ ਕਰਿ ਤੁਮ ਕੋ ਚਹਤਿ ਸਿਧਾਏ ॥੪੨॥
ਅਧਿਕ ਬਸਨ ਨੀਕੋ ਨ ਬਿਰਾਨੇ[1]।

---
[1] ਬਿਗਾਨੀ ਥਾਂ ਤੇ ਬਹੁਤ ਵੱਸਣਾ ਚੰਗਾ ਨਹੀਂ।

ਨਿਜ ਨਿਜ ਥਲ ਬਸਿਬੋ ਸਭਿ ਠਾਨੇਂ।'
ਦਯਾਰਾਮ ਕੀ ਸੁਨਿ ਇਮ ਬਾਨੀ।
ਫਤੇਸ਼ਾਹ ਬਿਚ ਸਭਾ ਬਖਾਨੀ ॥੪੩॥
'ਲੇਨਿ ਦੇਨਿ ਕਾਰਜ ਜਿਸ ਕਾਲਾ।
ਸੋ ਤੌਂ ਨਹੀਂ ਭਯੋ ਦਰਹਾਲਾ[1]।
ਸਿਮਰਨ ਦ੍ਵੈਸ਼ ਪਰਥਮ ਗੁਰ ਕੀਨੇ[2]।
ਇਸ ਮਗ ਨ੍ਰਿਪ ਨਹਿੰ ਆਵਨ ਦੀਨੇ ॥੪੪॥
ਯਾਂ ਤੇ ਕੇਤਿਕ ਦਿਵਸ ਪਿਛਾਰੀ।
ਲੇਨਿ ਦੇਨਿ ਹੁਇ ਹੈ ਬਿਧਿ ਸਾਰੀ।
ਦੁਹਿੰ ਦਿਸ਼ਿ ਤੇ ਨ੍ਰਿਪ ਗਨ ਜਬਿ ਮਿਲੇਂ।
ਕਰਹੁ ਦਿਖਾਵਨਿ ਦੇਵਨਿ ਭਲੇ ॥੪੫॥
ਹਮਰੀ ਅਰੁ ਗੁਰ ਕੀ ਵਡਿਆਈ।
ਸਭਿ ਕੇ ਹੇਰਤਿ ਵਧਹਿ ਸਵਾਈ।
ਅਬਿ ਥੋਰੇ ਦਿਨ ਮਹਿਂ ਚਲਿ ਆਵਹਿਂ।
ਤੁਮ ਕੋ ਰੁਖ਼ਸ਼ਦ ਕਰਹਿਂ ਦਿਖਾਵਹਿਂ[3]' ॥੪੬॥
ਇੱਤਯਾਦਿਕ ਕਹਿ ਕਰਿ ਸਨਮਾਨੇ।
'ਰਾਖਹੁ ਕੰਨੇ, ਨਾਹਿਨ ਪਜਾਨੇ[4]।'
ਉਠਿ ਦੋਨਹੁਂ ਡੇਰੇ ਨਿਜ ਆਏ।
ਨਿਤ ਸੁਚੇਤ ਹੁਇ ਰਹਤਿ ਸਵਾਏ ॥੪੭॥
[5]'ਕਾਚੀ ਮਤਿ ਇਨ ਸਕਲ ਪਹਾਰੀ।
ਰਾਖਹੁ ਨਹਿਂ ਭਰੋਸ ਕੋ ਧਾਰੀ।
ਅਹੈ ਬਖੇਰਾ ਇਨ ਕੇ ਸੰਗਾ।
ਅਸ ਨ ਹੋਇ ਪਰਿ ਜੈ ਹੈ ਜੰਗਾ' ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨ੍ਰਿਪਸੁਤ ਬਜਾਹ' ਪ੍ਰਸੰਗ ਬਰਨਨੰ ਨਾਮ ਚਤੁਰ ਦਸ਼ਮੋ ਅੰਸੂ ॥੧੪॥

{ਵਿਸ਼ੇਸ਼ ਟੂਕ} ਭੀਮ ਚੰਦ ਨਿਰੀ ਜੰਞ ਲੈਕੇ ਵਿਆਹ ਤੇ ਨਹੀਂ ਸੀ ਜਾ ਰਿਹਾ, ਨਾਂ ਹੀ ਇਤਨੀ ਥੋੜੀ ਫੌਜ ਨਾਲ ਜਾ ਰਿਹਾ ਸੀ ਕਿ ਜੋ ਕੇਵਲ ਰਾਜੇ ਦੇ ਇੱਜ਼ਤ ਲਈ ਤੇ ਰੱਯਤ ਦੀ ਰਾਖੀ ਲਈ ਕਾਫੀ ਹੋਵੇ, ਸਗੋਂ ਉਸ ਨਾਲ ਬਹੁਤ ਸਾਰੀ ਫੌਜ ਸੀ

---

[1]ਇਸ ਵੇਲੇ ਤਕ। (ਅ) ਛੇਤੀ।
[2]ਗੁਰਾਂ ਨੇ। (ਭੀਮਚੰਦ ਦਾ ਅਨੰਦ ਪੁਰ ਵਾਲਾ) ਪਹਿਲਾ ਦ੍ਵੈਸ਼ ਯਾਦ ਕਰਕੇ......।
[3](ਕੁੜਮਾਂ ਨੂੰ ਤੰਬੋਲ) ਦਿਖਾ ਕੇ।
[4](ਤੰਬੋਲ) ਪਾਸ ਰਖੋ ਤੇ ਜਾਓ ਨਹੀਂ।
[5]ਦੋਵੇਂ ਆਪੋ ਵਿਚ ਵਿਚਾਰਦੇ ਹਨ।

ਯਥਾ 'ਦਲ ਬਿਸਾਲ ਕੋ ਸੁਨਿ ਡਰਪਾਹੀ' (ਰੁਤ ੨ ਅੰਸੂ ੧੨, ਅੰਕ ੪੪) ਪੁਨਾ: 'ਚਮੂੰ ਅਧਿਕ ਸੋਂ ਬਸ ਨ ਬਸੈ ਹੈ' (ਰੁਤ ੨, ਅੰਸੂ ੧੫, ਅੰਕ ੬) ਅਰਥਾਤ ਰਾਜਿਆਂ ਕੋਲ ਫੌਜ ਬਹੁਤੀ ਸੀ। ਪੁਨਾ:-'ਆਇ ਮੇਲ, ਤਿਨ ਸ਼ਸਤ੍ਰ ਜੁਤਿ ਕਹਿ ਕਹਿ ਬੁਲਵਾਵੈ' (ਰੁਤ ੧ ਅੰਸੂ ੪੨, ਅੰਕ ੨੮)। ਇਤਨੀ ਫੌਜ ਦਾ ਜੰਵ ਦੇ ਬਹਾਨੇ ਨਾਲ ਹੋਣਾ ਗੁਰੂ ਜੀ ਲਈ ਦਰੰਦੇਸ਼ੀ ਪੈਦਾ ਕਰਨ ਦਾ ਕਾਰਨ ਸੁਤੇ ਹੀ ਹੋਣਾ ਚਾਹੀਦਾ ਸੀ ਕਿ ਕੋਲੋਂ ਦੀ ਜੰਵ ਬਹਾਨੇ ਲੰਘਦਾ ਦੁਸ਼ਮਣ ਜੇ ਅਚੇਤ ਸਾਡੇ ਤੇ ਆ ਪਵੇ ਤਾਂ ਫੇਰ ਕੀ ਬਣੇ। ਇਸ ਡਰ ਦਾ ਸਬੂਤ ਰਾਜੇ ਨੇ ਆਪ ਦੇ ਦਿੱਤਾ ਹੈ, ਜਦ ਵਜ਼ੀਰ ਹੱਥ ਸੁਨੇਹਾ ਘੱਲਿਆ ਹੈ, ਤਾਂ ਵਿਚ ਆਪ ਦਾਬਾ ਦੇ ਘੱਲਿਆ ਹੈ। ਯਥਾ-'ਦਿਹੁ ਮਗ ਨਤੁ ਡੇਰਾ ਲੁਟ ਜਾਵੈ' (ਅੰਸੂ ੧੧, ਅੰਕ ੨੯)। ਪੁਨਾ: 'ਤਜਿ ਮਗ ਕੋ ਅਬ ਕਰੋ ਕਿਨਾਰਾ। ਮਿਲੈ ਸੈਨ ਤਬਿ ਹੋਇ ਬਿਗਾਰਾ। ਅਸ ਨਹਿਂ ਬਨੈ ਜਾਇ ਲੁਟ ਡੇਰਾ' (ਅੰਸੂ ੧੧, ਅੰਕ ੪੩) ਇਸ ਦਾਏ ਦੇ ਅੱਪੜਨ ਤੋਂ ਪਹਿਲਾਂ ਸ਼ੱਤ੍ਰੂ ਦੇ ਦਾਵ ਘਾਵ ਨੂੰ ਸਮਝ ਲੈਣਾ ਤੇ ਤਜਾਰੀ ਕਰ ਰੱਖਣੀ ਦੂਰਦਰਸ਼ਤਾ ਤੇ ਫੌਜੀ ਜੀਵਨ ਦੀ ਆਵੱਸ਼ਕਤਾ ਸੀ। ਜਦ ਇਹ ਦਾਬਾ ਪੁੱਜ ਗਿਆ ਤਾਂ ਵੈਰੀ ਦਾ ਸੰਕਲਪ ਸਪਸ਼ਟ ਪਤਾ ਲਗ ਗਿਆ, ਹੁਣ ਦਾਬੇ ਅੱਗੇ ਨਿਉਂ ਜਾਣਾ ਬਿਨਾ ਹਾਰੇ ਹਾਰ ਮੰਨ ਲੈਣੀ ਹੋਈ। ਭੀਮਚੰਦ ਦਾ ਖੋਟ ਵਿਆਹ ਬਹਾਨੇ ਬਹੁਤੀ ਫੌਜ ਲੈ ਜਾਣ ਵਿਚ ਗੁਰੂ ਜੀ ਨੂੰ ਪ੍ਰਾਜੈ ਕਰ ਲੈਣ ਦਾ-ਅੰਸੂ ੧੯ ਅੰਕ ੨੮ ਵਿਚ ਉਸ ਦੇ ਮੂੰਹੋਂ ਨਿਕਲ ਪੈਂਦਾ ਹੈ, ਯਥਾ 'ਬਜਾਹ ਬਹਾਨੇ ਨ੍ਰਿਪ ਗਨ ਆਏ। ਸਭ ਤੇ ਲੇਹੁ ਸੁਭਟ ਸਮੁਦਾਏ।....... ਦਿਹੁ ਉਠਾਇ ਇਤ ਤੇ ਸਭਿ ਡੇਰਾ।'

ਜੰਵ ਦੇ ਬਹਾਨੇ ਆਪਣੇ ਵੈਰੀ ਤੇ ਅੱਚਨਚੇਤ ਜਾ ਪੈਣ ਦੀ ਗਲ ਇਤਿਹਾਸ ਵਿਚ ਵਰਤ ਚੁਕੀਆਂ ਘਟਨਾਵਾਂ ਵਿਚੋਂ ਹੈ। ਸ਼ਾਇਸਤਾਂ ਖਾਂ ਮੁਗ਼ਲ ਜਰਨੈਲ ਸੇਵਾ ਜੀ ਨੂੰ ਦਬਾਉਂਦਾ ਪੂਨੇ ਅੱਪੜਕੇ ਉਸ ਘਰ ਵਿਚ ਉਤਰਿਆ ਜੋ ਕਦੇ ਸੇਵਾ ਜੀ ਦਾ ਵਸੇਬਾ ਸੀ। ਇਸ ਵੇਲੇ ਸੇਵਾ ਜੀ ੧੨ ਮੀਲ ਤੇ ਸਿੰਘ ਗੜ੍ਹ ਵਿਚ ਸੀ। ਇਕ ਹਨੇਰੀ ਰਾਤ ਨੂੰ ਸੇਵਾ ਜੀ ਟੁਰ ਪਿਆ। ਜਗ੍ਹਾ ਜਗ੍ਹਾ ਸਿਪਾਹੀ ਛੋੜਦਾ ਗਿਆ ਤੇ ਰਾਤ ਵੇਲੇ ੨੦ ਮਵਾਲੀਆਂ ਨਾਲ ਇਕ ਜੰਵ ਵਿਚ ਜਾਵੀ ਬਣਕੇ ਸ਼ਹਿਰ ਜਾ ਵੜਿਆ, ਜਾਂਵੀ ਦੀ ਹੈਸੀਯਤ ਵਿਚ ਕਿਸੇ ਨੂੰ ਸ਼ੁਬਹ ਨਾ ਪਿਆ, ਤੇ ਸੇਵਾ ਜੀ ਦਾਉ ਤਕਾ ਕੇ ਮਕਾਨ ਦੇ ਪਿਛਲੇ ਰਸਤੇ ਮਹਿਲ ਵਿਚ ਧਸ ਗਿਆ। ਸ਼ਾਇਸਤਾ ਖਾਂ ਨੱਠਕੇ ਬਚਿਆ ਪਰ ਦੋ ਉਂਗਲਾਂ ਕਟ ਗਈਆਂ, ਉਸ ਦਾ ਪੁੱਤ੍ਰ ਤੇ ਜਾਨਨਿਸਾਰ ਸਾਥੀ ਸਾਰੇ ਮਾਰੇ ਗਏ ਤੇ ਸੇਵਾ ਜੀ ਉਸੇ ਫੁਰਤੀ ਨਾਲ ਮੁੜ ਪਿਆ ਤੇ ਰਸਤੇ ਪਰ ਖੜੇ ਕੀਤੇ ਆਪਣੇ ਫੌਜੀ ਦਸਤਿਆਂ ਨਾਲ ਮੁੜ ਟਿਕਾਣੇ ਪੁੱਜ ਗਿਆ। ਸੋ ਜੰਵ ਦੇ ਬਹਾਨੇ ਆਏ ਵੈਰੀ ਦਲ ਨੂੰ ਰੋਕਣਾ, ਨਾ ਰੁਕੇ ਤਾਂ ਜੰਗ ਲਈ ਤਿਆਰ ਹੋਣਾ ਇਹ ਨੀਤੀ ਸੀ ਤੇ ਦਰੁਸਤ ਸੀ।

ਇਹ ਪ੍ਰਤੀਤ ਦੇਂਦਾ ਹੈ ਕਿ ਵਜ਼ੀਰ ਨੂੰ ਗੁਰੂ ਜੀ ਨੇ ਉਸਦੇ ਮਾਲਕ ਦੇ ਕੁਟਲ ਸਨੇਹਿਆਂ ਤੇ ਦਾਬਿਆਂ ਦੇ ਉਤਰ ਵਿਚ ਆਪਣੀ ਨੀਤੀ ਨਿਪੁਨਤਾ ਤੇ ਫੌਜੀ ਬਲ ਦੱਸ ਕੇ ਜੰਵ ਨੂੰ ਬਿਨਾ ਫੌਜ ਦੇ ਲੰਘ ਜਾਣ ਦੀ ਆਗਿਆ ਦੇ ਦਿਤੀ ਹੋਣੀ ਹੈ। ਪਰ ਭੀਮਚੰਦ ਨੇ ਫੌਜ ਬਿਨਾ ਆਪ ਤੇ ਰਾਜੇ ਲੈਕੇ ਲੰਘਣੇ ਗੁੱਸੇ ਵਿਚ ਜੋਗ ਨਹੀਂ ਸਮਝੇ ਕਿ ਕਿਵੇਂ ਆਪਣੇ ਰੋਸ ਦਾ ਅਸਰ ਫਤਹਸ਼ਾਹ ਤੇ ਜ਼ੋਰਦਾਰ ਕਰਕੇ

ਪਾਵਾਂ। ਕੇਵਲ ਲਾੜੇ ਤੇ ਵਜ਼ੀਰ ਨੂੰ ਕੁਛ ਹੋਰ ਸਾਥੀਆਂ ਨਾਲ ਟੋਰਿਆ ਹੈ। ਕਿਉਂਕਿ ਅੰਸੂ ੧੪ ਅੰਕ ੨੪ ਵਿਚ ਗੁਰੂ ਜੀ ਕਹਿੰਦੇ ਹਨ ਕਿ ਜੰਞ ਦੇ ਦੂਸਰੇ ਰਸਤੇ ਲੰਘਣ ਦਾ ਕੀ ਫੈਦਾ ਹੁੰਦਾ ਜੇ ਅਸੀਂ ਹੁਣ ਦੂਲੋ ਨੂੰ ਨਾ ਲੰਘਣ ਦੇਵੀਏ ਤਾਂ। ਕਵਿ ਜੀ ਸਫੁਟ ਨਹੀਂ ਲਿਖ ਸਕੇ ਪਰ ਸਾਰੇ ਪ੍ਰਸੰਗ ਦੀ ਧੁਨੀ ਇਧਰ ਲੈ ਜਾਂਦੀ ਹੈ ਕਿ ਕੇਵਲ ਜਿੰਨੀ ਨੀਤੀ ਦੀ ਜ਼ਰੂਰਤ ਸੀ ਉਤਨੀ ਰੋਕ ਪਾਈ ਹੈ, ਕਿ ਫੌਜ ਦੂਜੇ ਰਸਤੇ ਜਾਵੇ ਤੇ ਵਾਧੂ ਰੋਕ ਨਹੀਂ ਕੀਤੀ। ਵਜ਼ੀਰ ਦਾ ਲਾੜੇ ਨੂੰ ਆਪੇ ਲੈ ਲੰਘਣਾ ਕਯਾਸ ਨਹੀਂ ਮੰਨਦਾ। ਵਜ਼ੀਰ ਲਾੜੇ ਨੂੰ ਲੰਘਾ ਲੈ ਜਾਣ ਦੀ ਆਗਯਾ ਪਹਿਲੀ ਮੁਲਾਕਾਤ ਵਿਚ ਲੈ ਗਿਆ ਹੈ, ਵਰਨਾ ਇਹ ਕਦ ਮੁਮਕਿਨ ਸੀ ਕਿ ਭੀਮਚੰਦ ਨਿਰੇ ਵਜ਼ੀਰ ਦੇ ਆਖੇ ਲਾੜੇ ਨੂੰ ਖ਼ਤਰੇ ਵਿਚ ਪਾਵੇ। ਵਜ਼ੀਰ ਨੇ ਜਦੋਂ ਰਾਜੇ ਨੂੰ ਆਖਿਆ ਹੋਊ ਕਿ ਗੁਰੂ ਜੀ ਆਗਯਾ ਦੇਂਦੇ ਹਨ ਤਾਂ ਰਾਜਾ ਨੇ ਮੰਨਿਆਂ ਤੇ ਪੁੱਤ ਨੂੰ ਟੋਰਿਆ ਹੀ ਹੋਣਾ ਹੈ। ਗੁਰੂ ਜੋ ਆਖੇ ਉਹ ਸੱਚ ਮੁੱਚ ਨਿਬਾਹੇਗਾ। ਇਹ ਗੁਰੂ ਕਿਆਂ ਦਾ ਤੇ ਸਿੱਖਾਂ ਦਾ ਆਚਰਨ ਉਸ ਸਮੇਂ ਜ਼ਮਾਨਾ ਸਾਰਾ ਮੰਨਦਾ ਸੀ। ਗੁਰੂ ਤੇ ਗੁਰੂ ਕੇ ਸਿੱਖਾਂ ਦੇ ਸੱਚ ਦਾ ਉਸ ਸਮੇਂ ਸਿੱਕਾ ਬੈਠਾ ਹੋਇਆ ਸੀ।

ਫਿਰ ਇਕ ਵਿਚਾਰ ਹੋਰ ਹੈ ਕਿ ਜਦੋਂ ਲਾੜਾ ਸ੍ਰੀ ਨਗਰ ਅੱਪੜਦਾ ਹੈ ਤੇ ਭੀਮਚੰਦ ਦੂਜੇ ਰਸਤੇ ਅੱਪੜਦਾ ਹੈ, ਵਯਾਹ ਹੋ ਜਾਂਦਾ ਹੈ ਤੇ ਫਤਹ ਸ਼ਾਹ ਗੁਰੂ ਕੇ ਤੰਬੋਲ ਨੂੰ ਖੱਟ ਦੇ ਵੇਲੇ ਲੈ ਕੇ ਆਪਣੀ ਇਜ਼ਤ ਅਫਜ਼ਾਈ ਸਮਝਦਾ ਹੈ ਤੇ ਆਪ ਕਿਸੇ ਗੁੱਸੇ ਵਿਚ ਨਹੀਂ ਆਉਂਦਾ, ਉਸ ਤੋਂ ਸਫੁਟ ਹੈ ਕਿ ਰਾਜਾ ਨੇ ਗੁਰੂ ਜੀ ਦੀ ਰੋਕ ਪਾਉਣ ਨੂੰ ਭਾਵੇਂ ਪਸੰਦ ਨਹੀਂ ਕੀਤਾ ਪਰ ਨੀਤੀ ਦੀ ਹੱਦ ਦੇ ਅੰਦਰ ਜਾਤਾ ਹੈ। ਰਾਜਾ ਫਤਹਸ਼ਾਹ ਜੰਗ ਲਈ ਕੇਵਲ ਤਦੋਂ ਤਯਾਰ ਹੁੰਦਾ ਹੈ ਜਦੋਂ ਕਿ ਉਸ ਨੂੰ ਭੀਮਚੰਦ ਡੋਲਾ ਮੋੜਨ ਦਾ ਡਰਾਵਾ ਦੇਂਦਾ ਹੈ। ਇਸ ਬਦਨਾਮੀ ਤੋਂ ਡਰਕੇ ਉਹ ਗੁਰੂ ਜੀ ਨਾਲ ਲੜਨਾ ਮੰਨਦਾ ਹੈ। ਇਹ ਬੀ ਗਲ ਸਾਫ ਦਿੱਸਦੀ ਹੈ ਕਿ ਭੀਮਚੰਦ ਘਰੋਂ ਹੀ ਗੁਰੂ ਜੀ ਨੂੰ ਪ੍ਰਾਜੇ ਕਰਨ ਦੀ ਵਿਉਂਤ ਧਾਰਕੇ ਗਿਆ ਹੈ। ਦੇਖੋ ਅੰਸੂ ੧੪ ਅੰਕ ੪-੫ ਵਿਚ ਘਰ ਦੀ ਗਿਣੀ ਮਿਥੀ ਗੱਲ ਸਾਫ ਮੂੰਹੋਂ ਪਈ ਨਿਕਲਦੀ ਹੈ ਕਿ ਫਤਹਸ਼ਾਹ ਨੂੰ ਨਾਲ ਲੈਕੇ ਲੜੋ। ਫਤਹਸ਼ਾਹ ਕਿਸੇ ਕਾਰਨ ਨੂੰ ਲੈ ਕੇ ਗੁਰੂ ਜੀ ਨਾਲ ਨਹੀਂ ਲੜਿਆ ਜਿਸ ਦਾ ਸਬੂਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ਼੍ਰੀ ਮੁਖਵਾਕ ਵਿਚ ਦਰਜ ਹੈ, (ਬਚਿ: ਨਾ:)-'ਫਤਹਸ਼ਾਹ ਕੋਪਾ ਤਬ ਰਾਜਾ। ਲੋਹ ਪਰਾ ਹਮ ਸੋਂ ਬਿਨ ਕਾਜਾ। ' ਇਸ ਤੋਂ ਸਾਨੂੰ ਗੁਰੂ ਜੀ ਦੀ ਆਪਣੀ ਉਗਾਹੀ ਮਿਲ ਗਈ ਕਿ ਅਸਾਂ ਫਤੇਸ਼ਾਹ ਨੂੰ ਕੋਈ ਖੇਚਲ ਨਹੀਂ ਦਿਤੀ ਸੀ, ਜਿਸ ਤੋਂ ਉਸ ਦਾ ਜੁੱਧ ਕਰਨਾ ਸਾਡੇ ਨਾਲ ਵਿਹਤ ਸੀ। ਉਹ ਅਕਾਰਨ ਸਾਡੇ ਨਾਲ ਲੜਿਆ ਹੈ।

੧੫. [ਸਉਦਾਗਰ। ਬਰਾਤ ਸ਼੍ਰੀ ਨਗਰ]

੧੪<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੬

ਦੋਹਰਾ: ਕਲਗ਼ੀਧਰ ਰੋਕੇ ਜਬਹਿ, ਨ੍ਰਿਪ* ਸੁਤ ਦਿਯੋ ਪਠਾਇ।
ਭੀਮਚੰਦ ਸੁਧਿ ਪਾਇ ਸਭਿ, ਔਰ ਪੰਥ ਗਮਨਾਇ ॥੧॥

ਚੌਪਈ: ਕ੍ਰਮ ਕ੍ਰਮ ਕਰੇ ਉਲੰਘਤਿ ਆਯੋ।
ਪਾਇ ਕਸ਼ਟ ਕਛੁ ਬਸ ਨ ਬਸਾਯੋ।
ਤਿਸ ਹੀ ਮਗ ਕੋ ਏਕ ਸੁਦਾਗਰ।
ਗੁਰ ਕੋ ਸਿਖ ਧਨਵਾਨ ਉਜਾਗਰ ॥੨॥
ਕਰੇ ਖਰੀਦਨ ਅਸ੍ਵ ਕਸ਼ਮੀਰ।
ਬਲੀ ਅਨਿਕ ਅਰੁ ਪੁਸ਼ਟ ਸਰੀਰ।
ਇਕ ਸੌ ਬੀਨ ਬੀਨ ਕਰਿ ਲ਼ਜਾਯੋ।
ਚਾਹਤਿ ਹੈ ਗੁਰ ਢਿਗ ਪਹੁਂਚਾਯੋ ॥੩॥
ਜਬਿ ਤਿਸ ਦੇਸ਼ ਬਿਖੈ ਚਲਿ ਆਵਾ।
ਬਜਾਹ ਪ੍ਰਸੰਗ ਸਕਲ ਸੁਨਿ ਪਾਵਾ।
-ਤਿਸ ਮਗ ਸਤਿਗੁਰ ਦੀਏ ਨ ਜਾਨ।
ਇਤ ਕੋ ਆਵਤਿ ਕਰਹਿਂ ਪਯਾਨ- ॥੪॥
ਰਿਦੈ ਬਿਚਾਰਯੋ -ਕੁਮਤਿ ਪਹਾਰੀ।
ਜੇ ਗੁਰ ਸੰਗ ਦ੍ਵੈਸ਼ ਕੋ ਧਾਰੀ।
ਤੌ ਮੁਝ ਸੰਗ ਬਿਗਰ ਕਰਿ ਜਾਇਂ।
ਹਯ ਛੀਨਹਿਂ ਨਿਜ ਬਲ ਦਿਖਰਾਇਂ ॥੫॥
ਨਹਿਂ ਗੁਰ ਕੇ ਢਿਗ ਪਹੁਂਚਨਿ ਦੈ ਹੈਂ।
ਚਮੂੰ ਅਧਿਕ ਸੋਂ ਬਸ ਨ ਬਸੈ ਹੈਂ-।
ਇਮ ਬਿਚਾਰ, ਕਰਿ ਕੂਚ ਬਡੇਰੇ।
ਪਹੁਂਚਯੋ ਸਿਰੀ ਨਗਰ ਕੇ ਨੇਰੇ ॥੬॥
ਤਹਾਂ ਸੁਨੀ 'ਸਤਿਗੁਰੂ ਦਿਵਾਨ।
ਪਠਯੋ ਗੁਰੂ ਕੋ ਉਤਰਯੋ ਆਨਿ।
ਸੰਗ ਪੰਚ ਸੈ ਜਿਸ ਅਸਵਾਰ।
ਦਿਢ ਸੈਨਾ ਬਾਂਧੇ ਹੱਥਯਾਰ' ॥੭॥
ਸੁਨਤਿ ਸੁਦਾਗਰ ਬੰਦਨ ਠਾਨੀ।
'ਧੰਨ ਧੰਨ ਸਤਿਗੁਰਨਿ' ਬਖਾਨੀ।
'ਅਪਨੀ ਵਸਤੁ ਸੰਭਾਰਹੁ ਆਪ।

*ਪਾ:-ਨਿਜ।

ਲਖੀਅਤਿ ਜਿਤ ਕਿਤ ਅਧਿਕ ਪ੍ਰਤਾਪ' ॥੮॥
ਬਹਯੋ ਹੁਤੋ ਬਡ ਚਿੰਤਾ ਨਦੀ।
ਪ੍ਰਾਪਤਿ ਧੀਰਜ ਤਰਨੀ ਤਦੀ[੧]।
ਕਰੇ ਤੁਰੰਗਮ ਤਯਾਰ ਬਡੇਰੇ।
ਪਹੁੰਚਯੋ ਜਾਇ ਸ਼ੀਘ੍ਰ ਗੁਰ ਡੇਰੇ ॥੯॥
ਮਿਲੇ ਪਰਸਪਰ ਬੰਦਨ ਕਰੇ।
ਕਰੇ ਬਿਲੋਕਨਿ ਹਯ ਸਤ[੨] ਖਰੇ।
ਖਰੇ ਚਲਾਕ ਮਹਾਂ ਬਲ ਭਰੇ।
ਭਰੇ ਹਰਖ ਬਾਤਨ ਰਸ ਢਰੇ ॥੧੦॥
ਭਲੀ ਭਾਂਤਿ ਡੇਰਾ ਲਗਵਾਯੋ।
ਖਾਨ ਪਾਨ ਕੋ ਅਧਿਕ ਦਿਵਾਯੋ।
ਨਿਜ ਦ੍ਰਿੜ੍ਹਤਾ ਆਛੇ ਕਰਿਵਾਈ।
ਗੁਰ ਪ੍ਰੋਹਤ ਦਿਵਾਨ ਸੁਖਦਾਈ ॥੧੧॥
ਭੀਮਚੰਦ ਲੈ ਸੰਗ ਨਰਿੰਦੈ[੩]।
ਪਹੁੰਚਯੋ ਆਇ ਸੁਨਯੋ ਸੁ ਨਰਿੰਦੈ।
ਅਪਨਿ ਮੇਲ ਕੇ ਨ੍ਰਿਪ ਸਮੁਦਾਇ।
ਲੇ ਪਰਧਾਨ ਗਯੋ ਸਮੁਹਾਇ ॥੧੨॥
ਸਮਧੀ ਮੇਲ ਭਯੋ ਸੁਖ ਪਾਯੋ।
ਕਰਯੋ ਢੁਕਾਉ ਦਰਬ ਬਰਖਾਯੋ।
ਅਨਿਕ ਬੈਰਖਾਂ[੪] ਅਨਿਕ ਬਰਨ ਕੀਂ[੫]।
ਜਗਮਗਾਤ ਕਰ ਲਗੇ ਤਰਨਿ ਕੀਂ[੬] ॥੧੩॥
ਨਿਜ ਕੁਲ ਰੀਤਿ ਕਰੀ ਦਿਸ਼ ਦੋਇਨ।
ਬਾਜਤਿ ਬਾਜ ਸੁਨਤਿ ਬਚ ਕੋਇ ਨ।
ਸਿਵਰ ਕਰਾਇ ਸੁ ਪੁਰਿ ਜਨਬਾਸੇ[੭]।
ਚਹੀਯਤਿ ਵਸਤੂ ਕਰੀ ਸੁਪਾਸੇ[੮] ॥੧੪॥

---

[੧]ਧੀਰਜ ਰੂਪੀ ਬੇੜੀ ਤਦੋਂ ਮਿਲ ਗਈ।
[੨]ਸੌ ਘੋੜੇ।
[੩]ਰਾਜੇ (ਫਤੇਸ਼ਾਹ ਨੇ)।
[੪]ਝੰਡੀਆਂ [ਅ:, ਬੈਰਕ]।
[੫]ਅਨੇਕ ਰੰਗਾਂ ਦੀਆਂ।
[੬]ਸੂਰਜ ਦੀਆਂ ਕਿਰਨਾਂ ਲਗਣ ਨਾਲ ਚਮਕਦੀਆਂ ਹਨ [ਸੰਸ:;ਕਰ = ਕਿਰਣ]।
[੭]ਡੇਰਾ ਕਰਾਯਾ ਨਗਰ ਦੇ ਜੰਵ ਘਰ ਵਿੱਚ।
[੮]ਸੋ ਕੋਲ ਪਹੁੰਚਾਈ।

ਨਾਨਾ ਬਿੰਜਨ ਕਰੇ ਪਰੋਸਨਿ।
ਭੱਖ ਭੋਜ ਲੇਹਜ ਅਰੁ ਚੋਸਨ।
ਦੁਹਿ ਦਿਸ਼ਿ ਦਿਯੇ ਲਾਗ ਮਨ ਭਾਏ?
ਇਸ ਬਿਧਿ ਕੇਤਿਕ ਦਿਵਸ ਬਿਤਾਏ ॥੧੫॥
ਪੁਨ ਦਾਇਜ ਕੋ ਕੀਨ ਦਿਖਾਵਨਿ।
ਬਸਤ੍ਰ ਬਿਭੂਖਨ ਬਹੁ ਮਨ ਭਾਵਨ[1]।
ਹਾਥੀ ਹਯਨਿ ਸਾਜ ਸਿੰਗਾਰੇ।
ਭਾਵਨ ਧਰੇ ਅਨੇਕ ਪ੍ਰਕਾਰੇ ॥੧੬॥
ਦਯਾਰਾਮ ਸਤਿਗੁਰੂ ਦਿਵਾਨ।
ਤਿਸ ਛਿਨ ਤਹਿਂ ਪਹੁੰਚੇ ਬੁਧਿਵਾਨ।
ਸਵਾਲਾਖ ਕੋ ਲੇ ਤੰਬੋਲ।
ਜਿਸ ਪਰ ਲਗਯੋ ਦਰਬ ਬਹੁ ਮੋਲ ॥੧੭॥
ਜਹਿਂ ਬੈਠਯੋ ਰਾਜਨ ਸਮੁਦਾਇ।
ਦੂਹੂੰ ਦਿਸ਼ਿਨਿ ਕੇ ਸੈਲਨ ਰਾਇ।
ਡਸੇ ਫਰਸ਼ ਪਰ ਵਸਤੁ ਨਾਨਾ।
ਪ੍ਰਥਕ ਪ੍ਰਥਕ ਧਰਿ ਧਰਿ ਤਿਸ ਥਾਨਾ ॥੧੮॥
ਬਲੀ ਚਪਲ ਸੁੰਦਰ ਸਰਬੰਗ।
ਕੰਚਨ ਜ਼ੀਨ ਤੁਰੰਗਮ ਸੰਗ।
ਭਾਂਵਨ[2] ਹੇਮ ਰਜਤ ਕੇ ਧਰੇ।
ਇੱਤਜਾਦਿਕ ਸਭਿ ਹੇਰਨਿ ਕਰੇ ॥੧੯॥
ਦ੍ਰਿਸ਼ਟਿ ਲਗੀ ਜਬਿ ਸਭਿ ਗਿਰਰਾਈ।
ਭਾਟ ਪੁਕਾਰਤਿ ਊਚ ਸੁਨਾਈ।
'ਜਿਸ ਤੇ ਸਵਾਲਾਖ ਧਨ ਲਗਯੋ।
ਵਸਤੁ ਅਜਾਇਬ ਤੇ ਜਗਮਗਯੋ ॥੨੦॥
ਸ਼੍ਰੀ ਨਾਨਕ ਜਗ ਗੁਰ ਕੀ ਗਾਦੀ।
ਤਿਸ ਪਰ ਬੈਠਯੋ ਜਨ ਅਹਿਲਾਦੀ[3]।
ਫਤੇਸ਼ਾਹਿ ਗਿਰਪਤਿ ਭੁਜ ਭਾਰੀ।
ਤਿਸ ਪਰ ਕ੍ਰਿਪਾ ਦ੍ਰਿਸ਼ਟਿ ਨਿਜ ਧਾਰੀ ॥੨੧॥
ਦਾਇਜ ਹੇਤੁ ਪਠਯੋ ਇਹ ਆਯੋ।

---

[1]ਭਾਂਡੇ।
[2]ਭਾਂਡੇ।
[3]ਦਾਸਾਂ ਨੂੰ ਅਨੰਦ ਦੇਣ ਵਾਲੇ।

ਗੁਰ ਦਿਵਾਨ ਅਰੁ ਪ੍ਰੋਹਤ ਲਜਾਯੋ।
ਸਭਿ ਤੇ ਸ੍ਰੇਸ਼ਟ ਬਡੋ ਤੰਬੋਲ।
ਨਾਨਾ ਵਸਤੂ ਜਿਨ ਬਹੁ ਮੋਲ' ॥੨੨॥
ਭੀਮਚੰਦ ਸੁਨਿ ਸਤਿਗੁਰ ਨਾਮੂ।
ਜਰ ਬਰ ਗਯੋ ਭਯੋ ਜਨੁ ਆਮੂ[੧]।
ਖੁਨਸਜੋ, ਨਿਜ ਲੋਕਨਿ ਸੰਗ ਬੋਲਜੋ।
ਗੁਰੂ ਦ੍ਵੈਖ ਕੋ ਮੁਖ ਤੇ ਖੋਲਜੋ ॥੨੩॥
'ਦੇਖਹੁ ਇਹ ਅਚਰਜ ਕੀ ਬਾਤੀ।
ਸ਼੍ਰੀ ਗੋਬਿੰਦ ਸਿੰਘ ਮੋਹਿ ਅਰਾਤੀ[੨]।
ਅਪਰ ਬਾਰਤਾ ਕਹੀਏ ਕਹਾਂ।
ਆਵਨਿ ਦਯੋ ਨ ਮੋ ਕਹੁ ਇਹਾਂ ॥੨੪॥
ਲਰਨਿ ਹੇਤੁ ਦਲ ਸਨਮੁਖ ਕਰਜੋ।
ਛਿਮਾ ਧਰੀ ਮੈਂ ਬਜਾਹ ਬਿਚਰਜੋ।
ਸਰਬ ਰੀਤਿ ਤੇ ਭਾ ਨੁਖਸਾਨ।
ਉਤਸਵ ਵਧਤਿ ਕਰਜੋ ਚਹਿ ਹਾਨਿ ॥੨੫॥
ਇਸ ਬਿਧਿ ਕੋ ਅਧਿਕਾਇ ਬਿਰੋਧੀ।
ਗਿਰ ਓਰਨਿ ਬਰਾਤ ਸਭਿ ਰੋਧੀ।
ਤਿਸ ਰਿਪੁ ਸੋਂ ਅਸ ਸਮਧੀ[੩] ਮੇਰਾ।
ਭਾ ਸੰਗੀ ਜਨੁ ਮੀਤ ਬਡੇਰਾ ॥੨੬॥
ਜੌ ਗੁਰ ਸੰਗ ਸਖਾਪਨ ਰਖੈ।
ਤੌ ਇਸ ਕੌ ਨਿਜ ਸ਼ੱਤ੍ਰੂ ਲਖੈਂ।
ਰਿਪੁ ਕੋ ਮਿੱਤ੍ਰ ਸ਼ੱਤ੍ਰੁ ਸੋ ਭਾਰੋ[੪]।
ਕਿਸ ਬਿਧਿ ਤੇ ਨਹਿੰ ਮੇਲ ਹਮਾਰੋ ॥੨੭॥
ਕਿਮ ਸਮਧਾਪਨ[੫] ਕੋ ਨਿਰਬਾਹੈ।
ਜੋ ਹਮਰੇ ਰਿਪੁ ਕੋ ਪਖ ਚਾਹੈ।
ਨਿਕਟ ਹਮਹੁਂ ਤੇ[੬] ਕਛੁ ਨ ਬਿਚਾਰਾ।
ਜਾਇੰ ਦੂਰ ਤੌ ਕਰਹਿ ਬਿਗਾਰਾ ॥੨੮॥

---

[੧]ਮਾਨੋ ਰੋਗੀ ਹੋ ਗਿਆ।
[੨]ਵੈਰੀ।
[੩]ਕੁੜਮ।
[੪]ਵੈਰੀ ਦਾ ਜੋ ਮਿੱਤ੍ਰ ਹੈ ਸੋ ਭਾਰੀ ਵੈਰੀ ਹੁੰਦਾ ਹੈ।
[੫]ਕੁੜਮਾਚਾਰੀ।
[੬]ਸਾਡੇ ਕੋਲ ਹੁੰਦਿਆਂ।

ਕਹਿਬੌ ਕਹਾਂ ਨ ਕਛੁ ਬਨਿ ਆਵੈ।
ਫਤੇਸ਼ਾਹਿ ਕੋ ਜੇ ਇਮ ਭਾਵੈ।
ਤਿਸ ਦੁਹਿਤਾ ਕੋ[1] ਤਜਿ ਦਿਹੁ ਡੋਰਾ।
ਕਰਹੁ ਕੂਚ ਗਮਨਹੁ ਘਰ ਓਰਾ' ॥੨੯॥
ਭੀਮਚੰਦ ਕੋ ਆਸ਼ੈ ਸੁਨਜੋਂ।
ਨ੍ਰਿਪ ਜਸਵਾਲ ਕਟੋਚੀ ਭਨਜੋ।
'ਗੁਰ ਕੇ ਸੰਗ ਸ਼ੱਤ੍ਰੁਤਾ ਭਾਰੀ।
ਫਤੇਸ਼ਾਹ ਮਨ ਕਯੋਂ ਨ ਬਿਚਾਰੀ? ॥੩੦॥
ਕੈ ਅਨਜਾਨ ਪਨੇ ਮਹਿਂ ਰਹਜੋ।
ਤੁਮਰੀ ਦਿਸ਼ਿ ਕੋ ਰੋਸ ਨ ਲਹਜੋ[2]।
ਗੁਰ ਸੰਗ ਮੇਲ ਬਨੈ ਇਸ ਕੈਸੇ।
ਵਧਜੋ ਵਿਰੋਧ ਜੁ ਤੁਮ ਸੰਗ ਐਸੇ' ॥੩੧॥
ਸੁਨਿ ਗੁਲੇਰੀਆ ਕਹੈ ਗੁਪਾਲ।
'ਬੂਝੌਂ ਫਤੇਸ਼ਾਹ ਕੇ ਨਾਲ।
ਜੇ ਨ ਰਹਹਿ ਸਾਕਨਿ ਅਨੁਸਾਰੀ।
ਤੌ ਸਗੀਯਤਾ ਕਹਾਂ ਤੁਮਾਰੀ[3] ॥੩੨॥
ਜੇ ਮਾਨਹਿਂ, ਗੁਰ ਸੋਂ ਲਰ ਪਰੈ।
ਸਾਕ ਸਥਾਪਨ ਕੌ ਤਬਿ ਧਰੈ।
ਆਸ਼ੈ ਲਖਹਿ ਬਿਨਾ ਕਿਮ ਕ੍ਰੋਧਹੁ?
ਪਠਿ ਪਰਧਾਨ ਰਿਦਾ ਤਿਸ ਸੋਧਹੁ' ॥੩੩॥
ਸੁਨਿ ਇਮ ਭੀਮਚੰਦ ਮਨ ਮਾਨੀ।
ਇਕ ਜਸਵਾਲ ਪ੍ਰਧਾਨ ਬਿਨਾਨੀ[4]।
ਫਤੇਸ਼ਾਹ ਕੇ ਨਿਕਟ ਪਠਾਏ।
ਨਿਜ ਆਸ਼ੈ ਸਭਿ ਕਹਜੋ ਸੁਨਾਏ ॥੩੪॥
ਦਾਇਜ ਜਹਾਂ ਸੁਧਾਰਿ ਸੁਧਾਰਿ।
ਧਰਿਵਾਵਹਿ ਕਰਿ ਕਰਿ ਬਿਸਤਾਰ।
ਦੋਨਹੁੰ[5] ਜਾਇ ਜੁਦਾ ਤਿਸ ਕਰਜੋ।

---

[1]ਪੁੱਤ੍ਰੀ ਦਾ।
[2]ਭਾਵ ਤੇਰੇ ਗੁਰੂ ਨਾਲ ਗੁੱਸੇ ਦਾ ਉਸਨੂੰ ਪਤਾ ਨਹੀਂ।
[3]ਤਾਂ ਤੁਹਾਡੀ ਕੁੜਮਾਚਾਰੀ ਕੀਹ ਹੋਈ?
[4]ਸੁਸਿੱਖਜਤ ਪ੍ਰਧਾਨ [ਸੰਸ:, ਵਿਨਯਨ = ਸਿਖਯਾ] (ਅ) ਪਰ ਸ਼ੁੱਧ ਪਾਠ 'ਬਿਯਾਨੀ' ਜਾਪਦਾ ਹੈ। ਬਿਯਾਨੀ = ਦੂਸ੍ਰਾ।
[5]ਦੋਹਾਂ ਭਾਵ ਜਸਵਾਲੀਏ ਤੇ ਮੰਤ੍ਰੀ ਨੇ।

ਥਿਰੇ ਇਕਾਂਕੀ ਬਾਕ ਉਚਰਜੋ ॥੩੫॥
'ਸੁਨਹੁ ਨਰਿੰਦ੍ਰ! ਕਹਾਂ ਤੈਂ ਚੀਨਾ।
ਗੁਰ ਕੇ ਸਾਥ ਮੇਲ ਇਮ ਕੀਨਾ।
ਸਮਧੀ ਦੇਖਤਿ ਕ੍ਰੋਧ ਬਧਾਯੋ।
ਕਹਿ ਤੰਬੋਲ ਕਹਾਂ ਅਨਵਾਯੋ ॥੩੬॥
ਅਧਿਕ ਸ਼ੱਤ੍ਰੁਤਾ ਜਿਨ ਕੇ ਸੰਗ।
ਸੰਧਜਾ ਪ੍ਰਾਤਿ ਕਰਜੋ ਚਹਿ ਜੰਗ।
ਆਵਤਿ ਕੋ ਜਿਨ ਪੰਥ ਨ ਦੀਨਾ।
ਅਧਿਕ ਦ੍ਵੈਸ਼ ਤੁਮ ਸਭਿ ਬਿਧਿ ਚੀਨਾ ॥੩੭॥
ਤਊ ਨ ਤਿਨ ਸੰਗ ਕੀਨਸਿ ਅੰਤਰ[੧]।
ਸ਼ਰਨਿ ਪਰਨਿ ਚਾਹਤਿ ਚਿਤ ਅੰਤਰ।
ਭੀਮਚੰਦ ਨ੍ਰਿਪ ਰਿਪੁ ਕੇ ਸਾਥੀ[੨]।
ਜੇ ਤੁਮ ਬਨੇ ਰਹੋ ਇਕ ਗਾਥੀ[੩] ॥੩੮॥
ਲਰਹਿਂ ਨਹੀਂ, ਬਨ ਰਹਹਿਂ ਸਹਾਇ।
ਸਮਧਿਪਨੋ[੪] ਸਗਰੋ ਟੁਟ ਜਾਇ।
ਤਵ ਤਨੁਜਾ ਕਹੁ ਤਜਾਗਹਿ ਡੋਰਾ।
ਕਰਹੁ ਨਿਹੋਰਨਿ[੫], ਹ੍ਵੈ ਨ ਨਿਹੋਰਾ[੬] ॥੩੯॥
ਬਨਹਿਂ ਨ ਮੇਲ ਫਲਕ ਉਰ ਪਰੈ।
ਜੇ ਕਰਿ ਗਿਰਪਤਿ ਗਨ ਬਿਚ ਪਰੈਂ।
ਕ੍ਰੁੱਧਤਿ ਅਧਿਕ ਅਬਹਿ ਉਠ ਚਾਲਾ[੭]।
ਨੀਠ ਨੀਠ ਕਰਿ ਬਹੁਰ ਬਿਠਾਲਾ ॥੪੦॥
ਰਸ ਰਾਖਨਿ ਕੈ ਕਰਤਿ ਬਿਰਸ ਕੌਂ।
ਜਸ ਅਭਿਲਾਖਹੁ ਭਾਖਹੁ ਤਸ ਕੌਂ[੮]।'
ਫਤੇ ਸ਼ਾਹ ਸੁਨਿ ਚਿੰਤ ਮਹਾਨੀ।
ਕਠਨ ਬਾਤ ਦੁਹੁਂਦਿਸ਼ਿ ਤੇ ਜਾਨੀ ॥੪੧॥

---

[੧]ਵਿੱਥ ਨਾ ਪਾਈ।
[੨]ਭੀਮਚੰਦ ਰਾਜੇ ਦੇ ਵੈਰੀ ਭਾਵ ਗੁਰੂ ਜੀ ਨਾਲ।
[੩]ਇਕ ਗਲ ਵਾਲੇ।
[੪]ਕੁੜਮਾਚਾਰੀ।
[੫](ਹੁਣ) ਬੇਨਤੀ ਕਰੇ (ਭੀਮਚੰਦ ਅੱਗੇ)।
[੬](ਫਿਰ ਤੇਰੀ) ਬੇਨਤੀ ਨਹੀਂ ਮੰਨਣੀ।
[੭]ਉਠ ਚੱਲਿਆ ਸੀ।
[੮]ਰਸ ਰੱਖਣਾ ਕਿ ਬਿਰਸੀ ਕਰਨੀ ਜੇ? ਜੋ ਚਾਹੁੰਦੇ ਹੋ ਸੋ ਆਖੋ।

-ਸਮ ਰਸ ਗੁਰੁ ਸਨ ਹੈ ਬਹੁ ਭਾਂਤੀ[੧]।
ਹਿਤ ਠਾਨਤਿ ਮੇਰੋ ਦਿਨ ਰਾਤੀ।
ਕ੍ਰਿਪਾ ਕਰਹਿਂ ਰਾਖਹਿਂ ਸਨਮਾਨਾ।
ਪ੍ਰਥਮ ਬਿਰੋਧ ਮਿਟਾਇ ਮਹਾਨਾ[੨]- ॥੪੨॥
'ਸੁਨਿ ਵਜ਼ੀਰ! ਤੂੰ ਸੁਮਤਿ ਸਯਾਨਾ।
ਵਧੈ ਵੈਰ, ਵਿੱਪ੍ਰੈ ਜਨ ਠਾਨਾ[੩]।
ਹਿਤ ਕੇ ਕਰਨਹਾਰ ਹੁਇਂ ਕੋਈ[੪]।
ਤਿਹ ਸਨ[੫] ਲਰੇ ਪਾਪ ਬਡ ਹੋਈ ॥੪੩॥
ਕੌਨ ਬਿਗਾਰ ਜਾਨ ਕਰਿ ਮਨ ਮੈਂ।
ਲੇ ਦਲ ਸਮੁਖ ਬਨੋਂ[੬] ਗੁਰ ਰਨ ਮੈਂ।
ਨਾਹਕ ਤੁਮ ਨੇ ਰਚਜੋ ਬਖੇਰਾ।
ਕਰਾਮਾਤ ਸਾਹਿਬ ਸੰਗ ਝੇਰਾ ॥੪੪॥
ਜਾਚੀ ਵਸਤੁ ਨਹੀਂ ਜੇ ਦੀਨਿ।
ਤਉ ਪੁਜਿਬੇ ਥਾਨ ਪ੍ਰਬੀਨ।
ਬਨਹੁ ਨਿੰਮ੍ਰਿ ਇਮ ਹੀ ਬਨਿ ਆਵੈ।
ਬਧੈ ਵਿਰੋਧ ਨਹੀਂ ਕੁਛ ਪਾਵੈ[੭] ॥੪੫॥
ਮੈਂ ਅੰਤਰ ਪਰ[੮] ਮੇਲ ਕਰਾਵੌਂ।
ਗੁਰ ਤੇ ਕਹਿ ਕਰਿ ਸਭਿ ਬਖਸ਼ਾਵੌਂ।
ਭਈ ਸੁ ਭਈ ਜਾਨਿ ਅਬਿ ਦੀਜੈ।
ਬ੍ਰਿਥਾ ਬਿਰੋਧ ਬਾਦ ਕਜੋਂ ਕੀਜੈ' ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਫਤੇਸ਼ਾਹ' ਪ੍ਰਸੰਗ ਬਰਨਨੰ ਨਾਮ ਪੰਚਦਸਮੋ ਅੰਸੂ ॥੧੫॥

---

[੧]ਗੁਰਾਂ ਨਾਲ (ਮੇਰਾ) ਬਹੁਤ ਤਰ੍ਹਾਂ ਦਾ ਮੇਲ ਹੈ।
[੨]ਨਾਹਨ ਨਾਲ ਸੁਲਹ ਵਲ ਇਸ਼ਾਰਾ ਹੈ।
[੩](ਜਨ =) ਭਲੇ ਪੁਰਖ ਨਾਲ ਉਲਟੀ ਕੀਤਿਆਂ ਵੈਰ ਵਧਦਾ ਹੈ।
[੪]ਭਾਵ ਪਿਆਰ ਕਰਨ ਵਾਲੇ ਵਿਰਲੇ ਹੁੰਦੇ ਹਨ।
[੫]ਸਾਥ।
[੬]ਮੁਕਾਬਲਾ ਕਰਨ ਵਾਲਾ ਬਣਾਂ।
[੭]ਵਿਰੋਧ ਵਧਿਆਂ ਕੁਛ ਮਿਲਣਾ ਨਹੀਂ।
[੮]ਮੈਂ ਵਿਚ ਪੈਕੇ।

੧੬. [ਤੰਬੋਲ ਸੰਭਾਲ ਕੇ ਨੰਦ ਚੰਦ ਦਾ ਵਾਪਸ ਹੋਣਾ]

੧੫<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੭

ਦੋਹਰਾ: ਸੁਨਿ ਜਸਵਾਲ ਵਜ਼ੀਰ ਤਬਿ, ਫਤੇਸ਼ਾਹ ਕੇ ਬੈਨ।
ਭੀਮਚੰਦ ਕੇ ਢਿਗ ਗਏ, ਥਿਰ੍ਯੋ ਜਹਾਂ ਰਿਸ ਨੈਨ[1] ॥੧॥

ਚੌਪਈ: ਤਰਕਤਿ ਵਾਕ ਕਹ੍ਯੋ ਜਸਵਾਲ।
'ਤਵ ਸਮਧੀ ਕੋ ਰਸ ਗੁਰ ਨਾਲ।
ਉਲਟੋ ਤੁਮ ਕੌ ਚਹਹਿ ਮਿਲਾਯੋ[2]।
ਲਖੀਅਤਿ ਗੁਰ ਕਰਾਹ ਕੁਛ ਖਾਯੋ ॥੨॥
ਕਰਾਮਾਤ ਸਾਹਿਬ ਪ੍ਰਭੁ ਜਾਨੈ[3]।
ਤਿਨ ਸਨ ਦ੍ਵੈਸ਼ ਨਹੀਂ ਕਿਮ ਠਾਨੈ।
ਜਥਾ[4] ਬਨ੍ਯੋ ਗੁਰਸਿੱਖ ਬਿਸਾਲਾ।
ਤਿਮ[5] ਬੋਲਤਿ ਹਮ ਸੋਂ ਇਸ ਕਾਲਾ ॥੩॥
ਰਾਵਰਿ ਕ੍ਰੋਧ ਨ ਜਾਨ੍ਯੋ ਘਨੇ।
ਫਿਰ੍ਯੋ ਨ ਗੁਰ ਤੇ, ਰਸ ਉਰ ਸਨੇ[6]।
ਜਥਾ ਆਇ ਤੁਮਰੇ ਮਨ ਮਾਂਹੀ।
ਕਰੋ ਤਥਾ ਕੋ ਬਰਜਤਿ ਨਾਂਹੀ' ॥੪॥
ਸੁਨਿ ਕਰਿ ਭੀਮਚੰਦ ਰਿਸ ਛਾਈ।
ਅਗਨਿ ਜ੍ਵਲਤਿ ਆਹੁਤਿ ਜਨੁ ਪਾਈ[7]।
ਕਹ੍ਯੋ 'ਦੇਹੁ ਕਰਿ ਕੂਚ ਨਗਾਰਾ।
ਮੈਂ ਨ ਕਰੌਂ ਕਛੁ ਅੰਗੀਕਾਰਾ ॥੫॥
ਆਨ ਥਾਨ ਨਿਜ ਨੰਦਨ ਬ੍ਯਾਹੌਂ।
ਇਸ ਕੇ ਦੇਸ਼ ਨ ਆਵਨਿ ਚਾਹੌਂ।
ਅਸ ਦੁਸ਼ਮਨ ਮੇਰੋ ਦੁਖਦਾਈ।
ਤਿਨ ਕੇ ਸੰਗ ਪ੍ਰੀਤਿ ਉਪਜਾਈ ॥੬॥
ਜਿਮ ਗੁਰ ਸ਼ੱਤ੍ਰੁ ਤਥਾ ਇਹ[8] ਮੇਰੋ।
ਲਰੌਂ ਦੁਹਨ ਸੋਂ ਪਰ੍ਯੋ ਬਖੇਰੋ।'

---

[1]ਕ੍ਰੋਧੀ ਅੱਖਾਂ ਵਾਲਾ।
[2](ਗੁਰੂ ਜੀ ਨਾਲ) ਮਿਲਾਯਾ ਚਾਹੁੰਦਾ ਹੈ।
[3](ਗੁਰੂ ਜੀ ਨੂੰ) ਜਾਣਦਾ ਹੈ।
[4]ਮਾਨੋ।
[5]ਐਉਂ।
[6]ਭਾਵ ਦਿਲ ਵਿਚ ਪਯਾਰ ਹੈ।
[7]ਅਹੁਤੀ ਮਾਨੋ ਪਾਈ ਹੈ।
[8]ਭਾਵ ਫਤੇਸ਼ਾਹ।

ਇਮ ਕਹਿ ਕਰਿ ਮਾਨਵ ਪਠਿ ਦੀਨੋ।
ਕਾਰਨ ਕੂਚ ਨਗਾਰਾ ਕੀਨੋ[1] ॥੭॥
ਤਤਛਿਨ ਜ਼ੀਨ ਹਯਨਿ ਪਰ ਡਾਲੇ।
ਕਰੀ ਸ਼ਿੰਗਾਰਨ[2] ਕੀਨਿ ਉਤਾਲੇ।
ਇਮ ਜਬਿ ਤਯਾਰ ਅਰੂਢਨਿ ਭਯੋ।
ਫਤੇਸ਼ਾਹ ਕੇ ਨਰ ਸੁਨਿ ਲਯੋ ॥੮॥
ਮੰਤ੍ਰੀ ਆਦਿ ਉਤਾਇਲ ਧਾਏ।
ਨਿਜ ਰਾਜੇ ਕਨਿ[3] ਵਾਕ ਅਲਾਏ।
'ਤੂਟਨ ਸਮਧੀ ਸਾਥ ਤੁਮਾਰੋ।
ਕਿਮ ਬਨਿ ਆਵਹਿ, ਕਯੋਂ ਨ ਬਿਚਾਰੋ ॥੯॥
ਗੁਰ ਸੋਂ ਮੇਲ ਕਰਨਿ ਹੈ ਕਹਾਂ।
ਦਿਨ ਕੇਤਿਕ ਤੇ ਥਿਰ ਭੇ ਇਹਾਂ।
ਚਲਯੋ ਛੋਰ ਤਵ ਤਨੁਜਾ ਡੋਰਾ।
ਇਹ ਅਪਜਸੁ ਪਸਰੈ ਚਹੁੰ ਓਰਾ ॥੧੦॥
ਨਿਜ ਸਮਧੀ ਕੇ ਬਨਿ ਅਨੁਸਾਰੀ।
ਰਹਿ ਆਹਿ ਜਿਮ ਲਾਜ ਤਿਹਾਰੀ।'
ਸੁਨਿ ਕਰਿ ਨਿਜ ਸਚਿਵਨ ਕੀ ਬਾਨੀ।
ਸ਼ੰਕਤਿ ਚਿਤ ਮਹਿਂ ਤਬਹਿ ਬਖਾਨੀ ॥੧੧॥
'ਤੂਰਨ ਜਾਇ ਛਿਮਾ ਕਰਿਵਾਵੋ।
ਕਰੋ ਨਿਹੋਰਨਿ ਚੜ੍ਹਤਿ ਹਟਾਵੋ।
ਸ਼੍ਰੇਯ ਹੇਤੁ[4] ਮੈਂ ਤਿਨ ਸੋਂ ਕਹਯੋ।
ਕਯੋਂ ਤੁਟਨ[5] ਕਹੁ ਚਿਤ ਮਹਿਂ ਚਹਯੋ ॥੧੨॥
ਮੈਂ ਸਮਧੀ ਕੇ ਨਿਤ ਅਨੁਸਾਰੀ।
ਲਰੌਂ ਗੁਰੂ ਸੰਗ ਤਿਨਹੁੰ ਅਗਾਰੀ।
ਏਤੋ ਕੋਪ ਕਰਹੁ ਕਿਮ ਕੀਨੋ।
ਜਿਸ ਤੇ ਚਢਤਿ[6] ਪ੍ਰੀਤ ਹੁਇ ਹੀਨੋ' ॥੧੩॥

---

[1]ਕੂਚ ਕਰਨ ਵਾਸਤੇ ਨਗਾਰਾ ਵਜਾਯਾ।
[2]ਹਾਥੀ (ਹੌਦੇ ਆਦਿ ਪਾਕੇ) ਸ਼ਿੰਗਾਰ ਲਏ।
[3]ਪਾਸ।
[4]ਭਲੇ ਵਾਸਤੇ।
[5](ਸੰਬੰਧ) ਤੋੜਨ ਨੂੰ।
[6]ਜਿਸ ਦੇ ਚੜ੍ਹਨੇ ਕਰ। (ਅ) ਜਿਸ (ਕ੍ਰੋਧ) ਦੇ ਕਾਰਨ ਚੜ੍ਹਾਈ ਕਰਦਾ ਹੈ (ਉਸ ਚੜ੍ਹਾਈ ਨਾਲ) ਪ੍ਰੀਤ ਹੀਨ ਹੁੰਦੀ ਹੈ।

ਸੁਨਿ ਮੰਤ੍ਰੀ ਦੌਰੇ ਤਬਿ ਗਏ।
ਹਾਥ ਜੋਰਿ ਸਭਿ ਉਚਰਤਿ ਭਏ।
'ਸੁਮਤਿਵੰਤਿ ਤੁਮ ਕਰੋਂ ਨ ਬਿਚਾਰੋ।
ਫਤੇਸ਼ਾਹ ਨ੍ਰਿਪ ਤੁਵ ਅਨੁਸਾਰੋ ॥੧੪॥
ਜਿਮ ਰਨ ਹੋਇ ਨ, ਤਿਮ ਤਿਨ ਭਾਖੀ।
ਨਿਸ਼ਚੈ ਲਰਨਿ ਜਿ ਤੁਮ ਅਭਿਲਾਖੀ।
ਤੌ ਸਭਿ ਆਗੇ ਗੁਰ ਕੇ ਸੰਗ।
ਸ੍ਰੀ ਨਗਰੇਸ਼੍ਵਰ ਘਾਲਹਿ ਜੰਗ ॥੧੫॥
ਲੈ ਹੈ ਛੀਨ ਪਾਂਵਟਾ ਥਾਨ।
ਡੇਰਾ ਲੂਟਹਿ ਵਸਤੁ ਮਹਾਨ।
ਥਿਰਹੁ ਆਪ ਮਸਲਤ ਮਿਲਿ ਠਾਨਹੁਂ।
ਸਾਕ ਬਿਸਾਲ ਆਪਨੋ ਜਾਨਹੁਂ ॥੧੬॥
ਐਸੀ ਬਾਤਿ ਨ ਉਚਿਤ ਤੁਹਾਰੇ।
ਹਸਹਿਂ ਲੋਕ ਅਪਵਾਦ ਉਚਾਰੇਂ।'
ਭੀਮਚੰਦ ਸੁਨਿ ਤਬਹਿ ਉਚਾਰੀ।
'ਗੁਰ ਸਨ ਲਰਹਿ ਜਿ ਹਮਹੁ ਅਗਾਰੀ ॥੧੭॥
ਤਬਿ ਪ੍ਰਤੀਤ ਹਮਰੇ ਉਰ ਆਵੈ।
ਮਿਲਿਬੇ ਕਹੁ ਸਨੇਹ ਉਪਜਾਵੈ[1]।'
ਇਮ ਕਹਿ ਪਠੇ ਸਕਲ ਪਰਧਾਨ।
ਆਏ ਫਤੇਸ਼ਾਹ ਜਿਸ ਥਾਨ ॥੧੮॥
ਬੈਠੇ ਬਹੁਤ ਬਾਰਿ ਸਮੁਝਾਯੋ।
ਗੁਰ ਸਨ ਲਰਿਬੋ ਮਤ ਠਹਿਰਾਯੋ।
ਆਪਸ ਮਹਿਂ ਸਮਧੀ ਮਿਲਿ ਬਾਤਨ।
ਭਏ ਹਰਖ, ਕਰਿ ਹੈਂ ਪੁਨ ਘਾਤਨ[2] ॥੧੯॥
'ਅਬਿ ਤੌ ਬਜਾਹ ਪ੍ਰਸੰਗ ਨਿਬੇਰੋ।
ਪਾਛੈ ਪਰਿ ਹੈ ਜੰਗ ਬਖੇਰੋ।'
ਫਤੇਸ਼ਾਹ ਨ੍ਰਿਪ ਇਮ ਠਹਿਰਾਇ।
ਉਠਿ ਆਯੋ ਪੁਨ ਦੂਸਰ ਠਾਇ ॥੨੦॥
ਗੁਰ ਪ੍ਰੋਹਤ ਅਰ ਜਹਾਂ ਦਿਵਾਨ।

---

[1](ਸਾਨੂੰ) ਮਿਲਣੇ ਦਾ ਸਨੇਹ ਉਪਜੇਗਾ। (ਅ) (ਤਦ ਸਮਝਾਂਗੇ ਕਿ ਸਾਡੇ ਨਾਲ) ਮਿਲਣੇ ਦਾ ਪਿਆਰ ਪੈਦਾ ਕੀਤਾ ਸੁ।
[2]ਦਾਉ ਘਾਉ।

ਦੀਨੋ ਚਹੈਂ ਤੰਬੋਲ ਮਹਾਨ।
ਕੇਤਿਕ ਸੁਭਟ ਜਿਨਹੁੰ ਕੇ ਸਾਥ।
ਆਦਿ ਖੜਗ ਤੇ ਆਯੁਧ ਹਾਥ ॥੨੧॥
ਗਿਰਪਤਿ ਦ੍ਰਿਸ਼ਟਿ ਸਮੁਖ ਨਹਿਂ ਕੀਨੀ[੧]।
ਨੰਦਚੰਦ ਚਾਤੁਰ ਤਬਿ ਚੀਨੀ[੨]।
ਦਯਾਰਾਮ ਪ੍ਰੋਹਤ ਕੇ ਕਾਨਨ[੩]।
ਭਾਖੀ ਗਤਿ ਸਮੀਪ ਕਰਿ ਆਨਨ[੪] ॥੨੨॥
'ਬਿਗਰੋ[੫] ਲਖੀਯਤਿ ਦੁਸ਼ਟ ਪਹਾਰੀ।
ਮਿਲ੍ਯੋ ਕੁਸੰਗ ਸੰਗ ਮਤਿ ਮਾਰੀ।
ਅਬਿ ਨ ਕਰੋ ਇਨ ਕੋ ਬਿਸ੍ਵਾਸ।
ਰਹਹੁ ਸੁਚੇਤ ਧਰਹੁ ਗੁਰ ਆਸ ॥੨੩॥
ਹੁਤੋ ਬਿਲੋਕਤਿ ਜਥਾ ਅਗਾਰੇ।
ਨਹੀਂ ਤੌਰ ਸੋ ਪਰਹਿ ਨਿਹਾਰੇ[੬]।
ਨਹਿਂ ਤੰਬੋਲ ਦਿਸ਼ਿ ਦ੍ਰਿਸ਼ਟਿ ਲਗਾਈ।
ਭਾਲ ਬਿਸਾਲ ਰਹ੍ਯੋ ਬਿਲਖਾਈ[੭] ॥੨੪॥
ਤਨਕ ਨ ਰੁਖ਼ ਹਮਰੀ ਦਿਸ਼ਿ ਕੀਨਸਿ।
ਧਰੇ ਬੱਕ੍ਰਤਾ ਟਰਿ ਲੀਨਸਿ[੮]।
ਲਖੀ ਪਰੈ ਜਿਮ ਰਖੀ ਰੁਖਾਈ[੯]।
ਕਰ੍ਯੋ ਚਹੈ ਕੁਛ ਮੂਢ ਖੁਟਾਈ ॥੨੫॥
ਇਹਾਂ ਠਹਿਰਬੋ ਨਾਂਹਿਨ ਆਛੋ।
ਕਹਿਨ ਸੁਨਨਿ ਇਨ ਸਨ ਨਹਿਂ ਬਾਂਛੋ।
ਹੁਇ ਸਵਧਾਨ ਸਮਾਲਹੁ ਡੇਰਾ।
ਮੁਝ ਦੀਖਹਿ, ਹੁਇ ਪਰੈ ਬਖੇਰਾ ॥੨੬॥
ਸਰਬ ਗਿਰੇਸ਼ਨ ਕੀ ਬਹੁ ਸੈਨ।
ਬਹੁਰ ਦੇਸ਼ ਹਮਰੋ ਇਤ ਹੈ ਨ।'

---

[੧]ਫਤੇਸ਼ਾਹ ਨੇ ਸਾਹਮਣੇ ਨਿਗਾਹ ਨ ਕੀਤੀ।
[੨](ਗਲ) ਸਮਝ ਲਈ।
[੩]ਕੰਨਾਂ ਵਿਚ।
[੪]ਮੂੰਹ ਨੇੜੇ ਕਰਕੇ।
[੫]ਬਿਗੜਿਆ ਹੋਇਆ।
[੬]ਭਾਵ (ਪਿਆਰ ਵਾਲੇ) ਤੌਰ ਬਦਲ ਗਏ ਹਨ।
[੭]ਮੱਥਾ ਬਹੁਤ ਸ਼ਰਮਿੰਦਾ ਹੋ ਰਿਹਾ (ਜਾਪਦਾ ਹੈ)।
[੮]ਟੇਢਤਾਈ ਧਾਰਕੇ ਇਥੋਂ ਟਲ ਗਿਆ ਹੈ।
[੯]ਜਾਣੀ ਪੈਂਦੀ ਹੈ ਜਿਵੇਂ ਇਸ ਨੇ ਰੁੱਖਾ ਪਨ ਰਖਿਆ ਹੈ।

ਦਯਾਰਾਮ ਸੁਨਿ ਕੈ ਪੁਨ ਬੋਲਾ।
'ਪਠਜੋ ਗੁਰੂ ਇਨ ਦੇਹੁ ਤੰਬੋਲਾ ॥੨੭॥
ਨਿਜ ਦਿਸ਼ਿ ਤੇ ਨੀਕਹਿ ਕਰਿ ਚਲੀਅਹਿ।
ਪੁਨ ਗਮਨਹੁੰ ਸਤਿਗੁਰ ਸਨ ਮਿਲੀਅਹਿ।
ਪ੍ਰਭੁ ਸੋਂ ਬੁਰਾ ਤਕਹਿ ਇਹ ਜੈਸੇ।
ਫਲ ਸੰਕਟ ਕੋ ਲਹਿਸਹਿ ਤੈਸੇ ॥੨੮॥
ਇਤੇ ਦਿਵਸ ਹਮ ਕੌ ਇਨ ਰਾਖਾ।
ਅਬਿ ਮੂਰਖ ਬਿਗਰਨਿ ਅਭਿਲਾਖਾ।
ਉਪਕਾਰੀ ਸਨ ਬਨਿ ਅਪਕਾਰੀ[1]।'
ਮਤ ਮਾਰੀ ਦ੍ਰੋਹੀ ਸੁ ਪਹਾਰੀ' ॥੨੯॥
ਨੰਦ ਚੰਦ ਕਹਿ 'ਪ੍ਰੋਹਤ! ਸੁਨੀਅਹਿ।
ਦੇਨਿ ਇਤੋ ਧਨ, ਕੋ ਗੁਨ ਗੁਨੀਅਹਿ[2]?
ਇਹ ਨਿਸ਼ਚੈ ਬਿਗਰਹਿਂ ਮਤਿ ਮੂਢੇ।
ਸਾਢਸਤੀ[3] ਇਨ ਸੀਸ ਅਰੂਢੇ ॥੩੦॥
ਲਿਹੁ ਸਭਿ ਅਪਨੀ ਵਸਤੁ ਸੰਭਾਰਹਿ।
ਚਲਿ ਦੀਜਹਿ ਸਤਿਗੁਰੂ ਅਗਾਰਹਿ।
ਬਨੇ ਬਿਰੋਧੀ ਕੋ ਕਿਮ ਦੇਨਾ।
ਨਿਜ ਬਲ ਕਰਿ ਹਮ ਲੂਟ ਸੁ ਲੇਨਾ ॥੩੧॥
ਬਨਜੋਂ ਰਹਤਿ ਜੇ ਗੁਰੂ ਕੋ ਦਾਸ।
ਤੌ ਹਮ ਦੇਤਿ ਵਸਤੁ ਇਨ ਪਾਸ।
ਭਯੋ ਬਿਰਸ ਅਬਿ ਲੇਹੁ ਬਟੋਰਿ।
ਤੂਰਨ ਚਲੋ ਸਿਵਰ ਨਿਜ ਓਰ' ॥੩੨॥
ਦਯਾਰਾਮ ਆਸ਼ੈ ਲਖਿ ਪਾਯੋ।
ਸਭਿ ਤੰਬੋਲ ਇਕਠਾ ਕਰਿਵਾਯੋ।
ਤਤਛਿਨ ਹੁਇ ਸਵਧਾਨ ਬਿਸਾਲੇ।
ਵਸਤੁ ਸੰਭਾਰਨਿ ਗਨ ਹੁਇ[4] ਚਾਲੇ* ॥੩੩॥
ਤੋਮਰ, ਤੁਪਕ, ਤਬਰ, ਤਰਵਾਰ।

---

[1]ਵੈਰੀ।
[2]ਇਤਨੇ ਧਨ ਦੇਣ ਦਾ ਸੋਚੋ ਕਿ ਕੀ ਗੁਣ ਹੈ?
[3]ਬਦ-ਕਿਮਸਤੀ। ਦੇਖੋ ਰਾਸ ੪ ਅੰਸੂ ੫੮ ਅੰਕ ੧੬ ਦਾ ਪ੍ਰਯਾਯ।
[4]ਕੱਠੇ ਹੋਕੇ (ਸਾਰੇ)।
*ਜਾਪਦਾ ਹੈ ਕਿ ਕੰਨੋਸੰਨੀ ਗਲ ਨੰਦਚੰਦ ਨੇ ਕੁੱਝ ਸੁਣ ਲਈ ਸੀ ਫਿਰ ਰਾਜੇ ਫਤਹ ਸ਼ਾਹ ਦੀ ਬੇ ਰੁਖੀ ਤੋਂ ਗੱਲ ਨਿਸ਼ਚੇ ਜਾਣ ਲਈ, ਫਿਰ ਵਕਤ ਸੰਭਾਲ ਲਿਆ, ਇਹ ਚਾਤੁਰਤਾ ਭਰੀ ਦੂਰੰਦੇਸ਼ੀ ਸੀ।

ਹੁਇ ਸੁਚੇਤ ਹਾਥਨਿ ਮਹਿਂ ਧਾਰਿ।
ਹੁਇ ਇਕੱਤ੍ਰ ਡੇਰੇ ਚਲਿ ਆਏ।
ਤਤਛਿਨ ਜ਼ੀਨ ਤੁਰੰਗਮ ਪਾਏ ॥੩੪॥
ਤਜਾਰੀ ਕਰੀ ਅਰੂਢਨਿ ਹੇਤੁ।
ਹੁਇ ਸੁਚੇਤ ਬਹੁ ਸ਼ੀਘ੍ਰ ਸਮੇਤ।
ਦੋਨਹੁਂ ਸਮਧੀ ਮਿਲਿ ਜਬਿ ਥਿਰੇ।
ਬੋਲਨਿ ਮਿਲਨਿ ਪ੍ਰੇਮ ਤੇ ਭਰੇ ॥੩੫॥
ਧਾਇ ਨਰਨਿ ਸੁਧਿ ਤਬਹਿ ਸੁਨਾਈ।
'ਗੁਰ ਦਿਵਾਨ ਤਜਾਰੀ ਕਰਿਵਾਈ।
ਜੇਤਿਕ ਵਸਤੁ ਦੇਨ ਹਿਤ ਆਨੀ।
ਸਭਿ ਲੇ ਚਲਜੋ ਰਿਦੇ ਰਿਸ ਠਾਨੀ' ॥੩੬॥
ਭੀਮਚੰਦ ਕੈ ਛੋਭ ਬਿਸਾਲ।
ਕਰਤਿ ਸ਼ੀਘ੍ਰਤਾ ਕਹਿ ਤਿਸ ਕਾਲ।
'ਤੂਰਨ ਪਠਹੁ ਸੁਭਟ ਗਨ ਗਾਢੇ।
ਘਾਟਾ[1] ਰੋਕ ਲੇਹੁ ਦਿਢ ਠਾਂਢੇ ॥੩੭॥
ਨਹਿਂ ਨਿਕਸਨਿ ਪਾਵਹਿਂ ਲਿਹੁ ਘੇਰੇ।
ਹਤਹੁ ਤੁਪਕ ਜਬਿ ਪਹੁਂਚੈ ਨੇਰੇ।
ਇਤਨ ਤੇ ਸਭਿ ਰਾਜਨ ਕੀ ਸੈਨਾ।
ਚਢਹਿ ਧਰਨਿ ਆਯੁਧ ਗਨ ਪੈਨਾ[2] ॥੩੮॥
ਸੌ ਤੁਰੰਗ ਜੋ ਲਜਾਇ ਸੁਦਾਗਰ।
ਚਪਲ ਬਲੀ ਗੁਨ ਬ੍ਰਿੰਦ ਉਜਾਗਰ।
ਸਗਰੇ ਛੀਨ ਲੇਹੁ ਕਰਿ ਧਰਿ ਧਰਿ।
ਸ਼ਸਤ੍ਰ ਖਸੋਟਹੁ ਦੀਨਸਿ ਕਰਿ ਕਰਿ[3] ॥੩੯॥
ਪੁਨ ਘਾਟੇ ਤੇ ਵਹਿਰ ਨਿਕਾਸਹੁ।
ਹੁਇ ਸਨਮੁਖ[4] ਹਤਿ ਸ਼ਸਤ੍ਰ ਬਿਨਾਸਹੁ।
ਵਸਤੂ ਜਾਨੇ ਦੇਹੁ ਨ ਕੋਈ।
ਨਗਨ ਸੀਸ ਕਰਿ ਭੇਜੋ ਸੋਈ' ॥੪੦॥
ਫਤੇਸ਼ਾਹ, ਸਮਧੀ ਤੇ[5] ਸੁਨਿ ਕਰਿ।

---

[1]ਪਹਾੜਾਂ ਵਿੱਚ ਕੋਈ ਚੜ੍ਹਾਈ ਵਾਲਾ ਰਸਤਾ ਜੋ ਕਈ ਵੇਰ ਦੋ ਉੱਚੇ ਟਿੱਲਿਆਂ ਦੇ ਵਿੱਚ ਦੀ ਹੁੰਦਾ ਹੈ।
[2]ਸਮੂਹ ਤਿੱਖੇ ਸ਼ਸਤ੍ਰ ਧਾਰਨ ਵਾਲੀ।
[3]ਉਨ੍ਹਾਂ ਨੂੰ ਦੀਨ ਕਰ ਕਰਕੇ। (ਅ) ਹੱਥੋ ਹੱਥੀ।
[4]ਜੋ ਮੁਕਾਬਲਾ ਕਰੇ ਉਸ ਨੂੰ.....।
[5]ਕੁੜਮ ਤੋਂ।

-ਲੇ ਸਭਿ ਚਲੇ- ਜਾਨਿ, ਇਮ ਰਿਸ ਧਰ।
ਕਰਜੋ ਹੁਕਮ 'ਘਾਟਾ ਲਿਹੁ ਰੋਕ।
ਘੇਰਹੁ ਚਢਿ ਕਰਿ ਭਲੇ ਬਿਲੋਕਿ ॥੪੧॥
ਛੀਨ ਲੇਹੁ ਸਭਿ ਤਿਨ ਕੋ ਡੇਰਾ।
ਜਿਨਹੁਂ ਨਹੀਂ ਡਰ ਮਾਨਜੋਂ ਮੇਰਾ।
ਆਨਜੋ ਬਡ ਤੰਬੋਲ ਨਹਿਂ ਦੀਨਿ।
ਕੋਪ ਜਨਾਵਤਿ ਚਲਿਬੋ ਕੀਨਿ' ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਜਨ' ਪ੍ਰਸੰਗ ਬਰਨਨੰ ਨਾਮ ਖੋੜਸਮੋ ਅੰਸੂ ॥੧੬॥

੧੭. [ਘਾਟ ਲੰਘਣਾ]

੧੬<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੮

ਦੋਹਰਾ: ਸੁਨਤਿ ਗਿਰਿੰਦਨ ਹੁਕਮ ਕੋ, ਸੁਭਟ ਪੰਚ ਸੈ ਜਾਇ।
ਘਾਟਾ ਰੋਕ੍ਯੋ ਅੱਗ੍ਰ ਤੇ, ਮਹਾਂ ਬਿਖਮ ਜਿਸ ਥਾਇੰ ॥੧॥
ਚੌਪਈ: ਪੁਨ ਸਭਿ ਦਲ ਮਹਿਂ ਬਜੇ ਨਗਾਰੇ।
ਜੋਧਾ ਸਨਧਬੱਧ ਭੇ ਸਾਰੇ।
[1]'ਸ਼ਸਤ੍ਰ ਗਹੈਂ ਜੇ ਸਨਮੁਖ ਹੋਇ।
ਤੌ ਹਤਿ ਦੇਇ, ਦੋਸ਼ ਨਹਿਂ ਕੋਇ ॥੨॥
ਜੇ ਹਥੀਆਰਨ ਮਹਿਂ ਦੇਂ ਡਾਰ[2]*।
ਹਾਥਨਿ ਜੋਰਹਿਂ ਮਾਨਹਿਂ ਹਾਰ।
ਛੀਨ ਛੀਨ ਤਬਿ ਦੇਹੁ ਨਿਕਾਸੀ+।'
ਸਭਿ ਸੁਭਟਨਿ ਮਹਿਂ ਏਵ ਪ੍ਰਕਾਸ਼ੀ ॥੩॥
ਸਤਿਗੁਰ ਦਲ ਮਹਿਂ ਸੁਧਿ ਤਬਿ ਗਈ।
'ਦੇਖਹੁ ਕਹਾਂ ਚਮੂੰ ਬਡ ਅਈ।
ਸੁਭਟ ਪੰਚ ਸੈ ਗਏ ਅਗਾਰੀ।
ਘਾਟਾ ਰੋਕ੍ਯੋ ਦ੍ਰਿੜ੍ਹਤਾ ਧਾਰੀ ॥੪॥
ਘੇਰਾ ਪਰ੍ਯੋ ਤੁਮਹਿਂ ਚਹੁਂਫੇਰੇ।
ਮੁਸ਼ਕਲ ਨਿਕਸਨਿ ਬਨੈ ਅਗੇਰੇ।
ਜੇ ਉਪਾਇ ਤੁਮ ਤੇ ਬਨਿ ਆਵੈ।
ਕਰਿ ਲੀਜੈ ਨਤੁ ਦਲ ਅਬਿ ਆਵੈ' ॥੫॥
ਸੁਨਿ ਸਚਿੰਤ ਸਭਿ ਕੇ ਮਨ ਹੋਏ।
ਰੁਕਿਬੇ ਤੇ ਡਰ ਧਰਿ ਸਭਿ ਕੋਏ।
'ਉਲੰਘਨ ਬਨ੍ਯੋ ਕਠਨ ਅਬਿ ਘਾਟਾ।
ਰਿਪੁ ਦਲ ਹਮ ਜਿਮ ਲੋਨ ਰੁ ਆਟਾ[3] ॥੬॥
ਕਵਨ ਜਤਨ ਹੁਇ ਚਹੁਂ ਦਿਸ਼ਿ ਘਿਰੇ।
ਗਿਰਪਤਿ ਕ੍ਰਿਤਘਨ ਸਭਿ ਮਨ ਫਿਰੇ।
ਜੇ ਕਰਿ ਘਾਟਾ ਹ੍ਵੈ ਨ ਅਗਾਰੇ।

---

[1]ਇਹ ਹੁਕਮ ਮਿਲਿਆ ਸੈਨਾ ਨੂੰ।
[2]ਜੇ ਹਥਿਆਰ ਧਰਤੀ ਤੇ ਸੁੱਟ ਦੇਣ। (
ਅ) (ਜੇ ਹਥੀਆ = ਜੇ ਹਥਯਾਰ ਰਣ ਵਿੱਚ ਸਿੱਟ ਦੇਣ।
*ਪਾ:-ਕਹਿ ਲੇ ਡਾਰ।
+ਕਿਤਨੀ ਨੀਚਤਾ ਹੈ ਕਿ ਆਪ ਦਿੱਤਾ ਨਿਉਂਦ੍ਰਾ ਤਾਂ ਨ ਲਓ ਪਰ ਲੁੱਟ ਕੇ ਲੈ ਲਓ।
[3]ਆਟੇ ਵਿੱਚ ਲੂਣ।

ਤੌ ਹਮ ਜਾਹਿਂ ਸ਼ਸਤ੍ਰ ਰਿਪੁ ਮਾਰੇ' ॥੭॥
ਦਯਾਰਾਮ ਅਰੁ ਆਦਿ ਦਿਵਾਨ।
ਮਿਲਿ ਮਿਲਿ ਮਸਲਤ ਕਰਹਿਂ ਬਖਾਨ।
ਇਕ ਸਿਖ ਗੁਰ ਸ਼ਰਧਾਲੁ ਬਡੇਰਾ।
ਸਭਿ ਮਹਿਂ ਕਰਯੋ ਬਾਕ ਤਿਸ ਬੇਰਾ ॥੮॥
'ਜਬਿ ਤੁਮ ਭਏ ਤਯਾਰ ਇਤ ਆਵਨ।
-ਗਿਰਪਤਿ ਰਿਪੁ ਹੈਂ- ਕਰੇ ਬਤਾਵਨਿ[੧]।
ਸੰਸੈ ਲਖਯੋ ਤੁਮਾਰੇ ਉਰ ਕੋ।
ਤਬਿ ਇਮ ਬਾਕ ਭਯੋ ਸਤਿਗੁਰ ਕੋ ॥੯॥
-ਆਪਾ ਨਹੀਂ ਜਨਾਵਨ ਕਰੀਅਹਿ।
ਏਕ ਭਰੋਸਾ ਗੁਰ ਕੋ ਧਰੀਅਹਿ।
[੨]ਜਿਸ ਪ੍ਰਭੁ ਨੇ ਹਮ ਕਰੇ ਪਠਾਵਨ।
ਸੋ ਸਤਿਗੁਰ ਹਮ ਕਰਿਹੈ ਲਜਾਵਨਿ- ॥੧੦॥
ਇਮ ਕਲਗੀਧਰ ਪਠਿਵਤਿ ਕਹਯੋ।
ਸੋ ਕਿਮ ਨਹਿਂ ਸਿਮਰਤਿ? ਦੁਖ ਲਹਯੋ[੩]।
ਸਭਿ ਤਜੀਅਹਿ ਚਿੰਤਾ ਸੰਦੇਹੂ।
ਕਯੋਂ ਨਹਿਂ ਉਠਹੁ ਨਾਮ ਗੁਰ ਲੇਹੂ' ॥੧੧॥
ਸਿਖ ਕੋ ਬਾਕ ਸ੍ਰਵਣ ਸਭਿ ਧਰਯੋ[੪]।
ਬਿਸਰਯੋ ਦਰਬ ਮਨਹੁਂ ਕਰ ਪਰਯੋ।
ਸਭਿ ਕੇ ਰਿਦੈ ਭਰੋਸਾ ਭਯੋ।
'ਜੈ ਸਤਿਗੁਰ ਕੀ' ਬਚ ਕਹਿ ਦਯੋ ॥੧੨॥
ਭਏ ਸੱਨਧਬੱਧ ਭਟ ਸਾਰੇ।
ਸਕਲ ਸਮਾਜ ਬਿਲੋਕਿ ਸੰਭਾਰੇ।
ਘੋਰਨ ਪਰ ਹ੍ਵੈ ਕੈ ਅਸਵਾਰਾ।
ਤੁਰਤ ਪਯਾਨੇ[੫] ਬਜਯੋ ਨਗਾਰਾ ॥੧੩॥
ਖਟਸੈ ਤੁਰੰਗ ਬਜਤਿ ਹੈਂ ਪੌਰ[੬]।
ਛੋਰਿ ਤੁਫੰਗਨਿ ਗਨ ਤਿਸ ਠੌਰ।

---

[੧](ਜਦੋਂ ਤੁਸਾਂ ਗੁਰਾਂ ਨੂੰ) ਦੱਸਿਆ ਸੀ ਕਿ (ਕਈ) ਰਾਜੇ ਵੈਰੀ ਹਨ (ਤੇ ਉਥੋਂ ਆਉਣਾ ਮੁਸ਼ਕਲ ਹੋਵੇਗਾ)।
[੨]ਇਹ ਭਰੋਸਾ ਕਰਨਾ ਕਿ....।
[੩]ਸੋ (ਵਾਕ) ਕਿਉਂ ਨਹੀਂ ਯਾਦ ਕਰਦੇ (ਵਾਕ ਨੂੰ ਭੁਲਾਕੇ ਹੀ) ਦੁੱਖ ਲੈ ਰਹੇ ਹੋ।
[੪]ਮਾਨੋਂ ਭੁੱਲਿਆ ਹੋਇਆ ਧਨ ਫੇਰ ਹੱਥ ਆ ਗਿਆ।
[੫](ਸਿਖ) ਛੇਤੀ ਤੁਰ ਪਏ।
[੬]ਛੇ ਸੌ ਘੋੜਿਆਂ ਦੇ ਕਦਮਾਂ ਦਾ ਸ਼ਬਦ ਹੁੰਦਾ ਹੈ (ਪੰਜ ਸੌ ਆਪਣਾ ਤੇ ਸੌ ਸੁਦਾਗਰ ਵਾਲੇ ਘੋੜਿਆਂ ਦਾ)।

ਹਯਨਿ ਕੁਦਾਵਤਿ ਆਗੇ ਗਏ।
ਘਾਟਾ ਜਾਇ ਬਿਲੋਕਤਿ ਭਏ ॥੧੪॥
ਕੁਛ ਈਖਦ ਹੀ ਆਇ ਪਹਾਰੀ[1]।
ਪਾਛੇ ਆਵਤਿ ਉਮਡੇ ਭਾਰੀ।
ਨੰਦਚੰਦ ਅਵਿਲੋਕਿ ਅਨੰਦਯੋ।
ਲੇ ਗੁਰ ਨਾਮ ਬੰਦਿ ਕਰ ਬੰਦਯੋ ॥੧੫॥
-ਚਢਤਯੋਂ ਬਿਲਮ ਲਗਤਿ ਕੁਛ ਔਰ।
ਤੌ ਮਿਲਿ ਜਾਤਿ ਸੁਭਟ ਇਸ ਠੌਰ।
ਜਿਮ ਪਪੀਲਕਾ ਲਾਗਯੋ ਲਾਰਾ।
ਆਵਤਿ ਬੀਰ ਬਿਲੰਦ ਹਜ਼ਾਰਾ ॥੧੬॥
ਘਾਟਾ ਰੁਕਤਿ ਹੋਤਿ ਤਕਰਾਈ।
ਤੌ ਮੁਸ਼ਕਲ ਹਮ ਉਲੰਘਨਿ ਪਾਈ।
ਆਨਿ ਭਏ ਸਤਿਗੁਰੂ ਸਹਾਈ।
ਮਤਿ ਹੀਨੇ ਕੀਨੇ ਰਿਪੁ ਰਾਈ[2]- ॥੧੭॥
ਇਮ ਲਖਿ ਨਿਜ ਸੁਭਟਨਿ ਲਲਕਾਰਯੋ।
'ਸ਼ੱਤ੍ਰਨਿ ਦਲ ਕੁਛ ਅਲਪ ਨਿਹਾਰਯੋ[3]।
ਹਤਹੁ ਤੁਫੰਗਨ, ਤੁਰਤ ਪਲਾਵਹਿਂ।
ਜੋ ਬਿਲਮਹੁ ਤੌ ਅਰਿ ਗਨ ਆਵਹਿਂ[4] ॥੧੮॥
ਸਤਿਗੁਰ ਭਏ ਸਹਾਇ ਤੁਮਾਰੇ।'
ਇਮ ਕਹਿ ਧਨੁ ਤੇ ਸਰ ਗਨ ਮਾਰੇ।
ਛੁਟੀ ਤੁਫੰਗਨ ਭਾ ਭਟ ਭੇਰੇ।
ਹੇਲਾ ਕਰਯੋ ਮਿਲੇ ਤਿਸ ਬੇਰੇ ॥੧੯॥
ਨੰਦਚੰਦ ਲੇ ਬੀਰ ਬਡੇਰੇ।
ਭਯੋ ਅੱਗ੍ਰ ਧਰਿ ਧੀਰ ਘਨੇਰੇ।
ਜਹਿਂ ਪਹਾਰੀਏ ਤੁਪਕ ਚਲਾਵਹਿਂ।
ਤਿਨ ਕੇ ਸਮੁਖ ਚਲੇ ਸਭਿ ਜਾਵਹਿਂ ॥੨੦॥
ਪਾਛੇ ਦਯਾਰਾਮ ਹੁਇ ਠਾਂਢੋ।
ਛੋਰੈ ਤੀਰ ਬੀਰ ਬਰ ਗਾਢੋ।

---

[1]ਭਾਵ ਘਾਟੇ ਪਰ ਅੱਗੇ ਤਾਂ ਥੋੜੇ ਹੀ ਪਹਾੜੀਏ ਅਜੇ ਪਹੁੰਚੇ ਸਨ।
[2]ਵੈਰੀ ਰਾਜੇ।
[3]ਨਜ਼ਰ ਪੈਂਦਾ ਹੈ।
[4](ਪਿੱਛੋਂ) ਬਹੁਤ ਵੈਰੀ ਆ ਜਾਣਗੇ।

ਗਿਰਪਤਿ ਸੈਨਾ ਪਹੁੰਚੀ ਜਹਿਂ ਜਹਿਂ[੧]।
ਚਲਹਿ ਤੁਪਕ ਪਿਖਿ ਠਾਢੀ ਤਹਿਂ ਤਹਿਂ[੨] ॥੨੧॥
[੩]-ਸਨਮੁਖ ਹਤਨਿ ਲਗੇ ਸਭਿ ਗੋਰੀ।
ਹੁਇ ਇਕੱਤ੍ਰ ਸੇ ਨਿਜ ਨਿਜ ਓਰੀ[੪]।
ਬੰਧਹਿਂ ਟੋਲ ਕਰਹਿਂਗੇ ਰਨ ਕੋ[੫]।
ਲਾਰਾ ਪਰਜੋ ਹਟਜੋ ਰਿਪੁ ਗਨ ਕੋ[੬] ॥੨੨॥
ਜੇ ਘਾਟੇ ਪਰ ਪਹੁੰਚਤਿ ਭਏ।
ਤੇਈ ਤਹਿਂ ਇਕਠੇ ਹ੍ਵੈ ਗਏ[੭]।
ਹਮ ਢਿਗ ਨਹਿਂ ਸਹਾਇਤਾ ਆਈ।
ਗੁਰ ਦਲ ਨੇ ਕਰਿ ਬਲ[*] ਅਟਕਾਈ- ॥੨੩॥
ਇਮ ਬਿਚਾਰਿ ਕਰਿ ਤ੍ਰਾਸ ਬਡੇਰਾ।
ਸਤਿਗੁਰ ਦਲ ਕੌ ਰਖਜੋ, ਘਨੇਰਾ[੮]।
ਸਨਮੁਖ ਆਵਤਿ ਚਲਜੋ ਹਮਾਰੇ।
ਬ੍ਰਿੰਦ ਤੁਫੰਗਨ ਕਰਤਿ ਪ੍ਰਹਾਰੇ ॥੨੪॥
ਨਹਿਂ ਘਾਟੇ ਪਰ ਹਮ ਤੇ ਰੁਕੈਂ।
ਗਨ ਗੋਰੀ ਮਾਰਹਿਂ ਨਹਿਂ ਚੁਕੈਂ।
ਕਜੋਂ ਨਾਹਕ ਤੁਮ ਦੇਤੇ ਪ੍ਰਾਨ।
ਇਕ ਦਿਸ਼ਿ ਥਿਰਹੁ ਬਨੇ ਸਵਧਾਨ ॥੨੫॥
ਮਗ ਦਿਹੁ ਛੋਰਿ ਚਲੇ ਇਹ ਜਾਵੈਂ।
ਰੁਕਹਿਂ ਤਬਹਿ ਜਬਿ ਗਿਰਪਤਿ ਆਵੈਂ[੯]।
ਹਮ ਹੈਂ ਅਲਪ ਰਹਜੋ ਦਲ ਪਾਛੇ।
ਕਿਮ ਇਨ ਸਨ ਲਰਿਬੋ ਚਿਤ ਬਾਂਛੇ' ॥੨੬॥
ਜਹਿਂ ਜਹਿਂ ਹੁਤੇ ਭਏ ਥਿਰ ਤਹਾਂ।
ਰਣ ਪਰਿਬੇ ਤੇ ਸੁਕਚਤਿ ਮਹਾਂ।

---

[੧]ਜਿੱਥੇ ਜਿੱਥੇ ਪਹੁੰਚੀ ਹੋਈ ਸੀ।
[੨]ਬੰਦੂਕਾਂ ਚਲਦੀਆਂ ਦੇਖਕੇ ਓਥੇ ਓਥੇ ਹੀ ਖੜੀ ਹੋ ਗਈ।
[੩]ਘਾਟੇ ਪਰ ਖੜੋਤੇ ਪਹਾੜੀਏ ਸਿਪਾਹੀ ਸੋਚਦੇ ਹਨ ਕਿ:-
[੪]ਜਿੰਨੇ ਕੁ (ਸਿੱਖ ਕਠੇ ਹੋ ਗਏ ਹਨ ਸਾਹਮਣਿਓਂ ਆਪੋ ਆਪ ਗੋਲੀਆਂ ਮਾਰ ਰਹੇ ਹਨ।
[੫](ਜਿਸ ਵੇਲੇ) ਟੋਲ ਬੱਝ ਗਿਆ (ਸਾਰੇ ਇਕੱਠੇ ਹੋ ਗਏ ਤਾਂ ਅਸਾਂ ਨਾਲ) ਜੰਗ ਕਰਨਗੇ।
[੬]ਵੈਰੀਆਂ ਦੀ ਵਹੀਰ ਪੈ ਗਈ ਹੈ ਤੇ ਸਾਰੇ ਇਧਰ ਨੂੰ ਹਟੇ ਆ ਰਹੇ ਹਨ।
[੭]ਜੋ ਜੋ ਘਾਟੇ ਪਰ ਪਹੁੰਚੇ ਹਨ ਉਹ ਇਕੱਠੇ ਹੋ ਗਏ ਹਨ।
[*]ਪਾ:-ਥਲ ਥਲ।
[੮]ਇਉਂ ਵਿਚਾਰ ਕੇ ਸਤਿਗੁਰ ਦਲ ਦਾ ਬਹੁਤ ਡਰ ਧਾਰਿਆ (ਤੇ ਬੋਲੇ ਕਿ) ਘਨਾ (ਦਲ)....।
[੯]ਇਹ ਤਾਂ ਤਾਂਹੀ ਰੁਕਣਗੇ ਜੇ ਰਾਜੇ ਆ ਪਹੁੰਚਣ।

ਭਟ ਘਾਟੇ ਪਰ ਗਿਨ ਇਮ ਗਟੀ।
ਲਟੀ ਧੀਰ[1], ਮਗ ਛੋਡਨਿ ਠਟੀ ॥੨੭॥
ਹਟਿ ਹਟਿ ਸਨੇ ਸਨੇ ਪਿਛਵਾਈ।
ਰਾਖੀ ਤਜਾਰ ਨ ਤੁਪਕ ਚਲਾਈ।
-ਮਤ ਹਮਰੇ ਊਪਰ ਅਰਿ ਆਵੈ।
ਤਬਿ ਇਕ ਬਾਰਿ ਮਾਰ ਹਟਕਾਵੈਂ- ॥੨੮॥
ਭਟਨਿ ਆਗਲੇ ਜਬਿ ਅਸ ਕਰੀ।
ਪਿਛਲੀ ਚਮੂੰ ਸੁਥਲ ਥਲ ਥਿਰੀ[2]।
ਤੁਪਕ ਦੂਰ ਤੇ ਖਰੇ ਚਲਾਵਹਿਂ।
ਗਮਨਤਿ ਲਖਹਿਂ[3], ਨ ਆਗੇ ਆਵਹਿਂ ॥੨੯॥
ਇਮ ਪਹਾਰੀਅਨ ਜਬਿ ਮਤਿ ਮਾਰੀ।
ਕੋ ਭੂਪਤਿ ਨਹਿਂ ਜਿਨਹੁਂ ਮਝਾਰੀ।
ਨੰਦਚੰਦ ਭਟ ਬ੍ਰਿੰਦ ਅਨੰਦਜੋ।
'ਜੈ ਪ੍ਰਾਪਤਿ ਰਿਪੁ ਬਿਨਾ ਨਿਕੰਦਜੋ[4]' ॥੩੦॥
ਪੁੰਜ ਤੁਫੰਗਨਿ ਚਲੇ ਚਲਾਵਤਿ।
ਸਾਵਧਾਨ ਘਾਟੇ ਮਗ ਜਾਵਤਿ।
ਪਿਖਹਿਂ ਪਹਾਰੀ ਅਰਹਿ ਨ ਕੋਈ।
ਖਟ ਸੈ ਸੁਭਟ ਗੋਲ[5] ਇਕ ਹੋਈ ॥੩੧॥
ਸਭਿ ਵਸਤੂ ਕਰਿ ਅਪਨਿ ਮਝਾਰੀ[6]।
ਗਮਨਤਿ ਘਾਟੇ ਉਲੰਘਿ ਅਗਾਰੀ।
ਕੋ ਸ਼ੱਤ੍ਰੂ ਹੁਇ ਸਕਜੋ ਨ ਨੇਰੇ।
ਤਬਿ ਅਰਨੋ[7] ਹੁਇ ਕਹਾਂ ਅਗੇਰੇ ॥੩੨॥
ਸਕਲ ਸੰਭਾਰਤ ਉਲੰਘਤਿ ਘਾਟਾ।
ਸੁਭਟ ਥਿਰੇ ਤਬਿ ਕਰਨ ਜੁ ਠਾਟਾ[8]।
ਸਨੇ ਸਨੇ ਸਭਿ ਅਪਨ ਬਿਹੀਰ।

---

[1]ਘਾਟੇ ਪਰ (ਖਟ ਪਹਾੜੀ ਸੂਰਮਿਆਂ ਦੀ) ਇਉਂ ਗਿਣਤੀ ਗਿਣ ਕੇ ਧੀਰਜ ਛੁਟ ਗਈ।
[2]ਆਪੋ ਆਪਣੀ ਥਾਂ ਥਾਂ ਤੇ ਖੜੀ ਰਹੀ।
[3](ਗੁਰੂ ਜੀ ਦੀ ਸੈਨਾ ਨੂੰ) ਜਾਂਦਿਆਂ ਵੇਖਦੇ ਹਨ, ਪਰ......।
[4]ਵੈਰੀ ਮਾਰੇ ਬਿਨਾਂ ਫਤਹ ਮਿਲ ਗਈ।
[5]ਟੋਲਾ।
[6]ਵਿਚਾਲੇ ਕਰਕੇ।
[7]ਅੜਨਾ, ਮੁਕਾਬਲਾ ਕਰਨਾ।
[8]ਸਫ ਬੰਨ੍ਹਕੇ ਟੁਰਨ ਲਈ (ਰਤਾ ਕੁ) ਠਹਿਰੇ।

ਕਰਹਿਂ ਚਲਾਵਨਿ ਬੀਰ ਸਧੀਰ[1] ॥੩੩॥
ਪਾਛੇ ਦਯਾਰਾਮ ਕਰਿ ਟੋਲ।
ਸਨੇ ਸਨੇ ਆਵਤਿ ਬਡ ਬੋਲਿ।
ਨਿਜ ਬਲ ਕੋ ਜਨਾਇ ਕਰਿ ਭਲੇ।
ਸਭਿਨਿ ਸੰਭਾਰਿਤ ਆਗੂ ਚਲੇ ॥੩੪॥
ਕਹਿ ਕਹਿ ਸਤਿਗੁਰ ਕੋ ਜੈਕਾਰ।
ਧੁਨਿ ਊਚੀ ਸਭਿ ਕੇ ਸ੍ਰੁਤਿ ਡਾਰਿ।
ਘਾਟਾ ਨਿਕਸਤਿ ਪੰਥ ਪਯਾਨੇ।
ਅਰੇ ਪਹਾਰੀ ਗੋਰਨ ਹਾਨੇ ॥੩੫॥
ਕਿਤਿਕ ਮਰੇ ਕਾਤੁਰ ਪਿਖਿ ਡਰੇ।
ਸ਼੍ਰੋਣਤਿ ਲਿਪਟੇ ਭੂਤਲ ਪਰੇ।
ਜੇ ਘਾਇਲ ਅਪਨੇ ਹੁਇ ਗਏ।
ਤਿਨਹੁਂ ਉਠਾਇ ਸੰਗ ਸਭਿ ਲਏ ॥੩੬॥
ਬਿਜੈ ਪਾਇ ਆਏ ਚਲਿ ਦੂਰ।
ਜਾਨ੍ਯੋ ਹਾਜ਼ਰ ਗੁਰੂ ਹਜ਼ੂਰ[2]।
ਕ੍ਰਮ ਕ੍ਰਮ ਸਕਲ ਪੰਥ ਉਲੰਘਾਏ।
ਨਗਰ ਪਾਂਵਟਾ ਗੜ੍ਹ ਨਿਯਰਾਏ ॥੩੭॥
ਦੁੰਦਭਿ ਊਚੀ ਧੁਨੀ ਬਜਾਵਤਿ।
ਨਿਕਟਿ ਦੂਰ ਕੇ ਨਰਨਿ ਸੁਨਾਵਤਿ।
ਪਹੁੰਚੇ ਸਤਿਗੁਰ ਕਹਿ ਜੈਕਾਰਾ।
ਉਤਰ ਪਰੈ ਸਗਲੇ ਅਸਵਾਰਾ ॥੩੮॥
ਪ੍ਰਭੂ ਨਿਕਟ ਜਬਿ ਸੁਧਿ ਪਹੁੰਚਾਈ।
ਸੁਨਿ ਦਿਵਾਨ ਦਿਜ[3] ਲਿਏ ਬੁਲਾਈ।
ਸੰਗ ਸੁਭਟਨ ਸਮੂਹ ਸਿਧਾਰ੍ਯੋ।
ਮੁਦਤਿ ਸਭਨਿ ਗੁਰ ਦਰਸ ਨਿਹਾਰ੍ਯੋ ॥੩੯॥
ਪਦ ਅਰਬਿੰਦਨ ਪਰ ਸਿਰ ਧਰਿ ਧਰਿ।
ਮੁਖ ਕੌ ਨਿਰਖਤਿ[4] ਮੁਦ ਉਰ ਭਰਿ ਭਰਿ।
ਮੁਸਕਾਵਤਿ ਸੁੰਦਰ ਦੁਤਿ ਦੇਤ।

---

[1]ਭਾਵ ਨੰਦ ਚੰਦ ਜੀ।
[2]ਗੁਰੂ ਜੀ ਨੂੰ ਹਾਜ਼ਰਾ ਹਜ਼ੂਰ ਜਾਣਿਆਂ।
[3]ਨੰਦ ਚੰਦ ਤੇ ਦਯਾ ਰਾਮ।
[4]ਦੇਖਦੇ ਹਨ।

ਬੋਲੇ ਸਤਿਗੁਰ ਆਦਰ ਹੇਤੁ ॥੪੦॥
'ਆਵਹੁ ਦਿਜ, ਦਿਵਾਨ! ਦਿਹੁ ਸੁਧਿ ਕੌ।
ਪਰਖਜੋ ਜਥਾ ਗਿਰੇਸ਼੍ਵਨ ਬੁਧਿ ਕੌ।
ਕਿਮ ਸਨਮਾਨ ਤੁਮਾਰੋ ਰਾਖਾ।
ਆਵਤਿ ਜਾਤਿ ਕਹਾਂ ਬਚ ਭਾਖਾ ॥੪੧॥
ਭੀਮਚੰਦ ਕਹਿਲੂਰੀ ਗਯੋ।
ਕਿਸ ਬਿਧਿ ਕੋ ਰਸ ਰਾਖਤਿ ਭਯੋ।
ਤੁਮ ਸਨ ਬੋਲਤਿ ਭਯੋ ਕਿ ਨਾਂਹਿ?
ਉਤਸਵ ਬਿਖੈ ਮਿਲੇ ਹੁਇ ਪਾਹਿ ॥੪੨॥
ਫਤੇਸ਼ਾਹ ਕੌ ਰੁਖ ਕਿਮ ਦੇਖਾ?
ਹਮ ਸੋਂ ਰਸ ਕੈ ਬਿਰਸ ਪਰੇਖਾ।
ਕਿਸ ਪ੍ਰਕਾਰ ਵਰਤਜੋ ਤੁਮ ਸੰਗਾ?'
ਦਿਜ ਦਿਵਾਨ ਸਭਿ ਕਹਜੋ ਪ੍ਰਸੰਗਾ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਦੀਵਾਨ ਪੁਰੋਹਤ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤਦਸ਼ਮੋ ਅੰਸੂ ॥੧੭॥

੧੮. [ਨੰਦ ਚੰਦ ਦਾ ਆਉਣਾ]

੧੭<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੧੯

ਦੋਹਰਾ: ਸੁਨਿ ਕਲਗੀਧਰ ਪ੍ਰਸ਼ਨ ਕੋ, ਨੰਦ ਚੰਦ ਕਰ ਬੰਦਿ।
ਬਰਨਨ ਕਰਜੋ ਪ੍ਰਸੰਗ ਸਭਿ, ਕਥਾ* ਗਿਰੇਂਦ੍ਰਨ ਬ੍ਰਿੰਦ[1] ॥੧॥
ਚੌਪਈ: 'ਹੌਂ ਅਲਪੱਗਜ ਲਾਜ ਉਰ ਲਾਗੇ।
ਤੁਮਰੀ ਬਾਤ ਕਹੌਂ ਤੁਮ ਆਗੇ।
ਜੇ ਗਿਰਪਤਿ ਹੈਂ ਮੂਢ ਗੁਮਾਨੀ।
ਸਾਥ ਰਾਵਰੇ ਬੈਰ ਮਹਾਨੀ ॥੨॥
ਤਉ ਆਪ ਕੇ ਬੂਝਨ ਕਰੇ।
ਕਹਿਬੇ ਕੋ ਮਮ ਚਿਤ ਅਨੁਸਰੇ।
ਕ੍ਰਿਪਾ ਧਾਰਿ ਤੁਮ ਦਾਇਜ ਦੀਨਾ।
ਹਮ ਕੌ ਨ੍ਰਿਪ ਢਿਗ ਭੇਜਨਿ ਕੀਨਾ ॥੩॥
ਮਿਲੇ ਜਾਇ ਆਦਰ ਬਡ ਠਾਨਾ।
ਹਮ ਕਹਿ ਸਿਵਰ ਕੀਨਿ ਮੈਦਾਨਾ।
ਰਾਵਰ ਰੋਕਿ ਬਰਾਤ ਹਟਾਈ।
ਸੁਧਿ ਸਭਿ ਸ੍ਰੀ ਨਗਰੈ ਸੁਨਿ ਪਾਈ ॥੪॥
ਭਏ ਤਯਾਰ ਹਮ ਆਵਨਿ ਇਤ ਕੋ।
ਰਾਖੇ ਫਤੇਸ਼ਾਹ ਕਰਿ ਹਿਤ ਕੋ।
-ਹੋਇ ਗਿਰੇਸ਼ਨ ਮੇਲ ਬਿਸਾਲਾ।
ਇਹ ਤੰਬੋਲ ਬਡ ਦਿਹੁ ਤਿਸ ਕਾਲਾ ॥੫॥
ਪਸਰਹਿ ਸੁਜਸੁ ਸਤਿਗੁਰੂ ਕੇਰਾ।
ਤਿਨ ਕੇ ਸਾਥ ਹੋਇ ਬਡ ਮੇਰਾ।
ਵਸਤੁ ਅਜਾਇਬ ਕੋ ਸਭਿ ਹੇਰਹਿਂ।
ਵਧਹਿ ਵਜਾਹਿ ਉਤਸਾਹ ਘਨੇਰਹਿ- ॥੬॥
ਇੱਤਯਾਦਿਕ ਮ੍ਰਿਦੁ ਬਾਕ ਬਖਾਨਹਿ।
ਸੁਨਿ ਹਮ ਰਹੇ, ਨੀਕ ਕਰਿ ਜਾਨਹਿਂ।
ਦਿਵਸ ਕਿਤਿਕ ਮਹਿਂ ਆਇ ਬਰਾਤੀ।
ਕਰਜੋ ਢੁਕਾਉ ਖਰਚ ਧਨ ਥਾਤੀ ॥੭॥
ਨਿਜ ਨਿਜ ਰੀਤਿ ਕੀਨਿ ਦਿਸ਼ਿ ਦੋਊ।
ਭਏ ਮੁਦਤਿ ਚਿਤ ਮਹਿਂ ਸਭਿ ਕੋਊ।

---

*ਪਾ:-ਸੋ ਭਏ।

[1]ਸਾਰੇ ਪਹਾੜੀਆਂ ਦੀ ਕਥਾ ਦਾ ਪ੍ਰਸੰਗ।

ਦਾਇਜ ਦੇਨ ਦਿਵਸ ਜਬਿ ਆਯੋ।
ਪਠਿ ਮਾਨਵ ਕੋ ਹਮਹਿਂ ਬੁਲਾਯੋ ॥੮॥
ਦਯੋ ਆਪ[*] ਕੋ ਹਮ ਲੈ ਗਏ।
ਫਰਸ਼ ਬਿਸਾਲ ਡਾਸਿ ਤਬਿ ਦਏ।
ਵਸਤੁ ਅਜਾਇਬ ਜਬਿ ਦਿਖਰਾਈ।
ਸਰਬ ਗਿਰਿੰਦ੍ਰਨਿ ਦ੍ਰਿਸ਼ਟਿ ਲਗਾਈ ॥੯॥
ਊਚ ਨੀਚ ਤਬਿ ਲਗੇ ਸਰਾਹਨਿ।
ਜਿਹ ਸਮ ਨ੍ਰਿਪ ਦਾਇਜ ਭੀ ਨਾਂਹਿਨ।
ਭੀਮਚੰਦ ਉਰ ਆਨੰਦ ਭਰੇ।
ਮਨੁਖ ਸਮੀਪੀ ਬੂਝਨਿ ਕਰੇ ॥੧੦॥
-ਪ੍ਰਿਥਕ ਦਿਖਾਇਵ[1] ਇਹ ਕਿਸ ਕੇਰਾ?
ਜਿਸ ਪਰ ਲਾਗਜੋ ਮੋਲ ਘਨੇਰਾ-।
ਤਬਿ ਲੌਂ ਭਾਟ ਪੁਕਾਰਿ ਸੁਨਾਯੋ।
-ਇਹ ਤੰਬੋਲ ਸਤਿਗੁਰੂ ਪਠਾਯੋ- ॥੧੧॥
ਸੁਨਿ ਖੁਨਸਜੋ ਮਨ, ਮੂਰਖ ਮਾਨੀ।
ਸਮਧੀ ਸਨ ਕਹਿ ਕਠਨ ਬਖਾਨੀ।
- ਦੁਸ਼ਮਨ ਅਧਿਕ ਬਿਘਨ ਜਿਸ ਕਿਯੋ।
ਇਤੁ ਐਬੇ ਕੋ ਪੰਥ ਨ ਦਿਯੋ ॥੧੨॥
ਤਿਸ ਕੇ ਸੰਗ ਸਖਾਪਨ ਠਾਨਾ।
ਇਹ ਭੀ ਮੇਰੋ ਸ਼ੱਤ੍ਰੁ ਮਹਾਨਾ।
ਡੇਰਾ ਤਜਾਗਿ ਚਲਹੁ ਨਿਜ ਦੇਸ਼-।
ਇਮ ਕਹਿ ਕੀਨਸਿ ਕੋਪ ਵਿਸੇਸ਼ ॥੧੩॥
ਤਬਹਿ ਕੂਚ ਬਜਵਾਇ ਨਗਾਰਾ।
ਫਤੇਸ਼ਾਹ ਸੁਨਿ ਕਰਿ ਡਰ ਧਾਰਾ।
ਦੀਨ ਬਾਕ ਤੇ ਕਹਿ ਸਨਮਾਨਾ।
ਭੀਮਚੰਦ ਤਬਿ ਤਾਂਹਿ ਬਖਾਨਾ ॥੧੪॥
-ਜੇ ਸਤਿਗੁਰ ਕੇ ਸੰਗ ਲਰੈਹੋ।
ਸੁਭਟਨਿ ਛੀਨ ਸ਼ਸਤ੍ਰ ਅਸੁ ਲੈਹੋ।
ਤੌ ਰਸ ਰਹੈ ਤੋਰ ਅਰ ਮੋਰਾ।
ਨਤੁ ਮੈਂ ਛੋਰਿ ਚਲੌਂ ਇਤ ਡੇਰਾ- ॥੧੫॥

---
[*]ਪਾ:-ਗੁਰੂ।
[1](ਜਿਹੜਾ) ਵੱਖਰਾ ਦਿਖਾਇਆ ਗਿਆ ਹੈ।

ਤਿਨ ਕੇ ਕਹੇ ਦੀਨ ਹੁਇ ਮਾਨੀ।
ਕਾਹਿਲੂਰਪਤਿ ਜਥਾ ਬਖਾਨੀ।
ਇਮ ਗਿਨਿ[1] ਫਤੇਸ਼ਾਹ ਜਬਿ ਆਯੋ।
ਹਮ ਦਿਸ਼ਿ ਮੁਖ ਰੁਖ਼ ਅਪਰ ਬਨਾਯੋ ॥੧੬॥
ਕ੍ਰਿਪਾ ਆਪ ਕੀ ਤੇ ਹਮ ਜਾਨਾ।
ਭਯੋ ਬਿਮੁਖ, ਰਿਪੁ ਕੋ ਬਚ ਮਾਨਾ[2]।
ਚਹਯੋ ਨੇ ਦੇਨਿ ਦਾਜ ਕੌ ਤਬੈ।
ਕਰਯੋ ਸਕੇਲਨਿ ਤੂਰਨ ਸਬੈ ॥੧੭॥
ਨਿਜ ਸੁਭਟਨ ਸਵਧਾਨ ਬਨਾਏ।
ਸਿਵਰ ਆਪਨੇ ਤਤਛਿਨ ਆਏ।
ਜ਼ੀਨ ਤੁਰੰਗਮ ਡਾਰਿ ਉਤਾਲੇ।
ਭਏ ਤਯਾਰ ਹੱਥਯਾਰ ਸੰਭਾਲੇ ॥੧੮॥
ਤਬਿ ਇਕ ਨਰ ਤੂਰਨ ਹੀ ਆਵਾ।
ਮੰਤ੍ਰ ਗਿਰੇਸ਼ਨ ਕੀਨਿ ਬਤਾਵਾ[3]।
-ਕਯੋਂ ਤੁਮ ਬਿਲਮੇ, ਕਰਹੁ ਪਯਾਨਾ।
ਨਤੁ ਘਾਟਾ ਰੋਕਨ ਕੌ ਠਾਨਾ ॥੧੯॥
ਸਭਿ ਰਾਜਨ ਕੀ ਸੈਨਾ ਤਯਾਰੀ।
ਕਰਯੋ ਚਹੈ ਸਭਿ ਲੂਟ ਤੁਮਾਰੀ।
ਹਯ ਹੱਥਯਾਰ ਜਾਨਿ ਨਹਿਂ ਦੈ ਹੈਂ।
ਰੁਕ ਜੈਹੈਂ, ਕੁਛ ਬਸ ਨ ਬਸੈ ਹੈ ॥੨੦॥
ਕੇਤਿਕ ਪਠਿ ਦੀਨੇ ਤਹਿਂ ਬੀਰ।
ਚਢਹੁ ਤੁਰਤ ਅਬਿ ਪਾਇ ਬਹੀਰ-।
ਹਮ ਚਿੰਤਾਤੁਰ ਅਤਿਸ਼ੈ ਭਏ।
ਬਾਕ ਤੁਮਾਰੇ ਸਿਮਰਨ ਕਿਏ ॥੨੧॥
ਤੁਰਤ ਅਰੋਹਿ, ਹੋਹਿ ਕਰਿ ਚਾਲੇ।
ਪਿਖੇ ਪਹਾਰੀ ਆਵਤਿ ਜਾਲੇ।
ਹਯਨਿ ਧਵਾਇ ਪੰਥ ਤਿਸ ਆਏ।
ਅਲਪ ਦੇਖਿ ਹਮ ਤੁਪਕ ਚਲਾਏ ॥੨੨॥
ਜਬੈ ਸ਼ਲਖ ਕੋ ਸ਼ਬਦ ਉਠਾਵਾ।

---

[1]ਸਲਾਹ ਕਰਕੇ।
[2]ਬਿਮੁਖ ਹੋਇਆ ਹੈ (ਫਤੇਸ਼ਾਹ) ਵੈਰੀ (ਭੀਮਚੰਦ) ਦਾ ਬਚਨ ਮੰਨ ਕੇ।
[3]ਜੋ ਪਹਾੜੀਆਂ ਨੇ ਸਲਾਹ ਕੀਤੀ ਸੀ (ਸਾਨੂੰ) ਦੱਸ ਦਿੱਤੀ।

ਥਲ ਥਲ ਮੈਂ ਦਲ ਅਟਕ ਰਹਾਵਾ[1]।
ਆਗੇ ਅਰੇ ਕੁਛਕ ਜੇ ਬੀਰ।
ਤਿਨ ਪਰ ਤਜਾਗੇ ਤੁਪਕ ਰੁ ਤੀਰ ॥੨੩॥
ਕਿਤਿਕ ਮਰੇ, ਘਾਇਲ ਕੋ ਭਏ।
ਹਮਰੋ ਆਗਾ ਤਜਿ ਕਰਿ ਗਏ।
ਫਤੇ ਪਾਇ, ਗੁਰ ਬਨੇ ਸਹਾਈ।
ਇਸ ਬਿਧਿ ਪਹੁੰਚੇ ਆਨਿ ਇਥਾਂਈ ॥੨੪॥
ਸਕਲ ਭੇਦ ਹਮ ਸੁਨਿ ਕਰਿ ਆਏ।
ਮੰਤ੍ਰ ਕੀਨਿ ਸਭਿ ਮਿਲਿ ਗਿਰ ਰਾਏ।
ਫਤੇਸ਼ਾਹਿ ਸੋਂ ਤਬਿ ਠਹਿਰਾਈ।
ਜਾਇ ਪ੍ਰਥਮ ਤੂੰ ਪਾਇ ਲਰਾਈ ॥੨੫॥
ਭੀਮਚੰਦ ਕੇ ਹਰਖ ਕਰਨਿ ਕੋ।
ਭਏ ਤਯਾਰ ਅਬਿ ਆਇ ਲਰਨ ਕੋ।
ਬਾਂਟ ਦੀਨਿ ਬਾਰੂਦ ਸੁ ਗੋਰੀ।
ਆਯੋ ਲਖੋ ਆਪ ਕੀ ਓਰੀ ॥੨੬॥
ਸਾਵਧਾਨ ਨਿਜ ਦਲ ਕੌ ਕਰੀਅਹਿ।
ਜੰਗ ਮਚਾਵਨਿ ਤਯਾਰੀ ਧਰੀਅਹਿ।
ਜਿਮ ਹਮ ਕੌ ਆਯੋ ਲਖਿ ਲੀਨੋ।
ਫਤੇਸ਼ਾਹ ਤੈਸੇ ਤੁਮ ਚੀਨੋ ॥੭॥
ਗਨ ਰਾਜਨ ਕੀ ਚਮੂੰ ਬਟੋਰੀ।
ਕਰਯੋ ਕੂਚ ਆਵਤਿ ਇਤ ਓਰੀ।'

ਕਲ਼ਗੀਧਰ ਸੁਨਿ ਕਰਿ ਤਿਸ ਕਾਲਾ।
ਫਰਕ ਉਠੀ ਜੁਗ ਭੁਜਾ ਬਿਸਾਲਾ ॥੨੮॥

ਗਰਜਤਿ ਸਭਾ ਬਿਖੈ ਬਚ ਭਾਖਾ।
'ਸ੍ਰੀ ਅਸਧੁਜ ਪੁਰਵਹਿ ਹਮ ਕਾਂਖਾ।
ਜਬਿ ਪਹੁੰਚੈਂ ਰਣਖੇਤ ਪਹਾਰੀ[2]।
ਇਮ ਕਰਿਹੌਂ ਸ਼ਸਤ੍ਰਨਿ ਗਨ ਮਾਰੀ ॥੨੯॥
ਸ਼੍ਰੋਣਤ ਪਾਨ ਕਰੈ ਬਹੁ ਧਰਨੀ।
ਹੈ੍ ਜੈ ਹੈ ਤਹਿਂ ਲੋਹਿਤ ਬਰਨੀ।
ਰੁੰਡ ਮੁੰਡ ਗਨ ਕੈ ਕਰਿ ਦੈਹੋਂ।

---

[1]ਅਟਕ ਗਿਆ।
[2]ਪਹਾੜੀਏ।

ਹਾਥ ਪਾਇ ਕਾਟਤਿ ਬਿਥਰੈਹੌਂ ॥੩੦॥
ਬਹੁ ਦਿਨ ਕੋ ਮਮ ਕੋਪ ਬਿਸਾਲਾ।
ਫਤੇਸ਼ਾਹ ਪਰ ਤਜੌਂ ਕਰਾਲਾ।
ਭੀਮਚੰਦ ਕੋ ਜੇ ਇਕ ਬਾਰੀ।
ਕਰੌਂ ਬਿਲੋਕਨ ਜੰਗ ਮਝਾਰੀ ॥੩੧॥
ਐਸੇ ਤਜਿਹੌਂ ਬਾਨ ਕਰਾਰੇ।
ਬੇਧ ਸ਼ਰੀਰਨ ਪਰਿ ਹੈਂ ਪਾਰੇ।
ਥਿਰੇ ਅਗਾਰੀ ਦੈ ਹੈਂ ਪ੍ਰਾਨ।
ਨਤੁ* ਭਾਜਹਿਂ ਰਨ ਤਜਾਗਿ ਮਹਾਨ' ॥੨੨॥

ਇਮ ਕਹਿ ਕਰਿ ਗੁਰ ਸਭਾ ਮਝਾਰਾ।
ਸੰਗ ਮਸੰਦਨ ਹੁਕਮ ਉਚਾਰਾ।

'ਤਜਾਰੀ ਅਧਿਕ ਜੰਗ ਕੀ ਧਰੀਅਹਿ।
ਗੁਲਕਾਂ ਬ੍ਰਿੰਦ ਬਰੂਦਹਿ ਕਰੀਅਹਿ ॥੩੩॥
ਤੀਰ ਤੁਫੰਗਨ, ਤੋਮਰ, ਭਾਲੇ।
ਧਨੁਖ ਬਾਨ ਦੀਜਹਿ ਭਟ ਜਾਲੇ।'
ਇਮ ਬੋਲਤਿ ਬਹੁ ਉਦਜੋ ਪ੍ਰਤਾਪਾ।
ਜਿਸ ਤੇ ਸ਼ੱਤ੍ਰੁ ਬ੍ਰਿੰਦ ਹੁਇ ਖਾਪਾ ॥੩੪॥
ਮੁਖ ਗੁਰ ਕੌ ਇਮ ਦੀਖਨਿ ਲਾਗਾ।
ਮਨਹੁਂ ਬੀਰ ਰਸ ਸੁਪਤਜੋ ਜਾਗਾ।
ਦਯਾਰਾਮ ਪ੍ਰੋਹਿਤ ਇਮ ਬੋਲਾ।
'ਸੁਨਹੁ ਪ੍ਰਭੁ ! ਭਾ ਰਾਜਨ ਟੋਲਾ ॥੩੫॥
ਦੀਰਘ ਭੀਮਚੰਦ ਕਹਿਲੂਰੀ।
ਜਿਸ ਢਿਗ ਭਈ ਬਾਹਨੀ ਭੂਰੀ।
ਸਭਿ ਗ੍ਰਾਮਨ ਕੀ ਛੇਰ ਹਕਾਰੀ।
ਸੁਨਿ ਪਹੁੰਚੀ ਗਨ ਸ਼ਸਤ੍ਰਨ ਧਾਰੀ ॥੩੬॥
ਪੁਨ ਕਟੋਚੀਆ ਨਾਮ ਕ੍ਰਿਪਾਲੰ।
ਅਰੁ ਗਲੇਰੀਆ ਸਦਲ[1] ਗੁਪਾਲੰ।
ਇਨ ਦੁਹੂੰਅਨਿ ਬਹੁ ਬੀਰ ਸਕੇਲੇ।
ਆਇ ਮਿਲੇ ਗਨ ਆਯੁਧ ਲੇ ਲੇ ॥੩੭॥
ਨ੍ਰਿਪ ਹੰਡੂਰੀਆ ਅਰੁ ਜਸੁਵਾਲ।

---

*ਪਾ:-ਤਜ।
[1]ਸਹਿਤ ਫੌਜ ਤੇ।

ਇਨ ਕੇ ਸੰਗ ਸੁਭਟ ਹੈਂ ਜਾਲ।
ਸਭਿ ਰਾਵਰ ਸੋਂ ਚਹੈਂ ਲਰਾਈ।
ਫਤੇਸ਼ਾਹ ਕੋ ਕਰਿ ਅਗੁਵਾਈ ॥੩੮॥
ਨਗਰ ਪਾਂਵਟੇ ਕੋ ਚਢਿ ਆਵੈਂ।
ਇਹ ਆਛੀ ਮੁਝ ਬਾਤ ਨ ਭਾਵੈ।
ਹਮਰੇ ਨਿਕਟ ਪਰਹਿ ਨਹਿਂ ਖੇਤ।
ਆਪ ਚਲਹੁ ਆਗੇ ਇਸ ਹੇਤ' ॥੩੯॥
ਸੁਨਿ ਕਰਿ ਸਤਿਗੁਰ ਬਿੱਪ੍ਰ ਸਰਾਹਾ।
'ਸੁਮਤਿਵੰਤ ਗਨ ਸੁਭਟਨਿ ਮਾਂਹਾ।
ਨਿਪੁਨ ਬੁੱਧਿ ਸੰਗ੍ਰਾਮ ਕਰਨ ਕੀ।
ਯਥਾ ਰੀਤਿ ਛੱਤ੍ਰੀ ਸੁ ਬਰਨ ਕੀ ॥੪੦॥
ਜਿਮ ਭਾਰਤ ਮਹਿਂ ਦ੍ਰੌਣ[1] ਪ੍ਰਬੀਨਾ।
ਹਤੇ ਅਨੇਕ ਸੱਤ੍ਰ ਜਸੁ ਲੀਨਾ।
ਤਥਾ ਗਿਰਿੰਦ੍ਰਨਿ ਕੇ ਰਨ ਲਰਿਬੇ।
ਬੁਧਿ ਬਲ ਸਾਥ ਕਰੋ ਰਿਪੁ ਹਰਿਬੇ ॥੪੧॥
ਨਗਰ ਪਾਂਵਟੇ ਨਿਕਟ ਨ ਲਰੈਂ।
ਕਹਾਂ ਤ੍ਰਾਸ ਸ਼ੱਤ੍ਰਨ ਤੇ ਧਰੈਂ।
ਗਾਡਹਿਂਗੇ ਰਣ ਖੰਭ[2] ਅਗਾਰੀ।
ਜਹਿਂ ਸਮ ਥਲ ਕੋ ਲੇਹਿਂ ਨਿਹਾਰੀ ॥੪੨॥
ਰਿਪੁ ਆਗਮਨ ਸਮੁਖ ਜਿਤ ਹੋਇ।
ਪਿਖਯੋ ਪ੍ਰਥਮ, ਸੁਧਿ ਦੀਜਿਹਿ ਕੋਇ[3]।
ਲੇ ਕਰਿ ਚਮੂੰ ਸੰਗ ਪ੍ਰਸਥਾਨੈਂ।
ਆਵਤਿ ਪਿਖਿ ਗੁਲਕਾਂ ਹਤਿ ਹਾਨੈਂ ॥੪੩॥
ਹਮ ਮੰਡਹਿਂ ਤਹਿਂ ਜੰਗ ਅਖਾਰਾ।
ਸ਼ਸਤ੍ਰ ਸਮੂਹਨਿ ਕੇਰ ਪ੍ਰਹਾਰਾ।
ਲਰਤਿ ਪਰਾਵਹਿਂ[4] ਡਰ ਧਰਿ ਚੀਤ।
ਨਤੁ ਸੰਘਾਰਹਿਂ ਪ੍ਰਾਪਤਿ ਜੀਤ[5]' ॥੪੪॥
ਸੁਨਿ ਕ੍ਰਿਪਾਲ ਮਾਤੁਲ ਗੁਰ ਕੇਰਾ।

---

[1]ਦ੍ਰੋਣਾਚਾਰਜ। ਕੈਰਵਾਂ ਪਾਂਡਵਾਂ ਦਾ ਸ਼ਸਤ੍ਰ ਵਿਦਯਾ ਦਾ ਉਸਤਾਦ ਜੋ ਮਹਾਂ ਭਾਰਤ ਵਿਚ ਕੈਰਵਾਂ ਦਾ ਜੋਧਾ ਸੀ।
[2]ਜੁੱਧ ਦਾ ਨਿਸ਼ਾਨ।
[3]ਪਹਿਲੋਂ (ਜਿਸ ਨੇ) ਵੇਖਿਆ ਹੋਇਆ ਹੈ ਉਹ ਖਬਰ ਦੇਵੇ।
[4]ਭੱਜ ਜਾਣਗੇ।
[5]ਨਹੀਂ ਤਾਂ ਮਾਰਕੇ ਜਿੱਤ ਪ੍ਰਾਪਤ ਕਰਾਂਗੇ।

ਸਭਾ ਮਝਾਰ ਕਹ੍ਯੋ ਤਿਸ ਬੇਰਾ।
'ਥਲ ਭੰਗਾਣੀ ਕੋ ਜਹਿਂ ਨੀਕਾ।
ਤਿਤ ਹੀ ਆਵਨ ਹੁਇ ਰਿਪੁ ਹੀ ਕਾ ॥੪੫॥
ਬਹੈ ਨਦੀ ਇਕ ਨਾਮ ਗਿਰੀ ਹੈ।
ਦਿਸ਼ਿ ਦੂਜੇ ਰਵਿ ਸੁਤਾ[1] ਢਰੀ ਹੈ।
ਰਾਜਪੁਰਾ ਤਹਿਂ ਪਰੈ[2] ਸੁ ਨਗਰਾ।
ਤਰੇ ਨਰਨ ਕੌ ਥਲ ਹੈ ਸਗਰਾ ॥੪੬॥
ਸ਼੍ਰੀ ਜਗ ਗੁਰ! ਗਾਡਹੁ ਰਨਥੰਭਾ।
ਤਹਾਂ ਪਿਖਹੁ ਸੰਗ੍ਰਾਮ ਅਚੰਭਾ।
ਨਗਰ ਪਾਂਵਟਾ ਤਜਿ ਖਟ ਕੋਸ।
ਤਹਿਂ ਥਿਰ ਹੋਇ ਹਤਹੁ ਰਿਪ ਰੋਸ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਰ ਢਿਗ ਨੰਦ ਚੰਦ ਆਗਵਨ' ਪ੍ਰਸੰਗ ਬਰਨਨੰ ਨਾਮ ਅਸ਼ਟ ਦਸਮੋਂ ਅੰਸੂ ॥੧੮॥

---

[1] ਜਮਨਾ।
[2] ਨੇੜੇ ਪੈਂਦਾ ਹੈ।

੧੯. [ਫਤੇਸ਼ਾਹ ਦਾ ਜੰਗ ਹਿਤ ਅੱਗੇ ਵਧਣਾ]

੧੮<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੦

ਦੋਹਰਾ: ਸੁਨਿ ਕ੍ਰਿਪਾਲ ਕੀ ਬਾਤ ਕੋ, ਸ਼੍ਰੀ ਸਤਿਗੁਰੂ ਕ੍ਰਿਪਾਲ।
ਮਨ ਮਾਨੀ, ਨੀਕੇ ਲਖੀ, ਮਸਲਤ ਠਾਨਿ ਅਟਾਲ ॥੧॥

ਚੌਪਈ: ਨੰਦਚੰਦ ਪਿਖਿ ਗੁਰਮੁਖ ਓਰੀ।
ਬੋਲੵੋ ਬਹੁਰ ਜੁਗਮ ਕਰ ਜੋਰੀ।
'ਮਹਾਰਾਜ! ਸਿਖ ਰਾਵਰ ਕੇਰਾ।
ਹਯਨਿ ਸੁਦਾਗਰ ਧਨੀ ਬਡੇਰਾ ॥੨॥
ਲੇ ਕਰਿ ਗਮਨੵੋ ਦਰਬ ਬਿਸ਼ੇਸ਼ੰ।
ਪਿਖਿ ਕਸ਼ਮੀਰ ਆਦਿ ਪੁਰਿ ਦੇਸ਼ੰ।
ਬੀਨ ਬੀਨ ਬਹੁ ਥਲ ਤੇ ਲੀਨਾ।
ਤਿਸੀ ਪੰਥ ਕੋ ਆਵਨ ਕੀਨਾ ॥੩॥
ਭੀਮਚੰਦ ਨ੍ਰਿਪ ਜਬਿ ਸੁਨਿ ਪਾਏ।
ਲੇਨਿ ਹੇਤੁ ਹਯ ਚਿਤ ਲਲਚਾਏ।
ਨਾਮ ਸੁਨੵੋ ਰਾਵਰ ਕੋ ਜਬੈ।
ਕਿਤਿਕ ਸੈਨ ਭੇਜੀ ਤਿਨ ਤਬੈ ॥੪॥
ਸਿਖ ਸੌਦਾਗਰ ਕੋ ਸੁਧਿ ਹੋਈ।
ਕਰਿ ਕੈ ਬੇਗ ਆਇ ਪੁਰਿ ਸੋਈ।
ਸੁਨਿ ਸ਼੍ਰੀਨਗਰ ਬਿਖੈ ਹਮ ਡੇਰਾ।
ਉਤਰੵੋ ਆਨਿ ਨਿਡਰ ਤਿਸ ਬੇਰਾ ॥੫॥
ਬਹੁਰ ਨ ਬਲ ਘਾਲੵੋ ਕਿਨ ਆਇ।
ਮਿਲਯੋ ਰਹੵੋ ਅਨੰਦ ਉਪਜਾਇ।
ਬਿਗਰੵੋ ਫਤੇਸ਼ਾਹ ਜਿਸ ਕਾਲਾ।
ਉਤਰੇ ਅਸੁ ਇਸਥਾਨ ਬਿਸਾਲਾ ॥੬॥
ਸੁਨਿ ਲਾਲਚ ਕਰਿ ਪੁਨ ਕਹਿਲੂਰੀ।
ਕਹਿ ਭੇਜੵੋ ਕਰਿ ਤੂਰਨ ਭੂਰੀ।
-ਤੁਰੰਗ ਬਿਸਾਲ ਮੋਲ ਬਡ ਕੇਰੇ।
ਛੀਨ ਲੇਹੁ ਨਹਿਂ ਦੀਜਹਿ ਫੇਰੇ- ॥੭॥
ਫਤੇਸ਼ਾਹ ਭਟ ਕੀਨਸਿ ਤਯਾਰੀ।
ਪਹੁੰਚੀ ਢਿਗ ਹਮਰੇ ਸੁਧ ਸਾਰੀ।
ਤਕਰੇ ਹੋਇ ਜ਼ੀਨ ਹਯ ਡਾਲੇ।
ਭਏ ਅਰੂਢਨਿ ਇਤ ਕੋ ਚਾਲੇ ॥੮॥

ਲਖ੍ਯੋ[*] ਪ੍ਰਤਾਪ ਗੁਰੂ ਕੋ ਮਹਾਂ।
ਪਹੁੰਚਿ ਨ ਸਕ੍ਯੋ ਆਇ ਕੋ ਤਹਾਂ।
ਬਡੇ ਜਤਨ ਕਰਿ ਸਭਿ ਹਯ ਲ੍ਯਾਏ।
ਰਾਵਰਿ ਕੀ ਸਹਾਇਤਾ ਪਾਏ ॥੯॥
ਕ੍ਰਿਪਾ ਕਰਹੁ ਸਭਿ ਦੇਖਨਿ ਕੀਜੈ।
ਬੀਰਨਿ ਕੋ ਰਨ ਹਿਤ ਅਬਿ ਦੀਜੈ।'
ਆਛੀ ਬਾਤਿ ਜਾਨਿ ਗੁਰ ਪੂਰੇ।
ਪਿਖੇ ਤੁਰੰਗਮ ਸਗਰੇ ਰੂਰੇ ॥੧੦॥
ਸਿਖ ਕੋ ਖੁਸ਼ੀ ਕਰੀ ਮਨ ਭਾਵਤਿ।
ਭਯੋ ਨਿਹਾਲ ਅਨੰਦ ਉਪਾਵਤਿ।
ਜੋ ਜਿਸ ਲਾਇਕ ਭਟ ਕੌ ਜਾਨਾ।
ਹੇਤੁ ਅਰੂਢਨਿ ਕੇ ਹਯ ਦਾਨਾ[1] ॥੧੧॥
ਸੁੰਦਰ ਜ਼ੀਨ ਪਾਇ ਕਰਿ ਚਢੇ।
ਚਪਲ ਬਲੀ ਲਖਿ ਉਰ ਮੁਦ ਬਢੇ।
ਗੋਰੀ ਢਾਰਹਿਂ ਅਨਿਕ ਸੁਨਾਰੇ।
ਬ੍ਰਿੰਦ ਬਰੂਦ ਤਜਾਰ ਤਿਸ ਬਾਰੇ ॥੧੨॥
ਕਿਤਿਕ ਭਟਨਿ ਕੋ ਤੋਮਰ ਦਏ।
ਤੁਰੰਗ ਧਵਾਇ ਬਿਸਾਲ ਭ੍ਰਮਏ।
ਦਏ ਜ਼ਰਕਸ਼ੀ ਰੁਚਿਰ ਨਿਖੰਗ[2]।
ਕਰਿ ਪੂਰਨ ਖਰ ਖਪਰਨਿ ਸੰਗ ॥੧੩॥
ਕੇਤਿਕ ਸੁਭਟਨ ਧਨੁਖ ਕਠੋਰਾ।
ਲੇ ਜੋਧਾ ਐਂਚਤਿ ਕਰਿ ਜੋਰਾ।
ਲਾਂਬੀ ਸੁਲਗ ਤੁਫੰਗ ਅਨੇਕ[3]।
ਬਖਸ਼ੀ ਜੋਧਨਿ[4] ਜਲਧਿ ਬਿਬੇਕ ॥੧੪॥
ਗੁਰ ਦਲ ਮਹਿਂ ਉਤਸਾਹ ਬਿਸਾਲਾ।
ਬਿਚਰਤਿ ਧਰਿ ਹੱਥਜਾਰਨ ਜਾਲਾ।
ਮਾਰ ਬਕਾਰਾ ਬੋਲਤਿ ਭਾਰੀ।
'ਲੂਟ ਭਜਾਵਹੁ ਹਤਹੁ ਪਹਾਰੀ ॥੧੫॥

---

[*]ਪ:-ਭਯੋ।
[1]ਘੋੜੇ ਦਿਤੇ।
[2]ਤਿੱਲੇ ਦੇ ਕੱਢੇ ਹੋਏ ਸੁਹਣੇ ਭੱਥੇ।
[3]ਲੰਮੇ ਨਿਸ਼ਾਨੇ ਤੇ ਬੈਠਣ ਵਾਲੀਆਂ ਬੰਦੂਕਾਂ [ਪੰਜਾ:, ਸੁ+ਲਗ] (ਅ) ਲੰਮੀ ਨਾਲੀ ਵਾਲੀਆਂ ਬੰਦੂਕਾਂ।
[4]ਜੋਧਿਆਂ ਨੂੰ।

ਛੀਨਹੁ ਦੇਸ਼ ਨਿਕਾਰਹੁ ਬਾਹਰ।
ਬਿਦਤੈ ਬਹੁ ਸਤਿਗੁਰ ਜਸ ਜਾਹਰ।'
ਇਸ ਪ੍ਰਕਾਰ ਤਜਾਰੀ ਪ੍ਰਭੁ ਕਰੀ।
ਪ੍ਰਥਮ ਜੁੱਧ ਹਿਤ ਮਨਸਾ ਧਰੀ ॥੧੬॥
ਸ਼ਮਸ ਸਜਾਮਤਾ[1] ਮੁਖ ਪਰ ਸੋਹੈ।
ਕਮਲ ਪ੍ਰਫੁੱਲਜਤ ਅਲ ਜਨ ਜੋਹੈ[2]।
ਸਮ ਦੁੰਦਭਿ ਕੇ ਸ਼ਬਦ ਗੰਭੀਰ।
ਮਹਾਰਾਜ ਪ੍ਰਭੁ ਬੀਰਨਿ ਬੀਰ ॥੧੭॥
ਨਿਜ ਦਲ ਮਹਿਂ ਉਤਸਾਹ ਬਧਾਵਾ।
ਮਨੋ ਬੀਰ ਰਸ ਸੁਪਤਿ ਜਗਾਵਾ।
ਇਤ ਇਮ ਭਈ ਸੁਨੋ ਉਤ ਕੇਰੀ।
ਘਾਟੋ ਉਲੰਘਿ ਗਏ ਜਿਸ ਬੇਰੀ ॥੧੮॥
ਮੂਰਖ ਹਾਥਨਿ ਮਰਦਤਿ ਰਹੇ।
'ਰੁਕੇ ਨ ਕਜੋਂਹੁ' ਮਿਲਿ ਮਿਲਿ ਕਹੇਂ।
ਕਿਤਿਕ ਮ੍ਰਿਤਕ ਭੇ, ਲੋਥ ਉਠਾਈ।
ਕੋ ਘਾਇਲ ਗਮਨੇ ਨਿਜ ਥਾਈਂ ॥੧੯॥
ਹਟਜੋ ਜਹਾਂ ਕਹਿਂ ਤੇ ਦਲ ਸਾਰੋ।
ਸਭਿ ਰਾਜਨ ਕੇ ਨਿਕਟ ਉਚਾਰੋ।
'ਅਲਪ ਸੁਭਟ ਘਾਟੇ ਪਰ ਗਏ।
ਬਹੁਤ ਪੰਥ ਮੈਂ ਹੀ ਥਿਰ ਭਏ ॥੨੦॥
ਘਾਲਜੋ ਜ਼ੋਰ ਖਸ਼ਟ ਸੌ ਆਇ।
ਉਲੰਘ ਗਏ ਗਨ ਤੁਪਕ ਚਲਾਇ।
ਸਰਜੋ ਨ ਸੈਨਾ ਤੇ ਕੁਛ ਕਾਰ।
ਗਏ ਬਿਸਾਲ ਬੀਰਤਾ ਧਾਰਿ' ॥੨੧॥
ਭੀਮਚੰਦ ਸੁਨਿ ਕੈ ਰਿਸ ਘਨੀ।
ਸਭਿਨਿ ਸੁਨਾਵਤਿ ਊਚੇ ਭਨੀ।
'ਯੱਧੀ ਦੇ ਮਾਂ ਖੁਚਿ ਵੜ ਰਹੇ[3]*।
ਅਰੇ ਨ ਆਗੇ, ਧੀਰ ਨ ਗਹੇ ॥੨੨॥

---

[1]ਦਾੜ੍ਹੀ ਦੀ ਕਾਲੋਂ।
[2]ਖਿੜੇ ਕਵਲ (ਪਰ ਮਾਨੋ) ਭੌਰੇ ਦਿੱਸਦੇ ਹਨ।
[3]ਇਹ ਪਹਾੜੀਆਂ ਦੀ ਬੜੀ ਗੰਦੀ ਗਾਲੀ ਹੈ। ਕਥਾ ਵੇਲੇ ਗਜਾਨੀ ਇਹ ਤੁਕ ਨਾਂ ਪੜ੍ਹੇ ਤੇ ਇਸ ਦੇ ਥਾਵੇਂ ਕੁਈ ਐਸੇ ਪਦ ਪੜ੍ਹ ਦੇਵੇ:-'ਕਾਇਰ ਗੀਦੀ ਸੁਪਤੇ ਰਹੇ?
*ਪਾ:-ਮਾਖੁਟ ਰਹੇ।

ਰੁਕਤਿ ਜਿ ਘਾਟਾ ਭਟ ਹੁਇ ਗਾਢੇ।
ਹਤਿ ਤੁਫੰਗ ਤਿਨ ਰਾਖਤਿ ਠਾਂਢੇ।
ਇਤ ਤੇ ਦਲ ਸਗਰੋ ਕਰਿ ਜੋਰ।
ਘੇਰਤਿ ਇਤ ਉਤ ਹੁਇ ਚਹੁੰ ਓਰ ॥੨੩॥
ਦੇ ਕਰਿ ਤ੍ਰਾਸ ਲੇਤਿ ਹੱਥਜਾਰੇ।
ਨਰ ਨਿਕਸਨਿ ਮਗ ਜਬਹੁੰ ਨਿਹਾਰੇ[1]।
ਨਹੀਂ ਸ਼ੀਘ੍ਰਤਾ ਕਰਿ ਭਟ ਧਾਏ।
ਜਿਸ ਤੇ ਨਿਕਸੇ ਸੁਖ ਮਨ ਭਾਏ[2] ॥੨੪॥
ਹੋਤਿ ਕਹਾਂ ਅਬਿ ਕਹੇ ਕਹਾਏ।
ਬੀਤੀ ਬਾਤ ਕਹਾਂ ਪਛੁਤਾਏ।
ਅਬਿ ਤੌਂ ਫਤੇਸ਼ਾਹ ਮਹਿਪਾਲਾ।
ਤਿਨ ਸੋਂ ਠਾਨੈ ਜੰਗ ਕਰਾਲਾ ॥੨੫॥
ਜਾਨੀ ਜਾਇ ਕਹਾਂ ਹੁਇ ਜੈ ਹੈ।
ਗੁਰ ਤੇ ਜੈ ਕਿ ਪਰਾਜਯ[3] ਪੈ ਹੈ।
ਕਹਹੁ ਜਾਇ ਅਬਿ ਕੀਜਹਿ ਤਜਾਰੀ।
ਨਹੀਂ ਨੀਕਤਾ ਬਿਲਮ ਜਿ ਧਾਰੀ ॥੨੬॥
ਤੁਮਰੀ ਸੀਮ[4] ਦੇਸ਼ ਕੀ ਤਹਾਂ।
ਨਗਰ ਪਾਂਵਟਾ ਘਾਲਯੋ ਜਹਾਂ।
ਲਰਿਬੋ ਹੱਕ ਤੁਮਹਿਂ ਬਨਿ ਆਵੈ।
ਆਨਿ ਵਹਿਰ ਜੋ ਭੂਮ ਦਬਾਵੈ ॥੨੭॥
ਬਜਾਹ ਬਹਾਨੇ ਨ੍ਰਿਪ ਗਨ ਆਏ।
ਸਭਿ ਤੇ ਲੇਹੁ ਸੁਭਟ ਸਮੁਦਾਏ।
ਪੁਨ ਗੁਰੁ ਚਮੂੰ ਕਹਾਂ ਰਣ ਮਾਂਹੀ।
ਸਨਮੁਖ ਠਹਿਰ ਸਕਹਿ ਕਿਮ ਨਾਂਹੀ ॥੨੮॥
ਦਿਹੁ ਉਠਾਇ ਇਤ ਤੇ ਸਭਿ ਡੇਰਾ।
ਨਿਜ ਦਲ ਤਹਿਂ ਠਹਿਰਾਇ ਬਡੇਰਾ।
ਨਾਹਣਪਤਿ ਕੌਂ ਦਾਬਾ ਦੇਹੁ।
ਕੈ ਨਿਜ ਸੰਗ ਮੇਲ ਕਰਿ ਲੇਹੁ' ॥੨੯॥

---

[1]ਜਦੋਂ (ਤੁਸੀਂ) ਦੇਖਿਆ ਸੀ ਕਿ ਆਦਮੀ ਰਸਤੇ ਤੋਂ ਨਿਕਲ ਟੁਰੇ ਹਨ ਤਦ......।
[2]ਮਨ ਭਾਂਵਦੇ ਸੁਖ ਪਾ ਕੇ (ਉਹ) ਨਿਕਲ ਗਏ।
[3]ਹਾਰ।
[4]ਹੱਦ।

ਇਮ ਸਮੁਝਾਇ ਪਠੇ ਪਰਧਾਨ।
ਭੀਮਚੰਦ ਮਨ ਮਾਨਿ ਮਹਾਨ[1]।
ਫਤੇਸ਼ਾਹ ਕੇ ਨਿਕਟ ਸਿਧਾਰਾ।
ਪਿਖ 'ਜੈਦੇਵਾ' ਤਾਂਹਿ ਉਚਾਰਾ ॥੩੦॥
ਬੈਠਿ ਬੰਦਿ ਕਰ ਸਕਲ ਸੁਨਾਈ।
ਜੇ ਪੂਰਬ ਕਹਿ ਸੀਖ ਸਿਖਾਈ[2]।
ਹਿਤ ਰਾਖਨਿ ਸਮਧੀ ਮਨ ਮਾਨੂ[3]।
ਭਯੋ ਸੁਮਤਿ ਤੇ ਕੁਮਤਿ ਮਹਾਨੂ ॥੩੧॥
ਜਥਾ ਪ੍ਰਭੰਜਨ[4] ਮਿਲਿ ਬਦਬੋਇ।
ਸਭਿ ਕੌ ਅਨਹਿਤ[5] ਕਰਤਾ ਹੋਇ[6]।
ਗੁਰ ਮਹਿਮਾ ਅਰੁ ਸਭਿ ਉਪਕਾਰਾ।
ਮਨੁ ਕਹਿਲੂਰੀ ਮਿਲੇ ਬਿਗਾਰਾ[11] ॥੩੨॥
ਗੋਰੀ ਗਨ ਬਰੂਦ ਬਰਤਾਈ।
ਕਹੇ ਸਭਿਨਿ ਸਨ 'ਪਰਹਿ ਲਰਾਈ।
ਬਾਂਛਤਿ ਸ਼ਸਤ੍ਰ ਤੁਰੰਗ ਜਿਸ ਹੋਇ।
ਮੁਝ ਤੇ ਜਾਚ ਲੇਹਿ ਸਭਿ ਕੋਇ' ॥੩੩॥
ਸਮਧੀ ਕੇ ਹਰਖਾਵਨਿ ਕਾਰਨ।
ਊਚੇ ਕੀਨਸਿ ਹੁਕਮ ਉਚਾਰਨਿ।
ਦੁਹਰਿ ਚੋਬ ਧੌਂਸਾ ਧੁੰਕਾਰਹੁ।
ਕਹੇ ਸਭਿਨਿ ਸੋਂ 'ਸ਼ਸਤ੍ਰ ਸੰਭਾਰਹੁ ॥੩੪॥
ਤਜਾਰੀ ਜਥੇਦਾਰ ਗਨ ਕਰੈਂ।
ਨਿਜ ਨਿਜ ਮਿਸਲ ਸੁਭਟ ਸਭਿ ਧਰੈਂ।
ਆਨਹੁ ਮੇਰੋ ਬਲੀ ਤੁਰੰਗ।
ਕੰਚਨ ਜ਼ੀਨ ਐਂਚਿ ਕਰਿ ਤੰਗ ॥੩੫॥
ਹੀਰਨ ਜੜਤੀ ਮੁਸ਼ਟ ਬਿਸਾਲਾ।
ਤੀਖਨ ਧਾਰਾ ਖੜਗ ਕਰਾਲਾ।

---

[1]ਮਨ ਦੇ ਭਾਰੀ ਹੰਕਾਰ ਵਾਲੇ ਭੀਮਚੰਦ ਨੇ।
[2]ਜੋ (ਫਤੇਸ਼ਾਹ ਨੂੰ) ਭੀਮ ਚੰਦ ਨੇ ਪਹਿਲੇ ਕਹਿਕੇ ਸਿੱਖਯਾ ਸਿਖਾਈ ਸੀ।
[3]ਕੁੜਮ ਦਾ ਹਿਤ ਰੱਖਣ ਲਈ (ਫਤੇਸ਼ਾਹ ਨੇ) ਮਨ ਵਿਚ ਮੰਨ ਲਈ ਸੀ।
[4]ਵਾਯੂ।
[5]ਬੁਰਾ।
[6]ਸ਼੍ਰੀ ਗੁਰੂ ਜੀ ਦੀ ਮਹਿਮਾ ਤੇ (ਸਤਿਗੁਰੂ ਜੀ ਦੇ) ਸਾਰੇ ਉਪਕਾਰ (ਫਤੇਸ਼ਾਹ ਪਰ) ਇਹ ਵਾਯੂ ਸੀ ਮਾਨੋਂ, ਕਹਿਲੂਰੀ (ਭੀਮਚੰਦ ਰੂਪੀ ਬਦਬੋ ਨਾਲ) ਮਿਲਕੇ ਵਿਗੜ ਗਈ ਸੀ।

ਖਰ ਖਪਰਨਿ ਤੇ ਭਰਜੋ ਨਿਖੰਗਾ।
ਧਨੁਖ ਕਠੋਰ ਆਨੀਯਹਿ ਸੰਗਾ ॥੩੬॥
ਸਦਲ ਆਪ ਮੈਂ ਕਰੌਂ ਚਢਾਈ।
ਅਵਿਲੋਕਹੁਂ ਸਤਿਗੁਰੂ ਬਡਾਈ।'
ਇਮ ਕਹਿ ਫਤੇਸ਼ਾਹ ਕਰਿ ਤਯਾਰੀ।
ਸਾਜਤਿ ਭਯੋ ਸੰਗ ਦਲ ਬਾਰੀ ॥੩੭॥
ਬਲੀ ਤੁਰੰਗ ਨਿਕਟ ਜਬਿ ਆਯੋ।
ਉਠਜੋ ਸਭਾ ਮਹਿਂ ਨ੍ਰਿਪ ਦਰਸਾਯੋ।
ਖੜਗ ਨਿਖੰਗ ਪਾਇ ਕਟ ਬੰਧਿ।
ਲੀਨਸਿ ਧਨੁਖ ਸੁ ਦ੍ਰਿੜ੍ਹ ਸਰ ਸੰਧਿ ॥੩੮॥
ਅਧਿਕ ਮੋਲ ਕੀ ਸਿਪਰ ਸੰਭਾਰੀ।
ਡਾਰਿ ਸਿਕੰਧਹਿ ਬੰਧਿ ਪਿਛਾਰੀ।
ਹਯ ਚਲਚਾਲ ਅਰੂਢਨਿ ਹੋਵਾ।
ਮੂਰਖ ਨਹਿਂ ਬਿਚਾਰ ਕਰਿ ਜੋਵਾ ॥੩੯॥
ਜਗਤ ਪਤੀ ਕੀ ਸਮਤਾ ਚਾਹਤਿ।
ਚਲਜੋ ਪੰਥ ਲਰਿਬੇ ਸੁ ਉਮਾਹਤਿ।
ਦੁੰਦਭਿ ਬਜਤਿ ਬਾਹਨੀ[1] ਚਲੀ।
ਤੀਖਨ ਸ਼ਸਤ੍ਰਨ ਜੁਤਿ ਕਲਮਲੀ ॥੪੦॥
ਫਤੇਸ਼ਾਹ ਜਬਿ ਆਗੈ ਭਯੋ।
ਗਹੇ ਤੁਫੰਗਨ ਦਲ ਉਮਡਯੋ।
ਹਰੀਚੰਦ ਆਦਿਕ ਬਡ ਜੋਧੇ।
ਗੁਰ ਸੋਂ ਲਰਨਿ ਚਲੇ ਦਿਤ ਕ੍ਰੋਧੇ ॥੪੧॥
ਗਨ ਸੈਨਾ ਅਰੁ ਗ੍ਰਾਮਨਿ ਛੇਰ।
ਬੰਧੇ ਟੋਲ ਬ੍ਰਿੰਦ ਕੋ ਹੇਰਿ।
ਚਿਤ ਅਹੰਕਾਰ ਵਧਜੋ ਅਧਿਕਾਇ।
-ਲਰੋਂ ਗੁਰੂ ਸਨ ਕੋਪ ਵਧਾਇ ॥੪੨॥
ਬਾਂਮ ਬਿਲੋਚਨ ਫਰਕਤਿ ਖੋਟਾ[2]।
ਨਹਿਂ ਮਨ ਗਿਨਹਿ ਹਾਰ ਮਤਿ ਮੋਟਾ।
ਨਗਰ ਪਾਂਵਟੇ ਸਨਮੁਖ ਚਾਲਾ।

---

[1]ਸੈਨਾ।
[2]ਖੋਟੇ ਦਾ
(ਅ) (ਜੋ) ਖੋਟਾ (ਸ਼ਗਨ ਹੈ)।

ਪੰਥ ਪਹਾਰਨ ਬਿਖਮ ਬਿਸਾਲਾ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਫਤੇਸ਼ਾਹ ਆਗਵਨ' ਪ੍ਰਸੰਗ ਬਰਨਨੰ ਨਾਮ ਏਕ ਊਨਬਿੰਸਤੀ ਅੰਸੂ ॥੧੯॥

੨੦. [ਪਠਾਣਾਂ ਨੇ ਛੁੱਟੀ ਮੰਗਣੀ]

੧੯<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੧

ਦੋਹਰਾ: ਫਤੇਸ਼ਾਹ ਆਵਗਨ ਕੌ,
ਸੁਨਜੋਂ ਜਬਹਿ ਗੁਰ ਸੈਨ।
ਹਰਖ ਭਯੋ ਬੀਰਨ ਰਿਦੈ,
ਧੀਰ ਸਹਿਤ ਚਿਤ ਭੈ ਨ ॥੧॥
ਚੌਪਈ: ਕਾਤੁਰ ਕੰਪਤਿ ਹੀ ਧਰਿ ਤ੍ਰਾਸਾ।
-ਆਇ ਅਚਾਨਕ ਸਮੈ ਬਿਨਾਸਾ[੧]।
ਸਭਿ ਰਾਜਨ ਕੀ ਫੌਜ ਬਡੇਰੀ।
ਕੋ ਲਰ ਸਕਹਿ ਅਲਪ ਨਿਜ ਹੇਰੀ[੨]- ॥੨॥
ਹੁਤੇ ਪੰਚ ਸੈ ਰਖੇ ਪਠਾਨ।
ਚਾਰ ਖਾਨ ਸਿਰਦਾਰ ਮਹਾਨ।
ਅਪਰ ਮੁਖੀ ਮਿਲਿ ਕੈ ਸਭਿ ਇਕ ਥਲ।
ਲਗੇ ਬਿਚਾਰਨਿ ਪਰ ਬਲ ਨਿਜ ਬਲ ॥੩॥
'ਗੁਰ ਢਿਗ ਬਡ ਹਮਰੋ ਇਕ ਡੇਰਾ[੩]।
ਭਾਰ ਲਰਨ ਕੋ ਪਰਹਿ ਘਨੇਰਾ[੪]।
ਕੌਮ ਖਾਨ ਕੀ ਹੋਤਿ ਬਹਾਦਰ।
ਯਾਂ ਤੇ ਰਾਖਤਿ ਹੈਂ ਬਹੁ ਸਾਦਰ ॥੪॥
ਗੁਰੂ ਢਿਗ ਅਪਰ ਚਮੂੰ ਬਹੁ ਜਾਤੀ।
ਜਾਨਹਿਂ ਕਹਾਂ ਸ਼ਸਤ੍ਰ ਕੀ ਬਾਤੀ।
ਅਪਰ ਕਾਰ ਕੋ ਕਰਨੇ ਹਾਰੇ।
ਕਹਾਂ ਲਖਹਿਂ ਸੰਗ੍ਰਾਮ ਬਿਚਾਰੇ ॥੫॥
ਦੇਖਹਿਂ ਗਨ ਰਾਜਨ ਕੀ ਸੈਨਾ।
ਭਾਜਹਿਂ ਡਰਿ ਕਰਿ ਧੀਰਜ ਹੈ ਨਾ।
ਗੋਰੀ ਤੀਰਨਿ ਕੀ ਬਹੁ ਮਾਰ।
ਹਮ ਪਰ ਪਰੈ ਜਥਾ ਘਨ ਧਾਰ[੫] ॥੬॥
ਘਰ ਕੇ ਘੋਰੇ ਤਹਿਂ ਮਰਿ ਜੈਹੈਂ।
ਬਹੁਰ ਗੁਰੂ ਦੈ ਹੈਂ ਕਿ ਨ ਦੈ ਹੈਂ।

---

[੧](ਸਾਡੇ) ਨਾਸ਼ ਦਾ ਸਮਾ ਅਚਾਨਕ ਆ ਗਿਆ ਹੈ।
[੨]ਆਪਣੀ ਥੁਹੜੀ ਦਿੱਸ ਰਹੀ ਹੈ।
[੩]ਇਕ ਸਾਡਾ ਹੀ ਡੇਰਾ ਵੱਡਾ ਹੈ।
[੪]ਬਹੁਤਾ ਸਾਡੇ ਤੇ ਭਾਰ ਪਏਗਾ।
[੫]ਬਦਲ ਦੀ ਧਾਰ ਭਾਵ ਮੀਂਹ ਵਾਂਙ।

ਨਿਜ ਜੀਵਨ ਮਹਿਂ ਸੰਸਾ ਜਾਨੋ।
ਅਪਜਸੁ ਪਸਰੈ ਹੋਇ ਪਲਾਨੋ[੧] ॥੭॥
ਯਾਂ ਤੇ ਇਸ ਪ੍ਰਕਾਰ ਅਬਿ ਕੀਜੈ।
ਹਮ ਘਰ ਜਾਹਿਂ ਖੁਸ਼ੀ ਅਬਿ ਲੀਜੈ[੨]।
ਰਣ ਲਰਿਬੇ ਮਹਿਂ ਹਾਨਿ ਹਮਾਰੀ।
ਹਟਿ ਅਬਿ ਰਹਹੁ ਸੁ ਨੀਕ ਬਿਚਾਰੀ ॥੮॥
ਨਤੁਰ ਖਾਨਜ਼ਾਦੋ[੩] ! ਸੁਨਿ ਲੀਜੈ।
ਬਾਈਸਿ ਧਾਰਿ ਗਿਰੀਸ਼ ਲਖੀਜੈ।
ਗ੍ਰਾਮਨਿ ਕੀ ਛੇਰਾਨਿ ਬਟੋਰਿ।
ਅਰੁ ਸਭਿ ਚਮੂੰ ਸੰਗ ਅਬਿ ਜੋਰਿ ॥੯॥
ਸਭਿ ਕੇ ਆਗੇ ਬਨਹੁ ਨਿਸ਼ਾਨਾ।
ਪਰਹੁ ਖੇਤ ਮਹਿਂ ਹੁਇ ਬਿਨ ਪ੍ਰਾਨਾ।
ਥੋਰੇ ਕਾਲ ਲਯੋ ਦਰਮਾਂਹਾ।
ਨਾਹਕ ਮਰਿ ਜੈਹੋਂ ਰਨ ਮਾਹਾ ॥੧੦॥
ਅਬਿ ਰਚੀਅਹਿ ਕਛੁ ਏਵ ਉਪਾਈ।
ਜਿਸ ਤੇ ਚਲੀਅਹਿ ਕਾਨ ਕਢਾਈ[੪]।
ਜਯੋਂ ਕਯੋਂ ਕਰਿ ਰੁਖ਼ਸਦ ਕੋ ਲੀਜੈ।
ਨਹਿਂ ਗੁਰ ਕਹਿਂ ਤੌਂ ਆਪ ਚਲੀਜੈ' ॥੧੧॥
ਕਾਲੇ ਖਾਂ ਤਿਨ ਬਿਖੇ ਪਠਾਨ।
ਬੋਲਯੋ ਲਖਿ ਕਰਿ ਬਿਨਾ ਇਮਾਨ[੫*]।
'ਨਹਿਂ ਆਛੀ ਇਹ ਮਸਲਤ ਕੀਨਿ।
ਨਿਮਕ ਹਰਾਮੀ ਖੋਵਨ ਦੀਨਿ ॥੧੨॥
ਲਰਨ ਹੇਤੁ ਹੀ ਹਮ ਕੋ ਰਾਖਯੋ।
ਪਰੇ ਕਾਮ ਭਾਜਨ ਅਭਿਲਾਖਯੋ।

---

[੧]ਭੱਜ ਗਿਆਂ ਤੇ ਨਿੰਦਾ ਹੋਸੀ।
[੨]ਭਾਵ ਛੁੱਟੀ ਲਈਏ।
[੩]ਹੇ ਪਠਾਣਾਂ ਦਿਓ ਪੁੱਤਰੋ।
[੪](ਗੁਰੂ ਜੀ ਦੇ) ਕੰਨੋਂ ਗਲ ਕੱਢਕੇ ਚਲੀਏ। ਇਹ ਅਰਥ ਅੰਤਲੀ ਤੁਕ 'ਨਹਿਂ ਗੁਰ ਕਹਿਂ ਤੌਂ ਆਪ ਚਲੀਜੈ' ਤੋਂ ਸਪਸ਼ਟ ਹੁੰਦਾ ਹੈ:
(ਅ) ਕੰਨੀ ਕਤਰਾਕੇ। ਇਹ ਅਰਥ ਅੰਸੂ ੨੩ ਅੰਕ ੧੧ ਤੋਂ ਸਹੀ ਹੁੰਦਾ ਹੈ।
[੫](ਬਾਕੀ ਦੇ ਪਠਾਣਾਂ ਨੂੰ) ਬੇਈਮਾਨ ਹੋਏ ਦੇਖਕੇ ਬੋਲਿਆ:-
[*]ਤਵਾ: ਖਾ: ਵਿੱਚ ਲਿਖਿਆ ਹੈ ਕਿ ਦੁਸ਼ਮਣਾਂ ਵਲੋਂ ਪਠਾਣਾਂ ਨੂੰ ਵੱਢੀ ਦੇਕੇ ਬੇਈਮਾਨ ਬਣਾਇਆ ਗਿਆ ਸੀ। ਪਹਾੜੀਆਂ ਨਾਲ ਮਿਲਨ ਦੀ ਗਲ ਅਗਲੇ ਅੰਸੂ ਦੇ ਅੰਗ ੧੮, ੧੯ ਤੋਂ ਬੀ ਸਹੀ ਪਈ ਹੁੰਦੀ ਹੈ ਜਿੱਥੇ ਇਹ ਗੁਰੂ ਜੀ ਤੇ ਪਹਾੜੀਏ ਦੋਹਾਂ ਨੂੰ ਦਗ਼ਾ ਦੇਣਾ ਸੋਚਦੇ ਹਨ।

ਆਨ ਪਠਾਨਨਿ[1] ਕੀ ਤੁਮ ਖੋਵਹੁ।
ਰਣ ਤੇ ਡਰ ਕਰਿ ਕਾਤੁਰ ਹੋਵਹੁ ॥੧੩॥
ਨਹਿਂ ਆਗੇ ਕੇ ਕਰਹਿ ਭਰੋਸਾ।
ਨਹਿਂ ਰਾਖਹਿ ਨੌਕਰ ਲਖਿ ਦੋਸ਼ਾ।
ਅਪਜਸੁ ਪ੍ਰਾਪਤਿ ਦੁਨੀਆਂ ਬਿਖੈ।
ਮਰਿ ਦੋਜ਼ਕ ਮੈਂ ਸਾਸਨ ਪਿਖੈਂ' ॥੧੪॥
ਸੁਨਿ ਬੋਲ੍ਯੋ ਤਬਿ ਭੀਖਨ ਖਾਨ।
'ਤੂ ਰਖਿ ਅਪਨੇ ਸੰਗ ਇਮਾਨ।
ਹਮ ਤੌ ਨਾਹਕ ਮਰਹਿਂ ਨ ਕੋਈ।
ਰਹੀਅਹਿ ਤੂ ਅਬਿ ਚਾਕਰ ਹੋਈ ॥੧੫॥
ਜੇਤਿਕ ਖੁਸ਼ੀ, ਰਹੇ ਢਿਗ ਗੁਰ ਕੇ[2]।
ਕਾਰਜ ਪਰੇ ਆਨਿ ਅਬਿ ਘਰ ਕੇ।
ਬਿਨਾ ਕਰੇ ਹਮ ਪਤ ਨਹਿਂ ਰਹੈ।
ਯਾਂ ਤੇ ਚਲਨਿ ਇਹਾਂ ਤੇ ਚਹੈਂ ॥੧੬॥
ਕਿਸ ਕੇ ਹਮ ਕੈਦੀ ਤੌ ਨਹੀਂ।
ਕਰੀ ਚਾਕਰੀ ਤੇਤਿਕ ਲਹੀ।'
ਕਾਲੇ ਖਾਂ ਸੁਨਿ ਰਿਸ ਤੇ ਜਰ੍ਯੋ।
'ਬੁਰੇ ਮਨੋਰਥ ਤੈਂ ਉਰ ਧਰ੍ਯੋ ॥੧੭॥
ਗੁਰ ਕੋ ਜੰਗ ਪਰ੍ਯੋ ਅਬਿ ਆਇ।
ਹਮ ਤੌ ਨਹੀਂ ਕਿਸੂ ਥਲ ਜਾਇਂ।
ਰਿਦੇ ਤੁਮਾਰੇ, ਤਜੋਂ ਤੁਮ ਕਰੀਅਹਿ।
ਭਾਜੇ ਅਜਸੁ[3], ਲਰਹਿਂ ਜਸੁ ਧਰੀਅਹਿ' ॥੧੮॥
ਇਮ ਕਹਿ ਬੈਠ੍ਯੋ ਤੂਸ਼ਨਿ ਹੋਇ।
ਨਿਮਕ ਹਲਾਲ ਕਰਨ ਕੌ ਸੋਇ।
ਭੀਖਨ ਕਾਂ ਹਯਾਤ ਖਾਂ ਆਦਿ।
ਤੀਨਹੁਂ ਮਿਲਿਕੈ ਕਰਿ ਇਕ ਵਾਦਿ[4] ॥੧੯॥
ਅਪਰ ਪਚਾਸਕ ਲੇ ਕਰਿ ਖਾਨ।
ਭਾਖਨ ਕੀ ਗਿਨਤੀ[5] ਮਨਿ ਠਾਨਿ।

---

[1]ਭਾਵ ਪਠਾਣਾਂ ਦੀ ਅਬਰੋ।
[2]ਜਿਤਨਾ (ਚਿਰ ਸਾਡੀ ਖੁਸ਼ੀ ਸੀ ਗੁਰਾਂ ਪਾਸ ਰਹੇ ਹਾਂ।)
[3]ਭੱਜਿਆਂ ਨਿੰਦਾ ਹੈ।
[4]ਇਕੋ ਗਲ (ਪਕਾ ਕੇ)।
[5](ਛੁੱਟੀ ਵਾਸਤੇ) ਕਹਿਣ ਦੀ ਸੋਚ।

ਜਹਿਂ ਬੈਠੇ ਸਭਿ ਜਗ ਸਿਰਮੌਰ।
ਊਪਰ ਝੁਲਤਿ ਚਾਰੁ ਸਿਤ ਚੌਰ ॥੨੦॥
ਦ੍ਵਾਰਪਾਲ ਕੇ ਹਾਥ ਬੁਝਾਇ[1]।
ਪਹੁੰਚੇ ਜਾਇ ਪ੍ਰਭੁ ਜਿਸ ਥਾਇਂ।
ਐਂਠਦਾਰ ਪਗੀਆਂ ਜਿਨ ਕੇਰ।
ਲਟਕਤਿ ਇਕ ਸਿਕੰਧ ਸ਼ਮਸ਼ੇਰ[2] ॥੨੧॥
ਬੈਠਿ ਗਏ ਸਭ ਕਰਿ ਕਰਿ ਨਮੋਂ।
ਭੀਖਨ ਖਾਂ ਬੋਲੵੋ ਤਿਸ ਸਮੋਂ।
'ਪ੍ਰਭੁ ਜੀ! ਘਰ ਤੇ ਅਬਿ ਸੁਧਿ ਆਈ।
ਕਰਿ ਕੈ ਬਹੁਤ ਤਗੀਦ ਪਠਾਈ ॥੨੨॥
-ਅਨਿਕ ਖਾਂਨ ਕੇ ਖਾਨਹਿ ਮਾਂਹਿਂ[3]।
ਲਰਕੀ ਲਰਕਨਿ ਕੇਰ ਨਿਕਾਹ।
ਆਵਹੁ ਜਲਦ ਨ ਬਿਲਮਹੁਂ ਕੈਸੇ-।
ਆਨਿ ਪਰੵੋ ਕਾਰਜ ਅਬਿ ਐਸੇ ॥੨੩॥
ਰੁਖਸਦ ਕੀ ਆਇਸੁ ਕਹੁ ਦੀਜੈ।
ਗਏ ਬਿਨਾਂ ਸਰਿ ਹੈ ਨ, ਲਖੀਜੈ।
ਕਿਤਿਕ ਪਠਾਨਨ ਕੇ ਘਰ ਬਜਾਹ।
ਬਾਕੀ ਰਹਤਿ ਪਿਛਾਰੀ ਨਾਂਹਿ ॥੨੪॥
ਚਾਹਤਿ ਹੈਂ ਹਿਸਾਬ ਕਰਿਵਾਯੋ।
ਨਿਜ ਕੁਟੰਬ ਕਾਰਜ ਬਨਿ ਆਯੋ।
ਆਵਹਿਂ ਬਹੁਰ ਲਿਖਾਵਹਿਂ ਚਿਹਰੇ[4]।
ਭਏ ਤਯਾਰ ਅਬਿ ਆਯੁਧ ਪਹਿਰੇ' ॥੨੫॥
ਸ਼੍ਰੀ ਪ੍ਰਭੁ ਗਤਿ ਅੰਤਰ ਕੀ ਜਾਨੀ।
ਧੀਰਜ ਦੈਬੇ ਹੇਤੁ ਬਖਾਨੀ।
'ਭੋ ਪਠਾਨ ਤੁਮ ਸੁਨੇ ਬਹਾਦੁਰ।
ਕੇ ਦਰਿ ਦਰਬ ਰਖੇ ਢਿਗ ਸਾਦਰ ॥੨੬॥
-ਸ਼ੱਤ੍ਰਨਿ ਸੰਗ ਜੰਗ ਕੇ ਪਰੇ।
ਆਵਹਿਂ ਕਾਮ -ਇਹੀ ਮਨ ਧਰੇ।

---
[1]ਪੁੱਛ ਕੇ।
[2]ਇਕ ਮੋਢੇ ਤੇ ਤਲਵਾਰ।
[3]ਘਰਾਂ ਵਿਚ।
[4]ਹੁਲੀਏ।

ਕੌਨ ਸਮਾ ਅਬਿ ਰੁਖ਼ਸਦ ਲੈਨ।
ਸ੍ਵਾਮੀ ਕਾਜ ਪਰਜੋ ਰਨ ਐਨ ॥੨੭॥
ਅਬਿ ਹੁਇ ਕਾਤੁਰ ਕਰੋ ਫਰੇਬ।
ਰਿਪੁ ਤੇ ਡਰਹੁ ਨ ਪਾਵਹੁ ਜ਼ੇਬ[1]।
ਲਰਨ ਹੇਤੁ ਦਲ ਗਨ ਚਢਿ ਆਏ।
ਗਹਹੁ ਸ਼ਸਤ੍ਰ ਹੂਜੈ ਸਮੁਹਾਏ ॥੨੮॥
ਹਤਿ ਹੱਥਜਾਰਨਿ ਪਾਵਹੁ ਬਿਜੈ।
ਬਹੁਰ ਨਿਕੇਤ ਗਮਨ ਕੋ ਕਿਜੈ।
ਜੰਗ ਖੇਤ ਕੋ ਅਬਹਿ ਨਿਕਾਹੂ[2]।
ਪ੍ਰਥਮ ਕਰਹੁ ਧਰਿ ਕੈ ਉਤਸਾਹੂ ॥੨੯॥
ਬਹੁਰ ਨਿਕਾਹੁ ਸਦਨ ਕੌ ਕਰੀਅਹਿ।
ਅਪਨਿ ਬੰਸ ਕੀ ਲੱਜਾ ਧਰੀਅਹਿ।
ਪੁਨ ਰੁਖ਼ਸਦ ਕੌ ਕਰਹਿਂ ਬਨਾਇ।
ਬ੍ਰਿੰਦ ਦਰਬ ਕੋ ਤੁਮਹਿ ਦਿਵਾਇੰ ॥੩੦॥
ਜੇ ਨ੍ਰਿਪ ਰਿਪੁ ਦਲ ਅਧਿਕ ਬਿਚਾਰੇ।
ਭਾਜੇ ਚਹਹੁ ਮਹਾਂ ਭਯ ਧਾਰੇ।
ਤੌ ਨਿਸਚੈ ਕੀਜਹਿ ਬਿੱਸ੍ਵਾਸ।
ਲੇਂ ਹਮ ਫਤੇ ਰਿਪੁਨ ਕੌ ਨਾਸ਼ ॥੩੧॥
ਸੁਭਟ ਲੱਛ ਅਪਰਨਿ ਕੇ ਆਇੰ[3]।
ਗੁਰ ਘਰ ਕੇ ਹਜ਼ਾਰ ਸਮੁਹਾਇ[4]।
ਤਊ ਨ ਬਿਜੈ ਪਾਇ ਕਰਿ ਜਾਵੈ।
ਚਢੀ ਆਇ ਉਤਰਾਇ ਸੁ ਜਾਵੈ[5]' ॥੩੨॥
ਸੁਨਿ ਪਠਾਨ, ਜਿਯ ਰਹਨਿ ਨ ਭਾਵੈ[6]।
ਖਾਨ ਹਯਾਤ ਨਿਜਾਬਤ ਗਾਵੈ[7]।
'ਆਪ ਗੁਰੂ ਜੀ ਨੀਕੀ ਕਹੋ।
ਤਊ ਸਬੰਧ ਜਗਤ ਕੇ ਲਹੋ ॥੩੩॥

---

[1]ਸ਼ੋਭਾ [ਫਾ:, ਜ਼ੇਬ = ਸਜਾਵਟ]।
[2]ਮੈਦਾਨ ਜੰਗ ਦਾ ਵਿਆਹ ਤਾਂ ਹੁਣ ਹੈ।
[3]ਲਖ ਸੂਰਮੇ ਹੋਰਨਾਂ ਦੇ (ਜੇ) ਆਵਣ।
[4]ਹਜ਼ਾਰ ਹੀ ਸਾਹਮਣੇ ਹੋਣ.....।
[5]ਜੋ (ਫੌਜ) ਚੜਕੇ ਆਵੇਗੀ ਸੋ ਉੱਤਰ ਕੇ (ਹਾਰ ਕੇ) ਜਾਵੇਗੀ।
[6]ਪਠਾਣਾਂ ਗਲ ਸੁਣੀ (ਪਰ) ਜੀ ਵਿਚ ਰਹਿਣਾ ਨਹੀਂ ਭਾਉਂਦਾ (ਤਦ)।
[7]ਬੋਲੇ।

ਸ਼ਾਦੀ ਗ਼ਮੀ ਪਰੈ ਜਬਿ ਆਈ।
ਜੇ ਕਰਿ ਮਿਲਹਿਂ ਨਹੀਂ ਤਬਿ ਜਾਈ।
ਸਗਿਯਨਿ ਮਹਿਂ ਮੁਖ ਕਾਰਖ ਲਾਗੇ।
ਜਿਸ ਤੇ ਬਨਹਿ ਨਹੀਂ[1] ਕਿਮ ਭਾਗੇ ॥੩੪॥
ਲਰਕੀ ਲਰਕਨਿ ਕੋ ਜਿਨ ਮਾਂਹੀ।
ਕਰਨਿ ਸੰਬੰਧ ਸਦਾ ਚਿਤ ਚਾਹੀ।
ਇਕ ਦੁਇ ਨਹੀਂ ਨਿਕਾਹੁ ਹਮਾਰੇ।
ਬ੍ਰਿੰਦ ਕਰਨਿ ਕੌ ਸਭਿ ਮਨ ਧਾਰੇ ॥੩੫॥
ਆਜ ਚਲਹਿਂ ਤੌ ਪਹੁੰਚਹਿਂ ਜਾਇ।
ਨਾਂਹਿਤ ਸ਼ਾਦੀ ਤੇ ਰਹਿ ਜਾਇਂ।
ਸਗਰੀ ਬਯ ਮੈਂ ਰਹੈ ਕਲੰਕ।
ਤਹਿਂ ਕਿਮ ਤਜਾਗਹਿਂ ਬਨਹਿਂ ਨਿਸ਼ੰਗ ॥੩੬॥
ਧਨੀ ਗ੍ਰਾਮ ਮਾਲਿਕ ਜੇ ਖਾਨ।
ਤਿਨ ਕੇ ਸੰਗ ਸਬੰਧ ਮਹਾਨ।
ਐਸੇ ਸਮੈ ਜਿ ਮਿਲਿ ਹੈਂ ਨਾਂਹੀ।
ਪੁਨ ਕਿਮ ਪ੍ਰਵਿਸ਼ਨ ਦੇਂ ਨਿਜ ਮਾਂਹੀ ॥੩੭॥
ਯਾਂ ਤੇ ਕਠਨ ਪਰੀ ਅਬਿ ਆਇ।
ਜਿਸ ਤੇ ਇਕ ਨਿਸ ਬਸਯੋ ਨ ਜਾਇ।
ਕ੍ਰਿਪਾ ਕਰਹੁ ਰੁਖ਼ਸ਼ਦ ਹੀ ਦੀਜੈ।
ਕਯੋ ਹੂੰ ਰਹਿਬੋ ਨਹੀਂ ਲਿਖੀਜੈ' ॥੩੮॥
ਸੁਨਿ ਕਰਿ ਸ਼੍ਰੀ ਸਤਿਗੁਰੂ ਹਠੀਲਾ।
ਜਾਨਯੋ -ਕਰਹਿਂ ਪਲਾਵਨਿ ਹੀਲਾ[2]।
ਬਹੁ ਰਾਜਨ ਕੋ ਦਲ ਮਨ ਜਾਨਾ।
ਲਰਿਬੇ ਕੌ ਧੀਰਜ ਮਨ ਹਾਨਾ- ॥੩੯॥
ਬਿਰਧਾਵਨਿ ਉਤਸਾਹ ਦਲੇਰੀ।
ਬੋਲੇ ਕ੍ਰਿਪਾਦ੍ਰਿਸ਼ਟਿ ਕੌ ਹੇਰੀ।
'ਸੁਨੋ ਖਾਨ! ਚਿੰਤਾ ਜਿਨ ਕੀਜੈ[3]।
ਸੁਧਰਹਿ ਕਾਜ ਸਰਬ ਲਖਿ ਲੀਜੈ ॥੪੦॥
ਪੂਰਬ ਸੱਤ੍ਰਨਿ ਤੇ ਲਿਹੁ ਬਿਜੈ।

---

[1]ਭਾਵ ਮੁਨਾਸਬ ਨਹੀਂ।
[2]ਨੱਠਣ ਦਾ ਬਹਾਨਾ ਕਰਦੇ ਹਨ।
[3]ਚਿੰਤਾ ਨਾ ਕਰੋ। (ਅ) ਚਿੰਤਾ ਜਿਨ੍ਹਾਂ ਕੰਮਾਂ ਦੀ ਕਰਦੇ ਹੋ।

ਪੁਨ ਧਨ ਗਨ ਲੇ ਕਾਰਜ ਕਿਜੈ।
ਤਜਾਗਹੁ ਸ਼ਸਤ੍ਰ ਧਰਮ ਕੌ ਨਾਂਹਿਨ।
ਸਨਮੁਖ ਬਨਹੁ ਕਰਹੁ ਦਲ ਗਾਹਨਿ[1] ॥੪੧॥
ਹੁਇ ਸ੍ਵਾਮੀ ਕੇ ਨਿਮਕ ਹਲਾਲ।
ਜੁਗ ਲੋਕਨ ਮਹਿਂ ਅਨੰਦ ਬਿਸਾਲ।
ਜੀਵਤਿ ਰਹੈਂ ਮਹਾਂ ਜਸੁ ਪਾਵੈਂ।
ਭੋਗਹਿਂ ਦਰਬ ਜਥਾ ਮਨ ਭਾਵੈ ॥੪੨॥
ਮਰਿ ਕਰਿ ਸੁਰਗ ਬਿਖੈ ਸੁਖ ਲਹੈਂ।
ਜੋ ਰਾਜਨ ਕੌ ਦੁਰਲਭ ਅਹੈ।
ਤਜਿ ਕਾਤੁਰਤਾ ਜੋਧਾ ਬਨਹੁ।
ਬੰਸ ਲਾਜ ਰਖਿ ਰਿਪੁ ਗਨ ਹਨਹੁ ॥੪੩॥
ਜੋ ਰਨ ਤੇ ਬਾਜਹਿ ਬੇਮੁਖ ਹ੍ਵੈ।
ਜਸੁ ਨਹਿਂ ਲੋਕ, ਪ੍ਰਲੋਕ ਨ ਸੁਖ ਹ੍ਵੈ।
ਕਾਤੁਰ ਮਾਸ ਗੀਧ ਨਹਿਂ ਖਾਵਹਿਂ।
ਕਾਤੁਰ ਮਰਿ ਕਰਿ ਨਰਕ ਸਿਧਾਵਹਿਂ ॥੪੪॥
ਕਾਤੁਰ ਕੋ ਜਗ ਕਰਹਿ ਧਿਕਾਰਾ।
ਗੀਧੀ ਗਾਦਰ ਸਰਸ ਉਚਾਰਾ[2][*]।
ਅਪਰ ਸੁਨੋ ਜੇ ਲਾਲਚ ਚਾਹਾ।
ਹਮ ਕਰਿ ਦੇਹਿਂ ਅਧਿਕ ਦਰਮਾਹਾ ॥੪੫॥
ਜਿਨ ਕੋ ਇਕ ਇਕ ਦ੍ਵੈ ਦ੍ਵੈ ਲੈਹੋ।
ਪਾਂਚ ਲੇਇ ਜੋ ਦਸ ਦਸ ਪੈਹੋ।
ਅਪਰ ਜਿ ਲਾਲਚ ਧਰਹੁ ਬਿਸਾਲਾ।
ਤ੍ਰਿਗੁਨਾ ਧਨ ਲੀਜੈ ਇਸ ਕਾਲਾ ॥੪੬॥
ਇਸ ਪਰ ਭੀ ਠਹਿਰਹੁ ਜੇ ਨਾਂਹੀ।
ਚਾਰ ਚਾਰ ਲੀਜੈ ਨਿਜ ਪਾਹੀ।
ਇਸ ਤੇ ਭੀ ਜਿ ਲੋਭ ਬਡ ਕੀਜੈ।
ਪੰਚ ਪੰਚ ਦਿਨ ਪ੍ਰਤਿ ਕੇ ਲੀਜੈ ॥੪੭॥

---

[1]ਫੌਜਾਂ ਨੂੰ ਦਲ ਸਿਟੋ।
[2]ਕਾਇਰ ਨੂੰ ਗਿਦੜ ਵਰਗਾ ਕਹਿੰਦੇ ਹਨ।
[*]ਨਮਕ ਹਲਾਲ ਨਾਥੁ ਕਾ ਕਰੀਐ। ਮਰਨ ਜੀਵਨੁ ਅਸਿਪੁਜ ਪਰ ਧਰੀਐ। ਸ੍ਵਾਮੀ ਕਹਿ ਜੋ ਰਨ ਮਧ ਤਜਾਗੈ। ਈਹਾਂ ਨਿੰਦ ਨਰਕ ਤਿਹ ਆਗੈ ॥ ਤਾਂਕੋ ਮਾਸ ਗੀਧ ਨਹਿਂ ਲੇਹੀਂ। ਨਮਕ ਹਰਾਮ ਦਾਨ ਤਜਿ ਦੇਹੀਂ। ਆਗੈ ਸੁਰਗ ਨ ਈਹਾਂ ਜੱਸੁ। ਸਾਤ ਮੁਠੀ ਤਾਂਕੇ ਸਿਰ ਭੱਸੁ।
[ਗੁਰਬਿਲਾਸ ਪਾ: ੧੦ ਧਿਆ ੬ ਛੰਦ ੧੯੭-੧੯੮।

ਜਿਨ ਕੇ ਪੰਚ ਪੰਚੀਸਹੁੰ ਪਾਇ।
ਬਨਹੁ ਬੀਰ ਉਰ ਧੀਰ ਟਿਕਾਇ।
ਜੁਗ ਲੋਕਨਿ ਕੋ ਆਨੰਦ ਘਨੋ।
ਨਹਿਂ ਤਜਾਗਹੁ ਨਹਿਂ ਕਾਤੁਰ ਬਨੋ' ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁੱਤੇ 'ਖਾਨਨ' ਪ੍ਰਸੰਗ ਬਰਨਨੰ ਨਾਮ ਬਿੰਸਤੀ ਅੰਸੂ ॥੨੦॥

੨੧. [ਪਠਾਣ ਫਤੇਸ਼ਾਹ ਨੂੰ ਜਾ ਮਿਲੇ]

੨੦<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੨

ਦੋਹਰਾ: ਇਮ ਦੇਨੋ ਬਹੁ ਦਰਬ ਕੋ,
ਸਤਿਗੁਰ ਕੀਨਿ ਬਖਾਨ।
ਸਮਝਾਏ ਬਹੁ ਭਾਂਤਿ ਕਰਿ,
ਅਪਜਸੁ ਸੁਜਸੁ ਮਹਾਨ ॥੧॥
ਚੌਪਈ: ਤਉ ਨ ਧੀਰ ਮੂਢਨਿ ਕੌ ਆਈ।
ਲਖਹਿਂ ਜੰਗ ਕੋ -ਮ੍ਰਿਤੁ ਨਿਯਰਾਈ-।
ਤੀਨਹੁਂ ਮੁਖਿ ਮੁਖ ਧਰੀ ਰੁਖਾਈ[1]।
ਸਭਾ ਬਿਖੈ ਬੋਲੇ ਕਦਰਾਈ[2] ॥੨॥
'ਨਿਜ ਸਗਿਯਨਿ ਤੇ ਜੋ ਟੂਟਿ ਗਯੋ।
ਬਹੁ ਧਨ ਪਾਇ ਕਹਾਂ ਕਰਿ ਲਯੋ।
ਦਰਬ ਬਟੋਰਨਿ ਜਿਨ ਹਿਤ ਕਰਨੋ।
ਤਿਨ ਸੋਂ ਭਯੋ ਪ੍ਰੇਮ ਸਭਿ ਹਰਨੋ ॥੩॥
ਬਨੇ ਰਹਹਿਂ ਜੇ ਸਗਿਯਨ[3] ਸੰਗ।
ਬਿਨਾਂ ਦਰਬ ਹੀ ਸਭਿ ਸੁਖ ਰੰਗ।
ਕਯੋਂ ਹੂੰ ਰਹਯੋ ਜਾਇ ਅਬਿ ਨਾਂਹੀ।
ਦਿਹੁ ਰੁਖਸਦ ਨਿਜ ਘਰ ਕੋ ਜਾਹੀਂ' ॥੪॥
ਸੁਨਿ ਮਾਤੁਲ ਕ੍ਰਿਪਾਲ ਰਿਸ ਭਰਯੋ।
ਝਿਰਕਤਿ ਖਾਨਨਿ ਬਾਕ ਉਚਰਯੋ।
ਕਯੋਂ ਮੂਢਹੁ ਤੁਮ ਕਰਹੁ ਬਹਾਨਾ।
ਰਿਪੁ ਗਨ ਜਾਨੇ ਮਨ ਡਰ ਮਾਨਾ ॥੫॥
ਗੁਰ ਕੋ ਲਵਣ ਖਾਇ ਬਨਿ ਖੋਟੇ।
ਮੁਚਹੁ ਹਰਾਮ ਹੋਇ ਮਤਿ ਮੋਟੇ[4]!
ਪ੍ਰਭੁ ਜੀ! ਨਹਿਂ ਇਨ ਪਾਛਾ ਕਰੀਅਹਿ।
-ਗਮਹੁਂ ਮਲੇਛਹੁ ਦੂਰ- ਉਚਰੀਅਹਿ ॥੬॥
ਘਰ ਤੇ ਨਿਕਸੇ ਆਯੁਧ ਧਾਰੇ।
ਰਣ ਕੋ ਦੇਖਿ ਡਰੇ -ਹਮ ਮਾਰੇ-।
ਕਰਯੋ ਪਠਾਨ ਬੰਸ ਨਿਰਲਾਜਾ।

---

[1]ਤਿੰਨਾਂ ਮੁਖੀਆਂ ਨੇ ਮੂੰਹ ਦਾ ਰੁੱਖਾ ਪਨ ਧਾਰਿਆ।
[2]ਕਾਇਰਪਨੇ ਨਾਲ।
[3]ਸੰਬੰਧੀਆਂ।
[4]ਛਡਦੇ ਹੋ ਲੂਣ ਹਰਾਮੀ ਹੋਕੇ ਹੇ ਮੋਟੀ ਮਤ ਵਾਲ਼ਯੋ (ਮੂਰਖੋ)।

ਕੋ ਨਹਿਂ ਚਹੈ ਕਰ੍ਯੋ ਅਸ ਕਾਜਾ ॥੭॥
ਸਮੈ ਜੰਗ ਕੇ ਕਹੈਂ -ਬਿਦਾਈ[1]-।
ਸ੍ਵਾਮੀ ਕਾਜ ਪਰ੍ਯੋ ਅਬਿ ਆਈ।
ਕੋ ਕਰਿ ਸਕੈ ਧੀਰ ਇਮ ਹਰਨੀ।
ਬੇਖ ਸ਼ੇਰ ਕੋ ਗੀਦਰ ਕਰਨੀ[2]' ॥੮॥
ਸੁਨਿ ਲੱਜਤਿ ਹੁਇ ਭੀਖਨ ਖਾਨ।
ਬੋਲ੍ਯੋ ਸਨੇ ਸਨੇ ਦੁਖ ਮਾਨਿ।
'ਜਿਮ ਚਿਤ ਆਇ ਤਥਾ ਤੁਮ ਕਹੋ।
ਕਹਾ ਹਮਰੇ ਕਾਰਜ ਉਰ ਲਹੋ[3] ॥੯॥
ਮਨ ਕੀ ਖੁਸ਼ੀ ਨੌਕਰੀ ਕਰੈਂ।
ਨਹੀਂ ਕਰੈਂ, ਘਰ ਅਪਨੇ ਥਿਰੈਂ।
ਗੁਰ ਕੋ ਕੁਛ ਲੇ ਜਾਹਿਂ ਤ ਡਰ ਹੈ।
ਨਹਿਂ ਲੇ ਜਾਹਿਂ ਦਰਸ ਪੁਨ ਕਰਿ ਹੈਂ ॥੧੦॥
ਸ਼ਾਦੀ ਕਿਧੌਂ ਗਮੀ ਕੇ ਹਾਲ।
ਬੈਠਨਿ ਮਿਲਿ ਬਿਰਾਦਰੀ ਨਾਲ।
ਜੌਂ ਨ ਬਨਹਿ ਤੌਂ ਹੋਵਹਿਂ ਹੀਨ।
ਐਸੀ ਬਾਤ ਜਾਤਿ ਕੀ ਚੀਨ' ॥੧੧॥
ਸੁਨਿ ਕਲਗੀਧਰ ਬਾਕ ਬਖਾਨੇ।
'ਨਿਕਸਹੁ ਗੀਦੀ ਮੂਢ ਮਹਾਨੇ!
ਅਸਿਧੁਜ[4] ਕਰਹਿ ਹੋਇ ਹੈ ਸੋਈ।
ਤੁਰਕਨਿ ਕੋ ਬਿਸ੍ਵਾਸ ਨ ਕੋਈ' ॥੧੨॥
ਭੀਖਨ ਖਾਨ ਨਿਜਾਬਤਖਾਨ।
ਉਠ੍ਯੋ ਹਯਾਤਖਾਨ ਮਤਿ ਹਾਨ।
ਨਮੋ ਠਾਨਿ ਕਰਿ ਨੀਚੀ ਗ੍ਰੀਵ।
ਲੱਜਤਿ ਭਏ ਨ ਆਂਖ ਉਠੀਵ ॥੧੩॥
ਤਜਿ ਦਰਬਾਰ ਦ੍ਵਾਰ ਕੋ ਆਏ।
ਨਿਜ ਡੇਰੇ ਪਹੁੰਚੇ ਉਤਲਾਏ।
ਬੈਠੇ ਪੁਨ ਮਸਲਤ ਮਨ ਠਾਨਤਿ।

---

[1](ਸਾਨੂੰ) ਵਿਦਾ ਕਰੋ।
[2]ਸ਼ੇਰ ਦਾ ਭੇਖ ਤੇ ਕਰਨੀ ਗਿੱਦੜ ਦੀ।
[3]ਸਾਡੇ ਕੰਮ ਤੁਸੀਂ ਕੀ ਜਾਣਦੇ ਹੋ?
[4]ਅਕਾਲ ਪੁਰਖ।

'ਧਨ ਗਨ ਦੇਨਿ ਗੁਰੂ ਅਬਿ ਮਾਨਤਿ' ॥੧੪॥
ਕਹੈ ਹਯਾਤਖਾਨ 'ਢਿਗ ਰਹੋ।
ਦਰਬ ਬਿਸਾਲ ਨੌਕਰੀ ਲਹੋ।
ਏਕ ਬਰਖ ਲੌ ਰਹਿ ਕਰਿ ਪਾਸ।
ਧਨ ਗਨ ਪੁਨ ਲੈ ਚਲਹਿਂ ਅਵਾਸਿ' ॥੧੫॥
ਸੁਨਿ ਕਰਿ ਬੋਲਜੋ ਭੀਖਨਖਾਨ।
'ਗੁਰ ਅਬਿ ਦੇਤਿ ਰਿਪੁਨ ਡਰ ਮਾਨਿ।
ਕਰਹਿਂ ਚਾਕਰੀ ਰਹਿਂ ਚਿਰਕਾਲ।
ਤੌ ਪ੍ਰਾਪਤਿ ਧਨ ਲੇਇਂ ਬਿਸਾਲ ॥੧੬॥
ਲਰਨੋ ਮਰਨੋ ਸਿਰ ਪਰ ਅਹੈ।
ਜਿਯਤਿ ਰਹੈ ਪਾਛੇ ਸੋ ਲਹੈ।
ਜੇ ਤੁਮਰੇ ਮਨ ਹੈ ਅਬਿ ਐਸੇ।
ਘਰ ਪਹੁੰਚਹਿਂ ਲੇ ਧਨ ਗਨ ਤੈਸੇ ॥੧੭॥
ਕੋਸ਼ ਗੁਰੂ ਕੋ ਭਰਜੋ ਘਨੇਰਾ।
ਭੇਤ ਭਲੇ ਹਮਨੈ ਸਭਿ ਹੇਰਾ।
ਬਨਹੁ ਬੀਰ ਧਰਿ ਧੀਰਜ ਭਲੇ।
ਸੈਲਪਤੀਨ ਸੰਗ ਲਿਹੁ ਮਿਲੇ* ॥੧੮॥
ਲੂਟ ਮਾਫ ਤਿਨ ਤੇ ਲਿਖਵਾਵਹੁ।
ਮਿਲਿ ਰਾਜਨ ਸੋਂ ਜੰਗ ਮਚਾਵਹੁ[1]।
ਲਰਹਿਂ ਪਹਾਰੀ ਹੋਇਂ ਅਗਾਰੀ।
ਤਾਕਤਿ ਰਹੀਅਹਿ[2] ਆਪ ਪਿਛਾਰੀ ॥੧੯॥
ਗੁਰ ਕੀ ਸੈਨ ਪਲਾਵਹਿ ਜਬਿ ਹੀ।
ਸੂਧੇ ਪਰਹੁ ਕੋਸ਼ ਪਰ[3] ਤਬਿ ਹੀ।
ਏਕ ਬਾਰਿ ਨਿਜ ਹੇਲਾ ਘਾਲਹੁ।
ਧਨ ਜਹਿਂ ਧਰਜੋ ਆਨਿ ਕਰ ਡਾਲਹੁ[4] ॥੨੦॥
ਜੇਤਿਕ ਘੋਰਾ ਸਕਹਿਂ ਉਠਾਇ।
ਤੇਤਿਕ ਲੀਜੈ ਮੋਦ ਵਧਾਇ।

---

*ਇਹ ਠੀਕ ਨਹੀਂ। ਤਵਾ: ਖਾ: ਵਾਲਾ ਲੇਖ ਕਿ ਪਠਾਣਾਂ ਨੂੰ ਰਾਜਿਆਂ ਨੇ ਵਰਗਲਾ ਲਿਆ ਸੀ, ਸਹੀ ਜਾਪਦਾ ਹੈ।

[1]ਰਾਜਿਆਂ ਨਾਲ ਮਿਲਕੇ (ਗੁਰਾਂ ਨਾਲ) ਜੰਗ ਮਚਾਵੋ।

[2]ਤੱਕਦੇ ਰਹੀਏ।

[3](ਗੁਰੂ ਕੇ) ਖਜ਼ਾਨੇ ਪਰ।

[4]ਜਿੱਥੇ ਧਨ ਧਰਿਆ ਹੈ ਆ ਹੱਥ ਪਾਓ ਭਾਵ ਕਾਬੂ ਕਰ ਲਓ।

ਲਾਦ ਘਰਨ ਕੌਂ ਇਤ ਤੇ ਚਲੋ।
ਪਨ ਗਿਰਪਤਿਨਿ ਸੰਗ ਕਰੋਂ ਮਿਲੋ ॥੨੧॥
ਜਿਸ ਕੇ ਹੇਤੁ ਨੌਕਰੀ ਚਾਹੋ।
ਸੋ ਇਕ ਦਿਨ ਮਹਿਂ ਇਸ ਬਿਧਿ ਪਾਹੋ।
ਨਹਿਂ ਪਹਾਰੀਅਨਿ ਕੋ ਇਹ ਭੇਤ।
ਲੇ ਧਨ ਗਨ ਕੌਂ ਚਲਹੁ ਨਿਕੇਤ ॥੨੨॥
ਇਮ ਕਾਰਜ ਤੁਮਰੇ ਸਮੁਦਾਇ।
ਪੂਰਵਨ ਹੋਵਹਿਂ ਮਦਤ ਖ਼ੁਦਾਇ।'
ਸੁਨਿ ਸਭਿ ਖਾਨਨ ਭਾ ਅਤਿ ਲੋਭ।
ਦਰਬ ਲੇਨਿ ਕੋ ਮਨ ਮਹਿਂ ਖੋਭ ॥੨੩॥
ਭੀਖਨ ਖਾਂ ਕੀ ਬੁੱਧਿ ਸਰਾਹੀ।
ਕਹੈਂ 'ਪਠਹੁ ਨਰ ਰਾਜਨ ਪਾਹੀ।'
ਪੰਚ ਸਊਰ ਚਢਾਵਨਿ ਕਰੇ।
ਗਏ ਧਵਾਇ ਉਤਾਇਲ ਧਰੇ ॥੨੪॥
ਕਹਿ ਕਰਿ ਫਤੇਸ਼ਾਹਿ ਸੋਂ ਮਿਲੇ।
ਸਭਿ ਖਾਨਨ ਦਿਸ਼ਿ ਤੇ ਉਰ ਭਲੇ[1]।
'ਗੁਰ ਢਿਗ ਕਹਾਂ ਫੌਜ ਹੈ ਔਰ।
ਹੁਤੇ ਪਠਾਨ ਸੁ ਆਵਹਿਂ ਦੌਰ ॥੨੫॥
ਭੇਤੀ ਸਕਲ ਬਾਤ ਕੇ ਅਹੈਂ।
ਲੂਟ ਮਾਫ ਲਿਖਵਾਵਨਿ ਚਹੈਂ।
ਅਪਰ ਨ ਚਾਹਤਿ ਮੁਫਤੀ ਰਹੈਂ।
ਨਿਜ ਬਲ ਤੇ ਗੁਰ ਕੋ ਧਨ ਲਹੈਂ' ॥੨੬॥
ਫਤੇਸ਼ਾਹ ਸੁਨਿ ਕੈ ਮਨ ਫੂਲਾ।
-ਗੁਰ ਦਲ ਭਯੋ ਮੋਹਿ ਅਨੁਕੂਲਾ।
ਸੁਗਮ ਫਤੇ ਮੁਹਿ ਪ੍ਰਾਪਤਿ ਭਈ।
ਚਹਿਂ ਗਿਰਿੰਦ ਸਭਿ, ਕਿਨਹੁਂ ਨ ਲਈ[2] ॥੨੭॥
ਸਭਿ ਮਹਿਂ ਸੁਜਸੁ ਫੈਲ ਹੈ ਮੇਰਾ।
ਲਹੈ ਪਰਾਜੈ ਗੁਰ ਇਸ ਬੇਰਾ-।
ਤਤਛਿਨ ਕਾਗਦ ਪਰ ਲਿਖਿ ਦੀਨਿ।

---

[1]ਭਲੇ ਦਿਲ ਵਾਲੇ ਮੁਰਾਦ ਹੈ ਖੋਟੇ ਦਿਲ ਵਾਲੇ ਇਹ ਵਕ੍ਰੋਕਤੀ ਹੈ ਜੋ ਕਥਨ ਤੋਂ ਉਲਟ ਭਾਵ ਨੂੰ ਸੂਚਨ ਕਰਦੀ ਹੈ।

[2]ਜਿਸ ਫਤੇ ਨੂੰ ਸਾਰੇ ਰਾਜੇ ਚਾਹੁੰਦੇ ਰਹੇ ਪਰ ਕਿਸੇ ਨੇ ਨਾ ਲਈ।

'ਲੂਟ ਮਾਫ ਸਭਿ ਤੁਮਰੀ ਕੀਨਿ ॥੨੮॥
ਬਿਜੈ ਭਈ ਤੌ ਦੇਹਿਂ ਇਨਾਮੂ।
ਭੂਖਨ ਪਟ ਲਿਹੁ ਗਮਨਹੁ ਧਾਮੂ।'
ਇਮ ਲਿਖਵਾਇ ਧਏ* ਅਸਵਾਰਾ[1]।
ਮਿਲੇ ਆਨਿ ਜਹਿਂ ਖਾਨ ਉਦਾਰਾ ॥੨੯॥
ਸਭਿ ਸੁਨਾਇ ਕਰਿ ਬਾਤ ਅਦੋਸਾ।
ਆਛੀ ਬਿਧਿ ਤੇ ਦੀਨਿ ਭਰੋਸਾ।
ਭਏ ਤਯਾਰ ਤਬਿ ਜ਼ੀਨ ਤੁਰੰਗ।
ਸਜੇ ਸਕਲ ਸ਼ਸਤ੍ਰਨਿ ਕੇ ਸੰਗ ॥੩੦॥
ਕਾਲੇ ਖਾਂ ਪੁਨ ਦੇਖਤਿ ਬੋਲਯੋ।
'ਕਯੋਂ ਮੂਢਹੁ ਤੁਮਰੋ ਚਿਤ ਡੋਲਯੋ।
ਨਿਮਕ ਹਰਾਮੀ ਬਨਿ ਕੈ ਮਰਨਾ।
ਖੋਟ ਨਸੀਬ ਕਰਾਯੋ ਕਰਨਾ[2] ॥੩੧॥
ਗਮਨ ਘਰਨ ਕੌ ਪ੍ਰਥਮ ਉਮੰਗੇ।
ਅਬਿ ਤੁਮ ਚਹਯੋ ਲਰਨ ਗੁਰ ਸੰਗੇ।
ਕਰਾਮਾਤ ਸਾਹਿਬ ਬਲਵੰਤਾ।
ਬਨਹਿ ਸਰਬ ਸ਼ੱਤ੍ਰਨਿ ਕੋ ਹੰਤਾ ॥੩੨॥
ਕਹੇ ਬਚਨ ਜਿਸ, ਬਨਿ ਹੈ ਅਨਬਨ[3]।
ਰਨ ਮਹਿਂ ਰਿਪੁ ਗਨ ਡਾਰੈ ਹਨਿ ਹਨਿ।
ਤੁਮ ਗੀਦੀ ਹ੍ਵੈ ਕਰਿ ਮਤਿ ਮੋਟੇ।
ਦੋਜ਼ਕ ਹੇਤੁ ਸਹੇਰਯੋ ਖੋਟੇ[4] ॥੩੩॥
ਬੰਸ ਪਠਾਨ ਕਲੰਕਤਿ ਕੀਨਾ।
ਅਵਗਤਿ ਮਰਹੁ ਅਜਸੁ ਜਗ ਲੀਨਾ।'
ਸੁਨਿ ਭੀਖਨ ਖਾਂ ਤਰਜਤਿ ਬੋਲਾ।
'ਧਰ ਤੁਸ਼ਨਿ ਤੂੰ ਬੈਠਿ ਅਡੋਲਾ ॥੩੪॥
ਅਪਰਨਿ ਕੀ ਤੁਝ ਕੌ ਕਯਾ ਪਰੀ।
ਭਲੀ ਕਰੈ ਅਥਵਾ ਕੋ ਬੁਰੀ।'
ਉਤ ਸਤਿਗੁਰ ਸ਼੍ਰੀ ਮੁਖ ਤੇ ਭਾਖੇ।

---

*ਪਾ:-ਭਏ।
[1]ਹਟ ਆਏ ਅਸਵਾਰ।
[2]ਖੋਟਿਆਂ ਨਸੀਬਾਂ ਨੇ ਤੁਹਾਥੋਂ ਇਹ ਕਰਨੀ ਕਰਾਈ ਹੈ।
[3]ਜਿਸ ਦੇ ਬਚਨ ਕਹਿਣ ਨਾਲ ਅਣਬਣ ਭੀ ਬਣ ਜਾਂਦੀ ਹੈ।
[4]ਦੋਜ਼ਖ ਲਈ ਖੋਟ ਸਹੇੜਿਆ ਹੈ।

'ਸੰਗੋਸ਼ਾਹ! ਜਾਹੁ ਲਿਹੁ ਰਾਖੇ ॥੩੫॥
ਕਹਹੁ -ਸਿਪਰ ਭਰਿ ਧਨ ਕੀ ਤਬੈ।
ਦੈ ਹੈਂ ਰਣ ਕਰਿ ਆਵਹਿ ਜਬੈ।
ਰਣ ਤੇ ਨਹੀਂ ਤ੍ਰਾਸ ਉਪਜਾਵਹੁ।
ਫਤੇ ਦਰਬ ਦ੍ਵੈ ਲੈ ਘਰ ਜਾਵਹੁ-' ॥੩੬॥
ਕਹਜੋ ਬਾਕ ਗੁਰ ਕੋ ਨਹਿੰ ਮੋਰਜੋ[1]।
-ਨਹਿੰ ਕੋ ਚਾਹਤਿ ਤਿਨਹੁੰ ਨਿਹੋਰਜੋ[2]।
ਰਣ ਤੇ ਤ੍ਰਸਤਿ ਜਾਤਿ ਹੈਂ ਭਾਗੇ।
ਗੀਦੀ ਭਏ, ਨ ਚਹਿੰ ਮੁਖ ਲਾਗੇ[3]- ॥੩੭॥
ਗਯੋ ਬੈਠਿ, ਤਿਨ ਕੌ ਸਮੁਝਾਏ[4]।
'ਭੀਖਨ ਖਾਂ! ਤੁਮ ਕਜੋਂ ਡਰਪਾਏ?
ਸਤਿਗੁਰ ਕਹਜੋ -ਸਿਪਰ ਭਰਿ ਦੈ ਹੈਂ।
ਰਣ ਕਰਿ ਬਹੁਰ ਸਿਵਰ ਜਬਿ ਐਹੈਂ- ॥੩੮॥
ਨਹੀਂ ਮਰਦ ਕੌ ਲਾਯਕ ਐਸੇ।
ਜੰਗ ਪਰੇ ਤੁਮ ਤਜਾਗਜੋ ਜੈਸੇ।
ਅਬਿ ਲੌ ਮਿਹਰ ਕਰਤਿ ਗੁਰ ਪੂਰੇ।
ਕਾਰਜ ਸਭਿ ਸੁਧਰਹਿੰ ਬਿਧਿ ਰੂਰੇ' ॥੩੯॥
ਸੁਨਿ ਭੀਖਨ ਬੋਲਜੋ ਮਤਿ ਮੰਦਾ।
'ਹਮ ਸੋਂ ਭਾਖਤਿ ਡਰਤਿ ਬਿਲੰਦਾ।
ਤ੍ਰਾਸ ਕਰਤਿ ਗੁਰ ਭੀ ਇਸ ਕਾਲਾ।
ਦੇਨਿ ਦਰਬ ਕਹਿ ਪਠਤਿ ਬਿਸਾਲਾ ॥੪੦॥
ਮਰਿਬੋ ਕੌਨ ਚਹੈ? ਬਤਲਾਵਹੁ।
ਬਾਰਬਾਰ ਤੁਮ ਹਮਹਿੰ ਹਟਾਵਹੁ।
ਕੋਟ ਜਤਨ ਤੇ ਹਮ ਨਹਿੰ ਰਹੈਂ।
ਕਜੌ ਗੁਰ ਫੇਰ ਫੇਰ ਕਰਿ ਕਹੈਂ' ॥੪੧॥
ਸੁਨਿ ਕਰਿ ਸੰਗੋਸ਼ਾਹ ਸਿਧਾਰਾ।
'ਮਹਾਰਾਜ! ਸੋ ਚਹਤਿ ਨਿਕਾਰਾ[5]।
ਅਬਿ ਬੋਲਤਿ ਖੋਟੀ ਬਿਧਿ ਐਸੇ।

---

[1]ਸੰਗੋ ਨੇ।
[2](ਭਾਵੇਂ) ਪਠਾਣਾਂ ਨੂੰ ਕੋਈ ਮਨਾਉਣਾ ਨਹੀਂ ਸੀ ਚਾਹੁੰਦਾ (ਕਿਉਂਕਿ....)।
[3](ਸਿਖ) ਪਠਾਣਾਂ ਦੇ ਮੂੰਹ ਲਗਣਾ ਨਹੀਂ ਸੀ ਚਾਹੁੰਦੇ।
[4]ਸਮਝਾਉਂਦਾ ਹੈ।
[5]ਉਹ ਕੱਢ ਦੇਣੇ ਚਾਹੀਦੇ ਹਨ।

ਡੇਰਾ ਲੂਟ ਲੀਜੀਐ ਜੈਸੇ[੧]' ॥੪੨॥
ਸੁਨਤਿ ਛਿਮਾਨਿਧਿ ਛਿਮਾ ਉਪਾਈ।
ਕਹਯੋ 'ਜਾਨ ਦਿਹੁ, ਕਹੂੰ ਨ ਜਾਈ[੨]।
ਇਨ ਕੇ ਸੀਸ ਚਢੀ ਮ੍ਰਿਤੁ ਆਇ।
ਕਿਮਹੁੰ ਨ ਜੀਵਨ ਸਾਕਹਿਂ ਪਾਇ ॥੪੩॥
ਅਬਿ ਕਹਿ ਪਠਹੁ -ਮੂਢ! ਚਲਿ ਜਾਵਹੁ।
ਬਿਲਮਹੁ ਨਹਿ ਦੁੰਦਭਿ ਉਲਟਾਵਹੁ[੩]।
ਜੇ ਕਰਿ ਚੋਬ ਨਗਾਰੇ ਪਰੈ।
ਲੂਟ ਲੇਹਿਂਗੇ, ਲਰਹਿਂ ਤ ਮਰੈਂ[੪]-' ॥੪੪॥
ਤੀਬ੍ਰ ਹੁਕਮ ਸੁਨਿ ਸੁਭਟ ਸਿਧਾਏ।
ਤਤਛਿਨ ਕਹਿ ਦੁੰਦਭਿ ਉਲਟਾਏ।
ਸ਼ੀਘ੍ਰ ਚਢਾਇ ਨਿਕਾਸੇ ਬਾਹਰ[*]।
ਚਲੇ ਤ੍ਰਾਸ ਜਿਮ ਪਿਖਿ ਮ੍ਰਿਗਨਾਹਰ[੫] ॥੪੫॥
ਆਪਸ ਮਹਿਂ ਬੋਲਤਿ ਬਿਗਸੰਤੇ।
'ਸੁਨੋ ਖਾਨਜ਼ਾਦੇ ਬਲਵੰਤੇ!
ਬ੍ਰਿੰਦ ਰਜਤਪਣ ਗਨ ਦੀਨਾਰਾ।
ਮੁਕਤਾ ਹੀਰਾ ਆਦਿ ਉਦਾਰਾ ॥੪੬॥
ਲੂਟ ਕਰਹੁ ਚਿਤ ਭਾਵਤ ਗੁਰ ਕੀ।
ਪੂਰਵਹੁ ਸਕਲ ਭਾਵਨਾ ਉਰ ਕੀ[੬]।
ਧਨੀ ਅਧਿਕ ਬਨਿ ਸਦਨ ਸਿਧਾਰਹੁ।
ਮਨ ਭਾਵਤਿ ਭੋਗਹੁ ਸੁਖ ਧਾਰਹੁ' ॥੪੭॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਪਠਾਨਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

---

[੧]ਜਿਵੇਂ (ਉਹ ਬੋਲਦੇ ਹਨ ਉਨ੍ਹਾਂ ਦਾ) ਡੇਰਾ ਲੁੱਟ ਲੈਣਾ ਚਾਹੀਦਾ ਹੈ।
[੨](ਪਰ) ਕਿਤੇ ਨਹੀਂ ਜਾਣ ਲੱਗੇ।
[੩]ਨਗਾਰੇ ਮੂਧੇ ਮਾਰਕੇ (ਜਾਓ)।
[੪]ਲੜਨਗੇ ਤਾਂ ਮਾਰ ਦਿਆਂਗੇ।
[*]ਅਜ ਕਲ ਜੇ ਰਣ ਮਚੇ ਤੇ ਕੋਈ ਪਿਠ ਦੇਵੇ ਤਾਂ ਛੁੱਟੀ ਨਹੀਂ ਪਰ ਕਰੜੇ ਦੰਡ ਦੇਂਦੇ ਹਨ।
[੫]ਸ਼ੇਰ ਨੂੰ ਦੇਖਕੇ ਹਰਨ।
[੬]ਮਨ ਭਾਂਵਦੀ ਗੁਰਾਂ ਦੀ ਲੁੱਟ ਕਰੋ।

੨੨. [ਬੁੱਧੂ ਸ਼ਾਹ ਨੂੰ ਖ਼ਬਰ। ਕਾਲੇ ਖਾਂ]

੨੧<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੩

ਦੋਹਰਾ: ਨਿਕਸਿ ਗਏ ਜਬਿ ਖਾਨ ਇਮ, ਸਤਿਗੁਰ ਖ਼ਤ ਲਿਖਵਾਇ।
ਬੁੱਧੂਸ਼ਾਹਿ ਸਮੀਪ ਤਬਿ, ਤੁਰਨ ਦਯੋ ਪਠਾਇ ॥੧॥
ਚੌਪਈ: ਉਪਾਲੰਭ ਬਹੁ ਤਿਸੈ ਪਠਾਏ।
'ਨੌਕਰ ਜੇ ਪਠਾਨ ਰਖਵਾਏ।
ਪਾਵਤਿ ਰਹੇ ਰੋਜ਼ ਦਰਮਾਹਾ।
ਧਨ ਗਨ ਲੀਨਸਿ ਅਪਨੇ ਪਾਹਾ ॥੨॥
ਅਬਹਿ ਜੰਗ ਕੋ ਕਾਰਜ ਪਰਜੋ।
ਦੇਖਿ ਗੀਦੀਅਨ ਕੋ ਮਨ ਡਰਜੋ।
ਲਖਿ ਰਾਜਨ ਕੀ ਸੈਨ ਘਨੇਰੀ।
ਬਨਿ ਕਾਤੁਰ ਚਢਿਗੇ ਤਿਸ ਬੇਰੀ ॥੩॥
ਜਾਇ ਗਿਰੇਸ਼ਨ ਸਾਥ ਮਿਲੇ ਹੈ।
ਅਸ ਨੌਕਰ ਰਖਵਾਇ ਭਲੇ ਹੈਂ।
ਭਏ ਮੂਢ ਮਤਿ ਨਿਮਕਹਰਾਮੀ।
ਨਹੀਂ ਕਾਮ ਆਏ ਨਿਜ ਸ੍ਵਾਮੀ[1]' ॥੪॥
ਬੁੱਧੂਸ਼ਾਹਿ ਪੜ੍ਹਜੋ ਖਤ ਜਬੈ।
ਧੁਨਜੋ ਸੀਸ ਜੁਤਿ ਚਿੰਤਾ ਤਬੈ।
-ਮੁਝ ਕੋ ਬੀਚ ਦੀਨਿ ਮਤਿ ਮੂਢੇ[*]।
ਰਣ ਤੇ ਡਰ ਕਰਿ ਗਏ ਅਰੂਢੇ ॥੫॥
ਉਪਾਲੰਭ ਸਤਿਗੁਰ ਕਹਿ ਸਾਚੋ।
ਜਿਸ ਤੇ ਪਰਜੋ ਤਿਨਹੁਂ ਸੰਗ ਕਾਚੋ[2]।
ਅਬਿ ਪੁਰਸ਼ਾਰਥ ਮੈਂ ਨਿਜ ਕਰੌਂ।
ਤਨ ਮਨ ਦੈ ਗੁਰ ਕਾਰਜ ਕਰੌਂ- ॥੬॥
ਚਹਤਿ ਪ੍ਰਭੂ ਢਿਗ ਅਪਨਿ ਰਸੀਦ[3]।
ਕਰੇ ਸਕੇਲਨਿ ਸਕਲ ਮੁਰੀਦ।
ਭਏ ਸਾਤ ਸੈ ਗਿਨਤੀ ਮਾਂਹਿ।
ਰਣ ਕਰਿਬੇ ਕੀ ਧਰਤਿ ਉਮਾਹਿ ॥੭॥
ਚਾਰ ਪੁੱਤ੍ਰ ਅਪਨੇ ਸੰਗ ਲੀਨੇ।

---

[1]ਆਪਣੇ ਸ੍ਵਾਮੀ ਦੇ।
[*]ਪਾ:-ਮੁਝ ਕੋ ਦੇ ਸ਼ਰਮਿੰਦਤ ਮੂਢੇ।
[2]ਮੈਂ ਜਿਨ੍ਹਾਂ ਅੱਗੇ ਕੱਚਾ (ਫਿੱਕਾ) ਪਿਆ ਹਾਂ।
[3]ਪਹੁੰਚਣਾ ਚਾਹੁੰਦਾ ਹੈ।

ਸਵਾਧਾਨ ਸ਼ਸਤ੍ਰਨਿ ਜੁਤਿ ਕੀਨੇ।
ਸ਼ਹਿਰ ਸਢੌਰੇ ਤੇ ਚਲਿ ਪਰਜੋ।
ਪ੍ਰੇਮ ਗੁਰੂ ਦਰਸ਼ਨ ਕੋ ਧਰਜੋ ॥੮॥
ਪਰਜੋ ਪੰਥ ਮਹਿਂ ਘਾਲਜੋ ਡੇਰਾ?
ਦੇ ਉਤਸਾਹ ਮੁਰੀਦਨਿ ਹੇਰਾ।
ਇਤ ਪਠਾਨ ਤੀਨਹੁਂ ਸਿਰਦਾਰ।
ਚਢਿ ਕਰਿ ਗਏ ਬਿਲੰਦ ਗਵਾਰ ॥੯॥
ਕਾਲੇ ਖਾਂ ਨਿਜ ਥਲ ਟਿਕ ਰਹਜੋ।
-ਨਿਮਕ ਹਲਾਲ ਬਨੌਂ- ਚਿਤ ਚਹਜੋ।
ਪ੍ਰਭੁ ਢਿਗ ਸੁਧਿ ਪਹੁੰਚੀ ਤਿਸ ਕਾਲ।
'ਗਏ ਖਾਨ ਧਰਿ ਤ੍ਰਾਸ ਬਿਸਾਲ ॥੧੦॥
ਤ੍ਰੈ[1] ਸਿਰਦਾਰ ਬਿਮੁਖ ਹੁਇ ਭਾਗੇ।
ਇਕ ਬੈਠਜੋ, ਨਹਿਂ ਧੀਰਜ ਤਜਾਗੇ।
ਜ਼ੀਨ ਤੁਰੰਗਨ ਪਰ ਨਹਿਂ ਡਾਲੇ।
ਚਢਨਿ ਹੇਤ ਨਹਿਂ ਸ਼ਸਤ੍ਰ ਸੰਭਾਲੇ' ॥੧੧॥
ਸੁਨਿ ਕਲਗੀਧਰ ਦਾਸ ਪਠਾਯੋ।
'ਬੂਝਹੁ -ਤੂੰ ਕਜੋਂ ਨਹੀਂ ਪਲਾਯੋ?
ਨਿਜ ਸੰਗਨਿ ਤੇ ਹੋਇ ਬਿਹੀਨ।
ਬੈਠਿ ਰਹਜੋ ਕਜਾ ਮਨ ਮਹਿਂ ਚੀਨਿ?-' ॥੧੨॥
ਜਾਇ ਸਿਖ ਨੇ ਬੂਝਨਿ ਕਰਜੋ।
ਕਾਲੇ ਖਾਂ ਬਿਰਤੰਤ ਉਚਰਜੋ।
'ਮੈਂ ਨਹਿਂ ਬਨਿ ਹੌਂ ਨਿਮਕ ਹਰਾਮੀ।
ਆਵਹੁਂ ਨਿਜ ਸ੍ਵਾਮੀ ਕੇ ਕਾਮੀ[2] ॥੧੩॥
ਸੌ ਅਸਵਾਰ ਸੰਗ ਹੈਂ ਮੇਰੇ।
ਪਰੇ ਜੰਗ ਦੇਂ ਪ੍ਰਾਨ ਅਗੇਰੇ।
ਲਰਿ ਕਰਿ ਮਰਿ ਕਰਿ ਭਿਸਤ ਸਿਧਾਵੈਂ।
ਜੀਵਤਿ ਜੈ, ਗੁਰ ਤੇ ਧਨ ਪਾਵੈਂ ॥੧੪॥
ਪ੍ਰਭੁ ਕੋ ਕਰਿ ਹੈਂ ਨਿਮਕ ਹਲਾਲ।
ਦੀਨ ਦੁਨੀ ਸੁਧਰਾਇ ਬਿਸਾਲ।'
ਸੁਨਿ ਕਰਿ ਗਯੋ ਕਹੀ ਸਭਿ ਬਾਤ।

---

[1]ਤਿੰਨ।
[2]ਆਪਣੇ ਸ੍ਵਾਮੀ ਦੇ ਕੰਮ ਆਵਾਂਗਾ।

ਬੋਲਜੋ ਨੰਦ ਚੰਦ ਬੱਖਜਾਤ ॥੧੫॥
'ਅਬਿ ਬਿਸ੍ਵਾਸ ਤੁਰਕਨਿ ਕੋ ਨਾਂਹੀ।
ਕਰਹਿਂ ਦਗਾ ਰਹਿ ਕਰ ਹਮ ਪਾਹੀ।
ਪ੍ਰਭੁ ਜੀ ਕਿਸੂ ਨ ਰਾਖਨ ਕਰੀਅਹਿ।
ਤਿਨ ਕੋ ਹੀ ਇਹ ਭ੍ਰਾਤ ਬਿਚਰੀਅਹਿ' ॥੧੬॥
ਤਬਿ ਸਤਿਗੁਰ ਸਿੱਖ ਕੌ ਸਮੁਝਾਯੋ।
ਹੇਤੁ ਚਢਾਵਨਿ ਤੁਰਤ ਪਠਾਯੋ।
ਜਾਇ ਤੁਰਤ ਤਿਹ ਸਾਥ ਬਖਾਨੀ।
'ਸੁਨੋ ਖਾਨ! ਭਾਖੀ ਗੁਰ ਬਾਨੀ ॥੧੭॥
ਜਥਾ ਕੂੰਜ ਬਿਛਰਹਿ ਨਿਜ ਡਾਰ।
ਬਿਲਪਤਿ ਹੈ ਅਨੰਦ ਕੋ ਡਾਰਿ।
ਰਹਤਿ ਰਹਤਿ ਜਬਿ ਕਬਿ ਤਹਿਂ ਮਿਲੇ[1]।
ਬਿਨਾ ਮਿਲੇ ਨਹਿਂ ਭਾਵਤਿ ਭਲੇ[2] ॥੧੮॥
ਤਿਮ ਹੀ ਅਪਨੀ ਦਸ਼ਾ ਨਿਹਾਰਹੁ।
ਤੂਰਨ ਮਿਲਿਬੇ ਹੇਤੁ ਸਿਧਾਰਹੁ।
ਨਿਕਟ ਨ ਤੁਮ ਕੌ ਰਾਖਹਿਂ ਅਬੈ।
ਪਰੇ ਕਾਮ ਤੇ ਗੀਦੀ ਸਬੈ ॥੧੯॥
ਹਾਨ ਲਾਭ ਨਿਜ ਸੰਗਨਿ ਸੰਗ।
ਕਯੋਂ ਅਬਿ ਬੈਠੇ ਜਾਹੁ ਨਿਸ਼ੰਗ।'
ਸੁਨਿ ਕਾਲੇ ਖਾਂ ਬਹੁਰ ਬਖਾਨਾ।
'ਗੁਰ ਕੋ ਲਵਨ ਖਾਨ ਕਰਿ ਖਾਨਾ[3] ॥੨੦॥
ਪਰੇ ਜੰਗ ਕੇ ਜਾਉਂ ਨ ਕੈਸੇ।
ਮੈਂ ਨ ਬਨਹੁਂ ਤਿਨਹੂੰ ਖਲ ਜੈਸੇ।
ਦੇਹਿਂ ਨ ਦੇਹਿਂ ਗੁਰੂ ਧਨ ਆਗੇ।
ਪਾਯੋ ਪ੍ਰਥਮ ਸਿਮਰ ਨਹਿਂ ਭਾਗੇ[4]' ॥੨੧॥
ਇਮ ਕਹਿ ਰਹਜੋ ਸਥਿਰ ਤਹਿਂ ਹੋਇ।
ਸੁਨੀ ਬਾਰਤਾ ਸਤਿਗੁਰ ਸੋਇ।
ਹੁਇ ਪ੍ਰਸੰਨ ਤਿਹ ਨਿਕਟ ਹਕਾਰਾ।

[1]ਰਹਿੰਦਿਆਂ ਰਹਿੰਦਿਆਂ ਜਦੋਂ ਕਦੋਂ (ਆਪਣੀ ਡਾਰ ਨਾਲ) ਜਾ ਮਿਲਦੀ ਹੈ।
[2]ਨਾ ਮਿਲਨਾ ਉਸ ਨੂੰ ਚੰਗਾ ਨਹੀਂ ਲੱਗਦਾ।
[3]ਗੁਰੂ ਜੀ ਦੇ ਘਰ ਦਾ ਲੂਣ ਖਾਧਾ ਹੈ ਮੈਂ।
[4]ਜਿਹੜਾ ਪਹਿਲੋਂ ਪਾਇਆ ਹੈ ਉਸ ਨੂੰ ਹੀ ਯਾਦ ਕਰਕੇ ਭੱਜਾਂਗੇ ਨਹੀਂ।

'ਸਾਧ ਸਾਧ' ਕਹਿ ਬਹੁ ਸਤਿਕਾਰਾ ॥੨੨॥
ਕੰਚਨ ਕੇ ਕੰਕਨ ਤਿਸ ਕਾਲਾ।
ਕਰੇ ਦੇਨਿ ਇਕ ਸੰਗ ਦੁਸ਼ਾਲਾ।
ਕਹ੍ਯੋ ਬਹੁਰ 'ਸੁਨਿ ਬੀਰ ਪਠਾਨ!
ਤੇ ਪਰ ਅਹੈਂ ਪ੍ਰਸੰਨ ਮਹਾਨ ॥੨੩॥
ਨਿਮਕ ਹਲਾਲ ਭਯੋ ਅਬਿ ਤੇਰਾ।
ਜਿਸ ਤੇ ਚਾਹ੍ਯੋ ਜੰਗ ਬਡੇਰਾ।
ਹਮ ਨੇ ਰੁਖ਼ਸਦ ਕੀਨਸਿ ਤੋਹੀ।
ਯਾਂ ਤੇ ਨਹੀਂ ਦੋਸ਼ ਕੋ ਹੋਹੀ' ॥੨੪॥
ਕਰ ਬੰਦੇ ਕਾਲੇਖਾਂ ਕਹੇ।
'ਆਇਸੁ ਤੁਮ ਅਮੋਰ ਨਿਤ ਅਹੇ[1]।
ਤਊ ਨ ਤਿਨ ਕੇ ਮਿਲਿਹੌਂ ਸੰਗ।
ਕਹਾਂ ਕਰੌਂ ਮੈਂ ਤੁਮ ਸੋਂ ਜੰਗ[2]' ॥੨੫॥
ਇਮ ਕਹਿ ਬੰਦਨ ਕਰਿ ਤਿਹ ਕਾਲਾ।
ਕਾਲੇਖਾਨ ਵਹਿਰ ਕੌ ਚਾਲਾ।
ਨਹਿੰਨ ਗਿਰਿੰਦਨਿ ਸਮੁਖ ਸਿਧਾਰਾ।
ਅਪਰ ਥਾਨ ਡੇਰਾ ਕਿਤ ਡਾਰਾ ॥੨੬॥
ਅਬਿ ਸੁਨੀਏਂ ਜੇ ਗਏ ਪਠਾਨ।
ਫਤੇਸ਼ਾਹ ਉਤਰ੍ਯੋ ਜਿਸ ਥਾਨ।
ਕੇਤਿਕ ਦੂਰ ਸਿਵਰ ਕਹੁ ਘਾਲਾ।
ਹਯ ਲਗਾਇ ਮਿਲਿ ਇਕ ਥਲ ਜਾਲਾ ॥੨੭॥
ਸ਼ਸਤ੍ਰਨ ਸਹਿਤ ਸਭਾ ਕੌ ਗਏ।
ਗੁਰ ਦ੍ਰੋਹੀ ਜਹਿਂ ਇਕਠੇ ਭਏ।
ਫਤੇਸ਼ਾਹਿ ਥਿਤ ਸਭਾ ਮਝਾਰੀ।
ਜੋ ਸਭਿ ਬਿਧਿ ਠਾਨਤਿ ਰਣ ਤਜਾਰੀ ॥੨੮॥
ਕਈ ਹਜ਼ਾਰ ਪਹਾਰੀ ਬੀਰ।
ਧਰੇ ਤੁਪਕ ਤੋਮਰ ਅਸਿ ਤੀਰ।
ਝੁਕਿ ਸਲਾਮ ਕਰਿ ਥਿਰੇ ਅਗਾਰੀ।
ਸਾਦਰ ਭੂਪਤਿ ਗਿਰਾ ਉਚਾਰੀ ॥੨੯॥
ਸਭਿ ਬੈਠਾਵਨਿ ਕਰੇ ਸਮੀਪ।

---

[1]ਭਾਵ ਮੋੜਨੀ ਨਹੀਂ ਚਾਹੀਦੀ।
[2](ਉਨ੍ਹਾਂ ਨਾਲ ਮਿਲਕੇ) ਭਲਾ ਆਪ ਜੀ ਨਾਲ ਮੈਂ ਜੰਗ ਕਰਾਂਗਾ? ਭਾਵ ਨਹੀਂ ਕਰਾਂਗਾ।

ਹਰਖਤਿ ਬੂਝਨਿ ਲਗਯੋ ਮਹੀਪ।
'ਗੁਰ ਕੰਨੇ ਕੇਤਿਕ ਦਲ ਰਹਯੋ।
ਤੁਮ ਨੇ ਭੇਤ ਕਹਹੁ ਕਿਮ ਲਹਯੋ? ॥੩੦॥
ਲਰਹਿ ਕਿ ਨਹਿਂ ਚਢਿ ਮੋਰ ਅਗਾਰੀ?
ਤੁਮਰੇ ਉਠੇ ਹੋਇ ਧ੍ਰਿਤ ਹਾਰੀ[1]।
ਕੇਤਿਕ ਸੁਭਟ ਲਰਨਿ ਕੌ ਗਾਢੇ।
ਰਣ ਕੇ ਪਰੇ ਰਹੈਂ ਤਹਿਂ ਠਾਢੇ ॥੩੧॥
ਗੁਰ ਕੋ ਭੀ ਉਤਸਾਹੁ ਨਿਹਾਰਾ।
ਜਬਿ ਉਠਿ ਆਵਨਿ ਭਯੋ ਤੁਮਾਰਾ।'
ਭੀਖਨ ਖਾਨ ਤਨਕ ਮੁਸਕਾਵਤਿ।
ਗੁਰ ਘਰ ਕੋ ਸਭਿ ਭੇਦ ਬਤਾਵਤਿ ॥੩੨॥
'ਗੁਰ ਘਰ ਅਪਰ ਸੈਨ ਹੈ ਕਹਾਂ।
ਪਿਖਿ ਖਾਨਨ ਢਿਗ, ਲਰਿਬੇ ਚਹਾ[2]।
ਸੋ ਹਮ ਸਭਿ ਹੀ ਉਠਿ ਚਲਿ ਆਏ।
ਹਿਤ ਰਾਖਨ ਕੇ ਬਹੁਤ ਅਲਾਏ ॥੩੩॥
ਅਧਿਕ ਪੰਚ ਗੁਨ ਧਨ ਦੇ ਰਹੇ।
ਬਹੁਰ ਸਿਪਰ ਭਰ ਓਰਕ[3] ਕਹੇ।
ਤੁਮਤੇ ਤ੍ਰੁਸਤਿ ਬਿਸਾਲ ਬਖਾਨੀ[4]।
ਤਊ ਹਮਹੁੰ ਨੇ ਏਕ ਨ ਮਾਨੀ ॥੩੪॥
ਬਾਕੀ ਦਲ ਖ਼ੁਦਾਇ ਕੋ ਨਾਊ[5]।
ਮਿਲੇ ਗਵਾਰ ਲੋਕ ਸਮੁਦਾਊ।
ਹਸਿਬੇ ਜੋਗ ਜਾਤਿ ਤਿਨ ਕੇਰੀ।
ਮੋ ਤੇ ਸੁਨੋ ਕਹੌਂ ਇਸ ਬੇਰੀ ॥੩੫॥
ਘਨੇ ਜਾਤਿ ਹੈਂ ਅਧਿਕ ਗਵਾਰ।
ਨਾਈ, ਬਾਮਨ, ਸੂਦ, ਸੁਨਾਰ।
ਬਨੀਏ, ਰੋੜੇ, ਜਾਟ, ਲੁਹਾਰ।
ਝੀਵਰ ਜਾਤਿ, ਕਲਾਲ, ਕੁਮ੍ਹਾਰ ॥੩੬॥

---

[1]ਹੌਂਸਲਾ ਹਾਰ ਬੈਠਾ ਹੋਵੇਗਾ ਗੁਰੂ ਦਾ ਦਲ।
[2]ਪਠਾਣਾਂ ਨੂੰ ਪਾਸ ਦੇਖਕੇ ਲੜਨਾ ਚਾਹੁੰਦੇ ਸਨ (ਤੁਹਾਡੇ ਨਾਲ)।
[3]ਓੜਕ ਨੂੰ।
[4]ਬੜਾ ਸਾਨੂੰ ਕਹਿਆ।
[5]ਰਬ ਦਾ ਨਾਉਂ ਹੈ, ਬਦਕਿਸਮਤੀ ਨਾਲ ਇਸ ਫਿਕਰੇ ਦਾ ਅਰਥ 'ਕੁਛ ਨਹੀਂ' ਹੋ ਗਿਆ ਹੈ; ਅਸਲ ਮੁਰਾਦ ਇਹ ਹੈਸੀ ਕਿ ਰੂਪ ਧਾਰੀ ਵਸਤੂ ਕੋਈ ਨਹੀਂ ਅਰੂਪ ਵਸਤੂ ਰੱਬ ਦਾ ਨਾਉਂ ਉਥੇ ਹੈ।

ਖਾਤੀ[1], ਛੀਂਬੇ, ਔਰ ਲੁਬਾਣੇ।
ਛੱਤੀਸ ਜਾਤਿ ਸਨਾਤ ਪਛਾਣੇ[2]।
ਅਪਰ ਕਹਾਂ ਲਗਿ ਕਰੌਂ ਉਚਾਰ।
ਹੈਂ ਹਲਾਲ ਖੁਰ ਨੀਚ ਚੁਮਾਰ[3] ॥੩੭॥
ਪਕਰੀ ਜਾਇਂ ਨ ਕਰ ਤਰਵਾਰੇਂ।
ਨਹਿਂ ਜਾਨਹਿਂ ਕਿਮ ਤੋਮਰ ਧਾਰੇਂ[4]।
ਤੀਰ ਤੁਫੰਗ ਪ੍ਰਹਾਰਨਿ ਜੋਇ।
ਇਹ ਬਿੱਦਯਾ ਤਿਨ ਕੇ ਕਿਮ ਹੋਇ[5] ॥੩੮॥
ਜੋਧਾ ਆਪ ਗੁਰੂ ਇਕ ਭਾਰੀ।
ਸੋ ਠਹਿਰੈਗੋ ਸਭਿਨਿ ਅਗਾਰੀ।
ਇਕ ਕ੍ਰਿਪਾਲ ਮਾਤੁਲ ਤਿਨ ਕੇਰਾ।
ਕਰਨਿ ਜੰਗ ਕੌ ਬੀਰ ਬਡੇਰਾ ॥੩੯॥
ਪੰਚ ਭਾਣਜੇ ਸੋ ਬਲਵੰਤੇ।
ਸ਼ਸਤ੍ਰਨਿ ਕੀ ਬਿੱਦਯਾ ਮਤਿਵੰਤੇ।
ਨੰਦਚੰਦ ਹੈ ਏਕ ਦਿਵਾਨ।
ਸੋ ਭੀ ਰਾਖੈ ਲਰਿਬੇ ਮਾਨ[6] ॥੪੦॥
ਦਯਾਰਾਮ ਪ੍ਰੋਹਤ ਦਿਜ ਸੋਈ।
ਅਪਰ ਨ ਬੀਰ ਬਿਲੋਕਯੋ ਕੋਈ।
ਘਨੇ ਫਕੀਰ ਨ ਰਨ ਕੋ ਆਵਹਿ[7]।
ਬੈਠੇ ਨਿਤ ਕਰਾਹਿ ਕੋ ਖਾਵਹਿਂ ॥੪੧॥
ਇਹ ਸੈਨਾ ਸੰਗੀ ਲਿਹੁ ਜਾਨ।
ਜੋ ਮੈਂ ਤੁਮ ਸੋਂ ਕੀਨਿ ਬਖਾਨ।
ਤੁਮ ਅਰੁ ਤੁਮਰੋ ਦਲ ਕਿਤ ਰਹੋ।
ਹਮ ਹੀ ਘਨੇ ਹਤਨਿ ਕੋ ਲਹੋ ॥੪੨॥
ਫਤੇ ਖ਼ੁਦਾਇ ਸੁਗਮ ਤੁਝ ਦਈ।
ਭੀਮਚੰਦ ਨਹਿਂ ਪ੍ਰਾਪਤਿ ਭਈ।

---

[1]ਤਰਖਾਣ।
[2]ਛਤੀਸ ਨੀਚ ਜਾਤੀਆਂ।
[3]ਚੂਹੜੇ ਤੇ ਚਮਾਰ ਨੀਚ ਲੋਗ।
[4]ਨਹੀਂ ਜਾਣਦੇ ਕਿ ਕਿਵੇਂ ਤੋਮਰ ਫੜੀਦਾ ਹੈ।
[5]ਇਹ ਵਿਦਯਾ ਉਹਨਾਂ ਪਾਸ ਕਿਵੇਂ ਹੋ ਸਕਦੀ ਹੈ? ਭਾਵ ਨਹੀਂ ਹੈ।
[6]ਲੜਨੇ ਦਾ ਮਾਣ ਰਖਦਾ ਹੈ।
[7](ਜਿਨ੍ਹਾਂ) ਨੂੰ ਜੰਗ ਕਰਨਾ ਆਂਵਦਾ ਹੀ ਨਹੀਂ। (ਅ) ਜੰਗ ਵਿਚ ਨਹੀਂ ਆਉਣਗੇ।

ਜੇ ਕਰਿ ਦੇਖਹੁ ਗੁਰੂ ਖਜ਼ਾਨਾ।
ਦੇਸ਼ਾਂਤਰ ਕੀ ਵਸਤੂ ਨਾਨਾ ॥੪੩॥
ਜੋ ਸ਼ਾਹਨਿ ਕੋ ਪ੍ਰਾਪਤਿ ਨਾਂਹੀ।
ਅਪਰ ਕਹਾਂ ਨਰ ਪਾਵਤਿ ਤਾਂਹੀ।
ਧਰੇ ਰਜਤਪਣ ਅਨਗਨ ਜਹਾਂ।
ਦੀਰਘ ਦੀਨਾਰਨਿ ਗਨ ਚਹਾ[1] ॥੪੪॥
ਬਸਤ੍ਰ ਬਿਭੂਖਨ ਕਜਾ ਗਿਨ ਕਹੌਂ।
ਲਾਖਹੁਂ ਧਨ ਕੀ ਕੀਮਤਿ ਲਹੌਂ[2]।
ਸੋ ਸਭਿ ਲੂਟਹੁ ਭਰੇ ਖਜ਼ਾਨੇ।
ਜਰੇ ਜਵਾਹਰ ਅਜਬ ਮਹਾਨੇ ॥੪੫॥
ਤੁਮ ਤੇ ਹਮ ਨ ਚਾਕਰੀ ਲੈ ਹੈਂ।
ਲੂਟ ਆਪਣੀ ਕਿਸੂ ਨ ਦੈ ਹੈਂ।
ਕਰਿ ਕੈ ਮਾਰਨ ਮਰਨ ਮਹਾਨਾ।
ਲੈ ਹੈਂ ਗੁਰ ਕੋ ਲੂਟ ਖਜ਼ਾਨਾ ॥੪੬॥
ਪੁੱਤ੍ਰ ਪੌਤਰੇ ਤਕ ਰੁਜ਼ਗਾਰਾ।
ਜਾਨਿ[3] ਗੁਰੂ ਸੰਗ ਕੀਨਿ ਬਿਗਾਰਾ।
ਤੁਮ ਲੇ ਫਤੇ, ਦਰਬ ਲੇਂ ਹਮ ਹੀਂ।
ਲਰਨ ਬਿਖੈ ਆਏ ਇਮ ਸਮ ਹੀਂ[4]' ॥੪੭॥
ਫਤੇ ਸ਼ਾਹ ਸੁਨਿ ਅਤਿ ਹਰਖਾਯੋ।
ਮਨਹੁ ਗੁਰੂ ਕੋ ਜੈ ਕਰਿ ਆਯੋ।
ਲਰਿਬੇ ਹੇਤੁ ਮਹਾਂ ਉਤਸਾਹਾ।
ਭੀਖਨ ਖਾਨ ਰਾਖਿ ਨਿਜ ਪਾਹਾ[5] ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਖਾਨਨ ਪ੍ਰਸੰਗ' ਬਰਨਨੰ ਨਾਮ ਦ੍ਵੈਬਿੰਸਤੀ ਅੰਸੂ ॥੨੨॥

---

[1]ਦੇਖਣੇ ਵਿਚ ਆਉਂਦੇ ਹਨ।
[2]ਜਾਣੋਂ।
[3]ਜਾਣਕੇ ਹੀ।
[4]ਇਕੋ ਜਿਹੇ ਹੋਕੇ।
[5]....... ਨੂੰ ਆਪਣੇ ਪਾਸ ਰਖਿਆ।

੨੩. [ਉਦਾਸੀਆਂ ਦਾ ਖਿਸਕਣਾਂ]

੨੨<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੪

ਦੋਹਰਾ: ਸਤਿਗੁਰ ਕੇ ਭਟ ਕੁਛ ਹੁਤੇ, ਜਹਿਂ ਭੰਗਾਣੀ ਥਾਨ।
ਫਤੇਸ਼ਾਹ ਆਗਮਨ ਕੋ, ਸੁਨਿ ਕਰਿ ਕੈ ਨਿਜ ਕਾਨ ॥੧॥
ਚੌਪਈ: ਸੁਧਿ ਭੇਜੀ ਸਤਿਗੁਰ ਕੇ ਤੀਰ।
'ਆਯੋ ਨ੍ਰਿਪ ਲੈ ਅਨਗਨ ਬੀਰ।
ਉਰ ਅਹੰਕਾਰ ਅਧਿਕ ਜਿਨ ਧਰਜੋ।
ਭੋਰਿ ਹੋਤਿ ਹੀ ਚਾਹਤਿ ਲਰਜੋ ॥੨॥
ਆਪ ਕਰੋ ਤਜਾਰੀ ਸਭਿ ਰੀਤਿ।
ਆਵਹੁ ਲੇਹੁ ਤੁਰਤ ਰਿਪੁ ਜੀਤ*।
ਇਸ ਮਹਿਂ ਦੇਰ ਨ ਜਾਨਹੁਂ ਕੋਈ।
ਨਿਸ਼ਚੇ ਪ੍ਰਾਤਿ[1] ਮਹਾਂ ਰਣ ਹੋਈ' ॥੩॥
ਆਇ ਪਾਂਵਟੇ ਸਤਿਗੁਰ ਪਾਸ।
ਸਕਲ ਵਾਰਤਾ ਕੀਨਿ ਪ੍ਰਕਾਸ਼।
ਸੁਨਿ ਸਭਿ ਰੀਤਿ ਕੀਨਿ ਰਣ ਤਜਾਰੀ।
ਇਕ ਸਿਖ ਢਿਗ ਪਿਖਿ ਗਿਰਾ ਉਚਾਰੀ[2] ॥੪॥
ਸਾਧ ਉਦਾਸੀ ਜੇ ਸਮੁਦਾਇ।
ਸਭਿ ਕੇ ਸੰਗ ਕਹੋ ਅਬਿ ਜਾਇ।
-ਸਿਰ ਪਰ ਬਾਂਧਿ ਲੇਹੁ ਦਸਤਾਰ।
ਕਰਿ ਉਤਸਾਹ ਸ਼ਸਤ੍ਰ ਲਿਹੁ ਧਾਰਿ ॥੫॥

---

* ਭੰਗਾਣੀ ਵਲ ਜਦ ਡੇਹਰੇ ਵੱਲੋਂ ਦਰਿਆ ਪਾਰ ਕਰਕੇ ਆਓ ਤਾਂ ਇਕ ਲੰਮਾ ਮੈਦਾਨ ਹੈ ਦਰਿਆ ਦੇ ਕੰਢੇ ਕੰਢੇ, ਜੋ ਚੌੜਾ ਬਹੁਤ ਨਹੀਂ ਪਰ ਕਾਫੀ ਹੈ। ਇਹ ਮੈਦਾਨ ਚੌੜੇ ਦਾਓਂ ਜਿੱਥੇ ਮੁਕਦਾ ਹੈ ਅੱਗੇ ਕੁਛ ਉਚਾਈ ਉਤੇ ਫੇਰ ਪੱਧਰੀ ਧਰਤੀ ਦਾ ਮੈਦਾਨ ਹੈ, ਸਤਿਗੁਰਾਂ ਨੇ ਇਸ ਉੱਚੇ ਮੈਦਾਨ ਤੇ ਆਪਣੀ ਸੈਨਾ ਦਾ ਡੇਰਾ ਲਵਾਇਆ ਸੀ। ਹੁਣ ਤਕ ਇਸ ਉਚਾਈ ਤੋਂ ਧਾਵਾ ਕਰਨ ਵੇਲੇ ਹੇਠਾਂ ਜਾਣ ਲਈ ਗਊ ਘਾਟ ਰਸਤਾ ਮੌਜੂਦ ਹੈ? ਉਹ ਰੁੱਖ ਬੀ ਖੜਾ ਹੈ ਜਿਸ ਦੇ ਹੇਠਾਂ ਬੀਰਾਸਨ ਹੋਕੇ ਸਤਿਗੁਰਾਂ ਅਮੋਘ ਬਾਣ ਚਲਾਏ ਸਨ। ਅਸਲ ਵਿੱਚ ਇਥੇ ਖੜੋਕੇ ਹੀ ਪਤਾ ਲਗਦਾ ਹੈ ਕਿ ਸਤਿਗੁਰੂ ਜੀ ਰਣ ਵਿਦਜਾ ਦੇ ਕਿੰਨੇ ਪ੍ਰਬੀਨ ਸਨ। ਆਪ ਨੇ ਉਹ ਟਿਕਾਣਾ ਚੁਣਿਆ ਹੈ ਕਿ ਜਿੱਥੇ ਸ਼ੱਤ੍ਰੂ ਦਲ ਸਾਰਾ ਆਪਣੇ ਤੀਰ ਤੁਫੰਗ ਦੀ ਜ਼ਦ ਹੇਠਾਂ ਹੋ ਜਾਂਦਾ ਹੈ। ਇਹ ਮੋਰਚਾ ਜ਼ਰੂਰ ਕੁਛ ਦਿਨ ਪਹਿਲੋਂ ਪੱਕਾ ਕੀਤਾ ਹੋਣਾ ਹੈ। ਦੇਖੋ ਅੰਸੂ ੨੪ ਦਾ ਅੰਕ ੩੬ ਤੇ ੪੦।

ਗੁਰੂ ਜੀ ਨੇ ਭੰਗਾਣੀ ਜੁੱਧ ਦਾ ਹਾਲ ਬਚਿੱਤ੍ਰ ਨਾਟਕ ਵਿੱਚ ਆਪ ਲਿਖਿਆ ਹੈ। ਉਸ ਵਿੱਚ ਜੰਗ ਦਾ ਵੇਰਵਾ ਤਾਂ ਹੈ ਪਰ ਭੀਮੇ ਆਦਿ ਦੇ ਕਾਰਣਾਂ ਦਾ ਜ਼ਿਕਰ ਕੋਈ ਨਹੀਂ। ਪਰ ਫਤੇਸ਼ਾਹ ਵੱਲੋਂ ਹਮਲਾ ਹੋਇਆ ਹੈ ਤੇ ਗੁਰੂ ਜੀ ਵੱਲੋਂ ਕੋਈ ਗਲ ਐਸੀ ਨਹੀਂ ਹੋਈ ਕਿ ਉਹ ਜੰਗ ਕਰੇ, ਇਹ ਗਲ ਇਕ ਸਤਰ ਵਿੱਚ ਸਤਿਗੁਰਾਂ ਨੇ ਆਪ ਉਥੇ ਐਉਂ ਦੱਸੀ ਹੈ

'ਫਤੇਸ਼ਾਹ ਕੋਪਾ ਤਬ ਰਾਜਾ ॥ ਲੋਹ ਪਰਾ ਹਮ ਸੋਂ ਬਿਨ ਕਾਜਾ ॥ '

[1]ਸਵੇਰੇ।

[2](ਗੁਰੂ ਜੀ ਨੇ) ਆਗਜਾ ਕੀਤੀ।

ਸਮੈਂ ਜੁੱਧ ਕੋ ਅਬਿ ਬਿਦਤਾਯੋ।
ਭੋਗ ਮੋਖ ਦੋਨਹੁਂ ਕੋ ਪਾਯੋ[੧]।
ਜਿਮ ਜਿਮ ਕੇ ਪੁਰਸ਼ਾਰਥ ਧਰੈ।
ਵਧ ਵਧ ਅੱਗ੍ਰ ਰਿਪੁਨ[+] ਬਧ[੨] ਕਰੈ ॥੬॥
ਤਿਮ ਤਿਮ ਦੀਰਘ ਪ੍ਰਾਪਤਿ ਰਾਜੂ।
ਗਨ ਗਜ ਬਾਜੀ ਸਹਿਤ ਸਮਾਜੂ[੩]।
ਲਘੁ ਕੋ ਕਰੈ, ਪਾਇ ਲਘੁ ਸੋਈ[੪]।
ਮਮ ਸਿੱਖਨ ਛਿਤ[੫] ਰਾਜ ਸੁ ਹੋਈ ॥੭॥
ਜੋ ਨਿਸ਼ਕਾਮ ਮਰਹਿ ਰਣ ਮਾਂਹੀ।
ਤਿਸ ਕੌ ਜਗਤ ਫੇਰ ਫੇਰ ਨਾਂਹੀ[੬]।
ਦੀਨ ਦੁਨੀ ਮਹਿਂ ਬਨੌਂ ਸਹਾਇ।
ਬਖਸ਼ੌਂ ਭੋਗ ਮੋਖ ਇਸ ਭਾਇ-' ॥੮॥
ਸੁਨਿ ਕਰਿ ਗਯੋ ਉਦਾਸਨਿ ਪਾਸੀ।
ਸਤਿਗੁਰ ਕੀ ਤਿਹ ਗਿਰਾ ਪ੍ਰਕਾਸ਼ੀ।
'ਹੁਕਮ ਭਯੋ ਮਾਨਹੁਂ ਸੁਖ ਪਾਵਹੁ।
ਜਨਮ ਮਰਨ ਕੋ ਬੰਧ ਮਿਟਾਵਹੁ' ॥੯॥
ਪੁਨ ਸਭਿ ਸੁਭਟਨਿ ਹੁਕਮ ਸੁਨਾਵਾ।
'ਗੁਰ ਤੇ ਦਾਨ ਲੇਹੁ ਮਨ ਭਾਵਾ।
ਹੋਤਿ ਪ੍ਰਭਾਤਿ ਜੰਗ ਕੀ ਤਯਾਰੀ।
ਸ਼ਸਤ੍ਰ ਤੁਰੰਗਨਿ ਲੇਹੁ ਸੰਭਾਰੀ' ॥੧੦॥
ਸੁਨਿ ਸੂਰਨਿ ਕੇ ਚਿੱਤ ਉਮਾਹੇ।
ਬਾਂਛਤਿ ਵਸਤੁ ਲੀਨਿ ਗੁਰ ਪਾਹੇ।
ਕਾਤੁਰ ਡਰੇ ਮਨਹੁਂ ਮ੍ਰਿਤੁ ਆਈ।
ਚਲਯੋ ਚਹੈਂ ਨਿਤ ਕਾਨ ਕਢਾਈ[੭] ॥੧੧॥
ਇਮ ਕਰਤੇ ਸੰਧਯਾ ਹੁਇ ਆਈ।

---

[੧]ਪਾਓ।
[+]ਪਾ:-ਪੁਨਰ।
[੨]ਨਾਸ਼।
[੩]ਸਮੂਹ ਹਾਥੀ ਘੋੜੇ ਸਹਿਤ ਸਮਾਜ (ਮਿਲੇਗਾ)।
[੪]ਜੇ ਕੋਈ ਥੋੜਾ (ਪੁਰਸ਼ਾਰਥ) ਕਰੇਗਾ ਉਹ ਥੋੜਾ ਹੀ (ਫਲ) ਪਾ ਲਵੇਗਾ।
[੫]ਧਰਤੀ ਤੇ।
[੬]ਜਗਤ ਵਿੱਚ ਮੁੜ ਫੇਰਾ ਨਹੀਂ ਪਵੇਗਾ।
[੭]ਨਿਤ ਦੇ (ਪਾਸ ਰਹਿਣ ਵਾਲੇ) ਹੁਣ ਕੰਨੀ ਕਤਰਾਕੇ ਜਾਣਾ ਚਾਹੁੰਦੇ ਹਨ।

ਖਾਨ ਪਾਨ ਸਭਿ ਕੀਨਿ ਬਨਾਈ।
ਹੁਤੇ ਪੰਚ ਸੈ ਸਕਲ ਉਦਾਸੀ।
ਮਿਲਿ ਮਸਲਤ ਕੀਨਿਸਿ ਭਯ ਰਾਸੀ[੧] ॥੧੨॥
'ਕਯੋਂ ਨਾਹਕ ਰਣ ਮਹਿਂ ਤੁਮ ਮਰੋ।
ਜਾਚਹੁ ਜਗਤ[੨], ਜੀਵਕਾ ਕਰੋ।
ਲਰਿਬੇ ਸੋਂ ਕਹਾ ਕਾਜ ਹਮਾਰਾ।
ਸਾਧ ਫਕੀਰ ਭੇਖ ਤਨ ਧਾਰਾ ॥੧੩॥
ਲਰੇ ਬਿਨਾਂ ਗੁਰ ਕਯੋਂਹੂੰ ਨ ਟਰੈ।
ਬਹੁਤ ਦਿਵਸ ਤੇ ਤਯਾਰੀ ਕਰੈ।
ਨਿਸਾ ਬਿਖੈ ਭਾਜਹੁ ਭਲਿਆਈ[੩]।
ਨਤੁ ਪ੍ਰਭੁ ਕਰੈਂ ਕੈਦ ਬਰਿਆਈ[੪]' ॥੧੪॥
ਇਮ ਕਹਿ ਨਿਕਸੇ ਨਿਸਾ ਅੰਧੇਰੀ।
ਡੇਰਾ ਤਯਾਗਿ ਗਏ ਬਿਨ ਬੇਰੀ[੫]।
ਜੁਦੇ ਜੁਦੇ ਹੁਇ ਦੇਸ਼ ਮਝਾਰਾ।
ਜਾਚਿ ਜਾਚਿ ਕਰਿ ਖਾਇਂ ਅਹਾਰਾ ॥੧੫॥
ਜਿਸ ਰਣ ਤੇ ਉਤਸਾਹ ਬਿਹੀਨ।
ਫਿਰੇ, ਜਹਾਂ ਕਹਿਂ ਬਨਿ ਬਨਿ ਦੀਨਿ।
ਗਹਯੋ ਨ ਖੜਗ, ਭੂਮ ਜਿਸ ਬਸਿ ਹੈ[੬]।
ਸੋ ਭੋਗਹਿ ਜੋ ਅਸਿ[੭] ਕਟ ਕਸ ਹੈ[੮] ॥੧੬॥
ਸਵਾ ਜਾਮ ਜਾਮਨਿ ਜਬਿ ਰਹੀ।
ਸੁਭਟਨਿ ਬਿਖੈ ਸੁਚੇਤੀ ਗਹੀ।
ਆਸਾਵਾਰ ਰਬਾਬੀ ਗਾਵੈਂ।
ਕੇਤਿਕ ਲੇ ਕਰਿ ਸੰਖ ਬਜਾਵੈਂ ॥੧੭॥
ਕਰਹਿਂ ਪਾਠ ਕੇਤਿਕ ਗੁਰਬਾਨੀ।
ਤਨੂ ਸ਼ਨਾਨਹਿ ਪਾਵਨ ਪਾਨੀ[੯]।

---

[੧]ਸਾਰਿਆਂ ਨੇ ਡਰ ਕੇ।
[੨]ਮੰਗ ਕੇ ਜਗਤ ਵਿਚੋਂ।
[੩]ਚੰਗੀ ਗਲ ਹੈ।
[੪]ਜੋਰੋ ਜੋਰੀ।
[੫]ਛੇਤੀ।
[੬]ਜਿਸ (ਖੜਗ) ਦੇ ਵੱਸ ਵਿੱਚ ਭੂਮ ਹੈ ਉਹ ਖੜਗ ਫੜੀ ਨਾ।
[੭]ਤਲਵਾਰ।
[੮]ਲੱਕ ਨਾਲ ਕੱਸਦਾ ਹੈ।
[੯]ਪਵਿੱਤ੍ਰ ਪਾਣੀ ਨਾਲ ਸਰੀਰ ਨੂੰ ਸ਼ਨਾਨ ਕਰਵਾਂਦੇ ਹਨ।

ਦੀਪ ਜਗਾਵਤਿ ਧੂਪ ਧੁਖਾਵਹਿਂ।
ਪੁਸ਼ਪਾਂਜੁਲ ਸ਼ਸਤ੍ਰਨਿ ਅਰਪਾਵਹਿਂ ॥੧੮॥
ਦਲ ਮਹਿਂ ਜਿਤ ਕਿਤ ਅਤਿ ਜੈਕਾਰਾ।
ਉਤਸਾਹਤਿ ਭਟ ਕਰਹਿਂ ਉਚਾਰਾ।
ਸ੍ਰੀ ਕਲਗ਼ੀਧਰ ਸੌਚ ਸ਼ਨਾਨੇ।
ਆਸਨ ਪਰ ਅਸੀਨ ਕਰਿ ਧਜਾਨੇ ॥੧੯॥
ਨਿਜ ਸਰੂਪ ਮਹਿਂ ਰਹੇ ਸਮਾਇ।
ਜੋ ਸਤਿ ਚਿਤ ਆਨੰਦ ਸਦਾਇ।
ਜਗਤਾਧਾਰ ਮਹਿਦ ਮਹੀਆਨ[1]।
ਅਚਲ, ਅਨਾਸ਼ੀ, ਸਰਬ ਸਮਾਨ ॥੨੦॥
ਕਮਲ ਬਿਲੋਚਨ ਮੁੰਦ੍ਰਿਤ ਹੋਏ।
ਤਿਸ ਸਮਾਧਿ ਮਹਿਂ ਥਿਰਤਾ ਜੋਏ।
ਜੁਗਮ ਘਰੀ ਕੇ ਅੰਮ੍ਰਿਤ ਵੇਲਾ।
ਤਜਜੋ ਧਜਾਨ ਸਤਿਗੁਰੂ ਸੁਹੇਲਾ ॥੨੧॥
ਪੁਨ ਸੁੰਦਰ ਦਸਤਾਰ ਸਜਾਈ।
ਊਪਰ ਜਿਗਾ ਬਾਂਧਿ ਦਮਕਾਈ।
ਪੁਨ ਧਰਿ ਕਰਿ ਕਲਗ਼ੀ ਬਡ ਸ਼ੋਭਾ।
ਜਗਮਗਾਤ ਪਿਖਿ ਕੌਨ ਨ ਲੋਭਾ ॥੨੨॥
ਸੂਖਮ ਚੀਰ ਪਹਿਰਿ ਗਰ ਜਾਮਾ।
ਹੁਤੋ ਦਰਾਜ਼[2] ਸ਼ੁਭਤਿ ਅਭਿਰਾਮਾ।
ਨਵਰਤਨੇ, ਸੁੰਦਰ ਭੁਜਦੰਡੇ।
ਜਨੁ ਸੌਂਡੀ ਬਡ ਸੁੰਡ ਪ੍ਰਚੰਡੇ[3] ॥੨੩॥
ਕੰਚਨ ਕੰਕਨ ਕੇ ਬਿਚ ਹੀਰੇ।
ਕੋਰਦਾਰ ਕਾਰੀਗਰ ਚੀਰੇ।
ਦੀਪਤਿ ਦੋਨਹੁਂ ਕਾਨਨ ਕੁੰਡਲ[4]।
ਸ਼ਮਸ਼ ਤਨਕ[5] ਸ਼ੋਭਤਿ ਮੁਖਮੰਡਲ ॥੨੪॥
ਇਮ ਪਹਿਰਤਿ ਪ੍ਰਕਾਸ਼ ਹੁਇ ਆਯੋ।

---

[1]ਜਗਤ ਦਾ ਆਧਾਰ ਤੇ ਵਡਿਆਂ ਤੋਂ ਵਡਾ ਹੈ।
[2]ਲੰਮਾ।
[3]ਹਾਥੀ ਦੀ ਸੁੰਡ ਵਰਗੇ ਬਡੇ ਤੇ ਸੁੰਦਰ ਭੁਜਦੰਡਾਂ ਤੇ ਨਵਰਤਨੇ ਪ੍ਰਕਾਸ਼ ਰਹੇ ਹਨ। [ਸੌਂਡੀ-ਸੁੰਡ ਵਾਲਾ, ਹਾਥੀ]।
[4]ਪ੍ਰਕਾਸ਼ ਕਰਦੇ ਹਨ ਦੋਹਾਂ ਕੰਨਾਂ ਵਿਚ ਕੁੰਡਲ।
[5]ਦਾੜ੍ਹਾ ਛੋਟਾ ਜਿਹਾ।

ਦਿਨਕਰ ਉਦਯੋ ਵਾਰ ਭੋਗਾਯੋ[1]।
ਭੀ ਅਰਦਾਸ ਸਭਿਨਿ ਸਿਰ ਨਾਵਾ।
ਤਬਿ ਇਕ ਸ਼ੀਘ੍ਰਹਿ ਬੈਨ ਅਲਾਵਾ ॥੨੫॥
'ਸੁਨੀਅਹਿ ਮਹਾਰਾਜ! ਅਬਿਨਾਸ਼ੀ!
ਗਏ ਭਾਜ ਨਿਸ ਬਿਖੈ ਉਦਾਸੀ।
ਸ੍ਰੀ ਮੁਖ ਤੇ ਸੁਨਿ ਕੈ ਰਣ ਕਰਨੋ।
ਜਿਯਨ ਹੇਤੁ ਭਾ ਧੀਰਜ ਹਰਨੋ' ॥੨੬॥
ਬਿਕਸਿ ਬਦਨ ਅਰਬਿੰਦ ਬਖਾਨਾ।
'ਦੇਖਯੋ ਭਲੇ ਕਿ ਨਹਿਂ ਸੋ ਥਾਨਾ।
ਗਏ ਭਾਜ ਸਗਲੇ ਇਕ ਬਾਰੀ।
ਰਹਯੋ ਕਿ ਨਹਿਂ ਕੋ ਧੀਰਜ ਧਾਰੀ ॥੨੭॥
ਰਾਖਯੋ ਬੀਜ ਕਿ ਉਖਰਯੋ ਸਾਰੇ।
ਹੁਤੋ ਸਾਰ ਕੈ ਫੋਕਟ ਕਯਾਰੇ[2]।'
ਸੁਨਿ ਸਿੱਖਨ ਕਰ ਜੋਰਿ ਉਚਾਰਾ।
'ਸਭਿਨਿ ਮਹੰਤ ਏਕ ਤਨ ਭਾਰਾ ॥੨੮॥
ਮੁੰਦ੍ਰਿਤ ਲੋਚਨ ਕਰਿ ਥਿਰ ਹੋਵਾ।
ਚੇਲਨ ਕੌ ਜੋ ਵਾਕ ਨ ਜੋਵਾ[3]।
ਨਾਮ ਕ੍ਰਿਪਾਲ ਮਨਹੁਂ ਸ਼ਿਵ ਬੈਸਾ।
ਥਿਰਯੋ ਅਡੋਲ ਸਮਾਧੀ ਹੈਸਾ[4]' ॥੨੯॥
ਕਲਗ਼ੀਧਰ ਸ੍ਰੀ ਮੁਖ ਮੁਸਕਾਨੇ।
ਭਏ ਪ੍ਰਸੰਨ ਕ੍ਰਿਪਾ ਰਸ ਸਾਨੇ।
'ਰਹਯੋ ਮੂਲ ਤੌਂ ਸਭਿ ਕਿਛ ਹੋਵੈ।
ਸ਼ਾਖਾ ਪੱਤ੍ਰ ਫੂਲ ਫਲ ਜੋਵੈਂ ॥੩੦॥
ਜੇ ਕਰਿ ਜਰ[5] ਉਖਰਤਿ ਇਸ ਬਾਰਾ।
ਬਹੁਰ ਨ ਬਨਤੋ ਕਛੂ ਅਕਾਰਾ।

---

[1]ਸੂਰਜ ਚੜ੍ਹੇ ਵਾਰ (ਦਾ) ਭੋਗ ਪਿਆ।
[2](ਖੇਤ ਵਿਚ ਸਫਲ) ਫਸਲ ਹੈਸੀ ਕਿ ਨਿਫਲੇ ਝਾੜਾਂ ਵਾਲੇ ਕਿਆਰੇ ਸਨ। [ਸਾਰ = ਤੱਤ੍ਵ ਵਾਲਾ। ਜੋ ਫ਼ਸਲੀ ਜ਼ਿਮੀਂ ਨੂੰ ਬੀ ਸਾਰ ਕਹਿੰਦੇ ਹਨ ਭਾਵ ਫਸਲ ਤੋਂ ਹੀ ਹੈ। ਫੋਕਟ = ਫੋਕੀਆਂ ਫਲੀਆਂ ਵਾਲੇ ਯਾ ਨਿਫਲੇ ਝਾੜ]।
[3]ਚੇਲਿਆਂ ਦੀ ਗਲ ਵਲ ਉਸ ਨਹੀਂ ਡਿੱਠਾ, ਪਰੰਤੂ ਸੁਧ ਪਾਠ ਚਾਹੀਦਾ ਹੈ 'ਚੇਲਨ ਕੋ ਜੋਵਾ ਕਿ ਨ ਜੋਵਾ' = (ਪਤਾ ਨਹੀਂ) ਚੇਲਿਆਂ ਨੂੰ ਭੱਜਦਿਆਂ (ਉਸ ਨੇ) ਡਿੱਠਾ ਹੈ ਕਿ ਨਹੀਂ। ਲਿਖਾਰੀ ਦੀ ਕਲਮ-ਉਕਾਈ ਜਾਪਦੀ ਹੈ।
[4]ਸਮਾਧੀ ਵਿਚ ਹੈ।
[5]ਜੜ੍ਹ।

ਗੁਰ ਘਰ ਤੇ ਜਾਤੇ ਇਹ ਟੂਟ।
ਭੇਖ ਨ ਚਲਤਿ ਹੋਤਿ ਹੈਂ ਹੂਟ[1] ॥੩੧॥
ਜਬਿ ਲਗਿ ਹੈ ਜਿਸ ਕੋ ਸਿਰ ਕਾਇਮ।
ਜਗ ਜਾਨੈ ਤਬਿ ਲੌ ਜੰਗ ਦਾਇਮ[2]।
ਰਹਜੋ ਮਹੰਤ ਜਿ ਧੀਰ ਨ ਛੋਰਾ।
ਚੇਲਾ ਬਨਹਿਂ ਆਨਿ ਗਨ ਔਰਾ ॥੩੨॥
ਜਾਹੁ ਅਬਹਿ ਤਿਹ ਲੇਹੁ ਬੁਲਾਈ।
ਰਖੀ ਭੇਖ ਕੀ ਲਾਜ ਬਡਾਈ।'
ਹੁਕਮ ਸੁਨਤਿ ਗੁਰ ਕੋ ਸਿਖ ਗਯੋ।
ਧਜਾਨ ਬਿਖੈ ਥਿਤ ਦੇਖਤਿ ਭਯੋ ॥੩੩॥
ਅੰਗ ਹਿਲਾਇ ਸਮਾਧਿ ਛੁਟਾਈ।
ਬਿਕਸੇ ਲੋਚਨ ਜੁਤਿ ਅਰੁਨਾਈ।
ਮਸਤਕ ਟੇਕਿ ਕਹਜੋ ਸਿਖ ਤਬੈ।
'ਤੁਮ ਕੋ ਪ੍ਰਭੁ ਹਕਾਰਤਿ ਅਬੈ ॥੩੪॥
ਕਰਤਿ ਉਤਾਇਲ ਮੋਹਿ ਪਠਾਯੋ।
ਇਸ ਕਾਰਨ ਤੇ ਧਜਾਨ ਛੁਟਾਯੋ।
ਯਾਂ ਤੇ ਛਿਮਾ ਮੋਹਿ ਪਰ ਧਰੀਅਹਿ।
ਸ਼੍ਰੀ ਸਤਿਗੁਰ ਕੇ ਨਿਕਟਿ ਸਿਧਰੀਅਹਿ' ॥੩੫॥
ਤਤਛਿਨ ਉਠਜੋ ਹੁਕਮ ਸੁਨਿ ਗੁਰ ਕੋ।
ਕੇਹਰਿ ਸਮ ਉਤਸਾਹਤਿ ਉਰ ਕੋ।
ਸ਼ੀਘਰ ਕਰਤਿ ਗੁਰ ਨਿਕਟਿ ਸਿਧਾਰਾ।
ਪਹੁੰਚਜੋ ਦਰਸ਼ਨ ਚਾਰੁ[3] ਨਿਹਾਰਾ ॥੩੬॥
ਦੋਨੋ ਹਾਥ ਜੋਰਿ ਕਰਿ ਨਮੋ।
ਆਇ ਮਿਲੇ ਬੈਠਜੋ ਤਿਹ ਸਮੋ।
ਦੀਰਘ ਜਟਾਜੂਟ ਸਿਰ ਬਾਧਾ[4]।
ਰੋਕਿ ਰਿਖੀਕਨ[5] ਮਨ ਜਿਹ ਸਾਧਾ ॥੩੭॥

---

[1]ਨਿਖੁੱਟ ਜਾਂਦੇ।
[2]ਇਹ ਇਕ ਕਹਾਵਤ ਹੈ:- ਸਿਰ ਕਾਇਮ ਤੇ ਜੰਗ ਦਾਇਮ। ਜੇ ਸਰਦਾਰ ਜੀਉਂਦਾ ਰਹੇ ਤਾਂ ਜੰਗ ਜਾਰੀ ਰਹਿ ਸਕਦਾ ਹੈ। ਭਾਵ ਇਹ ਕਿ ਮਹੰਤ ਨਹੀਂ ਭੱਜਿਆ ਤਾਂ ਸੰਪ੍ਰਦਾ ਨਾਲ ਨਹੀਂ ਟੁੱਟੀ, ਕਿਉਂਕਿ ਜੇ ਮਹੰਤ ਕਾਇਮ ਹੈ ਤਾਂ ਸੰਪ੍ਰਦਾ ਤਾਂ ਇਸ ਨੇ ਬਣਾ ਲੈਣੀ ਹੈ।
[3]ਸੁੰਦਰ।
[4]ਜਟਾਵਾਂ ਦਾ ਜੂੜਾ ਸਿਰ ਤੇ ਬੱਧਾ ਹੋਇਆ।
[5]ਇੰਦ੍ਰੀਆਂ।

ਸਰਬੰਗਨ ਮਹਿਂ ਲਗੀ ਬਿਭੂਤ।
ਸ਼ੋਭਤਿ ਮਨੋ ਦੱਤ ਅਵਧੂਤ[1]।
ਤਪ ਕੋ ਤੇਜ ਦਿਪਤਿ ਹੈ ਐਸੇ।
ਰਿਖੀਅਨਿ ਮਹਿਂ ਘਟਨੰਦਨ ਜੈਸੇ[2] ॥੩੮॥
ਬ੍ਰਹਮਚਰਜ ਮਹਿਂ ਬਡੋ ਸਪੁੱਤਾ[3]।
ਗੁਰ ਕੇ ਚਰਨ ਨਾਮ ਰਸ ਮੱਤਾ।
ਕਰ ਪਗ ਕੇ ਨਖ ਬਧੇ ਬਿਸਾਲਾ।
ਕਸੀ ਕੁਪੀਨ[4] ਦਿਪਤ ਬਡ ਭਾਲਾ ॥੩੯॥
ਇਕ ਤੂੰਬਾ ਹਿਤ ਪੀਵਨ ਬਾਰੀ[5]।
ਕੁਤਕਾ ਗਹੇ ਹਾਥ ਮੈਂ ਭਾਰੀ।
ਸ਼ਮਸ ਬਦਨ ਪਰ ਝਮਕਤਿ ਅਹੈ।
ਬਸਤ੍ਰ ਬਿਹੀਨ ਦਿਗੰਬਰ[6] ਰਹੈ ॥੪੦॥
ਤਨ ਸਥੂਲ[7] ਅਰੁ ਪੇਟ ਬਿਸਾਲਾ।
ਲਾਂਬੀ ਭੁਜਾ ਮਹਾਂ ਬਲ ਵਾਲਾ।
ਸਤਿਗੁਰ ਸਨਮੁਖ ਮਹਿਦ ਸੁਹਾਯੋ।
ਮਨੋ ਗਜਾਨ[8] ਢਿਗ ਤਪ[9] ਚਲਿ ਆਯੋ ॥੪੧॥
ਕਿਧੌਂ ਬਿਸ਼ਨੁ ਕੇ ਦਰਸ਼ਨ ਕਾਰਨ।
ਮਹਾਂਦੇਉ ਬੈਠਯੋ ਰਿਪੁ ਦਾਰਨ[10]।
ਰਾਮਚੰਦ ਢਿਗ ਕਿਧੌਂ ਅਗਸਤ[11]।
ਇਮ ਅਵਲੋਕਤਿ ਸਿੱਖ ਸਮਸਤ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਕ੍ਰਿਪਾਲ ਮਹੰਤ' ਪ੍ਰਸੰਗ ਬਰਨਨੰ ਨਾਮ ਤੀਨ ਬਿੰਸਤੀ ਅੰਸੂ ॥੨੩॥

---

[1]ਦੱਤਾ ਤ੍ਰੇਯ [ਦੇਖੋ ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰ: ਅਧ੍ਯਾ: ੬੫ ਅੰਕ ੫੭]।
[2]ਘੜੇ ਤੋਂ ਜੰਮਿਆ ਰਿਖੀ ਭਾਵ ਅਗਸਤ।
[3]ਅਬਰੋ ਵਾਲਾ। (ਅ) ਸ੍ਰੇਸ਼ਟ ਪਾਤ੍ਰ।
[4]ਲੰਗੋਟੀ।
[5]ਜਲ।
[6]ਨੰਗਾ।
[7]ਮੋਟਾ।
[8]ਭਾਵ ਗੁਰੂ ਜੀ।
[9]ਭਾਵ ਮਹੰਤ।
[10]ਦੱਲਨੇ ਵਾਲਾ। (ਯਾ) ਭਜਾਨਕ (ਕਾਮ) ਦਾ ਵੈਰੀ ਸ਼ਿਵਰ (ਮਾਨੋ) ਬੈਠਾ ਹੈ।
[11]ਸ਼੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ ਅਧ੍ਯਾ: ੧੪ ਅੰਕ ੫੭ ਵਿਚ ਇਸੇ ਖਿਆਲ ਨੂੰ ਇਸ ਤਰ੍ਹਾਂ ਕਥਨ ਕੀਤਾ:-'ਕੁੰਭਜ ਨਿਕਟ ਰਘੁਤਮ ਜੈਸੇ'।

੨੪. [ਮਹੰਤ ਕ੍ਰਿਪਾਲ। ਦਲ ਦੀ ਚੜ੍ਹਾਈ]

੨੩<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੫

ਦੋਹਰਾ: ਸ਼੍ਰੀ ਗੁਰੁ ਗੋਵਿੰਦ ਸਿੰਘ ਜੀ, ਸਨਮੁਖ ਦੇਖਿ ਮਹੰਤ।
ਮੁਸਕਾਵਤਿ ਬੋਲੇ ਬਚਨ, ਕਲਗੀ ਸੀਸ ਸੁਭੰਤਿ ॥੧॥
ਚੌਪਈ: 'ਕਹੋ ਮਹੰਤ! ਚੇਲਕਾ ਕਹਾਂ[1]?
ਨਿਤ ਜੋ ਅਚਹਿਂ ਤਿਹਾਵਲ ਮਹਾਂ।
ਖੇਤ ਮੁਲਾਇਮ ਚਰਬੇਹਾਰੇ।
ਪਸੁ ਹਰਿਆਉ[2] ਮਨਿੰਦ ਸਿਧਾਰੇ ॥੨॥
ਭੁਗਤਨ ਹਿਤ[3] ਕਰਾਹਿ ਨਿਤ ਬਾਂਛੇ[4]।
ਗਮਨਹਿ ਸੰਗਤਿ ਮਹਿਂ ਜਿਤ ਆਛੇ[5]।
ਕਾਰਜ ਪਰੇ ਛੋਰ ਇਮ ਗਏ।
ਜਿਮ ਪਾਹੁਨ ਨਿਸ ਬਸਿ ਸੁਖ ਲਏ[6] ॥੩॥
ਕਹਾਂ ਭਯੋ ਜੋ ਉਡਗਨ[7] ਨਾਂਹੀ।
ਦਿਪਤੈ ਚੰਦ ਦਸੋਂ ਦਿਸ਼ਿ ਮਾਂਹੀ।'
ਸੁਨਤਿ ਕ੍ਰਿਪਾਲ ਮਹੰਤ ਉਚਾਰੀ।
'ਗੁਰ ਚੇਲੇ ਸਭਿ ਸ਼ਰਣਿ ਤੁਮਾਰੀ ॥੪॥
ਭਲੇ ਬੁਰੇ ਸੰਭਾਰਨ ਵਾਰੇ।
ਤੁਮ ਹੋ, ਗੁਰ ਪੂਰਨ ਬਲਿ ਭਾਰੇ।
ਬਡੇ ਭਾਗ ਕੈ ਪ੍ਰਾਪਤਿ ਹੋਵਾ[8]।
ਸੰਕਟ ਜਨਮ ਮਰਨ ਕੋ ਖੋਵਾ ॥੫॥
ਬ੍ਰਹਮਾਦਿਕ ਸਨਕਾਦਿਕ ਸਾਰੇ।
ਸ਼ੇਖ ਸਾਰਦਾ[9] ਪਾਇਂ ਨ ਪਾਰੇ[*]।
ਧ੍ਯਾਨ ਵਿਖੈ ਜੋਗੀਸ਼ਰ ਧ੍ਯਾਵੈਂ।

---

[1]ਚੇਲੇ ਕਿੱਥੇ ਹਨ?
[2]ਹਰੇ ਪੱਤੇ ਜਿੱਥੇ ਦਿੱਸਣ ਉਥੇ ਦੌੜ ਕੇ ਅੱਪੜਨ ਵਾਲਾ ਪਸੂ।
[3]ਖਾਣ ਵਾਸਤੇ।
[4]ਚਾਂਹਵਦੇ ਸੀ।
[5]ਜਿੱਥੇ ਚੰਗੇ (ਪਦਾਰਥ ਦੇਖਦੇ ਸੀ)।
[6]ਜਿਵੇਂ ਪ੍ਰਾਹੁਣਾ ਸੁਖ ਲੈਕੇ ਰਾਤ ਬਿਤਾਕੇ (ਸਵੇਰੇ ਛੋੜ ਜਾਂਦਾ ਹੈ)।
[7]ਤਾਰੇ (ਰੂਪੀ ਚੇਲੇ)।
[8]ਕਰਕੇ ਪ੍ਰਾਪਤ ਹੋਇਆ (ਆਪ ਦਾ ਦਰਸ਼ਨ ਅਸਾਂ ਨੂੰ)।
[9]ਸ਼ੇਸ਼ਨਾਗ ਅਤੇ ਸਰਸ੍ਵਤੀ।
[*]'ਕੋਟ ਬਿਸ਼ਨ ਬ੍ਰਹਮੇ ਤ੍ਰਿਪੁਰਾਰੀ। ਇਨ ਪਾਵੋਂ ਪਰ ਦਿਜਿਯੈ ਵਾਰੀ'। [ਸੰਤ ਕ੍ਰਿਪਾਲ ਜੀ ਦੀ ਜ਼ਬਾਨੀ, ਗੁਰ ਬਿਲਾਸ ਅੰਕ ੨੩੦ ਧਿਆ ੬।

ਰਿਖਿ ਨਾਰਦ ਤੇ ਆਦਿਕ ਗਾਵੈਂ ॥੬॥
ਇੰਦ੍ਰਾਦਿਕ, ਸੁਰ, ਕਿੰਨਰ, ਜੱਛ।
ਬਿੱਦਜਾਧਰ, ਗੰਧ੍ਰਬ ਪ੍ਰਤੱਛ।
ਚਰਨ ਕਮਲ ਤੁਵ ਕਰਹਿਂ ਅਰਾਧਨ।
ਤਪ ਆਦਿਕ ਸਾਧਹਿਂ ਗਨ ਸਾਧਨ ॥੭॥
ਹਮ ਲੋਕਨਿ ਕੇ ਭਾਗ ਬਡੇਰੇ।
ਲੋਚਨ ਗੋਚਰ ਤੁਮ ਕੌ ਹੇਰੇ।
ਮਨ ਬਾਨੀ ਕੋ ਬਿਸ਼ੈ ਨ ਹੋਈ।
ਭਾਖਤਿ ਸ਼੍ਰੁਤਿ ਸਿੰਮ੍ਰਿਤਿ ਸਭਿ ਕੋਈ ॥੮॥
ਅਸ ਪ੍ਰਭੁ ਪਾਇ ਕੌਨ ਤਜਿ ਸਕੈਂ।
ਜਿਸ ਕੇ ਪਦ ਸਰੋਜ ਸੁਰ ਤਕੈਂ[1]।
ਭੂਲ ਚੂਕ ਦਾਸਨ ਤੇ ਹੋਇ।
ਬਖਸ਼ਨਹਾਰ ਪ੍ਰਭੁ ਤੁਮ ਸੋਇ ॥੯॥
ਜਿਸ ਕੇ ਉਰ ਨਿਸ਼ਚਾ ਅਸ ਦੇਤਿ।
ਤਿਹ ਨਿਜ ਸੰਗ ਮਿਲਾਇ ਸੁ ਲੇਤਿ[2]।
ਕਹਾਂ ਬੁਧਿ ਹਮ, ਕਰੈਂ ਬਡਾਈ।
ਤੁਮਰੀ ਪ੍ਰਭਾ[3] ਤੁਮਹਿਂ ਬਨਿ ਆਈ' ॥੧੦॥
ਏਵ ਪ੍ਰਸ਼ੰਸ਼ਤਿ ਸਾਧ ਕ੍ਰਿਪਾਲ।
ਬਿਹਸ ਬਚਨ ਤਬਿ ਕਹਯੋ ਕ੍ਰਿਪਾਲ[4]।
'ਬ੍ਰਿੰਦ ਗਿਰਿੰਦਨ ਚਮੂੰ ਬਿਲਦ।
ਹਮ ਪਰ ਚਢਿ ਆਏ ਕਰਿ ਦੁੰਦ[5] ॥੧੧॥
ਭੀਮਚੰਦ ਕੇ ਕਹੇ ਕਹਾਏ।
ਬਾਇਸ ਧਾਰ[6] ਨ੍ਰਿਪਤਿ ਸਮੁਦਾਏ।
ਸਭਿਨਿ ਸਕੇਲੀ ਅਨੀ ਘਨੇਰੀ।
ਫਤੇਸ਼ਾਹਿ ਲੇ ਸੰਗ ਬਡੇਰੀ ॥੧੨॥
ਬਿਨਾ ਕਾਜ* ਮੂਰਖ ਹੰਕਾਰੀ।

---

[1]ਦੇਵਤੇ ਤੱਕਦੇ ਹਨ।
[2]ਮਿਲਾ ਲੈਂਦੇ ਹੋ (ਅੰਤ ਨੂੰ)।
[3]ਸ਼ੋਭਾ, ਉਪਮਾ।
[4]ਭਾਵ ਗੁਰੂ ਜੀ ਨੇ।
[5]ਰੌਲਾ:, ਜ਼ੋਰ ਸ਼ੋਰ ਕਰਕੇ।
[6]ਬਾਈਧਾਰ।
*ਸ੍ਰੀ ਮੁਖ ਵਾਕ 'ਲੋਹ ਧਰਾ ਹਮ ਸੋਂ ਬਿਨ ਕਾਜਾ' ਵਲ ਇਸ਼ਾਰਾ ਹੈ।

ਲਰਿਬੇ ਹੇਤੁ ਕਰੀ ਅਸ ਤਜਾਰੀ[+]।
ਆਜ ਚਢੈਂ ਹਮ ਲੇ ਨਿਜ ਦਲ ਕੋ।
ਦੇਖਹਿਂ ਅਪਰ ਦਿਖਾਵਹਿ ਬਲ ਕੋ[੧] ॥੧੩॥
ਤੁਮ ਹੋ ਸੰਤ ਸਰੂਪ ਸਮਰੱਥ।
ਕਹੌ ਬਿਜੈ ਹੁਇ ਕਿਸ ਕੇ ਹੱਥ?
ਕੌਨ ਤਜੈ ਰਨਖੇਤ ਪਲਾਵਹਿ?
ਕੌਨ ਜੀਤ ਸ਼ੀਘਰ ਘਰ ਜਾਵਹਿ? ॥੧੪॥
ਨਾਮ ਕ੍ਰਿਪਾਲ ਕ੍ਰਿਪਾਲ ਸਰੂਪ[੨]।
ਕਹੋ ਬਤਾਵਨਿ ਬਾਤ ਅਨੂਪ।'
ਸੁਨਿ ਮਹੰਤ ਦ੍ਰਿਗ ਤੇ ਜਲ ਢੇਰੇ[੩]।
'ਕਹੌਂ ਬਾਕ ਸੁਨੀਅਹਿ ਪ੍ਰਭੁ ਮੇਰੇ ॥੧੫॥
ਖੇਲ ਅਨੇਕ ਰਚਹੁ ਮਨ ਭਾਏ।
ਨਰ ਲੀਲਾ ਅਨੁਸਾਰਿ ਬਨਾਏ।
ਪ੍ਰਥਮ ਸ਼ੱਤ੍ਰ ਮਧੁਕੈਟਭ ਭਾਰੀ।
ਬਿਧਿ ਸਹਾਇ ਹਿਤ[੪] ਸੋ ਲਿਯ ਮਾਰੀ ॥੧੬॥
ਪੁਨ ਸਤਿਜੁਗ ਮਹਿਂ ਦਿਤੀ ਸੁ ਨੰਦ।
ਹਿਰਨਕਸ਼ਪ ਹਿਰਨਾਛ ਨਿਕੰਦ[੫]।
ਤ੍ਰੇਤੇ ਮਹਿਂ ਰਾਵਨ ਬਲਵਾਨਾ।
ਤੀਨ ਲੋਕ ਮਹਿਂ ਤਪਯੋ ਮਹਾਨਾ ॥੧੭॥
ਤਿਸ ਕੇ ਸੰਗ ਘਾਲਿ ਘਮਸਾਨਾ।
ਕੁੰਭਕਾਨ ਭ੍ਰਾਤਾ ਮਹੀਆਨਾ[੬]।
ਮੇਘਨਾਦ, ਅਤਿਕਾਇ[੭] ਬਿਲੰਦੇ।
ਸਭਿਨਿ ਸਮੇਤ ਬਿਨਾਸ਼ ਅਨੰਦੇ ॥੧੮॥
ਭਾਰਤ[੮] ਦ੍ਵਾਪੁਰ ਮਹਿਂ ਬਡ ਘਾਲਾ।
ਜਰਾਸੰਧ ਤੇ ਆਦਿ ਨ੍ਰਿਪਾਲਾ।

[+]ਪਾ:-ਅਗਵਾਰੀ।
[੧]ਹੋਰਨਾਂ ਦਾ ਬਲ ਦੇਖੀਏ ਤੇ ਆਪਣਾ ਦਿਖਾਈਏ।
[੨]ਕ੍ਰਿਪਾ ਦਾ ਰੂਪ ਕ੍ਰਿਪਾਲ ਨਾਮ ਵਾਲੇ ਹੋ।
[੩]ਗੇਰਿਆ।
[੪]ਬ੍ਰਹਮਾਂ ਦੀ ਸਹਾਇਤਾ ਵਾਸਤੇ।
[੫]ਦਿੱਤੀ ਦੇ ਪੁੱਤ੍ਰ ਹਿਰਨਕਸ਼ਪ ਤੇ ਹਿਰਨਾਕਸ਼ ਨਾਸ਼ ਕੀਤੇ।
[੬]ਵੱਡਾ।
[੭]ਰਾਵਣ ਦੇ ਇਕ ਪੁੱਤ੍ਰ ਦਾ ਨਾਮ ਅਤਿਕਾਇ ਸੀ ਜਿਸ ਨੂੰ ਲਛਮਨ ਨੇ ਮਾਰਿਆ ਸੀ।
[੮]ਮਹਾਭਾਰਥ (ਦਾ ਜੁੱਧ)।

ਅਨ ਗਨ ਸੈਨਾ ਸਹਿਤ ਸੰਘਾਰਾ।
ਧਰਾ ਬਿਸਾਲ ਭਾਰ ਨਿਰਵਾਰਾ ॥੧੯॥
ਕਲੀ ਕਾਲ ਮਹਿਂ ਅਬਿ ਤਨ ਧਰਜੋ।
ਚਾਹਤਿ ਹੋ ਖਲ ਦਲ ਬਲ[੧] ਹਰਜੋ।
ਦਿਪਤ ਪ੍ਰਚੰਡ ਮਹਿਦ ਭੁਜਦੰਡੇ।
ਬਲ ਆਸ਼੍ਰੈ[++] ਰਿਪੁ ਗਨ ਕਰਿ ਖੰਡੇ[੨] ॥੨੦॥
ਬ੍ਰਹਮਾਦਿਕ ਜਿਸ ਤੇ ਡਰਪਾਏ।
ਐਸੇ ਬਲੀ ਬਿਲੰਦ ਤੁਮ ਘਾਏ।
ਕਲਿ ਨਰ ਬਪੁਰੇ ਕਹਾਂ ਅਗਾਰੀ।
ਕੋ ਸਮਾਨ ਹੁਇ ਸਕੈ ਤੁਮਾਰੀ ॥੨੧॥
ਜੱਛ ਸੁਰਾਸੁਰ ਆਦਿ[*] ਪ੍ਰਚੰਡ।
ਸਭਿ ਪਰ ਅਹੈ ਆਪ ਕੋ ਦੰਡ।
ਬਿਜੈ ਲੱਛਮੀ[੩] ਸੰਗ ਤੁਮਾਰੇ।
ਸਦਾ ਬਸਹਿ, ਨਹੀਂ ਜਾਹਿ ਕਿਨਾਰੇ[੪] ॥੨੨॥
ਮਿਲਹਿਂ ਮ੍ਰਿੱਗ ਜੇ ਸਗਰੇ ਕਾਨਨ।
ਕੇਹਰਿ ਨਾਦਿ ਸੁਨਹਿਂ ਜਬਿ ਕਾਨਨ[੫]।
ਹੋਇਂ ਪਲਾਇਨ, ਸਮੁਖ ਨ ਆਨਨ[੬]।
ਗਰਜਤਿ ਬਲ ਤੇ ਸਮਤਾ ਆਨ ਨ[੭] ॥੨੩॥
ਤਿਮ ਨਹਿਂ ਠਹਿਰਹਿਂ ਜੰਗ ਪਹਾਰੀ।
ਪਿਖਿ ਤੁਮ ਭਾਜਹਿਂ ਲਾਜ ਬਿਸਾਰੀ।'
ਏਵ ਕ੍ਰਿਪਾਲ[੮] ਕ੍ਰਿਪਾਲਹਿ ਸਾਥਾ[੯]।
ਬਚਨ ਬਿਲਾਸ ਕਰਹਿ ਰਣ ਗਾਥਾ ॥੨੪॥
ਇਤਨੇ ਮਹਿਂ ਦ੍ਵੈ ਸਿਖ ਚਲਿ ਆਏ।

---

[੧]ਦੁਸ਼ਟਾਂ ਦੇ ਦਲ ਦਾ ਬਲ।
[++]ਪਾ:-ਬਿਚ ਆਸ਼੍ਰੈ।
[੨]ਟੁਕੜੇ ਟੁਕੜੇ ਕਰ ਦੇਣ ਵਾਲੇ।
[*]ਪਾ:-ਆਇ
[੩]ਜਿੱਤ ਦੀ ਦੇਵੀ।
[੪]ਲਾਂਭੇ ਨਹੀਂ ਹੁੰਦੀ।
[੫]ਜਦੋਂ ਕੰਨਾਂ ਵਿਚ।
[੬]ਸਾਹਮਣੇ ਨਹੀਂ ਮੂੰਹ (ਕਰਦੇ)।
[੭]ਉਸਦੇ ਸਮਾਨ ਬਲ ਨਾਲ ਹੋਰ (ਕੋਈ) ਨਹੀਂ ਗੱਜ ਸਕਦਾ।
[੮]ਮਹੰਤ।
[੯]ਭਾਵ ਗੁਰੂ ਜੀ ਨਾਲ।

ਧਰਹਿਂ ਉਤਾਇਲ ਬੰਦਨ ਗਾਏ[੧]।
'ਮਹਾਰਾਜ! ਸੁਨੀਐ ਸਭਿ ਗਾਥਾ।
ਪਠਯੋ ਹੁਤੋ ਨਰ ਅਰਿ ਦਲ ਸਾਥਾ[੨] ॥੨੫॥
ਸੋ ਤੂਰਨ ਹੀ ਚਲਿ ਕਰਿ ਆਯੋ।
[੩]ਫਤੇਸ਼ਾਹ ਕੋ ਕੂਚ ਕਰਾਯੋ।
ਭੰਗਾਣੀ ਕੇ ਸਨਮੁਖ ਆਵਤਿ।
ਬ੍ਰਿੰਦ ਦੁੰਦਭੀ ਊਚ ਬਜਾਵਤਿ ॥੨੬॥
ਅਨ ਗਨ ਦਲ ਓਰੜ ਕਰਿ ਆਏ।
ਚਹਿਂ ਰਾਵਰ ਸੋਂ ਜੰਗ ਮਚਾਏ।
ਸੁਨਿ ਬ੍ਰਿਤੰਤ ਮੈਂ ਚਢਯੋ ਤੁਰੰਗ।
ਸੁਧ ਹਿਤ ਆਯੋ ਤੂਰਨ ਸੰਗ[੪] ॥੨੭॥
ਆਗੇ ਜਿਮ ਸਾਹਿਬ ਮਨ ਭਾਵੈ।
ਤਥਾ ਬਰਤਿਬੇ ਮਹਿਂ ਸਭਿ ਆਵੈ।'
ਇਮ ਸੁਨਿ ਕਰਿ ਸਾਹਿਬ ਸਵਧਾਨਾ।
ਸ੍ਰੀ ਮੁਖ ਤੇ ਤਬਿ ਹੁਕਮ ਬਖਾਨਾ ॥੨੮॥
'ਦਿਹੁ ਬਜਾਇ ਰਣਜੀਤ ਨਗਾਰਾ।
ਤਯਾਰ ਹੋਇ ਜਿਸ ਤੇ ਦਲ ਸਾਰਾ।'
ਤਤਛਿਨ ਅਪਨੇ ਸ਼ਸਤ੍ਰ ਮੰਗਾਏ।
ਤੁਰਤ ਦਾਸ ਲੇ ਪਾਸ ਟਿਕਾਏ ॥੨੯॥
ਪ੍ਰਥਮ ਗੁਰੂ ਭਗਵਤੀ ਮਨਾਈ।
ਸ੍ਰੀ ਨਾਨਕ ਸਿਮਰੰਤਿ ਸਹਾਈ।
ਹੀਰੇ ਕੰਚਨ ਮੁਸ਼ਟ[੫] ਜਰਾਊ।
ਨਿਰਮਲ ਖਰ ਧਾਰਾ ਚਮਕਾਊ ॥੩੦॥
ਐਸੇ ਖੜਗ ਦੀਹ ਗਰ ਪਾਯੋ[੬]।
ਪੁਨ ਤਰਕਸ਼[੭] ਨਿਜ ਹਾਥ ਉਠਾਯੋ।
ਮੁਕਤਾ ਗੁੱਛ ਲਰਕਤੇ ਸੰਗ।

---

[੧]ਛੇਤੀ ਨਾਲ ਨਮਸਕਾਰ ਕਰਕੇ ਕਹਿਣ ਲਗੇ।
[੨]ਸ਼ੱਤ੍ਰੂ ਦੀ ਸੈਨਾਂ ਵਿਚ।
[੩](ਤੇ ਨਰ ਇਹ ਖਬਰ ਦੇਂਦਾ ਹੈ ਕਿ)।
[੪]ਛੇਤੀ ਨਾਲ।
[੫]ਮੁੱਠਾ।
[੬]ਗਲ ਵਿਚ ਪਾਇਆ।
[੭]ਭੱਥਾ।

ਦਿਢ ਦੀਰਘ ਖਰ[੧] ਭਰੇ ਖਤੰਗ[੨] ॥੩੧॥
ਗਰ ਮਹਿਂ ਪਾਇ ਕਸਜੋ ਕਟ[+] ਸਾਥਾ।
ਪੰਨਗ[++] ਸਦਨ ਕਿਧੌਂ ਦੁਤਿ ਭਾਥਾ[੩]।
ਧਨੁਖ ਕਠੋਰ ਗਹਜੋ ਨਿਜ ਹਾਥਾ।
ਹਯ ਆਵਾਹਨ ਕੀਨਸਿ ਨਾਥਾ ॥੩੨॥
ਕੇਤਿਕ ਸੁਭਟ ਦੁਰਗ ਮਹਿਂ ਛੋਰੇ।
'ਹੁਇ ਸੁਚੇਤ ਰੱਛਹੁ ਚਹੁੰ ਓਰੇ।'
ਤਬਿ ਪਾਂਚਹੁ ਭ੍ਰਾਤਾ ਚਲਿ ਆਏ।
ਸ਼ਸਤ੍ਰ ਸੁਹਾਵਤਿ ਅੰਗ ਲਗਾਏ ॥੩੩॥
ਮਨੋ ਪੰਚ ਪਾਂਡਵ ਇਹ ਸੋਹੈਂ।
ਰਣ ਕੇ ਹੇਤੁ ਚਢੇ ਬਡ ਰੋਹੈਂ।
ਸੰਗੋ ਸ਼ਾਹ ਬਿਸਾਲ ਜਿਨਹੁੰ ਮੈਂ।
ਆਯੁਧ ਬਿੱਦਜਾ ਨਿਪੁਨ ਤਿਨਹੁੰ ਮੈਂ ॥੩੪॥
ਜੀਤਮੱਲ ਦੂਜੋ ਬਡ ਜੋਧਾ।
ਰਿਪੁਗਨ ਮ੍ਰਿਗਨ, ਸ਼ੇਰ ਜਿਮ ਕ੍ਰੋਧਾ।
ਨਾਮ ਗੁਲਾਬ ਚੰਦ ਹੈ ਤੀਜੋ।
ਜਿਹ ਸਮ ਤੁਪਕ ਹਤਹਿ ਨਹਿਂ ਬੀਜੋ[੪] ॥੩੫॥
ਚਤੁਰਥ ਗੰਗਾਰਾਮ ਸੁਹਾਯੋ।
ਸ਼ਸਤ੍ਰ ਸਜਾਇ ਜੰਗ ਹਿਤ ਆਯੋ।
ਪੰਚਮ ਚਢਜੋ ਮਾਹਰੀ ਚੰਦ।
ਚਹਤਿ ਉਤਾਇਲ[੫] ਸ਼ੱਤ੍ਰ ਨਿਕੰਦ ॥੩੬॥
ਅਪਰ ਚਮੂੰ ਕੇਤਿਕ ਚਢਿ ਆਈ।
ਸਭਿ ਕੀ ਦਿਸ਼ਿ ਗੁਰ ਦ੍ਰਿਸ਼ਟਿ ਲਗਾਈ।
ਪਿਖਿ ਕਰਿ ਬੰਕੇ ਬੀਰ ਮਹਾਨਾ।
ਸੁਭਟ ਸੁਨਾਵਤਿ ਹੁਕਮ ਬਖਾਨਾ ॥੩੭॥
'ਭੰਗਾਣੀ ਗਾਡਜੋ ਰਣ ਥੰਭਾ।

---

[੧]ਤਿੱਖੇ।
[੨]ਤੀਰ।
[+]ਪਾ:-ਸਬ।
[++]ਪਾ:-ਪੰਕਤਿ
[੩]ਭੱਥੇ ਦੀ ਸ਼ੋਭਾ ਐਉਂ ਹੈ ਕਿ ਇਹ ਮਾਨੋਂ ਸੱਪਾਂ ਦਾ ਘਰ ਹੈ।
[੪]ਦੂਜਾ।
[੫]ਛੇਤੀ।

ਹਿਤ ਲਰਿਬੇ ਸੋ ਥਾਨ ਅਚੰਭਾ।
ਉਤ ਤੇ ਕੂਚ ਕਰੇ ਰਿਪੁ ਆਏ।
ਇਤ ਤੇ ਤੁਮ ਗਮਨਹੁੰ ਅਗੁਵਾਏ ॥੩੮॥
ਰੋਕਹੁ ਆਗਾ ਸ਼ੱਤ੍ਰੁਨਿ ਕੇਰਾ।
ਤਹਿਂ ਘਾਲੋ ਘਮਸਾਨ ਘਨੇਰਾ।'
ਸੰਗੋਸ਼ਾਹ ਹੁਕਮ ਗੁਰ ਸੁਨਿ ਕੈ।
ਉਰ ਉਤਸਾਹ ਵਧਯੋ ਹਿਤ ਰਣ ਕੈ ॥੩੯॥
'ਮਹਾਰਾਜ ਕਜ਼ਾ ਅਹੈਂ ਪਹਾਰੀ।
ਠਹਿਰ ਨ ਸਕਹੈਂ ਜੰਗ ਮਝਾਰੀ।
ਇਕਠੇ ਬ੍ਰਿੰਦ ਭਏ ਤੋ ਕਹਾਂ।
ਮ੍ਰਿਗ ਸਮ ਚਲਹਿਂ ਸ਼ੇਰ ਪਿਖਿ ਮਹਾਂ' ॥੪੦॥
ਇਮ ਕਹਿ ਗਮਨਯੋ ਦਿਸ਼ਿ ਰਣ ਖੇਤ।
ਜਹਿਂ ਭੰਗਾਣੀ ਕੀਨਿ ਸੰਕੇਤ[੧][*]।
ਕਿਤਿਕ ਚਮੂੰ ਤਿਨ ਕੇ ਸੰਗ ਚਢੀ।
ਲਰਿਬੇ ਹੇਤੁ ਚੌਂਪ ਚਿਤ ਬਡੀ ॥੪੧॥
ਪਾਂਚਹੁ ਭ੍ਰਾਤ ਕੁਦਾਇ ਤੁਰੰਗ।
ਚਲੇ ਚਲਾਵਤਿ ਬ੍ਰਿੰਦ ਤੁਫੰਗ।
ਰੋਕਯੋ ਜਾਇ ਭੰਗਾਣੀ ਆਗਾ।
ਦੁਹਿ ਦਿਸ਼ਿ ਭੇਰ ਪਰਨ ਤਬਿ ਲਾਗਾ ॥੪੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁਤੇ 'ਫ਼ੌਜ ਚੜ੍ਹਨ' ਪ੍ਰਸੰਗ ਬਰਨਨੰ ਨਮ ਚਤੁਰ ਬਿੰਸਤੀ ਅੰਸੂ ॥੨੪॥

---

[੧](ਭੰਗਾਣੀ ਜਿੱਥੇ) ਥਾਂ ਮਿਥਿਆ ਹੋਇਆ ਸੀ।

[*]ਇਸ ਤੋਂ ਸਪਸ਼ਟ ਹੈ ਕਿ ਭੰਗਾਣੀ ਪਰ ਪਹਿਲੋਂ ਤੋਂ ਤਿਆਰੀ ਕੀਤੀ ਹੋਈ ਸੀ।

੨੫. [ਜੰਗ ਸ਼ੁਰੂ]

੨੪<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੬

ਦੋਹਰਾ: ਸ਼੍ਰੀ ਗੁਰ ਗੋਵਿੰਦ ਸਿੰਘ ਜੀ, ਰਣ ਸਮਾਜ ਕਰਿ ਤਯਾਰ।
ਭਏ ਅਰੋਹਨ ਬਾਜ ਪਰ, ਪ੍ਰਥਮ ਬੰਦਨਾ ਧਾਰਿ ॥੧॥

ਭੁਜੰਗ ਪ੍ਰਯਾਤ ਛੰਦ: ਚਲੇ ਜੰਗ ਸੌਂਹਗੇ ਭਗੌਤੀ[੧] ਮਨਾਈ।
ਸਜ਼ੋਰੰ ਦੁਚੋਬਾਨ[੨] ਧੌਂਸੇ ਲਗਾਈ।
ਉਠੀ ਬੰਬ[੩] ਉਚੀ ਗਣੰ ਸੈਲ ਗਾਜੇ[੪]।
ਮਹਾਂਬੀਰ ਬੰਕੇ ਸਭੈ ਸ਼ਸਤ੍ਰ ਸਾਜੇ ॥੨॥
ਰਿਦੈ ਉਤਸਾਹੰ[*] ਤੁਰੰਗੀ ਅਰੋਹੇ।
ਗੁਰੂ ਸੰਗ ਚਾਲੇ ਮਹਾਂ ਜੰਗ ਸੌਂਹੇ[੫]।
ਉਠੀ ਧੂਰ ਪੂਰੰ ਨਭੰ ਛਾਇ ਲੀਨਾ।
ਪ੍ਰਕਾਸ਼ੰ ਨ ਦੀਸੈ ਰਵੰ[੬] ਢਾਂਪ ਲੀਨਾ ॥੩॥
ਬਧੇ ਚੁੰਗ ਚੌਂਪੇ ਚਲਾਕੀ ਦਿਖਾਵਹਿਂ।
ਚਲੇ ਗੋਲ[੭] ਆਗੇ ਕਿਕਾਨੰ ਕੁਦਾਵੈਂ।
ਬਕੈਂ ਬੀਰ ਉਚੇ ਸੁ ਮਾਰਾ ਬਕਾਰਾ।
ਪ੍ਰਭੂ ਕੋ ਸੁਨਾਵਹਿ 'ਪਹਾਰੀ ਸੰਘਾਰਾ' ॥੪॥
ਬਡੇ ਬੇਗ ਸੋਂ ਬਾਯੁ ਜੈਸੇ ਬਹੰਤੀ[੮]।
ਤਥਾ ਸੈਨ ਸਾਰੀ ਸੁ ਸ਼ੀਘ੍ਰੰ ਚਲੰਤੀ।
ਜਥਾ ਮੇਘ ਵੁੱਠੇ[੯] ਹੜੰ ਨੀਰ ਚਾਲੇ।
ਪਰਾ ਬਾਂਧਿ[੧੦] ਤੈਸੇ ਚਮੂੰ ਬੇਗ ਨਾਲੇ ॥੫॥
ਭਏ ਸੌਨ[੧੧] ਆਛੇ ਬਿਜੈ ਦੇਨ ਵਾਚੇ।

---

[੧]ਭਗੌਤੀ ਤੋਂ ਮੁਰਾਦ 'ਭਗੌਤੀ ਦੇ ਝੰਡੇ ਵਾਲੇ' ਅਸਿਧੁਜ = ਅਕਾਲ ਪੁਰਖ ਦੀ ਹੈ ਜਿਸ ਤਰ੍ਹਾਂ ਤਾਜ ਤੋਂ ਕਈ ਵੇਰ ਤਾਜਦਾਰ = ਪਾਤਸ਼ਾਹ ਦੀ ਮੁਰਾਦ ਹੁੰਦੀ ਹੈ। (ਅ) ਸ੍ਰੀ ਸਾਹਿਬ। (ੲ) ਭਗਵੰਤ ਦੀ ਸ਼ਕਤੀ (ਜੋ ਭਗਵੰਤ ਨਾਲ ਅਭੇਦ ਹੈ)।
[੨]ਜ਼ੋਰ ਨਾਲ ਦੁਹਰੀ ਚੋਬ।
[੩]ਅਵਾਜ਼
[੪]ਗੂੰਜ ਉਠੇ।
[*]ਪਾ:-ਉਤਸਾਹਿ।
[੫]ਜੰਗ ਦੇ ਸਾਹਮਣੇ।
[੬]ਸੂਰਜ।
[੭]ਟੋਲੇ।
[੮]ਜਿਵੇਂ ਵਾਯੂ ਬੜੀ ਤੇਜ਼ੀ ਨਾਲ ਵਗਦੀ ਹੈ।
[੯]ਵਰਖਣ ਤੇ।
[੧੦]ਪਰ੍ਹੇ ਬਨ੍ਹ ਕੇ।
[੧੧]ਸ਼ਗਨ।

ਬਹੀ ਪੌਨ ਪੀਛੇ ਰਿਦੇ ਮੋਦ ਧਾਰੇ।
ਭੁਜਾਦੰਡ ਦੋਨੋਂ ਪ੍ਰਭੂ ਕੇ ਫਰੰਕੇ।
ਮ੍ਰਿਗੰ ਮਾਲ ਦਾਏਂ ਪਲਾਈ ਅਤੰਕੇ[੧] ॥੬॥
ਇਸੀ ਰੀਤਿ ਚਾਲੇ ਪਹੂੰਚੇ ਭੰਗਾਣੀ।
ਦਯਾਰਾਮ ਦੇਖੀ ਗੁਰੂ ਸੋਂ ਵਖਾਣੀ।
'ਪਿਖੋ ਸ਼ੱਤ੍ਰੁ ਸੈਨਾ ਪਰਾ[੨] ਬਾਂਧਿ ਠਾਢੀ।
ਇਤੈ ਆਪਨੀ ਜੰਗ ਕੀ ਚੌਂਪ ਬਾਢੀ ॥੭॥
ਪਠਾਣੀ ਚਮੂੰ ਧਾਮ ਜਾਨੰ ਬਹਾਨੇ[੩]।
ਮਿਲੀ ਆਨਿ ਰਾਜਾਨ ਬੈਰੀ[੪] ਮਹਾਨੇ।
ਦਿਸ਼ਾ ਦਾਹਿਣੀ ਗੋਲ ਬਾਂਧੇ ਖਰੇਹੈਂ।
ਸੁ ਲੂਣੰ ਹਰਾਮੀ ਕੋ ਕਾਰਜ ਕਰੇ ਹੈਂ ॥੮॥
ਚਹੈਂ ਆਪਕੇ ਸਾਥ ਮਾਂਡੇ ਲਰਾਈ[੫]।
ਮਹਾਂ ਦੁਸ਼ਟ ਦੋਖੀ ਨਹੀਂ ਲਾਜ ਆਈ।
ਸਭੋਂ ਕੇ ਪਿਛਾਰੀ ਫਤੇਸ਼ਾਹਿ ਠਾਂਢਾ।
ਨਹੀਂ ਅੱਗ੍ਰ ਆਵਾ ਰਿਦੈ ਤ੍ਰਾਸ ਬਾਢਾ ॥੯॥
ਹਰੀਚੰਦ ਰਾਜਾ ਹੰਡੂਰੀ ਸੁ ਜੋਧਾ।
ਚਹੈ ਜੰਗ ਕੋ ਅੰਗ੍ਰ ਮੈਂ ਠਾਂਢਿ ਕ੍ਰੋਧਾ।
ਬਡੀਬਾਨ ਬਿੱਦਯਾ ਜਿਸੀ ਪਾਸ ਆਵੈ।
ਲਗੈ ਅੰਗ ਜਾਂ ਕੇ ਤਿਸੀ ਕਾਲ ਘਾਵੈ[੬] ॥੧੦॥
ਮਹਾਂ ਸੂਰ[੭] ਹੰਕਾਰ ਧਾਰੀ ਉਦਾਰਾ।
ਲਖੈ ਓਜ ਜਾਂ ਕੋ ਗਿਰੰ ਦੇਸ਼ ਸਾਰਾ[੮]।
ਕਈ ਬਾਰ ਰਾਜਾਨਸੋਂ ਮੇਲ ਮੇਰਾ[੯]।
ਸਰਾਹਯੋ ਸਭੈ ਬੀਰ ਬਾਂਕੋ ਬਡੇਰਾ' ॥੧੧॥
ਦਯਾਰਾਮ ਭਾਖੀ ਸੁਨੀ ਬਾਤ ਸਾਰੀ।
ਪ੍ਰਭੂ ਠਾਂਢ ਹ੍ਵੈ ਕੈ ਬਿਲੋਕੀ ਅਗਾਰੀ।

---

[੧]ਡਰਦੀ ਹੋਈ।
[੨]ਕਤਾਰ।
[੩]ਘਰ ਜਾਣ ਦੇ ਬਹਾਨੇ।
[੪]ਵੈਰੀ ਰਾਜਿਆਂ ਨਾਲ ਆ ਮਿਲੀ ਹੈ।
[੫]ਲੜਾਈ ਕਰਨੀ।
[੬]ਮਾਰ ਦਿੰਦਾ ਹੈ।
[੭]ਸੂਰਮਾ।
[੮]ਪਹਾੜੀ ਦੇਸ਼ ਸਾਰਾ।
[੯]ਮੇਰਾ ਮੇਲ ਹੋਇਆ ਹੈ।

ਇਤੀ ਬੇਰ ਬੀਤੇ[੧] ਬਡੋ ਟੋਲ ਆਯੋ।
ਤੁਫੰਗੈਂ ਚਲੰਤੀ ਸੁ ਨਾਦੰ ਉਠਾਯੋ ॥੧੨॥
ਤਬੈ ਨੰਦ ਚੰਦੰ ਭਨਯੋ ਹਾਥ ਬੰਦੰ।
'ਮਹਾਰਾਜ! ਦੇਖਹੁ ਮਹਾਂ ਬੀਰ ਬ੍ਰਿੰਦੰ।
ਅਹੈਂ ਕੌਨ ਆਏ ਸੁ ਜਾਨੇ ਨ ਜਾਈਂ।
ਚਮੂੰ ਸੈਲ ਨਾਥਾਨ ਕੀ ਮਾਰਿ ਘਾਈ[੨] ॥੧੩॥
ਕਿਸੂ ਦੇਸ਼ ਤੇ ਸਿੱਖ ਕੈ ਔਰ ਕੋਈ।
ਦਿਸ਼ਾ ਹ੍ਵੈ ਹਮਾਰੀ ਚਹੈ ਅੱਗ੍ਰ ਢੋਈ[੩]।
ਪਰ੍ਹਾ ਏਕ ਪਾਸੇ ਖਰੇ ਜੰਗ ਮੰਡੇ[੪]।
ਪਹਾਰੀ ਰਿਪੂ ਪੈ ਤੁਫੰਗਾਨ ਛੰਡੇ' ॥੧੪॥
ਪ੍ਰਭੂ ਡੀਠਡਾਰੀ ਬਿਲੋਕੇ ਸਿਪਾਹੀ।
ਤਬੈ ਏਕ ਧਾਯੋ ਚਲਯੋ ਆਇ ਪਾਹੀ[੫]।
ਗੁਰੂ ਤੀਰ ਹ੍ਵੈ ਕੈ ਕਰੀ ਤਾਂ[੬] ਸਲਾਮੰ।
ਕਹਯੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੰ ॥੧੫॥
ਮੁਰੀਦੰ ਸਕੇਲੇ ਸਭੈ ਸਾਤ ਸੈਯਾ[੭]।
ਅਹੈਂ ਚਾਰ ਪੁੱਤ੍ਰੰ ਨਿਜੰ ਸੰਗ ਭੈਯਾ[੮]।
ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ।
ਪਰ੍ਹਾ ਬੰਧਿ ਠਾਂਢੋ ਚਹੈ ਜੰਗ ਜੋਯੋ ॥੧੬॥
ਭਏ ਲੋਨ[੯] ਖੈ ਕੈ ਹਰਾਮੀ ਪਠਾਨੰ।
ਸੁਨੀ ਬਾਤ ਸਾਰੀ ਸੁ ਹੈਫੰ ਬਖਾਨੰ[੧੦]।
ਇਸੀ ਹੇਤੁ ਤੇ ਆਨਿ ਮੌਜੂਦ ਹੋਵਾ।
ਉਪਾਲੰਭ ਕੌ ਨ ਸਹਯੋ ਵਾਹਿ ਖੋਵਾ[੧੧] ॥੧੭॥

---

[੧]ਇੰਨੀ ਦੇਰ ਜਦ ਬੀਤੀ ਤਾਂ....।
[੨]ਪਹਾੜੀ ਰਾਜਿਆਂ ਦੀ ਸੈਨਾ ਮਾਰ ਕੇ ਜ਼ਖਮੀ ਕਰ ਦਿਤੀ ਹੈ।
[੩]ਅੱਗੇ ਢੁੱਕਣਾ ਚਾਹੁੰਦਾ ਹੈ।
[੪]ਕਤਾਰ ਇਕ ਪਾਸੇ ਬੰਨ੍ਹ ਕੇ ਜੰਗ ਰਚਿਆ ਹੈ।
[੫]ਪਾਸ।
[੬]ਤਿਸ ਨੇ।
[੭]ਸੱਤ ਸੌ।
[੮]ਚਾਰ ਪੁੱਤ੍ਰ ਹਨ (ਉਹ ਬੀ) ਆਪਣੇ ਨਾਲ ਕਰ ਲਏ। (ਅ) ਚਾਰ ਪੁੱਤ੍ਰ ਤੇ ਆਪਣਾ ਭਰਾ ਨਾਲ ਹਨ [ਦੇਖੋ ਖਾ: ਤ੍ਵਾ:]।
[੯]ਲੂਣ।
[੧੦]ਭਾਵ ਧਿਕਾਰ ਪਾਈ (ਪਠਾਣਾਂ ਨੂੰ)।
[੧੧]ਉਲਾਂਭੇ ਨੂੰ ਸਹਾਰਿਆ ਨਹੀਂ (ਉਲਾਂਭਾ) ਲਾਹ ਦਿੱਤਾ ਹੈ।

ਸੁਨਜੋ ਆਵਨੰ ਜੰਗ ਮੇਲਾ ਕਰਾਲਾ[੧]।
ਪ੍ਰਭੂ ਜੀ ਪ੍ਰਸੰਨੇ ਪਿਖੇ ਬੀਰ ਜਾਲਾ[੨]।
ਉਤੇ ਸ਼ਾਹ ਸੰਗੋ ਸੁ ਸੰਗ੍ਰਾਮ ਘਾਲੇ।
ਤਜੈ ਸ਼ੀਘ੍ਰ ਗੋਰੀ ਰਿਪੂ ਘਾਵ ਡਾਲੇ ॥੧੮॥
ਭਯੋ ਨਾਦ ਭਾਰੀ ਇਕੰ ਬਾਰ ਐਸੇ।
ਤਪੈ ਰੇਤ ਤੇ ਧਾਨ ਭੂਜੰਤਿ ਜੈਸੇ।
ਤੁਰੰਗਾਨ ਕੌ ਛੇਰਿ ਛੋਰੇ ਤੁਫੰਗਾ।
ਛਿਰੇ ਜੰਗ ਤੇ ਅੰਗ ਲਾਗੈ ਤ ਭੰਗਾ[੩] ॥੧੯॥
ਫਤੇਸ਼ਾਹ ਪਾਛੇ ਬਿਲੋਕੀ ਲਰਾਈ।
ਹਰੀਚੰਦ ਤੇ ਆਦਿ ਜੈਸੇ ਲਗਾਈ[੪]।
ਭਨਜੋ ਮਾਨ ਸੰਗੰ 'ਗੁਰੂ ਸੈਨ ਭਾਰੀ।
ਕਹਾਂ ਤੇ ਬਟੋਰੀ ਸਮੂਹੰ ਨਿਹਾਰੀ ॥੨੦॥
ਹੁਤੇ ਪਾਂਚ ਸੈ ਖਾਨ ਸੋ ਛੋਰਿ ਆਏ।
ਹਮਾਰੀ ਦਿਸ਼ਾ ਹੋਇ ਸ਼ਸਤ੍ਰੰ ਚਲਾਏ।
ਅਬੈ ਹੋਇ ਆਗੈ ਕਰੋ ਜੰਗ ਭਾਰਾ।
ਪ੍ਰਹਾਰੋ ਭਲੀ ਭਾਂਤਿ ਤੇ ਲੋਹ ਧਾਰਾ' ॥੨੧॥
ਹਰੀਚੰਦ ਬੋਲਜੋ 'ਪਠਾਨੰ ਮਹਾਨਾ।
ਗੁਰੂ ਭੇਤ ਸਾਰੋ ਜਥਾ ਜੋਗ ਜਾਨਾ।
ਕਰੀ ਮਾਫ ਲੂਟੰ ਕਹੈਂ ਸੋ ਬਨਾਈ।
-ਬਿਨਾ ਆਨ ਸੈਨਾ, ਹਮਾਰੀ ਲਰਾਈ ॥੨੨॥
ਸਹੀ ਨਾਂਹਿ ਜਾਵੈ ਗੁਰੂ ਪਾਸ ਕੈਸੇ[੫]।
ਸਬਿੱਦਜਾ ਅਗਾਰੀ ਅਬਿੱਦਜਾਹਿ ਜੈਸੇ[੬]।
ਪੁਰਾ ਜੰਗ ਖਾਨਾਨ ਕੋ ਦੇਖਿ ਲੀਜੈ[੭]।
ਪੁਨੰ ਸੈਨ ਸਾਰੀ ਲਰੈ, ਧੀਰ ਕੀਜੈ' ॥੨੩॥
ਫਤੇਸ਼ਾਹ ਮਾਨੀ ਸੁਨੀ ਬਾਤ ਭਾਈ[੮]।

---

[੧]ਜੰਗ ਦੇ ਭਜਾਨਕ ਸਮੇਂ (ਬੁੱਧੂ ਸ਼ਾਹ) ਦਾ ਆਉਣਾ ਸੁਣਿਆ।
[੨]ਬਹੁਤੇ।
[੩]ਜੰਗ ਛਿੜੇ ਤੇ ਹੀ ਜਿਸ ਅੰਗ ਵਿਚ ਲਗਦੀਆਂ ਹਨ ਉਸ (ਅੰਗ) ਦਾ ਨਾਸ਼ ਹੋ ਜਾਂਦਾ ਹੈ।
[੪]ਜੈਸੇ (ਲੜਾਈ) ਛੇੜੀ ਹੈ।
[੫]ਹੋਰ ਫੌਜ ਤੋਂ ਬਿਨਾਂ (ਕੇਵਲ) ਸਾਡੀ ਲੜਾਈ ਗੁਰੂ ਤੋਂ ਕਿਸੇ ਨਹੀਂ ਸਹੀ (ਝੱਲੀ) ਜਾਵੇਗੀ।
[੬]ਜਿਵੇਂ ਵਿਦਿਆਵਾਨ ਦੇ ਅੱਗੇ ਅਵਿੱਦਜਾ ਵਾਲਾ ਨਹੀਂ (ਠਹਿਰ ਸਕਦਾ)।
[੭]ਪਹਿਲੇ ਪਠਾਣਾਂ ਦਾ ਜੰਗ ਦੇਖ ਲਓ।
[੮]ਚੰਗੀ ਲਗੀ।

ਲਿਯੋ ਭੀਖਨੰ ਖਾਨ ਤੀਰੰ ਬੁਲਾਈ।
ਅਗਾਰੀ ਖਰੋ ਦੇਖਿ ਕੈ[੧] ਭੂਪ ਬੋਲਾ।
'ਕਹਾਂ ਦੇਰਿ ਕੀਨੀ, ਖਰੇ ਦੇਖਿ ਓਲਾ[੨] ॥੨੪॥
ਅਹੈ ਮਾਫ ਲੂਟੰ ਕਰੋ ਜੰਗ ਭਾਰਾ।
ਬਟੋਰੇ ਗੁਰੂ ਨੇ ਅਨੇਕੰ ਪ੍ਰਕਾਰਾ[੩]।
ਨਹੀਂ ਸ਼ਸਤ੍ਰਧਾਰੀ ਤਿਨੈ ਬੀਚ ਕੋਊ।
ਹਤੋ ਏਕ ਬਾਰੀ ਚਲੈ ਭਾਜ ਸੋਊ ॥੨੫॥
ਬਡੋ ਦਰਬ ਕੋ ਸੰਗ ਲੈ ਲੂਟ ਸਾਰੋ[੪]।
ਧਨੀ ਹੋਇ ਭਾਰੇ ਨਿਕੇਤੈਂ[੫] ਸਿਧਾਰੋ।'
ਸੁਨੀ ਭੀਖਨੰਖਾਨ ਮਾਨੀ ਸੁ ਬਾਨੀ।
ਚਲਯੋ ਜੰਗ ਸੌਹੇਂ ਮ੍ਰਿਤੰ ਨਿਯਰਾਨੀ ॥੨੬॥
ਪਠਾਣੀ ਚਮੂੰ ਸੰਗ ਲੀਨੀ ਹਕਾਰੇ।
ਕਹਯੋ 'ਹੇਲ ਕੀਜੈ' ਲਿਜੈ ਅੱਗ੍ਰ ਮਾਰੇ।
ਪਲਾਵੋ ਇਕੰ ਬਾਰ ਪੀਛੈ ਸਿਧਾਰੋ।
ਪੁਰੰ[੬] ਪਾਂਵਟਾ ਜਾਤਿ ਹੀ ਲੂਟ ਮਾਰੋ ॥੨੭॥
ਜਥਾ ਸੈਨ ਸੰਚੀ ਸਮੂਹੰ ਗਵਾਰਾ[੭]।
ਤਥਾ ਜਾਨਤੇ ਹੋਇ ਹਾਰੇ ਬਿਚਾਰਾ[੮]।'
ਇਮੰ ਭਾਖਤੋ ਜੰਗ ਕੇ ਅੱਗ੍ਰ ਆਯੋ।
ਜਿਤੇ ਖਾਨ ਸੰਗੀ ਸਭੈ ਸੰਗ ਲਜਾਯੋ ॥੨੮॥
ਕਰਯੋ ਭੇਰ ਗਾਡੇ ਤਜਯੋ ਬਾਨ ਗੋਰੀ।
ਹਯੰ ਫੇਰਿ ਕੇ ਧਾਇ ਸੰਗ੍ਰਾਮ ਠੌਰੀ।
ਤਬੈ ਨੰਦ ਚੰਦੰ ਪ੍ਰਭੂ ਸੰਗ ਬੋਲਯੋ।
'ਦਲੰ ਖਾਨ ਢੂਕਯੋ, ਫਿਰੰ ਜੰਗ ਤੋਲਯੋ[੯] ॥੨੯॥
ਇਤੇ ਆਪ ਭਾਖੋ ਰੁਕੇਂ[੧੦] ਜਾਇ ਆਗਾ।

---

[੧]ਭੀਖਨ ਖਾਂ ਨੂੰ ਅੱਗੇ ਖਲੋਤਾ ਵੇਖਕੇ।
[੨]ਭਾਵ ਲੁਕਕੇ ਖੜੇ ਹੋ।
[੩]ਕਈ ਤਰ੍ਹਾਂ ਦੇ (ਲੋਕੀਂ)।
[੪]ਬਹੁਤਾ ਧਨ ਹੈ ਸਾਰਾ ਲੁੱਟ ਕੇ ਨਾਲ ਲੈ ਲਓ।
[੫]ਘਰਾਂ ਨੂੰ।
[੬]ਪਹਿਲੇ (ਅ) ਸ਼ਹਿਰ।
[੭]ਗਵਾਰਾਂ ਦੀ ਸਾਰੀ ਸੈਨਾ ਕੱਠੀ ਕੀਤੀ ਹੈ।
[੮]ਤੁਸੀਂ ਜਾਣਦੇ ਹੀ ਹੋ ਕਿ ਏਹ ਵਿਚਾਰੇ ਹਾਰ ਜਾਣਗੇ।
[੯]ਫਿਰਕੇ ਜੰਗ ਨੂੰ ਜਾਚਦਾ ਹੈ।
[੧੦]ਰੋਕੀਏ।

ਹਤੌਂ ਖਾਨ ਦ੍ਰੋਹੀਨ ਕੋ ਦੋਸ਼ ਲਾਗਾ[1]।
ਖਰੇ ਆਪ ਦੇਖੋ ਪ੍ਰਭੂ ਜੀ ਤਮਾਸ਼ਾ।
ਛੁਟੇ ਤੀਰ ਗੋਰੀ ਰਿਪੂ ਬ੍ਰਿੰਦ ਨਾਸ਼ਾ' ॥੩੦॥
-ਲਰੈਂ ਖਾਨ ਆਈ[2]- ਸੁਨੇ ਬੈਨ ਕਾਨੰ।
ਦਈ ਫੇਰ ਆਗਜਾ 'ਬਨੋ ਸਾਵਧਾਨੰ।
ਦਯਾਰਾਮ ਕੋ ਸੰਗ ਲੀਜੈ ਬੁਲਾਈ।'
ਦੁਊ ਬੀਰ ਬੰਕੇ ਚਲੇ ਸਾਮੁਹਾਈ ॥੩੧॥
ਧਰੇ ਚਾਂਪ ਹਾਥੰ ਰਿਦੇ ਚੌਂਪ ਸੰਗਾ।
ਸਰੰ ਸੰਧਿ ਐਂਚੇ ਹਨੇ ਸ਼ੱਤ੍ਰੁ ਅੰਗਾ।
ਸੁਬੇਗੰ ਚਲੈਂ ਸ਼ੂਕ ਐਸੇ ਬਿਲੋਕੈਂ[3]।
ਉਡੈਂ ਪੰਖ ਸੋਂ ਨਾਗ ਦੌਰੈਂ ਅਰੋਕੈਂ[4] ॥੩੨॥
ਤਨੰ ਖਾਨ ਬੀਧੇ ਪ੍ਰਵੇਸ਼ੇ ਸੁ ਧਾਈ।
ਗਿਰੇ ਘਾਇ ਲਾਗੇ[5] ਤਿਨੌ ਮਿੱਤ੍ਰੁ ਪਾਈ।
ਤਹਾਂ ਲਾਲਚੰਦੰ ਗੁਰੂ ਤੀਰ ਠਾਂਢੋ।
ਹੁਤੋ ਮਾਹਿਖੀਪਾਲ[6] ਕੋ ਚਾਵ ਬਾਢੋ ॥੩੩॥
ਬਡੋ ਜੋਰ ਜਾ ਮੈਂ, ਕਰੰ ਜੋਰਿ ਭਾਖਾ[7]।
'ਦਿਜੈ ਨਾਥ ਆਗਜਾ ਮਹਾਂ ਮੋ ਭਿਲਾਖਾ[8]।
ਜਹਾਂ ਪੰਚ ਭ੍ਰਾਤਾ ਮਹਾਂ ਜੰਗ ਘਾਲਾ।
ਤਹਾਂ ਜਾਇ ਕੈ ਮੈਂ ਹਤੌਂ ਖਾਨ ਜਾਲਾ[9]' ॥੩੪॥
ਹਸੇ ਦੀਨ ਬੰਧੁ ਕਹਜੋ 'ਧਾਇ ਜਾਵੋ।
ਹਤੌ ਤੀਰ ਤੀਖੇ ਪਠਾਨੰ ਪਲਾਵੋ।'
ਸੁਨੇ ਬੈਨ ਸ਼੍ਰੋਨੰ ਚਲਜੋ ਚੌਂਪ ਸੰਗਾ।
ਸੰਭਾਰੇ ਕੁਦੰਡੰ[10] ਕੁਦਾਯੋ ਤੁਰੰਗਾ ॥੩੫॥
ਕੁਪਜੋ ਲਾਲਚੰਦੰ ਕਿਯੋ ਲਾਲ ਰੂਪੰ।

---

[1]ਮੈਂ ਮਾਰਾਂ ਖਾਨਾਂ ਨੂੰ ਜਿਨ੍ਹਾਂ ਦ੍ਰੋਹੀਆਂ ਨੂੰ ਦੋਸ਼ ਲੱਗ ਰਿਹਾ ਹੈ (ਨਿਮਕਹਰਾਮੀ ਦਾ)।
[2]ਆਕੇ ਖਾਨ ਲੜਦੇ ਹਨ।
[3]ਐਉਂ ਦਿਖਾਈ ਦਿੰਦੇ ਹਨ।
[4](ਮਾਨੋਂ) ਖੰਭਾਂ ਵਾਲੇ ਨਾਗ ਉਡਦੇ ਹਨ (ਜਿਨ੍ਹਾਂ ਦੀ) ਦੌੜ (ਚਾਲ) ਅਰੋਕ ਹੈ।
[5]ਜੇਹੜੇ ਜ਼ਖਮੀ ਹੋਕੇ ਡਿੱਗੇ।
[6]ਮਹੀਆਂ ਦਾ ਪਾਲਕ।
[7]ਹੱਥ ਜੋੜਕੇ ਆਖਿਆ।
[8]ਮੇਰੀ ਬੜੀ ਇੱਛਾ ਹੈ।
[9]ਬਹੁਤੇ।
[10]ਧਨੁਖ।

ਜਿਨੈ ਗੰਜਯੰ ਗਰਬ ਸਿੰਘੰ ਅਨੂਪੰ[1]।
ਜਹਾਂ ਸ਼ਾਹਿ ਸੰਗੋ ਖਰੋ ਤੀਰ ਮਾਰੈ।
ਤਹਾਂ ਹੋਇ ਆਗੈ ਪਠਾਨੰ ਬੰਗਾਰੈ ॥੩੬॥
ਬਡੇ ਓਜ ਤੇ ਬੋਲਿ ਐਸੇ ਸੁਨਾਯੋ।
ਮਨੋ ਮ੍ਰਿੱਗ ਪੁੰਜਾਨ ਮੈਂ ਸ਼ੇਰ ਆਯੋ।
ਭਯੋ ਕੋਪ ਤੇ ਲਾਲ ਰੰਗੰ ਸਰੀਰੰ।
ਕੁਦੰਡੰ ਕਠੋਰੰ ਖਿਚੇ ਛੋਰਿ ਤੀਰੰ ॥੩੭॥
ਗਿਰੇ ਖਾਨ ਕੇਤੇ ਹਯੰ ਛੂਛ ਛੋਰੇ।
ਦੁਹੂੰ ਓਰ ਕੇ ਬੀਰ ਅੰਗਾਨਿ ਫੋਰੇ।
ਚਲੀ ਲੋਹ ਧਾਰਾ ਕਰੈਂ ਮਾਰ ਮਾਰੰ।
ਰਿਦੇ ਭੀਰੁ[2] ਕੇਤੇ ਚਲੇ ਤ੍ਰਾਸ ਧਾਰੰ ॥੩੮॥
ਕੁਪਯੋ ਮਾਹਰੀਚੰਦ ਜੋਧਾ ਬਡੇਰਾ।
ਪ੍ਰਵੇਸ਼ਯੋ ਰਿਪੂ ਸੈਨ ਮੈਂ ਸਰਬ ਹੇਰਾ।
ਮਹਾਂਤੇਜ[*] ਘੋਰਾ ਬਰਯੋ ਬੀਚ ਜਾਏ।
ਹਤੇ ਏਕ ਦੋ ਖਾਨ ਭੂ ਮੈਂ ਗਿਰਾਏ ॥੩੯॥
ਚਹੁੰ ਓਰ ਤੇ ਖਾਨ ਬਾਨੰ ਕਮਾਨਾ।
ਸੰਭਾਰੇ ਪ੍ਰਹਾਰੈਂ ਮਹਾਂ ਤਾਨ ਤਾਨਾ[3]।
ਹਯੰ ਕੀ ਚਲਾਕੀ ਇਤੈ ਉੱਤ ਜਾਵੈ।
ਰਿਪੂ ਘਾਵ ਕੌ ਦੇਖਿ ਸ਼ੀਘ੍ਰੰ ਬਚਾਵੈ ॥੪੦॥
ਘਿਰਯੋ ਬੀਚ ਖਾਨੰ ਰਣੰ ਰੰਗ ਰੁੱਝਯੋ।
ਭਯੋ ਸਾਮੁਹੇ ਸੋ ਝਟਾਪੱਟ ਜੁੱਝਯੋ।
ਪਿਖਯੋ ਸ਼ਾਹਿ ਸੰਗੋ ਰੁਕਯੋ ਭ੍ਰਾਤ ਏਕੋਂ।
ਖਤੰਗੈਂ ਪ੍ਰਹਾਰੈਂ ਪਠਾਨੰ ਅਰੇ ਕੌਂ[4] ॥੪੧॥
ਲਿਯੇ ਸੈਨ ਕੋ ਸੰਗ ਹੇਲਾ ਸੁ ਘਾਲਾ।
ਛੁਟੇ ਤੀਰ ਗੋਰੀਨ ਰੌਰੰ ਬਿਸਾਲਾ।
ਕਿਤੇ ਖਾਨ ਮਾਰੇ ਕਿਤੇ ਭਾਜ ਚਾਲੇ।
ਮਿਲਯੋ ਮਾਹਰੀ ਚੰਦ ਆਪਾ ਸੰਭਾਲੇ ॥੪੨॥

---

[1]ਜਿਸਨੇ ਅਨੂਪਮ ਸ਼ੇਰਾਂ ਦੇ ਹੰਕਾਰ ਨੂੰ ਬੀ ਨਾਸ਼ ਕਰ ਦਿੱਤਾ ਹੈ।
[2]ਕਾਇਰ।
[*]ਪਾ:-ਮਹਾਰਾਜ।
[3]ਤਾਨ ਤਾਨ ਕੇ।
(ਅ) ਬੜੇ ਬਲ ਨਾਲ ਤਾਣਕੇ।
[4]ਅੜ ਰਹੇ ਪਠਾਣਾਂ ਨੂੰ ਤੀਰ ਮਾਰਦਾ ਹੈ।

ਦੋਹਰਾ: ਅਲਪ ਘਾਵ ਹਯ ਕੋ ਲਗੇ, ਮਿਲ੍ਯੋ ਚਮੂੰ ਮਹਿਂ ਆਇ[1]।
ਮਾਰ ਪਠਾਨਿਨ ਕੌ ਤਬੇ, ਪ੍ਰਥਮ ਫਤੇ ਕੋ ਪਾਇ ॥੪੩॥
ਬਹੁਰ ਥਿਰੇ ਸਨਮੁਖ ਹਤੇ, ਗਨ ਗੋਰੀ ਅਰੁ ਬਾਨ।
ਦੁਹੁਂ ਦਿਸ਼ਿਤੇ ਛੂਟੈਂ ਲਗੈਂ, ਹੋਨਿ ਲਗ੍ਯੋ ਘਮਸਾਨ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਜੰਗ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

---

[1](ਮਾਹਰੀ ਚੰਦ) ਆ ਮਿਲਿਆ।

੨੬. [ਬੁੱਧੂਸ਼ਾਹ ਦੇ ਪੁੱਤ੍ਰਾਂ ਦਾ ਜੰਗ। ਇਕ ਸ਼ਹੀਦ ਹੋਯਾ]

੨੫<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੭

ਦੋਹਰਾ: ਇਕ ਦੁਇ ਹਤੇ ਪਠਾਨ ਰਨ, ਪੁਨ ਆਯੋ[1] ਸਵਧਾਨ।
ਦੇਖਿ ਸਭੈ ਬਿਸਮੈ ਰਹੇ, ਗਯੋ ਬੀਚ ਤੇ ਜਾਨ[2] ॥੧॥

ਪਾਧੜੀ ਛੰਦ: ਇਕ ਦਿਸ਼ਾ ਬਿਖੈ ਲੈ ਸੁਭਟ ਬ੍ਰਿੰਦ।
ਰੁਪ ਰਹ੍ਯੋ ਸ਼ਾਹਿ ਬੁੱਧੂ ਬਿਲੰਦ।
ਜੋ ਹੁਤੀ ਛੇਰ[3] ਗਿਰਪਤਿਨਿ ਕੇਰ।
ਛੋਰਤਿ ਤੁਫੰਗ ਤਿਨ ਰਖੀ ਘੇਰ ॥੨॥
ਨਹਿਂ ਆਨ ਥਾਨ ਦੀਨੇ ਸੁ ਜਾਨਿ[4]।
ਛੋਰੰਤਿ ਬਾਨ ਧਨੁ ਤਾਨ ਤਾਨ।
ਬਹੁ ਮਚ੍ਯੋ ਰੌਰ ਬਕ[5] 'ਮਾਰ ਮਾਰ।'
ਹੱਥਜਾਰ ਸਮੂਹ ਪ੍ਰਹਾਰ ਡਾਰਿ ॥੩॥
ਬਹੁ ਬਜਤਿ ਦੁੰਦਭੀ ਦਿਸ਼ਨਿ ਦੋਇ।
ਗਨ ਭੇਰਿ ਭੁਕਾਰਨ ਸ਼ਬਦ[6] ਹੋਇ।
ਭਟ ਛੇਰਨ ਅੱਗ੍ਰ[7] ਬਜੰਤਿ ਢੋਲ।
ਭਟ ਪਰੇ ਦਾਇ ਬਡ ਬੋਲਿ ਬੋਲਿ ॥੪॥
ਇਕ ਬਾਰਿ ਪਰੇ ਗਨ ਗਿਰਨ ਲੋਕ[8]।
ਗਨ ਗਿਰਨ ਲਗੇ ਕਰਿ ਢੁਵ ਢੋਕ[9]।
ਗੁਲਕਾਨ ਕੇਰਿ ਬਰਖਾ ਹੁਵੰਤਿ।
ਘਨ ਦੋਇ ਮਨੋ ਕਰਕਾ ਪਰੰਤਿ[10] ॥੫॥
ਛਿਤ ਸ਼੍ਰੋਨਤ ਬਿਥਰ੍ਯੋ ਰੰਗ ਲਾਲ।
ਬਹੁ ਮਰੇ ਹੇਰਿ ਗ੍ਰਿੱਝੈਂ ਬਿਸਾਲ।
ਭਰਮੀ ਅਨੇਕ ਨਭ ਆਇ ਆਇ।

---

[1]ਮਾਹਰੀ ਚੰਦ ਆਯਾ।
[2]ਇਹ ਜਾਣਕੇ ਕਿ ਮਾਹਰੀ ਚੰਦ ਵਿਚੋਂ ਨਿਕਲ ਗਿਆ ਹੈ। (ਅ) ਸੁਧ ਪਾਠ 'ਜ੍ਵਾਨ' ਜਾਪਦਾ ਹੈ।
[3]ਇਹ ਬਾਕਾਇਦਾ ਫੌਜ ਨਹੀਂ ਹੁੰਦੀ ਗਿਰਾਵਾਂ ਦੇ ਸ਼ਸਤ੍ਰ ਵਾਹ ਸਕਣ ਵਾਲੇ ਲੜਾਕੇ ਜੁੱਧ ਵੇਲੇ ਇਕੱਠੇ ਕਰ ਲੈਂਦੇ ਹੁੰਦੇ ਸਨ ਜਿਵੇਂ ਅਜ ਕਲ ਰੀਜ਼ਰਵ ਸੈਨਾ ਹੁੰਦੀ ਹੈ।
[4]ਹੋਰ ਥਾਂ ਜਾਣ ਨਹੀਂ ਦਿੱਤੇ।
[5]ਕਹਿੰਦੇ ਹਨ।
[6]ਭੇਰੀਆਂ ਦੇ ਵੱਜਣ ਦਾ ਸ਼ਬਦ।
[7]ਵਹੀਰਾਂ ਦੇ ਅੱਗੇ।
[8]ਬਹੁਤੇ ਪਹਾੜੀਏ ਲੋਕੀਂ।
[9]ਢੁਕ ਕੇ ਮੇਲ ਕੀਤਾ।
[10]ਦੋ ਬਦਲਾਂ ਤੋਂ ਮਾਨੋ ਓਲੇ (ਗੜੇ) ਪੈਂਦੇ ਹਨ।

ਗਨ ਰਟੈਂ ਨਾਦ ਪਲ[੧] ਖਾਇ ਖਾਇ ॥੬॥
ਗਿਰ ਲੋਕਨ ਕਿਯ ਹੇਲਾ ਕਰਾਲ।
ਰੁਪ ਰਹ੍ਯੋ ਸ਼ਾਹਿ ਬੁੱਧੂ ਬਿਸਾਲ।
ਸਭਿ ਲੀਨਿ ਝਾਲ[੨] ਪਗ ਨਾਂਹਿ ਹਾਲ[੩]।
ਸਭਿ ਲੇ ਮੁਰੀਦ ਪਰਹਾਰ ਡਾਲਿ[੪] ॥੭॥
ਬਹੁ ਹਤੇ ਸ਼ੱਤ੍ਰੁ ਲਿਯ ਜੰਗ ਤੋਲ[੫]।
ਕਰਿ ਹਲਾਹੂਲ ਬਹੁ ਰੋਲ ਝੋਲ।
ਸੁਤ ਚਤਰ ਪੀਰ ਲੇ ਧਾਇ ਜਾਇ।
ਗੁਲਕਾਨ ਬ੍ਰਿੰਦ ਬਰਖਾ ਕਰਾਇ ॥੮॥
ਤਬਿ ਝਟਾ ਪੱਟ ਗਿਰ ਪਰੇ ਸੂਰ।
ਬਹੁ ਮਰੇ ਪਹਾਰੀ ਮਿਲੇ ਧੂਰ।
ਸਤਿਗੁਰੂ ਦਿਖਾਵਨਿ ਕੇਰਿ ਹੇਤੁ[੬]।
ਬਹੁ ਕਰ੍ਯੋ ਓਜ ਰੁਪਿ ਜੰਗ ਖੇਤ[੭] ॥੯॥
ਪੁਨ ਧਾਇ ਕੀਨਿ ਹੇਲਾ ਕਰਾਲ।
ਲਰਿ ਮਰੇ ਮਾਰ ਕਰਿ ਭਟਨ ਜਾਲ[੮]।
ਕਰਵਾਰ ਨਿਕਾਰਿਯ ਏਕ ਵਾਰ।
ਗਿਰ ਨਰਨ ਨਿਕੰਦਤਿ ਵਾਰ ਵਾਰ ॥੧੦॥
ਨਹਿਂ ਜਮੇ ਪਾਇ ਚਾਲੇ ਪਲਾਇ।
ਗਿਰ ਤਰੁਨਿ ਓਟ[੯] ਆਪਾ ਬਚਾਇ।
ਤਬਿ ਪਿਖਿ ਗੁਲੇਰੀਆ ਨ੍ਰਿਪ ਗੁਪਾਲ।
ਤਿਤ ਗਯੋ ਧਾਇ ਲੇ ਭਟਨਿ ਜਾਲ ॥੧੧॥
ਗੁਲਕਾਨਿ ਪੁੰਜ ਬਰਖਾ ਸੁ ਕੀਨਿ।
ਬਕਿ 'ਮਾਰ ਮਾਰ' ਬਡ ਓਜ ਦੀਨਿ।
ਸੁਤ ਚਤੁਰ ਪੀਰ ਕੇ ਬਲਿ ਬਿਸਾਲ।
ਹੁਇ ਖਰੇ ਅੱਗ੍ਰ ਪਿਖਿ ਕੈ ਗੁਪਾਲ ॥੧੨॥

---

[੧]ਮਾਸ।
[੨]ਝੱਲ ਲਿਆ।
[੩]ਨਾ ਹਿੱਲਿਆ।
[੪]ਵਾਰ ਕੀਤੇ।
[੫]ਸਹਾਰ ਲਿਆ (ਅ) ਸਾਰਾ ਅੰਦਾਜ਼ਾ ਲਾ ਲਿਆ।
[੬]ਗੁਰੂ ਜੀ ਦੇ ਦਿਖਾਵਣ ਵਾਸਤੇ।
[੭](ਬੁਧੂ ਸ਼ਾਹ ਨੇ) ਮੈਦਾਨ ਜੰਗ ਵਿਚ ਅੜਕੇ।
[੮]ਸਾਰੇ।
[੯]ਬ੍ਰਿੱਛਾਂ ਦੀ ਓਟ ਵਿਚ।

ਸ਼ਲਖੈਂ ਤੁਫੰਗ ਗੁਲਕਾਨ ਕੇਰਿ।
ਗਿਰ ਨਰਨਿ[1] ਮਾਰਿ ਥਿਰ ਹ੍ਵੈ ਦਿਲੇਰ।
ਤਿਨ ਸੰਗ ਮੁਰੀਦ ਜਿ ਮੁਸਲਮਾਨ।
ਸਭਿ ਕੁਪੇ ਕੀਨਿ ਨੰਗੇ ਕ੍ਰਿਪਾਨ ॥੧੩॥
ਰਿਸ ਕਰਿ ਗੁਪਾਲ ਊਚੇ ਕਹੰਤਿ।
'ਕਿਮ ਭਾਜ ਪਾਇ ਚਾਲੇ ਡਰੰਤਿ?
ਅਬਿ ਹਟੌ ਬੀਰ! ਮੈਂ ਹੌਂ ਸਹਾਇ।
ਜੋ ਅਰੇ ਅੱਗ੍ਰ ਤਿਨ ਲੇਹਿਂ ਘਾਇ' ॥੧੪॥
ਬਚ ਸੁਨੇ ਨ੍ਰਿਪਤ ਕੇ ਹਟੇ ਬੀਰ।
ਛੋਰਤਿ ਤੁਫੰਗ ਗੁਲਕਾਨ ਤੀਰ।
ਬਡ ਹੇਲ ਕੀਨਿ ਪਰਿ ਧੂਮਧਾਮ।
ਢੋਲਨਿ ਬਜਾਇ ਡੰਕਤਿ ਦਮਾਮ[2] ॥੧੫॥
ਮਿਲਿ ਪਰੇ ਪਰਸਪਰ ਘਾਵ ਡਾਲਿ।
ਗਿਰ ਪਰੇ ਬੀਰ ਹ੍ਵੈ ਕੈ ਕਰਾਲ।
ਰਣ ਜੋਰ ਸਹਯੋ ਨਹਿਂ, ਭੇ ਪਲਾਇ[3]।
ਪਿਖਿ ਪੀਰ ਪੁੱਤ੍ਰ ਰਿਸ ਉਰ ਵਧਾਇ ॥੧੬॥
ਸ਼ਮਸ਼ੇਰ ਕਾਢਿ ਸਮ ਸ਼ੇਰ ਹੋਇ।
ਸ਼ੱਤ੍ਰੁਨਿ ਮਾਰਿ ਰਨ ਮੈਂ ਖਰੋਇ।
ਜਹਿਂ ਨ੍ਰਿਪ ਗੁਪਾਲ ਤਹਿਂ ਤੀਰ ਜਾਇ।
ਬਹੁ ਉਛਰਿ ਉਛਰਿ ਕਰਿਯੰਤਿ ਘਾਇ ॥੧੭॥
ਇਤ ਉਤ ਫਿਰੰਤਿ ਗਹਿ ਖੜਗ ਢਾਲ।
ਕਰਿ ਪਟੇਬਾਜ ਬਿੱਦਯਾ ਬਿਸਾਲ।
ਰਿਪੁ ਮਾਰਿ ਬਚਾਵਤਿ, ਮਾਰ ਤਾਂਹਿ[4]।
ਬਹੁ ਗਿਰੀ ਲੋਥ ਰਣ ਖੇਤ ਮਾਂਹਿ ॥੧੮॥
ਗਿਰ ਨਰ ਅਚੰਭ ਕੌ ਧਾਰਿ ਧਾਰਿ।
ਬਹੁ ਉਮਡਿ ਉਮਡਿ ਘੇਰੋ ਸੁ ਡਾਰ।
ਨਹਿਂ ਤਊ ਵਾਰ ਕਿਸ ਤੇ ਸੁ ਖਾਇਂ।
ਤਨ ਕੌ ਬਚਾਇ ਰਿਪੁ ਘਾਇ ਘਾਇ[5] ॥੧੯॥

---

[1]ਪਹਾੜੀ ਮਨੁੱਖਾਂ ਨੂੰ।
[2]ਦਮਾਮਿਆਂ ਤੇ ਚੋਬਾਂ ਵਜਦੀਆਂ ਹਨ।
[3]ਦੌੜ ਗਏ।
[4]ਸ਼ੱਤ੍ਰੂ ਦੀ ਮਾਰ ਬਚਾ ਕੇ (ਆਪ) ਤਿਨ੍ਹਾਂ ਨੂੰ ਮਾਰਦਾ ਹੈ।
[5]ਜ਼ਖਮੀ ਕਰਕੇ ਮਾਰਦਾ ਹੈ।

ਬਹੁ[*] ਦਿਸ਼ਿਨਿ ਕੇਰ ਭਟ ਹੇਰਿ ਹੇਰਿ।
ਕਹਿਂ 'ਸਾਧ ਸਾਧ' ਪੁਨ 'ਘੇਰ ਘੇਰ[1]।'
ਬਹੁ ਮਚਯੋ ਰੌਰ ਗੁਰ ਸੁਨਤਿ ਕਾਨ।
ਬੂਝੈਂ 'ਇਤੋਕ ਕਿਨ ਜੰਗ ਠਾਨਿ?' ॥੨੦॥
ਇਕ ਸੁਭਟ ਭਨਯੋ 'ਚਹੁੰ ਪੁੱਤ੍ਰ ਪੀਰ[2]।
ਰਿਪੁ ਹਨੇ ਅਨਿਕ, ਬਿਚ ਥਿਰੇ ਧੀਰ।
ਤਿਨ ਪਰ ਗੁਲੇਰੀਆ ਧਾਇ ਜਾਇ।
ਲਿਯ ਘੇਰ ਬੀਚ ਸਮੁਦਾਇ ਆਇ ॥੨੧॥
ਤਿਨ ਕੀ ਸਹਾਇ ਭੇਜੋ ਬਿਸਾਲ।'
ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ।
ਸੁਨਿ ਭੀਰ ਪਰੀ ਮਨ ਛੋਭ ਧਾਰਿ।
ਹਯ ਕੋ ਕੁਦਾਇ ਚਾਲਯੋ ਉਦਾਰ ॥੨੨॥
ਕਰ ਮੈਂ ਕੁਦੰਡ ਐਂਚਯੋ ਕਠੋਰ।
ਭੀਖਨ ਖਤੰਗ ਗੁਨ ਬੀਚ[3] ਜੋਰਿ।
ਪਹੁੰਚਯੋ ਤੁਰੰਤ ਕਹਿ 'ਮਾਰ ਮਾਰ।'
ਲਲਕਾਰ ਸਭਿਨਿ ਹੇਲਾ ਸੁ ਡਾਰਿ ॥੨੩॥
ਜੇ ਹੁਤੇ ਤੁਰਕ[4] ਲਹਿ ਕਰਿ ਸਹਾਇ।
ਸਭਿ ਪਰੇ ਦੌਰ ਕਰਿ ਅਨਿਕ ਘਾਇ।
ਤੜਭੜ ਤੁਫੰਗ ਇਕ ਬਾਰਿ ਚਾਲ।
ਜੁਟ ਗਏ ਕ੍ਰਿਪਾਨਨ ਓਟ ਢਾਲ ॥੨੪॥
ਤਬਿ ਪੁੱਤ੍ਰ ਪੀਰ ਕੇ ਦੋਇ ਘੇਰਿ।
ਗਨ ਰਿਪੁ ਸੰਭਾਰ ਕਰਿ ਫੇਰਿ ਫੇਰਿ[5]।
ਪਹੁੰਚਯੋ ਕ੍ਰਿਪਾਲ ਬਾਨਨਿ ਪ੍ਰਹਾਰ।
ਘੇਰੋ ਛੁਰਾਇ ਬਾਹਰ ਨਿਕਾਰਿ ॥੨੫॥
ਬਹੁ ਰਿਸੇ ਪੀਰ ਕੇ ਪੁੱਤ੍ਰ ਫੇਰ।
ਬਾਹੇ ਕ੍ਰਿਪਾਨ ਹੁਇ ਫੇਰ ਨੇਰ[6]।

---

[*]ਪਾ:-ਗੁਰ।
[1]ਕਹਿੰਦੇ ਹਨ 'ਸ਼ਾਬਾਸ਼ ਸ਼ਾਬਾਸ਼' (ਤੇ) ਫਿਰ (ਕਹਿੰਦੇ ਹਨ) 'ਘਿਰ ਗਏ, ਘਿਰ ਗਏ'।
[2]ਪੀਰ ਦੇ ਚਹੁੰ ਪੁੱਤ੍ਰਾਂ ਨੇ।
[3]ਚਿੱਲੇ ਵਿਚ।
[4]ਭਾਵ ਮੁਰੀਦ ਬੁੱਧੂਸ਼ਾਹ ਦੇ।
[5]ਫਿਰ ਫਿਰਕੇ ਸਾਰੇ ਵੈਰੀਆਂ ਤੋਂ ਸੰਭਾਲਦੇ ਹਨ (ਆਪਣੇ ਸਰੀਰ ਨੂੰ)।
[6]ਨੇੜੇ ਹੋਕੇ।

ਰਿਸ ਕਰਿ ਗੁਪਾਲ ਨੇ ਬਾਨ ਛੋਰਿ।
ਉਰ[1] ਤਾਤਕਾਲ ਹੀ ਦੀਨਿ ਫੋਰ ॥੨੬॥
ਜਬਿ ਗਿਰਯੋ ਬੀਰ ਰਨ ਖੇਤ ਮਾਂਹਿ।
ਦੁਹਿ ਦਿਸ਼ਨਿ ਸੁਭਟ ਲਖਿ ਲੋਥ ਤਾਂਹਿ।
ਉਮਡੇ ਅਨੇਕ ਹਿਤ ਲੇਨਿ ਆਪ।
ਕਰ ਧਰੇ ਤੀਰ ਤੋਮਰ ਕਲਾਪ[2] ॥੨੭॥
ਜੁਟ ਗਏ ਬਹੁਰ ਕਾਢੇ ਕ੍ਰਿਪਾਨ।
ਤਨ ਕਾਟ ਕਾਠ ਜਿਮ ਗਨ ਤਿਖਾਨ।
ਗਿਰ ਗਏ ਲੋਥ ਪੋਥਨ ਬਿਸਾਲ।
ਨਹਿਂ ਤਜੀ ਥਾਇੰ ਭੀ ਅਤਿ ਕਰਾਲ ॥੨੮॥
ਮਾਤੁਲ ਕ੍ਰਿਪਾਲ ਤਜਿ ਤਜਿ ਖਤੰਗ।
ਜਹਿਂ ਥਿਤ ਗੁਪਾਲ ਤਹਿਂ ਅੰਗਭੰਗ।
ਗਨ ਗੇਰਿ ਗੇਰਿ ਦੀਨੇ ਉਥੱਲ[3]।
ਇਤ ਉਤ ਤਕਾਇ ਭਈ ਹੱਲ ਚੱਲ ॥੨੯॥
ਨਹਿਂ ਥਿਰਨ ਦੇਤਿ ਇਕ ਥਲ ਸੁਭੱਟ।
ਹਯ ਕੌ ਚਲਾਇ ਕੇਤਿਕ ਦਬੱਟ[4]।
ਤਬਿ ਤੁਰਕ ਸਕਲ ਨਿਜ ਬਲ ਸੰਭਾਰਿ।
ਗੁਲਕਾਨ ਬ੍ਰਿੰਦ ਸਾਇਕ[5] ਪ੍ਰਹਾਰ ॥੩੦॥
ਗਿਰਪਤਿ ਗੁਪਾਲ ਕੇ ਨਿਕਟ ਬੀਰ।
ਹਲ ਪਰੇ ਚਾਲ ਨਹਿਂ ਧਰਤਿ ਧੀਰ।
ਡੀਠਨ ਬਚਾਇ ਇਤ ਉਤ ਪਲਾਇ।
ਕੋ ਤਰੁਨਿ ਓਟ[6] ਹੁਇ ਨਿਜ ਬਚਾਇ ॥੩੧॥
ਇਮ ਪਰੀ ਲੋਹ ਕੀ ਮਾਰ ਭੂਰ।
ਬਿਨ ਲਾਜ ਤਯਾਗਿ ਰਣ ਖੇਤ ਸੂਰ।
ਪਿਖਿ ਕੈ ਕ੍ਰਿਪਾਲ ਕੇ ਖਰ ਖਤੰਗ।
ਗਿਰਪਤਿ ਗੁਪਾਲ ਰਿਸ ਰੰਗ ਸੰਗ ॥੩੨॥
ਸਹਿ ਸਕਯੋ ਨ, ਹਯ ਕੋ ਚਪਲ ਕੀਨਿ।

---

[1]ਛਾਤੀ।
[2]ਸਮੂਹ।
[3]ਉਲਟਾ ਕੇ ਡੇਗੇ।
[4]ਦਬਾਏ।
[5]ਬਾਨ।
[6]ਬ੍ਰਿੱਛਾਂ ਦੇ ਓਲ੍ਹੇ।

ਹੁਇ ਅੱਗ੍ਰ ਬਾਨ ਕੋ ਤਜਾਗ ਦੀਨ।
ਖਰ ਹੁਤੋ[1] ਸ ਮਾਤੁਲ ਓਰ ਆਇ।
ਖੁਭ ਗਯੋ ਜ਼ੀਨ ਮਹਿਂ ਬੇਗ ਪਾਇ ॥੩੩॥
ਦਿਖ ਕੈ ਕ੍ਰਿਪਾਲ ਊਚੈ ਅਲਾਇ।
'ਤੈਂ ਨਿਜ ਪ੍ਰਹਾਰ ਲੀਨੋ ਚਲਾਇ।
ਅਬਿ ਦੇਹੁ ਵਾਰ ਮੇਰੋ ਖਰੋਇ।
ਨਹਿਂ ਆਨ ਥਾਨ ਨਿਜ ਜਾਨ ਜੋਇ[2] ॥੩੪॥
ਸਹਿ ਲੇਹੁ ਵਾਰ ਨਹਿਂ ਬਚਹਿਂ ਪ੍ਰਾਨ।
ਕੈਧੋਂ ਸੁ ਹਾਨ ਹ੍ਵੈ ਹੈ ਕਿਕਾਨ[3]।'
ਇਹ ਸੁਨਤਿ ਸੈਲਪਤਿ ਹਯ ਚਲਾਇ।
ਕਰਿ ਚਪਲ ਅਧਿਕ ਜਿਮ ਹ੍ਵੈ ਬਚਾਇ ॥੩੫॥
ਤਬਿ ਛੁਟਿ ਕ੍ਰਿਪਾਲ ਤੇ ਬਾਨ ਚਾਲ।
ਤੀਖਨ ਸਮਾਨ ਪੰਨਗ ਬਿਸਾਲ।
ਉਛਰੰਤਿ ਤੁਰੰਗ ਕੇ ਕਰਨ ਮੂਲ[4]।
ਲਗਿ ਭਯੋ ਪਾਰ ਗਿਰ ਪਰਯੋ ਝੂਲਿ ॥੩੬॥
ਤਜਿ ਕਰਿ ਤੁਰੰਗ ਪੀਛੇ ਸਿਧਾਇ।
ਨਿਜ ਸੈਨ ਪ੍ਰਵੇਸ਼ਯੋ ਤਨ ਬਚਾਇ।
ਪੁਨ ਸਨੇ ਸਨੇ ਪਸ਼ਚਾਤ ਜਾਤਿ।
ਟਿਕ ਰਹਯੋ ਜੁੱਧਿ, ਥਿਰ ਕਰਹਿ ਘਾਤਿ ॥੩੭॥
ਦੋਹਰਾ: ਹੌਰੇ ਕਰਿ ਗਿਰਪਤਿਨ ਭਟ, ਥਿਰ ਕਰਿ ਨਿਜ ਨਿਜ ਥਾਇ।
ਬੁੱਧੂਸ਼ਾਹ ਸਪੂਤ ਕੀ, ਲੋਥ ਓਜ ਕਰਿ ਲਜਾਇ ॥੩੮॥
ਇਮ ਸਹਾਇਤਾ ਕਰਿ ਭਲੇ, ਧੀਰਜ ਸਹਿਤ ਟਿਕਾਇ।
'ਤਜਹੁ ਤੁਰੰਗਨ ਕੋ' ਕਹਯੋ, 'ਗੁਲਕਾਂ ਗਨ ਬਰਖਾਇ' ॥੩੯॥
ਧੀਰ ਦਈ ਕਹਿ ਪੀਰ ਕੌਂ, ਮ੍ਰਿਦੁਲ ਬਾਕ ਤੇ ਬੀਰ[5]।
ਚਲਯੋ ਚਹਿਤਿ ਚਿਤ ਚੌਂਪ ਤੇ, ਭਗਨੀ ਸੁਤ ਕੇ ਤੀਰ[6] ॥੪੦॥
ਹਤਯੋ ਤੁਰੰਗਮ ਸ਼ੱਤ੍ਰੁ ਕੇ, ਕਰਯੋ ਸੁ ਬਚ ਗੋਪਾਲ[7]।

---

[1](ਉਹ ਤੀਰ) ਤਿੱਖਾ ਸੀ।
[2]ਭਾਵ ਹੋਰਥੇ ਹੁਣ ਨਾ ਜਾਹੁ।
[3]ਯਾ ਘੋੜਾ ਮਰੇਗਾ।
[4]ਕੰਨ ਦੇ ਮੁੱਢ ਕੋਲ।
[5]ਸੂਰਮੇ (ਕ੍ਰਿਪਾਲ ਜੀ ਨੇ)।
[6]ਭਾਵ ਗੁਰੂ ਜੀ ਪਾਸ।
[7](ਪਰ) ਗੋਪਾਲ ਰਾਜੇ ਨੇ ਆਪਣਾ ਬਚਾ ਕਰ ਲਿਆ।

ਵਾਹਿਨ ਅਪਰ ਮੰਗਾਇ ਕੈ, ਭਯੋ ਅਰੂਢਿ ਭੁਵਾਲ[1] ॥੪੧॥
ਕਲਗੀਧਰ ਕੇ ਨਿਕਟ ਸਭਿ, ਕਰਯੋ ਬ੍ਰਿਤੰਤ ਬਖਾਨ।
'ਸਾਧ ਸਾਧ ਬੁੱਧੂ ਸੁਭਟ, ਜਿਨ ਰਾਖੀ ਨਿਜ ਆਨ[2]' ॥੪੨॥
ਨ੍ਰਿਪ ਚੰਦੇਲ ਹੰਡੂਰੀਆ, ਲੇ ਕਰਿ ਦਲ ਸਮੁਦਾਇ।
ਚਹੈਂ ਗੁਰੂ ਦਿਸ਼ਿ ਜੰਗ ਕੌ, ਤੀਰ ਤੁਫੰਗ ਚਲਾਇ ॥੪੩॥
ਪੰਚਹੁੰ ਭ੍ਰਾਤਾ ਅਰ ਰਹੇ, ਦੇਤਿ ਚਮੂੰ ਕੇ ਜ਼ੋਰ।
ਦੀਹ ਦਮਾਮੇ ਡੰਕ ਦੈ, 'ਮਾਰ ਮਾਰ' ਕਰਿ ਸ਼ੋਰ ॥੪੪॥
ਖਰੇ ਬਿਲੋਕਤਿ ਸਤਿਗੁਰੂ, ਦਲ ਦੋਇਨ ਕੇ ਬੀਰ।
ਕਰਿ ਪੁਰਸ਼ਾਰਥ ਕੋ ਹਤਹਿੰ, ਗਨ ਗੁਲਕਾਂ ਅਰੁ ਤੀਰ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਖਟ ਬਿੰਸਤੀ ਅੰਸੂ ॥੨੬॥

---

[1]ਰਾਜਾ।
[2]ਪ੍ਰਤੱਗਜਾ, ਅਣਖ, ਇੱਜ਼ਤ।

੨੭. [ਕ੍ਰਿਪਾਲ ਮਹੰਤ ਨੇ ਹਯਾਤ ਖਾਂ ਨੂੰ ਮਾਰਨਾ]

੨੬<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੮

ਦੋਹਰਾ: ਭੀਖਮ ਖ਼ਾਨ, ਹਯਾਤਖਾਂ,
ਤ੍ਰਿਤੀ ਨਿਜਾਬਤ ਖਾਨ।
ਫਤੇਸ਼ਾਹ ਇਨ ਕੇ ਨਿਕਟ,
ਦੂਤ ਪਠ

ਜੋ ਮਤਿਵਾਨ ॥੧॥

ਪਾਧੜੀ ਛੰਦ: ਤਤਕਾਲ ਅਯੋ ਤਿਨ ਬਾਤ ਕਹੀ।
'ਤਨ ਕਯੋਂ ਰਣ ਖੇਤਹਿਂ ਦੇਤਿ ਨਹੀਂ[1]।
ਕਿਸ ਕਾਰਨ ਆਪ ਬਚਾਵਤਿ ਹੋ?
ਗੁਲਕਾਂ ਸਰ ਕਯੋਂ ਨ ਚਲਾਵਤਿ ਹੋ? ॥੨॥
-ਗੁਰ ਤੀਰ ਗਵਾਰ- ਬਖਾਨਤਿ ਹੈਂ[2]।
ਹੱਥਜਾਰਨਿ ਭੇਵ ਨ ਜਾਨਤਿ ਹੈਂ-।
ਕਰਿ ਹੇਲ ਮਿਲੋ ਦਲ ਕਯੋਂ ਨ ਅਬੈ[3]।
ਲੁਟ ਮਾਫ ਕਰੀ, ਧਨ ਲੇਹੁ ਸਬੈ' ॥੩॥
ਸੁਨਿ ਭੀਖਨਖਾਨ ਬਖਾਨਿ ਕਰਯੋ।
'ਕੁਛ ਦੇਰਿ ਨਹੀਂ ਲਖਿ ਜੰਗ ਪਰਯੋ[4]।
ਦਸ ਬੀਸਕਿ ਬੀਰ ਅਹੈਂ ਇਨ ਮੈਂ।
ਕਰਿ ਘਾਤ ਅਬੈ ਤਿਨ ਕੋ ਰਣ ਮੈਂ ॥੪॥
ਕਰਿ ਹੇਲ ਫਤੇ, ਨਹਿਂ ਚਿੰਤ ਕਰੇ[5]।
ਰਣ ਕੇ ਹੁਇਂ* ਦਾਵ ਅਨੇਕ ਤਰੇ[6]।'
ਇਮ ਭਾਖਤਿ, ਖਾਨ ਬਟੋਰ ਲਿਏ।
'ਇਕ ਹੇਲ ਕਰੋ ਸਭਿ ਜ਼ੋਰ ਦਿਏ' ॥੫॥
ਸੁਨਿ ਖਾਨ ਹਯਾਤ ਰਿਸਯੋ ਤਬਿਹੂੰ।
ਜੁਤਿ ਭੀਖਨ ਖਾਨ ਪਿਖੇ ਸਭਿਹੂੰ।
ਕਰਿ ਤੇਜ਼ ਤੁਰੰਗ ਧਵਾਇ ਪਰਯੋ।
ਹਤਿ ਬਾਨਨ ਕੋ ਦਲ ਸੰਗ ਅਰਯੋ ॥੬॥

---

[1]ਭਾਵ ਤਨਦਿਹੀ ਦੇ ਨਾਲ ਲੜਾਈ ਕਿਉਂ ਨਹੀਂ ਕਰਦੇ।
[2]ਕਹਿੰਦੇ ਸਾਓ ਕਿ ਗੁਰੂ ਪਾਸ ਤਾਂ ਗਵਾਰ ਹਨ।
[3]ਭਾਵ ਹੁਣ ਹੱਲਾ ਕਿਉਂ ਨਹੀਂ ਕਰਦੇ।
[4]ਜੰਗ ਪਿਆ ਹੀ ਦੇਖੋ।
[5]ਹੱਲਾ ਕਰਕੇ ਫਤਹ ਕਰਾਂਗੇ ਚਿੰਤਾ ਨਾ ਕਰੋ।
*ਪਾ:-ਦੁਇ।
[6]ਅਨੇਕ ਤਰ੍ਹਾਂ ਦੇ।

ਪਸ਼ਚਾਤ ਪਠਾਨ ਸਮੂਹਨ ਹੈਂ।
'ਹਤਿ ਤੀਰ ਤੁਫੰਗਨ ਮਾਰਿ' ਕਹੈਂ।
ਇਤ ਤੇ ਉਤ ਧਾਇ ਪ੍ਰਹਾਰਤਿ ਹੈਂ।
ਪਿਖਿ ਅੱਗ੍ਰ ਵਧ੍ਯੋ ਤਿਸ ਮਾਰਤਿ ਹੈਂ ॥੭॥
ਬਡ ਦੁਦੰਭਿ ਬਾਜਤਿ, ਜੰਗ ਮਚ੍ਯੋ।
ਛਿਤ ਧੂਰਤ ਸੂਰਨ ਸ਼੍ਰੌਨ ਰਚ੍ਯੋ[੧]।
ਮੁਖ 'ਮਾਰਹਿਂ ਮਾਰ' ਉਚਾਰਤਿ ਹੈਂ।
ਬਰਖਾ ਗੁਲਕਾਨਿ ਸੁ ਡਾਰਤਿ ਹੈਂ ॥੮॥
ਹੰਡਿਯਾ ਸਮ ਸੀਸ ਫੁਟੇ ਸੁ ਗਿਰੇ।
ਕਰਛੀ ਜਨੁ ਹਾਥ ਕਟੰਤਿ ਪਰੇ[੨]।
ਸਿਪਰੈਂ ਜਨੁ ਪਾਤਰ[੩] ਤਾਂਹਿ ਧਰੀ।
ਮਿਝ ਆਮਿਖ ਸ਼੍ਰੋਨ ਅਹਾਰ ਕਰੀ ॥੯॥
ਗਨ ਜੋਗਨ ਪ੍ਰੇਤ ਡਕਾਰਤਿ ਹੈਂ[੪]।
ਬਹੁ ਸੁਭਟਨਿ ਪਿੰਜਰ ਡਾਰਤਿ ਹੈਂ।
ਬਹੁ ਗੀਦਰ ਆਨਿ ਪੁਕਾਰ ਕਰੈਂ।
ਗ੍ਰਿਧ ਕੰਕ[੫] ਭਖੈਂ ਪਲ[੬] ਮੋਦ ਭਰੈਂ ॥੧੦॥
ਕਿਤ ਘਾਇਲ ਹ੍ਵੈ ਜਲ ਜਾਚਤਿ ਹੈਂ।
ਇਕ ਲੋਟਤਿ ਸ਼੍ਰੋਨਤਿ ਰਾਚਤਿ ਹੈਂ।
ਬਹੁ ਖਾਨ ਮਰੇ ਗੁਲਕਾਨ ਲਗੇ।
ਤਰਵਾਰਨ ਸੋਂ ਜੁਟ ਬੀਰ ਜਗੇ ॥੧੧॥
ਤਬਿ ਖਾਨ ਹਯਾਤ ਹਨੈ ਸਰ ਕੋ।
ਗੁਰ ਕੇ ਦਲ ਕੌ ਬਹੁ ਦੈ ਡਰ ਕੋ।
ਨਿਜ ਅੰਗ ਬਚਾਇ ਪ੍ਰਹਾਰਤਿ ਹੈ।
ਹਯ ਤੇਜ ਕਰੇ ਲਲਕਾਰਤਿ ਹੈ ॥੧੨॥
ਦਲ ਮੈਂ ਬਲ ਦੀਹ ਦਿਖਾਰਤਿ ਹੈ।

---

[੧]ਧਰਤੀ ਦੀ ਧੂੜ ਵਿੱਚ ਸੂਰਮਿਆਂ ਦਾ ਲਹੂ ਰਚਿਆ। (ਅ) ਧਰਤੀ ਹੋ ਗਈ ਲੋਹੇ ਦੇ ਜੰਗਾਰ ਦੇ ਰੰਗ ਦੀ ਜਦ ਸੂਰਮਿਆਂ ਦਾ ਲਹੂ ਰਚਿਆ ਉਸ ਵਿਚ।
[ਸੰਸ:, ਧੂਰਤ = ਲੋਹੇ ਦਾ ਜੰਗਾਰ]।
[੨]ਹੱਥ ਕੱਟੇ ਜਾਕੇ ਡਿੱਗੇ ਪਏ ਕੜਛੀ ਤੁੱਲ ਹਨ।
[੩]ਪੱਤਲਾਂ।
[੪]ਸੁੱਟਦੀਆਂ ਹਨ।
[੫]ਗਿਰਝਾਂ ਤੇ ਚਿੱਟੀਆਂ ਇੱਲਾਂ।
[੬]ਮਾਸ।

ਜਿਸ ਤੀਰ ਹਨੈ ਤਿਸ ਮਾਰਤਿ ਹੈ।
ਗੁਰ ਪਾਸ ਮਹੰਤ ਕ੍ਰਿਪਾਲ ਖਰਜੋ।
ਅਵਿਲੋਕਤਿ ਕੋਪ ਬਿਸਾਲ ਭਰਜੋ ॥੧੩॥
'ਬਲ ਤੇਜ ਤੁਰੰਗਮ ਜੋਰ ਕਰੇ[1]।
ਹਮਰੇ ਦਲ ਕੋ ਬਹੁ ਤਾਸ ਧਰੇ।
ਪ੍ਰਭੁ ਜੀ! ਨਿਜ ਆਇਸੁ ਦੇਹ ਅਬੈ।
ਇਸ ਸੰਗ ਲਰੋਂ, ਨ ਟਰੋਂ ਸੁ ਕਬੈ ॥੧੪॥
ਭਟ ਬ੍ਰਿੰਦਨਿ ਕੋ ਰਨ ਮਾਰਤਿ ਹੈ।
ਨਿਜ ਅੰਗ ਬਚਾਇ ਪ੍ਰਹਾਰਤਿ ਹੈ।
ਹਤਿ ਪੂਰਬ ਮੈਂ ਰਿਪੁ ਪ੍ਰਾਨਨ ਕੋ।
ਪੁਨ ਆਨਿ ਬਿਲੋਕਹੁਂ ਆਨਨ ਕੋ[2]' ॥੧੫॥
ਕਲਗ਼ੀਧਰ ਯੌਂ ਮੁਸਕਾਇ ਕਹਜੋ।
'ਤੁਮ ਬਾਕਨਿ ਕੇਰ ਪ੍ਰਤਾਪ ਲਹਜੋ।
ਬਰ ਦੇਹਿ, ਫਤੇ ਗੁਰ ਪਾਵਹਿੰਗੇ।
ਰਿਪੁ ਬ੍ਰਿੰਦ ਖਪਾਇਵ ਹਾਵਹਿੰਗੇ[3] ॥੧੬॥
ਇਹ ਸੰਤਨ ਕੀ ਨਿਤ ਰੀਤਿ ਅਹੈ।
ਹੁਇ ਹਾਰ ਬਿਜੈ, ਬਰ ਸ੍ਰਾਪ ਕਹੈ[4]।'
ਸੁਨਿ ਫੇਰ ਕ੍ਰਿਪਾਲ ਬਖਾਨਤਿ ਹੈ।
ਰਸ ਬੀਰ ਵਧਜੋ ਰਿਸ ਠਾਨਤਿ ਹੈ ॥੧੭॥
'ਪ੍ਰਭੁ ਜੀ! ਰਨ ਮਹਿਂ ਤੁਮ ਸੰਗ ਖਰਜੋ[5]।
ਪਿਖਿ ਲੂਣਹਰਾਮ ਪਠਾਨ ਅਰਜੋ।
ਨਹਿਂ ਜਾਇ ਸਹਜੋ ਰਿਪੁ ਕੇ ਬਲ ਕੋ।
ਕਰਿ ਘਾਤ ਡਰਾਵਤਿ ਹੈ ਦਲ ਕੋ' ॥੧੮॥
ਕਲਗ਼ੀਧਰ ਯੌਂ ਜਬਿ ਬੈਨ ਸੁਨੇ।
ਉਰ ਹੋਇ ਪ੍ਰਸੰਨ ਬਿਸਾਲ ਭਨੇ।
'ਹੱਥਜਾਰ ਕਹਾਂ ਜੁ ਪ੍ਰਹਾਰਹੁਗੇ?
ਜਿਸ ਕੇ ਬਲ ਤੇ ਅਰਿ ਮਾਰਹੁਗੇ ॥੧੯॥
ਤਰਵਾਰ ਤੁਫੰਗ ਨ ਤੋਮਰ ਹੈ।

---

[1]ਭਾਵ ਹਯਾਤ ਖਾਂ ਜ਼ੋਰ ਕਰਦਾ ਹੈ।
[2]ਆਪਦੇ (ਕਵਲ) ਮੁਖ ਨੂੰ।
[3]ਨਾਸ਼ ਕਰਕੇ ਖਪਾ ਦਿਆਂਗੇ।
[4]ਸੰਤਾਂ ਦਾ ਕੰਮ ਜਿੱਤ ਕਿ ਹਾਰ ਲਈ ਵਰ ਯਾ ਸ੍ਰਾਪ ਦੇਣਾ ਹੀ ਹੈ। ਭਾਵ ਲੜਨਾਂ ਤੁਸਾਂ ਦਾ ਕੰਮ ਨਹੀਂ।
[5]ਖੜਾ ਹਾਂ।

ਧਨੁ ਬਾਨ[੧] ਮਹਾਨ ਨਹੀਂ ਕਰ ਹੈ[੨]।
ਨਹਿੰ ਢਾਰ ਬਚਾਵਨ ਅੰਗਨਿ ਕੋ।
ਕਿਮ ਜੰਗ ਚਹੌਂ ਅਰ ਭੰਗਨਿ ਕੋ ॥੨੦॥
ਸੁਨਿ ਸੰਤ ਕ੍ਰਿਪਾਲ ਕ੍ਰਿਪਾਲ ਲਹਜੋ[੩]।
ਢਿਗ ਮਾਤੁਲ ਬੀਰ ਕ੍ਰਿਪਾਲ ਚਹਜੋ[੪]।
'ਕੁਤਕਾ[੫] ਇਹ ਕਾਂਧੇ ਮੋਹਿ ਕਹਜੋ[੬]?
ਮਮ ਆਯੁਧ ਦੀਰਘ ਹਾਥ ਗਹਜੋ ॥੨੧॥
ਇਕ ਸੰਗ ਹਯਾਤ ਪ੍ਰਹਾਰ ਕਰੌਂ।
ਤੁਮਰੋ ਬਲ ਪਾਇ ਰਤੀ ਨ ਡਰੌਂ।
ਜਹਿੰ ਲੌ ਚਲਿ ਜਾਇ ਨ ਛੋਰਹੁੰਗੋ।
ਇਕ ਵਾਰ ਕਰੌਂ ਸਿਰ ਫੋਰਹੁੰਗੋ' ॥੨੨॥
ਸੁਨਿ ਮਾਤੁਲ ਧੀਰ ਕ੍ਰਿਪਾਲ ਕਹੈ।
'ਤਪ ਤੇਜ ਬਿਸਾਲ ਕ੍ਰਿਪਾਲ[੭] ਅਹੈ।
ਕਹਿ ਦੇਹੁ ਕ੍ਰਿਪਾਲ[੮]! ਸੁ ਆਇਸੁ ਕੌ।
ਰਣ ਸਾਥ ਪਠਾਣ ਪਿਖੌ ਇਸ ਕੌ[੯]' ॥੨੩॥
ਮੁਸਕਾਇ ਪ੍ਰਭੂ ਤਬਿ ਬਾਕ ਕਹਜੋ।
'ਹਤਿ ਖਾਨ ਹਯਾਤ ਰਿਦੈ ਜੁ ਚਹਜੋ।
ਬਿਦਤੀ ਜਗ ਮੈਂ ਜਿਮ ਭੀਮ ਗਦਾ।
ਕੁਤਕਾ[੧੦] ਤਿਮ ਜਾਨਹਿੰ ਲੋਕ ਸਦਾ' ॥੨੪॥
ਗੁਰ ਕੇ ਸੁਨਿ ਬਾਕ ਅਨੰਦ ਭਯੋ।
ਬਲ ਸਾਥ ਸੁ ਹਾਥ ਸੰਭਾਰਿ ਲਯੋ।
ਜਿਹੰ ਦੀਰਘ ਦੇਹ ਸੁ ਪੇਟ ਮਹਾਂ।
ਭੁਜ ਲੰਬ[੧੧] ਦੋਊ ਬਡ ਓਜ ਲਹਾ ॥੨੫॥

---

[੧]ਧਨੁਖ ਤੇ ਬਾਨ।
[੨]ਹੱਥ ਵਿੱਚ ਨਹੀਂ ਹੈ।
[੩]ਕ੍ਰਿਪਾਲ ਸੰਤ ਨੇ ਸੁਣਕੇ ਕ੍ਰਿਪਾਲੂ (ਗੁਰੂ ਜੀ ਨੂੰ) ਦੇਖਿਆ।
[੪]ਪਾਸ ਖੜੇ ਮਾਮਾ ਕ੍ਰਿਪਾਲ ਜੀ ਵਲ ਦੇਖਿਆ।
[੫]ਲਮਾਣ ਵਿੱਚ ਛੋਟਾ ਪਰ ਮੁਟਾਈ ਵਿੱਚ ਮੋਟਾ ਡੰਡਾ।
[੬]ਕਾਹਦੇ ਵਾਸਤੇ ਹੈ।
[੭]ਕ੍ਰਿਪਾਲ ਸੰਤ ਦਾ।
[੮]ਹੇ ਗੁਰੂ ਜੀ।
[੯]ਪਠਾਣ ਨਾਲ ਇਸ ਦਾ ਜੰਗ ਦੇਖੋ (ਹੇ ਗੁਰੂ ਜੀ)।
[੧੦](ਤੇਰਾ) ਡੰਡਾ।
[੧੧]ਲੰਮੀਆਂ।

ਜਟ ਜੂਟ ਜੁਟਯੋ[੧] ਜਿਹ ਸੀਸ ਧਰੇ।
ਸਭਿ ਅੰਗਨ ਬੀਚ ਬਿਭੂਤਿ ਧਰੇ।
ਨਿਜ ਤੇਜ ਤੁਰੰਗ ਧਵਾਇ ਚਲਯੋ।
ਦਲ ਖਾਨਨ ਕੋ ਤਤਕਾਲ ਦਲਯੋ ॥੨੬॥
ਤਨ ਭੈਰਵ ਭੇਖ ਸੁਪੈਦ ਕਰਯੋ[੨]।
ਦ੍ਰਿਗ ਆਨਨ ਲਾਲ ਸੁ ਕੋਪ ਭੁਰਯੋ।
ਡਰਪਾਇ ਪਠਾਨਨ ਅੱਗ੍ਰ ਭਯੋ[੩]।
ਤਤਕਾਲ ਹਯਾਤ ਬੰਗਾਰ ਲਯੋ ॥੨੭॥
'ਕਿਤ ਜਾਤਿ ਭਜਯੋ ਇਤ ਹੋਹੁ ਖਰਯੋ।
ਮਮ ਸਾਥ ਕ੍ਰਿਪਾਨ ਨਿਕਾਰ ਲਰਯੋ।
ਹਮਰੇ ਬਹੁ ਬੀਰ ਹਤੇ ਰਨ ਮੈਂ।
ਅਬਿ ਸਨਮੁਖ ਧੀਰ ਧਰੋ ਮਨ ਮੈਂ' ॥੨੮॥
ਸੁਨਿ ਖਾਨ ਮੁਰਯੋ ਲਲਕਾਰਤਿ ਹੀ।
ਜਿਮ ਨਾਗ ਕਿ ਪੂੰਛਹਿ ਦਾਬਤਿ ਹੀ[੪]।
ਹੁਇ ਸੰਮੁਖ ਦੋਨਹੁਂ ਬੀਰ ਖਰੇ।
ਤਰਵਾਰ ਨਿਕਾਰਿਯ ਕੋਪ ਭਰੇ ॥੨੯॥
ਕੁਤਕਾ ਬਡ ਮੋਟ ਸੰਭਾਰਿ ਤਬੈ।
ਦਲ ਦੋਇਨ ਕੇ ਭਟ ਦੇਖਿ ਸਬੈ।
ਲਖਿ ਸਾਧ ਬਿਭੂਤਿ ਜਟਾਉ ਧਰੇ।
ਗਿਰਨਾਥ ਪਠਾਨ, ਦਿਸੰਤਿ[੫] ਖਰੇ ॥੩੦॥
-ਇਹ ਜੁੱਧ ਭਲੋ ਹਠ ਸਾਧ ਕਿਯੋ।
ਹਿਤ ਮਾਰਨ ਕੇ ਕੁਤਕਾ ਸੁ ਲਿਯੋ-।
ਤਜਿ ਕੈ ਰਨ ਦੇਖਨਿ ਦੋਇਨ ਕੋ[੬]।
ਇਮ ਪੂਰਬ ਕੀਨਸਿ ਕੋਇ ਨ ਕੋ[੭] ॥੩੧॥
ਕਰਿ ਤੇਜ ਤੁਰੰਗ ਪਠਾਨ ਅਯੋ।
ਤਰਵਾਰ ਨਿਕਾਰਿ ਉਭਾਰਿ ਲਯੋ।

---

[੧]ਜੜਾਵਾਂ ਦਾ ਜੂੜਾ ਵੱਟਿਆ ਹੋਇਆ।
[੨]ਭਯਾਨਕ ਭੇਖ ਚਿੱਟਾ (ਸਵਾਹ ਨਾਲ) ਕੀਤਾ ਹੋਇਆ ਸੀ।
[੩]ਡਰਾਕੇ ਪਠਾਣਾਂ ਨੂੰ ਅੱਗੇ ਹੋਇਆ।
[੪]ਜਿਵੇਂ ਪੂਛ ਦੇ ਦੱਬਿਆਂ ਨਾਗ ਮੁੜਦਾ ਹੈ।
[੫]ਦੇਖਦੇ ਹਨ।
[੬]ਸਾਰੇ ਜੰਗ ਛੋੜਕੇ ਇਨ੍ਹਾਂ ਦੁਹਾਂ ਦਾ ਜੁੱਧ ਦੇਖਣ ਲੱਗੇ।
[੭]ਕਿਸੇ ਨੇ ਪਹਿਲੇ ਕਦੇ ਐਉਂ (ਜੁੱਧ) ਨਹੀਂ ਕੀਤਾ।

ਉਰ ਧੀਰਜ ਸੰਮੁਖ ਸਾਧ ਖਰਜੋ।
ਕੁਤਕਾ ਗਹਿ ਨੈਕ ਨ ਹੀਯ ਡਰਜੋ ॥੩੨॥
ਤਬਿ ਖਾਨਹਯਾਤ ਸਮੀਪ ਢੁਕਜੋ।
ਕਰਵਾਰ ਧਰੇ ਕਰ ਵਾਰ ਰੁਕਜੋ[1]।
ਕੁਤਕਾ ਕਰਿ ਅੱਗ੍ਰ ਬਚਾਇ ਭਲੇ।
ਅਸਿ ਟੂਟ ਤਬੈ ਗਿਰਿਗਾ ਸੁ ਤਲੇ ॥੩੩॥
ਭਭਕਜੋ ਸਮ ਕੇਹਰਿ ਸਾਧ ਤਬੈ।
ਦਲ ਦੋਇ ਬਿਲੋਕਤਿ ਬੀਰ ਸਬੈ।
ਕੁਤਕਾ ਬਲ ਸਾਥ ਸੰਭਾਰਿ ਲਯੋ।
ਸਿਰ ਖਾਨ ਹਯਾਤ ਕੇ ਝਾਰ ਦਯੋ ॥੩੪॥
ਪਗ ਕੋ[2] ਬਲ ਪਾਇ ਰਕਾਬਨ ਪੈ।
ਉਛਰਜੋ ਕੁਛ ਊਚਹਿ ਆਸਨ ਪੈ।
ਸਗਰੇ ਤਨ ਓਜ ਲਗਾਇ ਬਡੋ।
ਕੁਤਕਾ ਜੁਗ ਹਾਥਨ ਸਾਥ ਛਡੋ[3] ॥੩੫॥
ਇਸ ਭਾਂਤਿ ਲਗਜੋ ਸਿਰ ਫੋਰ ਦਯੋ।
ਨਿਕਸੀ ਮਿਝ ਸੇਤ ਸੁ ਮ੍ਰਿੱਤੁ ਭਯੋ।
ਬਹੁ ਖੰਡ ਕਰੇ ਜਿਹ ਸੀਸਹਿਂ ਕੇ।
ਸਭਿ ਦੇਖਤਿ ਹੈਂ ਗਿਰ ਈਸ਼ਹਿਂ ਕੇ[4] ॥੩੬॥
ਗੁਰ ਸ਼੍ਰੀ ਮੁਖ ਤੇ ਉਪਮਾ ਸੁ ਭਨੀ।
ਦਧਿ ਕੀ ਮਟਕੀ ਜਨੁ ਸ਼ਜਾਮ ਹਨੀ।
ਜਿਮ ਭੀਮ ਗਦਾ ਗਹਿ ਹਾਥਨ ਮੈਂ।
ਦੁਰਜੋਧਨ ਕੇ ਹਨੀ ਪਾਟਨ ਮੈਂ[5] ॥੩੭॥

(ਬਚਿੱਤ੍ਰ ਨਾਟਕ ਵਿੱਚੋਂ) ਭੁਜੰਗ ਛੰਦ:

ਕ੍ਰਿਪਾਲ ਕੋਪੀਅੰ ਕੁੱਤਕੋ ਸੰਭਾਰੀ ॥
ਹਠੀ ਖਾਨ ਹਯਾਤ ਕੇ ਸੀਸ ਝਾਰੀ ॥
[6]ਉਠੀ ਛਿੱਛ ਇੱਛੰ ਕਢਾ ਮੇਝ ਜੋਰੰ ॥
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ ॥

---

[1]ਤਲਵਾਰ ਫੜਕੇ ਵਾਰ ਕਰਕੇ ਫੇਰ ਰੁਕਿਆ (ਕਿਉਂਕਿ ਅਗੋਂ ਸਾਧੂ ਨੇ...)?
[2]ਪੈਰਾਂ ਦਾ।
[3]ਮਾਰਿਆ।
[4]ਪਹਾੜਾਂ ਦੇ ਰਾਜੇ।
[5]ਪੱਟਾਂ ਵਿੱਚ।
[6]ਜ਼ੋਰ ਨਾਲ ਮਿਝ ਨਿਕਲੀ ਤੇ ਛਿੱਟਾਂ ਉਭਰੀਆਂ ਐਉਂ ਦਿੱਸੀਆਂ ਕਿ ਮਾਨੋ ਕ੍ਰਿਸ਼ਨ ਨੇ ਮੱਖਣ ਦੀ ਮੱਟਕੀ ਭੰਨੀ ਹੈ। [ਛਿੱਛ = ਛਿੱਟਾਂ। ਇੱਛੰ = ਈਕਸ਼ਣ = ਦੇਖਣਾ (ਅ) ਇਸ ਤਰ੍ਹਾਂ]।

ਪਾਧੜੀ ਛੰਦ: [1]ਉਥਲਜੋ ਤਜਿ ਆਸਨ ਜ਼ੀਨ ਜਬੈ।
ਗਿਰ ਭੂਮ ਪਰਜੋ ਕਰਿ ਸ਼ੀਘ੍ਰ ਤਬੈ।
ਛੁਟਿ ਭਾਜ ਤੁਰੰਗਮ ਦੂਰ ਗਯੋ।
ਇਕ ਖਾਨ ਕਿਕਾਨ ਦਬਾਇ ਲਯੋ ॥੩੮॥
ਲਰ ਉਧਮ ਦੀਰਘ ਹੋਤਿ ਭਯੋ।
ਹਤਿ ਕੈ ਅਸਵਾਰ ਦੁਲਾਤ ਦਯੋ।
ਇਮ ਕੌਤਕ ਦੇਖਤਿ ਬੀਰ ਖਰੇ।
ਦੁਹੂੰ ਓਰਨ ਅਦਭੁਤ ਰੰਗ ਧਰੇ ॥੩੯॥
ਤਬਿ ਕੇਤਿਕ ਖਾਨ ਧਵਾਇ ਅਏ।
ਦਿਸ਼ ਚਾਰ ਮਹੰਤਹਿ ਘੇਰ ਲਏ।
ਤਬਿ ਕ੍ਰੋਧਤ ਸੰਮੁਖ ਧਾਇ ਪਰਜੋ।
ਇਕ ਸੀਸ ਤੁਰੰਗਹਿ ਘਾਤ ਕਰਜੋ[2] ॥੪੦॥
ਤਤਕਾਲ ਬਿਨਾ ਸੁਧ ਹੋਇ ਗਯੋ[3]।
ਅਸਵਾਰ ਸਮੇਤ ਗਿਰੰਤਿ ਭਯੋ।
ਮਲ ਜੀਤ ਸਹਾਇਕ ਹੋਇ ਤਬੈ[4]।
ਅਪਨੇ ਮਹਿਂ ਸਾਧੁ ਮਿਲਾਇ ਸਬੈ[5] ॥੪੧॥
ਗੁਲਕਾਂ ਗਨ ਤੀਨ ਚਲਾਵਤਿ ਹੈਂ।
ਦੁਹੂੰ ਓਰਨ ਬੀਰਨ ਘਾਵਤਿ ਹੈਂ।
ਹਯ ਛੂਛ ਫਿਰੇ ਹਿਹਨਾਵਤਿ ਹੈਂ।
ਭਟ ਭੂਮ ਪਰੇ ਤਰਫਾਵਤਿ ਹੈਂ ॥੪੨॥

---

[1](ਅੰਕ ੩੬ ਵਿਚ ਕ੍ਰਿਪਾਲ ਆਸਨ ਤੋਂ ਉਛਲਕੇ ਹਯਾਤ ਦੇ ਸਿਰ ਕੁਤਕਾ ਮਾਰਦਾ ਹੈ, ਫਿਰ ਆਸਣ ਤੇ ਬੈਠਣ ਲਗਿਆਂ ਉਸਦੀ) ਕਾਠੀ ਤੋਂ ਆਸਨ ਛੁਟ ਗਿਆ ਤੇ ਉਲਟ ਕੇ ਧਰਤੀ ਤੇ ਡਿਗ ਪਿਆ, (ਪਰ ਉਹ) ਛੇਤੀ ਕਰਕੇ (ਉਠਿਆ, ਇੰਨੇ ਨੂੰ) ਘੋੜਾ ਛੁੱਟਕੇ ਤੇ ਭੱਜਕੇ ਦੂਰ ਚਲਾ ਗਿਆ। ਇਕ ਖਾਨ ਨੇ ਘੋੜੇ ਨੂੰ ਨਪੜ ਲਿਆ। (ਘੋੜੇ ਤੇ ਖਾਨ ਦੀ) ਲੜਾਈ ਦਾ ਖੂਬ ਡੰਡ ਰੌਲਾ ਪਿਆ। (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ। (ਅਥਵਾ ਜਦ ਕ੍ਰਿਪਾਲ ਦਾ ਘੋੜਾ ਦੂਰ ਭਜ ਗਿਆ ਤਾਂ ਕ੍ਰਿਪਾਲ ਨੇ) ਇਕ ਪਠਾਨ ਦਾ ਘੋੜਾ ਨਪੜ ਲਿਆ। (ਇਸ ਖਾਨ ਤੇ ਕ੍ਰਿਪਾਲ ਦੀ ਲੜਾਈ ਦਾ ਬੜਾ ਰੌਲਾ ਮਚਿਆ, (ਕ੍ਰਿਪਾਲ ਨੇ ਅੰਤ) ਅਸਵਾਰ ਨੂੰ ਮਾਰਕੇ ਘੋੜੇ ਤੇ ਦੋ ਲਤਾਂ ਦਿੱਤੀਆਂ (ਭਾਵ ਸਵਾਰ ਹੋ ਗਿਆ)। (ਅ) ਅੰਕ ੩੬ ਵਿਚ ਹਯਾਤ ਦੇ ਮਰਨ ਦਾ ਜ਼ਿਕਰ ਹੈ। ਉਹੋ ਜੇ ਹਯਾਤ ਦਾ ਜ਼ਿਕਰ ਇਸ ਛੰਦ ਵਿਚ ਜਾਰੀ ਸਮਝੀਏ ਤਾਂ ਅਰਥ ਐਉਂ ਲਗੇਗਾ:-(ਹਯਾਤ ਦਾ ਸਰੀਰ) ਜਦ ਜ਼ੀਨ ਦਾ ਆਸਣ ਛੱਡਕੇ ਉਲਟਿਆ ਤਦ ਛੇਤੀ ਨਾਲ ਧਰਤੀ ਤੇ ਡਿਗ ਪਿਆ। (ਉਸਦਾ) ਘੋੜਾ ਛੁਟਕੇ ਦੂਰ ਚਲਾ ਗਿਆ, ਇਕ ਪਠਾਨ ਨੇ ਇਹ ਘੋੜਾ ਨਪੜ ਲਿਆ, (ਖਾਨ ਤੇ ਘੋੜੇ ਦੀ) ਲੜਾਈ ਦਾ ਬੜਾ ਰੌਲਾ ਪੈ ਗਿਆ, (ਘੋੜੇ ਨੇ) ਦੁਲੱਤੇ ਮਾਰ ਮਾਰ ਕੇ ਅਸਵਾਰ ਨੂੰ ਮਾਰ ਦਿੱਤਾ।

[2]ਇਕ (ਅਸਵਾਰ ਦੇ) ਘੋੜੇ ਦੇ ਸਿਰ ਤੇ ਮਾਰਿਆ (ਕੁਤਕਾ)।

[3]ਬੇਸੁਧ ਹੋ ਗਿਆ (ਘੋੜਾ)।

[4](ਕ੍ਰਿਪਾਲ ਸਾਧੂ ਦੇ) ਸਹਾਈ ਆ ਹੋਏ ਜੀਤ ਮੱਲ ਜੀ।

[5]ਸਾਰਿਆਂ ਨੇ ਆਪਣੇ ਵਿਚ ਰਲਾ ਲਿਆ ਸਾਧੂ ਨੂੰ।

ਬਡ ਨਾਦਤਿ ਦੁੰਦਭਿ ਵਾਵਤਿ ਹੈਂ।
ਗਨ ਗੀਦਰ ਕੂਕ ਸੁਨਾਵਤਿ ਹੈਂ।
ਭਖਿ ਜੋਗਨਿ ਮੋਦ ਵਧਾਵਤਿ ਹੈਂ।
ਬਹੁ ਸ਼੍ਰੋਣਤ ਪਾਨ ਕਰਾਵਤਿ ਹੈਂ ॥੪੩॥

ਦੋਹਰਾ: ਇਸ ਪ੍ਰਕਾਰ ਰਨ ਮਚ ਰਹਜੋ, ਜੋਧੇ ਰਿਸ ਧਰਿ ਮਾਰਿ।
ਭਯੋ ਭੰਗਾਣੀ ਥਾਨ ਤਬਿ, ਦਾਰੁਨ ਲੋਥ ਬਿਥਾਰ[੧] ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹੱਯਾਤ ਖਾਨ ਬਧਹ' ਪ੍ਰਸੰਗ ਬਰਨਨੰ ਨਾਮ ਸਪਤ ਬਿੰਸਤੀ ਅੰਸੂ ॥੨੭॥

---

[੧] ਲੋਥਾਂ ਦਾ ਖਿਲੇਰ।

੨੮. [ਸਾਹਿਬ ਚੰਦ। ਦਯਾਰਾਮ ਨੰਦ ਚੰਦ ਦਾ ਯੁੱਧ]

੨੭<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੨੯

ਦੋਹਰਾ: ਖਾਨ ਤੀਨ ਸਰਦਾਰ ਮੈਂ,
ਇਕ ਜਬਿ ਲੀਨੋ ਮਾਰਿ।
ਅਪਰ ਪਠਾਨ ਪ੍ਰਹਾਰ ਭੇ[1],
ਮਰੇ ਤੁਰੰਗ ਉਦਾਰ ॥੧॥

ਹਰਿਬੋਲਮਨਾ ਛੰਦ: ਰਿਸ ਧਾਰਿ ਅਰੇ। ਹਥਿਆਰ ਕਰੇ।
ਗਨ ਬਾਨ ਚਲੇ। ਨਹਿਂ ਹੋਤਿ ਖਲੇ ॥੨॥
ਹਤਿ ਭਾਲਨ ਤੇ[2]। ਰੁਕਿ[3] ਢਾਲਨ ਤੇ।
ਗਹਿ ਤੋਮਰ ਕੌ। ਹਨਤੇ ਅਰਿ ਕੌ ॥੩॥
ਕਿਹ ਬਾਂਹ ਕਟੀ। ਕਿਸ ਟਾਂਗ ਟੁਟੀ।
ਕਟਿ ਮੁੰਡ ਲਏ। ਬਹੁ ਰੁੰਡ[4] ਭਏ ॥੪॥
ਕਰਵਾਰ ਨਚੀ। ਰਜ ਸ਼੍ਰੋਣ ਰਚੀ[5]।
ਬਹੁ ਘਾਇ ਲਗੇ। ਤਰਫੈਂ ਗਿਰਗੇ[6] ॥੫॥
ਹਯ ਧਾਵਤਿ ਹੈਂ। ਭਟ ਘਾਵਤਿ ਹੈਂ।
ਮਿਲਿ ਬੀਰ ਗਏ। ਅਸਿ ਢਾਲ ਲਏ[7] ॥੬॥
ਕਰਿ ਹੇਲ ਘਨੇ। ਮੁਖ 'ਮਾਰ' ਭਨੇ।
ਕਟਿ ਲੋਥ ਪਰੀ[8]। ਗਨ ਧੂਰ ਭਰੀ ॥੭॥
ਨਿਜ ਸ੍ਵਾਮਨ ਕੌ। ਕਰਿ ਕਾਮਨ ਕੌ[9]।
ਨਿਜ ਪ੍ਰਾਨ ਦਏ। ਸੁਰ ਲੋਕ ਗਏ ॥੮॥
ਤਨ ਜਾਂਹਿ ਕਟੇ[10]। ਨਹਿਂ ਪਾਛਿ ਹਟੇ।
ਗਨ ਖਾਨ ਅਰੇ। ਤਤਕਾਲ ਮਰੇ ॥੯॥
ਤੁਪਕਾਨ ਛੁਟੇ। ਉਰ ਸੀਸ ਫੁਟੇ।

---

[1]ਨਾਸ਼ ਹੋਏ (ਤੇ ਨਾਲ....)
[2]ਭਾਲੇ ਮਾਰਦੇ ਹਨ
(ਅ) ਸਿਰਾਂ ਤੇ ਮਾਰਦੇ ਹਨ।
[3]ਰੋਕਦੇ ਹਨ।
[4]ਬਿਨਾਂ ਸੀਸ ਦੇ ਧੜ।
[5]ਲਹੂ ਨਾਲ ਮਿੱਟੀ ਗੋਈ ਗਈ।
[6]ਤੜਫਦੇ ਗਿਰ ਗਏ।
[7]ਤਲਵਾਰ ਢਾਲ ਲੈਕੇ।
[8]ਲੋਥਾਂ ਕੱਟਕੇ ਡਿਗ ਪਈਆਂ।
[9]ਆਪਣੇ ਮਾਲਕ ਦਾ ਕਰਕੇ ਕੰਮ।
[10]ਤਨ ਕੱਟੇ ਜਾਂਦੇ ਹਨ (ਪਰ)।

ਬਮ[੧] ਸ਼੍ਰੋਣ ਮਹਾਂ। ਗਿਰ ਜਾਇੰ ਤਹਾਂ ॥੧੦॥

ਨਿਸਾਨੀ ਛੰਦ: ਗੜ੍ਹ ਚਿਲਾਨ[੨] ਇਕ ਥਾਨ ਹੈ ਕਾਸ਼ੀ ਜਿਤ ਦੇਸ਼ੂ।
ਤਿਸ ਥਲ ਕੋ ਇਕ ਸਿੱਖ ਹੈ ਜਿਹ ਸੁਮਤਿ ਵਿਸ਼ੇਸ਼ੂ।
ਰਾਮ ਸਿੰਘ[੩] ਸ਼ੁਭ ਨਾਮ ਹੈ ਗੁਰ ਆਇਸੁ ਪਾਈ।
ਇਕ ਲਕਰਾ ਵਿਚ ਖੋਦਿ ਕੈ[੪] ਬਡ ਤੋਪ ਬਨਾਈ ॥੧੧॥

ਊਚੇ ਥਲ ਸੋ ਧਰਿ ਦਈ, ਬਾਰੂਦ ਬਿਸਾਲਾ।
ਗੋਰਾ ਪਾਥਰ ਠੋਕਿ ਕੈ, ਸਨਮੁਖ ਰਿਪੁ ਜਾਲਾ।
ਗੁਰ ਆਗਜਾ ਲੇ ਕਰਿ ਤਬੈ, ਤਿਹ ਲਾਇ ਪਲੀਤਾ।
ਛੁਟਤਿ ਕਰਯੋ ਬਡ ਸ਼ਬਦ ਕੌ, ਜਨੁ ਬਿੱਜੁ ਗਜੀਤਾ[੫] ॥੧੨॥
ਜਹਾਂ ਚੁੰਗ[੬] ਬਾਂਧੇ ਖਰੇ, ਤਹਿੰ ਪਹੁੰਚਯੋ ਗੋਰਾ।
ਬਡੇ ਬੇਗ ਤੇ ਮਾਰਿ ਕੈ, ਇਕ ਭਟ ਅਰੁ ਘੋਰਾ।
ਗਿਰਯੋ ਹੇਰਿਅਰਿ ਗਨ ਭਜੇ, ਇਤ ਉਤ ਕੋ ਹੋਏ।
'ਬਿਜੈ ਹੋਇ ਸਤਿਗੁਰੂ ਕੀ', ਬੋਲੇ ਸਭਿ ਕੋਏ ॥੧੩॥
ਪੁਨ ਬਰੂਦ ਗੋਲਾ ਕਸਯੋ, ਤਤਕਾਲ ਚਲਾਈ।
ਜਹਿੰ ਇਕੱਤ੍ਰ ਗਨ ਸੂਰਮੇ, ਤਿਤ ਦਿਯ ਬਿਚਲਾਈ[੭]।
ਬਿਸਮੈ ਗਿਰਪਤਿ ਦੇਖਿ ਕੈ, -ਇਹ ਅਜਬ ਤਮਾਸ਼ਾ।
ਤੋਪ ਚਲੀ ਬਡ ਕਾਠ ਕੀ, ਕਿਯ ਸੁਭਟ ਬਿਨਾਸ਼ਾ- ॥੧੪॥
ਸਾਹਿਬਚੰਦ ਬਿਲੰਦ ਬਲਿ, ਗੁਰ ਬੀਰ ਬਿਸਾਲਾ।
ਵਧੇ ਪਠਾਨ ਬਿਲੋਕਿ ਕੈ, ਬੋਲਯੋ ਤਿਸ ਕਾਲਾ।
'ਪ੍ਰਭੁ ਜੀ ਆਗਜਾ ਦੇਹੁ ਮੁਝ, ਉਮਡੇ ਇਤ ਆਵੈਂ।
ਪੰਚਹੁੰ ਭ੍ਰਾਤਾ ਉਤ ਖਰੇ, ਸੰਗ੍ਰਾਮ ਮਚਾਵੈਂ ॥੧੫॥
ਫਤੇਸ਼ਾਹ ਕੀ ਚਮੂੰ ਗਨ, ਓਰੜ ਇਹ ਆਈ।
ਗੁਲਕਾਂ ਤੋਮਰ ਤੀਰ ਕੀ, ਬਡ ਮਾਰ ਮਚਾਈ।'

---

[੧]ਨਿਕਲਦਾ ਹੈ।
[੨]ਚੁਨਾਰਗੜ੍ਹ ਤੋਂ ਮੁਰਾਦ ਜਾਪਦੀ ਹੈ। ਇਹ ਟਿਕਾਣਾ ਮਿਰਜ਼ਾ ਪੁਰ ਜ਼ਿਲੇ ਵਿਚ ਕਾਂਸ਼ੀ ਤੋਂ ਪੰਦਰਾਂ ਵੀਹ ਮੀਲ ਤੇ ਗੰਗਾ ਦੇ ਕਿਨਾਰੇ ਹੈ, ਕਦੇ ਬੜਾ ਪੱਕਾ ਫੌਜੀ ਟਿਕਾਣਾ ਸੀ। ਹੁਣ ਬੀ ਏਥੇ ਕਿਲ੍ਹਾ ਤੇ ਸਿਲਹਖਾਨਾ ਹੈ। ਕਿਲ੍ਹਾ ਇਕ ਪਹਾੜੀ ਦੀ ਚੋਟੀ ਤੇ ਹੈ। ਅਭਾਗੀ ਮਹਾਰਾਣੀ ਜਿੰਦਾਂ ਨੂੰ ਅੰਗ੍ਰੇਜ਼ਾਂ ਨੇ ਇਸੇ ਕਿਲ੍ਹੇ ਵਿਚ ਕੈਦ ਕੀਤਾ ਸੀ ਜਿੱਥੋਂ ਕਿ ਉਹ ਆਪਣੀ ਚਾਤੁਰਤਾ ਨਾਲ ਨਿਕਲ ਕੇ ਨੈਪਾਲ ਜਾ ਪਹੁੰਚੀ ਸੀ।
[੩]ਸਿੰਘ ਪਦ ਨਾਵਾਂ ਨਾਲ ਪਹਿਲੋਂ ਬੀ ਟਾਵਾਂਟਾਵਾਂ ਹੁੰਦਾ ਸੀ, ਰਜਪੂਤਾਂ ਵਿਚ ਬੀ ਏਹ ਪਦ ਨਾਵਾਂ ਨਾਲ ਵਰਤੀਂਦਾ ਹੈ।
[੪]ਇਕ ਲਕੜੀ ਨੂੰ ਵਿੱਚੋਂ ਖੋਦਕੇ।
[੫]ਮਾਨੋਂ ਬਿਜਲੀ ਗੱਜੀ ਹੈ।
[੬]ਟੋਲਾ।
[੭]ਖਿੰਡਾ ਦਿਤੇ।

ਜਥੇਦਾਰ ਤੇ[1] ਸਤਿਗੁਰੂ, ਸੁਨਿ ਕਰਿ ਲਲਕਾਰਾ।
'ਲੇਹੁ ਸੰਗ ਗਨ ਬੀਰ ਕੋ, ਰਨ ਕਰੋ ਉਦਾਰਾ ॥੧੬॥
ਇਤਿ ਦਿਸ਼ਿ ਹ੍ਵੈ ਕਰਿ ਹੇਲ ਕਰਿ, ਤਜਿ ਪੁੰਜ ਤੁਫੰਗੇ।
ਵਧੇ ਆਇ ਰੋਕਹੁ ਇਨੈਂ, ਗੇਰਹੁ ਬਿਚ ਜੰਗੇ।'
ਆਗਜਾ ਸੁਨਿ ਸਤਿਗੁਰੂ ਕੀ, ਸਾਹਿਬਚੰਦ ਚਾਲਾ।
ਭਈ ਤੜਾਭੜ ਤੁਪਕ ਕੀ, ਇਕ ਬਾਰਿ ਬਿਸਾਲਾ ॥੧੭॥
ਬਾਨ ਪ੍ਰਹਾਰੇ ਐਂਚਿ ਧਨੁ, ਹੇਲਾ ਬਡ ਘਾਲਾ[2]।
ਹਾਲ ਚਲੇ ਗਨ ਖਾਨ ਤਬਿ, ਪਿਖਿ ਜੰਗ ਕਰਾਲਾ।
ਘਾਇਲ ਹ੍ਵੈ ਗਿਰ ਗਿਰ ਪਰੈਂ, ਨਹਿਂ ਬਲ ਸੰਭਾਰੇ।
ਮ੍ਰਿਤੁ ਤੇ ਕਾਤੁਰ ਡਰ ਭਜੇ, ਮਰਿਗੇ ਬਿਨ ਮਾਰੇ ॥੧੮॥
ਭੀਖਨਖਾਂ ਦੇਖ੍ਯੋ ਤਬੈ, ਗਨ ਖਾਨ ਪਲਾਏ।
ਗੁਰ ਕੋ ਦਲ, ਉਮਡ੍ਯੋ ਅਧਿਕ, ਆਵਤਿ ਅਗੁਵਾਏ।
ਭਟ ਹਯਾਤ ਖਾਂ ਮਰਿ ਗਯੋ, ਕੁਛ ਸਰ੍ਯੋ ਨ ਕਾਮਾ।
ਸਾਧ ਕਹਾਂ ਬਪੁਰੋ ਹੁਤੋ, ਜਿਨ ਪਠਿ ਜਮਧਾਮਾ[3] ॥੧੯॥
[4]'ਗੀਦੀ ਕਿਮ ਭਾਜਤਿ ਚਲੇ, ਕੁਲ ਕਾਨ ਬਿਚਾਰੋ।
ਹੇਲਾ ਘਾਲਹੁ ਸਮੁਖ ਗੁਰ, ਕ੍ਯੋਂ ਜੀਵਤਿ ਹਾਰੋ।
ਗਈ ਪਠਾਨੋ ਆਨ ਅਬਿ, ਐਸਨ[5] ਤੇ ਹਾਰਾ।
ਹਸਹਿਂ ਪਹਾਰੀ ਬੀਰ ਸਭਿ ਕਛੁ ਸਰੀ ਨ ਕਾਰਾ' ॥੨੦॥
ਇਮ ਬਿਚਾਰ ਭੀਖਨ ਰਿਦੈ[6] ਚਪਲਾਇ ਤੁਰੰਗਾ।
ਸੰਗ ਨਿਜਾਬਤ ਖਾਨ ਕੌ ਲੇ ਕਹ੍ਯੋ ਉਤੰਗਾ[7]।
'ਇਕਠੇ ਕਰੇ ਗਵਾਰ ਗਨ ਹੇਰੇ, ਤੁਮ ਪਾਛੇ।
ਹਥਜਾਰਨ ਕੋ ਪਕਰਨੋ ਨਹਿਂ ਆਵਤਿ ਆਛੇ' ॥੨੧॥
ਊਚੀ ਭੁਜਾ ਉਸਾਰਿ ਕੇ ਕਰਿ ਊਚ ਪੁਕਾਰੇ।
ਮੋਰੇ ਭਾਜਤਿ ਖਾਨ ਗਨ, ਠਹਿਰੇ ਤਿਸ ਬਾਰੇ।
ਸੰਗ ਨਿਜਾਬਤ ਖਾਨ ਲੇ, ਧਨੁ ਕਰ ਧਰਿ ਬਾਨਾ।

---

[1]ਭਾਵ ਸਾਹਿਬ ਚੰਦ ਤੋਂ।
[2]ਹੱਲਾ ਕੀਤਾ।
[3]ਜਿਸਨੇ ਭੇਜਿਆ ਜਮਧਾਮ (ਹੱਯਾਤ ਨੂੰ)।
[4]ਭੀਖਨ ਖਾਂ ਬੋਲਿਆ।
[5]ਐਹੋ ਜਿਹਾਂ ਤੋਂ ਹਾਰ ਗਏ। ਪਿੱਛੇ ਕਿਹਾ ਹੈ 'ਸਾਧ ਕਹਾਂ ਬਪਰੋ ਹੁਤੋ' ਅੱਗੇ ਬੀ ਕਿਹਾ ਹੈ (ਅੰਕ ੨੧ ਵਿਚ) ਇਕਠੇ ਕਰੇ ਗਵਾਰ।
[6]ਰਿਦੇ ਵਿਚ ਵਿਚਾਰ ਕੇ ਭੀਖਨ ਖਾਂ ਨੇ।
[7]ਉੱਚੀ ਕਿਹਾ।

ਰਿਸ ਕਰਿ ਕਰਿ ਮਾਰਤਿ ਘਨੇ, ਪਿਖਿ ਸੁਭਟ ਨਿਸ਼ਾਨਾ ॥੨੨॥
ਸਾਹਿਬਚੰਦ ਬਿਲੋਕਿ ਤਬਿ, ਉਮਡੇ ਗਨ ਖਾਨੰ[੧]।
ਗਯੋ ਧੀਰ ਧਰਿ ਛਿੱਪ੍ਰ ਕਰਿ, ਛੋਰਤਿ ਖਰ ਬਾਨੰ।
ਸੁਭਟ ਤੁਰੰਗਮ ਕੇ ਲਗਹਿਂ, ਹੋਵਹਿਂ ਤਨ ਪਾਰੇ।
ਉਥਲ ਜਾਹਿਂ ਰਣਖੇਤ ਮਹਿਂ, ਜਨੁ ਦੀਹ ਮੁਨਾਰੇ ॥੨੩॥
ਬਰਖਾ ਗੁਲਕਾਂ ਸਰਨ ਕੀ[੨], ਦਿਸ਼ਿ ਦੋਨਹੁਂ ਹੋਈ।
ਮਚਯੋ ਸ਼ੋਰ ਰਣਘੋਰ ਭਾ, ਜੂਟੇ ਸਭਿ ਕੋਈ।
ਅਟਕ ਰਹਯੋ ਜਬਿ ਜੰਗ ਬਡ, ਨ੍ਰਿਪ ਹੁਤੋ ਹੰਡੂਰੀ।
ਹਰੀਚੰਦ ਜਿਸ ਨਾਮ ਹੈ, ਰਿਸ ਕੀਨਸਿ ਭੂਰੀ ॥੨੪॥
ਧਨੁ ਬਿੱਦਜਾ ਮਹਿਂ ਨਿਪੁਨ ਬਹੁ, ਤਿਨ ਤੁਰੰਗ ਧਵਾਯੋ।
ਐਂਚਿ ਐਂਚਿ ਸਰ ਗਨ ਹਤੇ, ਦਲ ਗੁਰਨ[੩] ਹਿਲਾਯੋ।
ਮਾਰੇ ਸੁਭਟ ਪਰੋਇ ਕਰਿ, ਬਹੁ ਗਿਰੇ ਤੁਰੰਗਾ।
ਹਰਖਯੋ ਭੀਖਨ ਖਾਨ ਤਬਿ, ਪਿਖਿ ਭੀਖਨ[੪] ਜੰਗਾ ॥੨੫॥
ਹਰੀਚੰਦ ਕੇ ਨਿਕਟ ਹੁਇ, ਕਹਿ 'ਸਾਧ ਘਨੇਰਾ[੫]।
ਤਜਹਿਂ[੬] ਤੀਰ ਗੁਰ ਸੈਨ ਪਰ, ਦੇਂ ਤ੍ਰਾਸ ਬਡੇਰਾ।'
ਸਾਹਿਬਚੰਦ ਬਿਲੰਦ ਰਣ, ਪਿਖਿ ਕਰਤਿ ਉਪਾਯਾ।
ਦੇ ਬੀਰਨ ਕੌ ਧੀਰ ਤਬਿ, ਸਰ ਬ੍ਰਿੰਦ ਚਲਾਯਾ ॥੨੬॥
ਤਊ ਨ ਸੈਨਾ ਹੋਤਿ ਥਿਰ, ਹੇਰਤਿ ਗਨ ਬਾਨਾ।
ਹਰੀ ਚੰਦ ਸਰ ਗਨ ਤਜੈ, ਅਰੁ ਭੀਖਨਖਾਨਾ।
ਗੁਰ ਢਿਗ ਖਰੋ ਦਿਵਾਨ ਤਬਿ, ਨੰਦ ਚੰਦ ਪ੍ਰਬੀਨਾ।
'ਪ੍ਰਭੁ ਜੀ! ਆਗਜਾ ਦੇਹੁ ਮੁਝ, ਦਲ ਹਾਲਤਿ ਚੀਨਾ[੭] ॥੨੭॥
ਸੁਰਖੇ ਬਲੀ ਤੁਰੰਗ ਪਰ ਗਿਰਨਾਥ ਹੰਡੂਰੀ।
ਭੀਖਨਖਾਨ ਸਮੇਤ ਹੈ, ਕਰਿ ਕੈ ਰਿਸ ਭੂਰੀ।
ਮਾਰੇ ਹਮਰੇ ਬੀਰ ਬਹੁ, ਥਿਤ ਰਹੇ ਨ ਆਗੇ।
ਮਰੇ ਬਿਲੋਕੇ ਬ੍ਰਿੰਦ ਹੀ, ਰਨ ਤੇ ਅਬਿ ਭਾਗੇ ॥੨੮॥
ਵਡੇ ਆਇ ਹੰਕਾਰ ਕਰਿ, ਦਲ ਚਹੈਂ ਪਲਾਯੋ।

---

[੧]ਬਹੁਤੇ ਪਠਾਣਾਂ ਨੂੰ ਉਮਡਿਆ ਦੇਖ ਕੇ।
[੨]ਗੋਲੀਆਂ ਤੇ ਤੀਰਾਂ ਦੀ।
[੩]ਗੁਰਾਂ ਦਾ।
[੪]ਭਿਆਨਕ।
[੫]ਬਹੁਤ ਸ਼ਾਬਾਸ਼।
[੬]ਛੱਡਦਾ ਹੈਂ (ਤੂੰ)।
[੭](ਆਪਣਾ) ਦਲ ਹੱਲਦਾ ਦਿੱਸਦਾ ਹੈ।

ਸਾਹਿਬਚੰਦ ਨਿਕੰਦਤੋ[1], ਪਰ ਬਸ ਨ ਬਸਾਯੋ।'
ਸ਼੍ਰੀ ਕਲਗ਼ੀਧਰ ਸੁਨਿ ਤਬੈ, ਉਤ ਡੀਠ ਲਗਾਈ।
ਦਯਾਰਾਮ ਨੰਦ ਚੰਦ ਕੌ, ਆਇਸੁ ਫੁਰਮਾਈ ॥੨੯॥
'ਅਰਹੁ ਅੱਗ੍ਰ ਅਰਿ ਗਨ ਹਤਹੁ, ਵਧਿ ਆਇ ਅਗੇਰੇ।
ਆਇ ਨਿਜਾਬਤ ਖਾਨ ਉਤ, ਸੰਗ ਖਾਨ ਘਨੇਰੇ।'
ਸੁਨਿ ਦੋਨਹੁੰ ਗੁਰ ਸੂਰਮੇ, ਤਾਜੀ[2] ਸੁ ਤ੍ਰਪਾਏ।
ਸਨਮੁਖ ਗਮਨੇ ਅਰਿਨ ਕੇ, ਉਰ ਕ੍ਰੋਧ ਵਧਾਏ ॥੩੦॥
ਦਯਾਰਾਮ ਕਰਿ ਸ਼ੀਘ੍ਰਤਾ, ਬਹੁ ਬਾਨ ਚਲਾਏ।
ਦੇ ਧੀਰਜ ਨਿਜ ਭਟਨ ਕੌ, ਹਟਤੇ ਠਹਿਰਾਏ।
ਹੁਤੇ ਪਠਾਨ ਜਿ ਅੱਗ੍ਰ ਬਹੁ, ਹੇਲੇ ਹਿਤ ਆਵਹਿੰ।
'ਮਾਰ ਮਾਰ' ਮੁਖ ਤੇ ਭਨਹਿੰ, ਹੱਥਜਾਰ ਚਲਾਵਹਿੰ ॥੩੧॥
ਨੰਦ ਚੰਦ ਸਹਿ ਨਾ ਸਕਯੋ, ਹਯ ਬਲੀ ਧਵਾਯੋ।
ਬਰਛੀ ਤਿਰਛੀ ਭ੍ਰਮਤਿ ਖਰ[3], ਧਰਿ ਹਾਥ ਉਠਾਯੋ।
ਮਾਰੀ ਜਾਇ ਪਠਾਣ ਕੇ, ਤਤਕਾਲ ਪਰੋਵਾ।
ਵੜਾ ਉਤਾਰਨਿ ਹੇਤੁ ਜਨੁ, ਅਯ ਸੀਖ ਧਸੋਵਾ[4] ॥੩੨॥
ਨਾਗਨ ਸੀ ਲਸ਼ਕਤ ਹੁਤੀ, ਵਰਮੀ ਤਨ ਖਾਨਾ[5]।
ਲਗੀ ਬੇਗ ਤੇ ਧਸ ਗਈ, ਹਯ ਤੇ ਉਥਲਾਨਾ।
ਪਿਖਿ ਪਠਾਨ ਓਰੜ ਪਰੇ, ਕਹਿ 'ਮਾਰੋ ਮਾਰੋ।'
ਨੰਦ ਚੰਦ ਖਰ ਖੜਗ ਕੌ, ਤਤਕਾਲ ਨਿਕਾਰੋ[6] ॥੩੩॥
ਹਤਯੋ ਖਾਨ ਤਬਿ ਦੂਸਰੋ, ਸਿਰ ਕਾਟਿ ਉਤਾਰਾ।
ਤ੍ਰਿਤੀਏ ਕਹੁ ਤੁਰਨ ਹਨਯੋ, ਖਗ ਨਿਰਮਲ ਧਾਰਾ।
ਆਗੈ ਕਰੀ ਤੁਫੰਗ ਤਿਨ, ਲਗਿ ਟੁਟਯੋ ਕ੍ਰਿਪਾਨਾ।
ਗਯੋ ਵਾਰ ਨਿਸ਼ਫਲ ਜਬੈ, ਰਿਸ ਵਧੀ ਮਹਾਨਾ ॥੩੪॥
ਜਮਧਰ ਲਈ ਨਿਕਾਰ ਤਬਿ, ਖਰ ਅਨੀ[7] ਬਿਸਾਲਾ।
ਉਤਰਿ[8] ਦਈ ਢੁਕ ਖਾਨ ਕੇ, ਮਾਰਯੋ ਤਿਸ ਕਾਲਾ।

---

[1]ਮਾਰਦਾ ਹੈ।
[2]ਘੋੜੇ।
[3]ਤਿੱਖੀ।
[4]ਮਾਨੋ ਵੜੇ ਲਾਹੁਣ ਲਈ ਲੋਹੇ ਦੀ ਸੀਖ ਧਸਾਈ ਹੈ।
[5]ਖਾਨ ਦਾ ਸਰੀਰ ਇਹ ਖੁਡ ਹੈ।
[6]ਕਢਿਆ।
[7]ਤਿੱਖੀ ਨੋਕ।
[8]ਉਤਰ ਕੇ (ਘੋੜੇ ਤੋਂ)।

ਦਯਾਰਾਮ ਸਨ ਸੁਭਟ ਗਨ, ਤਿਸ ਨਿਕਟ ਪਹੂੰਚਾ।
ਮਾਰੇ ਅਧਿਕ ਪਠਾਨ ਰਨ, ਨਾਦਤਿ ਬਡ ਊਚਾ ॥੩੫॥
ਕਰੇ ਹਟਾਵਨਿ ਜੇ ਵਧੇ, ਰਨ ਖੇਤ ਛੁਰਾਯੋ।
ਹਟੇ ਤੁਰਨ ਕੀ ਓਟ ਹ੍ਵੈ[੧], ਨਿਜ ਗਾਤ ਬਚਾਯੋ।
ਹਰੀਚੰਦ ਇਤ ਤੇ ਫਿਰ੍ਯੋ, ਦੂਸਰ ਦਿਸ਼ਿ ਚਾਲਾ।
ਭੀਖਨਖਾਂ ਕੌ ਧੀਰ ਦੈ, ਥਿਰ ਕਰਿ ਤਿਸ ਕਾਲਾ ॥੩੬॥
ਸੰਗੋ ਆਦਿਕ ਜਿਤ ਦਿਸ਼ਾ, ਸੰਗ੍ਰਾਮ ਮਚਾਵਹਿਂ।
ਗਯੋ[੨] ਤੁਰੰਗ ਧਵਾਇ ਕਰਿ, ਗਨ ਤੀਰ ਚਲਾਵਹਿ।
ਆਵਤਿ ਕੌ ਅਵਿਲੋਕਯੋ, ਹੰਡੂਰੀ ਰਾਜਾ[੩]।
ਲਾਲ ਬਿਲੋਚਨ ਬਦਨ ਤੇ, ਭੀਖਨ[੪] ਰਨ ਸਾਜਾ ॥੩੭॥
ਸੰਗੋਸ਼ਾਹਿ ਕੁਦੰਡ[੫] ਗਹਿ, ਖਰ ਤੀਰ ਨਿਕਾਰੇ।
ਐਂਚਿ ਐਂਚਿ ਕਰਿ ਕਾਨ ਲਗ, ਰਿਪੁ ਸਨਮੁਖ ਮਾਰੇ।
ਇਤ ਉਤ ਬਿਚਰਤਿ[੬] ਨਹਿਂ ਲਗ੍ਯੋ, ਬਲਿ ਚਪਲ ਤੁਰੰਗਾ।
ਆਗੇ ਪਰਬਤ ਕੇ ਸੁਭਟ, ਤਿਨ ਅੰਗਨਿ ਭੰਗਾ[੭] ॥੩੮॥
ਇਤ ਜੋਧਾ ਇਹ ਅਰ ਪਰੇ[੮], ਉਤ ਮਧਕਰ ਸ਼ਾਹਿਂ[੯]।
ਸੰਗ ਚੰਦੇਲ ਸਿਪਾਹਿ ਗਨ ਰਿਪੁ ਕੈ ਰਨ ਮਾਹਿਂ।
ਦਯਾਰਾਮ ਨੰਦ ਚੰਦ ਸੋਂ, ਗੁਰ ਕੋ ਦਲ ਭਾਰੀ।
ਲਰੇ[੧੦] ਤੀਰ ਗੁਲਕਾਨ ਸੋਂ, ਕਰਵਾਰ ਨਿਕਾਰੀ ॥੩੯॥
ਪਰ੍ਯੋ ਦੂਰ ਲਗਿ ਖੇਤ ਬਡ, ਗਨ ਧੁਖਹਿਂ ਪਲੀਤੇ।
ਛਣੰਕਾਰ ਹੁਇਂ ਗਜਨ[੧੧] ਕੇ, ਚਾਹਤਿ ਚਿਤ ਜੀਤੇ।
ਦਸਤ ਰਵਾਂ ਕਰਿ ਸ਼ੀਘ੍ਰਤਾ, ਛੋਰਹਿਂ ਰਿਪੁ ਮਾਰਹਿਂ।
ਐਂਚਿ ਐਂਚਿ ਤੀਰਨ ਹਤਹਿਂ, ਆਗੇ ਪਗ ਡਾਰਹਿਂ ॥੪੦॥
ਫਤੇਸ਼ਾਹ ਉਤ ਦੂਰ ਹੀ, ਥਿਰਿ ਜੰਗ ਬਿਲੋਕੇ।

---

[੧]ਬ੍ਰਿੱਛਾਂ ਦੇ ਉਹਲੇ ਹੋਕੇ।
[੨](ਹਰੀ ਚੰਦ) ਗਿਆ।
[੩](ਸੰਗੋ ਨੇ) ਡਿੱਠਾ ਕਿ ਹੰਡੂਰੀ ਰਾਜਾ (ਹਰੀ ਚੰਦ) ਆ ਰਿਹਾ ਹੈ।
[੪]ਭਿਆਨਕ।
[੫]ਧਨੁਖ।
[੬](ਹਰੀ ਚੰਦ) ਇਧਰ ਉਧਰ ਟਲ ਗਿਆ ਹੈ।
[੭](ਪਰ ਉਹਨਾਂ ਤੀਰਾਂ ਨੇ) ਅਗੇ ਜਾਕੇ ਪਰਬਤੀ ਸੂਰਿਆਂ ਦੇ ਅੰਗ ਤੋੜੇ।
[੮]ਅੜ ਖੜੋਤੇ।
[੯]ਨਾਮ ਹੈ ਚੰਦੇਲ ਦੇ ਰਾਜੇ ਦਾ।
[੧੦](ਮਧਕਰ ਸ਼ਾਹ ਆਦਿ) ਲੜੇ।
[੧੧]ਉਹ ਗਜ ਜੋ ਉਸ ਸਮੇਂ ਦੀ ਬੰਦੂਕ ਵਿਚ ਫੇਰਦੇ ਸਨ।

ਭਾਜਹਿਂ ਜਬੈ ਪਹਾਰੀਏ, ਪਠਿ ਮਾਨਵ[1] ਰੋਕੇ।
ਪਿਖੈਂ ਤਮਾਸ਼ਾ ਗੁਰੂ ਇਤ, ਉਰ ਬਿਖੇ ਬਿਚਾਰੈਂ।
-ਅਧਿਕ ਵਧੈ ਜੋਧਾ ਜੁ ਬਡ, ਲਰਿ ਤਿਸ ਕੌ ਮਾਰੈਂ ॥੪੧॥
ਇਕ ਸੁ ਹਤਿ ਕੁਛ ਸੰਗ ਭਟ, ਥਿਤ ਬੁੱਧੂਸ਼ਾਹਾ।
ਰਨ ਮਹਿਂ ਤਨ ਦੇ ਲਰਤਿ ਹੈ, ਗੁਰ ਹਿਤ ਉਤਸਾਹਾ।
ਵਧਹਿ ਅੱਗ੍ਰ ਮਾਰਤਿ ਅਰਨਿ, ਗੁਲਕਾਂ ਮੁਚਕੰਤੇ[2]।
ਦੁਤਿਯ ਪੁੱਤ੍ਰ ਲਗਿ ਘਾਵ ਤਨ, ਗਾ ਭਿਸ਼ਤ ਲਰੰਤੇ[3] ॥੪੨॥
ਦੋਹਰਾ: ਇਮ ਰਨ ਮਹਿਂ ਘਮਸਾਨ ਬਹੁ, ਮਰੇ ਦੁਹਨ ਦਿਸ਼ਿ ਬੀਰ।
ਛਿਦਤਿ ਸਰੀਰ, ਸਧੀਰ ਹ੍ਵੈ, ਹਤਿ ਗੁਲਕਾਂ ਗਨ ਤੀਰ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਬਿੰਸਤੀ ਅੰਸੂ ॥੨੮॥

---

[1]ਆਦਮੀ ਘੱਲ ਕੇ।
[2]ਛਡਦੇ ਹਨ।
[3]ਲੜਦਾ ਹੋਇਆ।

੨੯. [ਹਲਵਾਈ ਸਿੱਖ। ਜੀਤ ਮੱਲ ਬੱਧ। ਫਤੇ ਸ਼ਾਹ ਦਾ ਨੱਠ ਕੇ ਓਲ੍ਹੇ ਹੋਣਾ]

੨੮<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੦

ਦੋਹਰਾ: ਸ਼੍ਰੀ ਕਲਗੀਧਰ ਜਹਿਂ ਥਿਰੇ, ਹਲਵਾਈ ਸਿਖ ਏਕ।
ਹਾਥ ਜੋਰਿ ਬੋਲਤਿ ਭਯੋ, 'ਸੁਨੀਅਹੁ ਉਦਧਿ ਬਿਬੇਕ! ॥੧॥

ਸ੍ਵੈਯਾ ਛੰਦ: ਅਧਿਕ ਲਾਲਸਾ ਮੋਹਿ ਰਿਦੇ ਮਹਿਂ
ਪ੍ਰਭੁ ਕੇ ਕਾਮ ਅਰੂੰ ਰਨ ਥਾਨਿ।
ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ[1]
ਤੋਮਰ ਤੁਪਕ ਨ ਬਾਨ ਕ੍ਰਿਪਾਨ।
ਤਉ ਹੋਤਿ ਉਤਸਾਹਿ ਬਡੋ ਉਰ
ਹਤੌਂ ਰਿਪੂ ਕੋ, ਕਰਹੁ ਬਖਾਨ।
[2]ਦੇਹੁ ਤੁਰੰਗਮ, ਤੇ ਅਰੂਢ ਹੁਇ[3]
ਖੜਗ ਦਿਹੋ ਪੁਨ ਸਿਪਰ ਮਹਾਨ' ॥੨॥
ਸ਼੍ਰੀ ਕਲਗੀਧਰ ਸੁਨਿ ਮੁਸਕਾਨੇ
ਕੋਤਲ[4] ਖਰੇ ਤੁਰੰਗਮ ਹੇਰਿ।
ਜਿਨ ਕੌ ਬਿਰਦ ਗਰੀਬ ਨਿਵਾਜਨਿ[5]
'ਲਿਹੁ ਕੁਮੈਤ ਚਢਿਯਹਿ ਬਿਨ ਦੇਰ।'
ਹੁਕਮ ਪਾਇ ਗਹਿ ਵਾਗ ਅਰੂਢਯੋ
'ਪ੍ਰਭੁ ਜੀ ਦੀਜਹਿ ਸ਼ਸਤ੍ਰ ਬਡੇਰ।
ਤੋਮਰ ਕਿਧੌਂ ਤੁਪਕ ਧਨੁ ਤੀਰ,
ਕਿ ਜੋ ਮੈਂ ਹਤੌਂ ਕਿ ਦਿਹੁ ਸ਼ਮਸ਼ੇਰ' ॥੩॥
ਬਿਗਸਤਿ ਖੜਗ ਸਿਪਰ ਤਬਿ ਬਖਸ਼ੇ
ਬੂਝਤਿ ਭਯੋ ਹਤਨ ਕੌ ਦਾਇ।
'ਕਿਸ ਕਰ ਸਿਪਰ ਗਹੌਂ? ਕਿਸ ਮੈਂ ਅਸਿ?
ਕਿਮ ਮਾਰੌਂ? ਮੁਹਿ ਦੇਹੁ ਬਤਾਇ।'
ਦੇਖਤਿ ਸੁਨਤਿ ਦੁਹਨ ਦਿਸ਼ਿ ਕੇ ਭਟ
ਹਸਹਿਂ ਪਰਸਪਰ ਪੁਨਿ ਬਿਸਮਾਇਂ।
ਅਜਬ ਚਰਿੱਤ੍ਰ ਪ੍ਰਭੂ ਕੇ ਲਖੀਯਤਿ
ਜਿਮ ਚਿਰੀਅਨਿ ਤੇ ਬਾਜ ਤੁਰਾਇ ॥੪॥

---

[1]ਫੜੇ ਨਹੀਂ ਕਦੇ (ਮੈਂ)।
[2]ਆਪ ਕਹਿ ਦਿਓ ਭਾਵ ਆਗਿਆ ਦਿਓ।
[3]ਤਿਸ (ਘੋੜੇ) ਤੇ ਚੜ੍ਹਕੇ।
[4]ਜੋ ਜ਼ਰੂਰਤ ਲਈ ਖਾਲੀ ਘੋੜਾ ਖੜਾ ਹੋਵੇ।
[5]ਜਿਨ੍ਹਾਂ ਦਾ ਬਿਰਦ ਗਰੀਬ ਨਿਵਾਜ ਹੈ (ਤਿਨ੍ਹਾਂ ਕਹਿਆ)।

ਸਤਿਗੁਰ ਕਹਜੋ 'ਸਿਪਰ ਗਹੁ ਬਾਮੇ,
ਦਾਂਏ ਬਿਖੈ ਗਹੋ ਸ਼ਮਸ਼ੇਰ।
ਹਯ ਧਵਾਇ ਸਨਮਖ ਹੁਇ ਰਿਪੁ ਕੇ,
ਰੋਕਹੁ ਵਾਰ ਜਿ ਕਰੇ ਅਗੇਰ[1]।
ਬਲ ਤੇ ਖੜਗ ਮਾਰਿ ਨਿਜ ਕਰ ਤੇ
ਕਰੋ ਫਤੇ ਬਨਿ ਕੈ ਸ਼ਮਸ਼ੇਰ।'
ਹੁਕਮ ਪਾਇ, ਕਰ ਗਹਿ[2] ਸੁਚੇਤ ਭਾ
ਰਣ ਸਨਮੁਖ ਹੁਇ ਚਲਜੋ ਦਲੇਰ ॥੫॥
ਹੁਤੋ ਮੀਰ ਖਾਂ ਨਾਮ ਖਰੋ ਰਣ
ਤਿਸ ਪਰ ਜਾਇ ਪਰਜੋ ਬਲਧਾਰ।
'ਤੁਰਕ ਹਰਾਮੀ ਲਵਣ! ਖਰੋ ਰਹੁ'
ਗਰਜਜੋ ਕੇਹਰਿ ਜਿਮ ਲਲਕਾਰ।
ਉਤ ਭੀਖਨ ਖਾਂ ਦੇਖਿ ਪੁਕਾਰਜੋ
'ਜਾਤਿ ਅਰੋੜਾ ਬਿਨ ਹਥਜਾਰ।
ਅਬਿ ਦੀਨੇ ਇਸ ਖੜਗ ਸਿਪਰ ਗੁਰ,
ਛੀਨਹੁੰ ਤੁਰੰਗ ਲੇਹੁ ਇਸ ਮਾਰ ॥੬॥
ਕਹਾਂ ਲਰਨ ਕੀ ਸਾਰ ਲਖੈ ਇਹੁ,
ਤਕਰੀ ਤੋਲਤ ਨਿਤ ਦ੍ਰਿਸ਼ਟਾਇ[3]।
ਦਯੋ ਖ਼ੁਦਾਇ, ਮਾਰ ਲਿਹੁ ਆਯੁਧ[4]'
ਸੁਨਤਿ ਮੀਰਖਾਂ ਓਜ ਵਧਾਇ।
ਨਿਜ ਸ਼ਮਸ਼ੇਰ ਨਿਕਾਸੀ ਤੀਖਨ
ਤੁਰੰਗ ਧਵਾਇ ਨੇਰ ਕੌ ਪਾਇ।
ਕਰਿ ਬਲ ਬਾਹੁ ਹਤੀ ਇਸ ਊਪਰ[5]
ਰੋਕਜੋ ਢਾਲ ਕਰੀ ਅਗੁਵਾਇ ॥੭॥
ਬਹੁਰ ਸੰਭਾਰ ਰਹਜੋ ਹਿਤ ਮਾਰਨ
ਇਤ ਉਤ ਤਕਹਿ ਹਤਨ ਕੇ ਦਾਇ।
ਲਾਲਚੰਦ ਲਹਿ ਗੁਰ ਬਚ ਬਲਿ ਕੌ[6]

---

[1]ਜੇ ਅਗੋਂ ਵੈਰੀ ਵਾਰ ਕਰੇ ਤਾਂ ਰੋਕੇ (ਨਹੀਂ ਤਾ....)।
[2]ਹੱਥ ਵਿਚ ਫੜਕੇ।
[3]ਨਿਤ ਵੇਖੀਦਾ ਸੀ।
[4]ਮਾਰਕੇ ਸ਼ਸਤ੍ਰ ਖੋਹ ਲਓ।
[5]ਭਾਵ ਹਲਵਾਈ ਉਪਰ।
[6]ਗੁਰੂ ਬਚਨ ਦੇ ਬਲ ਨਾਲ।

ਤੂਰਨ ਕਰ ਤੇ ਖੜਗ ਚਲਾਇ।
ਗਰ ਤੇ ਸਿਰ ਤਤਕਾਲ ਉਤਾਰਯੋ,
ਸ਼ਾਖਾ ਤੇ[1] ਫਲ ਮਨੋਂ ਗਿਰਾਇ।
ਪਰਯੋ ਤੁਰੰਗ ਤੇ ਧਰ ਧਰ ਊਪਰ[2]
ਹਯ ਗੇਰਤਿ ਹੀ ਗਯੋ ਪਰਾਇ[3] ॥੮॥
ਗੁਰ ਦਲ ਹਸਯੋ ਅਧਿਕ ਹੀ ਨਾਦਤਿ
'ਲਾਜ ਸਿੰਧ ਮਹਿਂ ਡੂਬ ਪਠਾਨ।
ਤਕਰੀ ਤੋਲਨਹਾਰ ਹਾਥ ਤੇ
ਮਰਯੋ ਖਾਨ ਬਲ ਬੀਰ ਮਹਾਨ।'
ਭੀਖਨ ਖਾਨ ਨਿਜਾਬਤ ਖਾਨਹਿ
ਸਭਿ ਖਾਨਨਿ ਸੋਂ ਕੀਨ ਬਖਾਨ।
'ਕਯੋਂ ਬਲ ਤਜਹੁ ਮਰਹੁ ਰਨ ਮਹੀਆ
ਸਮੁਖ ਹੇਲ ਘਾਲਹੁ ਘਮਸਾਨ ॥੯॥
ਕਾਤੁਰ ਸ਼ਸਤ੍ਰ ਨ ਜਾਨੈਂ ਪਕਰਨਿ
ਤਿਨ ਤੇ ਮਰਹੁ, ਨ ਬਨਿ ਸਵਧਾਨ।'
ਇਮ ਇਕਠੇ ਕਰਿ ਹਰੀਚੰਦ ਜੁਤਿ
ਮਧਕਰ ਸ਼ਾਹਿ ਚੰਦੇਲ ਸੁਜਾਨ।
ਓਰੜ ਪਰੇ ਗੁਰੂ ਦਲ ਊਪਰ
ਛੋਰਤਿ ਗੁਲਕਾਂ ਤੀਖਨ ਬਾਨ।
ਕੋ ਬਰਛੀ ਤੋਮਰ ਕਿਨ ਮਾਰਯੋ,
ਹੇਲਾ ਕਰਯੋ ਅਧਿਕ ਭਟ ਹਾਨ ॥੧੦॥
ਨੰਦਚੰਦ ਅਰੁ ਸਾਹਿਬ ਚੰਦਹਿ
ਦਯਾਰਾਮ ਪ੍ਰੋਹਤ ਬਲਵੰਤ।
ਸੰਗੋਸ਼ਾਹਿ ਜੀਤਮਲ ਮਿਲਿ ਕੈ
ਸਾਧ ਕ੍ਰਿਪਾਲ ਬਿਸਾਲ ਮਹੰਤ।
ਗੰਗਾਰਾਮ ਮਾਹਰੀਚੰਦਹਿ
ਬਹੁਰ ਗੁਲਾਬਚੰਦ ਮਤਿਵੰਤ।
ਲੇ ਕਰਿ ਦਲ ਕੌ ਅਰੇ ਅਰਿਨ ਸੋਂ
ਗਨ ਗੁਲਕਾਂ ਅਰੁ ਬਾਨ ਚਲੰਤਿ ॥੧੧॥

---

[1]ਡਾਲੀ ਤੋਂ ਮਾਨੋ......।
[2]ਧੜ ਧਰਤੀ ਉਤੇ।
[3]ਭੱਜ ਗਿਆ।

ਮਾਤੁਲ ਬਲੀ ਕ੍ਰਿਪਾਲ ਸਮੁਖ ਹ੍ਵੈ
ਤੀਰਨ ਤੇ ਗਨ ਬੀਰ ਪਰੋਇ।
ਗਿਰੇ ਦੜਾਦੜ ਅਵਨੀ ਊਪਰ
ਸਮ ਰਨਥੰਭੇ ਰਹ੍ਯੋ ਖਰੋਇ[1]।
ਜੁਟ੍ਯੋ ਜੀਤ ਮਲ ਹਰੀਚੰਦ ਸੋਂ
ਸਨਮੁਖ ਪਿਖਹਿਂ ਪਰਸਪਰ ਦੋਇ।
ਘਾਤਿ[2] ਕਰਨ ਹਿਤ ਘਾਤ[3] ਬਿਚਾਰਤਿ
ਚਪਲ ਚਲਾਕ ਤੁਰੰਗਮ ਹੋਇ ॥੧੨॥
ਸੰਗੋਸ਼ਾਹਿ ਨਿਜਾਬਤ ਸੰਗੇ
ਅਰੇ ਪਰਸਪਰ ਬੀਰ ਜੁਝਾਰ।
ਲਾਲ ਬਿਲੋਚਨ ਕ੍ਰੋਧ ਭਰੇ ਚਿਤ
ਚਹੈਂ ਆਪ ਮੈਂ ਕਰਨ ਪ੍ਰਹਾਰ।
ਇਤ ਉਤ ਬਿਚਰਤਿ ਹਤਹਿਂ ਤੀਰ ਤਿਤ,
ਕਬਿ ਦਾਂਏ ਕਬਿ ਬਾਂਮ ਸਿਧਾਰ।
ਮਹਾਂਬੀਰ ਬਰ ਉਰ ਹੰਕਾਰਤਿ
ਸ਼ਸਤ੍ਰਨ ਵਿੱਦਯਾ ਜਾਨਿ ਉਦਾਰ[4] ॥੧੩॥
ਜੀਤਮੱਲ ਖਰ ਤੀਰ ਨਿਕਾਰ੍ਯੋ
ਧਨ ਮਹਿਂ ਜੋਰਿ ਖੈਂਚਿ ਕਰਿ ਤਾਨ।
ਹਰੀਚੰਦ ਕੋ ਤਾਕਿ ਨਿਸ਼ਾਨੋ
ਤਤਖਿਨ ਛੋਰ੍ਯੋ ਕਰਿਬੇ ਹਾਨ।
ਆਵਤਿ ਕੋ ਅਵਿਲੋਕਿ ਗਯੋ ਟਰ
ਸਰ ਨਿਸ਼ਫਲ ਤੇ ਕ੍ਰੋਧ ਮਹਾਨ।
'ਕਹਾਂ ਭਯਾ ਹਰੀ[5]* ਭਾਜਤਿ ਜੈਹੈਂ
ਅਬਿ ਕੈ ਹਾਨ ਦੇਉਂ ਤੁਵ ਪ੍ਰਾਨ' ॥੧੪॥
ਇਮ ਕਹਿ ਤੀਛਨ ਤੀਰ ਨਿਕਾਸ੍ਯੋ
ਉਤ ਤੇ ਹਰੀਚੰਦ ਲਿਯ ਬਾਨ।
ਦੋਨਹੁੰ ਕੇ ਧਨੁ ਤੇ ਛੁਟਿ ਚਾਲੇ

---

[1](ਕ੍ਰਿਪਾਲ) ਖੜੋ ਰਿਹਾ।
[2]ਨਾਸ਼।
[3]ਦਾਉ।
[4]ਬੜੀ।
[5]ਕੀ ਹੋ ਗਿਆ ਹੇ ਹਰੀਚੰਦ!
*ਪਾ:-ਕਹਾਂ ਪਹਾੜੀ।

ਬਹੇ ਬੇਗ ਤੇ ਸਰਪ ਸਮਾਨ।
ਸਨਮੁਖ ਖਰੇ ਤੁਰੰਗਮ ਦੋਨਹੁਂ
ਲਗੇ ਭਾਲ ਮਹਿਂ ਇਕ ਬਿਰ ਤਾਨ[੧]।
ਦੋਨਹੁਂ ਗਿਰੇ ਧਰਾ ਪਰ, ਥਿਤ ਹ੍ਵੈ,
ਤਜੇ ਹਯਨ ਕੌਂ, ਪੁਨ ਸਵਧਾਨ ॥੧੫॥
ਦੋਨਹੁਂ ਧਨੁ ਵਿੱਦਯਾ ਮਹਿਂ ਚਾਤੁਰ
ਦੋਨਹੁਂ ਕੇ ਰਿਸ ਵਧੀ ਬਿਸਾਲ।
ਪੁਨ ਦੋਨਹੁਂ ਧਨ ਮਹਿਂ ਸਰ ਸੰਧੇ,
ਦੋਨਹੁਂ ਚਲੇ ਸਬੇਗ ਕਰਾਲ।
ਲਗੇ ਦੁਹਨ ਕੀ ਭੁਜ ਮਹਿ ਬੀਧੇ
ਛੁਟਯੋ ਸ਼੍ਰੋਨ ਬਾਗੇ ਤਨ[੨] ਲਾਲ।
ਬਹੁਰ ਨ ਮਿਟੇ ਰਹੇ ਥਲ ਠਾਂਢੇ,
ਘਾਇਲ ਹ੍ਵੈ ਕਰਿ ਹੇਰਤਿ ਜਾਲ ॥੧੬॥
ਬਹੁਰ ਜੀਤਮਲ ਤੀਰ ਨਿਕਾਸਯੋ
ਹਰੀਚੰਦ ਪਿਖਿ ਕੋਪ ਮਹਾਨ।
ਤੂਰਨ ਕਰਤਿ ਕਰਯੋ ਸਰ ਸੰਧਨਿ[੩]
ਕਰ ਦੋਨਹੁਂ ਕੇ ਨਿਠੁਰ[੪] ਕਮਾਨ।
ਐਂਚਿ ਐਂਚਿ ਚਿਰਯਾਵਤਿ ਨੀਕੇ
ਹਰੀਚੰਦ ਕੇ ਆਯੋ ਤੀਰ[੫]।
ਰਿਦਾ ਬੇਧ ਕਰਿ ਜੀਤ ਮੱਲ ਕੋ
ਪਰਯੋ ਪਾਰ ਘੁਮਯੋ ਵਧਿ ਪੀਰ[੬]।
ਦੰਤਨ ਚਰਬਤਿ ਹਤਨ ਸ਼ੱਤ੍ਰੂ ਕੌਂ
ਲਾਲ ਬਿਲੋਚਨ ਆਨਨ ਧੀਰ[੭]।
ਸਨਮੁਖ ਗਿਰਯੋ ਨ ਪਰਯੋ ਪਿਛਾਰੀ।
ਧੰਨ ਪਿਤਾ ਮਾਤਾ ਬਰ ਬੀਰ! ॥੧੭॥
ਜੀਤਮੱਲ ਕੋ ਛੁਟਯੋ ਬਾਣ ਜੋ

---

[੧]ਇਕੋ ਵੇਰੀ ਤਾਣ ਕੇ (ਛਡੇ ਹੋਏ ਤੀਰ) ਘੋੜਿਆਂ ਦੇ ਮੱਥੇ ਵਿੱਚ ਜਾ ਲੱਗੇ।
[੨]ਤਨ ਦੇ ਪੁਸ਼ਾਕੇ।
[੩]ਤੀਰ ਨੂੰ ਜੋੜਨਾ।
[੪]ਕਠੋਰ।
[੫]ਹਰੀਚੰਦ ਦਾ ਤੀਰ ਆਇਆ।
[੬]ਪੀੜਾ ਵਧੀ।
[੭]ਮੁਖ ਧੀਰਜ ਸਹਿਤ ਸੀ।

ਮਰਮ ਸਥਲ ਮਹਿਂ ਲਾਗਯੋ ਸੋਇ।
ਛਾਤੀ ਬੇਧਿ ਪਾਰ ਸੋ ਨਿਕਸਯੋ
ਹਰੀਚੰਦ ਘੂਮਯੋ ਸੁ ਖਰੋਇ।
ਕਰਤਿ ਸੰਭਾਰਨ, ਭਈ ਮੂਰਛਾ,
ਪਰਯੋ ਧਰਾ ਪਰ ਜਨੁ ਛਿਤ ਸੋਇ[1]।
ਆਇ ਨਰਨ ਸੋ ਤੀਰ ਨਿਕਾਸਯੋ
ਬਾਂਧਯੋ ਘਾਵ ਕਰਯੋ ਦ੍ਰਿੜ੍ਹ ਜੋਇ ॥੧੮॥
ਸਨੇ ਸਨੇ ਤਿਹ ਪਵਨ ਝੁਲਾਈ
ਲੇ ਜਲ ਕੋ ਆਨਨ ਮਹਿਂ ਡਾਰ।
ਜੀਤਮੱਲ ਗੁਰ ਭਟਨ ਉਠਾਯੋ
ਜੋ ਪਹੁੰਚਯੋ ਸੁਖ ਸੁਰਗ ਮਝਾਰ।
ਲੋਥ ਆਪਨੇ ਦਿਸ਼ਿ ਲੇ ਰਾਖੀ
'ਧੰਨ ਧੰਨ' ਸਭਿ ਕਰਹਿਂ ਉਚਾਰ।
ਕਲਗ਼ੀਧਰ ਪਿਖਿ ਅਧਿਕ ਸਰਾਹਯੋ
'ਛੱਤ੍ਰੀਪਨੋ ਨਿਬਾਹਿ ਉਦਾਰ' ॥੧੯॥
ਜੀਤਮੱਲ ਜਬਿ ਸੁਰਗ ਸਿਧਾਰਯੋ
ਹਰੀਚੰਦ ਮੁਰਛਾ ਕੋ ਪਾਇ।
ਸੰਗੋਸ਼ਾਹ ਨਿਜਾਬਤ ਸੰਗੋ
ਅਰੇ ਪਰਸਪਰ ਕੋਪ ਵਧਾਇ।
ਗ੍ਰਿੱਧ ਕਾਕ ਗਨ ਬਾਇਸੁ ਆਮਿਖ
ਭਖਹਿਂ ਊਚ ਕਹਿ ਨਾਦ ਸੁਨਾਇ।
ਗਨ ਗੀਦਰ ਤ੍ਰਿਪਤਾਨੇ ਰਨ ਮਹਿਂ
ਸਿਵਾ[2] ਪੁਕਾਰ ਰਹੀ ਹਰਖਾਇ ॥੨੦॥
ਫਤੇਸ਼ਾਹ ਇਕ ਥਾਨ ਖਰੋ ਤਹਿਂ,
ਹਰੀਚੰਦ ਕੌ ਮੂਰਛ ਹੇਰਿ।
ਜਿਸ ਕੇ ਨਿਕਟ ਖਰੇ ਭਟ ਪੁੰਜਹਿਂ
ਤਬਿ ਕਲਗ਼ੀਧਰ ਕਹਯੋ ਸੁ ਟੇਰ।
'ਜਹਿਂ ਸਮੁਦਾਇ ਮਿਲੇ ਇਕ ਥਲ ਭਟ
ਰਾਮ ਸਿੰਘ! ਦੇਖਹੁ ਬਿਨ ਦੇਰ।
ਗੋਰਾ ਤਹਾਂ ਤੋਪ ਕੋ ਮਾਰਹੁ

---

[1]ਮਾਨੋ ਜ਼ਮੀਨ ਤੇ ਸੌਂ ਗਿਆ।
[2]ਗਿਦੜੀਆਂ।

ਤਿਨ ਸਭਿ ਕੌ ਦੇ ਤ੍ਰਾਸ ਬਡੇਰ' ॥੨੧॥
ਸੁਨਜੋਂ ਹੁਕਮ ਗੁਰ ਕੋ ਤਿਨ ਤਤਛਿਨ
ਤੋਪ ਹੁਤੀ ਪੂਰਬ ਹੀ ਤਯਾਰ।
ਦਈ ਪਲੀਤੇ ਅਗਨਿ, ਉਠੀ ਤਬਿ
ਗਰਜੀ ਭੈਰਵ ਸ਼ਬਦ ਉਦਾਰ।
ਗੋਰਾ ਲਗਜੋ ਢੁੰਗ[1] ਜਹਿਂ ਬਾਂਧਯੋ
ਦੁਇ ਤ੍ਰੈ ਨਰ ਕੋ ਕੀਨਿ ਸੰਘਾਰ।
ਸੁਕਚਿ ਸਰਬ ਹੀ ਇਤ ਉਤ ਦੌਰੇ
ਫਤੇਸ਼ਾਹ ਦੀਰਘ ਡਰ ਧਾਰਿ ॥੨੨॥
'ਹਰੀਚੰਦ ਇਕ ਹੁਤੋ ਸੂਰਮਾ
ਸੋ ਰਨ ਮਹਿਂ ਲਰਿ ਮੂਰਛਾ ਪਾਇ।'
ਅਪਰ ਸੁਭਟ ਗਨ ਮਰੇ ਦੇਖਿ ਕਰਿ
ਨਿਜ ਤੁਰੰਗ ਕੌ ਚਲਜੋ ਧਵਾਇ।
ਧਨੁਖ ਬਾਨ ਨਹਿਂ ਪਾਨ ਸੰਭਾਰੇ,
ਕਾਤੁਰ ਭਯੋ ਤ੍ਰਾਸ ਉਰ ਪਾਇ।
ਅਪਰ ਹੇਰਿ ਕਰਿ ਗਿਰਪਤਿ ਭਾਗਜੋ
ਤਜਿ ਤਜਿ ਕਰਿ ਰਣਖੇਤ ਪਰਾਇ ॥੨੩॥
ਜਸਵਾਲੀ ਡਢਵਾਲੀ ਜੇਤਿਕ
ਅਵਿਲੋਕਤਿ ਹੀ ਮਧਕਰਸ਼ਾਹ।
ਚਲੇ ਭਾਜ ਨਹਿਂ ਲਾਜ ਬਿਚਾਰੀ
ਸਮ ਨਾਰੀ ਕੇ ਡਰ ਉਰ ਮਾਂਹਿ।
ਗੋਰਾ ਗੋਰੀ ਤੀਰ ਨ ਪਹੁੰਚੇ,
ਥਿਰ ਤਹਿਂ ਦੂਰ ਭਯੋ ਨਰਨਾਹ[2]।
-ਕਜੋਂ ਬਿਨ ਆਈ ਮਰਹਿਂ ਜੰਗ ਮਹਿਂ,
ਕਾਜ ਨ ਸਰਹਿ, ਲਰਹਿਂ ਹਮ ਕਾਹਿ[3]?- ॥੨੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜੀਤਮਲ ਬੱਧ ਫਤੇਸ਼ਾਹ ਪਲਾਇ' ਪ੍ਰਸੰਗ ਬਰਨਨੰ ਨਾਮ ਉੱਨਤੀਸਮੋ ਅੰਸੂ ॥੨੯॥

---

[1]ਟੋਲਾ।
[2](ਇਨੀ) ਦੂਰ ਜਾ ਖੜੇ ਹੋਏ ਰਾਜੇ।
[3]ਕਿਸ ਲਈ।

੩੦. [ਸੰਗੋਸ਼ਾਹ ਤੇ ਹਰੀਚੰਦ ਬੱਧ]

੨੯<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੧

ਦੋਹਰਾ: ਫਤੇਸ਼ਾਹਿ ਭਾਜਯੋ ਪਿਖ੍ਯੋ, ਹਰੀਚੰਦ ਚੰਦੇਲ[1]।
ਚੱਕ੍ਰਿਤ ਚਿਤ ਚੌਂਪ੍ਯੋ ਚਪ੍ਯੋ[2], ਗਹੇ ਹਾਥ ਮਹਿਂ ਸੇਲ ॥੧॥
ਰਸਾਵਲ ਛੰਦ: ਦਯਾਰਾਮ ਬੀਰੰ। ਨੰਦੰ ਚੰਦ ਧੀਰੰ।
ਕੁਪ੍ਯੋ ਗੰਗਰਾਮੰ। ਗੁਲਾਬੰ ਸੁ ਨਾਮੰ ॥੨॥
ਮਰ੍ਯੋ ਜੀਤਮੱਲੰ। ਪਿਖ੍ਯੋ ਭੂਮਥੱਲੰ[3]।
ਸਭੈ ਕੋਪ ਧਾਏ। ਪਹਾਰੀ ਪਲਾਏ ॥੩॥
ਸਧੀਰੰ ਚੰਦੇਲੰ। ਧਰੇ ਹਾਥ ਸੇਲੰ।
ਅਰ੍ਯੋ ਅੱਗ੍ਰ ਆਈ। ਕੁਲੰ ਲਾਜ ਪਾਈ ॥੪॥
ਹਤ੍ਯੋ ਏਕ ਦ੍ਵੈ ਕੈ[4]। ਰਹ੍ਯੋ ਠਾਂਢ ਹ੍ਵੈ ਕੈ।
ਨਿਕਾਰੀ ਕ੍ਰਿਪਾਨਾ। ਚਹੈਂ ਸ਼ੱਤ੍ਰੂ ਹਾਨਾ ॥੫॥
ਦਯਾਰਾਮ ਆਦੰ। ਢੁਕੇ ਬੋਲਿ ਬਾਦੰ[5]।
ਕਰੈਂ ਖੱਗ ਘਾਤਾ। ਕਟ੍ਯੋ ਸ਼ੱਤ੍ਰੂ ਗਾਤਾ[6] ॥੬॥
ਚਿਤੰ ਸ੍ਵਾਮ ਕਾਮੰ[7]। ਗਿਰ੍ਯੋ ਜੰਗ ਥਾਮੰ।
ਰਖ੍ਯੋ ਧਰਮ ਬੀਰੰ। ਤਜੀ ਹੈ ਨ ਧੀਰੰ ॥੭॥
ਭਯੋ ਟੂਕ ਟੂਕੰ[8]। ਪਰੀ ਕੂਕ ਕੂਕੰ।
ਗਯੋ ਭਾਜ ਰਾਜਾ। ਤਜ੍ਯੋ ਜੰਗ ਕਾਜਾ ॥੮॥
ਰਿਸੇ ਖਾਨਜ਼ਾਦੇ। ਬਜੇ ਦੀਹ ਬਾਜੇ।
ਫਿਰੇ ਫੇਰ ਸਾਰੇ। ਕਰੈਂ ਮਾਰ ਮਾਰੇ ॥੯॥
ਨਿਜਾਬੰ ਪਠਾਨਾ। ਸੰਗੋਸ਼ਾਹ ਜ੍ਵਾਨਾ।
ਅਰੇ ਆਪ ਮਾਂਹੀ। ਹਟੇਂ ਪੈਰ ਨਾਂਹੀ ॥੧੦॥
ਸਭਾ ਬੀਚ ਜੋਊ। ਹੁਤੋ ਮੇਲ ਦੋਊ[9]।
[10]ਪੁਰੰ ਥੀ ਚਿਨਾਰੀ। ਗੁਰੂ ਤੀਰਵਾਰੀ ॥੧੧॥

---

[1]ਹਰੀਚੰਦ ਤੇ ਚੰਦੇਲੀਏ ਨੇ।
[2]ਚੱਕ੍ਰਿਤ ਹੋਕੇ ਚਿੱਤ ਵਿਚ ਉਤਸਾਹ ਆਇਆ ਤੇ ਕੋਪਵਾਨ ਹੋਕੇ।
[3]ਪ੍ਰਿਥਵੀ ਤਲ ਤੇ।
[4]ਇਕ ਯਾ ਦੋ ਨੂੰ।
[5]ਬੋਲ ਕਹਿ ਕੇ।
[6]ਸਰੀਰ।
[7]ਸ੍ਵਾਮੀ ਦਾ ਕੰਮ ਚਿਤਵਦਾ।
[8]ਟੁਕੜੇ ਟੁਕੜੇ।
[9]ਭਾਵ ਸੰਗੋਸ਼ਾਹ ਤੇ ਨਿਜਾਬਤ ਦਾ ਗੁਰੂ ਜੀ ਦੀ ਸਭਾ ਵਿਚ ਮੇਲ ਸੀ।
[10]ਪਹਿਲੋਂ ਗੁਰੂ ਜੀ ਦੇ ਪਾਸ ਸੀ ਜਦੋਂ ਤਦੋਂ ਦੀ ਬੀ ਪਛਾਣ ਸੀ।

ਦੋਹਰਾ: ਕਰਤਿ ਹੁਤੇ ਰਨ ਬਾਤ ਕੌ[੧],
ਘਾਤ ਅਨੇਕ ਉਪਾਯ।
ਮਾਨਤਿ ਭਟ ਬਡ ਆਪ ਕੌ,
ਦੋਨੋ ਸਹਿਜ ਸੁਭਾਇ ॥੧੨॥

ਰਸਾਵਲ ਛੰਦ: ਭਈ ਯਾਦ ਸੋਊ। ਭਿਰੇ ਬੀਰ ਦੋਊ।
ਕਰੈਂ ਸ਼੍ਰੀਘਤਾਈ। ਪਰਜੋ ਨੇਰ ਆਈ ॥੧੩॥
ਕ੍ਰਿਪਾਨੈਂ ਨਿਕਾਰੀ। ਭਯੋ ਭੇਰ ਭਾਰੀ।
ਧਰੀ ਢਾਲ ਆਗੈ। ਤਕੇ ਦਾਵ ਲਾਗੈ[੨] ॥੧੪॥
ਉਭਾਰੈਂ ਚਲਾਵੈਂ। ਸਰੀਰੰ ਬਚਾਵੈਂ।
ਖਰੰ ਖੱਗ ਧਾਰੈਂ। ਸੁ ਊਚੇ ਉਸਾਰੈਂ[੩] ॥੧੫॥
ਲਗੈਂ ਘਾਵ ਅੰਗਾ। ਭਏ ਲਾਲ ਰੰਗਾ।
ਬਹਜੋ ਸ਼੍ਰੋਣ ਜਾਈ। ਤਜੈਂ ਪੈ ਨ ਥਾਈ ॥੧੬॥
ਮਨੋ ਢਾਕ[੪] ਫੂਲੇ। ਦੁਊ ਬੀਰ ਝੂਲੇ।
ਰਣੰ ਰੰਗ ਸੋਹਾ। ਗੁਰੂ ਕੀਨਿ ਦੋਹਾ[੫] ॥੧੭॥

ਸ਼੍ਰੀ ਮੁਖਵਾਕ:

ਦੋਹਰਾ: ਮਾਰਿ ਨਿਜਾਬਤ ਖਾਨ ਕੌ, ਸੰਗੋ ਜੁਝੈ ਜੁਝਾਰ[੬]।
ਹਾ ਹਾ ਇਹ ਲੋਕੈਂ ਭਯੋ, ਸੁਰਗ ਲੋਕ ਜੈਕਾਰ ॥੨੩॥

[੭]ਪਿਖਿ ਪੁਰਸ਼ਾਰਥ ਬੀਰ ਕੋ, ਕਰਜੋ ਜੰਗ ਬਡ ਕਾਮ।
ਸੰਗੋ ਕਾ ਸਤਿਗੁਰ ਧਰਜੋ, ਨਾਮ ਸ਼ਾਹ ਸੰਗ੍ਰਾਮ[੮] ॥੧੮॥

ਰਸਾਵਲ ਛੰਦ: ਲਗੇ ਘਾਵ ਸੌਹੈਂ। ਚਢੀ ਬੰਕ ਭੌਹੈਂ।
ਗਿਰਜੋਂ ਜੰਗ ਮਾਂਹੀ। ਹਟਜੋ ਪੈਰ ਨਾਂਹੀ ॥੧੯॥
ਗਯੋ ਦੇਵ ਲੋਕੰ। ਜਹਾਂ ਨਾਂਹਿ ਸ਼ੋਕੰ।
ਗਿਰੇ ਬੀਰ ਦੋਈ। ਪ੍ਰਭੂ ਪੇਖਿ ਸੋਈ ॥੨੦॥
ਚਲੇ ਆਪ ਆਗੇ। ਰਿਦੇ ਕੋਪ ਜਾਗੇ।
ਸੰਭਾਰੇ ਕੁਦੰਡੰ। ਖਤੰਗੇ ਪ੍ਰਚੰਡੰ[੯] ॥੨੧॥

---

[੧]ਕਰਦੇ ਹੁੰਦੇ ਸਨ (ਪਹਿਲੋਂ) ਗੱਲਾਂ ਰਣ ਦੀਆਂ।
[੨]ਤੱਕਦੇ ਹਨ ਕਿ ਦਾਉ ਲਗੇ।
[੩]ਉੱਚਾ ਕਰਦੇ ਹਨ।
[੪]ਪਲਾਸ।
[੫]ਗੁਰੂ ਜੀ ਨੇ ਦੋਹਾ ਰਚਕੇ (ਹਾਲ ਦੱਸਿਆ ਹੈ)।
[੬]ਸ਼ਹੀਦ ਹੋ ਗਿਆ ਸੂਰਮਾਂ।
[੭]ਇਹ ਅਗਲਾ ਦੋਹਾ ਕਵੀ ਜੀ ਦਾ ਹੈ।
[੮]'ਸ਼ਾਹ ਸੰਗ੍ਰਾਮ' ਨਾਮ ਧਰਿਆ ਸੰਗੋ ਦਾ।
[੯]ਬਾਨ।

ਭਯੋ ਤੇਜ ਘੋਰਾ। ਜ਼ਰੀ ਜ਼ੀਨ ਬੋਰਾ[1]।
ਖਰੇ ਖਾਨ ਖੂਨੀ। ਰਿਸੇ ਪੇਖਿ ਦੂਨੀ[2] ॥੨੨॥
ਬਜੀ ਬੰਬ[3] ਭੂਰੀ। ਸੁਨੀ ਜਾਇ ਦੂਰੀ।
ਉਤੈ ਖਾਨ ਢੂਕੈਂ। ਮੁਖੰ 'ਮਾਰ' ਕੂਕੈਂ ॥੨੩॥
ਗੁਰੂ ਬਾਨ ਲੀਨਾ। ਧਨੈਂ ਐਂਚਿ ਕੀਨਾ[*]।
ਤਜਯੋ ਬੇਗ ਸੰਗਾ। ਲਗਯੋ ਖਾਨ ਅੰਗਾ ॥੨੪॥
ਗਿਰਯੋ ਜੰਗ ਖੇਤਾ। ਨਹੀਂ ਫੇਰ ਚੇਤਾ[4]।
ਡਸਯੋ ਨਾਗ ਮਾਨੋ। ਕਰੇ ਪ੍ਰਾਨ ਹਾਨੋ ॥੨੫॥
ਦੁਤੀ ਬਾਣ ਲੈਕੇ। ਗੁਨੰ[5] ਜੋਰਿ ਕੈ ਕੈ।
ਕਰਯੋ ਤਾਨ ਤਾਨਾ[6]। ਲਗਯੋ ਖਾਨ ਕਾਨਾ[7] ॥੨੬॥

ਦੋਹਰਾ: ਸਭਿ ਖਾਨਨ ਸਰਦਾਰ ਬਡ, ਨਾਮ ਜੁ ਭੀਖਨ ਖਾਂਨ।
ਨਿਮਕ ਹਰਾਮੀ ਜਾਨਿ ਕੈ, ਮਾਰਯੋ ਤੀਖਨ ਬਾਨ ॥੨੭॥

ਰਸਾਵਲ ਛੰਦ: ਮੁਖੰ ਤਾਕਿ ਮਾਰਾ। ਮਨੋ ਨਾਗ ਕਾਰਾ।
ਚਲਯੋ ਸ਼ੂਕ ਆਗੈ। ਰਿਪੂ ਤ੍ਰਾਸ ਲਾਗੈ ॥੨੮॥
ਨਹੀਂ ਠਾਢ ਹੋਵਾ। ਪ੍ਰਭੂ ਭੀਮ ਜੋਵਾ[8]।
ਬਚਯੋ ਆਪ ਭਾਗਯੋ। ਤਰੰਗੈ ਸੁ ਲਾਗਯੋ ॥੨੯॥
ਪਰਯੋ ਪਾਰ ਜਾਈ। ਗਿਰਯੋ ਜੰਗ ਥਾਈ।
ਮਰਯੋ ਸੋ ਕਿਕਾਨੰ। ਚਲਯੋ ਤਯਾਗ ਖ਼ਾਨਾ ॥੩੦॥
ਗੁਰੂ ਬਾਨ ਆਨਾ[9]। ਤਜੈ ਹਾਨ ਖਾਨਾ[10]।
ਨੰਦੰ ਚੰਦ ਛਿੱਪ੍ਰੰ। ਦਯਾਰਾਮ ਬਿੱਪ੍ਰੰ ॥੩੧॥
ਗੁਰੂ ਕੋਪ ਹੇਰਾ। ਸੰਗ੍ਰਾਮੰ ਬਡੇਰਾ।
ਪਰੇ ਧਾਇ ਦੋਈ। ਹਨੈਂ ਖਾਨ ਸੋਈ ॥੩੨॥

---

[1]ਜ਼ਰੀ ਵਿਚ ਕਾਠੀ ਡੁੱਬੀ ਹੋਈ ਭਾਵ ਮੜ੍ਹੀ ਹੋਈ।
[2]ਖੂਨੀ ਖਾਨ ਖੜੇ ਦੇਖਕੇ (ਗੁਰੂ ਜੀ) ਨੂੰ ਦੂਣਾ ਰੋਸ ਹੋਇਆ।
[3]ਭਾਵ ਨਗਾਰਿਆਂ ਦੇ ਸ਼ਬਦ ਬਹੁਤ ਹੋਏ।
[*]ਜਿਸ ਬ੍ਰਿੱਛ ਹੇਠ ਖੜੋਕੇ ਆਪ ਨੇ ਬਾਣ ਚਲਾਏ ਹਨ, ਹੁਣ ਤਕ ਖੜਾ ਹੈ। ਪਰ ਸ਼ੋਕ ਕਿ ਉਥੇ ਸ਼ਿਲਾਲੇਖ ਬੀ ਨਹੀਂ ਹੈ ਤੇ ਗੁਰਦਵਾਰਾ ਬੀ ਸਿੱਖਾਂ ਨੇ ਕੋਈ ਨਹੀਂ ਹੁਣ ਤਕ ਬਣਾਇਆ ਹੈ। ਲੋਕਾਂ ਨੂੰ ਅਜੇ ਤਕ ਟਿਕਾਣਾ ਯਾਦ ਹੈ। ਇਹ ਉਪਰਲੇ ਮੈਦਾਨ ਦੀ ਇਕ ਅੱਗੇ ਵਧਵੀਂ ਮਾਨੋ ਨੋਕ ਹੈ।
[4]ਸਾਵਧਾਨ ਨਾ ਹੋਇਆ।
[5]ਚਿੱਲੇ ਵਿਚ।
[6]ਜ਼ੋਰ ਨਾਲ ਖਿੱਚਕੇ।
[7]ਖਾਨ ਦੇ ਕੰਨ ਨੂੰ।
[8]ਭਾਵ ਗੁਰੂ ਜੀ ਦਾ ਭੈ ਖਾਧਾ।
[9]ਹੋਰ।
[10]ਖਾਨ ਨੂੰ ਮਾਰਨ ਲਈ ਚਲਾਏ।

ਕਰਜੋ ਜ਼ੋਰ ਹੱਲਾ। ਨਹੀਂ ਜਾਇ ਝੱਲਾ।
ਪਰਜੋ ਸ਼ੋਰ ਊਚਾ। ਸੁ ਦੂਰੇ ਪਹੂੰਚਾ ॥੩੩॥
ਟਿਕੇ ਖਾਂਨ ਨਾਂਹੀ[1]। ਰਿਦੇ ਤ੍ਰਾਸ ਮਾਂਹੀ।
ਪ੍ਰਹਾਰੇ ਸੁ ਭਾਗੇ[2]। ਬਡੇ ਘਾਵ ਲਾਗੇ ॥੩੪॥
ਭਯੋ ਜੰਗ ਭਾਰਾ। ਨ ਜਾਈ ਸਹਾਰਾ।
ਹਜ਼ਾਰੈਂ ਸੁ ਜੋਧਾ। ਭਜੇ ਤਜਾਗਿ ਕ੍ਰੋਧਾ ॥੩੫॥
ਮਿਲੇ ਭੂਤ ਪ੍ਰੇਤੰ। ਭਖੈਂ ਮਾਸ ਖੇਤੰ।
ਬਡੀ ਗ੍ਰਿੱਝ ਬੋਲੈਂ। ਬਿਸਾਲੀ ਕਲੋਲੈਂ ॥੩੬॥
ਫਿਰੇ ਆਨ ਸਜਾਰੰ[3]। ਪੁਕਾਰੈਂ ਪੁਕਾਰੰ[4]।
ਮਿਲੀ ਜੋਗਨੀਯਾ। ਮਹਾਂ ਸ਼੍ਰੋਨ[5] ਪੀਯਾ ॥੩੭॥
ਡਕੀ ਡਾਕਣਾਈ[6]। ਡਕਾਰੈਂ ਅਘਾਈ।
ਭਯੋ ਭੀਮ ਥਾਨਾ। ਤ੍ਰਸੇ ਬ੍ਰਿੰਦ ਖਾਨਾ[7] ॥੩੮॥
ਪਰੀ ਲੋਥ ਬ੍ਰਿੰਦਾ। ਬਿਲੰਦੈ ਨਿਕੰਦਾ[8]।
ਪ੍ਰਿਥੀ ਸ਼੍ਰੋਣ ਫੈਲਾ। ਪਰਜੋ ਐਲ ਭੈਲਾ[9] ॥੩੯॥

ਦੋਹਰਾ: ਜੀਤਮੱਲ ਕੇ ਤੀਰ ਸੋਂ[10], ਹਰੀਚੰਦ ਮੁਰਝਾਇ[11]।
ਸਨੇ ਸਨੇ ਲਹਿ ਚੇਤਨਾ, ਦੇਖੇ ਖਾਨ ਪਰਾਇ[12] ॥੪੦॥
-ਉਮਡਜੋ ਆਵਤਿ ਗੁਰੂ ਦਲ, ਜੰਗ ਫਤੇ ਕੋ ਪਾਇ-।
ਸਹਿ ਨ ਸਕਜੋ ਨਿਜ ਹਾਰ ਕੌ, ਘਾਵ ਸੁ ਦ੍ਰਿੜ੍ਹ ਬੰਧਵਾਇ[13] ॥੪੧॥

ਰਸਾਵਲ ਛੰਦ: ਹਰੀਚੰਦ ਜੋਧਾ। ਉਠਜੋ ਫੇਰ ਕ੍ਰੋਧਾ।
ਸੰਭਾਰਜੋ ਕੁਦੰਡਾ। ਸਰੰ ਸੰਧਿ ਛੰਡਾ ॥੪੨॥
ਪੁਨੰ ਆਨ ਲੀਨੇ[1]। ਤਜੇ ਓਜ ਕੀਨੇ।

---

[1]ਭਾਵ ਭੀਖਨ ਖਾਨ ਨੂੰ ਭੱਜਾ ਜਾਂਦਾ ਦੇਖ ਕੇ ਪਠਾਨ ਸਾਰੇ ਭੱਜ ਉਠੇ।
[2](ਜਿਨ੍ਹਾਂ ਉਪਰ) ਵਾਰ ਕੀਤੇ ਸਨ (ਉਹ ਡਰ ਕੇ) ਭੱਜੇ।
[3]ਗਿੱਦੜ।
[4]ਭਾਵ ਬਹੁਤ ਰੌਲਾ ਪਾਉਂਦੇ ਹਨ।
[5]ਲਹੂ।
[6]ਬੋਲਦੀਆਂ ਹਨ ਡਾਕਣੀਆਂ।
[7]ਸਾਰੇ ਪਠਾਣ ਡਰੇ।
[8]ਬਹੁਤ ਕੱਟੇ ਗਏ।
[9]ਭਜਾਨਕ ਸ਼ੋਰ ਪੈ ਰਿਹਾ ਹੈ। [ਐਲ = ਸ਼ੋਰ। ਭੈਲਾ = ਭਜਾਨਕ]। (ਅ) ਸਾਰਿਆਂ ਨੂੰ ਭੈ ਪੈ ਗਿਆ [ਅ:, ਐਲ = ਜਮਾਤਾਂ, ਸਮੂਹ]।
[10]ਤੀਰ ਨਾਲ।
[11]ਮੂਰਛਾ ਹੋ ਗਿਆ ਸੀ।
[12]ਹੌਲੇ ਹੌਲੇ ਹੋਸ਼ ਵਿਚ ਆਕੇ ਉਸ ਨੇ ਖਾਨ ਨੱਸੇ ਜਾਂਦੇ ਦੇਖੇ।
[13]ਜ਼ਖਮ ਨੂੰ ਚੰਗੀ ਤਰ੍ਹਾਂ ਬੰਨ੍ਹਵਾਇਆ।

ਗੁਰੂ ਬੀਰ ਮਾਰੇ। ਜੁ ਆਗੇ ਪਧਾਰੇ ॥੪੩॥
ਜਿਸੈ ਅੰਗ[2] ਲਾਗੈ। ਤਬੈ ਪ੍ਰਾਨ ਤਜਾਗੈ।
ਸੁਰੰ ਲੋਕ ਜਾਵੈ। ਬਰੈਂ ਹੂਰ ਆਵੈਂ ॥੪੪॥
ਤਊ ਬੀਰ ਭਾਰੇ। ਮਰੇ ਨ ਪਿਛਾਰੇ।
ਹਲੰ ਹਾਲ[3] ਘਾਲੇ। ਅਗੇ ਪਾਇ ਡਾਲੇ ॥੪੫॥
ਹਰੀਚੰਦ ਹੇਰੇ। ਸੁ ਕੋਪ੍ਯੋ ਘਨੇਰੇ।
ਸੰਧੇ ਬਾਨ ਦੋਊ। ਕਰੇ ਓਜ ਸੋਊ ॥੪੬॥
ਹਤੈ ਏਕ ਬਾਰੀ। ਲਗੈ ਹੋਇ ਪਾਰੀ।
ਭਟੰ ਹ੍ਵੈ ਕਿ ਘੋਰਾ। ਪ੍ਰਹਾਰੈ ਸੁ ਜ਼ੋਰਾ[4] ॥੪੭॥
ਤਨੰ ਫੋਰ ਦੇਤਾ। ਗਿਰੇ ਜੰਗ ਖੇਤਾ।
ਉਠੈ ਪੈ ਨ ਸੋਈ। ਮਹਾਂ ਨੀਂਦ ਸੋਈ ॥੪੮॥
ਗੁਰੂ ਹੇਰਿ ਤਾਂ ਕੋ। ਬਡੋ ਬੀਰ ਬਾਂਕੋ।
ਗਏ ਤਾਂਹਿ ਆਗੇ। ਜਿਸੇ ਕੋਪ ਜਾਗੇ[5] ॥੪੯॥
ਹਰੀਚੰਦ ਦੇਖੈ। ਪ੍ਰਭੂ ਜੀ ਪਰੇਖੈ[6]।
ਤਬੈ ਤਾਨਿ ਬਾਨੰ। ਬਲੀ ਬੀਰ ਜ੍ਵਾਨੰ ॥੫੦॥
ਗੁਰੂ ਓਰ ਮਾਰਾ। ਮਨੋ ਆਇ ਮਾਰਾ[7]।
ਗਯੋ ਹਾਥ ਠਾਗਾ[8]। ਹਯੰ ਅੰਗ ਲਾਗਾ ॥੫੧॥
ਕਛੂ ਘਾਵ ਥੋਰਾ। [9]ਪ੍ਰਭੂ ਕੇਰ ਘੋਰਾ।
ਤਿਮੰ ਬੇਗ ਧਾਰੇ। ਸੁ ਪੀਰਾ ਸਹਾਰੇ[10] ॥੫੨॥
ਰਿਸ੍ਯੋ ਸੈਲ ਰਾਜਾ। ਸਰ੍ਯੋ ਨਾਂਹਿ ਕਾਜਾ।
ਲਯੋ ਬਾਨ ਆਨਾ। ਸੁ ਚਾਂਪੰ ਸੰਧਾਨਾ ॥੫੩॥
ਗੁਰੂ ਬੀਰ ਭਾਰੀ। ਨਿਹਾਰੇ ਅਗਾਰੀ।
ਬਨਾਏ ਨਿਸ਼ਾਨਾ। ਤਜ੍ਯੋ ਤੀਖ ਬਾਨਾ ॥੫੪॥
ਗਯੋ ਹਾਥ ਹਾਲੀ[10]। ਭਯੋ ਵਾਰ ਖਾਲੀ।

---

[1]ਫਿਰ ਹੋਰ (ਤੀਰ) ਲਿਆ।
[2]ਜਿਸ ਦੇ ਅੰਗਾਂ ਨੂੰ।
[3]ਹੱਲੇ ਤੇ ਹੱਲਾ।
[4]ਜ਼ੋਰ ਨਾਲ ਮਾਰਦਾ ਹੈ।
[5]ਜਿਸ (ਹਰੀਚੰਦ ਨੂੰ) ਕ੍ਰੋਧ ਜਾਗਿਆ ਹੋਇਆ ਸੀ।
[6]ਸਿਆਣ ਲਏ।
[7]ਮਾਨੋ ਸੱਪ ਆਉਂਦਾ ਹੈ।
[8]ਠਗਿਆ ਗਿਆ ਭਾਵ ਹਿੱਲ ਗਿਆ। (ਅ) ਭਾਵ ਗੁਰੂ ਜੀ ਦੇ ਹੱਥ ਨੂੰ ਛੂਹ ਕੇ ਲੰਘ ਗਿਆ।
[9]ਤਿਵੇਂ (ਪਹਿਲੋਂ ਵਾਂਙ) ਪੀੜਾ ਸਹਾਰਕੇ (ਬੇਗ ਨਾਲ ਉਸੇ ਤਰ੍ਹਾਂ) ਚਲਦਾ ਰਿਹਾ ਘੋੜਾ ਪ੍ਰਭੂ ਜੀ ਦਾ।
[10]ਹਿੱਲ ਗਿਆ।

ਛੁਹਯੋ ਸ਼੍ਰੋਣ ਸੰਗਾ[1]। ਪਰਯੋ ਸੋ ਖਤੰਗਾ ॥੫੫॥
ਕਛੂ ਘਾਵ ਹੋਵਾ। ਲਹੂ ਬ੍ਰਿੰਦ ਜੋਵਾ।
ਹਰੀਚੰਦ ਹੇਰੇ। ਬਿਸੰਮਯੋ ਘਨੇਰੇ ॥੫੬॥
-ਲਗੈ ਤੀਰ ਨਾਂਹੀ। ਭਯੋ ਮੋਹਿ ਕਾਹੀ[2]।
ਤੁਰੰਗੇ ਨ ਮਾਰਾ[3]। ਨ ਸ਼ੱਤ੍ਰੂ ਸੰਘਾਰਾ ॥੫੭॥
ਜੁ ਵਿੱਦਯਾ ਕਮਾਈ। ਨਹੀਂ ਕਾਮ ਆਈ।
ਗੁਰੂ ਸਾਵਧਾਨਾ। ਅਡੋਲੰ ਨਿਸ਼ਾਨਾ ॥੫੮॥
ਤਊ ਮੈਂ ਨ ਹਾਨਾ[4]। ਰਹਯੋ ਧਾਰਿ ਪ੍ਰਾਨਾ-।
ਬਿਚਾਰੈ ਉਦਾਰਾ[5]। ਮਨੋ ਜੁੱਧ ਹਾਰਾ ॥੫੯॥
ਪੁਨੰ ਦੇਖ ਨੈਨਾ। ਲਯੋ ਬਾਨ ਪੈਨਾ[6]।
ਤਕਯੋ ਬੀਚ ਛਾਤੀ। ਲਗੇ ਪ੍ਰਾਨ ਘਾਤੀ[7] ॥੬੦॥
ਕਰੇ ਓਜ ਛੋਰਾ। ਚਲਯੋ ਸ਼ੂਕਿ ਘੋਰਾ[8]।
ਹੁਤੀ ਬੰਧ ਪੇਟੀ। ਚਹੁੰ ਓਰੇ ਲਪੇਟੀ[9] ॥੬੧॥
ਸਰੰ ਅੰਗ ਘਾਤੀ[10]। ਲਗਯੋ ਬੀਚ ਛਾਤੀ।
ਤਹਾਂ ਦ੍ਵਾਲ ਭਾਥਾ[11]। ਸੁ ਪੇਟੀ ਕੇ ਸਾਥਾ ॥੬੨॥
ਗਯੋ ਬੇਧਿ ਦੋਊ। ਚੁਭਯੋ ਚਰਮ ਸੋਊ[12]।
ਗੁਰੂ ਕਾਢਿ ਗੇਰਾ। ਕਹਯੋ ਤਾਂਹਿ ਬੇਰਾ ॥੬੩॥

ਦੋਹਰਾ: 'ਸਾਧ ਸਾਧ ਬਲ ਤੋਹਿ ਕੌ,
ਜਿਸ ਪਰ ਧਰਤਿ ਗੁਮਾਨ।
ਬਿੱਦਯਾ ਸੀਖੀ ਇਤਿ ਕਹੀ,
ਕਹਾਂ ਓਜ ਤਜਿ ਬਾਨ[13]? ॥੬੪॥
ਸ਼ੱਤ੍ਰੂ ਹਤਨ ਤੇ ਕਿਤ ਰਹਯੋ,

---

[1] ਕੰਨ ਨਾਲ ਜ਼ਰਾ ਕੁ ਛੁਹਿਆ।
[2] ਮੈਨੂੰ ਕੀ ਹੋ ਗਿਆ ਹੈ।
[3] ਘੋੜਾ ਭੀ ਨਾ ਮਰਿਆ।
[4] ਨਾ ਮਾਰ ਸਕਿਆ।
[5] ਬਹੁਤ ਸੋਚਦਾ ਹੈ।
[6] ਤਿੱਖਾ।
[7] ਜੋ ਲੱਗਿਆਂ ਪ੍ਰਾਣ ਨਾਸ਼ ਕਰੇ।
[8] ਭਿਆਨਕ।
[9] ਪੇਟ ਦੇ ਚਾਰੋਂ ਪਾਸੇ ਲਪੇਟੀ ਹੋਈ।
[10] ਜ਼ਖਮ ਕਰਨ ਵਾਲਾ ਤੀਰ।
[11] ਤਸਮਾ (ਜਿਸ ਨਾਲ) ਭੱਥਾ (ਬੱਧਾ ਹੋਇਆ ਸੀ)। [ਫਾ:, ਦੁਵਾਲ-ਚਮੜੇ ਦਾ ਤਸਮਾ]।
[12] ਉਹ (ਤੀਰ ਫਿਰ) ਮਾਸ ਵਿਚ ਜਾ ਚੁਭਿਆ।
[13] ਬਾਨ ਤਜਣ ਦਾ ਤੇਰੇ ਵਿਚ ਕਿੱਥੇ ਬਲ ਹੈ।

ਘਾਵ ਤਨਕ ਨਹਿਂ ਪਾਇ।
ਕਹਾਂ ਕਰਹਿਂ ਬਿਸਵਾਸ ਕੋ,
-ਲੇਉਂ ਬਿਜੈ ਅਰਿ ਘਾਇ[1]- ॥੬੫॥
ਤੀਨ ਵਾਰ ਤੈਂ ਕਰਿ ਚੁਕਜੋ,
ਅਬਿ ਦਿਹੁ ਮੇਰੋ ਵਾਰ।
ਦੇਖੋ ਵਿੱਦਜਾ ਧਨੁਖ ਕੀ,
ਜਿਮ ਭਟ ਕਰਹਿਂ ਉਚਾਰ' ॥੬੬॥
ਲਗਜੋ ਬਾਣ ਕਾਢਜੋ ਜਬੈ[2],
ਨਿਕਸੀ ਸ਼੍ਰੋਣਤ ਬੁੰਦ[3]।
ਸ਼੍ਰੀ ਗੁਰ ਗੋਬਿੰਦ ਸਿੰਘ ਜੀ,
ਹਰਖੇ ਰਿਦੈ ਬਿਲੰਦ ॥੬੭॥
ਛੱਤ੍ਰਿ ਧਰਮ ਕੋ ਧਾਰਿ ਕੈ,
ਭੈ ਨ ਕਰਹਿ ਬਰ ਬੀਰ।
ਪੁਨ ਰਿਪੁ ਸਨਮੁਖ ਦੇਖਿ ਕੈ,
ਖਰੋ ਖੇਤ ਧਰਿ ਧੀਰਿ ॥੬੮॥

ਰਸਾਵਲ ਛੰਦ: ਜਬੈ ਬਾਨ ਲਾਗਜੋ। ਪਿਖੇ ਕੋਪ ਜਾਗਜੋ*।
ਲਯੋ ਚਾਂਪ ਆਪੂ। ਮਹਾਂ ਸ਼ੱਤ੍ਰੁ ਖਾਪੂ ॥੬੯॥
ਕਢਜੋ ਤੀਰ ਤੀਖਾ। ਜੁ ਸਾਂਪੰ ਸਰੀਖਾ।
ਗੁਨੰ[4] ਜੋਰਿ ਤਾਨਾ। ਲਗਜੋ ਪਾਨ ਕਾਨਾ[5] ॥੭੦॥
ਹਰੀਚੰਦ ਹੇਰਾ। ਨਿਸ਼ਾਨੋ ਬਡੇਰਾ।
ਰਿਦੇ ਤਾਕਿ ਆਛੇ। ਰਿਪੂ ਨਾਸ਼ ਬਾਛੇ ॥੭੧॥
ਤਜਜੋ ਸ਼ੀਘ੍ਰ ਧਾਰੀ। ਗਯੋ ਬੇਗ ਭਾਰੀ।
ਡਸਜੋ[6] ਨਾਗ ਮਾਨੋ। ਗਿਰਜੋ ਪ੍ਰਾਨ ਹਾਨੋ ॥੭੨॥

---

[1](ਤੂੰ ਆਪਣੀ ਅਮੋਘ ਵਿਦਿਆ ਤੇ) ਕੀਹ ਭਰੋਸਾ ਕਰ ਰਿਹਾ ਹੈਂ ਕਿ ਮੈਂ ਵੈਰੀ ਨੂੰ ਮਾਰਕੇ ਬਿਜੈ ਲਵਾਂਗਾ।
[2]ਗੁਰੂ ਜੀ ਨੇ ਕੱਢਿਆ।
[3]ਲਹੂ ਦੀ ਬੂੰਦ।
*ਇਹ ਫਿਕਰਾ 'ਜਬੈ ਬਾਨ ਲਾਗੇ। ਤਬੈ ਰੋਸ ਜਾਗੇ' ਹੁਣ ਕਹਾਵਤ ਹੋ ਚੁਕੀ ਹੈ। ਦਸ਼ਮੇਸ਼ ਜੀ ਦਾ ਇਹ ਇਸ ਵੇਲੇ ਦਾ ਵਾਕ ਹੈ। ਆਪ ਨੇ ਕਿਹਾ ਹੈ 'ਜਬੈ ਬਾਣ ਲਾਗਜੋ। ਤਬੈ ਰੋਸ ਜਾਗਜੋ। ' ਕਟਾਖਜ ਵਿਚ ਇਹ ਬੀ ਹੈ ਕਿ ਆਪ ਜੀ ਦੇ ਹ੍ਰਿਦੇ ਬੀਰਰਸ ਦਾ ਸਥਾਈ ਭਾਵ ਸੀ, ਇਸ ਵਿਚ ਕ੍ਰੋਧ ਸੰਚਾਰੀ ਭਾਵ ਹੋਕੇ ਆਇਆ ਹੈ। ਕ੍ਰੋਧ ਸਥਾਈ ਭਾਵ ਹੈ ਰੌਦਰ ਰਸ ਦਾ ਪਰ ਬੀਰਰਸ ਵਿਚ ਸੰਚਾਰੀ ਭਾਵ ਹੋਕੇ ਆਉਂਦਾ ਹੈ ਅਰ ਕਈ ਵੇਰ ਸਥਾਈ ਹੋਕੇ ਰੌਦ੍ਰ ਰਸ ਬਣਾ ਦੇਂਦਾ ਹੈ।
[4]ਚਿੱਲੇ ਵਿੱਚ।
[5]ਹੱਥ ਕੰਨ ਨੂੰ ਜਾ ਲੱਗਾ।
[6]ਭਾਵ ਹਰੀ ਚੰਦ ਨੂੰ ਡੱਸਿਆ।

ਰਿਦਾ ਫੋਰਿ ਪਾਰਾ। ਪਰਯੋ ਜਾਇ ਨਯਾਰਾ।
ਤਰੂ[1] ਜਯੋਂ ਪੁਰਾਨਾ। ਮਨੋ ਬਾਯੁ ਹਾਨਾ ॥੨੩॥
ਪਿਖਯੋ ਦੌਨ ਓਰਾ। ਕਰਯੋ ਭੂਰ ਸ਼ੋਰਾ।
ਭਟੰ ਹੇਲ ਘਾਲਾ। ਪਠਾਨੇ ਬਿਸਾਲਾ ॥੨੪॥
ਗੁਰੂ ਬਾਨ ਮਾਰੇ। ਅਨੇਕੈਂ ਸੰਘਾਰੇ।
ਚਲਯੋ ਅੱਗ੍ਰ ਆਯੋ। ਸੁ ਜਾਨੈ ਨ ਪਾਯੋ ॥੨੫॥
ਘਨੇ ਘਾਇ ਗੇਰੇ। ਤ੍ਰਸੇ ਮ੍ਰਿੱਤੁ ਹੇਰੇ।
ਲਿਏ ਸੂਰ ਮਾਰੀ। ਭਜੇ ਭੀਰੁ ਭਾਰੀ ॥੨੬॥
ਕਹਾ ਲੌ ਉਚਾਰੈਂ। ਪਰੀ ਲੋਹ ਮਾਰੈ।
ਗੁਰੂ ਜੀਤ ਹੋਈ। ਦਲੰ ਜਾਨਿ ਦੋਈ[2] ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹਰੀਚੰਦ ਬੱਧ' ਪ੍ਰਸੰਗ ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

---

[1]ਬ੍ਰਿੱਛ।
[2]ਦੋਨੋ ਸੈਨਾਂ ਦੇ ਜਾਣ ਲਈ।

੩੧. [ਭੰਗਾਣੀ ਯੁੱਧ ਫਤਹ ਕੀਤਾ]

੩੦<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੨

ਦੋਹਰਾ: ਭਾਗਜੋ ਸ਼ਾਹ ਪਹਾਰ ਕੌ, ਫਤੇਸ਼ਾਹ ਧਰਿ ਤ੍ਰਾਸ।
ਮਾਰੇ ਗਏ ਪਠਾਨ ਗਨ, ਹਰੀਚੰਦ ਪੁਨ ਨਾਸ਼ ॥੧॥
ਮਰੇ ਹਜ਼ਾਰੋਂ ਬੀਰ ਜਿਹ, ਜੀਵਤ ਚਲੇ ਪਲਾਇ[1]।
ਗਿਰਪਤਿ ਸੰਗ ਸਿਧਾਰਿ ਲੇ, ਗਏ ਤੁਰੰਗ ਧਵਾਇ ॥੨॥

ਤੋਮਰ ਛੰਦ: ਸਰਿਤਾ ਗਿਰੀ[2] ਜਿਸ ਨਾਇ।
ਤਿਸ ਮੈਂ ਗਿਰੇ ਬਹੁ ਜਾਇ।
ਤਰ ਹੋਇ ਪਾਰਹਿ ਕੋਇ।
ਬਿਚ ਡੂਬਿ ਗੇ ਤਿਸ ਜੋਇ ॥੩॥
ਗਿਰ ਪੈ ਚਢੇ ਕਿਤ ਜਾਇ।
ਜਹਿਂ ਰਾਜਪੁਰਾ[3] ਬਸਾਇ।
ਜਮਨਾ ਨਦੀ ਦਿਸ਼ ਹੋਇ।
ਡਰ ਭਾਜਿਗੇ ਤਰਿ[4] ਕੋਇ ॥੪॥
ਨਹਿਂ ਆਪ ਮੈਂ ਸੰਭਾਰ।
ਰਣ ਤਜਾਗ ਹੈਂ ਬਿਕਰਾਰ।
ਮਰਿਗੇ ਪਲਾਵਤਿ ਕੋਇ[5]।
ਜਲ ਮੈਂ ਡੁਬੇ ਡਰ ਹੋਇ ॥੫॥
ਪਹੁਂਚੀ ਤਿਨਹੁਂ ਸੁਧ ਧਾਮ।
'ਗੁਰ ਪਾਇ ਕੈ ਸੰਗ੍ਰਾਮ।
ਸਰ ਮਾਰਿ ਕੈ ਹਤਿ ਪ੍ਰਾਨ।
ਰਣਖੇਤ ਰਾਖਿ ਨਿਦਾਨ[6]' ॥੬॥
ਸੁਨਿ ਸ਼ੋਕ ਭਾ ਬਿਸਤਾਰ।
ਦ੍ਰਿਗ ਰੋਦਤੀ ਜਲ ਧਾਰ।
ਬਹੁ ਪੀਟਤੀ ਤਨ ਨਾਰ।
ਸਿਰ ਬਾਰ[7] ਬ੍ਰਿੰਦ ਉਖਾਰਿ ॥੭॥

---

[1]ਜੋ ਜੀਉਂਦੇ ਸਨ ਉਹ ਭੱਜ ਗਏ।
[2]ਨਾਮ ਹੈ ਨਦੀ ਦਾ ਜੋ ਭੰਗਾਣੀ ਤੋਂ ਉਪਰ ਜਮਨਾ ਵਿੱਚ ਆ ਮਿਲਦੀ ਹੈ। ਇਹ ਜੁੱਧ ਜਮਨਾ ਦੇ ਕਿਨਾਰੇ ਹੋਇਆ ਹੈ।
[3]ਇਹ ਉਹ ਰਾਜਪੁਰਾ ਹੈ ਜਿੱਥੋਂ ਮਸੂਰੀ ਦੀ ਚੜ੍ਹਾਈ ਅੱਜ ਕਲ ਚੜ੍ਹਦੇ ਹਨ।
[4]ਤੈਰ ਕੇ।
[5]ਭਜਦੇ ਮਰ ਗਏ।
[6]ਅੰਤ ਨੂੰ।
[7]ਸਿਰ ਦੇ ਵਾਲ।

ਗਿਰ ਦੇਸ਼ ਬਾਇਸ ਧਾਰ[1]।
ਰੁਦਨੰਤਿ ਕੂਕਨ ਮਾਰਿ।
ਸਭਿ ਧਾਮ ਧਾਮਨਿ ਮਾਂਹਿ।
ਤ੍ਰਿਯ ਬ੍ਰਿੰਦ ਹੁਇ ਬਿਲਪਾਹਿਂ ॥੮॥
ਇਮ ਸ਼੍ਰੀ ਗੁਰੂ ਰਣ ਜੀਤ।
ਬਜਿ[2] ਦੁੰਦਭੈ ਰਣਜੀਤ।
ਜੁਗ ਭ੍ਰਾਤ[3] ਲੋਥ ਉਠਾਇ।
ਪੁਰਿ ਪਾਵਟੇ ਪਹੁਂਚਾਇ ॥੯॥
ਸਸਕਾਰ ਕੀਨਿ ਬਨਾਇ।
ਸੁਰ ਲੋਕ ਬਾਸਾ ਪਾਇ।
ਭਟ ਘਾਇਲੰ ਰਣ ਥਾਨ।
ਉਚਵਾਇ ਕੈ ਪੁਰਿ ਆਨ[4] ॥੧੦॥
ਹੜ ਬੋਲਤੇ ਜਿਸ ਠੌਰ[5]।
ਮਿਲ ਪਾਇਂ ਜੰਬੁਕ ਰੌਰ।
ਪੁਨ ਭੀਖਨਾ ਹੁਇ ਸਾਂਝ[6]।
ਬਹੁ ਲੋਥ ਹੈਂ ਰਣ ਮਾਂਝ ॥੧੧॥
ਤਰਫੰਤਿ ਘਾਇਲ ਕੋਇ।
ਰਿਪੁ ਭਾਜਿਗੇ ਡਰਿ ਸੋਇ।
ਉਚਵਾਇ ਕਾਹੁ ਨ[7] ਲੀਨਿ।
ਤਹਿਂ ਤ੍ਰਾਸ ਤੇ ਬਨਿ ਦੀਨ ॥੧੨॥
ਦੁਖ ਪਾਇ ਭੈ ਮ੍ਰਿਤੁ ਸੋਇ।
ਜਿਨ ਕੌ ਉਠਾਇ ਨ ਕੋਇ।
ਤਬਿ ਸ਼੍ਰੀ ਗੁਰੂ ਹਟਿ ਆਇ।
ਜਯ ਲਹਿ ਮਹਾਂ ਅਰਿ ਘਾਇ[8] ॥੧੩॥
ਜਯ ਕੋ ਸੁਨਾਇ ਬਖਾਨ।

---

[1]ਬਾਈ ਧਾਰਾਂ ਦੇ।
[2]ਵਜਿਆ।
[3]ਭਾ। ਸੰਗੋਸ਼ਾਹ ਤੇ ਜੀਤ ਮੱਲ ਦੀ।
[4]ਆਂਦੇ।
[5]ਜਿੱਥੇ (ਮਸਾਣ) ਹੜ ਹੜ ਕਰਕੇ ਬੋਲਦੇ ਹਨ ਵੀ ਕਹਿੰਦੇ ਹਨ ਕਿ ਕਈ ਵੇਰ ਰਣ ਵਿਚ ਤਾਜ਼ੇ ਮਰੇ ਜੋਧਿਆਂ ਦਿਆਂ ਸਰੀਰਾਂ ਤੋਂ ਹੜ ਹੜ ਦੀ ਧੁਨਿ ਸੁਣਾਈ ਦਿੰਦੀ ਹੈ। (ਅ, ਹੜ = ਗਿੱਧ)।
[6]ਭਜਾਨਕ ਸੰਝਾਂ ਵੇਲਾ ਹੋਇਆ।
[7]ਕਿਸੇ ਨੂੰ ਬੀ।
[8]ਨੂੰ ਨਾਸ਼ ਕਰਕੇ।

ਹਰਖਾਇ ਬੀਰ ਮਹਾਨ।
ਰਣ ਬਾਤ ਭਾਖਤਿ ਬ੍ਰਿੰਦ।
ਗਿਰਨਾਥ ਤ੍ਰਾਸ ਬਿਲੰਦ ॥੧੪॥
ਚਲਿ ਮੰਦ ਮੰਦਹਿ ਆਇ।
ਮਿਲਿ ਪੁੰਜ ਦੇਤਿ ਵਧਾਇ[1]।
ਨਿਸ ਬੀਤਗੀ ਘਟਿ ਚਾਰ।
ਉਤਰੇ ਗੁਰੂ ਨਿਜ ਦ੍ਵਾਰ[*] ॥੧੫॥
ਸਭਿ ਸ਼ਸਤ੍ਰ ਬਸਤ੍ਰ ਉਤਾਰਿ।
ਇਸ਼ਨਾਨ ਆਦਿਕ ਧਾਰਿ।
ਚਿਤਵੰਤਿ[2] ਸੰਗੋਸ਼ਾਹ।
ਅਰੁ ਜੀਤਮੱਲ ਸੁਬਾਹ[3] ॥੧੬॥
ਸਭਿ ਆਪ ਆਪਨ ਡੇਰ।
ਉਤਰੇ ਅਨੰਦ ਬਡੇਰ।
ਰਣਗਾਥ ਥਾਨਹਿ ਥਾਨ[4]।
ਮਿਲਿ ਬੀਰ ਬ੍ਰਿੰਦ ਬਖਾਨਿ ॥੧੭॥
ਰਣ ਭੀਰੁ ਤਜਾਗਿ ਪਰਾਇ।
ਜਿਨ ਸੂਰ ਕੀਨਸਿ ਘਾਇ[5]।
ਸਭਿ ਕੀ ਕਹੈਂ ਕਰਤੂਤ।
ਗੁਰ ਕੌ ਮਹਾਂ ਜਸੁ ਪੂਤ ॥੧੮॥
ਨਿਸ ਮੈਂ ਟਿਕੇ ਸਭਿ ਬੀਰ।
ਸੁਪਤੇ ਜਥਾ ਸੁਖ ਧੀਰ।
ਭੁਨਸਾਰ ਜਾਨਿ ਮਹਾਨ।

---

[1]ਵਧਾਈਆਂ।
[*]ਭੰਗਾਣੀ ਜਿਸ ਥਾਂ ਗੁਰੂ ਜੀ ਦਾ ਡੇਰਾ ਸੀ, ਹੁਣ ਤਕ ਪੱਕਾ ਥੜਾ ਹੈ। ਨੇੜੇ ਪੁਜਾਰੀ ਦਾ ਘਰ ਹੈ। ਪਰ ਸਿਖ ਕੌਮ ਲਈ ਲੱਜਜਾ ਦੀ ਬਾਤ ਹੈ ਕਿ ਇਸ ਥੜੇ ਨੂੰ ਗੁਰਦਵਾਰਾ ਨਹੀਂ ਬਣਾਇਆ, ਨਿਸ਼ਾਨ ਪੱਕੇ ਨਹੀਂ ਕੀਤੇ। ਪਾਸ ਸਿੱਖਾਂ ਦੇ ਗ੍ਰਾਮ ਹਨ, ਪਰ ਸਭ ਗ੍ਰੀਬ ਹਨ। ਇਹ ਬੀ ਖਯਾਲ ਹੈ ਕਿ ਉਥੇ ਗੁਰੂ ਜੀ ਇਕ ਦੋ ਦਿਨ ਟਿਕੇ ਹਨ, ਆਪਣੇ ਪਰਾਏ ਘਾਇਲਾਂ ਦੀ ਸੇਵਾ ਕਰਵਾਈ ਹੈ। ਰਣ ਭੂਮੀ ਆਪ ਦੇ ਹੱਥ ਵਿਚ ਸੀ, ਵੈਰੀ ਦਲ ਦੇ ਮੋਏ ਸੂਰਮੇ, ਠਾਕੁਰਾਂ ਰਾਜਿਆਂ ਤੇ ਰਾਜਕੁਮਾਰਾਂ ਦੀਆਂ ਰਾਣੀਆਂ ਨੇ ਅਗਲੇ ਦਿਨ ਸ਼ਰਨ ਮੰਗ ਕਰਕੇ ਆਪਣੇ ਪਤੀਆਂ ਦੇ ਸਰੀਰ ਸਸਕਾਰ ਕਰਨ ਵਾਸਤੇ ਮੰਗੇ, ਗੁਰੂ ਜੀ ਨੇ ਦੇ ਦਿੱਤੇ ਪਰ ਸਤੀ ਹੋਣੋਂ ਵਰਜਕੇ। ਪਰ ਰਾਣੀਆਂ ਤੇ ਠਕੁਰਾਣੀਆਂ ਦਾਉ ਪਾਕੇ ਚਿਖਾ ਵਿੱਚ ਕੁੱਦਕੇ ਸਤੀ ਹੋ ਗਈਆਂ। ਸਤੀਆਂ ਦੇ ਮਠ ਉਸ ਹੇਠਲੇ ਮੈਦਾਨ ਵਿੱਚ ਪੱਕੇ ਬਣੇ ਹੋਏ ਹੁਣ ਤਕ ਖੜੇ ਹਨ।
[2]ਯਾਦ ਕਰਦੇ ਹਨ।
[3]ਸੂਰਮੇ ਨੂੰ। (ਅ) ਸ੍ਰੇਸ਼ਟ ਭੁਜਾਂ ਵਾਲੇ ਨੂੰ।
[4]ਥਾਂ ਥਾਂ ਤੇ।
[5]ਨਾਸ਼।

ਗੁਰਬਾਨਿ[1] ਕੌ ਕਰਿ ਗਾਨ[2] ॥੧੯॥
ਮੁਖ ਪਾਠ ਕੇਤਿਕ ਕੀਨ।
ਕਰਿ ਪ੍ਰੇਮ ਜਯੋਂ ਜਲ ਮੀਨ।
ਕਰਿ ਸੌਚ ਮੱਜਨ ਨੀਰ।
ਗੁਰ ਬੈਠਿਗੇ ਬਰ ਬੀਰ ॥੨੦॥
ਭਟ ਬ੍ਰਿੰਦ ਆਯੁਧ ਧਾਰਿ।
ਸਭਿ ਕੀਨਿ ਆਨਿ ਦਿਦਾਰ।
ਲਗ ਗਾ ਦਿਵਾਨ ਮਹਾਂਨ।
ਬਿਚ ਸ਼ੋਭਤੇ ਸੁਖਦਾਨ[3] ॥੨੧॥

ਹਾਕਲ ਛੰਦ: ਤਬਿ ਆਯੋ ਬੁੱਧੂਸ਼ਾਹਾ।
ਜਿਹ ਸੰਗ ਸੁਭਟ ਗਨ ਆਹਾ।
ਦ੍ਵੈ ਪੁੱਤ੍ਰ ਗਏ ਰਣ ਮਾਰੇ।
ਦੁਇ ਜੀਵਤਿ ਸੰਗ ਨਿਹਾਰੇ ॥੨੨॥
ਸਭਿ ਸ਼ਸਤ੍ਰ ਅੰਗ ਮਹਿਂ ਲਾਏ।
ਹਿਤ ਦਰਸ਼ਨ ਮੋਦ ਬਧਾਏ।
ਜਬਿ ਚਲਿ ਕਰਿ ਆਯੋ ਨੇਰੇ।
ਗੁਰ ਉਚੇ ਕਹਿ ਤਿਸ ਬੇਰੇ ॥੨੩॥
'ਢਿਗ ਆਵਹੁ ਬੁੱਧੂ ਸ਼ਾਹਾ!
ਤੁਮ ਪੀਰ ਸਾਚ ਕੇ ਆਹਾ।'
ਸਭਿ ਸੁਨਤਯੋਂ ਆਇ ਨਜੀਕਾ।
ਕਰ ਜੋਰਤਿ ਜਿਸ ਉਰ ਨੀਕਾ ॥੨੪॥
ਝੁਕਿ ਕੀਨਸਿ ਤਬੈ ਸਲਾਮੂ।
ਪੁਨ ਕਰਯੋ ਮੁਰੀਦ ਤਮਾਮੂ[4]।
ਸੁਨਿ ਕਲਗੀਧਰ ਕੇ ਬੈਨਾ।
ਕਰ ਜੋਰੇ ਸੰਮੁਖ ਨੈਨਾ ॥੨੫॥
ਮੁਖ ਬੋਲਯੋ ਅਰਜ਼ ਗੁਜ਼ਾਰੀ।
'ਮੁਹਿ ਸ਼ੋਕ ਨ, ਰਿਦੈ ਮਝਾਰੀ।
ਸੋ ਕਾਰਨ ਸੁਨਹੁਂ ਗੁਸਾਈਂ!

---

[1]ਗੁਰਬਾਣੀ।
[2]ਗਾਇਨ।
[3]ਭਾਵ ਗੁਰੂ ਜੀ।
[4]ਫਿਰ ਸਾਰੇ ਮੁਰੀਦਾਂ ਨੇ ਝੁਕ ਕੇ ਸਲਾਮ ਕੀਤੀ।

ਸਿਰ ਮਰਨੋ ਸਭਿ ਬਨਿ ਆਈ ॥੨੬॥
ਮਮ ਪੁੱਤ੍ਰ ਮਰੇ ਸ਼ੁਭ ਥਾਨਾ।
ਇਕ ਤੌ ਰਨਖੇਤ ਮਹਾਂਨਾ।
ਪੁਨ ਕਾਰਜ ਤੁਮਰੇ ਆਏ।
ਇਵ ਕਰਿ ਵੈ[1] ਭਿਸਤ ਸਿਧਾਏ ॥੨੭॥
ਤਹਿਂ ਭੋਗਹਿਂ ਅਨੰਦ ਬਿਸਾਲਾ।
ਤੁਮ ਕਰੁਨਾ ਕਰਹੁ ਕ੍ਰਿਪਾਲਾ।
ਇਹ ਜਾਨਜੋਂ ਲਾਭ ਬਡੇਰਾ।
ਨਹਿਂ ਸ਼ੋਕ ਕਰੈ ਮਨ ਮੇਰਾ' ॥੨੮॥
ਸੁਨਿ ਸ਼੍ਰੀ ਪ੍ਰਭੁ ਬਹੁਰ ਬਖਾਨਜੋ।
'ਹੈ ਨਿਸ਼ਚੇ ਇਮ ਜਿਸ ਜਾਨਜੋ[2]।
ਪਰ ਤਊ ਪਛਾਨਹੁਂ ਮਨ ਮੈਂ।
ਜੁਗ ਰਹੇ ਭਾਣਜੇ[*] ਰਨ ਮੈਂ ॥੨੯॥
ਲਰ ਸਨਮੁਖ ਤਜਾਗੇ ਪ੍ਰਾਨਾ।
ਰਖਿ ਛੱਤ੍ਰੀ ਧਰਮ ਸੁਜਾਨਾ।
ਤਿਨ ਤੇ ਬਡ ਸ਼ੋਕ ਉਪੰਨਾ।
ਚਿਤ ਹੋਤਿ ਹਮਾਰੌ ਖਿੰਨਾ[3] ॥੩੦॥
ਗੁਨ ਸਿਮਰਤਿ ਹੈ ਮਨ ਮੇਰਾ।
ਜਿਨ ਮਹਿਂ ਉਤਸਾਹਿ ਬਡੇਰਾ।
ਨਿਤ ਮਿਲਤਿ ਖਿਲਤਿ[4] ਹਮ ਸੰਗੇ।
ਬਨ ਗਮਨਤਿ ਚਢੈਂ ਤੁਰੰਗੇ[+]' ॥੩੧॥

---

[1]ਇਉਂ ਕਰਨ ਤੇ ਓਹ......

[2]ਠੀਕ ਇਵੇਂ ਹੈ ਕਿ ਜਿਸ ਤਰ੍ਹਾਂ (ਤੁਸਾਂ) ਜਾਣਿਆ ਹੈ। (ਅ) ਇੱਥੇ ਸੁਧ ਪਾਠ 'ਜਿਸ' ਦੀ ਥਾਂ 'ਜਿਮ' ਚਾਹੀਦਾ ਹੈ ਅਰਥ:-ਜਿਵੇਂ ਤੁਸਾਂ ਜਾਣਿਆ ਹੈ ਪੱਕ ਇਸੇ ਤਰ੍ਹਾਂ ਹੀ ਹੈ। ਲਿਖਾਰੀ ਦੀ ਕਲਮ ਉਕਾਈ ਨਾਲ 'ਜਿਮ' ਦਾ 'ਜਿਸ' ਬਣ ਗਿਆ ਹੈ।

[*]ਭਾਣਜੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸਨ ਤੇ ਕਲਗ਼ੀਧਰ ਜੀ ਦੇ ਭੂਆ ਦੇ ਪੁੱਤ੍ਰ ਭਰਾ ਲਗਦੇ ਸਨ।

[3]ਉਦਾਸ।

[4]ਖੇਡਦੇ ਸਨ।

[+]ਇਹ ਪ੍ਰੇਮ ਸਮਰਣ ਹੈ। 'ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ' ॥ ਆਪ ਉਹਨਾਂ ਦੇ ਗੁਣਾਂ ਨੂੰ ਯਾਦ ਕਰ ਰਹੇ ਹਨ, ਇਸ ਪਿਆਰ ਭਰੀ ਯਾਦ ਨਾਲ ਉਹਨਾਂ ਦੀ ਕਲਜਾਨ ਹੋ ਰਹੀ ਹੈ। ਗੁਰੂ ਜੀ ਦਾ ਇਹ ਪ੍ਰੇਮ ਭਾਵ ਇਨਸਾਨੀ ਹਮਦਰਦੀ ਤੇ ਪਿਆਰ ਦਾ ਕਮਾਲ ਹੈ, ਦੂਜੇ ਪਾਸੇ ਉਹਨਾਂ ਦੀ ਉੱਚੀ ਆਤਮ ਦ੍ਰਿਸ਼ਟੀ ਦਾ ਕਮਾਲ ਹੈ ਜੋ ਕਵਿ ਜੀ ਨੇ ਇਨ੍ਹਾਂ ਹੀ ਭਾਣਜਿਆਂ ਦੀ ਸ਼ਹਾਦਤ ਪਰ ਅੱਗੇ ਅੰਸੂ ੩੨ ਦੇ ਅੰਕ ੬-੭ ਵਿਚ ਦਰਸਾਇਆ ਹੈ।

ਬੁੱਧੂਸ਼ਾਹ ਪੁੱਤ੍ਰਾਂ ਦੇ ਮਰਨ ਤੇ ਇਸੇ ਤਰ੍ਹਾਂ ਗੁਣ ਸਮਰਣ ਹੀ ਕਰ ਰਿਹਾ ਹੈ। ਉਹ ਇਹ ਗਲ ਵਿਚ ਧੀਰਜ ਧਾਰ ਰਿਹਾ ਹੈ ਕਿ ਮਹਾਨ ਉੱਤਮ ਸੇਵਾ ਵਿਚ ਸਨਮੁਖ ਜੂਝ ਕੇ ਮੇਰੇ ਪੁੱਤ੍ਰ ਸਫਲ ਹੋਏ ਹਨ।

ਸੁਨਿ ਬੁੱਧੂਸ਼ਾਹਿ ਬਖਾਨਾ।
'ਤੁਮ ਸਭਿ ਬਿਧਿ ਅਹੋ ਮਹਾਂਨਾ।
ਜਿਮ ਚਾਹਹੁ ਰਚਹੁ ਗੁਸਾਈਂ।
ਸਭਿ ਬਾਤਿ ਤੁਮਹੁਂ ਬਨਿ ਆਈ ॥੩੨॥
ਸ਼ੁਭ ਭਾਗ ਜਿ ਭਏ ਹਮਾਰੇ।
ਮਿਲਿ ਕਦਮ ਸੁ ਪਦਮ ਤੁਮਾਰੇ[1]।
ਅਬਿ ਸਫਲ ਭਏ ਸਭਿ ਰੀਤੀ।
ਰਣ ਪਹੁਂਚੇ ਆਨਿ ਸ ਪ੍ਰੀਤੀ ॥੩੩॥
ਗਨ ਖਾਨ ਪ੍ਰਥਮ ਰਖਵਾਏ।
ਗੁਰ ਘਰ ਸੇ ਧਨ ਗਨ ਪਾਏ।
ਪੁਨ ਹੋਏ ਨਿਮਕ ਹਰਾਮੀ।
ਸਭਿ ਕੀਨੀ ਕਾਰ ਗ਼ੁਲਾਮੀ[2] ॥੩੪॥
ਲਖਿ ਉਪਾਲੰਭ ਪਠਿ ਜੋਊ।
ਮੈਂ ਲੱਜਤਿ ਸੁਨਿ ਕਰਿ ਸੋਊ।
ਸੈ ਸਪਤ[3] ਮੁਰੀਦ ਬਟੋਰੇ।
ਚਲਿ ਪਰਜੋ ਤੁਰਤ ਤੁਮ ਓਰੇ ॥੩੫॥
ਪੁਰਿ ਪਾਂਵਟ ਮੈਂ ਜਬਿ ਆਯੋ।
-ਤੁਮ ਚਢੇ ਜੰਗ- ਸੁਨਿ ਪਾਯੋ।
ਨਹਿਂ ਕੀਨਸਿ ਮੈਂ ਤਬਿ ਡੇਰਾ।
ਰਣ ਕਾਜ ਪਰਜੋ ਅਬਿ ਹੇਰਾ ॥੩੬॥
ਮੈਂ ਗਮਨਜੋਂ ਤੁਮ ਪਸ਼ਚਾਤੀ।
ਸਭਿ ਖਰੇ ਹੁਤੇ ਭਲਿ ਭਾਂਤੀ।
ਇਕ ਪਾਸਾ ਰਣ ਕੋ ਰੋਕਾ।
ਰਿਪੁ ਪੁੰਜ ਖਰੋ ਅਵਿਲੋਕਾ ॥੩੭॥
ਤਬਿ ਛੂਟਨਿ ਲਗੀ ਤੁਫੰਗੈਂ।
ਗਿਰਪਤੀ ਲਰੇ ਹਮ ਸੰਗੈ।
ਬਹੁ ਮਾਰੇ ਤਹਾਂ ਪਹਾਰੀ।
ਥਿਰ ਹ੍ਵੈ ਕਰਿ ਧੀਰਜ ਧਾਰੀ ॥੩੮॥
ਨਹਿਂ ਪਾਉਂ ਪਿਛਾਊਂ ਘਾਲਾ।

---

[1]ਆਪਜੀ ਦੇ ਚਰਨਾਂ ਕਮਲਾਂ ਨਾਲ ਮੇਲ ਹੋਇਆ।
[2]ਭਾਵ ਉਨ੍ਹਾਂ ਨੀਚਾਂ ਵਾਲੀ ਕਾਰ ਕੀਤੀ।
[3]ਸੱਤ ਸੌ।

ਰਣ ਡਾਰਿ[1] ਬਿਸਾਲ ਕਰਾਲਾ।
ਸੁਤ ਦੋਇ ਮੁਰੀਦ ਸਮੇਤਾ।
ਲਰਿ ਪਹੁੰਚੇ ਭਿਸਤਿ ਨਿਕੇਤਾ ॥੩੯॥
ਤੁਮ ਦਿਸ਼ਾ ਪਠਾਨ ਅਰੇ ਹੈਂ।
ਸਭਿ ਹੋਇ ਹਰਾਮ ਮਰੇ ਹੈਂ।
ਤਜਿ ਸ੍ਵਾਮੀ ਬੇਮੁਖ ਜੈਸੇ।
ਫਲ ਪਾਇ ਲੀਨਿ ਤਿਨ ਤੈਸੇ' ॥੪੦॥
ਸੁਨਿ ਧੀਰ ਪੀਰ ਕੀ ਕਾਨਾ[2]।
ਸ੍ਰੀ ਮੁਖ ਤੇ ਤਬੈ ਬਖਾਨਾ।
'ਤੁਹਿ ਸਾਧ ਸਾਧ ਬਡ ਸਾਧੂ !
ਪਦ ਉੱਤਮ ਮਹਿਂ ਥਿਤ ਲਾਧੂ[3]' ॥੪੧॥
ਇੱਤਯਾਦਿਕ ਅਧਿਕ ਬਡਾਈ।
ਸ੍ਰੀ ਮੁਖ ਤੇ ਭਾਖਿ ਸੁਨਾਈ।
ਸਨਮਾਨ ਸਹਿਤ ਬੈਠਾਯੋ।
ਅਨੁਕੰਪਾ ਧਰਿ ਦ੍ਰਿਸ਼ਟਾਯੋ[4] ॥੪੨॥
ਦੋਹਰਾ: ਸ੍ਰੀ ਸਤਿਗੁਰ ਤਿਹ ਸਮੇਂ ਮੈਂ, ਕੰਘਾ ਕਰਤਿ ਸੁ ਕੇਸ਼।
ਦਾਸ ਚੁਨੀ ਦਸਤਾਰ ਸ਼ੁਭ, ਆਗੇ ਧਰੀ ਵਿਸ਼ੇਸ਼ ॥੪੩॥
'ਬੁੱਧੂ ਸ਼ਾਹ ! ਸੁਨੀਜੀਏ, ਧਨ ਆਦਿਕ ਵਥੁ ਜੋਇ।
ਚਿਰੰਕਾਲ ਨਹਿਂ ਰਹਿਤ ਹੈ, ਖਰਚੀ ਜੈ ਹੈ ਸੋਇ ॥੪੪॥
ਬਹੁਤ ਪੁਸ਼ਤ ਕੇ ਕਾਮ ਜੋ, ਆਵਹਿ ਵਸਤੁ ਉਦਾਰ।
ਸੋ ਬਖਸ਼ਹਿਂ ਅਬਿ ਤੋਹਿ ਕੌਂ, ਰਖੀਅਹਿ ਆਪਿ ਸੰਭਾਰਿ' ॥੪੫॥
ਇਮ ਕਹਿ ਗਹਿ ਦਸਤਾਰ ਕੌਂ, ਸ਼ੁਭ ਕਕਰੇਜ਼ੀ ਰੰਗ[5]।
ਕੰਘਾ ਸਹਿਤ ਸੁ ਕੇਸ ਹੀ, ਗਹੀ ਕਰਦ ਤਿਨ ਸੰਗ ॥੪੬॥
ਬਖਸ਼ੀ ਬੁੱਧੂਸ਼ਾਹ ਕੌਂ ਲੇ, ਨਿਜ ਸੀਸ ਚਢਾਇ।
ਬਾਰ ਬਾਰ ਬੰਦਨ ਕਰੈ, ਰਿਦੈ ਰਹਯੋ ਹਰਖਾਇ ॥੪੭॥
'ਰਾਖੋ ਭਲੇ ਸੰਭਾਰ ਕਰਿ, ਵਧੈ ਖਾਲਸੇ ਰਾਜ।

---

[1]ਜੰਗ ਕਰਕੇ।
[2]ਕੰਨੀ।
[3]ਟਿਕਾਉ ਪਾਇਆ ਹੈ।
[4]ਮੇਹਰ ਦੀ ਨਜ਼ਰ ਨਾਲ ਤੱਕਿਆ।
[5]ਲਾਲ ਭਾਹ ਵਾਲਾ ਕਾਲਾ ਰੰਗ। ਆਲ ਨਾਮੇ ਬੂਟੇ ਦੇ ਰੰਗ ਵਿੱਚ ਲਾਲ ਰੰਗ ਦੇਕੇ ਫਿਰ ਲੋਹੇ ਦਾ ਕਾਲਾ ਰੰਗ ਦੇਂਦੇ ਹਨ। ਕਈ ਕਹਿੰਦੇ ਹਨ ਕਿ ਮਾਈਂ ਫਟਕੜੀ ਦੀ ਪਾਹ ਦੇਕੇ ਮਜੀਠ ਦਾ ਰੰਗ ਦੇਕੇ ਫਿਰ ਸੁਰਮੇ ਦਾ ਡੋਬਾ ਦੇਂਦੇ ਹਨ।

ਤਬਿ ਤੁਵ ਸੰਤਤਿ ਕੇ ਅਧਿਕ, ਆਵਹਿ ਨਿਤ ਪ੍ਰਤਿ ਕਾਜ' ॥੪੮॥
ਇਮ ਕਹਿ ਦਰਬ ਅਨਾਇ ਕਰਿ, ਦੀਨਸਿ ਪੰਚ ਹਜ਼ਾਰ[੧]।
ਦੇਹੁ ਮੁਰੀਦਨਿ ਸਭਿਨਿ ਕੌ, ਜਿਨਹੁਂ ਕਰੀ ਰਨ ਕਾਰ ॥੪੯॥
ਸਿਰੇਪਾਉ ਸਮੁਦਾਇ ਦੇ, ਕਰਿ ਸੰਤੁਸ਼ਟ ਬਿਸਾਲ[੨]।
ਰੁਖ਼ਸਦ ਕੀਨੋ ਮਾਨ ਜੁਤਿ, ਅਧਿਕ ਹਰਖ ਕੇ ਨਾਲ ॥੫੦॥
ਬਾਰਿ ਬਾਰਿ ਕਰਿ ਬੰਦਨਾ, ਗਯੋ ਸਢੌਰੇ ਧਾਮ।
ਪੂਰ ਮੁਰੀਦਨਿ ਕਾਮਨਾ, ਸਰੇ ਸਭਿਨਿ ਕੇ ਕਾਮ ॥੫੧॥
ਕੰਧ ਬਿਖੈ ਰਖਿ ਤਾਂਹਿ ਕੌ, ਤਾ ਮਹਿਂ ਦੀਨ ਚਿਨਾਇ।
ਅਠਦਸ ਸੈ ਸੱਤ੍ਰਹ[੩] ਬਿਖੈ, ਔਚਕ ਗਿਰੀ ਸੁ ਜਾਇ[੪]* ॥੫੨॥
ਨਿਕਸੀ ਤਬਿ ਸੰਦੂਕਰੀ, ਹੁਕਮ ਪੱਤ੍ਰ[੫] ਪਠਿ ਜਾਨ।
ਰਹਿਤ ਹੁਤੇ ਕਵਿ[੬] ਜਿਸ ਨਿਕਟ, ਸੋ ਸਰਦਾਰ ਮਹਾਨ ॥੫੩॥
ਪੂਰਬ ਲਜਾਏ ਸੋ ਤਹਾਂ, ਦੇਖੀ ਸਭਿਨਿ ਪਛਾਨ।
ਮਾਨੀ ਸਿਰ ਧਰਿ ਦੇਤਿ ਭੇ, ਸਿਖ ਬਹੁ ਧਨ ਕੋ ਦਾਨ ॥੫੪॥
ਸੰਤਤਿ ਬੁੱਧੂਸ਼ਾਹਿ ਕੀ, ਅਬਿ ਲੌ ਤਹਾਂ ਅਲੰਬ[੭]।
ਕਰਤਿ ਜੀਵਕਾ ਤਿਸੀ ਤੇ, ਪਾਵਤਿ ਦਰਬ ਕਦੰਬ[੮] ॥੫੫॥
ਸੰਮਤ ਬੀਤੇ ਆਇ ਸੋ, ਹਮ ਕੌ ਦਰਸ ਦਿਖਾਇ[੯]।
ਬੁੱਧੂਸ਼ਾਹਿ ਪ੍ਰਸੰਗ ਕੋ, ਭਾਖਯੋ ਸਕਲ ਬਨਾਇ ॥੫੬॥

ਇਤਿ ਸ਼੍ਰੀਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਸ਼੍ਰੀ ਗੁਰ ਬਿਜੈ' ਪ੍ਰਸੰਗ ਬਰਨਨੰ ਨਾਮ ਇਕ ਤ੍ਰਿੰਸਤੀ ਅੰਸੂ ॥੩੧॥

---

[੧]ਏਹ ਪ੍ਰਸਾਦ ਮਾਤ੍ਰ ਬਖਸ਼ਿਸ਼ ਸੀ।
[੨]ਸਾਰਿਆਂ ਨੂੰ ਬੜਾ ਪ੍ਰਸੰਨ ਕਰਕੇ।
[੩]੧੮੭੦ ਵਿੱਚ। ਇਸ ਨੂੰ ੧੮੧੭ ਨਹੀਂ ਸਮਝਣਾ ਚਾਹੀਏ ਕਿਉਂਕਿ ਕਵੀ ਜੀ ਦਾ ਜਨਮ ੧੮੪੫ ਦੇ ਕ੍ਰੀਬ ਦਾ ਹੈ।
[੪]ਉਹ (ਕੰਧ) ਡਿੱਗ ਪਈ।
*ਬੁਧੂਸ਼ਾਹ ਪੁਰ ਜੋ ਅਤਯਾਚਾਰ ਰਾਜ ਵਲੋਂ (ਅਸਮਾਨ ਖਾਨ ਹਾਕਮ ਸਢੌਰਾ ਵਲੋਂ) ਹੋਏ ਸਨ, ਉਸ ਸਮੇਂ ਇਹ ਸਭ ਤੋਂ ਕੀਮਤੀ ਸ਼ੈ ਕੰਧ ਵਿੱਚ ਚਿਣੀ ਗਈ ਹੋਣੀ ਹੈ, ਜੋ ਕਿਵੇਂ ਏਹ ਬਚ ਰਹੇ। ਸੋ ਗੁਰੂ ਮਿਹਰ ਨਾਲ ਬਚ ਰਹੀ। ਅਸਮਾਨ ਖਾਨ ਨੂੰ ਬਾਬੇ ਬੰਦੇ ਨੇ ਬੁੱਧੂਸ਼ਾਹ ਦੇ ਮਾਰਨ ਦੇ ਅਪ੍ਰਾਧ ਵਿੱਚ ਫਾਹੇ ਦਿੱਤਾ ਸੀ।
[੫]ਹੁਕਮਨਾਮਾ।
[੬]ਭਾਵ ਭਾਈ ਸੰਤੋਖ ਸਿੰਘ ਜੀ।
[੭]ਤਿਸ ਦੇ ਆਸਰੇ।
[੮]ਸਮੂਹ।
[੯]ਸਾਲ ਬੀਤਿਆ ਹੈ ਕਿ (ਉਨ੍ਹਾਂ ਨੇ ਫੇਰ) ਆਕੇ ਉਹਨਾਂ (ਚੀਜ਼ਾਂ ਦਾ) ਸਾਨੂੰ ਦਰਸ਼ਨ ਕਰਾਇਆ ਸੀ।

੩੨. [ਇਨਾਮ ਵੰਡੇ। ਪਾਂਵਟੇ ਤੋਂ ਤਿਆਰੀ]

੩੧<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੩

ਦੋਹਰਾ: ਸ਼੍ਰੀ ਸਤਿਗੁਰ ਤਬਿ ਕੇਸਰੀ, ਅਪਰ ਬੰਧਿ ਦਸਤਾਰਿ।
ਜਿਗਾ ਬਾਂਧਿ ਕਲਗੀ ਧਰੀ, ਸ਼ੋਭਾ ਉਦਤਿ ਉਦਾਰ ॥੧॥

ਨਿਸਾਨੀ ਛੰਦ: ਲਗਜੋ ਦਿਵਾਨ ਮਹਾਨ ਭਟ, ਬਡ ਹੋਤਿ ਅਨੰਦੇ।
ਸਾਧ ਕ੍ਰਿਪਾਲ ਮਹੰਤ ਤਬਿ, ਆਯੋ ਗੁਰ ਬੰਦੇ।
ਸਭਾ ਬਿਖੈ ਸਨਮਾਨ ਕਰਿ, ਪ੍ਰਭੁ ਤਾਂਹਿ ਬਿਠਾਯੋ।
'ਸਾਧ ਸਾਧ' ਸ਼੍ਰੀ ਮੁਖ ਕਹਜੋ, 'ਸਾਧੁ ਮੁਖ ਪਾਯੋ[੧]' ॥੨॥

ਬਖ਼ਸ਼ਿਸ਼ ਹੇਤੁ ਬਿਚਾਰ ਕਰਿ, ਜਗ ਮਹਿੰ ਵਡਿਆਈ।
ਅਰਧ ਪਾਰਿ[੨] ਦਸਤਾਰ ਕੋ, ਦੇ ਸੀਸ ਬੰਧਾਈ।
ਕੁਲਹਾ[੩] ਕੇ ਊਪਰ ਬੰਧੀ, ਦੁਤਿ ਹੁਇ ਗਈ ਦੂਨੀ।
ਗਜਾਨ ਸੱਚਿਦਾਨੰਦ ਮਹਿਂ, ਬ੍ਰਿਤਿ ਟਿਕੀ ਚਊਨੀ ॥੩॥

'ਤਕਮਾ[੪] ਇਹ ਤਵ ਪੰਥ ਕੋ, ਜਗ ਸਜੈ ਨਿਰਾਲਾ।
ਦੋਨਹੁਂ ਲੋਕ ਸੁਧਾਰ ਦਿਯ, ਗੁਰ ਬਖਸ਼ ਬਿਸਾਲਾ*।'
'ਨਿਤਪ੍ਰਤਿ ਦੇਗ ਕਰਾਹਿ ਕੀ, ਦੀਜਹਿ ਸੰਗ ਚੇਲੇ।'
ਕਾਰਦਾਰ ਪਰ ਗੁਰ ਹੁਕਮ, ਹੋਯੋ ਤਿਸ ਬੇਲੇ ॥੪॥

ਦਯਾਰਾਮ ਪ੍ਰੋਹਤ ਬਲੀ, ਕੀਨੋ ਰਣ ਭਾਰੀ।
ਕਰਤਿ ਭਏ ਬਖ਼ਸ਼ਸ਼ ਤਬੈ, ਤਿਸ ਓਰ ਨਿਹਾਰੀ।
ਢਾਲਾ ਬਖਸ਼ਜੋ ਆਪਨੋ, ਪੁਨ ਪਟਾ ਲਿਖਾਯੋ।
'ਇਨ ਪੁਜਹਿ ਦਰਸ਼ਨ ਕਰੈ, ਪਾਵਹਿ ਮਨ ਭਾਯੋ' ॥੫॥

ਤੀਨਹੁਂ ਬੈਠੇ ਭਾਨਜੇ, ਦੀਨੀ ਬਹੁ ਧੀਰਾ।
'ਦੋਨਹੁ ਭ੍ਰਾਤਾ ਸੁਰਗ ਗੇ, ਜਿਹ ਗਤਿ ਬਡ ਬੀਰਾ[੫]।
ਸਫਲ ਮਰਨ ਛੱਤ੍ਰੀਨ ਕੋ, ਰਿਪੁ ਮਾਰਤਿ ਮਰਿਬੋ।
ਕ੍ਰੁੱਧਤਿ ਹੁਇ ਆਗੇ ਚਲਨਿ, ਪਗ ਪਾਛ ਨ ਧਰਿਬੋ ॥੬॥
ਨਹੀਂ ਸੋਚਿਬੇ ਜੋਗ[੬] ਸੋ, ਨਿਜ ਧਰਮ ਸਮੇਤਾ।

---

[੧]ਪਾਓਗੇ।
[੨]ਪਾੜਕੇ।
[੩]ਉਦਾਸੀਆਂ ਦੀ ਟੋਪੀ ਚੋਕਲੀ ਜੋ ਵਿੱਚੋਂ ਉੱਚੀ ਹੁੰਦੀ ਹੈ। [ਫ਼ਾ:, ਕੁਲਹ = ਟੋਪੀ, ਤਾਜ]।
[੪]ਮਰਾਤਬੇ ਦਾ ਚਿੰਨ੍ਹ (ਪੱਗ ਸਹਿਤ ਟੋਪੀ।)
*ਦੇਖੋ ਉਦਾਸੀ ਕਿਸ ਤਰ੍ਹਾਂ ਗੁਰੂ ਘਰ ਨਾਲ ਮਿਲੇ ਆ ਰਹੇ ਹਨ। ਜੋ ਉਦਾਸੀ ਆਪ ਨੂੰ ਗੁਰੂ ਗ੍ਰਿਹ ਤੋਂ ਦੂਰ ਦੱਸਦੇ ਹਨ ਉਹ ਇਤਿਹਾਸ ਵਿਰੁੱਧ ਜਾ ਰਹੇ ਹਨ। ਗੁਰੂ ਕੀ ਮਿਹਰ ਹੋ ਰਹੀ ਹੈ ਤੇ ਉਦਾਸੀ ਵਡਕਾ ਸੇਵਾ ਵਿਚ ਸਨਮੁਖ ਨਿਭ ਰਿਹਾ ਹੈ, ਤੇ ਸੰਪ੍ਰਦਾ ਸਮੇਤ ਉਸਤੇ ਬਖ਼ਸ਼ਸ਼ ਕਰ ਰਹੇ ਹਨ।
[੫]ਜਿਨ੍ਹਾਂ ਦੀ ਗਤੀ ਬੜੇ ਸੂਰਮਿਆਂ ਵਾਲੀ ਹੋਈ।
[੬]ਸ਼ੋਕ ਕਰਨ ਯੋਗ।

ਸੁਜਸੁ ਹਲਤ ਮਹਿਂ, ਪਲਤ ਸੁਖ, ਥਿਤ ਦੇਵ ਨਿਕੇਤਾ[1]।
ਪਰਨ ਮੰਚ ਪਰ ਮਰਨ ਹੁਇ, ਭਟ ਕੌ ਨਹਿਂ ਨੀਕੋ[2]।
ਦੁਰਲਭ ਪਾਵਨ ਸੁਰਗ ਕੋ, ਨਹਿਂ ਜਸੁ ਕੋ ਟੀਕੋ[3]' ॥੭॥
ਤੀਨਹੁਂ ਭ੍ਰਾਤਨਿ ਬੰਦਿ ਕਰ, ਗੁਰ ਸੰਗ ਬਖਾਨਾ।
'ਸ੍ਵਾਮੀ ਤੁਮ ਦ੍ਵੈ ਲੋਕ ਕੇ, ਬਖਸ਼ਹੁ ਸੁਖ ਨਾਨਾ।
ਦੁਰਲਭ ਰਾਵਰ ਕੀ ਖੁਸ਼ੀ, ਪ੍ਰਾਪਤਿ ਬਡ ਭਾਗੇ।
ਜਗ ਕੇ ਹਤਹੁ ਕੁਬੰਧਨਾ, ਤੁਮ ਪਗ ਅਨੁਰਾਗੇ ॥੮॥
ਕਹੋ ਆਪ ਸੋ ਸ਼੍ਰੇਯ ਹੈ, ਸਭਿ ਜੀਵਨ ਕੇਰੀ।
ਰਣ ਮਹਿਂ ਮਰਿਬੋ ਮਾਰਿਬੋ, ਬੀਰਨ ਗਤਿ ਹੇਰੀ।
ਹਮਰੇ ਸ਼ੋਕ ਨ ਹੋਤਿ ਹੈ, ਆਏ ਤੁਮ ਕਾਜੇ[4]।
ਦੀਨ ਦੁਨੀ ਪਤਿਸ਼ਾਹ ਹੋ, ਨਿਜ ਦਾਸ ਨਿਵਾਜੇ' ॥੯॥
ਸੁਨਿ ਪ੍ਰਸੰਨ ਸਤਿਗੁਰ ਭਏ, ਬਹੁ ਬਖਸ਼ਿਸ਼ ਦੀਨੀ।
ਜੇਵਰ ਜਰੇ ਜਵਾਹਰਨ, ਜਿਨ ਕੀ ਦੁਤਿ ਪੀਨੀ[5]।
ਸਿਰੇਪਾਉ ਬਡ ਮੋਲ ਕੇ, ਬਡ ਦੁਲਭ ਦੁਸ਼ਾਲੇ।
ਕਹਾਂ ਕਹੌਂ ਧਨ ਦੀਨਿ ਗਨੌਂ, ਲੇ ਹਰਖ ਬਿਸਾਲੇ ॥੧੦॥
ਅਪਰ ਸਰਬ ਜੇ ਸੂਰਮਾ, ਰਨ ਲਰੇ ਬਿਸਾਲਾ।
ਬਖਸ਼ਸ਼[*] ਦੀਨੀ ਸਭਿਇਨ ਕੋ, ਕਰਿ ਦਏ ਨਿਹਾਲਾ।
ਮਾਨ ਆਦਿ ਦੇ ਦਾਨ ਬਹੁ, ਹਰਖਾਇ ਸੁ ਬੀਰੰ।
ਪ੍ਰਥਮ ਲਰਾਈ ਬਿਜੈ ਕਰਿ, ਆਨੰਦ ਗਹੀਰੰ ॥੧੧॥
ਹੁਤੇ ਜੁ ਕਾਤੁਰ ਲਰਨ ਤੇ, ਸੇ ਬਹੁਤ ਧਿਕਾਰੇ।
ਖੁਸ਼ੀ ਨ ਗੁਰ ਕੀ ਤਿਨਹੁਂ ਪਰ, ਦਲ ਵਹਿਰ[6] ਨਿਕਾਰੇ।
ਬਿਜੈ ਗੁਰੂ ਕੀ ਦੇਸ਼ ਮਹਿਂ, ਪਸਰੀ ਤਿਸ ਕਾਲਾ।
'ਹਤੇ ਪਹਾਰੀ ਭਾਜਿਗੇ, ਕਰਿ ਤ੍ਰਾਸ ਬਿਸਾਲਾ' ॥੧੨॥
ਜਹਿਂ ਕਹਿਂ ਤੇ ਸੁਨਿ ਸੁਜਸੁ ਕੌ, ਜਾਚਕ ਚਲਿ ਆਏ।
ਡੋਮ ਭਾਟ ਤੇ ਆਦਿ ਗਨ, ਗੁਰ ਕੇ ਗੁਨ ਗਾਏ।

---

[1]ਸੁਰਗ ਵਿਚ।
[2]ਮੰਜੇ ਉਤੇ ਪੈਕੇ ਮਰਨਾ ਸੂਰਮੇ ਲਈ ਚੰਗਾ ਨਹੀਂ। ਭਾਵ ਸੂਰਮੇ ਨੂੰ ਸ਼ਸਤ੍ਰ ਦੀ ਮੌਤ ਹੀ ਠੀਕ ਹੈ, ਰੋਗ ਗ੍ਰਸਤ ਹੋਕੇ ਮਰਨਾ ਠੀਕ ਨਹੀਂ।
[3]ਸੁਰਗ ਦਾ ਪਾਉਣਾ ਦੁਰਲਭ ਹੋ ਜਾਂਦਾ ਹੈ ਤੇ ਨਾਂ ਹੀ ਜਸ ਦਾ ਟਿੱਕਾ ਮਿਲਦਾ ਹੈ।
[4]ਆਪ ਦੇ ਕੰਮ ਆਏ ਹਨ।
[5]ਬਹੁਤ।
[*]ਬਚਿੱਤ੍ਰ ਨਾਟਕ:-
ਧਨੰ ਧਾਰ ਬਰਖੇ। ਸਭੈ ਸੂਰ ਹਰਖੇ।
[6]ਦਲ ਤੋਂ ਬਾਹਰ।

ਕਿਤਿਕ ਕਵੀਸ਼ੁਰ ਆਇਗੇ, ਰਚਿ ਰੁਚਿਰ ਕਵਿੱਤੰ।
ਬਖਸ਼ਹਿਂ ਦਿਨ ਪ੍ਰਤਿ ਸਤਿਗੁਰੂ, ਮਨ ਭਾਵਤਿ ਬਿੱਤੰ[੧] ॥੧੩॥
ਭੂਖਨ ਪਾਇ ਸੁਵਰਨ ਕੇ, ਹਯ ਅਧਿਕ ਸਜਾਵੈਂ।
ਜਿਸ ਪਰ ਹੋਇਂ ਪ੍ਰਸੰਨ ਗੁਰ, ਤਤਕਾਲ ਦਿਵਾਵੈਂ।
ਕਰਹਿਂ ਚੋਜ ਬਹੁ ਮੌਜ ਕੇ, ਸਭਿ ਰੋਜ ਗੁਸਾਈਂ।
ਚਲੀ ਦਾਨਧਾਰਾ[*] ਮਹਾਂ, ਕੋ ਸਕਹਿ ਗਿਨਾਈ ॥੧੪॥
ਦੇਸ਼ ਦੇਸ਼ ਤੇ ਸੰਗਤਾਂ ਆਵਹਿਂ ਗਨ ਰਾਗੀ।
ਸ਼ਸਤ੍ਰ ਤੁਰੰਗਮ ਅਰਪਤੇ, ਦਰਸਤਿ ਬਡਭਾਗੀ।
ਪੁਰਵਹਿਂ ਮਨ ਕੀ ਕਾਮਨਾ, ਜਸੁ ਗਾਵਤਿ ਜਾਤੇ।
ਅਧਿਕੈ ਵਧਯੋ ਪ੍ਰਤਾਪ ਤਬਿ, ਸਿਖ ਜਨ ਸੁਖ ਰਾਤੇ[੨] ॥੧੫॥
ਗਾਵਹਿਂ ਢਾਢੀ ਵਾਰ ਕੌ, ਜਸੁ ਕਹੈਂ ਬਨਾਈ।
ਸੁਨਤਿ ਹੋਤਿ ਉਤਸਾਹ ਉਰ, ਭਟ ਬੈਠਹਿਂ ਆਈ।
ਮਾਰ ਬਕਾਰਾ ਬਹੁ ਕਰਹਿਂ, ਸਤਿਗੁਰਨ ਸੁਨਾਵੈਂ[੩]।
'ਲੂਟਹਿਂ ਅਬਿ ਸ਼੍ਰੀ ਨਗਰ ਕੌ, ਸ਼੍ਰੀ ਮੁਖ ਫਰਮਾਵੈਂ[੪] ॥੧੬॥
ਫਤੇਸ਼ਾਹਿ ਕੌ ਪਕਰਿ ਕੈ, ਪ੍ਰਭੁ ਚਰਨੀ ਪਾਵੈਂ।
ਬਾਇਸਧਾਰ ਪਹਾਰ ਕੀ, ਜੀਤਹਿਂ ਫਿਰਿ ਆਵੈਂ।
ਛੀਨਹਿਂ ਤੁਰਕਨਿ ਰਾਜ ਕੌ, ਨੀਹਲ[੫] ਸਭ ਦੇਸ਼ਾ।
ਜਿਣ ਹੈਂ[੬+] ਬੁਰੀਆ[੭] ਦਾਮਲਾ[੮], ਪੁਰਿ ਅਪਰ ਵਿਸ਼ੇਸ਼ਾ ॥੧੭॥
ਪੁਨ ਲਹੌਰ ਕੋ ਲੂਟ ਕਰਿ, ਦਿੱਲੀ ਹਮ ਜਾਵੈਂ।
ਪਾਇਂ ਠੌਰ ਤੁਰਕਾਨ ਪੁਰਿ[੯], ਰਨ ਕਰਿ ਕਰਿ ਘਾਵੈਂ।
ਹੁਕਮ ਨ ਕਰਹੁ ਜਿ ਦੂਰ ਕੌ, ਤੌ ਏਤਿਕ ਦੇਸ਼ਾ।

---

[੧]ਧਨ ਨੂੰ।
[*]ਬਚਿੱਤ੍ਰ ਨਾਟਕ:-
ਧਨੰ ਧਾਰ ਬਰਖੇ। ਸਭੈ ਸੂਰ ਹਰਖੇ।
[੨]ਸੁਖਾਂ ਦੇ ਵਿਚ ਰੱਤੇ ਗਏ।
[੩](ਸੂਰਮੇ) ਸੁਣਾਉਂਦੇ ਹਨ।
[੪]ਜੇ ਸ਼੍ਰੀ ਮੁਖੋਂ (ਗੁਰੂ ਜੀ) ਫੁਰਮਾ ਦੇਣ ਤਾਂ।
[੫]ਨੀਵਾਂ ਦੇਸ਼ ਜਿੱਥੇ ਪਹਾੜ ਮੁਕਦੇ ਹਨ, ਉਹ ਲਾਗ ਲਾਗ ਦਾ ਦੇਸ਼ ਸ਼ਿਵਾਲਕ ਤੇ ਹਿਮਾਲਯ ਦੇ ਵਿਚਾਲੇ ਤੇ ਸ਼ਿਵਾਲਕ ਦੇ ਉਦਾਲੇ।
[੬]ਜਿੱਤਾਂਗੇ।
[+]ਪਾ:-ਜਿਨਹਿਂ।
[੭]ਬੂੜੀਆ ਜਿੱਥੇ ਕਵੀ ਜੀ ਆਪ ਰਹਿ ਆਏ ਸਨ।
[੮]ਉਹ ਪਿੰਡ ਜਿੱਥੋਂ ਵਾਲੇ ਪਠਾਨ ਭੰਗਾਣੀ ਜੁੱਧ ਸਮੇਂ ਬੇਈਮਾਨ ਹੋਏ ਸਨ। ਇਹ ਥਾਂ ਕਰਨਾਲ ਜ਼ਿਲੇ ਵਿੱਚ ਹੈ, ਬਾਬੇ ਬੰਦੇ ਨੇ ਇਨ੍ਹਾਂ ਨਿਮਕ ਹਰਾਮੀਆਂ ਨੂੰ ਦੰਡ ਦਿੱਤਾ ਸੀ।
[੯]ਭਾਵ ਤੁਰਕਾਣੀ ਜ਼ੋਰ ਵਾਲੇ ਨਗਰਾਂ ਵਿੱਚ ਠਾਣਾਂ ਪਾਵਾਂਗੇ।

ਆਨੰਦ ਪੁਰਿ ਲਗਿ ਪਾਂਵਟਾ, ਇਕ ਰਾਜ ਅਸ਼ੇਸ਼ਾ[੧] ॥੧੮॥
ਠਕੁਰਾਈ ਇਨ ਬੀਚ ਜੇ, ਸਭਿ ਮਾਰ ਨਿਕਾਰੈਂ।
ਸੁਖ ਸੋਂ ਆਵਨਿ ਜਾਨਿ ਹੁਇ, ਨਿਜ ਦੇਸ਼ ਮਝਾਰੈਂ।
ਪ੍ਰਭੁ ਜੀ ਦੀਜਹਿ ਹੁਕਮ ਕੋ, ਉਮਡੈ ਦਲ ਸਾਰਾ।
ਫਤੇ ਕਰਹਿਂ ਜਬਿ ਬਜਹਿਗੋ, ਰਣਜੀਤ ਨਗਾਰਾ' ॥੧੯॥
ਸੂਰ ਚਲਾਕਨਿ ਬਾਕ ਕੋ[੨], ਸੁਨਿ ਪ੍ਰਭੁ ਦੇਂ ਧੀਰਾ।
'ਪਿਖਹੁ ਖੇਲ ਕਰਤਾਰ ਕੇ, ਠਹਿਰਹੁ ਬਰ ਬੀਰਾ!
ਨਹਿਂ ਧਾਰਹੁ ਬਹੁ ਸ਼ੀਘ੍ਰਤਾ, ਅਸਕੇਤੁ[੩] ਰਜਾਈ।
ਜਯੋਂ ਜਯੋਂ ਹੁਇ ਤਯੋਂ ਤਯੋਂ ਕਰਹੁ, ਸਿਮਰਹੁ ਸੁਖਦਾਈ ॥੨੦॥
ਕਹਾਂ ਬਾਤ ਇਸ ਦੇਸ਼ ਕੀ, ਜੋ ਚਾਹਤਿ ਲੀਨਾ।
ਧਰਾ ਰਾਜ ਲੈ ਦੇਯ ਹੌਂ, ਭੋਗਹੁ ਸੁਖ ਪੀਨਾ।
ਕਿਲੇ ਕੋਟ ਕਾਇਮ ਕਰਹਿਂ, ਦਲ ਵਧਹਿ ਬਿਸਾਲਾ।
ਜਹਿਂ ਜਹਿਂ ਮੇਰੇ ਦਾਸ ਬਡ, ਫੈਲਹਿਂ ਜਗ ਜਾਲਾ ॥੨੧॥
ਜੋ ਰਾਜਾ ਹੁਇਂ ਚੌਧਰੀ, ਭਰਿ ਹੈਂ ਸਭਿ ਹਾਲਾ।
ਵਧਹਿ ਪ੍ਰਤਾਪ ਬਿਲੰਦ ਹੀ, ਐ ਹੈ ਜਬਿ ਕਾਲਾ[੪]।
ਸਾਚੇ ਸਾਹਿਬ ਕੇ ਤੁਮਹਿ, ਦੈਹੌਂ ਲਰ ਲਾਏ।
ਸਦਾ ਸਹਾਇਕ ਹੋਹਿੰਗੇ, ਸਿਮਰਹੁ ਸਚ ਨਾਏ ॥੨੨॥
ਹਲਤ ਬਿਖੈ ਜਗ ਰਾਜ ਲਿਹੁ, ਰਹਿਨੀ[੫] ਨਿਤ ਰਾਖਹੁ।
ਗੁਰਮੁਖ ਧਰਮ ਨ ਛੋਰੀਅਹਿ[੬], ਉਰ ਮਹਿਂ ਅਭਿਲਾਖਹੁ।
ਪਲਤ ਬਿਖੈ ਰੱਛਜਾ ਕਰੌਂ, ਸੁਖ ਪਾਇ[੭] ਵਿਸ਼ੇਸ਼ਾ।
ਜਿਸ ਕਾਰਜ ਕੌ ਅਵਿਤਰਯੋ, ਸੋ ਕਰੌਂ ਅਸ਼ੇਸ਼ਾ[੮]' ॥੨੩॥
ਸੁਨਿ ਸਤਿਗੁਰ ਕੇ ਵਾਕ ਕੌ, ਭਾਖਹਿਂ ਸਿਖ ਬੀਰਾ।
'ਤੁਮ ਸਭਿ ਬਖਸ਼ਨ ਜੋਗ ਹੋ, ਹਮ ਸਭਿ ਕੇ ਧੀਰਾ[੯]।
ਤਉ ਸੁਨਹੁ ਮਹਾਂਰਾਜ ਜੀ! ਜੇ ਦੁਰਗ ਨਜੀਕਾ।
ਛੀਨ ਲੇਹੁ ਇਨ ਸਭਿਨਿ ਕੋ, ਕਰਿ ਕਰਿ ਰਣ ਨੀਕਾ ॥੨੪॥

---

[੧]ਸਾਰਾ।
[੨]ਸੂਰਿਆਂ ਦੇ ਚਤੁਰਾਈਆਂ ਦੇ ਵਾਕਾਂ ਨੂੰ। (ਅ) ਚਲਾਕ ਸੂਰਮਿਆਂ ਦੇ ਵਾਕਾਂ ਨੂੰ।
[੩]ਅਕਾਲ ਪੁਰਖ ਦੀ।
[੪]ਸਮਾਂ।
[੫]ਗੁਰਸਿੱਖੀ ਦੀ ਰਹੁਰੀਤ।
[੬]ਤਾਕੀਦ ਕਰਦੇ ਹਨ ਕਿ ਰਾਜ ਪਾਕੇ ਵਾਹਿਗੁਰੂ ਨਾਲ ਸਨਮੁਖ ਰਹਿਣ ਦਾ ਧਰਮ ਨਾ ਗੁਆ ਦੇਣਾ।
[੭]ਪਾਓਗੇ।
[੮]ਸਾਰਾ।
[੯]ਧੀਰਜ ਦੇਣ ਵਾਲੇ।

ਕਾਇਮ ਕਰਿ ਸਭਿਹੁੰਨ ਕੌ, ਦਿਢ ਦੇਹੁ ਚਿਨਾਏ।
ਦਲ ਆਗਹਿ ਨਹਿਂ ਅਰ ਸਕਹਿਂ, ਲੇ ਸ਼ੀਘ੍ਰ ਸੁ ਜਾਏ[1]।
ਸਨੇ ਸਨੇ ਪੁਨ ਆਨਿ ਕੋ, ਲੈਹੈਂ ਬਲ ਪਾਏ।
ਹੁਕਮ ਦੇਨਿ ਕੀ ਦੇਰਿ ਇਕ, ਲੈਂ ਅਬੈ ਛੁਟਾਏ' ॥੨੫॥
ਸੁਨਤਿ ਬਿਚਾਰਜੋ ਸਤਿਗੁਰੂ, -ਰਣਜੀਤ ਬਿਸਾਲਾ[2]।
ਟਿਕਹਿਂ ਨਹੀਂ ਇਨ ਪਾਵ ਕੋ, ਅਬਿ ਲਰਹਿਂ ਕਰਾਲਾ।
ਦੁਰਗਨ ਕੋ ਨਹਿਂ ਛੋਰਿਹੈਂ, ਕਰਿ ਛੇਰ ਲਰਾਈ।
ਵਧਜੋ ਅਧਿਕ ਉਤਸਾਹ ਉਰ, ਹਤਿ ਹੈਂ ਰਿਪੁ ਧਾਈ ॥੨੬॥
ਮਿਸ[3] ਅਖੇਰ ਕੇ ਵਹਿਰ ਫਿਰ[4], ਘਾਲਹਿਂ ਰਣ ਭਾਰੀ।
ਅਬਿ ਤੋ ਸਭਿ ਨਹਿਂ ਮਾਰਣੈ[5], -ਗੁਰ ਭਲੇ ਬਿਚਾਰੀ।
-ਚਲਹਿਂ ਅਨੰਦਪੁਰਿ ਆਪਨੇ, ਹੁਇ ਹੈ ਤਹਿਂ ਸ਼ਾਂਤੀ।
ਲਗਜੋ ਬੈਰ ਇਸ ਦੇਸ਼ ਮਹਿਂ, ਭੇ ਬ੍ਰਿੰਦ ਅਰਾਤੀ[6]- ॥੨੭॥
ਤਬਿ ਸਭਿ ਸੁਭਟਨਿ ਸੋਂ ਭਨਜੋ, 'ਉਰ ਧੀਰਜ ਧਾਰੋ।
ਚਲਹੁ ਅਨੰਦਪੁਰਿ ਅਨੰਦ ਧਰਿ, ਨਿਜ ਨਗਰ ਸੰਭਾਰੋ।
ਤਿਤ ਹੀ ਦਿਸ਼ਿ ਜੀਤੋ ਪ੍ਰਥਮ, ਅਰੁ ਗੁਰ ਦਰਬਾਰਾ।
ਕਰਹਿਂ ਨਮੋ ਗਮਨਹਿਂ ਅਬਹਿ, ਇਹ ਭਲੀ ਬਿਚਾਰਾ' ॥੨੮॥
ਸ਼੍ਰੀ ਮੁਖ ਤੇ ਸਮੁਝਾਇ ਕਰਿ, ਬਹੁ ਬੀਰ ਹਟਾਏ।
ਹੁਕਮ ਦਯੋ 'ਤਜਾਰੀ ਕਰਹੁ, ਰਣਜੀਤ ਬਜਾਏ।
ਉਸ਼ਟਰੁ ਆਨਹੁ ਸੈਂਕਰੇ, ਸਭਿ ਦਲਹਿ ਸਮਾਜਾ।
ਗਹਹੁ ਬਿਗਾਰੀ ਗ੍ਰਾਮ ਨਰ, ਜੈ ਹੈਂ ਨਹਿ ਭਾਜਾ*' ॥੨੯॥
ਸੁਨਿ ਸਤਿਗੁਰ ਕੇ ਹੁਕਮ ਕਉ ਚਢਿ ਕਰਿ ਅਸਵਾਰਾ।
ਗਰਾਮ ਅਨੇਕਨ ਕੇ ਗਹੇ ਨਰ ਆਨਿ ਹਜ਼ਾਰਾ।
ਬੰਧੇ ਭਾਰ ਸਮਾਜ ਕੇ, ਸਿਰ ਦੇ ਉਚਵਾਏ।
ਗਮਨਜੋ ਪ੍ਰਥਮ ਬਿਹੀਰ ਸਭਿ, ਉਸ਼ਟਰ ਲਦਵਾਏ ॥੩੦॥

---

[1]ਛੇਤੀ ਹੀ ਜਾਕੇ ਲੈ ਸਕਦੇ ਹਾਂ ਥਾਂ।
[2]ਬੜਾ ਰਣ ਜਿਤ ਲੈਣ ਕਰਕੇ।
[3]ਬਹਾਨੇ।
[4]ਫਿਰ ਕਰਕੇ।
[5]ਹੁਣੇ ਹੀ ਸਭ ਨੂੰ ਨਹੀਂ ਮਾਰ ਦੇਣਾ।
[6]ਵੈਰੀ ਬਹੁਤੇ ਹੋ ਗਏ ਹਨ।
*ਬਿਗਾਰ ਦਾ ਖਯਾਲ ਕਵਿ ਜੀ ਦੇ ਗਿਰਦ ਵਰਤ ਰਹੇ ਰਾਜ ਘਰਾਂ ਦੇ ਵਰਤਾਰੇ ਦੀ ਸੰਭਾਵਨਾ ਹੈ, ਸਤਿਗੁਰ ਜਗਤ ਦੀ ਵਿਗਾਰ ਕੱਟਣ ਹਾਰੇ ਸਨ। ਉਹਨਾਂ ਦੇ ਵਰਤਾਰੇ ਵਿੱਚ ਬਿਗਾਰ ਦੀ ਸੰਭਾਵਨਾ ਸੰਭਵ ਨਹੀਂ, ਕਿਸੇ ਕਿਰਤੀ ਦੀ ਘਾਲ ਐਵੇਂ ਜਾਵੇ ਇਹ ਅਸੂਲ ਹੀ ਸਤਿਗੁਰਾਂ ਦਾ ਨਹੀਂ ਸੀ 'ਇਕ ਤਿਲੁ ਨਹੀਂ ਭੰਨੈ ਘਾਲੇ' ਦੇ ਬਿਰਦ ਵਾਲੇ ਕੰਮ ਕਰਨ ਵਾਲਿਆਂ ਨੂੰ ਮਜੂਰੀਆਂ ਤੋਂ ਵੱਖਰੇ ਇਨਾਮਾਂ ਨਾਲ ਮਾਲਾ ਮਾਲ ਕਰਦੇ ਹੁੰਦੇ ਸਨ।

ਸ਼ਮਿਯਾਨੇ ਤੰਬੂ ਘਨੇ, ਗਨ ਫਰਸ਼ ਬਿਸਾਲੇ।
ਸ਼ਤਰੰਜੀ, ਬਹੁ ਜਾਜਮਾਂ[1], ਬਾਸਨ[2] ਬਡ ਜਾਲੇ।
ਖੱਚਰ ਪਰ ਲਾਦੇ ਅਧਿਕ, ਧਨ ਕੋਸ਼ ਮਹਾਨਾ।
ਬਧੇ ਭਾਰ ਸੰਭਾਰ ਕੇ, ਜੇ ਵਸਤੁ ਨਾਨਾ ॥੩੧॥
ਭਾਰ ਉਚਾਵਨਹਾਰ ਜੇ, ਸਭਿ ਚਲੇ ਹਜ਼ਾਰੇ।
ਆਗੇ ਪਾਛੇ ਸੁਭਟ ਗਨ, ਗਮਨੇ ਰਖਵਾਰੇ।
ਸਨੇ ਸਨੇ ਵਥੁ ਸਕਲ ਕਉ, ਸੰਭਾਰਿ ਲਦਾਈ।
ਮਾਰਗ ਮਹਿਂ ਬਹੁ ਚਲਿ ਪਰੇ, ਹੇਰੇ[+] ਸਮੁਦਾਈ ॥੩੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯੇ ਰੁੱਤੇ 'ਸ੍ਰੀ ਗੁਰ ਬਿਜੈ' ਪ੍ਰਸੰਗ ਬਰਨਨੰ ਨਾਮ ਦ੍ਵੈ ਤ੍ਰਿੰਸਤੀ ਅੰਸ ॥੩੨॥

---

[1]ਛਾਪਿਆ ਹੋਇਆ ਕਪੜਾ।
[2]ਬਰਤਨ।
[+]ਪਾ:-ਲਾਗੇ।

੩੩. [ਅਨੰਦ ਪੁਰ ਦਾ ਸਫਰ। ਨਾਹਣੇਸ਼। ਲਾਹਾ ਤੇ ਟੋਟਾ ਗ੍ਰਾਮ ਦੇ ਚੋਰ]

੩੨<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੪

ਦੋਹਰਾ: ਜੁੱਧ ਜੀਤ ਆਏ ਜਬੇ,
ਟਿਕੇ ਨ ਤਿਨ ਪੁਰਿ ਪਾਵ। {ਵਿਸ਼ੇਸ਼ ਟੂਕ}
ਦੀਨਸਿ ਕੂਚ ਕਰਾਇ ਗੁਰ,
ਤਜਜੋ ਪਾਂਵਟਾ ਥਾਂਵ* ॥੧॥

ਨਿਸ਼ਾਨੀ ਛੰਦ: ਸੈਨ ਸਹਿਤ ਗੁਰ ਥਿਤ ਕਰੇ, ਡੇਰਾ ਲਦਵਾਯੋ।
ਸਨੇ ਸਨੇ ਸਭਿ ਚਲਿ ਪਰੇ, ਨੀਕੇ ਲਖਿ ਪਾਯੋ।
ਭਏ ਪ੍ਰਭੂ ਅਸਵਾਰ ਤਬਿ, ਰਣਜੀਤ ਨਗਾਰਾ।
ਬਾਜ ਉਠਜੋ ਬਡ ਬੰਬ[1] ਜੁਤਿ, ਨਿਜ ਸ਼ਬਦ ਪਸਾਰਾ ॥੨॥
ਗਿਰ ਗਿਰ ਮਹਿਂ ਪ੍ਰਤਿ ਧੁਨਿ[2] ਉਠੀ, ਕੰਪੇ ਗਿਰਨਾਥਾ।
-ਗੁਰੂ ਛੁਟਾਇ ਨ ਰਾਜ ਕੌ[3]-, ਇਮ ਡਰ ਕੇ ਸਾਥਾ।
ਜਿਤ ਕਿਤ ਤੇ ਪਠਿ ਨਰਨਿ ਕੋ, ਸੁਧਿ ਸਭਿਨਿ ਮੰਗਾਈ।
-ਆਨੰਦਪੁਰ ਕੋ ਕੂਚ ਕਰਿ, ਗਮਨੇ ਗੋਸਾਈਂ- ॥੩॥
ਸੁਪਤੇ ਸੁਖ ਕੀ ਨੀਂਦ[4] ਸਭਿ, ਨਤੁ ਡਰਹਿਂ ਬਿਸਾਲਾ।
ਚਢੇ ਪਾਂਵਟੇ ਨਗਰ ਤੇ, ਇਸ ਰੀਤਿ ਕ੍ਰਿਪਾਲਾ।
ਉਠੀ ਧੂਲ ਨਭ ਮਹਿਂ ਉਡੀ, ਢਾਂਪਜੋ ਰਵਿ ਜਾਈ।
ਛੁਟੇ ਤੜਾਕੇ ਤੁਪਕ ਕੇ, ਬਡ ਸ਼ਬਦ ਉਠਾਈ ॥੪॥
ਕੂਦਤ ਜਾਤਿ ਤੁਰੰਗ ਗਨ, ਕਰਿ ਬੇਗ ਪਲਾਵੈਂ।
ਪੌਰ ਪਰਹਿਂ[5] ਦਿਢ ਠੌਰ ਮਹਿਂ, ਨਾਦਤਿ[6] ਮਗ ਜਾਵੈਂ।
ਭਏ ਸਿੱਖਜ ਘਾਇਲ ਸੁਭਟ, ਸੇ ਚਲਹਿਂ ਉਠਾਏ।
ਗ੍ਰਾਮਨਿ ਕੇ ਨਰ ਬ੍ਰਿੰਦ ਹੀ, ਸਿਰ ਧਰਿ ਗਮਨਾਏ ॥੫॥
ਖਾਨ ਪਾਨ ਕੀ ਸੁਧਿ ਸਕਲ, ਭਾਖੀ[7] 'ਬਹੁ ਲੀਜੈ।

---

*ਰੁਤ ੧ ਅੰਸੂ ੪੭ ਅੰਕ ੪੨ ਵਿਚ ਅਸੀਂ ਦੱਸ ਆਏ ਹਾਂ ਕਿ ਅਨੰਦ ਪੁਰ ਤੋਂ ਟੁਰਕੇ ਜਿਥੇ ਪਾਉਂ ਟਿਕਾਏ ਉਸ ਦਾ ਨਾਉਂ ਪਾਉਂਟਾ ਧਰਿਆ। ਇਹ ਥਾਂ ਲਗ ਪਗ ੧੭੪੨ ਬਿ: ਵਿਚ ਗੁਰੂ ਜੀ ਨੇ ਬੱਧਾ ਸੀ।
+ਗੁਰੂ ਜੀ ਨੇ ਕਦੇ ਕਿਸੇ ਪਰ ਧਰਮ ਵਿਰੁੱਧ ਜ਼ੋਰ ਨਹੀਂ ਪਾਇਆ, ਜੈਸੇ ਕਿ ਦੌਲਤ ਰਾਏ ਇਕ ਸਮਾਜੀ ਮੁਅੱਰਖ ਨੇ ਆਪਣੀ ਕਿਤਾਬ ਦੇ ਸਫਾ ੨੨੧-੨੨ ਤੇ ਲਿਖਿਆ ਹੈ।
[1]ਅਵਾਜ਼।
[2]ਮੁੜਵੀਂ ਧੁਨਿ, ਗੂੰਜ।
[3]ਕਿਤੇ ਖੋਹ ਨਾ ਲੈਣ ਰਾਜ ਨੂੰ।
[4](ਰਾਜੇ) ਸੁਖ ਦੀ ਨੀਂਦ ਸੁੱਤੇ।
[5]ਕਦਮ (ਘੋੜਿਆਂ ਦੇ)।
[6]ਸ਼ਬਦ ਕਰਦੇ।
[7]ਗੁਰੂ ਜੀ ਨੇ ਕਹਿਆ।

ਬਾਂਛਤਿ ਇਨ ਕੋ ਨਿਸ ਦਿਵਸ, ਹਾਜ਼ਰ ਕਰਿ ਦੀਜੈ।
ਅਲਪ ਸੈਲ ਕੁਛ ਪੰਥ ਮੈਂ, ਕ੍ਰਮ ਕ੍ਰਮ ਉਲੰਘੈ ਕੈ।
ਵਹਿਰ ਆਇ ਡੇਰਾ ਕਰਯੋ, ਸੁਠ ਥਲ ਪਿਖਿ ਕੈ ਕੈ ॥੬॥
ਉਤਰੇ ਤਜਯੋ ਤੁਰੰਗ ਪ੍ਰਭੁ, ਪਰਯੰਕ ਸੁਹਾਏ।
ਸ਼ਮਿਯਾਨੇ ਤੰਬੂ ਤਨੇ, ਤਤਛਿਨ ਤਿਸ ਥਾਏਂ।
ਤ੍ਰਿਨ ਦਾਨੇ ਕੋ ਲਯਾਇ ਕਰਿ, ਕਰਿ ਤੁਰੰਗਨਿ ਦੀਨਾ।
ਦੇਗ਼ ਦੀਰਘਾ ਤਯਾਰ ਭੀ, ਗੁਰ ਅਚਵਨਿ ਕੀਨਾ ॥੭॥
ਖਾਨ ਪਾਨ ਕਰਿ ਸਕਲ ਦਲ, ਸੁਖ ਤੇ ਸੁਪਤਾਏ।
ਨਿਸਾ ਬਿਖੈ ਬਿੱਸ੍ਰਾਮ ਤੇ, ਸ਼੍ਰਮ ਦੀਹ[1] ਨਸਾਏ।
ਅੰਮ੍ਰਿਤ ਵੇਲਾ ਜਾਗਿ ਕੈ, ਕਰਿ ਸੌਚ ਸ਼ਨਾਨਾ।
ਬਸਤ੍ਰ ਸ਼ਸਤ੍ਰ ਤਨ ਪਹਿਰ ਕੈ, ਪ੍ਰਭੁ ਕੀਨਸਿ ਪਯਾਨਾ ॥੮॥
ਤਯਾਰ ਹੋਇ ਸਭਿ ਦਲ, ਚਢਯੋ ਧੌਂਸਾ ਧੁੰਕਾਰੇ।
-ਮਾਰਗ ਪ੍ਰਸਥਾਨੇ ਪ੍ਰਭੂ-, ਬਿਦਤਯੋ ਜਗ ਸਾਰੇ।
ਸ਼ਹਿਰ ਸਢੌਰੇ ਨਿਕਟਿ ਕੌ, ਆਗੈ ਜਬਿ ਚਾਲੇ।
ਨਾਹਣ ਕੇ ਨ੍ਰਿਪ ਜਬਿ ਸੁਨਯੋਂ, -ਗੁਰੁ ਕੂਚ ਸੰਭਾਲੇ ॥੯॥
ਇਸਮ[2] ਅਨੰਦਪੁਰਿ ਅਪਨਿ ਕੌ, ਕਰਿ ਹੈਂ ਤਹਿਂ ਬਾਸਾ।
ਚਲੇ ਜਾਤਿ ਜੁਤਿ ਬਾਹਿਨੀ[3]-, ਸੁਨਿ ਮਿਦਨ ਪ੍ਰਕਾਸ਼ਾ[4]।
ਤੂਰਨ ਪਠਯੋ ਵਕੀਲ ਕੌ, ਕਹਿ ਸਭਿ ਸਮੁਝਾਈ।
ਆਗੇ ਮਿਲਯੋ ਸੁ ਆਇ ਕਰਿ, ਪਗ[5] ਗ੍ਰੀਵ ਨਿਵਾਈ ॥੧੦॥
ਹਾਥ ਜੋਰਿ ਬੋਲਤਿ ਭਯੋ, 'ਨਾਹਿਣ ਕੇ ਰਾਜਾ[6]।
ਪਠਯੋ ਸ਼ੀਘ੍ਰ ਢਿਗ ਆਪ ਕੇ, ਸੁਨੀਅਹਿ ਮਹਾਰਾਜਾ!
ਚਰਨ ਕਮਲ ਪਰ ਬੰਦਨਾ, ਕਰ ਬੰਦਿ ਬਖਾਨੀ।
-ਚਢੇ ਅਚਾਨਕ ਆਪ ਪ੍ਰਭੁ, ਹਮ ਸੁਨਯੋਂ ਨ ਕਾਨੀ ॥੧੧॥
ਲਾਹਿੜਪੁਰਿ ਕੇ ਨਿਕਟਿ ਅਬਿ, ਡੇਰਾ ਨਿਜ ਪਾਵੋ।
ਮੈਂ ਆਵਹੁਂ ਦਰਸ਼ਨ ਕਰਨਿ ਪੁਨ ਅੱਗ੍ਰ ਸਿਧਾਵੋ।
ਦਾਸ ਕਦੀਮੀ ਆਪ ਕੋ, ਡੇਰਾ ਅਬਿ ਕੀਜੈ।

---

[1]ਬਹੁਤ ਥਕਾਨ।
[2]ਜੋ ਪੂਰੇ ਹੱਕ ਮੁਜਬ ਆਪਣੀ ਹੋਵੇ।
[ਅ:, ਇਸਮ = ਨਾਮ ਨਾਲ ਲੱਗੀ ਹੋਈ ਹੱਕ ਦੀ ਜਾਇਦਾਦ]।
[3]ਸੈਨਾ।
[4]ਮੇਦਨੀ ਪ੍ਰਕਾਸ਼ ਨਾਮ ਸੀ ਨਾਹਣ ਦੇ ਰਾਜੇ ਦਾ।
[5]ਚਰਨਾਂ ਤੇ।
[6]ਦੇ ਰਾਜਾ ਨੇ।

ਅਪਨੋ ਸੇਵਕ ਜਾਨਿ ਕਰਿ, ਦਰਸ਼ਨ ਮੁਹਿ ਦੀਜੈ ॥੧੨॥
ਰਖਹੁ ਲਾਜ ਅਬਿ ਬਿਰਦ ਕੀ, ਤੁਮ ਅੰਤਰਜਾਮੀ।
ਮੈਂ ਸੇਵਕ ਤੁਮਰੀ ਸ਼ਰਨਿ, ਸਭਿ ਘਟ ਕੇ ਸ੍ਵਾਮੀ!
ਕੁਛ ਮਸਲਤ ਕਰਨੀ ਹਮਹਿਂ, ਰਾਜਨ ਕੇ ਕਾਜੂ[1]।
ਅਹੈ ਭਰੋਸਾ ਆਪ ਕੋ, ਨਿਤ ਪ੍ਰਤਿ ਮਹਾਰਾਜੂ! ॥੧੩॥
ਜਾਨਿ ਆਪਨੋ ਗੁਰੂ ਜੀ, ਕਰੁਨਾ ਅਬਿ ਧਾਰੋ।
ਇਕ ਦੁਇ ਦਿਵਸ ਨਿਵਾਸ ਕੈ, ਮਿਸ ਖਿਲਨਿ ਸ਼ਿਕਾਰੋ[2]-।'
ਸੁਨਿ ਬਿਨਤੀ ਪ੍ਰਭੁ ਨ੍ਰਿਪਤ ਕੀ, ਨਿਜ ਸਿਵਰ ਉਤਾਰਾ।
ਸੈਲ ਸਮੀਪ ਸਥਾਨ ਸ਼ੁਭ ਜਲ ਚਲਤਿ ਨਿਹਾਰਾ ॥੧੪॥
ਆਯੋ ਬੁੱਧੂਸ਼ਾਹਿ ਤਬਿ, ਪ੍ਰਭੁ ਮਿਲਿਬੇ ਹੇਤਾ।
ਉਤਰੇ ਨਿਕਟ ਹਕਾਰ ਕਰਿ, ਬੈਠੇ ਕੁਲ ਕੇਤਾ[3]।
ਜਿਤ ਕਿਤ ਛਾਯਾ ਦੇਖਿ ਕਰਿ, ਉਤਰੇ ਬਰ ਬੀਰਾ।
ਸੁੰਦਰ ਪਿਖ੍ਯੋ ਸਥਾਨ ਕੋ, ਕਛੁ ਚਾਲਤਿ ਨੀਰਾ ॥੧੫॥
ਤੰਬੂ ਸ਼ਮਿਯਾਨੇ ਤਨੇ, ਕਰਿ ਖਾਨ ਰੁ ਪਾਨਾ।
ਸੁਪਤਿ ਜਥਾ ਸੁਖ ਨਿਸਾ ਮਹਿਂ, ਸ਼੍ਰਮ ਸਭਿ ਕੋ ਹਾਨਾ।
ਅੰਮ੍ਰਿਤ ਵੇਲਾ ਜਾਗ ਕਰਿ, ਗੁਰ ਸੌਚ ਸ਼ਨਾਨੇ।
ਨੰਦਚੰਦ ਸੋਂ ਤਬਿ ਪ੍ਰਭੂ, ਇਮ ਬੈਨ ਬਖਾਨੇ ॥੧੬॥
'ਡੇਰਾ ਸਗਰੋ ਤੋਰੀਅਹਿ, ਅਰੁ ਘਾਇਲ[4] ਜੇਤੇ।
ਕਛੁ ਭਟ ਰਾਖੋ ਸੰਗ ਮਹਿਂ, ਸਭਿ ਚਲਹਿਂ ਅਗੇਤੇ।
ਇਹਾਂ ਦੇਰ ਹਮ ਕੌ ਲਗਹਿ, ਕੇਤਿਕ ਦਿਨ ਬਾਸਹਿਂ[5]।
ਪਹੁੰਚਹਿ ਅਪਰ ਅਨੰਦਪੁਰਿ, ਥਿਤ ਲਹੈਂ ਅਵਾਸਹਿਂ[6]' ॥੧੭॥
ਸੁਨਤਿ ਹੁਕਮ ਦੀਵਾਨ ਤਬਿ, ਸਭਿਹੁੰਨਿ ਸੁਨਾਯਾ।
ਕਹਿ ਤਯਾਰੀ ਕਰਿ ਸਿਵਰ ਕੀ, ਤਤਕਾਲ ਚਢਾਯਾ।
ਮਾਤੁਲ ਪ੍ਰਭੂ ਕ੍ਰਿਪਾਲ ਕੌ[7], ਸੌਂਪ੍ਯੋ ਸਭਿ ਡੇਰਾ।
'ਮਗ ਮਹਿਂ ਅਰੁ ਪੁਰਿ ਪਹੁੰਚ ਕਰਿ, ਪ੍ਰਤਿਪਾਲ ਬਡੇਰਾ ॥੧੮॥
ਜਥਾ ਜੋਗ ਸਭਿਹੁੰਨ ਕੀ, ਸੁਧ ਨਿਤਪ੍ਰਤਿ ਲੀਜੈ।

---

[1]ਰਾਜਸੀ (ਯਾ ਰਾਜਿਆਂ ਦੇ) ਕਾਰਜਾਂ ਲਈ ਕੁਛ ਸਲਾਹ ਕਰਨੀ ਹੈ।
[2]ਸ਼ਿਕਾਰ ਖੇਡਣ ਦੇ ਬਹਾਨੇ।
[3](ਸੋਢੀ) ਕੁਲਕੇਤ ਭਾਵ ਗੁਰੂ ਜੀ।
[4]ਜ਼ਖਮੀ।
[5]ਵੱਸਾਂਗੇ।
[6]ਘਰਾਂ ਵਿਚ।
[7]ਗੁਰੂ ਜੀ ਨੇ ਮਾਮਾ ਕ੍ਰਿਪਾਲ ਜੀ ਨੂੰ।

ਘਾਇਲ ਨਿਕਟ ਜਰਾਹੁ[1] ਕੌਂ, ਸੁਧ ਹੇਤੁ ਪਠੀਜੈ।
ਤੁਮ ਸਜਾਨੇ ਸਭਿ ਜਗਤ ਮਹਿਂ, ਮਗ ਚਲੀਅਹਿ ਥੋਰਾ।
ਜਿਸ ਤੇ ਬਹੁ ਸ਼੍ਰਮ ਪਾਇ ਨਹਿਂ, ਨਹਿਂ ਆਤਪ ਜੋਰਾ[2]' ॥੧੯॥
ਸੁਨਿ ਭਗਨੀਸੁਤ[3] ਹੁਕਮ ਕੋ, ਹੁਇ ਤਯਾਰ ਪਯਾਨਾ।
ਸਗਰੋ ਸਿਵਰ ਸੰਭਾਰਿ ਕੈ, ਸੁਧ ਹਿਤ ਸਵਧਾਨਾ।
ਸਨੇ ਸਨੇ ਮਾਰਗ ਪਰਜੋ, ਮਗ ਅਲਪ ਚਲੰਤਾ।
ਉਤਰਹਿ ਹਿਤ ਬਿਸਰਾਮ ਕੇ, ਸੁਧ ਸਭਿਨਿ ਲਹੰਤਾ ॥੨੦॥
ਖਾਨ ਪਾਨ ਪੋਖਨਿ ਕਰਹਿਂ, ਦਿਨ ਹੋਤਿ ਪਯਾਨੇ।
ਕ੍ਰਮ ਕ੍ਰਮ ਕਰਿ ਮਗ ਉਲੰਘ ਕਰਿ, ਪਹੁੰਚੇ ਨਿਜ ਥਾਨੇ।
ਜਥਾ ਜੋਗ ਕਹਿ ਸਭਿਨਿ ਕੌਂ, ਕਰਿਵਾਏ ਡੇਰੇ।
ਨਿਤਪ੍ਰਤਿ ਲੇ ਸੁਧਿ ਸਭਿਨਿ ਕੀ, ਦੇ ਅਨੰਦ ਘਨੇਰੇ ॥੨੧॥
ਸੁਨੋ ਗੁਰੂ ਕੀ ਬਾਰਤਾ, ਤਹਿਂ ਚਢੈਂ ਅਖੇਰਾ।
ਮਨ ਭਾਵਤਿ ਕਾਨਨ ਫਿਰੈਂ ਸੁੰਦਰ ਥਲ ਹੇਰਾ।
ਅਨਿਕ ਮ੍ਰਿਗਨ, ਝੰਖਾਰ ਬਡ, ਗਨ ਸਸੇ ਪ੍ਰਹਾਰੇ।
ਰਾਜਰਿਖੀ ਸਮ ਸਤਿਗੁਰੂ, ਨਿਜ ਧਰਮ ਸੰਭਾਰੇ ॥੨੨॥
ਆਤਪ ਤੀਛਨ ਜਬਿ ਭਈ, ਹਟਿ ਆਇਂ ਸੁ ਡੇਰੇ।
ਬਿਸਰਾਮੇ ਕਰਿ ਖਾਨ ਕੌਂ, ਤਿਮ ਸੁਭਟ ਘਨੇਰੇ।
ਤ੍ਰਿਤੀ ਪਹਿਰ ਸੁੱਖਾ ਛਕਹਿਂ*, ਪੁਨ ਸੌਚਹਿ ਧਾਰਹਿਂ।
ਕਰਿ ਸ਼ਨਾਨ ਤਿਹ ਸਮੈ ਕੋ, ਬੈਠਹਿਂ ਪਰਵਾਰਹਿਂ[4] ॥੨੩॥
ਲਗਤਿ ਸਭਾ ਸਭਿ ਸੁਭਟ ਕੀ, ਸੰਗਤਿ ਜੋ ਆਵੈ।
ਦਰਸਹਿ ਧਰਿ ਕੈ+ ਕਾਮਨਾ, ਬਾਂਛਤਿ ਮਨ ਪਾਵੈਂ।
ਨਿਤਪ੍ਰਤਿ ਨਾਹਣਪਤੀ ਕੌਂ, ਤਬਿ ਦੂਤ ਸੁ ਆਵੈ।
'ਰਾਜਾ ਹਮਰੋ ਮਹਾਰਾਜ! ਬੰਦਨ ਕੌ ਗਾਵੈ ॥੨੪॥
ਐਬੋ ਕੌ ਹੁਇ ਤਯਾਰ ਜਬਿ, ਕਾਰਜ ਪਰਿ ਜਾਈ।
ਪਹੁੰਚੇ ਗੋ ਉਰ ਭਾਵ ਧਰਿ, ਰਾਵਰਿ ਸ਼ਰਣਾਈ।'
ਇਮ ਕਹਿ ਕਰਿ ਬਹੁ ਭਾਂਤਿ ਕੋ, ਪੁਨ ਨਾਹਣ ਜਾਵੈ[5]।

---

[1]ਮੱਲ੍ਹਮ ਪੱਟੀ ਲਾਉਣ ਵਾਲੇ।
[2]ਧੁੱਪ ਦਾ ਜ਼ੋਰ ਨਾਂ (ਸਤਾਵੇ)।
[3]ਭੈਣ ਦੇ ਪੁੱਤ੍ਰ ਭਾਵ ਗੁਰੂ ਜੀ।
*ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
[4]ਭਾਵ ਆਲੇ ਦੁਆਲੇ ਸੰਗਤਾਂ ਦੇ ਵਿਚਕਾਰ।
+ਪਾ:-ਪਰਸੈ।
[5](ਦੂਤ) ਚਲਾ ਜਾਂਦਾ ਹੈ।

ਸ਼ੰਕੈ[੧] ਮੇਦਨਿ ਪ੍ਰਕਾਸ਼ ਬਹੁ, ਨਹਿਂ ਮਿਲਿਬੇ ਆਵੈ ॥੨੫॥
-ਫਤੇਸ਼ਾਹਿ ਤੇ ਆਦਿ ਇਤ, ਗੁਰ ਦ੍ਰੋਹੀ ਸਾਰੇ।
ਭੀਮਚੰਦ ਤੇ ਆਦਿ ਉਤ, ਬੈਰੀ ਰਿਸ ਧਾਰੇ।
ਮੈਂ ਏਕਲ ਗੁਰ ਸੋਂ ਮਿਲੋਂ, ਬਿਦਤੈ ਸਭਿ ਮਾਂਹੀ।
ਸੁਨਿ ਦ੍ਵੈਸ਼ੀ ਮਮ ਹੋਹਿੰਗੇ, ਛਾਨੀ ਰਹਿ ਨਾਂਹੀ ॥੨੬॥
ਜੇ ਨ ਮਿਲੋਂ ਅਬਿ ਜਾਇ ਕੈ, ਟੂਟਹਿ ਗੁਰ ਪ੍ਰੀਤੀ-।
ਇੱਤਜਾਦਿਕ ਸੰਸਾ ਕਰਹਿ ਮਤਿ, ਹੁਇ ਨ ਅਭੀਤੀ[੨]।
ਆਜ ਕਾਲ ਕਰਤੇ ਤਿਸੈ, ਦ੍ਵਾਦਸ਼ ਦਿਨ ਬੀਤੇ।
ਕਹਿ ਕਹਿ ਬਿਨੈ ਪਠਾਵਨੋ ਮਨ ਹੁਇ ਬਿਪਰੀਤੇ ॥੨੭॥
ਬੂਝੇ ਨਿਜ ਪਰਧਾਨ ਸਭਿ 'ਮੈਂ ਕਰਿਹੌਂ ਕੈਸੇ।
ਦੁਹਿ ਦਿਸ਼ਿ ਤੇ ਰਸ ਕੋ ਰਖਹਿਂ, ਕਰੀਅਹਿ ਕੁਛ ਐਸੇ।'
ਤਬਿ ਸਮੁਝਾਯੋ ਡਰਤਿ ਉਰ, 'ਤੁਮ ਮਿਲੌ ਨ ਜਾਈ।
ਪਠਹੁ ਦਿਵਾਨ ਜੁ ਆਪਨੋ, ਭੇਟੈਂ ਸਮੁਦਾਈ[੩] ॥੨੮॥
ਨਤੁ ਰਾਜੇ ਗਿਰਪਤਿ ਸਕਲ, ਤੁਝ ਕੌ ਰਿਪੁ ਜਾਨੈਂ।
ਕਾਰਜ ਦੇਹਿਂ ਬਿਗਾਰ ਕਰਿ, ਲਰਿ ਕੈ ਰਣ ਹਾਨੈਂ।
ਸਭਿ ਭ੍ਰਾਤਨ ਤੇ ਤੁਟਿਬੇ, ਤੁਝ ਨਹਿਂ ਬਨਿ ਆਵੈ।
ਜਥਾ ਬਿਦੇਸ਼ੀ ਗੁਰੂ ਇਮ, ਜਿਤ ਕਿਤ ਚਢਿ ਜਾਵੈ[੪]' ॥੨੯॥
ਇਮ ਸੁਨਿ ਕੈ ਮੰਤ੍ਰੀਨ ਤੇ, ਮਸਲਤ ਠਹਿਰਾਈ।
ਪਠਿ ਵਕੀਲ ਸਤਿਗੁਰੂ, ਢਿਗ ਨਿਜ ਬਾਤ ਸੁਨਾਈ।
ਸੁਨਿ ਕਿਛੁ ਰਿਸ ਧਰਿ ਪ੍ਰਭੁ ਭਨਜੋਂ, 'ਗੀਦੀ ਇਮ ਹੋਵਾ।
ਹਮ ਕੌ ਇਤਿ ਠਹਿਰਾਇ ਕਰਿ, ਪਾਛੈ ਡਰ ਜੋਵਾ ॥੩੦॥
ਨਹਿਂ ਮੇਲਹਿਂ ਪਰਧਾਨ[੫] ਕੌ, ਕਹੁ ਇਤਹੁੰ ਨ ਆਵੈ।
ਪਠਹਿ ਜਿ ਲੂਟਹਿਂ ਸੁਭਟ ਮਮ, ਨਹਿਂ ਕੋ ਅਟਕਾਵੈ।'
ਬਰਜ ਪਠਜੋ ਸੁਨਿ -ਭੀਰੁ ਨ੍ਰਿਪ[੬], ਨਹਿਂ ਧੀਰਜ ਰਾਖੀ।
ਸ਼ੰਕਜੋ ਅਪਰਨਿ ਨ੍ਰਿਪਨਿ ਤੇ, ਨਹਿਂ ਦਰਸ ਭਿਲਾਖੀ- ॥੩੧॥
ਅਲਪ ਗ੍ਰਾਮ ਤਹਿਂ ਦ੍ਵੈ ਬਸਹਿਂ, ਜਿਹ ਠਾਂ ਗੁਰ ਡੇਰਾ।
ਇਕ ਮਹਿਂ ਰੰਘਰ ਰਹਿਤ ਹੈਂ, ਇਕ ਫਕਰਨ ਕੇਰਾ।

---

[੧]ਸੰਗਦਾ ਹੈ।
[੨]ਬੁੱਧੀ ਬਿਨਾ ਡਰ ਦੇ ਨਹੀਂ ਹੁੰਦੀ।
[੩]ਸਾਰੀਆਂ ਭੇਟਾਂ ਜਾ ਦੇਵੇ।
[੪]ਜਿਵੇਂ ਬਿਦੇਸ਼ੀ ਹੁੰਦਾ ਹੈ ਗੁਰੂ ਤਿਵੇਂ ਹੈ ਜਿਧਰ ਕਿਧਰ (ਜੀ ਕੀਤਾ) ਤੁਰ ਪਏ।
[੫]ਮਿਲਾਂਗੇ ਨਹੀਂ ਪਰਧਾਨ ਨੂੰ।
[੬](ਗਲ) ਸੁਣਕੇ ਵਰਜ ਭੇਜਿਆ (ਵਕੀਲ ਨੂੰ ਤੇ ਸਮਝ ਲਿਆ ਕਿ) ਰਾਜਾ ਕਾਇਰ ਹੈ.......।

ਬਨ ਕਰਿ ਤਸਕਰ ਉਸ਼ਟ ਦ੍ਵੈ, ਪ੍ਰਭੁ ਕੇਰ ਚੁਰਾਏ।
ਨਰ ਤਬਿ ਦੋਨਹੁਂ ਗ੍ਰਾਮ ਕੇ, ਗੁਰ ਨਿਕਟ ਬੁਲਾਏ ॥੩੨॥
'ਜੇ ਤੁਮਨੇ ਉਸ਼ਟਰ ਲੀਏ, ਦੀਜੈ ਅਬਿ ਫੇਰੇ।
ਖੋਜਹੁ ਅਪਨੇ ਗ੍ਰਾਮ ਕੌ, ਹੁਇ ਚੋਰ ਬਡੇਰੇ[੧]।'
ਹਾਥ ਜੋਰਿ ਬੋਲੇ ਤਬੈ, 'ਇਤ ਨਹੀਂ ਚੁਰਾਏ।
ਅਪਰ ਚੋਰ[*] ਕੋ ਲੇ ਗਯੋ, ਹਮ ਨਹਿਂ ਦ੍ਰਿਸ਼ਟਾਏ[੨]' ॥੩੩॥
ਜੁਦੇ ਜੁਦੇ ਕਰਿ ਤਿਨਹੁਂ ਕੋ, ਗੁਰ ਬੂਝਨਿ ਕੀਨੇ।
ਨਹੀਂ ਬਤਾਵਹਿਂ ਅੰਧ ਮਤਿ, ਬਡ ਕਪਟ ਪ੍ਰਬੀਨੇ।
ਚਲੇ ਗਏ ਨਿਜ ਘਰਨ ਕੋ, ਤਬਿ ਏਕ ਫਕੀਰਾ।
ਅਪਨਿ ਸਮੀਪ ਹਕਾਰਿ ਕੈ, ਬੋਲੇ ਗੁਰ ਧੀਰਾ ॥੩੪॥
'ਮਾਂਗਨ ਕੇ ਮਿਸ ਕਰਿ ਸਦਨ, ਰੰਘੂਨ ਕੇ ਹੇਰੋ।
ਉਸ਼ਟਰ ਖੋਜਹੁ ਜਾਇ ਕਰਿ, ਆਵਹੁ ਬਿਨ ਦੇਰੋ।'
ਸੁਨਿ ਕਰਿ ਤੂਰਨ ਤਬਿ ਗਯੋ, ਭਿੱਛਯਾ ਹਿਤ ਲੈਬੇ।
ਹੁਤੇ ਸ਼ੁਤਰ[੩] ਤਹਿਂ ਬਰ ਗਯੋ, ਜੁਗ[੪] ਖਰੇ ਦਿਖੈਬੇ[੫] ॥੩੫॥
ਆਇ ਫਕੀਰ ਬਤਾਇ ਦਿਯ, 'ਜੁਗ ਉਸ਼ਟਰ ਠਾਂਵੇ।
ਸ਼ੁਤਰ ਸਦਨ ਮਹਿਂ ਥਿਰ ਕਰੇ, ਬਾਂਧੇ ਤਹਿ ਗਾਵੇ।'
ਬਹੁਰੋ ਲੋਕ ਸੁ ਗ੍ਰਾਮ ਕੇ, ਨਰ ਸਰਬ ਹਕਾਰੇ।
ਤਸਕਰ ਰੰਘਰ ਜਾਨਿ ਕੈ, ਗੁਰ ਬਾਕ ਉਚਾਰੇ ॥੩੬॥
ਨਾਮ ਧਰੇ ਦੁਇ ਗ੍ਰਾਮ ਕੇ, ਇਕ 'ਸ਼ੁਭ' ਇਕ 'ਖੋਟਾ[੬]।
'ਫਕਰਨ' ਕੌ 'ਲਾਹਾ', ਸਦਾ ਰੰਘੂਨ ਕੌ 'ਤੋਟਾ।'
'ਜਾਹੁ ਤੁਰਤ ਹੀ ਆਨੀਏ, ਨਤੁ ਘਰ ਲੁਟ ਜੈ ਹੈਂ।
ਕੂਟਨ ਤਸਕਰ ਤੁਮ ਸਕਲ, ਨਾਂਹਿਤ ਗਹਿ ਲੈ ਹੈਂ[੭]' ॥੩੭॥
ਰੰਘਰ ਡਰ ਧਰਿ ਉਰ ਬਿਖੈ, ਤਤਛਿਨ ਲੇ ਆਏ।
ਉਸ਼ਟਜੋ ਸੌਂਪੇ ਜੋਰਿ ਕਰ, ਪੁਨਿ ਬਹੁ ਘਿਘਿਆਏ।
ਅਬਿ ਲੌ ਦੋਨਹੁਂ ਗ੍ਰਾਮ ਕੌ, ਨਾਮ ਸੁ ਬਿਦਤਾਯੋ।

---

[੧]ਕੁਈ ਵੱਡਾ ਚੋਰ (ਤੁਹਾਡੇ ਵਿਚ ਹੀ) ਹੋਣਾ ਹੈ।
[*]ਪਾ:-ਦੂਰ।
[੨]ਅਸੀਂ ਨਹੀਂ ਦੇਖੇ।
[੩]ਊਠ।
[੪]ਦੋ।
[੫]ਦੇਖੇ।
[੬](ਫਕੀਰਾਂ) ਦਾ ਸ਼ੁਭ ਤੇ (ਰੰਘਰਾਂ ਦਾ) ਖੋਟਾ।
[੭]ਹੇ ਕੁੱਟਣੋਂ ਤੁਸੀਂ ਸਾਰੇ ਚੋਰ ਹੋ (ਛੇਤੀ ਲਿਆਓ ਊਠ) ਨਹੀਂ ਤਾਂ ਫੜ ਲਵਾਂਗੇ ਸਭ ਨੂੰ।

ਫਕਰਨ ਕੋ 'ਲਾਹਾ' ਘਨੋ+, ਸਭਿਹਿਨਿ ਸੁਖ ਪਾਯੋ ॥੩੮॥
'ਟੋਟਾ' ਰੰਘਰ ਗ੍ਰਾਮ ਕੋ ਕਰਿ ਨਾਮ ਉਚਾਰੇ।
ਦਾਰਿਦ ਜਿਨ ਕੇ ਘਰ ਬਿਖੈ, ਹੁਇ ਅਲਪ ਅਹਾਰੇ।
ਸਤਿਗੁਰ ਕੋ ਜਿਮ ਬਾਕ ਹੁਇ, ਨਹਿਂ ਨਿਸ਼ਫਲ ਜਾਈ।
ਚਹਜੋ ਚਢਨ ਪੁਰਿ ਅਨੰਦ[1] ਕੋ, ਤਹਿਂ ਤੇ ਸੁਖਦਾਈ ॥੩੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਾਹਿਣੇਸ਼' ਪ੍ਰਸੰਗ ਬਰਨਨੰ ਨਾਮ ਤ੍ਰੈ ਤ੍ਰਿੰਸਤੀ ਅੰਸੂ ॥੩੩॥

{ਵਿਸ਼ੇਸ਼ ਟੂਕ} ਹਰ ਤੂਫਾਨ ਦੇ ਬਾਦ ਟਿਕਾਉ ਆਉਂਦਾ ਹੈ ਤੇ ਇਸੇ ਤਰ੍ਹਾਂ ਹਰ ਲੜਾਈ ਦੇ ਬਾਦ ਸ਼ਾਂਤੀ ਸੁਲਹ ਦਾ ਅਵਸਰ ਬਣਦਾ ਹੈ। ਭੰਗਣਾ ਦੇ ਜੁੱਧ ਬਾਦ ਬੀ ਐਸਾ ਹੀ ਹੋਇਆ ਹੈ। ਗੋ ਗੁਰ ਪ੍ਰਤਾਪ ਸੂਰਜ ਵਿਚ ਲਿਖਿਆ ਹੈ (ਦੇਖੋ ਇਸੇ ਰੁਤ ਦਾ ਅੰਸੂ ੩੬, ੩੭ ਕਿ ਇਹ ਅਵਸਰ ਗੁਰੂ ਜੀ ਦੇ ਅਨੰਦਪੁਰ ਪਹੁੰਚਣ ਤੋਂ ਮਗਰੋਂ ਤੇ ਫੇਰ ਨਵੇਂ ਸਿਰੇ ਰਾਜੇ ਦੇ ਰਾਜ ਵਿਚ ਮਾਰੇ ਬਕਾਰੇ ਕਰਦੇ ਰਹਿਣ ਤੋਂ ਆਯਾ ਤੇ ਰਾਜੇ ਨੇ ਤੰਗ ਆਕੇ ਸੁਲਹ ਦੀ ਪੇਸ਼ਕਦਮੀ ਕੀਤੀ ਤੇ ਸੁਲਹ ਹੋਈ। ਹਰ ਹਾਲ ਸੁਲਹ ਦਾ ਸਮਾਂ ਆਇਆ। ਇਤਿਹਾਸਕ ਖੋਜ ਇਸ ਬਾਰੇ ਹੋਰ ਹੋਣੀ ਚਾਹੀਦੀ ਹੈ। ਤਾਂ ਜੋ ਠੀਕ ਵਾਕਿਆ ਦਾ ਪਤਾ ਲੱਗ ਸਕੇ ਕਿ ਸੁਲਹ ਕਿਥੇ ਹੋਈ। ਕਿਉਂਕਿ ਮੌਜੂਦਾ ਸਾਮਾਨ ਤੋਂ ਇਹ ਸੰਭਾਵਨਾ ਹੁੰਦੀ ਹੈ ਕਿ ਇਹ ਅਵਸਰ ਜੁੱਧ ਦੇ ਬਾਦ ਭੰਗਾਣੀ-ਪਾਂਵਟੇ ਹੀ ਆ ਗਿਆ ਸੀ*। ਪਰ ਜੈਸਾ ਕਿ ਗੁ: ਪ੍ਰ: ਸੂ: ਵਿਚ ਲਿਖਿਆ ਹੈ ਕਿ ਸੁਲਹ ਦਾ ਹੋਣਾ ਅਨੰਦਪੁਰ ਜਾਕੇ ਹੋਇਆ ਹੈ ਮੰਨ ਲਈਏ ਤਾਂ ਬੀ ਹੱਲੇ ਗੁੱਲੇ ਮਚਾਉਣ ਦੇ ਨਤੀਜੇ ਵਿਚ ਹੀ ਹੋਇਆ ਹੈ, ਗੋਯਾ ਸੁਲਹ ਮਾਰੇ ਬਕਾਰੇ ਲੜਾਈ ਕਰਨ ਨਾਲ ਹੀ ਹੋਈ। ਜੇ ਖਿਆਲ ਕਰੀਏ ਕਿ ਸੁਲਹ ਭੰਗਾਣੀ ਹੋਈ ਤਾਂ ਬੀ ਜੁੱਧ ਦੇ ਨਤੀਜੇ ਵਿਚ ਹੀ ਹੋਈ। ਦੋਹਾਂ ਹਾਲਤਾਂ ਵਿਚ ਲੜਾਈ ਦਾ ਅੰਤ ਹੀ ਸੁਲਹ ਹੋਇਆ ਹੈ। ਅਨੰਦਪੁਰ ਵਿਚ ਕੇਵਲ ਪਰਜਾ ਨੂੰ ਘਾਹ ਰਸਦ ਆਦਿ ਦੇਣ ਲਈ ਮਾਰੇ ਬਕਾਰੇ ਕਰਨ ਪਰ ਅਤੇ ਭੰਗਾਣੀ ਪੂਰਨ ਕਾਮਯਾਬੀ ਤੇ ਰਾਜਿਆਂ ਨੂੰ ਸ਼ਿਕਸਤ ਫਾਸ਼ ਦੇਣੇ ਪਰ। ਸੋ ਭੰਗਾਣੀ ਵਾਲਾ ਅਵਸਰ ਨੀਤੀ ਦੇ ਨੁਕਤੇ ਤੋਂ ਬੀ ਤੇ ਇਖ਼ਲਾਕ ਦੇ ਨੁਕਤੇ ਤੋਂ ਬੀ ਵਧੇਰੇ ਢੁਕਾਉ ਖਾਂਦਾ ਹੈ। ਜਦ ਗੁਰੂ ਜੀ ਪਾਂਵਟੇ ਨਹੀਂ ਆਏ ਸਨ ਤਾਂ ਭੀਮਚੰਦ ਗੁਰੂ ਜੀ ਦਾ ਅਨੰਦਪੁਰ ਰਹਿਣਾ ਆਪਣੀ ਰਈਅਤ ਦੀ ਹੈਸੀਅਤ ਵਿਚ ਮੰਨਦਾ ਸੀ ਤੇ ਉਨ੍ਹਾਂ ਤੋਂ ਉਹ ਮੰਗਾਂ ਕਰਦਾ ਸੀ ਜੋ ਇਕ ਜਾਬਰ ਰਾਜਾ ਆਪਣੀ ਦਬੇਲ ਪਰਜਾ ਤੋਂ ਕਰਦਾ ਹੈ। ਪਰ ਗੁਰੂ ਜੀ ਅਨੰਦਪੁਰ ਆਪਣੀ ਜ਼ਰਖਰੀਦ ਜਾਇਦਾਦ ਦੇ ਮਾਲਕ ਸਨ ਤੇ ਪਿਛਲੇ ਰਾਜੇ ਤੋਂ ਖਰੀਦ ਵੇਲੇ ਦੇ ਹੋਏ ਅਹਿਦ ਪਰ, ਕਿ ਗੁਰੂ ਜੀ ਸੁਤੰਤ੍ਰ ਮਾਲਕ ਹੋਣਗੇ ਤੇ ਕੋਈ ਕਰ ਮਸੂਲ ਨਜ਼ਰ ਭੇਟ ਰਾਜਸੀ ਦੇ ਦੇਣਹਾਰ ਨਹੀਂ ਹੋਣਗੇ, ਨਿਜ ਨੂੰ ਸੁਤੰਤ੍ਰ ਮੰਨਦੇ ਸੇ। ਪਿਛੇ ਹਾਲ ਆ ਚੁੱਕੇ ਹਨ ਜਿਨ੍ਹਾਂ ਕਰਕੇ ਗੁਰੂ ਜੀ ਅਨੰਦਪੁਰ ਛੋੜਕੇ ਪਾਉਂਟੇ ਆ ਟਿਕੇ ਸਨ। ਏਥੇ ਆਕੇ ਆਪਣੀ ਫੌਜੀ

+ਪਾ:-ਅਹੈ।

[1]ਅਨੰਦ ਪੁਰ ਨੂੰ।

ਤਾਕਤ ਗੁਰੂ ਜੀ ਨੇ ਬਹੁਤ ਵਧਾ ਲਈ ਸੀ। ਏਥੇ ਟਿਕਿਆਂ ਜਦੋਂ ਸ੍ਰੀ ਨਗਰ ਦਾ ਰਸਤਾ ਮੰਗਣ ਵਾਸਤੇ ਭੀਮ ਚੰਦ ਦਾ ਵਜ਼ੀਰ ਆਇਆ ਹੈ ਤਾਂ ਉਸ ਨੇ ਕਿਹਾ ਕਿ ਤੁਸੀਂ ਅਨੰਦਪੁਰ ਚੱਲ ਰਹੋ ਤਾਂ ਗੁਰੂ ਜੀ ਨੇ ਕਿਹਾ ਹੈ ਕਿ ਹਾਂ ਅਸੀਂ ਚਲਾਂਗੇ, ਪਰ ਤੇਰੇ ਰਾਜੇ ਨੂੰ ਜਿੱਤਕੇ। ਇਸ ਕਹਿਣ ਵਿਚ ਬੀ ਇਹੋ ਬੂ ਹੈ ਕਿ ਅਸੀਂ ਜਦੋਂ ਬਾਹੂ ਬਲ ਨਾਲ ਰਾਜੇ ਨੂੰ ਪ੍ਰਾਜੈ ਕਰਕੇ ਆਪਣਾ ਹੱਕ ਮੰਨਵਾ ਸਕਾਂਗੇ ਤਦੋਂ ਹੀ ਚੱਲਾਂਗੇ। ਹੁਣ ਜਦੋਂ ਭੰਗਾਣੀ ਦੇ ਜੁੱਧ ਪਰ ਗੁਰੂ ਜੀ ਦੀ ਨਿਰਵਿਵਾਦ ਫਤੇ ਹੋ ਗਈ ਹੈ ਤੇ ਰਾਜੇ ਮੈਦਾਨ ਛੱਡਕੇ ਜਮਨਾ ਦੇ ਉਸ ਪਾਰ ਜਾ ਖੜੋਤੇ ਹਨ ਤੇ ਸਭਨਾਂ ਨੇ ਘਰੀਂ ਜਾਣਾ ਹੈ ਤੇ ਜੰਞ ਡੋਲਾ ਬੀ ਲਿਜਾਣਾ ਹੈ ਤੇ ਮਰਿਆਂ ਦੇ ਸਸਕਾਰ ਬੀ ਕਰਨੇ ਹਨ ਤਾਂ ਮਸਲਿਹਤ ਵਕਤ ਹੈ ਕਿ ਰਾਜੇ ਸੁਲਹ ਕਰਨ, ਤੇ ਇਹ ਮਨੋਰਥ ਪੂਰੇ ਕਰਨ। ਇਧਰ ਗੁਰੂ ਜੀ ਨੂੰ ਫਤੇਮਾਨ ਹੋਕੇ ਅਵਸਰ ਹੈ ਆਪਣੀ ਗੱਲ ਨੂੰ ਮਨਾ ਲੈਣ ਦਾ. ਤਾਕਿ ਇਖ਼ਲਾਕੀ ਤੌਰ ਤੇ ਉਨ੍ਹਾਂ ਦਾ ਅਨੰਦਪੁਰ ਵਿਚ ਸੁਤੰਤ੍ਰ ਰਹਿਣਾ ਬਿਨਾਂ ਕਿਸੇ ਕਰ ਹੇਠ ਆਏ ਦੇ, ਅਤੇ ਬਨਾਂ ਦੇ ਸ਼ਿਕਾਰ ਦੀ ਖੁੱਲ੍ਹ ਦੇ, ਜੋ ਉਨ੍ਹਾਂ ਦਾ ਹੱਕ ਹੈਸੀ ਮੁੜ ਤਸਲੀਮ ਹੋ ਜਾਏ ਤੇ ਰਸਦ ਤੇ ਘਾਹ ਆਦਿ ਗਿਰਾਵਾਂ ਤੋਂ ਲੈ ਸਕਣ ਵਿਚ ਉਨ੍ਹਾਂ ਨੂੰ ਰੋਕ ਨਾ ਪਿਆ ਕਰੇ। ਜੇ ਗੁਰੂ ਜੀ ਨੇ ਅਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਇਹ ਗੱਲਾਂ ਮਨਾਉਣੀਆਂ ਸਨ ਤਾਂ ਦੁਸ਼ਮਨ ਨੂੰ ਸ਼ਿਕਸਤ ਫਾਸ਼ ਦੇਕੇ ਮਨਾ ਲੈਣ ਦਾ ਮੌਕਾ ਹਥੋਂ ਗੁਵਾ ਲੈਣਾ ਕਿਵੇਂ ਜੋਗ ਸੀ? ਆਖਰ ਅਨੰਦਪੁਰ ਜਾਕੇ ਮੁੜ ਹੱਲੇ ਗੁੱਲੇ ਕਰਕੇ ਰਾਜੇ ਤੋਂ ਇਸੀ ਪ੍ਰਕਾਰ ਦੀਆਂ ਗੱਲਾਂ ਹੀ ਤਾਂ ਮਨਾਈਆਂ ਹਨ। ਰਾਜਿਆਂ ਨੂੰ ਹਾਰ ਦੇਕੇ ਲਾਭ ਨਾ ਉਠਾਉਣਾ ਤੇ ਪਰਜਾ ਪਰ ਧੱਕਾ ਕਰਕੇ ਰਾਜੇ ਨੂੰ ਸੁਲਹ ਲਈ ਮਜਬੂਰ ਕਰਨਾ ਗੁਰੂ ਸਾਹਿਬ ਦੀ ਗੁਰਿਆਈ, ਅਲੂਹੀਅਤ ਤੇ ਇਖ਼ਲਾਕ ਨੂੰ ਸ਼ੋਭਨੀਕ ਨਹੀਂ। ਨਾ ਹੀ ਨੀਤੀ ਦੇ ਨੁਕਤੇ ਤੋਂ ਹੀ ਠੀਕ ਢੁਕਦਾ ਦਿੱਸਦਾ ਹੈ। ਫਿਰ ਜੈਸਾ ਕਿ ਉੱਪਰ ਦੱਸ ਆਏ ਹਾਂ ਕਿ ਭੰਗਾਣੀ ਦੀ ਹਾਰ ਹੋਣ ਪਰ ਰਾਜਿਆਂ ਨੂੰ ਉਸ ਵਕਤ ਦੀਆਂ ਲੋੜਾਂ ਕਰਕੇ ਗੌਂ ਹੈਸੀ ਸੁਲਹ ਲਈ ਕੋਸ਼ਸ਼ ਕਰਨ ਦੀ। ਉਨ੍ਹਾਂ ਨੇ ਘਰੀਂ ਜਾਣਾ ਹੈ, ਜੰਞ ਡੋਲਾ ਲਿਜਾਣਾ ਹੈ, ਜੋ ਠਾਕੁਰ ਤੇ ਰਾਜੇ ਰਾਣੇ ਮਾਰੇ ਗਏ ਹਨ, ਗੁਰੂ ਜੀ ਤੋਂ ਲੈਣੇ ਹਨ ਤੇ ਸਸਕਾਰਨੇ ਹਨ। ਸਾਨੂੰ ਮੁੱਦਤ ਹੋਈ ਹੈ ਕਿ ਜਦੋਂ ਭੰਗਾਣੀ ਗਏ ਸਾਂ ਤੇ ਸਾਰੇ ਥਾਂ ਆਪ ਦੇਖੇ ਤੇ ਤਦੋਂ ਤਕ ਯਾਦ ਰਹੇ ਜ਼ਬਾਨੀ ਹਾਲ ਲੋਕਾਂ ਤੋਂ ਸੁਣੇ ਸਨ ਤਾਂ ਖਿਆਲ ਪੈਂਦਾ ਹੈ ਕਿ ਤਦੋਂ ਪਤਾ ਲਗਾ ਸੀ ਜੋ ਰਾਜਿਆਂ ਰਾਣੀਆਂ ਨੇ ਹਰੀਚੰਦ ਤੇ ਹੋਰ ਠਾਕੁਰਾਂ ਦੀਆਂ ਲਾਸ਼ਾਂ ਮੰਗੀਆਂ ਸਨ ਤੇ ਗੁਰੂ ਜੀ ਨੇ ਦਿੱਤੀਆਂ ਸਨ। ਫਿਰ ਰਸਤਾ ਬੀ ਜ਼ਰੂਰ ਮੰਗਿਆ ਹੋਊ। ਇਸ ਆਰਜ਼ੀ ਲੋੜ ਦੇ ਨਾਲ ਭੀਮਚੰਦ ਨੇ ਇਹ ਪੱਕੀ ਲੋੜ ਬੀ ਦੇਖ ਲਈ ਕਿ ਗੁਰੂ ਬਲਵਾਨ ਹੈ, ਇਹ ਮਿੱਤ੍ਰ ਹੋਕੇ ਭਾਰੀ ਕੁਮਕ ਹੈ ਤੇ ਸ਼ੱਤ੍ਰੂ ਰਹੇ ਤਾਂ ਘਾਟਾ ਹੈ। ਇਸ ਦਾ ਸਬੂਤ ਇਹ ਪੱਕਾ ਹੈ ਕਿ ਥੋੜੇ ਹੀ ਚਿਰ ਬਾਦ ਨਦੌਨ ਦੇ ਜੁੱਧ ਵਾਸਤੇ ਭੀਮਚੰਦ ਗੁਰੂ ਜੀ ਨੂੰ ਆਪਣੀ ਕੁਮਕ ਤੇ ਲੈ ਜਾਂਦਾ ਹੈ ਤੇ ਗੁਰੂ ਜੀ ਜਾਂਦੇ ਹਨ ਤੇ ਫਤੇ ਹੁੰਦੀ ਹੈ। ਇਸ ਤਰ੍ਹਾਂ ਦੀ ਦੂਰਦਰਸ਼ਤਾ ਵਾਲੀਆਂ ਤੇ ਸਮੇਂ ਦੀਆਂ ਦੋ ਤਰ੍ਹਾਂ ਦੀਆਂ ਜ਼ਰੂਰਤਾਂ ਨੂੰ ਵਿਚਾਰ ਕੇ ਭੀਮ ਚੰਦ ਨੂੰ ਉਸੇ ਵੇਲੇ ਸੁਲਹ ਕਰਨ ਦੀ ਲੋੜ ਵਧੇਰੇ ਸੰਭਵ ਹੈ। ਵਜ਼ੀਰ

ਦਾ ਆਉਣ ਜਾਣ ਗੁਰੂ ਜੀ ਪਾਸ ਹੈਗਾ ਹੀ ਸੀ, ਇਸ ਕਰਕੇ ਫੌਰਨ ਉਸ ਦੀ ਰਾਹੀਂ ਗੱਲ ਬਾਤ ਹੋ ਜਾਣੀ ਕਠਨ ਨਹੀਂ ਸੀ। ਜੇ ਅਸੀਂ ਭੀਮ ਚੰਦ ਦਾ ਸੁਭਾਵ ਦੇਖੀਏ ਤਾਂ ਉਹ ਸੁਲਹ ਲਈ ਉਤਾਵਲਾ ਲੱਭਦਾ ਹੈ। ਭਲਾ ਹਾਰ ਖਾ ਕੇ ਤਾਂ ਹੁੰਦਾ ਹੈ ਜਿੱਤਕੇ ਵੀ ਉਹ ਚੱਟਪੱਟ ਸੁਲਹ ਵਲ ਦੌੜਦਾ ਹੈ। ਨਾਦੌਣ ਜੰਗ ਵਿਚ ਫਤੇ ਪਾਕੇ ਬਹੁਤ ਛੇਤੀ ਤੇ ਸਤਿਗੁਰ ਤੋਂ ਚੋਰੀ ਉਹ ਕਟੋਚ ਦੀ ਮਾਰਫਤ ਅਲਫਖਾਂ ਨਾਲ ਸੁਲਹ ਕਰਦਾ ਹੈ। ਦੇਖੋ ਇਸੇ ਰੁਤ ਦਾ ਅੰਸੂ ੪੪ ਅੰਕ ੬ ਤੋਂ ੧੨। ਇਸ ਤੋਂ ਵੀ ਸੰਭਾਵਨਾ ਹੁੰਦੀ ਹੈ ਕਿ ਭੰਗਾਣੀ ਹਾਰ ਖਾਕੇ ਬੀ ਸੁਲਹ ਵਿਚ ਦੇਰ ਪਾਉਣੀ ਉਸ ਦੇ ਸੁਭਾਵ ਵਿਰੁੱਧ ਹੈ।

ਹੁਣ ਜੇ ਅਸੀਂ ਅਨੰਦਪੁਰ ਜਾਕੇ ਪ੍ਰਜਾ ਉਤੇ ਹੱਲੇ ਗੁੱਲੇ ਧਾਵੇ ਕਰਕੇ ਊਧਮ ਮਚਾਉਣ ਨੂੰ ਸੁਲਹ ਦਾ ਕਾਰਨ ਮੰਨ ਲਈਏ ਤਾਂ ਗੁ: ਪ੍ਰ: ਸੂ: ਵਿਚ ਹੀ ਗੁਰੂ ਸਾਹਿਬ ਜੀ ਦੀ ਆਪਣੀ ਜ਼ਬਾਨੀ ਉਸ ਦੀ ਤਰਦੀਦ ਹੋ ਜਾਂਦੀ ਹੈ। ਜੈਸਾ ਕਿ ਜਦ ਪ੍ਰਜਾ ਦੇ ਸਤਾਏ ਜਾਣ ਦੇ ਬਾਦ ਵਜ਼ੀਰ ਗੁਰੂ ਸਾਹਿਬ ਪਾਸ ਆਉਂਦਾ ਹੈ ਤੇ ਸ਼ਿਕਾਇਤਾਂ ਕਰਦਾ ਹੈ ਤਾਂ ਗੁਰੂ ਜੀ ਆਖਦੇ ਹਨ:-

ਕਹਾਂ ਬਿਗਰਾਯੋ, ਕੋ ਦੁਰਗ ਨਹਿਂ ਛੀਨ ਲੀਯੋ,
ਗ੍ਰਾਮਹੂੰ ਨ ਲੂਟਯੋ ਕੋਈ, ਲੀਨ ਕਹਾਂ ਥਿਤ ਹੈ?
ਪੰਥ ਨੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ,
ਕੌਨ ਸੋ ਬਿਗਾਰ ਕੀਨ, ਜਾਂਤੇ ਦੁਖ ਚਿਤ ਹੈ?
ਭੀਮਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ,
ਨਾਲਬੰਦੀ ਆਦਿ ਧਨ ਕੁਛ ਨ ਪੁਚਾਯੋ ਹੈ।
ਰਹੋ ਨਿਜ ਦੇਸ਼, ਕਰੋ ਰਾਜ ਕੋ ਅਸ਼ੇਸ਼ ਬੈਠਿ,
ਹਮਰੋ ਨ ਦ੍ਵੈਸ਼ ਨਹਿਂ ਕਾਜ ਬਿਗਰਾਯੋ ਹੈ।

[ਰੁਤ ੨ ਅੰਸੂ ੩੬ ਅੰਕ ੨੩-੨੪]

ਇਸ ਤੋਂ ਸਪੱਸ਼ਟ ਹੋ ਗਿਆ ਕਿ ਸਿੱਖਾਂ ਨੇ ਰਾਜੇ ਦੇ ਕਿਸੇ ਕਿਲੇ ਤੇ ਧਾਵਾ ਨਹੀਂ ਕੀਤਾ, ਪਿੰਡ ਨਹੀਂ ਕੋਈ ਮਾਰਿਆ, ਧਨ ਨਹੀਂ ਲੁੱਟਿਆ, ਵਪਾਰੀਆਂ ਮੁਸਾਫਰਾਂ ਦਾ ਰਾਹ ਨਹੀਂ ਰੋਕਿਆ, ਖੇਤੀਆਂ ਨਹੀਂ ਵਿਗਾੜੀਆਂ। ਜਦ ਏਹ ਗੱਲਾਂ ਕੋਈ ਨਹੀਂ ਹੋਈਆਂ, ਹੱਲਾਗੁੱਲਾਂ, ਹਮਲਾ, ਧਾਵਾ ਯਾ Raid ਕਿਸ ਗੱਲ ਨੂੰ ਕਿਹਾ ਜਾ ਸਕਦਾ ਹੈ ਜਿਸ ਤੋਂ ਡਰਕੇ ਰਾਜਾ ਸੁਲਹ ਕਰਦਾ ਹੈ। ਸਿਰਫ ਜੰਗਲ ਵਿਚ ਸ਼ਿਕਾਰ ਕਰਨ ਆਉਣਾ ਤੇ ਘਾਸ ਯਾ ਬੱਕਰੇ ਲੈਣਾ ਇੰਨੀ ਗਲ ਤੋਂ ਰਾਜਾ ਦੀਨ ਹੋਕੇ ਆਪਣੇ ਵਜ਼ੀਰ ਨੂੰ ਸੁਲਹ ਲਈ ਯਾਚਨਾ ਕਰਨ ਘੱਲਦਾ ਹੈ? ਇਹ ਕੁਛ ਬੜੀ ਦਲੀਲ ਨਹੀਂ ਜਾਪਦੀ। ਫਿਰ ਅਗ਼ਲਬ ਨਹੀਂ ਜਾਪਦਾ ਕਿ ਜਿਹੜੇ ਗੁਰੂ ਜੀ ਮਹਾਂਭਾਰਥ ਦੇ ਇਕ ਪਰਬ ਦੇ ਟੀਕਾਕਾਰ ਨੂੰ ਸੱਠ ਹਜ਼ਾਰ ਰੁੱਪਯਾ ਇਨਾਮ ਦੇ ਦੇਂਦੇ ਹਨ, ਓਹ ਬਿਨਾਂ ਮੁੱਲ ਦਿੱਤੇ ਕੁਝ ਖੋਹਕੇ ਲੈਂਦੇ ਹੋਣ, ਤੇ ਨਾਹੀਂ ਉਹਨਾਂ ਦੀ ਧਰਮ ਅਵਤਾਰਤਾ ਤੋਂ ਅਤੇ ਉਹਨਾਂ ਦੀ ਨੀਤੀ ਨਿਪੁਨਤਾ ਤੋਂ ਅਗ਼ਲਬ ਜਾਪਦਾ ਹੈ ਕਿ ਸਿਖ ਘਾਹ ਤੇ ਬੱਕਰੇ ਕੀਮਤ ਪੇਸ਼ ਕੀਤੇ ਬਿਨਾਂ ਲੈਂਦੇ ਹੋਣਗੇ। ਇਨ੍ਹਾਂ ਸਾਰੀਆਂ ਗੱਲਾਂ ਦੇ ਵਿਚਾਰ ਕਰਨ ਤੋਂ ਪ੍ਰਜਾ ਉੱਤੇ ਹੱਲੇ ਕਰਨ ਦੀ ਗੱਲ ਲੇਖਕਾਂ ਦੇ ਆਪਣੇ ਲਿਖੇ ਤੋਂ ਰੱਦ ਹੋ ਜਾਂਦੀ ਹੈ। ਜਦ ਕਿ ਗੁਰੂ ਜੀ ਅਖੀਰ ਵਿਚ ਕਹਿ ਦੇਂਦੇ ਹਨ ਕਿ ਰਾਜਾ ਆਪਣੇ ਰਾਜ ਵਿਚ ਬੈਠਾ

ਰਾਜ ਕਰੇ, ਸਾਡਾ ਕੋਈ ਦ੍ਵੈਸ਼ ਨਹੀਂ ਤੇ ਨਾ ਹੀ ਅਸਾਂ ਉਸ ਦਾ ਕੋਈ ਕੰਮ ਵਿਗਾੜਿਆ ਹੈ। ਸੋ ਅਨੰਦਪੁਰ ਆਕੇ ਹੱਲੇ ਗੁੱਲੇ ਨੂੰ ਕਾਰਨ ਮੰਨਣਾ ਆਪੇ ਹੀ ਰੱਦ ਹੋ ਗਿਆ, ਜਿਸ ਤੋਂ ਸੰਭਾਵਨਾ ਭੰਗਾਣੀ ਯੁੱਧ ਦੇ ਅੰਤ ਪਰ ਸੁਲਹ ਹੋਈ ਵਲ ਲੈ ਜਾਂਦੀ ਹੈ। ਇਕ ਫਿਕਰਾ ਇਸੇ ਉਪਰਲੇ ਕਵਜੋਕਤ ਗੁਰੂ ਵਾਕ ਵਿੱਚ ਹੋਰ ਪਿਆ ਹੈ ਜਿਸਦੇ ਅਰਥ ਗਿਆਨੀਆਂ ਨੂੰ ਸੰਦਿਗਧ ਰਹਿੰਦੇ ਸਨ, ਪਰ ਜਿਸ ਅਰਥ ਨੂੰ ਫਾਰਸੀ ਅਰਬੀ ਦੇ ਕੋਸ਼ਾਂ ਨੇ ਸਾਫ ਕਰ ਦਿੱਤਾ ਹੈ। ਉਹ ਫਿਕਰਾ ਇਹ ਹੈ ਜੋ ਕਵੀ ਜੀ ਗੁਰੂ ਜੀ ਦੀ ਜ਼ੁਬਾਨੀ ਲਿਖਦੇ ਹਨ:-

'ਭੀਮ ਚੰਦ ਭੂਪ ਨੇ ਤੁਰੰਗਮ ਨ ਦੀਨ ਕੋਈ ਨਾਲ ਬੰਦੀ ਆਦਿ ਧਨ ਕਛੂ ਨ ਪੁਚਾਯੋ ਹੈ।'

ਕਿ ਰਾਜੇ ਨੇ ਘੋੜੇ ਬੀ ਕੋਈ ਨਹੀਂ ਘੱਲੇ ਤੇ ਨਾਲਬੰਦੀ ਦਾ ਧਨ ਬੀ ਨਹੀ ਪੁਚਾਇਆ। 'ਨਾਅਲ ਬਹਾ' ਯਾ 'ਨਾਅਲ ਬੰਦੀ ਦਾ ਧਨ' ਉਹ ਹੈ ਜੇ ਕੋਈ ਛੋਟਾ ਰਾਜਾ ਵਡੇ ਨੂੰ ਇਕ ਪ੍ਰਕਾਰ ਦੇ ਹਲਕੇ ਕਰ (ਖਿਰਾਜ) ਵਜੋਂ ਦੇਂਦਾ ਹੈ ਅਤੇ ਕਦੇ ਕਿਸੇ ਸਾਹਬੇ ਫੌਜ ਨੂੰ ਆਪਣੇ ਬਚਾਉ ਲਈ ਥੋੜਾ ਧਨ ਦੇਕੇ ਸੁਲਹ ਕਰ ਲੈਣ ਦੇ ਅਰਥ ਬੀ ਰਖਦਾ ਹੈ। ਸੋ ਸੰਭਾਵਨਾ ਹੋ ਸਕਦੀ ਹੈ ਕਿ ਭੰਗਾਣੀ ਦੀ ਹਾਰ ਪਰ ਰਾਜੇ ਨੇ ਕੁਛ ਘੋੜੇ ਤੇ ਕੁਛ ਜੰਗ ਦੇ ਖਰਚ ਵਜੋਂ ਧਨ ਦੇਣਾ ਬੀ ਮੰਨਿਆ ਹੋਵੇ, ਜਿਸ ਦਾ ਜ਼ਿਕਰ ਗੁਰੂ ਜੀ ਇਸੇ ਫਿਕਰੇ ਵਿਚ (ਨਾਅਲ ਬੰਦੀ ਦਾ ਧਨ ਕਹਿਕੇ) ਕਰਦੇ ਹੋਏ ਆਪਣੀ ਸੁਲਹ ਕੁੱਲੀ ਦਾ ਸਬੂਤ ਅਗਲੀ ਸਤਰ ਵਿਚ ਦੇਂਦੇ ਹਨ ਕਿ ਸਾਡਾ ਫਿਰ ਬੀ ਕੋਈ ਦ੍ਵੈਸ਼ ਨਹੀਂ, ਰਾਜਾ ਅੰਮੀ ਜੰਮੀ ਰਾਜ ਪਿਆ ਕਰੇ।

ਜੰਗ ਦੇ ਮਗਰੋਂ ਗੁਰੂ ਜੀ ਪਾਂਵਟੇ ਤੋਂ ਛੇਤੀ ਟੁਰ ਪਏ। ਆਪ ਬੀ ਗੁਰੂ ਜੀ ਕਹਿੰਦੇ ਹਨ ਕਿ ਜੁੱਧ ਦੇ ਮਗਰੋਂ ਪਾਉਂਟੇ ਟਿਕ ਕੇ ਰਹਿਣਾ ਨਾ ਹੋ ਸਕਿਆ, ਅਨੰਦਪੁਰ ਆ ਗਏ ਤੇ ਉਸ ਨੂੰ ਬੱਧਾ। ਇਹ ਕਾਹਲੀ ਇਸ ਗੱਲ ਦੀ ਸੂਚਕ ਹੈ ਕਿ ਰਾਜਿਆਂ ਦੇ ਆਪੋ ਆਪਣੇ ਰਾਜਾਂ ਵਿਚ ਪਹੁੰਚ ਨਵੀਆਂ ਗੋਦਾਂ ਗੁੰਦ ਕੇ ਮੁੜ ਕੋਈ ਸੰਗਮ ਬਣਾ ਲੈਣ ਤੋਂ ਪਹਿਲਾਂ ਪਹਿਲਾਂ ਗੁਰੂ ਜੀ ਅਨੰਦ ਪੁਰ ਪਹੁੰਚ ਕੇ ਕਬਜ਼ਾ ਕਰ ਲੈਣਾ ਚੰਗਾ ਸਮਝਦੇ ਸਨ, ਕਿਉਂਕਿ ਰਾਜਿਆਂ ਦੀ ਸੁਲਹ ਤਾਂ ਸਮੇਂ ਦਾ ਨਿਬਾਹ ਹੁੰਦਾ ਹੈ, ਉਹਨਾਂ ਦੀ ਸੁਲਹ ਕਦੇ ਪ੍ਰੇਮ ਨਹੀਂ ਹੋਇਆ। ਭੰਗਾਣੀ ਤੇ ਜੇ ਕੋਈ ਅਹਿਦ ਹੋਇਆ ਤਾਂ ਬਲ ਪਾਕੇ ਰਾਜਿਆਂ ਦਾ ਤੋੜਨਾ ਮਾਮੂਲੀ ਗਲ ਸੀ। ਅਨੰਦਪੁਰ ਅੱਪੜ ਕੇ ਹੋਈ ਦੱਸੀ ਜਾ ਰਹੀ ਸੁਲਹ ਦੇ ਬਾਦ, ਨਾਦੌਨ ਜੁੱਧ ਵਿਚ ਅਮਲੀ ਮਦਦ ਲੈ ਚੁੱਕਣ ਦੇ ਬਾਵਜੂਦ, ਹੁਸੈਨ ਖਾਂ ਦੇ ਹੱਲੇ ਵੇਲੇ ਰਾਜੇ ਗੁਰੂ ਜੀ ਦੇ ਵਿਰੁੱਧ ਹੁਸੈਨ ਨਾਲ ਰਲ ਗਏ ਸਨ। ਸੋ ਜੇ ਕੋਈ ਅਹਿਦ ਭੰਗਾਣੀ ਹੋਇਆ ਤਾਂ ਬਾਵਜੂਦ ਉਸ ਦੇ ਹੋਣ ਦੇ ਗੁਰੂ ਜੀ ਦਾ ਛੇਤੀ ਤੋਂ ਛੇਤੀ ਅਨੰਦ ਪੁਰ ਅੱਪੜਨਾ ਇਸ ਗੱਲ ਦੀ ਦਲੀਲ ਹੈ ਕਿ ਕਾਗਜ਼ਾਂ ਤੇ ਯਾ ਜ਼ਬਾਨੀ ਪ੍ਰਾਪਤ ਕੀਤੇ ਬਿਜੈ ਦੇ ਫਲ ਨੂੰ ਆਪਣੇ ਬਾਹੂ ਬਲ ਨਾਲ ਅਮਲੀ ਤੌਰ ਤੇ ਕਬਜ਼ੇ ਵਿਚ ਲੈ ਆਵੀਏ, ਉਸ ਤੋਂ ਪਹਿਲਾਂ ਕਿ ਦੁਸ਼ਮਨ (ਜੇ ਅਹਿਦ ਤੇ ਕਾਇਮ ਨਾ ਰਹੇ ਤਾਂ) ਕੋਈ ਰੋਕ ਪੇਸ਼ ਕਰ ਸਕੇ ਤੇ ਮੁੜ ਨਵਾਂ ਜੰਗ ਰਚਾਕੇ ਅਹਿਦ ਨੂੰ ਮਨਾਉਣਾ ਪਵੇ। ਜ਼ੁਬਾਨੀ ਤੇ ਲਿਖਤਾਂ ਦੇ ਹੁੰਦਿਆਂ ਸੰਦਿਆਂ ਬੀ ਹੱਥਾਂ ਦਾ ਕਬਜ਼ਾ ਅਸਲੀ ਕਬਜ਼ਾ ਹੁੰਦਾ ਹੈ। ਸੋ ਬੂਟੇ

ਸ਼ਾਹ ਦਾ ਇਹ ਲਿਖਣਾ ਕਿ ਗੁਰੂ ਜੀ ਰਾਜਿਆਂ ਦੇ ਘਰੀਂ ਅੱਪੜਨ ਤੋਂ ਪਹਿਲਾਂ ਅਨੰਦਪੁਰ ਪੁੱਜ ਗਏ, ਇਸ ਗੱਲ ਦਾ ਕੋਈ ਕਮਾਹੱਕਾ ਸਬੂਤ ਨਹੀਂ ਕਿ ਭੰਗਾਣੀ ਜੁੱਧ ਪਰ ਸੁਲਹ ਯਾ ਅਹਿਦ ਕੋਈ ਨਹੀਂ ਹੋਇਆ।

ਜੋ ਸੁਲਹ ਪ੍ਰਜਾ ਪਰ ਧੱਕੇ ਧੋੜੇ ਕਰਕੇ ਪ੍ਰਾਪਤ ਕੀਤੀ ਗਈ ਲਿਖੀ ਹੈ, ਉਸ ਨੂੰ ਗੁਰੂ ਜੀ ਦਾ ਬਲਵਾਨ ਹੋਣਾ ਸਮਝਣਾ ਤੇ ਜੋ ਅਨੇਕ ਰਾਜਿਆਂ ਦੀ ਤੇ ਮਿਲਵੀਂ ਫੌਜ ਨੂੰ ਸ਼ਿਕਸਤਫਾਸ਼ ਦੇ ਕੇ ਪ੍ਰਾਪਤ ਕੀਤੀ ਗਈ ਹੋਵੇ ਉਸ ਨੂੰ ਸਮਝਣਾ ਕਿ ਇਸ ਨਾਲ ਗੁਰੂ ਜੀ ਦੇ ਬਲਵਾਨ ਹੋਣ ਵਿਚ ਕੁਛ ਕਮੀ ਹੁੰਦੀ ਹੈ, ਠੀਕ ਨਹੀਂ।

ਅੱਗੇ ਚੱਲਕੇ ਨਾਹਣੇਸ਼ ਨਾਲ ਕੁਛ ਨਾਰਾਜ਼ਗੀ ਦਾ ਜ਼ਿਕਰ ਹੈ, ਇਹ ਬੀ ਖੋਜ ਤਲਬ ਬਾਤ ਹੈ। ਕਿਉਂਕਿ ਚਮਕੌਰ ਦੇ ਘਮਸਾਨ ਤੋਂ ਪਹਿਲੀ ਰਾਤ ਜਦ ਗੁਰੂ ਜੀ ਅਨੰਦ ਪੁਰਿਓਂ ਨਿਕਲੇ ਹਨ ਤਾਂ ਗੁਲਾਬ ਰਾਇ ਸ਼ਾਮ ਸਿੰਘ ਆਪਣੇ ਨਿਕਟੀ ਸੰਬੰਧੀਆਂ ਨੂੰ ਪੱਤ੍ਰਿਕਾ ਦੇਕੇ ਰਾਜੇ ਨਾਹਨ ਵਲ ਟੋਰਿਆ ਹੈ ਕਿ ਇਨ੍ਹਾਂ ਨੂੰ ਰੁੱਪਜਾ ਦਿਓ ਤੇ ਗ੍ਰਾਮ ਗੁਜ਼ਾਰੇ ਵਾਸਤੇ ਦਿਓ। ਜੇ ਨਾਹਨ ਨਾਲ ਡਾਢੇ ਸਲੂਕ ਵਾਲੇ ਤਅੱਲਕਾਤ ਜਾਰੀ ਨਾ ਹੁੰਦੇ ਤਾਂ ਆਪਣੇ ਭਰਾਵਾਂ ਦੀ ਸਲਾਮਤੀ, ਰੱਖਜਾ ਤੇ ਨਿਰਬਾਹ ਟੁਰਨ ਦਾ ਭਰੋਸਾ ਨਾਹਣ ਦੇ ਰਾਜੇ ਪਰ ਕੀਕੂੰ ਕਰਦੇ? ਇਹ ਐਸਾ ਪੱਕਾ ਭਰੋਸਾ ਸੀ ਕਿ ਜਿਸ ਦਾ ਨਿਬਾਹ ਨਾਹਣੇਸ ਨੇ ਪੂਰਾ ਕੀਤਾ ਹੈ। ਰਾਜੇ ਨੇ ਗਿਰੀ ਆਦਿ ਪਿੰਡ ਦੇਕੇ ਉਹਨਾਂ ਨੂੰ ਸਨਮਾਨ ਨਾਲ ਵਸਾਇਆ ਤੇ ਰਖਿਆ ਬੀ ਕੀਤੀ। ਦੇਖੋ ਰੁਤ ੬ ਅੰਸੂ ੨੨ ਅੰਕ ੧ ਤੋਂ ਚਾਰ। ਨਾਹਣੇਸ਼ ਨੂੰ ਕੁਛ ਲਾਭ ਪੁੱਜਾ ਹੀ ਹੈ ਤਾਂ ਹੀ ਉਸ ਦਾ ਸਲੂਕ ਐਸਾ ਚੰਗਾ ਰਿਹਾ ਹੈ। ਜਿਸ ਜਗ੍ਹਾ ਗੁਰੂ ਜੀ ੧੩ ਦਿਨ ਅਟਕੇ ਹਨ, ਉਥੇ ਗੁਰਦੁਆਰਾ ਹੈ ਟੋਕਾ ਸਾਹਿਬ', ਜੋ ਹੁਣ ਬੀ ਨਾਹਨ ਰਾਜ ਵਿਚ ਹੈ ਤੇ ਇਸ ਨਾਲੇ ਅਜੇ ਸੌ ਵਿਘਾ ਜ਼ਿਮੀਂ ਰਿਆਸਤ ਵਲੋਂ ਲਗੀ ਹੋਈ ਹੈ। ਇਹ ਬੀ ਸ਼ੁਭ ਤਅੱਲਕ ਦੀ ਨਿਸ਼ਾਨੀ ਹੈ।

੩੪. [ਰਾਇਪੁਰ ਦੀ ਰਾਣੀ]

੩੩<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੫

ਦੋਹਰਾ: ਜਹਿਂ ਸਤਿਗੁਰ ਡੇਰਾ ਕਿਯੋ,
ਤ੍ਰੌਦਸ਼ ਦਿਵਸ ਟਿਕਾਇ।
ਅਬਿ ਤਿਸ ਥਲ ਮਹਿਂ ਸਿੰਘ ਨਰ[1],
ਜਾਗਾ ਲਈ ਬਨਾਇ ॥੧॥

ਨਿਸ਼ਾਨੀ ਛੰਦ: ਅਬਿ ਗੁਰ ਜਾਗਾ ਨਾਮ ਕੋ, ਭਾਖਤਿ ਹੈਂ 'ਟੋਕਾ[2]।'
ਸਿੰਘਨਿ ਤੇ ਹਮ ਸ਼੍ਰੌਨ ਸੁਨ, ਨਹਿਂ ਆਂਖ ਬਿਲੋਕਾ।
ਭਈ ਪ੍ਰਾਤਿ ਸਤਿਗੁਰ ਚਢੇ, ਬਜਿ ਉਠЯੋ ਨਗਾਰਾ।
ਸੈਨਾ ਤਜਾਰ ਅਰੂਢਿ ਹਯ, ਧਰਿ ਸ਼ਸਤ੍ਰ ਦੁਧਾਰਾ ॥੨॥
ਥਰਹਰਿ ਕੰਪਹਿ ਗ੍ਰਾਮ ਪੁਰਿ, ਸੁਨਿ ਮਾਰ ਬਕਾਰਾ।
ਪਰਹਿ ਧੂਮ ਦਲ ਚਲਨਿ ਕੀ, ਮਿਲਵਤਿ ਸਿਰਦਾਰਾ।
ਭੇਟ ਦੇਤਿ ਬਹੁ ਭਾਂਤਿ ਕੀ, ਮੁਖ ਬਿਨੈ ਬਖਾਨੈਂ।
ਅਭੈ ਦਾਨ ਤਿਹ ਦੇਤਿ ਪ੍ਰਭੁ, ਨਹਿਂ ਚਿੰਤਾ ਠਾਨੈਂ ॥੩॥
ਦਧੀ ਦੁਘਧ ਬਹੁ ਦੇ ਮਿਲੈਂ, ਸ਼੍ਰੀ ਪ੍ਰਭੁ ਮੁਖ ਦੇਖੈਂ।
-ਰਘੁਬਰ ਤਨੁ ਸ਼੍ਰੀ ਕ੍ਰਿਸ਼ਨ ਇਹ-, ਮਤਵੰਤ ਪਰੇਖੈਂ।
ਲਖਹਿਂ ਸਫਲਤਾ ਹੇਰਿ ਕੈ, ਲੈ ਲਾਭ ਸੁ ਨੈਨਾ।
ਜਨੁ ਸਕੇਲਿ ਕੈ ਸੌਂਦਰਜ, ਰਚਿ ਬਿਧ ਸੁਖ ਦੈਨਾ[3] ॥੪॥
ਇਕ ਰਾਣੀ ਕੋ ਰਾਇ ਪੁਰਿ, ਗ੍ਰਾਮਹਿ ਕੋ ਨਾਮੂ।
ਕਰਤਿ ਰਾਜ ਰਾਣੀ ਤਹਾਂ, ਸੁਤ ਜਿਸ ਅਭਿਰਾਮੂ।
ਆਨੰਦਪੁਰਿ ਕੇ ਪੰਥ ਮੈਂ, ਚਲਤਜੋ ਨਿਯਰਾਵਾ।
ਸੁਨਿ ਸਤਿਗੁਰ ਆਗਵਨ ਕੌ, ਤਿਨ ਮੋਦ ਬਢਾਵਾ ॥੫॥
[4]-ਪੁਰਵਤਿ ਹੈਂ ਮਨ ਕਾਮਨਾ, ਪਿਖਿ ਸ਼ਰਧਾ ਧਾਰੀ।
ਕਰਹਿ ਭਾਵ ਸਭਿ ਰਿਦੈ ਕੋ, ਦੇਂ ਸਭਿ ਸੁਖ ਭਾਰੀ-।
ਇੱਤਜਾਦਿਕ ਜਸੁ ਸ਼੍ਰੌਨ ਸੁਨਿ, -ਦਲ ਸੰਗ ਘਨੇਰਾ।
ਹਰਹਿਂ, ਦੇਹਿਂ[5] ਛਿਤ ਰਾਜ ਕੋ; ਸਮਰੱਥ ਬਡੇਰਾ- ॥੬॥
ਨਿਕਸੀ ਬਾਹਿਰ ਮਗ ਜਹਾਂ, ਹੁਇ ਖਰੀ ਅਗਾਰੀ।
ਕਲਗ਼ੀਧਰ ਆਵਤਿ ਪਿਖੇ, ਹਯ ਕੀ ਅਸਵਾਰੀ।

---

[1]ਸਿੰਘਾਂ ਨੇ।
[2]ਟੋਕਾ ਸਾਹਿਬ ਨਾਮੇ ਗੁਰਦਵਾਰਾ ਨਾਹਨ ਰਾਜ ਵਿਚ ਅਜੇ ਵੀ ਹੈ।
[3]ਜਾਣੋ ਇਕੱਠੀ ਕਰਕੇ ਸੁੰਦਰਤਾਈ ਬਿਧਾਤਾ ਨੇ ਸੁਖਦਾਤਾ (ਗੁਰੂ ਜੀ ਦਾ ਸਰੀਰ) ਰਚਿਆ ਹੈ।
[4]ਇਹ ਖਾਤਰ ਸੁਣੀ ਕਿ......।
[5]ਹਰ ਸਕਦੇ ਤੇ ਦੇ ਸਕਦੇ ਹਨ।

ਗ੍ਰੀਵ ਨੀਵ ਕਰਿ ਜੋਰਿ ਕਰ, ਆਈ ਜਬਿ ਨੇਰੇ।
ਖਰੇ ਭਏ ਪਿਖਿ ਭਾਵ ਕੌ, ਜਨ ਬਸੀ ਬਡੇਰੇ[1] ॥੭॥
ਬਿਚ ਰਕਾਬ ਕੇ ਪਗ ਕਮਲ[2], ਸਿਰ ਤਾਂਹਿ ਟਿਕਾਵਾ।
ਹਾਥਨਿ ਸਾਥ ਸਪਰਸ਼ ਕਰ, ਦ੍ਰਿਗ ਮੁਖ ਪਰ ਲਾਵਾ।
'ਮੈਂ ਸੇਵਕਨੀ ਹੇ ਪ੍ਰਭੋ ! ਨਿਜ ਕਰੁਨਾ ਕੀਜੈ।
ਉਤਰਿ ਲਗਾਵੋ ਸਿਵਰ ਨਿਜ ਮਮ ਭਾਵ[3] ਪੁਰੀਜੈ ॥੮॥
ਜਥਾ ਸ਼ਕਤਿ ਸੇਵਾ ਕਰਹੁੰ, ਸ਼ਰਧਾ ਉਰ ਮੇਰੇ।
ਕਦਮ ਪਦਮ ਨਿਜ ਸਦਨ ਮਹਿਂ[4], ਫੇਰੋ ਮੁਖ ਹੇਰੇ।
ਨਿਸਾ ਬਸੋ, ਸੁਤ ਅਲਪ ਬਯ, ਤੁਮ ਚਰਨੀ ਲਾਵਹੁਂ।
-ਚਲਹਿ ਬੰਸ ਨਿਜ ਜਗਤ ਮਹਿਂ-, ਸੁਖ ਜੁਤਿ ਬਰ ਪਾਵਹੁਂ' ॥੯॥
ਹੇਰਿ ਪ੍ਰੇਮ ਰਾਣੀ ਰਿਦੈ, ਮਾਨਜੋ 'ਹੁਇ ਡੇਰਾ।'
ਹੁਕਮ ਦਯੋ, ਉਤਰੇ ਪ੍ਰਭੁ, ਪਿਖਿ ਥਾਨ ਅਛੇਰਾ।
ਤੰਬੂ ਸ਼ਮਿਯਾਨੇ ਤਨੇ, ਹਯ ਲੈਨ[5] ਲਗਾਏ।
ਜਹਿਂ ਕਹਿਂ ਸਿੱਖਨਿ ਸੁਭਟ ਗਨ, ਬ੍ਰਿੱਸਾਮ ਸੁ ਪਾਏ ॥੧੦॥
ਰਾਣੀ ਅੰਤਰ ਜਾਇ ਕਰਿ, ਪਠਿ ਕਰਿ ਤ੍ਰਿਣ ਦਾਨਾ।
ਸੇਵਾ ਕਰਿ ਸਭਿ ਭਾਂਤਿ ਕੀ, ਘ੍ਰਿਤ ਬਹੁ ਮਿਸ਼ਟਾਨਾ।
ਸੂਖਮ ਚਾਵਰ ਚੂਨ ਬਹੁ, ਦੀਨਸਿ ਮਨ ਭਾਏ।
ਸਭਿ ਦਲ ਲੇ ਕਰਿ ਆਸਨ ਕਿਯ, ਬਿੰਜਨ ਸ਼ੁਭ ਖਾਏ ॥੧੧॥
ਬਹੁਰ ਪਠੇ ਨਿਜ ਮਨੁਜ ਤਬਿ, ਬਿਨਤੀ ਇਮ ਗਾਈ।
'ਅੰਤਰ ਆਵਹਿਂ ਪ੍ਰਾਤਿ ਕੋ, ਲੇ ਸਿਖ ਸਮੁਦਾਈ।
ਅਚਹਿਂ ਅਹਾਰਨਿ ਬੈਠਿ ਕਰਿ, ਹੁਇ ਭੌਨ ਪੁਨੀਤਾ।
ਇਕ ਮੁਕਾਮ ਪ੍ਰਭੁ ਜੀ ਕਰਹਿਂ, ਆਸਾ ਮੁਹਿ ਚੀਤਾ' ॥੧੨॥
ਸੁਪਤਿ ਜਥਾ ਸੁਖ ਸਭਿ ਭਏ, ਕਰਿ ਖਾਨ ਰੁ ਪਾਨਾ।
ਨ੍ਰਿਪਨੀ[6] ਉਠਿ ਬਡ ਪ੍ਰਾਤਿ ਕੌ, ਕਰਿਵਾਇ ਸ਼ਨਾਨਾ।
ਪੂਪ[7], ਤਿਹਾਵਲ[8], ਪੂਰਕਾ[9], ਰੁਚਿ ਸੋਂ ਕਰਿਵਾਏ।

---

[1]ਜੋ ਬਹੁਤ ਹੀ ਦਾਸਾਂ ਦੇ ਅਧੀਨ ਹਨ।
[2]ਚਰਨਾਂ ਕਮਲਾਂ ਤੇ।
[3]ਮੇਰੀ ਭਾਵਨਾ।
[4]ਆਪਣੇ ਘਰ ਵਿੱਚ।
[5]ਕਤਾਰ।
[6]ਰਾਣੀ।
[7]ਪੂੜੇ।
[8]ਕੜਾਹ।
[9]ਪੂਰੀਆਂ।

ਵੜੇ, ਕਚੌਰੀ, ਦਧਿ ਮਿਲਨ, ਪਾਇਸੁ[1] ਸਮੁਦਾਏ ॥੧੩॥
ਘ੍ਰਿਤ ਭੁੰਚਤਿ[2] ਚਾਵਰ ਕਰੇ, ਜੁਗ ਭਾਂਤਿ ਲੰਮੇਰੇ।
ਮਧੁਰ ਸਲਵਣ ਪ੍ਰਕਾਰ ਕੇ, ਸੂਖਮ ਬਹੁਤੇਰੇ।
ਡਾਰਿ ਮਸਾਲੇ ਅਨਿਕ ਬਿਧਿ, ਮੇਵੇ ਗਨ ਪਾਏ।
ਸੂਪ[3] ਕਰੀ ਬਹੁ ਭਾਂਤਿ ਕੀ, ਅਤਿ ਸ੍ਵਾਦ ਉਪਾਏ ॥੧੪॥
ਸੂਪਕਾਰ ਚਾਤੁਰ ਮਹਾਂ, ਤਿਨ ਢਿਗ ਹੁਇ ਰਾਣੀ।
ਰੀਤਿ ਬਤਾਵਤਿ ਅਨਿਕ ਬਿਧਿ, ਬਡ ਸੁਮਤਿ ਸਯਾਣੀ।
ਇਤ ਸਤਿਗੁਰ ਜਬਿ ਪ੍ਰਾਤਿ ਭੇ, ਕਰਿ ਸੌਚ ਸ਼ਨਾਨਾ।
ਥਿਰੇ ਅਨੰਦ ਕੇ ਧਯਾਨ ਮਹਿਂ, ਜਹਿ ਭੇਦ ਨ ਨਾਨਾ[4] ॥੧੫॥
ਗਾਇਂ ਰਬਾਬੀ ਵਾਰ ਕੌ, ਧੁਨਿ ਅਧਿਕ ਸੁਹਾਵੈ।
ਬ੍ਰਿੰਦ ਰਾਗ ਅਰੁ ਰਾਗਨੀ, ਹਰਖਾਇ ਸੁਨਾਵੈਂ।
ਗੁਰਬਾਨੀ ਕੋ ਪਾਠ ਬਹੁ, ਸਿਖ ਕਰੈਂ ਸੁਜਾਨਾ।
ਜਪੁਜੀ ਆਦਿਕ ਸੁਖਮਨੀ, ਜਿਨ ਪੁੰਨ ਮਹਾਨਾ ॥੧੬॥
ਇਸ ਬਿਧਿ ਭਯੋ ਪ੍ਰਕਾਸ਼ ਦਿਨ, ਧਰਿ ਚੀਰ ਸਰੀਰਾ।
ਸ਼ਸਤ੍ਰ ਸਜੇ ਸਭਿ ਅੰਗ ਮਹਿਂ, ਪ੍ਰਭੁ ਗੁਨੀ ਗਹੀਰਾ।
ਹੁਤੇ ਜੁ ਨਰ ਪਰਧਾਨ ਤਿਹ, ਰਾਨੀ ਸੁ ਪਠਾਏ।
'ਬਿਨਤੀ ਕਰਿ ਆਨੋ ਪ੍ਰਭੂ, ਸਿਖ ਜੁਤਿ ਸਮੁਦਾਏ' ॥੧੭॥
ਗਏ[5] ਚੌਂਪ ਜੁਤਿ ਦਰਸ ਕਰਿ, ਪਗ ਬੰਦਨ ਠਾਨੀ।
'ਮਹਾਰਾਜ! ਅੰਤਰ ਦੁਰਗ, ਪਰਤੀਖਤਿ ਰਾਨੀ।
ਨਾਨਾ ਭੋਜਨ ਤਯਾਰ ਹੈਂ, ਕਰੁਨਾ ਅਬਿ ਕੀਜੈ।
ਦਾਸਨ ਕੀ ਆਸ਼ਾ ਪੁਰਹੁ, ਉਰ ਆਨੰਦ ਦੀਜੈ' ॥੧੮॥
ਉਠਿ ਕਰਿ ਗਮਨੇ ਸ਼੍ਰੀ ਪ੍ਰਭੂ, ਲੇ ਸਿਖ ਸਮੁਦਾਏ।
ਦਯਾਰਾਮ ਨੰਦ ਚੰਦ ਕੌ, ਤ੍ਰੈ ਭ੍ਰਾਤ ਬੁਲਾਏ।
ਨਾਮ ਮਾਹਿਰੀ ਚੰਦ ਜਿਸ, ਅਰੁ ਗੰਗਾ ਰਾਮੰ।
ਚੰਦ ਗੁਲਾਬ ਸੁ ਤੀਸਰੋ, ਜਿਨ ਤਨ ਅਭਿਰਾਮੰ ॥੧੯॥
ਇੱਤਯਾਦਿਕ ਸਭਿ ਸੰਗ ਲੈ, ਗੁਰ ਦੁਰਗ ਪ੍ਰਵੇਸ਼ੇ।
ਉਠਿ ਰਾਣੀ ਆਗੈ ਅਈ, ਹਿਤ ਮਾਨ ਵਿਸ਼ੇਸ਼ੇ।
ਚਰਨ ਕਮਲ ਪਰ ਪੁੱਤ੍ਰ ਕੌ, ਸਿਰ ਦੀਨਿ ਟਿਕਾਈ।

---

[1]ਖੀਰ।
[2]ਘਿਉ ਵਿੱਚ ਭੁੰਨ ਕੇ।
[3]ਰਸੋਈ।
[4]ਜਿਸ ਪ੍ਰਭੂ ਵਿੱਚ ਨਾਨਾਪਨ ਦਾ ਭੇਦ ਨਹੀਂ।
[5]ਪ੍ਰਧਾਨ ਗਏ (ਗੁਰੂ ਜੀ ਪਾਸ)।

ਪੁਨ ਅਭਿਬੰਦਨ ਆਪ ਕਰਿ, ਪਿਖਿ ਮੁਖ ਹਰਖਾਈ ॥੨੦॥
ਫਰਸ਼ ਕਰੇ ਬਹੁ ਭਾਂਤਿ ਕੇ, ਘਰ ਬਿਖੈ ਬਿਸਾਲਾ।
ਇਕ ਚੌਂਕੀ ਸੁੰਦਰ ਡਸੀ, ਆਸਨ ਸ਼ੁਭ ਡਾਲਾ।
ਕਰੇ ਬਿਠਾਵਨਿ ਤਹਿਂ ਪ੍ਰਭੂ, ਢਿਗ ਅਪਰ ਬਿਠਾਏ।
ਹਿਤ ਅਹਾਰ ਚੌਂਕੀ ਦੁਤੀ, ਡਾਸੀ ਅਗੁਵਾਏ ॥੨੧॥
ਭੱਖ ਭੋਗ ਭੋਜਨਨਿ ਕੇ[*], ਲੇਹਜ ਅਰੁ ਚੋਸਾ[੧]।
ਨਿਕਟ ਬੈਠਿ ਰਾਣੀ ਤਬੈ, ਸ਼ੁਭ ਥਾਰ ਪਰੋਸਾ।
ਦਿਜ ਤੇ ਸੋ ਉਚਵਾਇ ਕੈ, ਆਨਯੋ ਤਤਕਾਲਾ।
ਅੱਗ੍ਰ ਧਰਯੋ ਸਤਿਗੁਰੂ ਕੇ, ਧਰਿ ਭਾਉ ਬਿਸਾਲਾ ॥੨੨॥
ਸੂਪਕਾਰ ਕਰਿ ਸ਼ੀਘ੍ਰਤਾ, ਸਭਿ ਕੇਰ ਅਗਾਰੀ।
ਥਾਰ ਪਰੋਸੇ ਅੱਗ੍ਰ ਧਰਿ, ਬਹੁ ਦੇਇ ਅਹਾਰੀ।
ਅਚਵਨ ਲਾਗੇ ਸ੍ਵਾਦ ਗਨ, ਰਾਨੀ ਹੁਇ ਠਾਂਢੀ।
ਕਰਤਿ ਬੀਜਨਾ ਆਪ ਹੀ, ਬਹੁ ਸ਼ਰਧਾ ਬਾਢੀ ॥੨੩॥
ਮਧੁਰ, ਸਲਵਣ, ਸੁਅਮਲ ਬਿਧਿ[੨]; ਪੁਨ ਤਿਕਤ, ਕਖਾਯਾ[੩]।
ਸ੍ਵਾਦ ਲਗੇ ਬਹੁ ਭਾਂਤਿ ਕੇ, ਅਤਿ ਰੁਚਿ ਕਰਿ ਖਾਯਾ।
ਸਕਲ ਸਰਾਹਹਿਂ ਅਚਵ ਕਰਿ, ਸ਼ੁਭ ਬਨਯੋਂ ਅਹਾਰਾ।
ਤ੍ਰਿਪਤਾਏ ਜਲ ਸੀਤ ਪਿਯ, ਕਰ ਬਦਨ ਪਖਾਰਾ ॥੨੪॥
ਥਾਤੀ[੪] ਲੇ ਕਰਿ ਦਰਬ ਕੀ, ਗੁਰ ਧਰਿ ਅਗੁਵਾਏ।
ਪੁਨ ਨੰਦਨ ਕੋ ਹਾਥ ਗਹਿ, ਚਰਨਨ ਪਰ ਪਾਏ।
ਹੁਇ ਪ੍ਰਸੰਨ ਸ਼੍ਰੀ ਪ੍ਰਭੁ ਕਹਯੋ, ਸਿਰ ਕੇਸ ਰਖੀਜੈ।
ਆਯੁਧ ਬਿੱਦਜਾ ਕੇ ਬਿਖੈ, ਸੁਤ ਨਿਪੁਨ[੫] ਕਰੀਜੈ[੬]' ॥੨੫॥
ਹਾਥ ਜੋਰਿ ਬੋਲੀ ਤਬੈ, 'ਤੁਰਕਨਿ ਬਡ ਰਾਜਾ।
ਖੁਨਸਹਿ ਦੁਸ਼ਟ ਬਿਲੋਕ ਕੈ, ਕਰਿ ਦੇਹਿਂ ਕੁਕਾਜਾ।'
ਫੁਨ ਫੁਰਮਾਯੋ ਸ਼੍ਰੀ ਗੁਰੂ 'ਨਹਿਂ ਮਾਨਹੁ ਤ੍ਰਾਸਾ।
ਕੇਤਿਕ ਦਿਨ ਇਨ ਰਾਜ ਹੈ, ਫਿਰ ਹੋਇ ਬਿਨਾਸ਼ਾ ॥੨੬॥

---

[*]ਪਾ:-ਅਤਿ ਭੋਜਨ ਸੁੰਦਰ ਕਿਯੇ।
[੧]ਭੱਖ, ਭੋਜ ਲੇਹਜ, ਤੇ ਚੋਸਾ, (ਚਾਰ ਪ੍ਰਕਾਰ ਦੇ) ਭੋਜਨ (ਤਿਆਰ ਕੀਤੇ) [ਦੇਖੋ ਰਾਸ ੪ ਅੰਸੂ ੩੨ ਅੰਕ ੧੨]।
[੨]ਖੱਟੀ ਤਰ੍ਹਾਂ ਦੇ।
[੩]ਫਿਰ ਤ੍ਰਿਖੇ ਭਾਵ ਕਰਾਰੇ ਤੇ ਕਸੈਲੇ (ਕਰੇਲੇ, ਆਦਿ)।
[੪]ਥੈਲੀ।
[੫]ਪ੍ਰਬੀਨ।
[੬]ਕੈਸੀ ਸ਼ੁਭ ਮਿਰਯਾਦਾ ਦੱਸੀ ਹੈ।

ਤਉ ਜਿ ਰਾਖਹੁ ਕੇਸ ਨਹਿਂ, ਕੇਤਿਕ ਦਿਨ ਆਨਾ[1]।
ਸਿੰਘ ਨਾਮ ਅਬਿ ਜੇ ਰਖਹੁ, ਨਿਜ ਬੰਸ ਮਹਾਨਾ।
ਪੰਥ ਹਮਾਰੋ ਜਬਿ ਵਧੈ, ਲੇ ਤੁਰਕਨ ਰਾਜੂ[2]।
ਰਾਖਹਿਂਗੇ ਤਬਿ ਕੇਸ ਇਹ, ਸਰਿ ਹੈਂ ਸਭਿ ਕਾਜੂ ॥੨੭॥
ਉਥਲ ਪਥਲ ਫਿਰ ਰਾਜ ਹੁਇ, ਨਹਿਂ ਮਿਟਹਿ ਤੁਹਾਰੋ[3]।
ਤਬਿ ਬੰਸ ਮਿਲਿ ਖਾਲਸੇ, ਸਗਰੇ ਸੁਖ ਧਾਰੋ।'
ਖੜਗ ਸਿਪਰ ਗੁਰ ਆਪਨੇ, ਰਾਜੇ ਸੁਤ[4] ਦੀਨੇ।
'ਗੁਰ ਸਥਾਨ ਰਚਿ ਕਰਿ ਰਖਹੁ, ਪੂਜਹੁ ਹਿਤ ਭੀਨੇ ॥੨੮॥
ਪੁਰਵਹੁ ਮਨ ਕੀ ਕਾਮਨਾ, ਸਗਰੇ ਸੁਖ ਪਾਵਹੁ।
ਪੰਚਾਂਮ੍ਰਿਤ ਆਗੇ ਧਰਹੁ, ਅਰਦਾਸ ਕਰਾਵਹੁ।
ਭੀਰ ਪਰੀ ਮਿਟਿ ਜਾਇ ਹੈ, ਜੋ ਹੋਇ ਭਿਲਾਖਾ।
ਸੋ ਪੂਰਨ ਤਹਿਂ ਹੋਹਿਗੀ, ਨਿਤ ਹੁਇ ਹੈ ਰਾਖਾ[5] ॥੨੯॥
ਗ੍ਰਿਹਣ ਕਰਹੁ, ਗ੍ਰਿਹ ਰਾਖੀਐ[6], ਸਨਮਾਨ ਸਮੇਤਾ।
ਪੁਸ਼ਪ ਧੂਪ ਨਿਤ ਦੀਜੀਅਹਿ ਨਿਜ ਪਿਖਹੁ ਨਿਕੇਤਾ।'
ਸ਼੍ਰੀ ਮੁਖ ਤੇ ਸਭਿ ਬਚਨ ਸੁਨਿ, ਰਾਣੀ ਹਰਖਾਨੀ।
ਛਾਦਿ ਬਸਤ੍ਰ ਤੇ ਹਾਥ ਜੁਗ, ਝੁਕਿ ਹ੍ਵੈ ਅਗਵਾਨੀ ॥੩੦॥
'ਮਹਾਰਾਜ ਤੁਮ ਦਾਤ ਬਡ, ਕੋ ਸਕੈ ਮਿਟਾਈ।
ਪ੍ਰੇਮ ਬਸੀ ਦ੍ਰਿੜ੍ਹ ਬਿਰਦ ਹੈ, ਪੁਨ ਦਯਾਲ ਗੁਸਾਈਂ।'
ਸਤਿਗੁਰ ਕਰ ਅਰਬਿੰਦ ਤੇ, ਬਖਸ਼ੀ ਲਖਿ ਦਾਸਾ[7]।
ਹਾਥਨਿ ਪਰ ਰਾਨੀ ਧਰੇ, ਉਰ ਆਨੰਦ ਰਾਸਾ ॥੩੧॥
ਪੁਨ ਸਿਰ ਪਰ ਧਰਿ ਚੌਂਪ ਸੋਂ, ਸੁਤ ਸੀਸ ਛੁਹਾਏ।
ਕਸਜੋ ਬਿਛੌਨ ਪ੍ਰਯੰਕ ਪਰ[8], ਸਨਮਾਨ ਟਿਕਾਏ।
ਇੱਤਯਾਦਿਕ ਬਰ ਦੇਇ ਗੁਰ, ਠਾਂਢੇ ਤਬਿ ਹੋਏ।
ਵਹਿਰ ਚਲਨ ਕੌ ਚਿਤ ਚਹਯੋ, ਰਾਨੀ ਦ੍ਰਿਗ ਜੋਏ ॥੩੨॥
ਚਲੀ ਸੰਗ ਕਰ ਜੋਰਤੀ, ਕਰਿਬੇ ਸਨਮਾਨਾ।

---

[1]ਹੋਰ ਕਿੰਨੇ ਕੁ ਦਿਨਾਂ ਨੂੰ।
[2]ਤੁਰਕਾਂ ਦਾ ਰਾਜ ਲੈ ਲਵੇਗਾ (ਪੰਥ)।
[3]ਤੇਰਾ ਰਾਜ ਨਹੀਂ ਮਿਟੇਗਾ।
[4]ਰਾਜੇ ਦੇ ਪੁੱਤ੍ਰ ਨੂੰ।
[5](ਗੁਰੂ) ਰਾਖਾ ਹੋਸੀ।
[6](ਸ਼ਸਤ੍ਰ) ਗ੍ਰਹਿਣ ਕਰੋ ਤੇ ਘਰ ਰੱਖੋ।
[7]ਦਾਸ ਜਾਣ ਕੇ ਬਖਸ਼ੀ (ਖੜਗ ਸਿਪਰ)।
[8]ਬਿਛਾਵਣੇ ਨਾਲ ਕੱਸੇ ਪਲੰਘ ਪਰ।

ਵਹਿਰ ਦੁਰਗ ਨਿਕਸੀ ਜਬਹਿ, ਸ਼੍ਰੀ ਬਦਨ ਬਖਾਨਾ।
'ਥਿਰਹੁ, ਗੁਰੂ ਸਿਮਰਹੁ ਸਦਾ, ਪਰਲੋਕ ਸੁਧਾਰਹੁ।
ਚਲਹਿ ਬੰਸ, ਹੁਇ ਰਾਜ ਥਿਰ, ਨਿਤ ਹਰਿ ਉਰਧਾਰਹੁ' ॥੩੩॥
ਇਮ ਧੀਰਜ ਦੇ ਕਰਿ ਗਏ, ਪ੍ਰਭੁ ਮਹਾਂ ਕ੍ਰਿਪਾਲਾ।
ਮੁਕਤਿ ਆਦਿ ਬਖਸ਼ਨ ਕਰਹਿਂ, ਪਿਖਿ ਪ੍ਰੇਮ ਬਿਸਾਲਾ।
ਇਸ ਬਿਧਿ ਲਖਿ ਜੇ ਭਜਤਿ ਨਹਿਂ, ਸੇ ਅਤਿ ਮਤਿ ਹੀਨਾ।
ਦੁਹੂੰ ਲੋਕ ਮਹਿਂ ਕਿਤਹੁਂ ਕੋ, ਕਾਜ ਨ ਕਰਿ ਲੀਨਾ ॥੩੪॥
ਦਿਨ ਬਿਤਾਇ ਪੁਨ ਨਿਸਾ ਕੋ, ਸੁਪਤੇ ਸੁਖ ਪਾਏ।
ਬਡੇ ਪ੍ਰਾਤਿ ਜਾਗੇ ਪ੍ਰਭੂ, ਨਿਤ ਕ੍ਰਿਯਾ ਸਜਾਏ[1]।
ਕਹੈ ਕਵੀਸ਼ਰ ਤਹ ਕੇ, ਹੇਰੇ ਸਿਰਦਾਰਾ।
ਅਬਿ ਲੌ ਮਾਨਹਿਂ ਦੁਰਗ ਮਹਿਂ, ਸੁਭ ਥਾਨ ਸੁਧਾਰਾ* ॥੩੫॥
ਦ੍ਵੈ ਭ੍ਰਾਤਾ ਥੇ ਹਮ ਪਿਖੇ, ਗੁਰ ਬਰ ਨਿਤ ਸਾਚਾ।
ਭਈ ਪ੍ਰਾਤਿ ਗੁਰ ਹੇਰਿ ਕੈ, ਮੁਖ ਕੂਚ ਉਬਾਚਾ।
ਕਰਜੋ ਅਰੂਢਨਿ ਹਯ ਤਬਹਿ, ਮਾਰਗ ਮਹਿਂ ਚਲੇ।
ਕਰਤਿ ਨਿਹਾਲ ਅਨੇਕ ਕੌ, ਪ੍ਰਭੁ ਮਹਾਂ ਕ੍ਰਿਪਾਲੇ ॥੩੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਰਾਇ ਪੁਰ ਰਾਣੀ' ਪ੍ਰਸੰਗ ਬਰਨਨੰ ਨਾਮ ਚਤੁਰ ਤ੍ਰਿੰਸਤੀ ਅੰਸੂ ॥੩੪॥

---

[1]ਨਿਤ ਦੀ ਕ੍ਰਿਯਾ ਸੋਧ ਕੇ।
*ਗੁਰਦਵਾਰਾ ਕਿਲ੍ਹੇ ਵਿਚ ਅਜੇ ਹੈ।

੩੫. [ਕੀਰਤਿ ਪੁਰਿ। ਆਨੰਦ ਪੁਰਿ ਆਉਣਾ]

੩੪<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੬

ਦੋਹਰਾ: ਬਜਜੋ ਨਗਾਰਾ ਕੂਚ ਕੋ,
ਕੰਪਤਿ ਨ੍ਰਿਪ ਸੁਨਿ ਤੀਰ[1]।
ਮੁਦਤ ਹੋਤਿ ਸੇਵਕ ਸਕਲ,
'ਚਢਜੋ ਗੁਬਿੰਦ ਸਿੰਘ ਬੀਰ' ॥੧॥

ਨਿਸ਼ਾਨੀ ਛੰਦ: ਸੈਨ ਸੰਗ ਓਰੜ ਚਲੀ, ਨਭ ਮਹਿਂ ਰਜ ਛਾਈ।
ਮਿਲਹਿਂ ਗ੍ਰਾਮ ਦੇ ਭੇਟ ਕੌ, ਲੇ ਦਰਸ਼ਨ ਪਾਈ।
ਦੇਤਿ ਰਜਤਪਨ, ਕੋ ਦਧੀ, ਕੋ ਘਟ ਭਰ ਪੈ ਕੋ[2]।
ਕੋ ਆਨਤਿ ਮਿਸ਼ਟਾਨ ਕੋ, ਪਗ ਸੀਸ ਲਗੈ ਕੋ ॥੨॥
ਭਾਖਹਿਂ ਸੁਜਸੁ ਪ੍ਰਤਾਪੁ ਕੋ, ਪ੍ਰਭੁ ਕੇਰ ਬਿਸਾਲਾ।
ਕਰਹਿਂ ਹਜ਼ਾਰਹੁਂ ਬੰਦਨਾ, ਜਿਤ ਦ੍ਰਿਸ਼ਟਿ ਕ੍ਰਿਪਾਲਾ।
ਦਿਨ ਮਹਿਂ ਗਮਨਤਿ ਪੰਥ ਕੋ, ਬਡ ਘਾਮ ਥਿਰੰਤੇ[3]।
ਬਸਹਿਂ ਤਹਾਂ ਪੁਨ ਜਾਮਨੀ, ਬਿਸਰਾਮ ਕਰੰਤੇ ॥੩॥
ਦਿਨਪ੍ਰਤਿ ਇਮ ਕਰਿ ਕੂਚ ਕੌ, ਮਗ ਉਲੰਘਜੋ ਸਾਰਾ।
ਸ੍ਰੀ ਕੀਰਤਪੁਰਿ ਤੀਰ ਮਹਿਂ, ਡੇਰਾ ਨਿਜ ਡਾਰਾ।
ਸ੍ਰੀ ਮੁਖ ਤੇ ਫੁਰਮਾਇਓ[+], 'ਬਹੁ ਕਰਹੁ ਕਰਾਹੂ।'
ਉਤਰਿ ਕਰਜੋ ਇਸ਼ਨਾਨ ਕੋ, ਨਿਰਮਲ ਜਲਮਾਂਹੂ ॥੪॥
ਬੰਧਿ ਸੀਸ ਉਸ਼ਨੀਕ[4] ਕੋ, ਪੁਨ ਜਿਗਾ ਸਜਾਈ।
ਕਲਗ਼ੀ ਧਰੀ ਉਤੰਗ ਬਰ, ਝੂਲਤਿ ਛਬਿ ਪਾਈ।
ਅਭਿਰਾਮਾ ਜਾਮਾ ਪਹਿਰ, ਕਸਿ ਕਟ ਸ਼ਮਸ਼ੇਰੰ।
ਭਾਥਾ ਗਰ[5], ਧਨੁ ਕਰ ਗਹੇ, ਬਨ ਕਰਿ ਸਮ ਸ਼ੇਰੰ ॥੫॥
ਗਏ ਪਿਤਾਮਾ ਥਾਨ ਕੋ, ਭਟ ਸੰਗ ਮਹਾਨੇ।
ਕਰ ਜੋਰੀ ਕਰਿ ਬੰਦਨਾ, ਅਰਦਾਸ ਬਖਾਨੇ।
ਬੈਠਿ ਲਗਾਇ ਦਿਵਾਨ ਕੌ, ਦਰਸਤਿ ਬਰ ਬੀਰੰ।
ਆਇ ਰਬਾਬੀ ਗਾਨ ਕਰਿ, ਧੁਨਿ ਰਾਗ ਗਹੀਰੰ ॥੬॥
ਤਬਿ ਪੰਚਾਂਮ੍ਰਿਤ ਬ੍ਰਿੰਦ ਕੋ, ਬਰਤਾਵਨ ਕੀਨਾ।

---

[1]ਪਾਸ ਦੇ ਰਾਜੇ।
[2]ਘੜਾ ਭਰਕੇ ਦੁੱਧ ਦਾ।
[3]ਬੜੀ ਧੁੱਪ ਵੇਲੇ ਟਿਕਾਉ ਕਰਦੇ ਹਨ।
[+]ਪਾ:-ਫੁਰਮਾਯੋ।
[4]ਦਸਤਾਰ।
[5]ਗਲੇ ਵਿਚ।

ਪੁਰਿ ਜਨ ਦਰਸਤਿ ਦੁਤਿ ਅਧਿਕ, ਸਭਿਹਿਨਿ[1] ਸੋ ਲੀਨਾ।
ਸੂਰਜਮੱਲ ਕੇ ਪੌਤ੍ਰ ਦੁਇ, ਹੁਲਸਾਵਤਿ ਆਏ।
ਕਰਿ ਦਰਸ਼ਨ ਗੁਰ ਤਰਨਿ ਕੌ[2], ਦ੍ਰਿਗ ਕਮਲ ਖਿਰਾਏ ॥੭॥
ਕੁਸ਼ਲ ਪ੍ਰਸ਼ਨ ਕਰਿ ਦੁਹਨ ਕੌ, ਸਨਮਾਨਿ ਬਿਠਾਏ।
'ਪ੍ਰਭੁ ਜੀ! ਤੁਮਰੀ ਕ੍ਰਿਪਾ ਤੇ, ਦਿਨ ਸੁਖੀ ਬਿਤਾਏ।
ਰਹੇ ਪ੍ਰਤੀਖਤਿ ਆਪ ਕੋ, ਅਬਿ ਆਵਨ ਕੀਨੋ।
ਤੁਮ ਬਿਨ ਚਿਤ ਪਰਚਜੋ ਨਹੀਂ, ਨਿਤ ਸਿਮਰਨ ਲੀਨੋ' ॥੮॥
ਮੁਸਕਾਨੇ ਸ਼੍ਰੀ ਪ੍ਰਭੁ ਕਹਜੋ, 'ਅਬਿ ਰਹੀਅਹਿ ਪਾਸਾ।
ਆਨੰਦਪੁਰਿ ਨਿਜ ਇਸਮ[3] ਕੋ, ਕਰਿ ਹੈਂ ਬਹੁ ਬਾਸਾ।'
ਸੰਧਜਾ ਲਖਿ ਰਹਿਰਾਸ ਕੋ, ਪਠਿ ਸੁਨਿ ਤਿਸ ਕਾਲਾ।
ਥਾਨ ਪਿਤਾਮਹਿ ਕੋ ਨਮੋ, ਕਰਿ ਪ੍ਰਕ੍ਰਮ[4] ਕ੍ਰਿਪਾਲਾ ॥੯॥
ਸਨੇ ਸਨੇ ਨਿਜ ਸਿਵਰ ਕਉ, ਚਲਿ ਆਇ ਗੁਸਾਈਂ।
ਰਾਇ ਗੁਲਾਬ ਸ਼ਿਆਮ ਸਿੰਘ, ਸੰਗ ਦੋਨਹੁੰ ਭਾਈ।
ਜਥਾ ਸ਼ਕਤਿ ਸੇਵਾ ਕਰੀ, ਸਤਿਗੁਰ ਹਰਖਾਏ।
ਸੁਪਤਿ ਜਥਾ ਸੁਖ ਜਾਮਨੀ, ਬਿਸ੍ਰਾਮ ਸੁ ਪਾਏ ॥੧੦॥
ਬਡੀ ਪ੍ਰਾਤਿ ਉਠਿ ਕੈ ਪ੍ਰਭੂ, ਕਰਿ ਸੌਚ ਸ਼ਨਾਨਾ।
ਬਜਜੋ ਦਮਾਮਾ ਕੂਚ ਕੋ, ਜਨੁ ਗਨ ਗਰਜਾਨਾ।
ਚਢਿ ਮਤੰਗ ਪਰ ਸਤਿਗੁਰੂ, ਪੁਰਿ ਚਹੈਂ ਪ੍ਰਵੇਸ਼ਾ।
ਸਾਯੁਧ ਜੋਧਾ ਹਯ ਚਢੇ, ਚਲਿ ਸੰਗ ਅਸ਼ੇਸ਼ਾ[5] ॥੧੧॥
ਸੁਧ ਅਨੰਦ ਪੁਰ ਕੌ ਗਈ, 'ਪਹੁੰਚੇ ਪ੍ਰਭੁ ਆਈ।'
ਸੁਨਿ ਸੁਨਿ ਸਭਿ ਕੇ ਅਨੰਦ ਉਰ, ਬਜਿ ਉਠੀ ਬਧਾਈ।
ਕਰੀ ਮਾਰਜਨ[6] ਸਭਿ ਗਰੀ[7], ਛਿਰਕਾਉ ਬਿਸਾਲਾ।
ਮੰਗਲ ਨਾਨਾ ਭਾਂਤਿ ਕੇ, ਗੁੰਦਤਿ ਗਨ ਮਾਨਾ ॥੧੨॥
ਹੋਤਿ ਹਜ਼ਾਰਨ ਕੋ ਅਧਿਕ, ਪੰਚਾਂਮ੍ਰਿਤ ਰੂਰਾ।
ਨੌਮ ਗੁਰੂ ਕੇ ਦੇਹੁਰੇ, ਨੌਬਤ ਬਜਿ ਤੂਰਾ[8]।

---

[1]ਉਹ, ਭਾਵ ਕੜਾਹ ਪ੍ਰਸ਼ਾਦ।
[2]ਗੁਰੂ ਰੂਪ ਸੂਰਜ ਦਾ।
[3]ਜੋ ਪੂਰੇ ਹੱਕ ਮੁਜਬ ਆਪਣੀ ਹੋਵੇ। [ਇਸਮ = ਨਾਮ। ਨਾਮ ਨਾਲ ਲਗੀ ਹੱਕ ਦੀ ਜਾਇਦਾਦ]।
[4]ਪ੍ਰਕਰਮਾਂ।
[5]ਸਾਰੇ।
[6]ਝਾੜੂ ਕੀਤਾ।
[7]ਸਭ ਗਲੀਆਂ ਵਿੱਚ।
[8]ਤੁਰੀਆਂ ਵੱਜੀਆਂ।

ਨਿਕਸੇ ਨਰ ਸਮੁਦਾਇ ਹ੍ਵੈ, ਲੇਵਨ ਹਿਤ ਆਗੇ।
ਲੇ ਲੇ ਰੁਚਿਰ ਅਕੋਰ ਕੋ, ਦਰਸ਼ਨ ਅਨੁਰਾਗੇ ॥੧੩॥
ਦੇਖਿ ਦੂਰ ਆਗਵਨ ਕੋ, ਦਲ ਸੰਗ ਬਿਸਾਲਾ।
ਬਿਸਮਤਿ ਵਧਯੋ ਪ੍ਰਤਾਪ ਬਹੁ, ਜਨੁ ਬਡ ਮਹਿਪਾਲਾ।
ਬਾਜਤਿ ਆਵਤਿ ਧੁਨਿ ਬਡੀ, ਰਣਜੀਤ ਨਗਾਰਾ।
ਤੁਪਕ ਤੜਾਕੇ ਛੁਟਤਿ ਹੈਂ, ਉਰ ਹਰਖ ਉਦਾਰਾ ॥੧੪॥
ਪੁਰਿ ਜਨ ਸਗਰੇ ਧਾਇ ਕਰਿ, ਜੋਰਤਿ ਜੁਗ ਹਾਥਾ।
ਅਭਿਬੰਦਨ ਕੋ ਕਰਤਿ ਹੈਂ, ਦਰਸਤਿ ਜਗਨਾਥਾ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ, ਚਾਲੇ ਅਗਵਾਯਾ।
ਪ੍ਰਵਿਸ਼ੇ ਗੁਰੂ ਅਨੰਦ ਪੁਰਿ, ਹੇਰਤਿ ਸਮੁਦਾਯਾ ॥੧੫॥
ਉਤਰੇ ਸਤਿਗੁਰੂ ਪ੍ਰਥਮ ਹੀ, ਪਦ ਕਮਲ ਪਯਾਨੇ।
ਨਵਮ ਗੁਰੂ ਕੇ ਦੇਹੁਰੇ, ਅਭਿਬੰਦਨ ਠਾਨੇ।
ਕਰੀ ਪ੍ਰਦਛਨਾ ਚਤਰ[1] ਫਿਰ, ਅਰਦਾਸ ਕਰਾਈ।
ਪੰਚਾਂਮ੍ਰਿਤ ਆਯੋ ਅਧਿਕ, ਗੁਰ ਦਿਯ ਵਰਤਾਈ ॥੧੬॥
ਪੁਨ ਪ੍ਰਵਿਸ਼ੇ ਨਿਜ ਸਦਨ ਮਹਿਂ, ਧਰਿ ਸ਼ਸਤ੍ਰ ਉਤਾਰੇ[2]।
ਕੰਚਨ ਕੇਰ ਪਲੰਘ ਪਰ, ਬੈਠੇ ਸੁਖ ਸਾਰੇ।
ਮਹਿਲ ਆਇ ਚਰਨੀ ਲਗੇ, ਦੋਨਹੁਂ ਤਿਸ ਕਾਲਾ।
ਕਰਿ ਦਰਸ਼ਨ ਕੋ ਹਰਖ ਉਰ, ਕਹਿਂ ਬਿਨੈ ਬਿਸਾਲਾ ॥੧੭॥
'ਪ੍ਰਭੁ ਜੀ! ਪੂਰਬ ਕਰਮ ਸ਼ੁਭ, ਜਿਸ ਨੇ ਫਲ ਦੀਨਾ।
ਆਪ ਸੰਗ ਸੰਜੋਗ ਭਾ, ਜਗ ਸਾਹਿਬ ਪੀਨਾ[3]।'
ਕੁਸ਼ਲ ਪ੍ਰਸਨ ਸਤਿਗੁਰੂ, ਕਰਿ ਧੀਰਜ ਤਬਿ ਦੈ ਕੈ।
ਮਾਤਾ ਗੁਜਰੀ ਕੋ ਮਿਲੇ, ਬੰਦਨ ਪਗ ਕੈ ਕੈ ॥੧੮॥
ਧਨ ਥਾਤੀ ਕੋ ਵਾਰ ਕਰਿ, ਸੁੰਘਤਿ ਬਡ ਭਾਲਾ।
ਦੇਖਿ ਪੁੱਤ੍ਰ ਕੇ ਬਦਨ ਕੋ, ਉਰ ਅਨੰਦ ਬਿਸਾਲਾ।
ਆਸ਼ਿਖ ਦੇਗ ਬਹੁ ਮਾਧੁਰੀ, 'ਹੋਵਹੁ ਸੁਤਵੰਤੇ।
ਵਧਹੁ ਪ੍ਰਤਾਪ ਸ ਕੀਰਤੀ, ਸਾਗਰ ਪਰਯੰਤੇ' ॥੧੯॥
ਪੁਨ ਸਤਿਗੁਰ ਸ਼ੁਭ ਸਦਨ, ਮਹਿਂ ਪ੍ਰਵਿਸ਼ੇ ਥਿਰ ਹੋਏ।
ਖਾਨ ਪਾਨ ਕਰਿ ਸ੍ਵਾਦ ਯੁਤਿ, ਠਹਿਰੇ ਸਭਿ ਕੋਏ।
ਪਹਿਰ ਤੀਸਰੇ ਮਹਿਂ ਉਠੇ, ਆਨੀ ਸਰਦਾਈ।

---

[1]ਚਾਰ।
[2]ਧਾਰਨ ਕੀਤੇ ਹੋਏ ਸ਼ਸਤ੍ਰ ਲਾਹੇ।
[3]ਬੜੇ।

ਬਿਜੀਆ ਕੇ ਸੰਗ[੧], ਛਕ ਲਈ, ਚਿਤ ਅਨੰਦ ਉਪਾਈ[*] ॥੨੦॥
ਸੌਚ ਸ਼ਨਾਨੇ ਕਰਿ ਤਬੈ, ਸਜਿ ਬਸਤ੍ਰ ਬਨਾਏ[੨]।
ਪਾਇ ਗਰੇ ਸ਼ਮਸ਼ੇਰ ਕੌ, ਸਮ ਸ਼ੇਰ ਸੁਹਾਏ।
ਆਏ ਸਭਾ ਸਥਾਨ ਮਹਿਂ, ਮਾਨਵ ਸਮੁਦਾਏ।
ਸੀਸ ਹਜ਼ਾਰਹੁਂ ਨਿੰਮ੍ਰਿ ਹੁਇ, ਜਿਤ ਕਿਤ ਚਹੁਂ ਘਾਏ[੩] ॥੨੧॥
ਥਿਰੇ ਸਿੰਘਾਸਨ ਸ਼੍ਰੀ ਪ੍ਰਭੂ, ਪੁਨ ਲਗਯੋ ਦਿਵਾਨਾ।
ਸੁਭਟ ਸ਼ਸਤ੍ਰ ਕੇ ਸਹਿਤ ਗਨ, ਬੈਠੇ ਤਹਿਂ ਆਨਾ।
ਦੇਸ਼ ਬਿਦੇਸ਼ਨ ਸੰਗਤਾਂ, ਬਹੁ ਚਲ ਕਰਿ ਆਈ।
ਸੁਨਿ ਸੁਨਿ ਗੁਰ ਆਗਮਨ ਕੌ, ਠਹਿਰੀ ਸਮੁਦਾਈ ॥੨੨॥
ਸੋ ਸਭਿ ਹੀ ਹਿਤ ਦਰਸ ਕੇ, ਉਮਡੀ ਇਕਸਾਰੀ[੪]।
ਲੇ ਲੇ ਅਨਿਕ ਅਕੋਰ ਕੌ, ਚਲਿ ਪਹੁਂਚਿ ਅਗਾਰੀ।
ਅਧਿਕ ਭੀਰ ਚਹੁਂ ਦਿਸ਼ਿ ਭਈ, ਨਹਿਂ ਪ੍ਰਾਪਤਿ ਬਾਰੀ।
ਕਰ ਜੋਰਹਿਂ ਸਿਰ ਧਰ[੫] ਧਰਹਿਂ, ਇਕ ਹ੍ਵੈ ਬਲਿਹਾਰੀ ॥੨੩॥
ਅੰਬਰ ਪਸ਼ਮੰਬਰ ਘਨੇ, ਪਾਟੰਬਰ ਨਾਨਾ।
ਸੈਫ[੬] ਸਰੋਹੀ ਸ਼ਕਤਿ[੭] ਖਰ[੮], ਗਨ ਬਾਨ ਕਮਾਨਾ।
ਸੁਵਰਨ ਕੇ ਭੂਖਨ ਰੁਚਿਰ, ਬਿਚ ਜਰੇ ਜਰਾਊ।
ਸਤਿਗੁਰ ਹਿਤ ਪਹਿਰਾਇਬੇ, ਆਨੇ ਸਮੁਦਾਊ ॥੨੪॥
ਅੱਗ੍ਰ ਮੇਵਰੋ ਕਰਤਿ ਹੈ, ਸਭਿਹਿਨਿ ਅਰਦਾਸੇ।
ਕਮਲ ਬਿਲੋਚਨ ਚਪਲ ਤੇ, ਦੇਖਤਿ ਨਿਜ ਦਾਸੇ।
ਏਕ ਕਹੈਂ ਮੁਖ ਕਾਮਨਾ, ਇਕ ਉਰ ਮਹਿਂ ਧਾਰੈਂ।

---

[੧]ਭੰਗ ਵਾਲੀ ਸਰਦਾਈ ਆਈ।
[*]ਭੰਗਾਣੀ ਦੇ ਜੁੱਧ ਤੋਂ ਵਾਪਸ ਆਨੰਦਪੁਰ ਆਏ ਹਨ, ਸਤਿਗੁਰੂ ਜੀ ਦੀ ਉਮਰ ਇਸ ਵੇਲੇ ੨੨, ੨੩ ਪਰ੍ਹੇ ਦੇ ਲਗ ਪਗ ਦੀ ਹੁੰਦੀ ਹੈ, ਪਹਿਲੇ ਹੀ ਕਵਿ ਜੀ ਆਪ ਨੂੰ ਸੁੱਖਾ ਛਕਾਉਂਦੇ ਆਏ ਹਨ ਦੇਖੋ ਇਸੇ ਰੁਤ ਦਾ ਅੰਸੂ ੩੩ ਅੰਕ ੨੩। ਇਹ ਗਲ ਸਮਝ ਨਹੀਂ ਪੈਂਦੀ ਕਿ ਉਸ ਛੋਟੀ ਉਮਰ ਵਿੱਚ ਮਹਾਨ ਬੀਰ ਰਸੀ ਜੋਧੇ ਨੂੰ ਇਸ ਸ਼ੈ ਦੀ ਲੋੜ ਪਈ ਹੋਵੇ। ਸੁੱਖੇ ਦੇ ਪ੍ਰੇਮੀ ਨਿਹੰਗਾਂ ਸਿੰਘਾਂ ਨੇ ਜਦੋਂ ਉਹ ਇਸ ਸ਼ੈ ਵਿੱਚ ਫਸ ਗਏ ਜੋ ਗਲਾਂ ਬਣਾਈਆਂ ਉਹਨਾਂ ਦੇ ਸੁਣੇ ਸੁਣਾਏ ਆਧਾਰ ਤੇ ਕਵਿ ਜੀ ਬੀ ਲਿਖ ਗਏ ਹਨ। ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
[੨]ਚੰਗੀ ਤਰ੍ਹਾਂ ਕਪੜੇ ਪਹਿਨੇ।
[ਖਾ: ਬੋਲਾ = ਸਜਾਉਣਾ = ਪਹਿਨਣਾ]।
[੩]ਚਾਰੋਂ ਪਾਸਿਆਂ ਤੋਂ।
[੪]ਇਕੋ ਵੇਰੀ।
[੫]ਧਰਤੀ ਤੇ।
[੬]ਸ੍ਰੀ ਸਾਹਿਬ।
[੭]ਬਰਛੀ।
[੮]ਤਿੱਖਾ।

ਘਟ ਘਟ ਕੇ ਮਾਲਿਕ ਪ੍ਰਭੂ, ਸਗਰੀ ਨਿਰਧਾਰੈਂ[੧] ॥੨੫॥
ਪੁਰਵਹਿ ਕਰਤਿ ਸੰਭਾਰਨਾ, ਨਰ ਲਾਖਹੁਂ ਕੇਰੀ।
ਲਗਜੋ ਅੰਬਾਰ ਅਕੋਰ ਕੋ, ਗਨ ਮੋਲ ਘਨੇਰੀ।
ਭਯੋ ਦਰਬ ਗੁਰ ਅੱਗ੍ਰ ਬਹੁ, ਆਯੁਧ ਅਰੁ ਚੀਰੰ।
ਧਰਿ ਧਰਿ[੨] ਇਕ ਟਕ ਦਰਸ਼ਤੇ, ਚਹੁਂ ਦਿਸ਼ਿ ਬਹੁ ਭੀਰੰ[੩] ॥੨੬॥
ਤਰੁਨ ਅਵਸਥਾ ਤਨ ਦਿਪਹਿ, ਸੁੰਦਰਤਾ ਧਾਰੈਂ।
ਕੋ ਕਵਿ ਉਪਮਾ ਕਹਿ ਸਕਹਿ, ਨਹਿਂ ਪਾਵਤਿ ਪਾਰੈ।
ਨਰ ਨਾਰੀ ਬਿਸਮੇ ਰਹਿਤ, ਨਹਿਂ ਲੋਚਨ ਫੇਰੈਂ।
ਬਦਨ ਪ੍ਰਫੁੱਲਜਤ ਕਮਲ ਪਰ, ਅਲਿ ਭ੍ਰਮਹਿਂ ਘਨੇਰੈਂ[੪] ॥੨੭॥
ਵਿਸਤ੍ਰਿਤ[੫] ਪੰਕਜ ਪੱਤ੍ਰ ਸਮ, ਆਰੁਨਤਾ ਡੋਰੇ[੬]।
ਚਪਲ ਬਿਲੋਚਨ ਚਤੁਰਤਾ, ਚਿਤਵਤਿ ਚਿਤ ਚੋਰੇ[੭]।
ਲਾਜ ਜਹਾਜ ਬਿਰਾਜਤੇ, ਕਰੁਨਾ ਰਸ ਸਾਨੇ[੮]।
ਪੈਨੀ ਅਨੀ ਕਟਾਰ ਸੇ, ਝਖ ਸਮ ਪਲਟਾਨੇ[੯] ॥੨੮॥
ਜਰੇ ਜਵਾਹਰ ਜਿਗਾ ਮਹਿਂ, ਜ਼ਾਹਿਰ ਝਮਕੰਤੇ।
ਕਲਗ਼ੀ ਝੂਲਤਿ ਡੋਲਤੇ, ਮੁਕਤਾ ਲਰਕੰਤੇ।
ਮੁਖ ਮੰਡਲ ਕੇ ਦੁਇ ਦਿਸ਼ਾ, ਕੁੰਡਲ ਰਤਨੇਤੇ[੧੦]।
ਮਾਰਤੰਡ ਜੁਗ ਮਹਿਂ ਸਸੀ, ਸ਼ੋਭਾ ਅਸ ਹੋਤੇ[੧੧][*] ॥੨੯॥
ਸਿੱਖਨ ਕੇ ਦਿਰਘ ਇਮ ਲਗੇ, ਜਨੁ ਪਿਖਹਿਂ ਚਕੋਰਾ।
ਚਹੂੰ ਓਰ ਘੇਰਤਿ ਰਹਤਿ, ਨਹਿਂ ਚਹਤਿ ਬਿਛੋਰਾ।
ਮੁਕਤਾ ਮਾਲ[੧੨] ਬਿਸਾਲ ਗਰ, ਲੋਲਕ[੧੩] ਲਟਕੰਤੀ।

---

[੧]ਭਾਵ ਸਮਝਦੇ ਹਨ।
[੨]ਭੇਟਾ ਰਖ ਰਖਕੇ।?
[੩]ਭੀੜ ਹੈ (ਸੰਗਤਾਂ ਦੀ)।
[੪]ਸਿੱਖਾਂ ਰੂਪੀ ਭੌਰੇ ਬਹੁਤੇ ਭੌਂਦੇ ਹਨ।
[੫]ਚੌੜੇ।
[੬]ਲਾਲੀ ਵਾਲੇ ਕੋਨੇ (ਅੱਖਾਂ ਦੇ)।
[੭]ਦੇਖਦਿਆਂ ਹੀ ਚਿੱਤ ਚੁਰਾ ਲੈਂਦੇ ਹਨ।
[੮]ਕ੍ਰਿਪਾ ਰਸ ਸਹਿਤ ਲੱਜਾ ਦਾ ਜਹਾਜ਼ ਹਨ (ਨੇਤ੍ਰ)।
[੯](ਨੇਤ੍ਰ ਹਨ) ਕਟਾਰ ਦੀ ਤਿੱਖੀ ਅਣੀ ਵਾਂਗ (ਮੋਹ ਕੱਟਣਹਾਰੇ) ਤੇ ਮੱਛੀ ਵਾਂਗ ਪਲਟਦੇ ਹਨ (ਭਾਵ ਚੰਚਲ ਹਨ)।
[੧੦]ਰਤਨਾਂ ਵਾਲੇ।
[੧੧](ਦੋ ਕੁੰਡਲਾਂ ਰੂਪੀ) ਦੋ ਸੂਰਜਾਂ ਵਿਚ (ਮਾਨੋ) ਚੰਦ੍ਰਮਾਂ (ਰੂਪੀ ਮੁਖ ਹੈ) ਐਸੀ ਸ਼ੋਭਾ ਹੈ।
[*]ਕੁੰਡਲ ਪਹਿਰਨੇ ਸੰਭਾਵਨਾ ਮਾਤ੍ਰ ਹਨ। ਦੇਖੋ ਰਾਸਿ ੪ ਅੰਸ ੪੫ ਅੰਕ ੨੭ ਦੀ ਟੂਕ।
[੧੨]ਮੋਤੀਆਂ ਦੀ ਮਾਲਾ।
[੧੩]ਲਟਕਣ।

ਹੀਰੇ ਚੀਰ ਚਕੋਰ ਰਚਿ, ਦੁਤਿ ਅਤਿ ਦਮਕੰਤੀ[੧] ॥੩੦॥
ਭੁਜਾ ਪ੍ਰਲੰਬਨ ਕੇ ਬਿਖੈ, ਨਵਰਤਨੇ[੨] ਪਾਏ।
ਜਨੁ ਮਹਿ ਪਰ[੩] ਨਵ ਗ੍ਰਹਿ ਉਤਰਿ, ਸੇਵਹਿ ਚਿਤ ਲਾਏ।
ਸ਼ੱਤ੍ਰੂ ਬਿਲੋਕਤਿ ਕਾਲ ਸਮ, ਜਾਨਹਿਂ -ਲੇ ਪ੍ਰਾਨਾ[੪]-।
-ਦੇਵ ਤਰੋਵਰ- ਕੋ ਲਖਹਿਂ, ਜਨ ਕਾਮਨ ਵਾਨਾ[੫] ॥੩੧॥
ਗਜਾਨੀ ਲਖਹਿਂ -ਪ੍ਰਮਾਤਮਾ, ਬਾਂਛਤਿ ਤਨ ਧਾਰਾ[੬]-।
ਨਿਸ਼ਚੇ ਭਗਤਿਨ ਕੇ ਰਿਦੈ, -ਬਿਸ਼ਨੁੰ ਅਵਤਾਰਾ-।
-ਸ਼੍ਰੀ ਨਾਨਕ ਕੋ ਤਨ ਦਸਮ-, ਸਿੱਖਨ ਮਨ ਜਾਨਾ[*]।
ਪ੍ਰਜਾ ਲਖਹਿ -ਰਾਜਾ ਮਹਾਂ, ਪਾਲਹਿ ਬਿਧਿ ਨਾਨਾ- ॥੩੨॥
ਸੰਧਜਾ ਲਗਿ ਥਿਰਿ ਸਭਾ ਮਹਿਂ, ਦਰਸ਼ਨ ਕੌ ਦੀਨਾ।
ਪੁਰੀ ਕਾਮਨਾ ਸਭਿਨਿ ਕੀ, ਦੁਖ ਦਾਰਿਦ ਹੀਨਾ।
ਸਿੰਘ ਪਵਰ[+੭] ਉਠਿ ਕਰਿ ਚਲੇ, ਸਭਿ ਬੰਦਨ ਠਾਨੀ।
ਪ੍ਰਵਿਸ਼ਹਿਂ ਸੁੰਦਰ ਸਦਨ ਮਹਿਂ, ਸਤਿਗੁਰੂ ਗੁਨ ਖਾਨੀ ॥੩੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਅਨੰਦ ਪੁਰ ਆਗਵਨ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

---

[੧]ਚਾਰ ਪਹਿਲਦਾਰ ਹੀਰੇ ਚੀਰਕੇ (ਉਸ ਵਿਚ) ਲਾਏ ਹਨ, ਜਿਨ੍ਹਾਂ ਤੋਂ।) ਦੁਤੀ ਬਹੁਤ ਚਮਕਦੀ ਹੈ।
[੨]ਨਵਰਤਨਾਂ ਵਾਲੇ (ਬਹੁੱਟੇ)।
[੩]ਮਾਨੋ ਪ੍ਰਿਥਵੀ ਤੇ।
[੪]ਵੈਰੀ ਵੇਖਕੇ ਮੌਤ ਸਮ ਜਾਣਦੇ ਹਨ ਕਿ ਹੁਣੇ ਹੀ ਪ੍ਰਾਣ ਲੈ ਲੈਣਗੇ।
[੫]ਕਲਪ ਬ੍ਰਿੱਛ (ਸਮ) ਜਾਣਦੇ ਹਨ ਕਾਮਨਾ ਵਾਲੇ ਦਾਸ।
[੬](ਪਰਮਾਤਮਾ) ਨੇ (ਸ੍ਵੈ) ਇੱਛਾ ਅਨੁਸਾਰ ਤਨ ਧਾਰਿਆ ਹੈ।
[*]ਕਵਿ ਜੀ ਨੇ ਸਿੱਖਾਂ ਦੀ ਦ੍ਰਿਸ਼ਟੀ ਵਿਚ ਕੀ ਹਨ, ਕੈਸਾ ਨਿਖੇੜ ਕੇ ਦਿਖਾਇਆ ਹੈ।
[+]ਪਾ:-ਸਿੰਘ ਠਵਨ, ਸਿੰਘਰਵਨ।
[੭]ਵਡੀ ਡੇਉਡੀ (ਅ) ਮੁੱਖ ਦਰਵਾਜ਼ਾ।

੩੬. [ਭੀਮਚੰਦ ਦਾ ਵਜ਼ੀਰ ਮੇਲ ਹਿਤ ਆਇਆ]

੩੫<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੭

ਦੋਹਰਾ: ਸੁਧਿ ਪਸਰੀ ਪੁਰਿ ਗ੍ਰਾਮ ਮਹਿਂ, ਗੁਰ ਆਨੰਦਪੁਰਿ ਆਇ।
ਸ਼ਤ੍ਰੁਨਿ ਕੇ ਚਿੰਤਾ ਬਧੀ, ਸਿੱਖਨ ਸੁਨਿ ਸੁਖ ਪਾਇ ॥੧॥

ਸ੍ਵੈਯਾ: ਆਨ ਬਸੇ ਕਹਿਲੂਰ ਸੁ ਦੇਸ਼
ਅਸ਼ੇਸ਼ ਜਹਾਂ ਸੁਖ ਰੂਰ[1] ਬਿਸਾਲਾ।
ਸਤੱਦ੍ਰਵ ਕੀ ਸਰਿਤਾ ਬਰ ਕੂਲ[2]
ਸੁ ਨੀਰ ਗਹੀਰ[3] ਸਦਾ ਜਿਸ ਚਾਲਾ।
ਸੈਲ ਉਤੰਗ ਦਿਸ਼ਾ ਦੁਸਰੀ
ਕਰਿਬੇ ਹਿਤ ਸੈਲ ਮਹਾਂ ਛਬਿ ਵਾਲਾ।
ਚੰਡ ਪ੍ਰਚੰਡ ਕੋ ਨੈਨ ਸਥੰਡਲ
ਦੀਨ ਅਖੰਡਲ ਕੋ ਸੁਰ ਜਾਲਾ[4++] ॥੨॥
ਕੀਰਤਿ ਕੌ ਬਿਸਤੀਰਤਿ ਹੈਂ ਗਨ
-ਸੈਲ ਪਤੀ ਸਭਿ ਜੀਤ ਲਏ-।
ਲੋਕ ਬਸਾਵਤਿ ਹੈਂ ਪੁਰਿ ਆਨੰਦ
ਦਾਨ ਕੋ ਦੇਤਿ ਹੈਂ ਮਾਨ ਕਏ[5]।
ਜੋ ਗੁਨਵੰਤਿ ਉਚਾਰਤਿ ਹੈਂ
ਜਸੁ ਬਾਂਛਤਿ ਸੋ ਧਨ ਲੇਤਿ ਭਏ।
ਦੂਰ ਤੇ ਆਵਤਿ ਛੰਦ ਸੁਨਾਵਤਿ
ਪਾਵਤਿ ਦਰਬ ਦਰਿੱਦ੍ਰ ਹਏ[6] ॥੩॥
ਭੀਰ ਅਨੇਕ ਘਨੀ ਪੁਰਿ ਆਨੰਦ
ਆਨਿ ਦੁਕਾਨ ਕਰੇ ਬਿਵਹਾਰਾ।
ਅੰਬਰ ਲੇ ਪਸ਼ਮਬੰਰ ਕੋ ਗਨ
ਬ੍ਰਿੰਦ ਪਟੰਬਰ ਕੇਰਿ ਅੰਬਾਰਾ।

---

[1]ਸੁੰਦਰ।
[2]ਕੰਢਾ।
[3]ਡੂੰਘਾ।
[4]ਜਿਸ ਚੰਡਿਕਾ ਨੇ ਇੰਦਰ ਨੂੰ ਸੂਰਗ ਦਿੱਤਾ (ਉਸ) ਤੇਜ ਵਾਲੀ ਚੰਡਿਕਾ ਦੇ ਨੈਣਾਂ ਦਾ ਥੜਾ ਯਾ ਟਿੱਲਾ। [ਅਖੰਡਲ = ਇੰਦ੍ਰ]।
[++]ਪਰ ਅੱਗੇ ਜਾਕੇ ਕਵੀ ਜੀ ਇਸ ਥਾਂ ਨੂੰ ਨੈਣੇ ਜੱਟ ਦੇ ਨਾਮ ਨਾਲ ਸਬੰਧਤਿ ਦੱਸਣਗੇ ਤੇ ਕਹਿਣਗੇ ਕਿ ਇਸ ਨੇ ਥਾਂ ਪ੍ਰਗਟ ਕੀਤਾ ਤੇ ਇਸਦੇ ਨਾਂ ਤੇ ਵੱਜਿਆ। ਸਤੀ ਦੇ ਨੈਣਾਂ ਨਾਲ ਇਸ ਨੂੰ ਏਥੇ ਸੰਬੰਧਤਿ ਦੱਸਿਆ ਹੈ ਪਰ ਨੈਣੀ ਤਾਲ ਦੇ ਮੰਦਰ ਵਾਲੇ ਸਤੀ ਦੇ ਨੈਣ ਉਥੇ ਡਿੱਗੇ ਦੱਸਦੇ ਹਨ।
[5]ਮਾਨ ਕਰਕੇ।
[6]ਨਾਸ਼ ਹੋ ਜਾਂਦਾ ਹੈ।

ਬੈਠਿ ਸਰਾਫ ਸੁ ਥਾਤਨਿ ਲੈ[੧],
ਰਜਤੰ[੨] ਗਨ ਕੰਚਨ[*] ਕੀਨਿ ਵਪਾਰਾ।
ਭੂਖਨ ਬ੍ਰਿੰਦ ਧਰੇ ਤਨ ਮੈਂ
ਪਹਿਰੇ ਬਰ ਚੀਰ ਬਸ੍ਯੋ ਪੁਰਿ ਸਾਰਾ ॥੪॥
ਸ੍ਰੀ ਪ੍ਰਭੁ ਨੀਤ ਬਿਚਾਰਿ ਰਿਦੇ ਮਹਿਂ
ਕੀਨਿ ਕਿਲਾ ਚਿਨਵਾਵਨਿ ਕੋ।
ਮੋਰਚੇ ਬ੍ਰਿੰਦ ਰਖੇ ਹਤਿਬੇ ਕਹੁ
ਆਵਤਿ ਸ਼ੱਤ੍ਰੁਨ ਘਾਵਨ[+] ਕੋ।
ਕੋਟ ਮਹਾਂ ਦ੍ਰਿੜ੍ਹ ਪਾਹਨ ਕੋ ਕਰਿ
ਬੀਚ ਭਲੇ ਲਰਵਾਵਨ ਕੋ।
ਸਿੰਘ ਸੁ ਪੌਰ[੩] ਰਚ੍ਯੋ ਉੱਚ ਠੌਰਹਿਂ
ਚੌਰ ਬਿਸਾਲ[੪] ਸੁਹਾਵਨ ਕੋ ॥੫॥
ਬੀਰ ਫਿਰੈਂ ਬਡ ਬਾਹਨਿ ਕੌ ਬਲ
ਬਾਹਨ, ਬ੍ਰਿੰਦ ਤੁਰੰਗ ਤਬੇਲੇ[੫]।
ਆਯੁਧ ਸੁੰਦਰ ਕੌ ਕਰ ਧਾਰਤਿ
ਪੋਸ਼ਿਸ਼ ਸੂਖਮ ਅੰਗਨਿ ਮੇਲੇ।
ਜ਼ੀਨ ਜ਼ਰੀ ਬਰ ਜ਼ੇਬ ਜਗਾਮਗ[੬],
ਜੋ ਭਟ ਆਇਂ ਤੌ ਰਾਖਿ ਸੁਹੇਲੇ।
ਸੈਨ ਬ੍ਰਿਧਾਵਤਿ ਸੰਘਰ ਪਾਵਤਿ
ਬੋਲਤਿ ਹੈਂ ਉਤਸਾਹਿਨਿ 'ਲੇ ਲੇ[੭]' ॥੬॥
ਕਬਿੱਤ: ਗੁਰੂ ਕੇ ਸ਼ਰਨ ਭਯੋ ਦਾਰਿਦ ਹਰਨ ਬ੍ਰਿੰਦ[੮]
ਤਾਰਨ ਤਰਨ ਜਿਨ ਕੇ ਨ ਸਮ ਆਨ ਕੋ[੯]।

---

[੧]ਥੈਲੀਆਂ ਲੈਕੇ।
[੨]ਚਾਂਦੀ।
[*]ਪਾ:-ਕੇਚਿਤ, ਬੇਚਿਤ।
[+]ਪਾ:-ਸ਼ਤ੍ਰੁ ਨਸਾਵਨਿ।
[੩]ਵੱਡਾ ਦਰਵਾਜ਼ਾ, ਸ਼ਾਹੀਦਰ।
[੪]ਬਹੁਤ ਚੌੜਾ।
[੫](ਜੱਥੇ ਫਿਰਨ ਬੀਰ ਵਡੀਆਂ ਫੌਜਾਂ ਵਾਲੇ ਤੇ ਬਾਹਾਂ ਦੇ ਬਲ ਵਾਲੇ ਅਤੇ ਓਥੇ ਹੋ ਗਏ ਘੋੜਿਆਂ ਦੇ ਬਹੁਤ ਤਬੇਲੇ।
[੬]ਸ੍ਰੇਸ਼ਟ ਜ਼ਰੀ ਦੀਆਂ ਕਾਠੀਆਂ ਨਾਲ ਜਿਨ੍ਹਾਂ ਦੀ ਸ਼ੋਭਾ ਜਗਮਗਾਉਂਦੀ ਹੈ।
[੭]ਉਤਸ਼ਾਹ ਨਾਲ ਬੋਲਦੇ ਹਨ ਇਹ ਬੀ ਲੈ ਲਵਾਂਗੇ ਇਹ ਬੀ ਲੈ ਲਵਾਂਗੇ।
[੮]ਦ੍ਰਿਦਰ ਦੂਰ ਕਰਨ ਲਈ ਬਹੁਤੇ ਗੁਰੂ ਕੀ ਸ਼ਰਨ ਆਏ।
[੯]ਜਹਾਜ਼ ਵਾਂਙੂ ਤਾਰਨ ਵਿਚ ਜਿਨ੍ਹਾਂ ਤੁਲ ਕੋਈ ਸਮਰੱਥ ਨਹੀਂ।?

ਸੁਨਿ ਸੁਨਿ ਬਾਨੀਏ ਬਨਜ ਕੇ ਕਰਨ ਹਿਤ
ਵੱਖਰ ਮਹਾਨ ਧਨ ਪਾਵਤਿ ਦੁਕਾਨ ਕੋ।
ਸਿੱਖ ਸਮੁਦਾਇ ਬਸੇ ਲਾਭ ਕੌ ਬਿਸਾਲ ਜਾਨਿ,
ਦਰਸ਼ਨ ਪ੍ਰਭੁ ਅਰੁ ਜੀਵਾ ਗੁਜ਼ਰਾਨ ਕੋ।
ਧਰੈਂ ਮਨ ਕਾਮਨਾ ਕੋ ਧਾਮਨਿ ਬਨਾਇ, ਤੁਮ
ਦੁੱਖ ਕੀ ਨ ਗਮ[੧] ਭਏ ਮਹਾਂ ਸੁਖਵਾਨ ਕੋ ॥੭॥
ਆਈ ਨਵੋਂ ਨਿੱਧਿ, ਸਭਿ ਕਾਰਜ ਕੌ ਕਰਹਿਂ ਸਿੱਧ,
ਰਿੱਧਿ ਭਈ ਘਰ ਘਰ, ਕਮੀ ਹੈ ਨ ਕਾਹਿ ਕੀ।
ਬਸੈਂ ਬੁੱਧਿਮਾਨ ਗੁਨ ਸੰਗ੍ਰਹ ਕੀ ਚਾਹ ਜਾਨਿ[੨],
ਸੁਨਿ ਸੁਨਿ ਕਾਨ ਆਨਿ ਆਨਿ ਥਿਤ ਤਾਹਿ ਕੀ[੩]।
ਨਏ ਨਿਤ ਮੰਗਲ, ਉਮੰਗ ਸੰਗ ਨਾਰੀ ਨਰ
ਰੰਗ ਰੰਗ ਕੌਤਕ ਬਿਲੰਦ ਉਤਸਾਹਿ ਕੀ[੪]।
ਅਧਿਕ ਅਨੰਦ ਪੁਰਿ ਭਯੋ ਹੈ ਅਨੰਦ ਪੁਰ[੫]
ਸ੍ਰੀ ਗੁਬਿੰਦ ਸਿੰਘ ਜੀ ਬਸਾਯੋ ਬ੍ਰਿੰਦ ਚਾਹਿ ਕੀ[੬] ॥੮॥
ਜੈਸੇ ਸ਼ਜਾਮ ਘਨਲਰਿ ਮਥਰਾ ਮਹਿਂ ਸ਼ੱਤ੍ਰੁ ਹਨ,
ਪਾਇ ਬਿਜੈ ਲੱਛਮੀ ਬਸਾਈ ਜਾਇ ਦ੍ਵਾਰਕਾ।
ਜੈਸੇ ਰਾਮਚੰਦ ਧਰਿ ਪ੍ਰਾਕ੍ਰਮ ਬਿਲੰਦ ਲੰਕ
ਰਾਵਨ ਨਿਕੰਦ ਕਰਿ ਔਧ ਕੀ ਸੰਭਾਰ ਕਾ[੭]।
ਜੈਸੇ ਪਰਹੂਤ ਹਤਿ ਦੈਤਨ ਕੇ ਪੂਤ ਗਨ
ਬਹੁਰੋ ਬਸਾਏ ਦੇਵ ਲੋਕ ਸੁਖਕਾਰਕਾ[੮]।
ਤੈਸੇ ਸ੍ਰੀ ਗੁਬਿੰਦ ਸਿੰਘ ਪਾਂਵਟਾ ਕੌ ਜੀਤਿ ਜੰਗ
ਆਨਿ ਕੈ ਅਨੰਦ ਪੁਰਿ ਬਾਸੇ ਦੇਸ਼ ਚਾਰੁਕਾ ॥੯॥

ਸੋਰਠਾ: ਬਸੇ ਨਾਰਿ ਨਰ ਬ੍ਰਿੰਦ,
ਲਹਯੋ ਅਨੰਦ ਬਿਲੰਦ ਸਭਿ।
ਦੋਹਾ ਕੀਨਿ ਮੁਕੰਦ, ਸ੍ਰੀ ਮੁਖ ਤੇ ਇਮ ਲਿਖਯੋ ਤਬਿ ॥੧੦॥

---

[੧](ਤਮ =) ਅੱਗਜਾਨ ਤੇ ਦੁਖ ਦਾ ਗਮ ਨਹੀਂ ਰਿਹਾ। (ਅ) ਦੁਖ ਦਾ ਗਮ (ਤਮ =) ਅਤਿਸ਼ੈ ਕਰਕੇ ਭਾਵ ਮੂਲੋਂ ਨਹੀਂ ਰਿਹਾ ਹੈ।
[੨]ਗੁਣਾਂ ਨੂੰ ਇਕੱਠਾ ਕਰਨ ਦੀ ਇੱਛਾ ਜਾਣਕੇ।
[੩]ਤਿੱਥੇ ਆ ਆ ਕੇ ਟਿਕਾਣਾ ਕਰਦੇ ਹਨ।
[੪]ਵੱਡੇ ਉਤਸਾਹਾਂ ਵਾਲੇ।
[੫]ਅਨੰਦ ਨਾਲ ਪੂਰਨ।
[੬]ਸਾਰਿਆਂ ਦੀ ਇੱਛਾ ਪੂਰੀ ਕਰਨ ਲਈ।
[੭]ਅਯੁੱਧਿਆ ਦੀ ਸੰਭਾਲ ਕੀਤੀ।
[੮]ਜਿਵੇਂ ਇੰਦ੍ਰ ਨੇ ਪਹਿਲੋਂ ਦੈਂਤਾਂ ਦੇ ਪੁੱਤ੍ਰ ਮਾਰ ਕੇ ਸੁਖ ਕਰਨ ਵਾਲੇ ਸੁਰਗ ਨੂੰ ਵਸਾਇਆ ਸੀ।

ਸ਼੍ਰੀ ਮੁਖਵਾਕ:

ਦੋਹਰਾ: ਜੁੱਧ ਜੀਤ ਆਏ ਜਬੈ ਟਿਕੇ ਨ ਤਿਨ ਪੁਰਿ* ਪਾਂਵ ॥
ਕਾਹਲੂਰ ਮੈਂ ਬਾਂਧਯੋ+ ਆਨਿ ਅਨੰਦ ਪੁਰਿ ਗਾਂਵ ॥੩੬॥

ਕਬਿੱਤ: ਹੇਰਤਿ ਸਵੇਰ ਕੋ ਅਰੂਢਤਿ ਅਖੇਰ ਕੋ,
ਅਨੀਕ ਲੇ ਬਡੇਰ ਕੋ, ਅਨਿਕ ਬਨਿ ਗਾਹਹੀਂ।
ਦੁੰਦਭਿ ਬਜਤਿ ਬਡੀ ਬੰਬ ਸੋਂ ਗਜਤਿ,
ਉਤਸਾਹ ਸੋਂ ਸਜਤਿ ਸੁਨਿ ਸੂਰਮਾ ਉਮਾਹਹੀਂ।
ਚੀਤੇ ਅਰੁ ਬਾਜ ਸ੍ਵਾਨ ਸ਼ਿਕਰੇ ਲੈ ਸੰਗ ਘਨੇ
ਹਨੇ ਮ੍ਰਿਗ, ਸਸੇ, ਕੋਲ, ਜਾਨ ਦੇਂ ਨ ਤਾਂਹ ਹੀ[1]।
ਦੁੱਜਨ ਕੀ ਛਾਤੀ ਦਰ, ਸੱਜਨ ਕੋ ਮੋਦ ਕਰਿ,
ਚੋਰ ਠਗ ਪ੍ਰਾਨ ਹਰਿ ਨੀਤਿ ਨਿਰਬਾਹ ਹੀ[2] ॥੧੧॥
ਸਤਿਗੁਰ ਬਿਨਾ ਦਲ ਚੜੈ ਬਹੁ ਧਾਰਿ ਬਲ,
ਕਾਹਲੂਰ ਗ੍ਰਾਮਨਿ ਮੈਂ ਤ੍ਰਾਸ ਉਪਜਾਵਈ।
ਮਿਲੇ ਭੇਟ ਦੇਇ ਤਾਂ ਕੇ ਰੱਖਕ ਬਨੇਇੰ ਸਭਿ
ਬੇਮੁਖ[3] ਕੋ ਲੂਟ ਲੇਹਿੰ ਮਾਨ ਬਿਨਸਾਵਈਂ।
ਅੰਨ ਬ੍ਰਿੰਦ ਛੀਨੈਂ, ਅਜਾ ਪੂਤ ਜਿਤ ਚੀਨੈਂ[4] ਲੇਤਿ,
ਦੂਧ ਦਧਿ ਬਾਸਨ ਅਵਾਸਨ ਉਠਾਵਈ[5]।
ਸੰਚਜ ਘਾਸ ਲੇਤਿ, ਬੋਲੇ ਮੂਢਕੋਂ[6] ਝਿਰਕ ਦੇਤਿ,
ਮਾਰ ਕੂਟ ਨੀਤ ਹੋਤਿ ਜੱਤ੍ਰ ਤੱਤ੍ਰ ਜਾਵਈਂ* ॥੧੨॥

---

*ਪੁਰਿ ਤੋਂ ਭਾਵ ਪਾਂਵਟਾ ਹੈ।

+ਬੰਨ੍ਹਣ ਦਾ ਭਾਵ ਨਵੇਂ ਸਿਰ ਸਾਜਣਾ ਨਹੀਂ ਹੈ, ਪਰ ਅਗਲੇ ਨੂੰ ਕਿਲ੍ਹੇ ਕੋਟ ਆਦਿ ਸਮਾਨਾਂ ਨਾਲ ਸੁਰੱਖਜਤ ਕਰਨ ਤੋਂ ਹੈ। ਕਿਉਂਕਿ ਹੁਣ ਰਾਜਨੀਤੀ ਦੱਸਦੀ ਹੈ ਕਿ ਰਾਜੇ ਜੇ ਆਣ ਪਏ ਤਾਂ ਜੁੱਧ ਜ਼ਰੂਰ ਕਰਨਾ ਪਵੇਗਾ। ਦੂਸਰੇ ਪਾਉਂਟੇ ਜਾਣ ਮਗਰੋਂ ਵਪਾਰੀ ਤੇ ਹੋਰ ਲੋਕ ਬਹੁਤ ਚਲੇ ਗਏ ਸਨ, ਬੇਰੌਣਕੀ ਹੋ ਗਈ ਸੀ ਸੋ ਮੁੜਕੇ ਆ ਕੇ ਆਬਾਦ ਕੀਤਾ।

[1]ਜਾਣੇ ਨਹੀਂ ਦਿੰਦੇ ਤਿਨ੍ਹਾਂ (ਜਨੌਰਾਂ) ਨੂੰ।

[2]ਨੀਤੀ ਨਿਬਾਹੁੰਦੇ ਹਨ।

[3]ਬੇਮੁਕ ਤੋਂ ਮੁਰਾਦ ਨਿਮਕ ਹਰਾਮਾਂ ਦੀ ਹੈ ਯਾ ਵੈਰ ਭਾਵ ਵਾਲਿਆਂ ਦੀ।

[4]ਬਕਰੇ ਜਿੱਧਰ ਦੇਖਣ।

[5]ਦੁੱਧ ਦਹੀ ਦੇ ਭਾਂਡਿਆਂ ਨੂੰ ਘਰਾਂ ਵਿਚੋਂ ਉਠਾ ਲੈਂਦੇ ਹਨ।

[6]ਇਕੱਠਾ ਕੀਤਾ ਹੋਇਆ ਘਾਹ ਲੈ ਲੈਂਦੇ ਹਨ ਜੋ ਮੂਰਖ ਅੱਗੋਂ ਬੋਲੇ ਉਸ ਨੂੰ.....।

*ਇਹਨਾਂ ਦਾ ਅਸਲ ਅਰਥ ਜਾਕੇ ਅੱਗੇ ਖੁਲ੍ਹਦਾ ਹੈ, ਇਸੇ ਅੰਸੂ ਦਾ ਦੇਖੋ ਅੰਗ ੨੧, ੨੨, ੨੩ ਪੁਨਾ ਅੰਸੂ ੩੭ ਅੰਕ ੧੧। ਸ਼ਿਕਾਰ ਸੈਰ ਨੂੰ ਬਾਹਰ ਗਏ ਦੁੱਧ ਦਹੀਂ ਘਾਹ ਜੋ ਲੋੜ ਪੈਂਦੀ ਹੈ ਸੋ ਲੈਂਦੇ ਹਨ ਅਰ ਮੁੱਲ ਬੀ ਦੇਂਦੇ ਹਨ, ਰੌਲਾ ਇਹ ਪੈਂਦਾ ਹੈ ਕਿ ਪਹਾੜੀਏ ਦੇਣੋ ਨਾਂਹ ਕਰਦੇ ਤੇ ਆਕੜਦੇ ਹਨ। ਏਕ ਲੋਕ ਜੋ ਸਿਪਾਹੀ ਹਨ ਫੇਰ ਲੋੜੀਂਦੀਆਂ ਚੀਜ਼ਾਂ ਪੈਸੇ ਦੇ ਕੇ ਖੋਹ ਲੈਂਦੇ ਹਨ, ਇਹ ਲਸ਼ਕਰਾਂ ਦੀ ਨੀਤੀ ਵਿਚ ਬਾਤ ਹੈ ਅੰਕ ੨੩ ਵਿਚ 'ਔਰ ਨ ਬਿਗਾਰੈਂ ਕਛੁ' ਵਿਚ ਸਾਰਾ ਭਾਵ ਉਪਰਲਾ ਆ ਗਿਆ ਹੈ। ਪਾਉਂਟੇ ਦੀ ਫਤਹ ਵਿਚ ਇਹ ਸਾਰੇ ਹੱਕ ਭੀਮਚੰਦ ਤੋਂ ਪ੍ਰਾਪਤ ਕਰ ਲਏ ਜਾਪਦੇ ਹਨ। ਅੰਕ ੨੦ ਵਿਚ ਦੂਤ ਕਹਿੰਦਾ ਹੈ, 'ਸੰਧਿ ਕੋ ਬਿਚਾਰ ਕਰ' ਮਾਨੋ ਕਿਸੇ ਹੋ ਚੁਕੇ ਮੇਲ ਨੂੰ ਯਾਦ ਕਰਾਉਂਦਾ ਹੈ। ਵਿਸ਼ੇਸ਼ ਲਈ ਦੇਖੋ ਪੰਨਾ ੪੮੨੭ ਦੀ ਹੇਠਲੀ ਟੂਕ।

ਗ੍ਰਾਮਨ ਕੇ ਨਰ ਇਮ ਧਾਮਨ ਕੇ ਦੁੱਖ ਭਰਿ
ਨਾਹਿਨ ਅਰਾਮ ਪਾਇ ਜਾਤਿ ਹੈਂ ਪੁਕਾਰ ਕੌਂ।
ਊਚੇ ਮੁਖ ਗਾਵਹਿਂ ਨਿਜ ਰਾਜੇ ਕੋ ਸੁਨਾਵਹਿਂ ਕੂਕ
'ਲੇਤਿ ਨਿਤ ਮਾਮਲਾ[1] ਨ ਹੋਇ ਰਖਵਾਰ ਕੌਂ[2]।
ਗੁਰੂ ਦਲ ਆਵੈ ਬਡ ਦੁੰਦ ਕੋ ਉਠਾਵੈ ਦੇਸ਼,
ਲੂਟ ਕੋ ਮਚਾਵੈ ਫਿਰ ਹੇਰੈ ਘਰ ਬਾਰ ਕੌਂ[3]।
ਘਾਸਹੂੰ ਨ ਛੋਰੈਂ, ਦੂਧ ਦਧਿ ਹੂੰ ਕੋ ਟੋਰੈਂ,
ਬਹੁ ਬਾਸਨ ਕੋ ਫੋਰਹਿਂ, ਤ੍ਰਾਸ ਦੇਤਿ ਨਰ ਨਾਰਿ ਕੌਂ' ॥੧੩॥
ਸੁਨੈ ਭੀਮਚੰਦ ਗਨ ਸੈਲ ਕੋ ਨਰਿੰਦ ਮਹਾਂ
ਪ੍ਰਭੁ ਕੋ ਬਿਲੰਦ ਜਾਨਿ ਧਾਰੈ ਮੁਖ ਮੌਨ ਕੌਂ।
ਪ੍ਰਜਾ ਦੁਖ ਪਾਵੈ ਬਾਰਿ ਬਾਰਿ ਹੀ ਸੁਨਾਵੈ ਕੂਕ
'ਕਯੋਂ ਨ ਸੁਨੈ ਭੂਪ ਕੀਨੋ ਦੇਸ਼ ਨਜਾਇ ਔਨ ਕੌਂ[4]।'
ਰਿਦੇ ਪਛੁਤਾਇ ਕਛੁ ਬਸ ਨ ਬਸਾਇ ਜਬਿ
ਬਲ ਕੋ ਬਿਚਾਰੇ ਸਤਿਗੁਰੂ ਉਰ ਭੌਨ ਕੌਂ।
-ਫਤੇਸ਼ਾਹ ਸੰਗ ਜੰਗ ਕੀਨੋ ਅੰਗ ਭੰਗ ਭਟ,
ਅਵਨੀ ਸੋ ਰੰਗ ਰੰਗ ਕੀਨ ਥਲ ਤੌਨ ਕੌ[5]- ॥੧੪॥
ਹੋਇ ਮਨ ਭੀਰੁ ਕੋ[6], ਹਕਾਰਯੋ ਹੈ ਵਜ਼ੀਰ ਕੋ
ਬਿਠਾਇ ਕਰਿ ਤੀਰ ਬੀਰ ਆਪਨੇ ਬੁਲਾਇ ਔਰ।
ਬੂਝਯੋ ਸਭਿ ਸੰਗ 'ਅਬਿ ਕਰੈਂ ਕੌਨ ਢੰਗ? ਕਹੋ,
ਪ੍ਰਜਾ ਸੁਖ ਭੰਗ ਭਯੋ ਆਪਨੀ ਸਗਲ ਠੌਰ[7]।
ਜੰਗ ਹੂੰ ਨ ਬਨੈ, ਰਸ ਰੰਗ[8] ਹੂੰ ਨ ਬਨੈ, ਕੁਛ
ਮੌਨ ਹੂੰ ਨ ਬਨੈ, ਨਿਤ ਮਾਚਤ ਅਧਿਕ ਰੌਰ।
ਕਹੋ ਕਹਾਂ ਕਰੈਂ ਜਯੋਂ ਕਲੇਸ਼ਨ ਕੋ ਹਰੈਂ ਅਬਿ,

---

[1](ਤੁਸੀਂ) ਲੈਂਦੇ ਹੋ ਮਾਮਲਾ।
[2](ਤੁਸੀਂ) ਰਾਖੇ ਕਿਉਂ ਨਹੀਂ ਹੁੰਦੇ।
[3]ਭਾਵ ਖਾਣ ਪੀਣ ਦਾ ਸਾਮਾਨ ਘਰਾਂ ਵਿਚੋਂ ਰਿੱਧਾ ਪੱਕਾ ਕੜ੍ਹਿਆ ਜੰਮਿਆ ਲੈ ਲੈਂਦੇ ਹਨ (ਅਗੇ ਵੇਰਵਾ ਆਪ ਹੀ ਦੱਸਦੇ ਹਨ)।
[4](ਕੂਕ) ਕਿਉਂ ਨਹੀਂ ਸੁਣਦਾ ਹੈਂ ਹੇ ਰਾਜਾ (ਤੂੰ), ਨਾ ਆ ਕੇ ਦੇਸ਼ ਦਾ ਕੋਈ ਨਜਾਯ ਕੀਤਾ ਹੈ (ਤੂੰ) [ਕੀਨੋ+ਔਂ+ਨਾ+ਕੋ = ਕੀਤਾ ਆਕੇ ਨਹੀਂ ਕੋਈ ਨਜਾਯ]। (ਅ) ਆਪਣੇ ਦੇਸ਼ ਤੇ (ਔਨ = ਧਰਤੀ ਦਾ ਨਜਾਯ) (ਕੀਨੋ =) ਕਰਨਾ ਚਾਹਿਯੇ।
[5]ਧਰਤੀ ਨੂੰ ਲਾਲ ਰੰਗ ਨਾਲ ਰੰਗ ਦਿੱਤਾ [ਸੁਰੰਗ = ਲਾਲ ਰੰਗ]।
[6]ਭਾਵ ਮਨ ਵਿਚ ਡਰ ਖਾਕੇ।
[7]ਆਪਣੀਆਂ ਸਾਰੀਆਂ ਥਾਵਾਂ ਤੇ ਪ੍ਰਜਾ ਦਾ ਸੁਖ ਨਾਸ਼ ਹੋ ਗਿਆ ਹੈ।
[8]ਭਾਵ ਪਿਆਰ ਵਾਲਾ ਮੇਲ।

ਕਹਾਂ ਲਗਿ ਡਰੈਂ ਹੇਰਿ ਸੋਢੀ ਬੰਸ ਸੀਸ ਮੌਰ[1]' ॥੧੫॥
ਸੁਨਿ ਕੈ ਵਜ਼ੀਰ ਬੈਠਯੋ ਤੀਰ ਦੀਨਿ ਧੀਰ ਉਰ
'ਤਜੋ ਬਹੁ ਪੀਰ, ਗੁਰ ਪੀਰਨ ਕੋ ਪੀਰ ਜਾਨਿ।
ਮਿਲਿਨਿ ਭਲੇਰੋ ਅਬਿ ਨੀਕੋ ਮਤਿ ਮੇਰੋ ਸ਼ੁਭ,
ਪ੍ਰਭੁ ਕੇ ਦਰਸ ਹੇਰੋ ਚਲੋ ਚਿਤਚਿੰਤ ਹਾਨਿ।
ਸੁਖ ਨ ਬਖੇਰੇ ਬੀਚ, ਦੁਖੀ ਹੁਇੰ ਉਚ ਨੀਚ,
ਨੇਹ ਨੀਰ ਸੀਂਚ ਵਧੈ ਮੋਦ ਤਰੁ ਲੇ ਮਹਾਨ[2]।
ਪ੍ਰਜਾ ਅਰੁ ਆਪਣੀ ਕੱਲਜਾਣ ਕੋ ਪਛਾਨ ਕਰਿ
ਬੈਰ ਤਜਿ ਦੀਜੀਏ ਨ ਖੀਝੀਏ, ਵਿਚਾਰਵਾਨ!' ॥੧੬॥
ਬੈਠੇ ਨਰ ਆਨਿ ਜੇਈ ਸਭਿਹੂੰ ਬਖਾਨ ਕੀਨਿ
'ਭਾਖਤਿ ਵਜ਼ੀਰ ਨੀਕੋ ਮਤਿ ਸੁਖਦਾਇ ਕੋ।
ਭੇਜੀਏ ਵਕੀਲ ਕੋ ਸੁਸ਼ੀਲ ਕੋ ਜਨਾਇ ਤਹਾਂ
ਸੰਧ ਕਰਿ[3] ਆਇ ਹੈ, ਨ ਹੋਇ ਜੰਗ ਘਾਇ ਕੋ।
ਸੁਨੋ ਅਵਨੀਪ ਨਿਤ ਬਸਨ ਸਮੀਪ ਕੋ ਹੈ,
ਰਸ ਮੈਂ ਅਨੰਦ ਹੋਤਿ ਸਹਿਜ ਹੀ ਸੁਭਾਇ ਕੋ।
ਨਾਤੁਰ ਕਲੇਸ਼ ਕੋ ਵਿਸ਼ੇਸ਼ ਹੀ ਵਿਰਸ[4] ਕਰੈ
ਰਈਯਤ ਅਸ਼ੇਸ਼ ਕੌ ਨਰੇਸ਼ ਅਰੁ ਪਾਇ ਕਉ[5]' ॥੧੭॥
ਸੁਨਯੋ ਭੀਮਚੰਦ ਨੀਕੋ ਮਾਨਿ ਕੈ ਬਿਲੰਦ ਮਨ,
ਕ੍ਰੋਧ ਕੋ ਨਿਕੰਦ ਕੀਨਿ ਦੂਤ ਕਉ ਪਠਾਯੋ ਹੈ।
'ਪਦ ਅਰਬਿੰਦ ਕਰੋ ਬੰਦਨਾ ਕੋ ਬੰਦਿ ਹਾਥ
-ਛਿਮਾ ਧਰੋ ਨਾਥ! ਭੂਲ ਚੂਕ ਬਖਸ਼ਾਯੋ ਹੈ-।'
ਸੁੰਦਰ ਅਕੋਰ ਦੀਨਿ, ਲੇ ਕਰਿ ਗਮਨ ਕੀਨਿ,
ਚੀਨ ਕੇ ਪ੍ਰਬੀਨ ਬਲੀ ਗੁਰੂ ਸ਼ਾਮ ਆਯੋ ਹੈ[6]।
ਆਨਿ ਕੈ ਅਨੰਦਪੁਰਿ ਆਨੰਦ ਬਿਲੰਦ ਹੇਰਯੋ
ਸੁੰਦਰ ਸਥਾਨ ਮੈਂ ਸਿਵਰ ਨਿਜ ਪਾਯੋ ਹੈ ॥੧੮॥
ਪੌਰ ਪਰ ਪੌਰਦਾਰ ਖਰੇ ਤਿਸ ਠੌਰ ਹੋਇ,

---

[1]ਸੋਢੀਆਂ ਦੇ ਸਿਰ ਦਾ ਮੁਕਟ।
[2]ਭਾਵ ਉਚੇ ਭਾਵੇਂ ਨੀਵੇਂ ਸਭ ਨੂੰ ਬਖੇੜੇ ਵਿਚ ਦੁਖ ਹੀ ਹੁੰਦਾ ਹੈ, ਪ੍ਰੇਮ ਦਾ ਜਲ ਸਿੰਚਨ ਕਰਨ ਤੇ ਖੁਸ਼ੀ ਦਾ ਬ੍ਰਿੱਛ ਬਹੁਤ ਵਧਦਾ ਹੈ।
[3]ਮੇਲ ਕਰ ਆਵੇ।
[4]ਬੇਰਸਾ।
[5]ਨਹੀਂ ਤਾਂ ਰਜਤ ਸਾਰੀ, ਰਾਜੇ ਤੇ ਦਾਮਾਂ ਦੇ (ਰਸ ਨੂੰ ਕਲੇਸ਼ ਦਾ ਵਧਣਾ ਬੇਰਸਾ ਕਰ ਦਿੰਦਾ ਹੈ)।
[6](ਦੂਤ) ਗੁਰੂ ਜੀ ਨੂੰ ਬਲੀ ਤੇ ਪ੍ਰਬੀਨ ਸਮਝ ਕੇ ਸ਼ਰਨ ਆਯਾ ਹੈ।

ਅੰਤਰ ਪਠਾਇ ਸੁਧਿ ਕਰੀ ਤਿਨ ਜਾਇ ਕੈ।
ਸੁਨਿ ਗੁਰ ਧੀਰ ਨੇ ਹਕਾਰ ਲੀਨਿ ਤੀਰ ਤਬਿ,
ਸਭਾ ਬਹੁ ਬੀਰਨ ਕੀ ਹੇਰਿ ਸੀਸ ਨਜਾਇ ਕੈ।
'ਬੰਦਨਾ ਗਿਰਿੰਦ੍ਰ[1] ਕੀਨਿ ਪਦ ਅਰਬਿੰਦ ਤੁਮ'
ਕੁਸਲ ਪ੍ਰਸ਼ਨ ਪ੍ਰਭੁ ਭਾਖ੍ਯੋ ਹੈ ਬਿਠਾਇ ਕੈ।
'ਕੌਨ ਕਾਜ ਰਾਜੇ ਤੁਮ ਭੇਜ੍ਯੋ ਹਮ ਪਾਸ ਅਬਿ?
ਭੇਵ ਕੋ ਪ੍ਰਭਾਵ ਸਭਿ ਦੀਜੈ ਸਮੁਝਾਇ ਕੈ' ॥੧੯॥
ਹਾਥ ਜੋਰਿ ਦੂਤ ਕਹੀ 'ਸੁਨੋ ਪੁਰਹੂਤ ਸਮ,
ਪ੍ਰਜਾ ਕੋ ਕਲੇਸ਼ ਤੇ ਅਸ਼ੇਸ਼ ਤੇ ਪੁਕਾਰ ਕਰਿ।
ਜਾਇ ਦਲ ਰਾਵਰੋ ਬਿਗਾਰ ਕਰੈ ਬਾਰਿ ਬਾਰਿ,
ਰਾਜੇ ਸੁਨਿ ਸਾਰ[2] ਕੋ ਪਠਾਯੋ ਹੈ ਉਚਾਰ ਕਰਿ।
ਛਿਮਾ ਧਾਰਿ ਭੂਲ ਚੂਕ ਬਖਸ਼ੋ ਹਮਾਰੀ ਅਬਿ,
ਰਿਦੈ ਤੇ ਬਿਸਾਰੋ ਸਭਿ ਕੋਪ ਜੋ ਉਦਾਰ ਕਰਿ[3]।
ਦ੍ਵੈਸ਼ ਕੋ ਪ੍ਰਹਾਰ ਕਰਿ, ਸੰਧਿ ਕੋ ਬਿਚਾਰ ਕਰਿ[4],
ਬਸੀਏ ਬਿਹਾਰ ਕਰਿ ਭਾਵਤੇ ਸ਼ਿਕਾਰ ਕਰਿ[5]' ॥੨੦॥
[6]'ਦੂਤ! ਸੁਨਿ ਲੇਹੁ, ਨਿਜ ਰਾਜੇ ਕਹਿ ਦੇਹੁ ਸਭਿ,
ਕਾਰਨ ਅਛੇਹੁ ਦ੍ਵੈਸ਼ ਹੂੰ ਕੋ ਤਿਨ ਕੀਨਿਯੋ।
ਅਨਿਕ ਪ੍ਰਪੰਚ ਰਚਿ ਬੰਚਕ ਜ੍ਯੋਂ ਚਾਹੈ ਚਿਤ,
ਰੰਚਕ ਬਿਚਾਰ ਕਰਿ ਕ੍ਯੋਂ ਹੂੰ ਨਹਿੰ ਚੀਨਿਯੋਂ।
ਕੁੰਚਰ ਪ੍ਰਸਾਦੀ ਹੇਤੁ ਛਲ੍ਯੋ ਚਹੈ ਬਾਰਿ ਬਾਰਿ
ਕਪਟੀ ਕੁਟਿਲ ਜਾਨਿ ਨਹੀਂ ਹਮ ਦੀਨਿਯੋਂ।
ਸਾਰਮੌਰ ਦੇਸ਼ ਮੈਂ ਪ੍ਰਵੇਸ਼ ਭਏ ਜਾਇ ਕਰਿ,
ਤਹਾਂ ਭੀ ਖੁਟਾਈ ਠਾਨਿ ਖੋਟ ਮੈਂ ਪ੍ਰਬੀਨਿਯੋਂ ॥੨੧॥
ਹਮਰੇ ਦਿਵਾਨ ਕਉ ਸੁ ਘੇਰ੍ਯੋ ਚਹੈ ਹਾਨ ਕਉ[7],
ਮਹਾਨ ਸਾਵਧਾਨ ਕਉ ਪਰੈ ਸੁ ਕੈਸੇ ਪਾਨ ਮੈਂ[8]।

---

[1]ਭਾਵ ਭੀਮਚੰਦ ਨੇ।
[2]ਖਬਰ।
[3]ਜੋ ਗੁੱਸਾ ਆਪ ਜੀ ਦੇ ਰਿਦੇ ਵਿਚ ਹੈ ਉਦਾਰਤਾ ਕਰਕੇ ਭੁਲਾ ਦੇਵੋ।
[4]ਏਹ ਪਾਂਵਟੇ ਦੀ ਫਤਹਬਾਦ ਹੋਈ ਸੰਧੀ ਵਲ ਇਸ਼ਾਰਾ ਹੋ ਸਕਦਾ ਹੈ।
[5]ਵੱਸੋ, ਵਿਚਰੋ ਸ਼ਿਕਾਰ ਕਰੋ ਮਨ ਭਾਂਵਦੇ।
[6]ਗੁਰੂ ਜੀ ਬੋਲੇ।
[7]ਮਾਰਨ ਵਾਸਤੇ, (ਸ੍ਰੀ ਨਗਰ ਵਿਚ)।
[8](ਪਰ ਸਾਡਾ ਦੀਵਾਨ) ਸਾਵਧਾਨ ਸੀ ਉਸਦੇ ਹੱਥ ਕੀਕੂੰ ਆਉਂਦਾ।

ਪੁਨ ਫਤੇਸ਼ਾਹਿ ਕੋ ਬਿਰੋਧੀ ਹਮ ਸੰਗ ਕੀਨਿ,
ਸੈਨਾ ਕੋ ਸਕੇਲਿ ਜਾਤਿ ਚਾਹੇ ਘਮਸਾਨ ਮੈਂ।
ਤਹਾਂ ਮਹਾਂ ਲੋਹ[੧] ਨੇ ਪਰਾਜੈ ਕਰਿ ਦੀਨੇ ਭੂਪ,
ਛਾਨੀ[੨] ਹੈ ਨ ਬਾਤਿ ਅਪਵਾਦਿ ਹੈ ਜਹਾਨ ਮੈਂ।
ਅਪਨੋ ਨਗਰ ਹਮ ਆਨਿ ਕੈ ਬਸਾਯੋ ਅਬਿ,
ਸੁਭਟ ਸਮੂਹ ਥਿਤ ਧਾਰੇ ਸ਼ਸਤ੍ਰ ਪਾਨ ਮੈਂ ॥੨੨॥
ਖੇਲਿਬੇ ਅਖੇਰ ਕੌ, ਨ ਆਨਿ ਥਾਨਿ ਜਾਨ ਕਹੂੰ
ਕਾਹਿਲੂਰ ਦੇਸ਼ ਮੈਂ ਪ੍ਰਵੇਸ਼ ਬਿਚਰਤਿ ਹੈਂ।
ਘੋਰਨ ਕੋ ਘਾਸ, ਕਿਧੌਂ ਮਾਸ ਹੇਤੁ ਛਾਂਗ ਲੇਤਿ
ਔਰ ਨ ਬਿਗਾਰੈਂ ਕਛੁ, ਫਿਰੈਂ ਜਿਤ ਕਿਤ ਹੈਂ।
ਕਹਾਂ ਬਿਗਾਰਯੋ, ਕੋ ਦੁਰਗ ਨਹਿਂ ਛੀਨ ਲੀਓ,
ਗ੍ਰਾਮ ਹੂੰ ਨ ਲੂਟਯੋ ਕੋਈ, ਲੀਨਿ ਕਹਾਂ ਬਿਤ ਹੈ[੩]।
ਪੰਥ ਹੂੰ ਨ ਰੋਕਯੋ ਕੋਈ, ਪਾਕੇ ਕ੍ਰਿਸ਼ ਰਹੇ ਸੋਈ[੪],
ਕੌਨ ਸੋ ਬਿਗਾਰ ਕੀਨਿ, ਜਾਂ ਤੇ ਦੁਖ ਚਿਤ ਹੈ? ॥੨੩॥
ਭੀਮਚੰਦ ਭੂਪ ਨੇ ਤੁਰੰਗਮ ਨ ਦੀਨਿ ਕੋਈ,
ਨਾਲਬੰਦੀ[੫] ਆਦਿ ਧਨ ਕੁਛ ਨ ਪੁਚਾਯੋ ਹੈ।
ਰਹੋ ਨਿਜ ਦੇਸ਼ ਕਰੋ ਰਾਜ ਕੋ ਅਸ਼ੇਸ਼ ਬੈਠਿ,
ਹਮਰੋ ਨ ਦ੍ਵੈਸ਼ ਨਹਿਂ ਕਾਜ ਬਿਗਰਾਯੋ ਹੈ।'
ਬਾਕ ਪੁਰਹੂਤ ਸਮ ਦੂਤ ਸੁਨਿ ਪੂਤ ਮਨ,
ਸੂਤ ਕਰਯੋ ਚਾਂਹਤਿ ਸੁ ਬੇਨਤੀ ਅਲਾਯੋ ਹੈ[੬]।
'ਰਾਜੇ ਹੂੰ ਕੋ ਮੇਲ ਲੇਹੁ[੭] ਕੀਜੀਏ ਸਨੇਹ ਆਪ,
ਕਰੁਨਾ ਅਛੇਹ[੮] ਤੇ ਸਕਲ ਬਨਿ ਆਯੋ ਹੈ' ॥੨੪॥

---

[੧]ਅਕਾਲ ਪੁਰਖ ਨੇ।
[੨]ਛੁਪੀ।
[੩]ਕਿਸੇ ਦਾ ਧਨ ਨਹੀਂ ਖੋਹ ਲਿਆ।
[੪]ਪੱਕੀ ਖੇਤੀ ਉਸੇ ਤਰ੍ਹਾਂ ਖੜੀ ਰਹਿੰਦੀ ਹੈ।
[੫]ਭੀਮਚੰਚਦ ਰਾਜੇ ਨੇ ਕੋਈ ਘੋੜਾ ਨਹੀਂ ਦਿੱਤਾ ਤੇ ਨਾ ਹੀ ਨਾਲਬੰਦੀ ਵਾਲਾ ਧਨ ਪਹੁੰਚਾਇਆ ਹੈ। [ਅ:, ਨਾਅਲਬਹਾ = ਉਹ ਧਨ ਜੋ ਕੋਈ ਛੋਟਾ ਰਾਜਾ ਨਿਜ ਤੋਂ ਵੱਡੇ ਰਾਜਾ ਨੂੰ ਭਰੇ]। ਜਾਪਦਾ ਹੈ ਕਿ ਇਹ ਇਸ਼ਾਰਾ ਗੁਰੂ ਜੀ ਦਾ ਉਸੇ ਕਿਸੇ ਅਹਦ ਵਲ ਹੈ ਜੋ ਭੰਗਾਣੀ ਹੋਯਾ ਹੋਵੇ ਤੇ ਰਾਜੇ ਨੇ ਘੋੜੇ ਤੇ ਕੁਛ ਰੁਪੱਯਾ ਗੁਰੂ ਜੀ ਨੂੰ ਨਜ਼ਰਾਨਾ ਘੱਲਣਾ ਮੰਨਿਆਂ ਹੋਵੇ ਤੇ ਫੇਰ ਘੱਲਿਆ ਨ ਹੋਵੇ, ਗੁਰੂ ਜੀ ਯਾਦ ਕਰਾਉਂਦੇ ਹਨ ਕਿ ਉਸਨੇ ਸ਼ਰਤ ਪੂਰੀ ਨਹੀਂ ਕੀਤੀ ਪਰ ਅਸਾਂ ਫੇਰ ਵੀ ਉਸਦਾ ਕੁਛ ਵਿਗਾੜ ਨਹੀਂ ਕੀਤਾ।
[੬]ਪਵਿਤ੍ਰ ਮਨ ਦੂਤ ਨੇ ਸੁਣੀ, ਓਸਦੀ ਚਾਹ ਮੇਲ ਕਰਨ ਦੀ ਹੋਣ ਕਰਕੇ ਬੇਨਤੀ ਕੀਤੀਓਸੁ।
[੭]ਮੇਲ ਲਵੋ।
[੮]ਪੂਰਨ ਕ੍ਰਿਪਾ।

ਦੋਹਰਾ: ਬਨਜੋ ਦੀਨ ਬਿਨਤੀ ਕਰੀ, ਮਾਨੀ ਸਤਿਗੁਰ ਬਾਤਿ।
'ਲੈ ਆਵਹੁ ਨਿਜ ਭੂਪ ਕਉ, -ਦਰਸਹੁ ਹੰਕ੍ਰਿਤ ਘਾਤਿ[1] ॥੨੫॥
ਗੁਰੂ ਪੌਰ ਤੇ ਨਿੰਮ੍ਰਿ ਬਨਿ, ਲੇਤਿ ਸਰਬ ਕੁਛ ਪਾਇ।
ਹੰਕਾਰੀ ਟੂਟੇ ਗਿਰੈ-, ਕਹੁ ਗਿਰਪਤਿ ਸੋਂ ਜਾਇ' ॥੨੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਦੂਤ ਆਵਨ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

---

[1] ਹੰਕਾਰ ਦੂਰ ਕਰਕੇ।

੩੭. [ਭੀਮਚੰਦ ਮੇਲ ਹਿਤ ਆਇਆ। ਸਾਹਿਬ ਅਜੀਤ ਸਿੰਘ ਜਨਮ]

੩੬<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੮

ਦੋਹਰਾ: ਸੁਨਿ ਸਤਿਗੁਰ ਕੇ ਵਾਕ ਵਰ, ਕ੍ਰਿਪਾ ਸਨੇ ਰਸ ਸਾਥ।
ਨਮੋ ਕਰੀ ਤਿਹ ਸਮੇਂ ਉਠਿ, ਚਲ੍ਯੋ ਨਿਕਟ ਗਿਰਨਾਥ ॥੧॥
ਕਬਿੱਤ: ਬਾਜ ਪੈ ਅਰੂਢ ਕਰਿ ਜਾਨਿ ਗਤਿ ਮੂਢ ਉਰ,
ਗੁਰੂ ਗੁਨ ਰੂਢ ਕਉ ਬਿਚਾਰਤਿ ਸਿਧਾਰ੍ਯੋ ਹੈ।
ਤਾਤਕਾਲ ਗਯੋ ਭੀਮਚੰਦ ਕਉ ਮਿਲਤ ਭਯੋ,
ਜੇਤਿਕ ਪ੍ਰਸੰਗ ਥਿਓ ਸਕਲ ਉਚਾਰ੍ਯੋ ਹੈ।
'ਅਬਿ ਹੈਂ ਕ੍ਰਿਪਾਲ, ਨਹਿਂ ਬੱਕ੍ਰਤਾ ਕੋ ਖ਼ਯਾਲ ਕੁਛ[1]
ਚਾਲੀਏ ਉਤਾਲ, ਸਭਿ ਕਾਰਜ ਸੁਧਾਰ੍ਯੋ ਹੈ।
ਅਨੰਦ ਬਿਲੰਦ ਹੋਇ ਰਹ੍ਯੋ ਹੈ ਅਨੰਦਪੁਰਿ
ਜਿਤ ਕਿਤ ਬੀਰ ਬ੍ਰਿੰਦ ਦਲ ਕੇ ਨਿਹਾਰ੍ਯੋ ਹੈ ॥੨॥
ਕੀਜੈ ਨਿਜ ਮੇਲ ਗਨ ਬੀਰਨਿ ਸਕੇਲ ਕਰਿ,
ਗੁਰੂ ਹਰਖਾਇ ਕੈ ਹਰਖ ਨਿਜ ਧਾਰੀਏ।
ਕਰਾਮਾਤ ਸਾਹਿਬ ਸੁਜਾਨ ਕਉ ਸੁ ਜਾਨਿ ਮਨ[2],
ਬੰਦਨਾ ਚਰਨ ਕਰਿ, ਬਿਨਤਿ ਉਚਾਰੀਏ।
ਆਪਨੋ ਅਸ਼ੇਸ਼[3] ਦੇਸ਼ ਹੋਤਿ ਜੋ ਕਲੇਸ਼ ਵੇਸ,
ਗੋਪਤਾ ਵਿਸ਼ੇਸ਼ ਬਨ[4] ਨੀਕੇ ਹੀ ਉਬਾਰੀਏ।
ਦ੍ਵੈਸ਼ ਕੋ ਨ ਲੇਸ਼ ਧਰਿ ਮੁਦਤ ਹਮੇਸ਼ ਰਹੋ,
ਮਾਨਿ ਉਪਦੇਸ਼ ਕਉ ਕਪਟ ਨਿਰਵਾਰੀਏ' ॥੩॥
ਸੁਨਿ ਕੈ ਵਕੀਲ ਤੇ ਸੁਸ਼ੀਲ ਕੋ ਛਬੀਲੋ ਰੂਪ[5]
ਭੂਪਤਿ ਹਠੀਲੋ ਹਠ ਤਜਾਗਿ ਤਾਤਕਾਲ ਕਉ।
ਭੇਟਨ ਸਕੇਲ ਕਰਿ, ਚਾਢ੍ਯੋ ਗਜ ਪੇਲ ਕਰਿ[6],
ਫੌਜਨ ਕਉ ਮੇਲ ਕਰਿ ਧਾਰਤਿ ਉਤਾਲ ਕਉ।
ਮਾਰਗ ਪਯਾਨ ਕਰਿ ਆਨੰਦਪੁਰਿ ਕਉ ਥਾਨ
ਆਨਿ ਕਰਿ ਉਤਰ੍ਯੋ ਮਹਾਨ ਮਹਿਪਾਲ ਕਉ।

---

[1]ਹੁਣ ਕ੍ਰਿਪਾਲੂ ਹਨ, ਟੇਢਤਾਈ ਦਾ ਖਿਆਲ ਨਾ ਕਰਕੇ ਭਾਵ ਤੂੰ ਆਪਣੇ ਦਿਲ ਵਿਚ ਖੋਟ ਨਾ ਕਰਕੇ ਚੱਲੋ (ਅ) (ਉਧਰ) ਉਲਟਾ ਖਿਆਲ ਨਹੀਂ ਹੈ।
[2]ਮਨ ਵਿਚ ਜਾਣਕੇ (ਕਿ ਉਹ) ਕਰਾਮਾਤ ਦੇ ਮਾਲਕ ਤੇ ਦਾਨੇ ਹਨ।
[3]ਸਾਰਾ।
[4]ਚੰਗਾ ਰੱਖਯਕ ਬਣਕੇ। [ਗੋ+ਪਤ = ਰਾਜਾ, ਰੱਖਯਕ]।
[5]ਭਾਵ ਗੁਰੂ ਜੀ ਦਾ।
[6]ਪ੍ਰੇਰਕੇ।

ਸੁਧ ਕਉ ਸੁਨਤਿ ਸੁਧਿ ਲੈਬੇ ਹੇਤੁ ਨੰਦ ਚੰਦ
ਭੇਜ੍ਯੋ ਸ਼੍ਰੀ ਗੁਬਿੰਦ ਸਿੰਘ ਰਾਜਨੀਤਿ ਚਾਲ ਕਉ[੧] ॥੪॥
ਖਾਨ ਪਾਨ ਦਾਨਾ ਤ੍ਰਿਣ ਦੀਨਸਿ ਵਿਸ਼ਾਲ ਤਬਿ
ਪਾਛਲੇ ਪਹਿਰ ਠਹਿਰਾਯੋ ਮੇਲ ਆਵਨੋ।
ਬਿਜੀਆ[*] ਕਉ ਪਾਨ ਕਰਿ ਸੌਚ ਤਨ ਠਾਨਿ ਕਰਿ
ਬਹੁਰ ਸ਼ਨਾਨ ਕਰਿ ਪੋਸ਼ਿਸ ਮੰਗਾਵਨੋ।
ਸੁੰਦਰ ਪਹਿਰ ਕਰਿ ਭੂਖਨ ਰਤਨ ਜਰਿ[੨]
ਗਰ ਸ਼ਮਸ਼ੇਰ ਸਮ ਸ਼ੇਰ ਹ੍ਵੈ ਦਿਖਾਵਨੋ।
ਨਿਠੁਰ ਕੁਦੰਡ ਭੁਜਦੰਡ ਕੇ ਸਿਕੰਧ ਧਰਿ
ਤੀਖਨ ਖਤੰਗ ਕੀਨਿ ਪਾਨ ਮੈਂ ਫਿਰਾਵਨੋ ॥੫॥
ਕੇਹਰੀ ਗਵੰਨ[੩] ਪਗ ਪੰਕਜ ਰਵੰਨ[੪] ਚਲੇ
ਸਭਾ ਕੇ ਸਥਾਨ ਮੈਂ, ਪਯਾਨ ਆਪ ਕੀਨਿਯੋ।
ਕੰਚਨ ਸਿੰਘਾਸਨ ਪੈ ਬੈਠੇ ਸੁਖ ਆਸਨ ਸੋਂ,
ਨਿਕਟ ਸਰਾਸਨ ਟਿਕਾਇ ਦ੍ਰਿੜ੍ਹ ਲੀਨਿਯੋ।
ਚੌਰਦਾਰ ਚੌਰ ਚਾਰੁ ਚਾਰ ਦਿਸ਼ਿ ਢੋਰ ਕਰਿ
ਸ਼ੋਭਾ ਕੋ ਬਢਾਵੈ ਸਮ ਕਿਰਨੋ ਕੀ ਚੀਨਿਯੋ।
ਫਰਸ਼ ਅਨੇਕ ਰੰਗ ਸਜ੍ਯੋ ਸਭਿ ਬਜੋਂਤ ਸੰਗ,
ਸਭਾ ਮੈਂ ਸੁਗੰਧਤਾ ਕੀ ਗੰਗ ਛੋਰਿ ਦੀਨਿਯੋ ॥੬॥
ਆਯੋ ਨੰਦ ਚੰਦ ਕਰਿ ਬੰਦਨਾ ਕੋ ਦਯਾਰਾਮ
ਪ੍ਰੋਧਾ ਮਹਾਂਬੀਰ ਤੀਨ ਭ੍ਰਾਤ ਥਿਰੇ ਥਾਨ ਮੈਂ।
ਬ੍ਰਿੰਦ ਜੇ ਮਸੰਦ ਧਨ ਸੰਚਤਿ ਬਿਲੰਦ ਡੀਲ
ਬੈਠੇ ਜਥਾ ਜੋਗ ਸਭਿ ਆਨ ਕੈ ਦਿਵਾਨ ਮੈਂ।
ਐਂਠਦਾਰ ਬੀਰ ਬਰ ਧਾਰਿ ਕੈ ਸਰੀਰ ਚੀਰ,
ਆਏ ਸੁਧਿ ਸੁਨਿ ਧਾਰਿ ਆਯੁਧ ਕੋ ਪਾਨ ਮੈਂ।
ਮਾਤੁਲ ਕ੍ਰਿਪਾਲ ਬਹੁ ਜੋਧਾ ਜਿਸ ਨਾਲ ਆਏ
ਧੀਰਜ ਬਿਸਾਲ ਉਰ ਬਾਕਨ ਬਖਾਨ ਮੈਂ ॥੭॥
ਭੇਜ੍ਯੋ ਚੋਬਦਾਰ 'ਲ੍ਯਾਓ ਭੂਪ ਕੋ ਹਕਾਰ ਅਬਿ'
ਪਾਇ ਕੇ ਰਜਾਇ ਤਾਤਕਾਲ ਤਾਂਹਿ ਆਨਿਯੋ।

---

[੧]ਰਾਜਨੀਤੀ ਦੇ ਤ੍ਰੀਕੇ ਨੂੰ (ਵਿਚਾਰ ਕੇ)।
[*]ਦੇਖੋ ਰਾਸਿ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।
[੨]ਜੜੇ।
[੩]ਸ਼ੇਰ ਦੀ ਚਾਲ ਵਾਂਙੂ।
[੪]ਸੁੰਦਰ।

ਬੀਰਨ ਵਜ਼ੀਰਨ ਕੌ ਸੰਗ ਲੈ ਬਹੀਰ ਬਹੁ
ਆਨਿ ਭੀਮ ਚੰਦ ਨੈ ਪ੍ਰਣਾਮ ਪਗ ਠਾਨਿਯੋ।
ਅਰਪਿ ਅਕੋਰਨ ਕਉ ਹਾਥ ਜੋਰਿ ਪ੍ਰਭੂ ਓਰ,
ਬੈਠ੍ਯੋ ਸੋ ਬਿਲੋਕਿ ਮੋਦ ਪ੍ਰਸ਼ਨ ਬਖਾਨਿਯੋ।
'ਆਪ ਕੀ ਕ੍ਰਿਪਾ ਤੇ ਮੋ ਕਉ ਕੁਸ਼ਲ ਕਲ੍ਯਾਨ ਸਭਿ
ਦੁਲਭ ਦਰਸ ਤੇ ਹਰਖ ਉਰ ਮਾਨਿਯੋ ॥੮॥
ਕਰਾਮਾਤ ਸਾਹਿਬ ਅਜਾਇਬ ਚਰਿੱਤ੍ਰ ਤੁਮ,
ਫੇਰ ਮਨ ਦੇਤਿ ਹੋ ਕਿ ਫੇਰ ਮਨ ਲੇਤਿ ਹੋ[੧]।
ਮੋ ਤੇ ਅਪਰਾਧ ਭਯੋ ਭੂਲ ਕੈ ਅਸਾਧ[੨] ਥਿਯੋ,
ਅਧਿਕ ਉਪਾਧਿ ਕਿਯੋ ਦ੍ਵੈਸ਼ ਬਿਨ ਹੇਤੁ ਹੋ[੩]।
ਰਾਵਰੋ ਬਿਰਦ ਬਖਸ਼ਿੰਦ ਸੁਨ੍ਯੋਂ ਬ੍ਰਿੰਦ ਹੂੰ ਤੇ,
ਬਖਸ਼ੋ ਖਿਮਾ ਕੇ ਨਿਧਿ! ਕਰੁਨਾ ਨਿਕੇਤ ਹੋ।
ਰਾਖੀਏ ਸ਼ਰਨ ਤੁਮ ਤਾਰਨ ਤਰਨ ਰੂਪ
ਕਾਰਨ ਕਰਨ ਬਡੇ ਬੀਰ ਜੰਗ ਖੇਤ ਹੋ[*]' ॥੯॥
[੪]'ਸੁਨੋ ਅਚਲੇਸ਼ ਦ੍ਵੈਸ਼ ਕਾਰਨ ਅਸ਼ੇਸ਼ ਜੋਈ,
ਪੂਰਬ ਕਰੇ ਹੈਂ ਤੁਮ ਚਿੱਤ ਜਾਨਿ ਲੀਜੀਏ।
ਨਿਪਟ[੫] ਕਪਟ ਧਾਰਿ ਕੁੰਚਰ ਕੇ ਲੈਬੇ ਹੇਤੁ
ਬਾਰਿ ਬਾਰਿ ਪਠੇ ਨਰ ਨਿਰਾਧਾਰ ਕੀਜੀਏ।
ਸ਼ਾਰਿਮੌਰ ਦੇਸ਼ ਗਏ ਤਹਾਂ ਭੀ ਉਪਾਧਿ ਕਏ,
ਸਾਰੇ ਗਿਰਧਾਰਨਿ ਕੀ ਸੈਨਾ ਸੁ ਲਖੀਜੀਏ।
ਤੁਮਰੇ ਗਰਬ ਬਹੁ ਭਾਯਨ ਕੋ[੬] ਭਯੋ ਉਰ,
ਹਮਰੇ ਸਹਾਇ ਅਸਕੇਤੁ ਕੋ ਜਨੀਜੀਏ ॥੧੦॥
ਪਾਈ ਜੰਗ ਜੀਤਿਬੇ ਕੀ ਲੱਛਮੀ[੭], ਪਰਾਜੈ ਰਿਪੁ,
ਇਸਮ[੮] ਅਨੰਦਪੁਰਿ ਆਪਨੋ ਬਿਚਾਰ ਕਰਿ।

---

[੧]ਆਪਣੀ ਵਲੋਂ ਮਨ ਮੋੜ ਦਿੰਦੇ ਹੋ ਕਿ ਆਪਣੀ ਵਲ ਨੂੰ ਮੋੜ ਲੈਂਦੇ ਹੋ। ਗੁਰੂ ਜੀ ਨੂੰ ਮਨਾਂ ਦਾ ਪ੍ਰੇਰਕ ਕਹਿ ਰਿਹਾ ਹੈ। (ਅ).······ ਮੁੜਕੇ ਮਨ ਲੈ ਲੈਂਦੇ ਹੋ।

[੨]ਮਾੜਾ।

[੩]ਹਿਤ ਹੀਨ ਲੈਕੇ।

[*]ਕੈਸੇ ਕਮਾਲ ਦੀ ਕਵਿਤਾ ਚਲ ਰਹੀ ਹੈ।

[੪]ਗੁਰੂ ਜੀ ਬੋਲੇ।

[੫]ਅਤਯੰਤ।

[੬]ਬਹੁਤੇ ਭਰਾਵਾਂ ਦਾ।

[੭]ਜੰਗ ਜਿੱਤਣ ਦੀ ਲੱਛਮੀ ਅਸਾਂ ਪਾਈ।

[੮]ਮਾਲਕੀ।

ਆਨਿ ਕੈ ਸੰਭਾਰ ਕਰਿ, ਲੋਕਨਿ ਹਕਾਰ ਕਰਿ,
ਬਾਸ ਕੌ ਉਦਾਰ ਕਰਿ ਮੋਦ ਨਰ ਨਾਰਿ ਕਰਿ।
ਸੁਭਟ ਸਿਧਾਰੈਂ, ਕਿਤ ਘਾਸ ਕੋ ਨਿਹਾਰੈਂ ਲੇਤਿ
ਅਪਰ ਬਿਗਾਰ ਕੋ ਕਰਤਿ ਨਾ ਪਧਾਰ ਕਰਿ।
ਗੁਰੂ ਘਰ ਸਾਥ ਅਬਿ ਮਿਲੇ ਜੋਰਿ ਹਾਥ ਤੁਮ,
ਯਾਂ ਤੇ ਹਮ ਛਿਮਾ ਧਾਰਿ ਬਰਜੈਂ ਉਚਾਰ ਕਰਿ' ॥੧੧॥
ਸੁਨਿ ਭੀਮਚੰਦ ਰਿਦੈ ਅਧਿਕ ਅਨੰਦ ਕਰਿ
ਬੋਲਜੋ ਹਾਥ ਬੰਦਿ 'ਤੁਮ ਗੁਨ ਕੇ ਨਿਕੇਤ ਹੋ।
ਸ਼ਰਨਿ ਪਰਤਿ ਹੇਰਿ ਰੱਛਜਾ ਕੌ ਕਰਤਿ ਫੇਰ,
ਆਪ ਸੁਖ ਸੰਗ ਬਸੋ, ਸਭਿ ਸੁੱਖ ਦੇਤਿ ਹੋ।
ਕਾਹਲੂਰ ਦੇਸ਼ ਜੋ ਵਿਸ਼ੇਸ਼ ਹੈ ਅਸ਼ੇਸ਼ ਲਖੋ,
ਆਪਨੋ ਪਛਾਨ ਕੈ ਹਮੇਸ਼ ਸੁਧ ਲੇਤਿ ਹੋ।
ਅੰਤਰੋ ਨ ਕਰੈਂ ਹਮ, ਸਦਾ ਅਨੁਸਰੈਂ ਹੋਇ,
ਸੇਵਾ ਕੋ ਸਨੇਹ ਧਰੈਂ ਕ੍ਵੈ ਨ ਪੁਨ ਭੇਤ ਹੋ' ॥੧੨॥
ਸੁਨਿ ਮੁਸਕਾਨੇ ਪ੍ਰਭੁ, ਬਹੁਰੋ ਬਖਾਨੇ ਬੈਨ,
'ਪੂਰਬ ਖੁਟਾਈ ਕੈ ਨਿਕਾਈ ਤੁਮ ਠਾਨਤੇ[੧]।
ਰਸ ਕੈ ਬਿਰਸ ਕਰੋ, ਖੇਦ ਕੈ ਹਰਸ਼ ਧਰੌ[੨],
ਆਨਿ ਕੈ ਸਮੀਪ ਰਹੋ[੩+], ਤਥਾ ਹਮ ਮਾਨਤੇ[੪]।
ਚਹੂੰ ਦਿਸ਼ਿ ਸੰਗਤਾਂ ਕੀ ਪੰਗਤਾਂ ਜੋ ਆਵਹਿ ਇਤ,
ਅਨਿਕ ਪ੍ਰਕਾਰ ਕੀ ਅਕੋਰਨਿ ਕੋ ਆਨਤੇ।
ਅਬਿ ਤੇ ਨ ਤਿਨ ਕੌ ਬਿਖਾਦਿ ਕੋਉ ਕਰੈ ਕਿਮ,
ਸੁਖ ਸੋਂ ਦਰਸ ਕਰਿ ਧਾਮਨ ਪਯਾਨਤੇ[੫] ॥੧੩॥
ਦੈ ਹੈ ਖੇਦ ਜੋਇ ਤਾਤਕਾਲ ਫਲ ਲੈ ਹੈ ਸੋਇ,
ਬਿਲਮ ਨ ਹਮਰੇ ਤਨਕ ਭਰ ਜਾਨੀਏ।
ਪੂਰਬ ਬਿਗਾਰੋ, ਹੇਰੋ ਜੰਗ ਕੋ ਅਖਾਰੋ ਤਬਿ[੬],

---

[੧]ਪਹਿਲੋ ਬੀ ਖੁਟਿਆਈ ਅਥਵਾ ਚੰਗਿਆਈ ਤੁਸਾਂ ਹੀ ਕੀਤੀ ਸੀ।
[੨]ਖੇਦ ਦਿਓ ਯਾ ਸੁਖ ਦਿਓ।
[੩]ਹੋਰ ਥਾਂ ਅਥਵਾ ਨੇੜੇ ਰਹੋ।
[+]ਪਾ:-ਰਰੋ।
[੪](ਜਿਹਾ ਤੁਸੀਂ ਕਰੋ) ਸਾਨੂੰ ਮਨਜ਼ੂਰ ਹੈ। ਭਾਵ ਮੇਲ ਕਰੋ ਤਾਂ ਮੇਲ ਨੂੰ ਜੇ ਅਮੇਲ ਕਰੋ ਤਾਂ ਅਮੇਲ ਨੂੰ ਤਿਆਰ ਹਾਂ।
[੫](ਵਾਪਿਸ) ਘਰੀਂ ਪਰਤ ਜਾਂਦੇ ਹਨ।
[੬]ਜੇ ਪਹਿਲੋਂ ਵਿਗਾੜੋਗੇ ਤਾਂ ਦੇਖੋਗੇ ਜੰਗ ਦਾ ਅਖਾੜਾ।

ਨਾਂਹਿ ਤੌ ਹਮਾਰੋ ਔ ਤੁਮਾਰੋ ਰਸ ਸਾਨੀਏ[੧]।'
ਛਿਮਾ ਬਲ ਭਰੇ ਗੁਰ ਬੈਨ ਸ਼੍ਰੋਨ ਧਰੇ ਨ੍ਰਿਪ,
ਬੋਲਯੋ ਪ੍ਰੇਮ ਭਰੇ 'ਹਮੈ ਦਾਸਿ ਪਹਿਚਾਨੀਏ।
ਕਾਹਿਲੂਰ ਦੇਸ਼ ਕੋ ਹਮੇਸ਼ ਨਿਜ ਧਾਮ ਲਖਿ,
ਕੀਜੈ ਪ੍ਰਤਿਪਾਰ, ਸੁਧਿ ਲੀਜੈ ਸੁਖ ਸਾਨੀਏ' ॥੧੪॥
ਏਵ ਕੈ ਸੰਬਾਦ ਅਹਿਲਾਦ ਕੈ ਪਰਸਪਰ,
ਦੀਨੋ ਸਿਰੋਪਾਉ ਸਤਿਗੁਰੂ ਬਹੁ ਮੋਲ ਕੋ।
ਲੈ ਕੇ ਭੀਮਚੰਦ, ਜਾਨਿ ਕਰੁਨਾ, ਅਨੰਦ ਭਯੋ,
ਹਾਥ ਬੰਦਿ ਬੰਦਨਾ ਕਰਤਿ ਬਿਨੈ ਬੋਲ ਕੋ।
ਅੰਤਰ ਜੋ ਅੰਤਰਾ ਨਿਰੰਤਰ ਨਿਕਾਰ ਕਰਿ[੨],
ਬਿਦਾ ਭਯੋ ਭੂਪ, ਪਾਇ ਹਰਖ ਅਤੋਲ ਕੋ।
ਸੰਗ ਭਟ ਭੀਰ ਸੋਂ ਵਜ਼ੀਰ ਧੀਰ ਧੰਨ ਕਹੈ
'ਪੀਰਨ ਕੋ ਪੀਰ ਅਵਤਾਰ ਬਿਨ ਡੋਲ ਕੋ' ॥੧੫॥
ਸ਼੍ਰੀ ਗੋਬਿੰਦ ਸਿੰਘ ਸੰਗ ਸੰਧਿ ਕਰਿ ਭੀਮਚੰਦ,
ਸ਼ੰਕਾ ਸਹਿ ਤ੍ਰਾਸ ਕੋ ਬਿਦਾਰਿ[੩] ਸੁਖ ਪਾਇ ਕੈ।
ਗਯੋ ਪੁਰਿ ਆਪਨੇ ਪ੍ਰਤਾਪ ਪ੍ਰਭੁ ਜਾਪਨੇ,
ਧਰਿਓ ਬਿਸ੍ਵਾਸ ਕੋ -ਸਹਾਇ ਬਨੈਂ ਆਇ ਕੈ।
ਨੀਕੋ ਨ ਬਿਬਾਦ ਚਲਯੋ[੪], ਫੀਕੇ ਅਪਵਾਦ[੫] ਜਗ,
ਗੁਰੂ ਸੰਗ ਸਮਤਾ ਨ ਹੋਤਿ ਕਿਸ ਭਾਇ ਕੈ[੬]।
ਨਾਹਕ ਮਰੇ ਹੈਂ ਬੀਰ, ਜੰਗ ਮੈਂ ਨ ਰਹੀ ਧੀਰ-,
ਸਿੰਮ੍ਰਿਤਿ ਹੈ ਗੁਨ ਇਮ ਮਨ ਸਮੁਝਾਇ ਕੈ ॥੧੬॥
ਦੇਤਿ[੭] ਕੇਤੀ ਬਾਰ ਆਛੀ ਵਸਤੁ ਉਦਾਰ ਹੇਰਿ
ਸਤਿਗੁਰੂ ਪਾਸਿ ਕੋ ਪਠਾਵੈ ਪ੍ਰੇਮ ਧਾਰਿ ਕੈ।
ਚਾਵਰ ਲੰਮੇਰੇ ਸੇਤ ਸੂਖਮ ਘਨੇਰੇ ਕਰਿ,
ਪਠੈ ਕਈ ਬੇਰੇ ਨਰ ਫੇਰੇ ਬਾਰ ਬਾਰ ਕੈ।
ਉਪਬਨ ਹੂੰ ਕੇ ਫਲ ਬੀਨ ਬੀਨ ਨੀਕੇ ਕਲ

---

[੧]ਸਾਡਾ ਤੁਹਾਡਾ (ਮੇਲ) ਰਸ ਵਾਲ ਰਹੇਗਾ।
[੨]ਅੰਦਰ ਜੋ ਲਗਾਤਾਰ ਫਰਕ ਸੀ ਉਹ ਕੱਢਕੇ।
[੩]ਸ਼ੰਕਾ ਨੂੰ ਸਣੇ ਭੈ ਦੇ ਦੂਰ ਕਰਕੇ।
[੪](ਜੋ) ਝਗੜਾ ਚਲਿਆ ਸੀ ਚੰਗਾ ਨਹੀਂ ਸੀ।
[੫]ਬਿਅਰਥ ਨਿੰਦਾ ਹੋਈ।
[੬]ਕਿਸੇ ਤਰ੍ਹਾਂ ਕਰਕੇ ਭੀ।
[੭]ਭਾਵ ਭੀਮਚੰਦ ਦੇਂਦਾ ਹੈ।

ਕਾਵਰਾਂ[1] ਕੌ ਭਰਿ ਭਰਿ ਬੇਨਤੀ ਉਚਾਰਿ ਕੈ।
ਆਰੂ, ਅਮਰੂਦ, ਰਸ ਪੂਰਨ ਅੰਗੂਰ ਰੂਰ,
ਕਦਲੀ ਰਸਾਲ, ਸੇਉ, ਪੰਨਸ[2], ਅਨਾਰ ਕੈ ॥੧੭॥
ਮੀਠੇ ਜਾਤਿ ਜਾਤਿ ਕੇ, ਤੁਰਸ਼ ਭਾਂਤਿ ਭਾਂਤਿ ਕੇ,
ਲਗੇ ਜੁ ਪਾਂਤ ਪਾਂਤ ਕੇ[3], ਤੁਰਾਇ ਅਨਵਾਇ ਕਰਿ।
ਭੇਜੈ ਸੰਗ ਦੂਤ ਕੋ ਬਖਾਨਿ ਬਿਨੈ ਪੂਤ ਕੋ[4],
ਅਨੇਕ ਬਾਰਿ ਇਸੀ ਰੀਤਿ ਪ੍ਰੇਮ ਉਪਜਾਇ ਕਰਿ।
ਆਪ ਆਨਿ ਮਿਲੈ ਕਹਿ ਬਾਤਨ ਪ੍ਰਸੰਨ ਕਰੈ,
ਖੁਸ਼ੀ ਪ੍ਰਭੁ ਧਰੈਂ ਨਿਜ ਸਹਿਜ ਸੁਭਾਇ ਕਰਿ।
ਐਸੇ ਭਈ ਸੰਧਿ, ਸਭਿ ਦੇਸ਼ਨਿ ਵਿਦਤ ਹੋਇ,
ਪਾਇ ਮਨ ਕਾਮਨਾ ਕੋ ਨਿਮੈਂ ਨਰ ਭਾਇ[5] ਕਰਿ ॥੧੮॥
ਦਯਾ ਸਿੰਧੁ ਐਸੀ ਰੀਤਿ ਸਮੈ ਕੋ ਬਿਤੀਤ ਕਰੈਂ,
ਏਕ ਦਿਨ ਸੁੰਦਰੀ[6] ਮਨੋਰਥ ਕੋ ਧਾਰਿ ਕਰਿ।
ਆਨਿ ਕੇ ਸਮੀਪ ਹਥ ਜੋਰਿ ਕਰਿ ਖਰੀ ਭਈ
ਲਾਜ ਕੇ ਸਮੇਤ ਨਿਜ ਕਾਜ ਕੋ ਬਿਚਾਰ ਕਰਿ।
ਪਤਿ ਕੋ ਇਕਾਂਤਿ ਪਾਇ ਪ੍ਰੇਮ ਉਪਜਾਇ ਅਤਿ,
ਆਨੰਦ ਵਧਾਇ ਥਿਰੀ ਨੀਚੀ ਨਿਜ ਨਾਰ[7] ਕਰਿ।
ਬੋਲੇ ਦੇਖਿ ਪ੍ਰਭੁ 'ਕੌਨ ਸੁਧ ਘਰਵਾਲਜੋਂ ਹੂੰ ਕੀ?
ਕਹੁ, ਮਨ ਠਾਨਿ ਠਾਂਢੀ ਭਈ ਜੁ, ਉਚਾਰ ਕਰਿ' ॥੧੯॥
'ਘਟਿ ਘਟਿ ਮਾਲਕ ਤੁਮਾਰੇ ਸਭਿ ਤਾਲਕ[8]
ਪਛਾਨੋ ਤੀਨ ਕਾਲ ਮੈਂ ਸਭਿਨਿ ਗਤਿ ਮਨ ਕੀ।
ਕਹੌਂ ਕਹਾਂ ਆਪ ਆਗੇ ਬੂਝਨ ਜੁ ਲਾਗੇ ਤੁਮ,
ਨਾਂਹਿਨ ਬਤਾਵੌਂ ਤਊ ਨੀਕੀ ਹੈ ਨ ਜਨ ਕੀ[9]।
ਜਗਤ ਕੀ ਸਾਂਝ[10] ਚਿਤ ਚਾਹਤਿ ਸਦੀਵ ਮੇਰੋ,

---

[1]ਵਹਿੰਗੀਆਂ।
[2]ਕਟਹਲ [ਸੰਸ:, ਪਨਸ[।
[3]ਕਤਾਰਾਂ ਵਿਚ ਲੱਗੇ ਹੋਏ ਸਨ ਜੋ।
[4]ਪਵਿੱਤ੍ਰ ਬੇਨਤੀ ਕਹਿਕੇ।
[5]ਪ੍ਰੇਮ।
[6]ਮਾਤਾ ਜੀ।
[7]ਗਰਦਨ।
[8]ਅਧੀਨ [ਅ:, ਤਅੱਲਕ]।
[9]ਨਾ ਦੱਸਾਂ ਤਾਂ (ਇਹ ਗਲ) ਦਾਸਾਂ ਵਲੋਂ ਚੰਗੀ ਨਹੀਂ ਹੈ (ਕਿ ਮਾਲਕ ਪੁੱਛੇ ਤੇ ਨੌਕਰ ਦੱਸੇ ਨਾ)।
[10]ਯਥਾ:-ਪੁਤੀ ਗੰਢ ਪਵੈ ਸੰਸਾਰ।

ਉਪਜੈ ਸਪੂਤ ਦੁਤਿ ਧਾਰੈ ਤੁਮ ਤਨ ਕੀ।
ਤ੍ਰੀਯਨ ਕੋ ਚਿਤ ਐਸੇ ਚਾਹਤਿ ਹਮੇਸ਼ ਤੈਸੇ
ਪਤਿ ਕੀ ਪ੍ਰਸੰਨਤਾ, ਕੈ ਸੁਤ ਰੂਪ, ਧਨ ਕੀ[੧]' ॥੨੦॥
ਬਿਨੈ ਸੁਨਿ ਸੁੰਦਰੀ ਕੀ ਸੁੰਦਰ ਸੁ ਨੰਦ ਹੇਤੁ[੨]
ਸ੍ਰੀ ਗੁਬਿੰਦ ਸਿੰਘ ਸੁਖਕੰਦ ਬਰ ਦੀਨਿਯੋ।
'ਪਾਇੰ ਮਨ ਕਾਮਨਾ ਕੋ ਕੇਤਿਕ ਸਮੇਂ ਮੈਂ ਅਬਿ'
ਸੁਨਿ ਕੀਨਿ ਬੰਦਨਾ, ਅਨੰਦ ਉਰ ਚੀਨਿਯੋ।
ਲਾਲਸਾ ਸੁ ਜਾਨਿ ਕਰਿ ਸ੍ਰੀ ਗੁਰੂ ਸੁਜਾਨ ਮਨ
ਮਹਿਲ ਤਿਸੀ ਕੇ ਬਾਸ ਜਾਇ ਕਰਿ ਕੀਨਿਯੋ।
ਕੋਕਰਸ ਜੋਗਰਸ[੩*] ਸਗਰੇ ਦਿਖਾਇ ਨੀਕੇ
ਜੇਤਿਕ ਮਨੋਰਥ ਕਰਤਿ ਪੂਰ ਲੀਨਿਯੋ[੪] ॥੨੧॥

ਦੋਹਰਾ: ਭਈ ਸਗਰਭਾ ਸੁੰਦਰੀ,
ਸੁੰਦਰ ਦਿਪਹਿ ਸਰੂਪ।
ਰਿਦੇ ਅਨੰਦ ਬਿਲੰਦ ਕਰਿ,
ਬਾਂਛਤਿ ਅਨੰਦ ਅਨੂਪ ॥੨੨॥
ਬੀਤ ਗਏ ਨਵ ਮਾਸ ਜਬਿ,
ਦਸਮ ਪ੍ਰਬਿਰਤਯੋ ਫੇਰ।
ਹੋਯੋ ਸਮੈਂ ਪ੍ਰਸੂਤ ਸੋ,

---

[੧](ਯਾ) ਪਤੀ ਦੀ ਪ੍ਰਸੰਨਤਾ ਯਾ ਪੁੱਤ੍ਰ ਰੂਪੀ ਧਨ (ਦੀ ਚਾਹਨਾ)। (ਅ) ਪਤੀ ਦੀ ਪ੍ਰਸੰਨਤਾ ੧. ਰੂਪਵਾਨ ਪੁੱਤ੍ਰ ੨. ਧਨ।

[੨]ਸੁਹਣੇ ਪੁੱਤ੍ਰ ਲਈ।

[੩]ਜੋ ਰਸ ਸਰੀਰਕ ਸੰਜੋਗ ਤੋਂ ਉਪਜੇ ਉਸ ਰਸ ਤੋਂ ਮੁਰਾਦ ਕੋਕਰਸ ਦੀ ਹੈ ਜੋ ਚਿੱਤ ਬ੍ਰਿਤੀ ਦੇ ਜੋੜਨ ਤੋਂ ਉਪਜੇ ਸੋ ਯੋਗ ਰਸ ਹੈ [ਕਾਮ ਪਰ ਇਕ ਪੋਥੀ ਕੋਕ ਸ਼ਾਸਤ੍ਰ ਨਾਮੇ ਕੋਕਾ ਪੰਡਤ ਨੇ ਲਿਖੀ ਸੀ, ਉਥੋਂ ਪਦ ਬਣਿਆ ਹੈ-ਕੋਕਰਸ]।

[*]ਗੁਰ ਸਿੱਖੀ ਵਿਚ ਪਰੰਪਰਾ ਤੋਂ ਅੱਜ ਤੱਕ ਗੱਲ ਚਲੀ ਆਈ ਹੈ ਕਿ ਜਦ ਕਦੇ ਦਸਾਂ ਹੀ ਗੁਰੂ ਸਾਹਿਬਾਂ ਦੇ ਘਰ ਔਲਾਦ ਹੋਣ ਦਾ ਜ਼ਿਕਰ ਆਵੇ ਤਾਂ ਅਦਬ ਵਿਚ ਭਰਕੇ ਗੁਰਮੁਖ ਇਉਂ ਕਿਹਾ ਕਰਦੇ ਸਨ ਕਿ:-ਆਪ ਗੋਬਿੰਦ ਰੂਪ ਅਵਤਾਰ ਹਨ ਆਪ ਦਾ ਦ੍ਰਿਸ਼ਟੀ ਮਾਤ੍ਰ ਨਾਲ ਸੁਪਤਨੀ ਜੀ ਵਲ ਤੱਕਣਾ ਆਪ ਦੇ ਗ੍ਰਿਹ ਸੰਤਾਨ ਉਤਪਤੀ ਲਈ ਹੁੰਦਾ ਸੀ। ਕਦੇ ਕੋਈ ਸਿੱਖ ਆਪਣੇ ਸੱਚੇ ਪਿਤਾ ਮਾਤਾ ਦੇ ਪਰਸਪਰ ਸੰਜੋਗ ਬਾਬਤ ਕੋਈ ਵਾਰਤਾ ਨਹੀਂ ਸੀ ਕਰਦਾ। ਕਵਿ ਜੀ ਸੌ ਸਾਖੀ ਦੇ ਮਗਰ ਚੱਲ ਰਹੇ ਹਨ। ਉਸ ਵਿਚ ਕੋਕ ਰਸ ਜੋਗ ਰਸ ਪਦ ਆਏ ਹਨ। ਫਿਰ ਵੀ ਕਵੀ ਜੀ ਦਾ ਵਿਦਯਾ ਮੰਡਲ ਬੀ ਵਿਸ਼ੇਸ ਕਰਕੇ ਹਿੰਦੀ ਸੰਸਕ੍ਰਿਤ ਸਾਹਿੱਤ ਦਾ ਹੈ, ਜਿਥੇ ਗੀਤ ਗੁਵਿੰਦ ਤੇ ਉਸਤੋਂ ਮਗਰੋਂ ਦੀਆਂ ਕ੍ਰਿਸ਼ਨ ਲੀਲਾ ਦੀਆਂ ਨਾਨਾ ਰਚਨਾ ਦੇ ਗ੍ਰੰਥ ਆਪ ਦੀ ਨਜ਼ਰੋਂ ਲੰਘੇ ਹਨ, ਇਸ ਲਈ ਬੀ ਆਪ ਤੋਂ ਏਥੇ ਕੁਛ ਉਸ ਪ੍ਰਕਾਰ ਦਾ ਵਰਣਨ ਹੋ ਗਿਆ ਹੈ। ਪਰ ਸਾਨੂੰ ਧੰਨਵਾਦੀ ਹੋਣਾ ਚਾਹੀਦਾ ਹੈ ਕਿ ਆਪ ਨੇ ਅਤਿ ਥੋੜਾ ਕੁਛ ਕਿਹਾ ਹੈ। 'ਕੋਕ ਰਸ' ਪਦ ਦੇ ਨਾਲ 'ਜੋਗ ਰਸ' ਪਦ ਬੀ ਵਰਤਿਆ ਹੈ ਕਿ ਮਹਾਂਰਾਜ ਸਰੀਰਕ ਰਸਾਂ ਤੋਂ ਅਲਿਪਤ ਸਨ ਤੇ ਯੋਗ ਰਸ ਨੂੰ ਕਦੇ ਬੀ ਕਿਸੇ ਹਾਲਤ ਬੀ ਆਪਣੇ ਤੋਂ ਦੂਰ ਨਹੀਂ ਸਨ ਹੋਣ ਦੇਂਦੇ।

[੪]ਪੂਰਨ ਕਰ ਲਿਆ।

ਗੁਜਰੀ ਮੁਦਤਿ ਬਡੇਰ ॥੨੩॥
ਮਾਘ ਮਾਸ, ਪਖ ਪਾਂਛਲੋ[1],
ਚੌਥ ਤਿਥੀ, ਭ੍ਰਿਗੁਵਾਰ[2]।
ਭਲੇ ਲਗਨ ਗ੍ਰੈਹ ਉਚਿਕ[3] ਤਬਿ[*],
ਜਨਮਜੋ ਪੁੱਤ੍ਰ[+] ਉਦਾਰ ॥੨੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਭੀਮਚੰਦ ਮਿਲਨ ਅਜੀਤ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

---

[1]ਸ਼ੁਕਲਾ ਪੱਖ।
[2]ਸ਼ੁਕਰਵਾਰ।
[3]ਜੋਤਿਸ਼ ਵਿੱਚ ਗ੍ਰੈਹਿ ਦਾ ਉੱਚ ਤੇ ਨੀਚ ਇਕ ਹਿਸਾਬ ਹੈ ਜਿਵੇਂ ਮੇਖ ਦਾ ਸੂਰਜ ਉੱਚ ਹੈ ਤੇ ਦਸਾਂ ਅੰਸਾਂ ਵਿਚ ਪਰਮ ਉੱਚ। ਇਸੀ ਤਰ੍ਹਾਂ ਬ੍ਰਿਖ ਦਾ ਚੰਦ੍ਰਮਾਂ ਉੱਚ। ਫਿਰ ਉੱਚ ਰਾਸ਼ੀ ਤੋਂ ਸਤਵੀਂ ਰਾਸ ਉਪਰ ਹੋਣ ਨਾਲ ਨੀਚ ਹੁੰਦਾ ਹੈ। ਜੈਸੇ ਮੇਖ ਦਾ ਸੂਰਜ ਉੱਚ ਹੈ ਪਰ ਤੁਲਾ ਦਾ ਨੀਚ ਹੈ। ਇਥੇ ਮਤਲਬ ਹੈ ਉੱਚ ਗ੍ਰੈਹ ਵਿਚ ਜਨਮ ਹੋਇਆ।
[*]ਪਾ:-ਉੱਚਕਿਤੰ। ਪੁਨਾ:-ਉਚਕਿ ਤਜ।
[+]ਸਾਹਿਬ ਜ਼ਾਦਿਆਂ ਦੇ ਜਨਮ ਤਿਥਾਂ ਬਾਬਤ ਦੇਖੋ ਇਸੇ ਰੁਤ ਦਾ ਅੰਸੂ ੪ ਅੰਕ ੩੮।

੩੮. [ਮੇਲੇ ਵਿਚੋਂ ਠੱਗ ਫੜਕੇ ਦੰਡ ਦਿੱਤਾ]

੩੭<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੩੯

ਦੋਹਰਾ: ਜਨਮਯੋ ਨੰਦ ਅਨੰਦ ਭਯੋ, ਮੰਗਲ ਬ੍ਰਿੰਦ ਬਨਾਇ।
ਬਜੀ ਵਧਾਈ ਦ੍ਵਾਰ ਪਰ, ਨੌਬਤ ਨਾਦ ਉਠਾਇ ॥੧॥

ਸੈਯਾ ਛੰਦ: ਸ੍ਰੀ ਅਨੰਦਪੁਰਿ ਭਯੋ ਕੁਲਾਹਲ
ਜਾਚਕ ਲੋਕ ਮਿਲੇ ਸਮੁਦਾਇ।
ਪੌਤ੍ਰ ਜਨਮ ਤੇ ਗੁਜਰੀ ਹਰਖਤਿ
ਦੇਤਿ ਦਰਬ ਕੌ ਜੋ ਦਰ ਆਇ।
ਉਤਸਵ ਕਰਤਿ ਮਿਲੀ ਪਿਕ ਬੈਨੀ
ਮਧੁਰ ਮਧੁਰ ਸੁਰ ਗੀਤਨਿ ਗਾਇ।
ਕਰਿ ਕਰਿ ਆਦਰ ਸਦਨ ਬਿਠਾਵਤਿ
ਜਥਾ ਜੋਗ ਤਿਨ ਗਿਰਾ ਸੁਨਾਇ ॥੨॥
ਕਮਲ ਪੁੱਤ੍ਰ ਸਮ ਬਿਸਤ੍ਰਿਤ ਲੋਚਨ
ਬਰਨ ਬਰਨ ਕੇ ਅੰਬਰ ਪਾਇ।
ਦੇਤਿ ਬਧਾਈ ਮੇਦਤਿ ਗੁਜਰੀ
ਕਹਤਿ ਅਸੀਸਨ ਸੀਸ ਚਢਾਇ।
ਦੇਤਿ ਦੂਬ ਕੋ ਦੇਖਿ ਹੂਬ ਕੋ[1],
ਦਰ ਪਰ ਫੂਲਨ ਮਾਲ ਬੰਧਾਇ।
ਨਾਚ ਹੀਜ ਫਿਰ ਲੇਤਿ ਭਵਾਲੀ
ਟਲਕਾ ਤਾਲੀ ਮੇਲ ਬਜਾਇ[2] ॥੪॥
ਸ੍ਰੀ ਸਤਿਗੁਰ ਸਮੀਪ ਜੋ ਮੰਗਤ
ਮਨ ਭਾਵਤਿ ਕੋ ਪਾਇ ਸਿਧਾਇਂ।
ਦਰਬ ਪਟੰਬਰ ਲੇਤਿ ਬਿਭੂਖਨ
ਮਿਲੇ ਨਾਰਿ ਨਰ ਗਨ ਚਿਤ ਚਾਇ।
ਸਿੰਘ ਪੌਰ ਪਰ ਠੌਰ ਨ ਪ੍ਰਾਪਤਿ,
ਭੀਰ ਅਧਿਕ ਹੁਇ ਰੌਰ ਉਪਾਇ।
ਜਹਿਂ ਕਹਿਂ ਤੇ ਸੁਨਿ ਸੁਨਿ ਬਹੁ ਆਏ,
ਦੇਨਿ ਬਿਸਾਲ[3] ਸੁਜਸੁ ਬਿਰਧਾਇ ॥੪॥
ਕਰਹਿਂ ਮੰਗਲਾਚਾਰ ਘਨੇਰੇ

---

[1]ਪ੍ਰੇਮ ਨੂੰ ਵੇਖਕੇ ਖੱਬਲ ਘਾਹ ਦੇਂਦੀਆਂ ਹਨ। [ਘਾਹ ਮੰਗਲ ਸਮੇਂ ਤੇ ਦੇਣਾ ਅਸੀਸ ਦੇਣੀ ਹੈ ਕਿ ਇਸ ਵਾਂਗ ਤੁਸੀਂ ਵਧੋ ਤੇ ਹਰੇ ਭਰੇ ਰਹੋ]।
[2]ਤਾੜੀ ਨਾਲ ਟਲੀਆਂ ਮੇਲ ਕੇ ਵਜਾਉਂਦੇ ਹਨ।
[3]ਬਹੁਤ ਦਾਨ ਦੇਣ ਕਰਕੇ।

ਜੁਗਤ ਅਨੰਦ ਸ਼ਬਦ* ਕੋ ਗਾਇ।
ਤ੍ਰੌਦਸ ਦਿਨ ਬੀਤੇ ਸ੍ਰੀ ਗੁਜਰੀ
ਦਯਾਰਾਮ ਕੋ ਪਠਯੋ ਸੁਨਾਇ।
'ਸ੍ਰੀ ਮੁਖ ਤੇ ਸੁਤ ਨਾਮ ਧਰਹੁ ਕੋ,
ਜੋ ਗੁਰ ਬੰਸ ਬਿਖੈ ਦੁਤਿ ਪਾਇ।'
ਆਇ ਸਭਾ ਮਹਿਂ ਬਿੱਪ੍ਰ ਭਨਯੋ ਜਬਿ
'ਮਾਤਾ ਇਸ ਬਿਧਿ ਬਾਕ ਅਲਾਇ' ॥੫॥
ਸ੍ਰੀ ਕਲਗ਼ੀਧਰ ਉਰ ਬਿਚਾਰ ਕਰਿ
-ਸ਼ੱਤ੍ਰਨ ਤੇ ਅਜੀਤ ਹੁਇ ਜੋਇ-।
ਯਾਂ ਤੇ ਨਾਮ ਅਜੀਤ ਸਿੰਘ ਧਰਿ,
ਪਠਯੋ ਮਾਤ ਢਿਗ ਦਿਜਵਰ ਸੋਇ+।
ਹਰਖਤਿ ਭਈ ਸ੍ਰੌਨ ਧਰਿ ਤਿਸ ਛਿਨ
ਗਈ ਪੌਤ੍ਰ ਕੇ ਨਿਕਟੀ ਹੋਇ।
ਸਭਿਹਿਨਿ ਮੈਂ ਤਬਿ ਨਾਮ ਸੁਨਾਯੋ
ਸੁਨਤਿ ਅਨੰਦ ਭਏ ਸਭਿ ਕੋਇ ॥੬॥
ਦਿਨਪ੍ਰਤਿ ਲਾਲਤਿ ਅਨਿਕ ਪ੍ਰਕਾਰਨਿ
ਹੇਮ ਬਿਭੁਖਨ ਕੋ ਘਰਿਵਾਇ।
ਜਟਤਿ ਜਵਾਹਰ ਜ਼ੇਬ ਜਬਰ ਜਿਨ,
ਪਗ ਨੂਪਰ ਅਰੁ ਕਟਕ[੧] ਬਨਾਇ।
ਛੁੱਦ੍ਰਘੰਟਕਾ[੨] ਬਨੀ ਮਨੋਹਰ
ਸਿਰ ਸਿਰਫੂਲ[੩] ਧਰਯੋ ਦੁਤਿ ਪਾਇ।
ਸੂਖਮ ਝੀਨ++ ਨਵੀਨ ਬਸਨ ਸ਼ੁਭ
ਪਹਿਰਾਵਤਿ ਪੌਤ੍ਰੇ ਹਰਖਾਇ ॥੭॥

---

*-ਸਤਿਗੁਰੂ ਸਾਚੇ ਦੀਆ ਭੇਜ- ਇੱਤਯਾਦੀ ਸ਼ਬਦ ਪੜ੍ਹਦੇ ਹਨ, ਇਹੋ ਗੁਰਮਤ ਜਨਮ ਸੰਸਕਾਰ ਵਿਚ ਪ੍ਰਗਟ ਹੈ।

+ਦੇਖੋ ਏਥੇ ਬ੍ਰਹਮਨ ਪੱਤ੍ਰੀ ਫੋਲ ਕੇ ਨਾਮ ਨਹੀਂ ਰੱਖ ਰਿਹਾ, ਹਾਲਾਂ ਕਿ ਇਹ ਪ੍ਰੋਹਿਤ ਬੀ ਹੈ ਤੇ ਦਲਾਂ ਦਾ ਸੂਰਮਾਂ ਬੀ ਹੈ, ਜਿਸ ਕਰਕੇ ਵਧੇਰੇ ਸਨਮਾਨਤ ਹੈ। ਨਾਮ ਗੁਰੂ ਜੀ ਨੇ ਆਪ ਰੱਖਿਆ ਹੈ, ਇਹੋ ਗੁਰਮਤ ਹੈ, ਏਸੇ ਕਰਕੇ ਹੁਣ ਤਕ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੈ ਕੇ ਸੰਗਤ ਧਰਦੀ ਹੈ।

[੧]ਕੜੇ।

[੨]ਤੜਾਗੀ।

[੩]ਸਿਰ ਦਾ ਇਕ ਗਹਿਣਾ।

++ਸ਼ੋਭਾ ਹਿਤ ਹਰ ਐਸੇ ਸਮੇਂ ਐਸੇ ਵਾਕ ਕਿਹਾ ਕਰਦੇ ਹਨ, ਮੁਰਾਦ ਲੈਣੀ ਚਾਹੀਏ ਸ਼ੋਭਾ ਯੁਕਤ ਦੀ। ਅੱਖਰੀ ਅਰਥ ਲਾਓ ਤਾਂ ਮਾਘ ਫਗਣ ਵਿਚ ਤਾਂ ਬਹੁਤ ਬ੍ਰੀਕ ਕਪੜੇ ਨਹੀਂ ਪਹਿਨਦੇ ਝੀਨ ਤੋਂ ਮੁਰਾਦ ਗਰਮ ਪਰ ਵਧੀਆ ਗਰਮ ਹੀ ਲਈ ਜਾ ਸਕਦੀ ਹੈ। ਪਰ ਮਲਮਲ ਤੇ ਪਤਲੇ ਰੇਸ਼ਮੀ ਕੱਪੜੇ ਦੀ ਨਹੀਂ।

ਇਸ ਪ੍ਰਕਾਰ ਦਿਨ ਕੇਤਿਕ ਬੀਤੇ
ਸੰਗਤਿ ਦਿਵਸ ਪੁਰਬ ਕੋ ਜਾਨਿ।
ਚਹੁੰਦਿਸ਼ਿ ਤੇ ਉਮਡੀ ਹਿਤ ਦਰਸ਼ਨ
ਲਏ ਅਕੋਰਨ ਪਹੁੰਚੇ ਆਨਿ।
ਦਰਸ਼ਨ ਦੇਨਿ ਹੇਤੁ ਸ਼੍ਰੀ ਸਤਿਗੁਰ
ਬੈਠਿ ਗਏ ਊਚੇ ਅਸਥਾਨ।
ਭਈ ਸਭਿਨਿ ਸੁਧਿ ਸੁਨਿ ਸੁਨਿ ਸਗਰੇ
ਉਪਜਯੋ ਹਿਰਦੈ ਹਰਖ ਮਹਾਨ ॥੮॥
ਮੇਲਾ ਭਯੋ ਸਕੇਲਨ ਦੀਰਘ
ਧਰਹਿਂ ਅਕੋਰਨ ਅਨਿਕ ਪ੍ਰਕਾਰ।
ਮੁਖਿ ਮਸੰਦ ਲੈ ਲੈ ਸੰਗ ਸੰਗਤਿ
ਪਹੁੰਚੇ ਸਤਿਗੁਰ ਕੇ ਦਰਬਾਰ।
ਕਿਤਿਕ ਬਿਭੂਖਨ ਚਾਮੀਕਰ ਕੇ
ਸ਼੍ਰੀ ਅਜੀਤ ਸਿੰਘ ਹਿਤ ਦੁਤਿ ਚਾਰੁ।
ਲਜਾਵਤਿ ਭਏ ਅਰਪਤੇ ਆਗੇ
ਅਪਰ ਦਰਬ ਬਹੁ ਹਯ ਹਥਜਾਰ ॥੯॥
ਲਗੇ ਅੰਬਾਰ ਅਕੋਰਨ ਕੇ ਬਹੁ
ਪੁਰਹਿਂ ਕਾਮਨਾ ਜਿਮ ਜਿਸ ਕੀਨਿ।
ਖਰੋ ਮੇਵਰੋ ਕਰਿ ਅਰਦਾਸਨਿ
ਗੁਰੂ ਬਿਲੋਕਹਿਂ ਕਰੁਨਾ ਭੀਨ।
ਸਿੱਖ ਸੰਗਤਿ ਕੀ ਭੀਰ ਭਈ ਤਬਿ
ਇਕ ਬੰਚਕ ਉਰ ਲਾਲਚ ਪੀਨ।
ਅੰਚਰ ਬੰਧਯੋ[1] ਕਤਰ ਧਨ ਲੀਨਸਿ,
ਪੁਨ ਮੇਲੇ ਮਹਿਂ ਬਿਚਰਤਿ ਚੀਨ ॥੧੦॥
ਸਿਖ ਪਟ ਦੇਖਿ ਦੁਖੀ ਹੁਇ ਚਿੰਤਾ
ਸਤਿਗੁਰ ਕੇ ਢਿਗ ਕੀਨਿ ਉਚਾਰ।
'ਮਹਾਰਾਜ! ਮੇਲੇ ਮਹਿਂ ਪਾਪੀ
ਭੀਰ ਬਿਖੈ ਇਮ ਠਾਨਤਿ ਕਾਰ।'
ਕਰਯੋ ਮੇਵਰੇ ਕੌ ਤਬਿ ਸ਼੍ਰੀ ਪ੍ਰਭੁ
'ਇਕ ਥਲ ਇਸ ਕੋ ਦੇਹੁ ਬਿਠਾਰਿ।'
ਹੁਕਮ ਪਾਇ ਕਰਿ ਥਿਰਯੋ ਸਚਿੰਤਤਿ

[1] ਪੱਲੇ ਨਾਲ ਬੱਧਾ ਹੋਯਾ (ਧਨ)।

-ਧਨ ਮੈਂ ਪਾਵੌਂ ਕੌਨ ਪ੍ਰਕਾਰ- ॥੧੧॥
ਸੋ ਬੰਚਕ ਮੇਲੇ ਮਹਿਂ ਬਿਚਰਤਿ
ਕਾਟ੍ਯੋ ਖੀਸਾ ਇਕ ਸਿਖ ਕੇਰ।
ਨਹਿਂ ਕਿਨ ਜਾਨ੍ਯੋ ਮਿਲ੍ਯੋ ਨਰਨ ਮਹਿਂ,
ਸਿਖ ਦੇਖਤਿ ਭਾ ਦੁਖੀ ਬਡੇਰ।
ਪੂਰਬ ਸਮ ਸ੍ਰੀ ਪ੍ਰਭੁ ਢਿਗ ਗਮਨ੍ਯੋਂ
ਊਚੇ ਕਰਿ ਪੁਕਾਰ ਤਿਸ ਬੇਰ।
ਸੁਨਿ ਗੁਰ ਤਿਸ ਕੇ ਨਿਕਟ ਬਿਠਾਯੋ
ਕਹ੍ਯੋ 'ਦਰਬ ਲੈ ਦੇਵਹਿਂ ਫੇਰ' ॥੧੨॥
ਲਯੋ ਜੁਗਮ ਤੇ ਧਨ ਤਿਨ ਬੰਚਕ
ਪੁਨ ਤੀਸਰ ਹਿਤ ਘਾਤ ਲਗਾਇ।
ਲਯੋ ਅਪਰ ਨਹਿਂ ਕਿਨਹਿ ਬਿਲੋਕ੍ਯੋ,
ਪੁਨ ਚੌਥੇ ਕੋ ਦਰਬ ਚੁਰਾਇ।
ਕਰਤਿ ਪੁਕਾਰ ਦੁਊਂ ਚਲਿ ਆਏ
ਸੁਨਿ ਸਗਰੇ ਸਤਿਗੁਰੂ ਸੁਨਾਇ[1]।
'ਤਸਕਰ ਘਨੇ ਅਹੈਂ ਬਿਚ ਮੇਲੇ
ਨਹਿਂ ਰਾਵਰ ਤੇ ਡਰ ਕੋ ਪਾਇ' ॥੧੩॥
ਤਬਿ ਸਤਿਗੁਰ ਦ੍ਵੈ ਸੁਭਟ ਪਠਾਏ
'ਮੇਲੇ ਮਹਿਂ ਬੰਚਕ ਇਕ ਜਾਨ।
ਪਗੀਆ ਲਾਲ ਕਸੀ ਕਟ ਧੋਤੀ
ਇਕ ਮਾਲਾ ਧਾਰੈ ਨਿਜ ਪਾਨ।
ਚੰਦਨ ਤਿਲਕ ਭਾਲ ਮੈਂ ਦੇਖਹੁ
ਗਹਿ ਆਨਹੁ ਡਰ ਦੇਹੁ ਮਹਾਨ।'
ਸੁਨਤਿ ਚਿੰਨ੍ਹ ਭਟ ਪਾਇ ਹੁਕਮ ਕੌ
ਪਿਖਿ ਮੇਲੇ ਕਹੁ ਬਨਿ ਸਵਧਾਨ ॥੧੪॥
ਬਿਚਰਤਿ ਸੋ ਠਗ ਗਹ੍ਯੋ ਜਾਇ ਕਰ
ਪ੍ਰਭੁ ਕੇ ਨਿਕਟ ਆਨਿ ਤਤਕਾਲ।
ਸ੍ਰੀ ਮੁਖ ਤੇ ਕਹਿ 'ਇਸ ਪਟ ਦੇਖਹੁ'
ਕਰੇ ਉਤਾਇਲ ਹੇਰਤਿ ਜਾਲਿ।
ਗਾਢੋ ਬਾਂਧ[2] ਕਰ੍ਯੋ ਤਬਿ ਠਾਂਢੋ

---

[1]ਸੁਣਕੇ ਸਾਰਿਆਂ ਨੇ ਸਤਿਗੁਰੂ ਜੀ ਨੂੰ ਸੁਣਾਯਾ।
[2]ਭਾਵ ਮੁਸ਼ਕਾਂ ਬੰਨ੍ਹਕੇ।

'ਇਹ ਆਨਜੋਂ ਹਮ ਛਲੀ ਬਿਸਾਲ।'
ਧਨ ਚਤਰਨਿ[1] ਕੋ ਗਯੋ ਜਿਤਿਕ ਥੋ
ਨਿਕਸਜੋ ਤਿਸ ਢਿਗ ਤੇ ਲਿਯ ਭਾਲ ॥੧੫॥
ਚਾਰਹੁਂ ਸਿੱਖਨ ਕੋ ਧਨ ਦੀਨਸਿ,
ਲੇ ਕਰਿ ਤਿਨਹੁਂ ਹਰਖ ਉਰ ਪਾਇ।
ਕਰਜੋ ਬਿਲੋਕਨ ਬਿਸਮਤ ਹ੍ਵੈ ਕਰਿ
'ਧੰਨ ਧੰਨ' ਸਤਿਗੁਰ ਕੋ ਗਾਇ।
'ਮਹਾਂ ਅਘੀ, ਮਨ ਭੈ ਨਹਿਂ ਕੀਨਸਿ,
ਦੰਡ ਦੇਨ ਕੇ ਉਚਿਤ ਸਜਾਇ[2]।'
ਸ੍ਰੀ ਮੁਖ ਤੇ ਕਹਿ ਕੈਦ ਕਰਾਯੋ
ਪੁਨਹਿ ਪਾਪ ਨਹਿਂ ਕਰੇ ਕਦਾਇ ॥੧੬॥
ਸਿਖ ਸੰਗਤਿ ਸਭਿ ਪਾਇ ਕਾਮਨਾ
ਦਰਸ਼ਨ ਕਰਿ ਕਰਿ ਸਦਨ ਸਿਧਾਇ।
ਦੇਸ਼ ਬਿਦੇਸ਼ਨ ਪ੍ਰਭੁ ਕੀ ਕੀਰਤਿ
ਫੈਲ ਪਰੀ ਸਭਿ ਕਹੈਂ ਸੁਨਾਇ।
ਮਨਹੁਂ ਮਾਲਤੀ ਘਰ ਘਰ ਫੂਲੀ
ਕਿਧੌਂ ਮਰਾਲਨ ਪਾਂਤਿ ਉਡਾਇ।
ਸਿੰਧ ਮੇਖਲਾ ਸਰਬ ਰਸਾ ਪਰ[3]
ਜਿਤ ਕਿਤ ਉੱਜਲ ਰਹੀ ਸੁ ਛਾਇ ॥੧੭॥
ਕੇਤਿਕ ਦਿਨ ਮਹਿਂ ਠਗ ਹਕਾਰ ਕਰਿ
ਕਹਜੋ ਪ੍ਰਭੁ 'ਸੁਨਿ ਰੇ ਮਤਿ ਮੰਦ!
ਹਮਹਿਂ ਅਰਾਧਜੋ ਅਘ ਕੇ ਹਿਤ ਤੈਂ
-ਮਮ ਪੜਦਾ ਗੁਰ ਢਕਹੁ ਬਿਲੰਦ।
ਤ੍ਰੈ ਚੋਰੀ ਕਰਿ ਬਹੁਰ ਨ ਕਰਿਹੌਂ-
ਬਿਚਰਹਿਂ ਮੇਲੇ ਮਹਿਂ ਅਘਵੰਦ।
ਦਰਬ ਤੀਨ ਕੋ ਲਿਯ, ਤ੍ਰਿਸ਼ਨਾ ਕਿਯ[4],
ਪੁਨ ਚੌਥੇ ਕੇ ਚੀਰ ਨਿਕੰਦ ॥੧੮॥

---

[1]ਭਾਵ ਚਾਰ ਸਿੱਖਾਂ ਦਾ।
[2]ਦੰਡ ਸਜ਼ਾ ਦੇਣ ਦੇ ਉਚਿਤ) = ਯੋਗ) ਹੈ। ਕਵੀ ਜੀ ਨੇ ਦੰਡ ਸਜ਼ਾ ਇਉਂ ਇਥੇ ਵਰਤਿਆ ਹੈ ਜਿਵੇਂ ਕਹੀਦਾ ਹੈ ਜਲ ਪਾਣੀ ਛਕ ਲਓ।
[3]ਸਾਰੀ ਧਰਤੀ ਉੱਤੇ ਜੋ ਸਮੁੰਦਰ ਨਾਲ ਘੇਰੀ ਹੋਈ ਹੈ। (ਅ) (ਪਹਾੜਾਂ ਤੋਂ ਲੈ) ਸਮੁੰਦਰ ਤਕ ਵਿਚਲੀ ਤੇ ਸਾਰੀ ਧਰਤੀ ਉੱਤੇ।
[4]ਫਿਰ ਤ੍ਰਿਸ਼ਨਾ ਕੀਤੀ।

ਰਹਯੋ ਨ ਪ੍ਰਨ ਪਰ ਲੋਭ ਵਧਯੋ ਚਿਤ[੧],
ਫਾਸ ਉਚਿਤ ਤੋ ਕੌ ਪਹਿਚਾਨ।
ਤਉ ਤਜਹਿਂ[੨] ਅਬਿ, ਬਹੁਰ ਨ ਕਰੀਐ'
ਇਮ ਕਹਿ ਛੁਟਵਾਯੋ ਗੁਨਖਾਨ।
ਧਾਰਿ ਨਮੋ ਗਮਨਯੋ ਛੁਟਿ ਤੂਰਨ
ਸ੍ਰੀ ਗੁਰ ਕੇ ਗੁਣ ਕਰਿਤ ਬਖਾਨ।
ਇਸ ਪ੍ਰਕਾਰ ਕੇਤਿਕ ਦਿਨ ਗੁਜ਼ਾਰੇ
ਹੋਤਿ ਬਿਲਾਸ ਅਨੇਕ ਬਿਧਾਨ ॥੧੯॥

ਦੋਹਰਾ: ਕਵਿਤਾ ਰਚਹਿਂ ਇਕੰਤ ਹ੍ਵੈ, ਸੁੰਦਰ ਛੰਦ ਬਨਾਇਂ।
ਰਸ ਸ਼ਿੰਗਾਰ[੩], ਰਸ ਬੀਰ[੪] ਕੋ, ਰੌਦ੍ਰ[੫] ਬਰਨ ਅਧਿਕਾਇ ॥੨੦॥

ਸੈਯਾ ਛੰਦ: ਸੁਨਿ ਸੁਨਿ ਗੁਨੀ ਅਨਿਕ ਗੁਨ ਜਿਨਿ ਮਹਿਂ
ਕਦਰ ਸ਼ਨਾਸੀ ਕੌ ਮਨ ਜਾਨਿ[੬]।
ਕਹਹਿਂ ਕਬਿੱਤ ਸੁਜਸੁ ਕੇ ਸੁੰਦਰ,
ਕਲਗ਼ੀਧਰ ਸੋਂ ਮਿਲਹਿਂ ਸੁ ਆਨਿ।
ਧਰਹਿਂ ਅਨਿਕ ਚਾਤੁਰਤਾ ਰਚਿ ਰਚਿ
ਹੁਇ ਪ੍ਰਸੰਨ ਲਖਿ ਗੁਨੀ ਮਹਾਨ।
ਧਨ ਗਨ ਬਖਸ਼ ਹਜ਼ਾਰਹੁਂ ਲੱਛਹੁਂ
ਲੇ ਕਰਿ ਹਰਖ ਧਰਹਿਂ ਗੁਨਵਾਨ ॥੨੧॥

ਕਿਤਿਕ ਰਹੇ ਢਿਗ ਨੌਕਰ ਹੁਇ ਕਰਿ
ਦਰਬ ਹਜ਼ਾਰਹੁਂ ਕੋ ਨਿਤ ਲੇਤਿ।
ਦਾਰਦਿ ਘਾਮ ਬਿਦਾਰਨ ਹੋਵਾ
ਬਰਖਤਿ[੭] ਘਨ ਜਯੋਂ ਕ੍ਰਿਪਾ ਨਿਕੇਤੁ।
ਆਪ ਰਚਤਿ ਹੈਂ ਛੰਦ ਅਨਿਕ ਗਤਿ

---

[੧]ਇਸਦਾ ਇਹ ਭਾਵ ਨਹੀਂ ਕਿ ਥੋੜੀ ਚੋਰੀ ਮਾਫ ਕਰ ਰਹੇ ਹਨ, ਬਲਕਿ ਇਕ ਇਨਸਾਨੀ ਖਸਲਤ ਜ਼ਾਹਰ ਕਰ ਰਹੇ ਹਨ ਕਿ ਚੋਰੀ ਯਾਰੀ ਜੂਆ ਆਦਿ ਕਰਮਾਂ ਵਾਲੇ ਪ੍ਰਣ ਕਰਦੇ ਹਨ ਕਿ ਬਸ ਹੁਣ ਤੇ ਫੇਰ ਨਹੀਂ ਕਰਾਂਗੇ, ਪਰ ਉਨ੍ਹਾਂ ਦੇ ਅੰਦਰਲੇ ਸੰਸਕਾਰ ਮੁੜ ਮੁੜ ਓਧਰੇ ਲੈ ਜਾਂਦੇ ਹਨ, ਇਸ ਲਈ ਮੂਲੋਂ ਤਜਾਗ ਕਰਨਾ ਹੀ ਠੀਕ ਹੈ। 'ਪੜਦੇ ਢੱਕਣ' ਦੀ ਅਰਦਾਸ ਦੀ ਬੀ ਇਨਸਾਨ ਨੂੰ ਬਹੁਤ ਲੋੜ ਪੈਂਦੀ ਹੈ। ਗੁਰੂ ਤੇ ਪਰਮੇਸ਼ੁਰ ਦਾ ਬਿਰਦ 'ਪੜਦੇ ਢੱਕ' ਬੀ ਹੈ, ਜਿਸਦਾ ਮਤਲਬ ਪਾਪ ਦੀ ਖੁੱਲ੍ਹ ਨਹੀਂ।

[੨]ਫਿਰ ਤੈਨੂੰ ਛੋੜਨੇ ਹਾਂ।

[੩]ਸ਼ਿੰਗਾਰ ਰਸ, ਜਿਸ ਵਿਚ ਪਿਆਰ ਦਾ ਵਰਣਨ ਹੋਵੇ।

[੪]ਬੀਰ ਰਸ, ਜਿਸ ਵਿਚ ਬਹਾਦਰੀ ਹੋਵੇ।

[੫]ਰੌਦ੍ਰ ਰਸ, ਜਿਸ ਵਿਚ ਕ੍ਰੋਧ ਆਦਿ ਨਾਲ ਬੀਰਤਾ ਭੈਦਾਇਕ ਹੋ ਜਾਵੇ।

[੬](ਸਤਿਗੁਰੂ ਜੀ ਦੀ) ਕਦਰ ਪਛਾਣਨ (ਦੇ ਗੁਣ ਨੂੰ) ਮਨ ਵਿਚ ਜਾਣਕੇ।

[੭]ਗੁਰੂ ਜੀ ਵੱਸਦੇ ਹਨ ਭਾਵ ਦਾਨ ਦੇਂਦੇ ਹਨ।

ਅਪਰਨ ਕੇ ਲਖਿ ਰੀਝ ਸੁ ਦੇਤਿ[੧]।
ਇਮ ਗੁਨੀਅਨ ਮਹਿਂ ਕੀਰਤਿ ਪਸਰੀ
ਸੁਨਿ ਸੁਨਿ ਆਵਤਿ ਹੈਂ ਸੁਖ ਹੇਤੁ ॥੨੨॥
ਕਵੀ ਰਹਿਤਿ ਜੋ ਪੂਰਬ ਦਿਸ਼ਿ ਮਹਿਂ
ਅਰੁ ਦੱਖਣ ਮਹਿਂ ਉਪਜੇ ਜੋਇ।
ਪੱਛਮ ਬਾਸੀ ਉੱਤਰ ਦਿਸ਼ਿ ਕੇ
ਗੁਨ ਕੋ ਪਰਖਹਿਂ[੨] ਗੁਨ ਸੁਨਿ ਸੋਇ।
ਰੀਝ ਮੌਜ[੩] ਦੀਰਘ ਹੀ ਲਖਿ ਕਰਿ
ਘਰ ਕੌ ਤਜਾਗ ਆਇਂ ਸਭਿ ਕੋਇ।
ਬਖਸ਼ਿਸ਼ ਪਾਇ ਨਿਕਟ ਰਹਿਂ
ਕੇਤਿਕ ਕੋ ਨਿਕੇਤ ਗੇ ਦਾਰਿਦ ਖੋਇ ॥੨੩॥
ਪੀਰ ਕਿਤਿਕ ਸੁਨਿ ਮਹਿੰਮਾ ਆਵਤਿ,
ਬੈਰਾਗੀ ਸੰਨਜਾਸੀ ਜਾਲ।
ਤਪੀ ਦਿਗੰਬਰ ਦਰਸ਼ਨ ਕੇ ਹਿਤ
ਜੋਗੀ ਆਇਂ ਜਿ ਸਿੱਧ ਬਿਸਾਲ।
ਮਿਲਿ ਮਿਲਿ ਪਰਖਹਿਂ ਹਰਖਹਿਂ ਬਚ ਸੁਨਿ,
ਸੰਸੈ ਕੋ ਉੱਤਰ ਤਤਕਾਲ[੪]।
ਸਾਹਿਬ ਕਰਾਮਾਤਿ ਗੁਰ ਦੀਰਘ
ਸਿੰਧ ਮਨਿੰਦ ਸੁਮੇਰੁ ਅਚਾਲ ॥੨੪॥
ਸਿਖ ਸੰਗਤਿ ਜਹਿਂ ਕਹਿਂ ਤੇ ਆਵਤਿ
ਮਨ ਭਾਵਤਿ ਪਾਵਤਿ ਨਿਜ ਕਾਮ[੫]।
ਚਹੁਂ ਦਿਸ਼ਿ ਤੇ ਹੁਇ ਮੇਲ ਸਕੇਲਨ
ਉਤਰਿ ਅਨੰਦਪੁਰੇ ਅਭਿਰਾਮ।
ਜਬਿ ਜਾਨਹਿਂ -ਬਹੁ ਬ੍ਰਿੰਦ ਭਏ ਨਰ
ਜੇ ਦਰਸ਼ਨ ਚਾਹਤਿ ਸੁਖ ਧਾਮ-।
ਤਬ ਨਿਕਸਹਿਂ ਬਡ ਸਭਾ ਲਗਾਵਹਿਂ
ਪੁਰਹਿਂ ਕਾਮਨਾ ਮਨ ਬਿਸਰਾਮ[੬] ॥੧੫॥

---

[੧]ਪ੍ਰਸੰਨ ਹੋਕੇ ਬਖਸ਼ਸ਼ ਕਰਦੇ ਹਨ।
[੨]ਪਰਖਦੇ ਹਨ ਇਹ ਗੁਣ ਸੁਣ ਕੇ।
[੩]ਰੀਝ = (ਉਚੇ ਗੁਣ ਵੇਖਕੇ) ਖੁਸ਼ ਹੋਣਾ ਤੇ ਖਿੜਨਾ। ਮੌਜ = ਖੁਸ਼ੀ ਤ੍ਰੰਗ ਵਿਚ ਬਖਸ਼ਸ਼ ਕਰਨੀ।
[੪]ਉਸੇ ਵੇਲੇ (ਦੇਂਦੇ ਹਨ)।
[੫]ਕਾਮਨਾ।
[੬]ਮਨ ਦੇ ਟਿਕਾਉ ਦੇਣੇ ਲਈ।

ਜੋਧਾ ਰਹੈਂ ਬਿਸਾਲ ਭਯੋ ਦਲ,
ਰਣ ਪ੍ਰਿਯ ਰਣ ਕੀ ਬਾਤ ਸੁਨਾਇੰ।
ਬਹੁ ਉਤਸਾਹਿ ਹੋਤਿ ਹੈ ਬੀਰਨ
ਆਯੁਧ ਬਿੱਦਜਾ ਸਦਾ ਕਮਾਇੰ।
ਹਯਨ ਫੰਧਾਵਤਿ ਬਹੁ ਚਪਲਾਵਤਿ
ਅਧਿਕ ਪਲਾਇ ਤੁਫੰਗ ਚਲਾਇ।
ਮਹਾਂਰਾਜ ਗੁਰ ਸਰਬ ਸਮਾਜਹਿ
ਦੀਰਘ ਕਰਜੋ ਜਗਤ ਜਸ ਗਾਇ ॥੧੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿਥੇ ਦੁਤਿਯ ਰੁਤੇ 'ਬੰਚਕ' ਪ੍ਰਸੰਗ ਬਰਨਨੰ ਨਾਮ ਅਸ਼ਟ ਤ੍ਰਿੰਸਤੀ ਅੰਸੂ ॥੩੮॥

੩੯. [ਮੀਆਂ ਖਾਂ ਤੇ ਅਲਫ ਖਾਂ ਦੀ ਪਹਾੜੀਆਂ ਪਰ ਚੜ੍ਹਾਈ]

੩੮<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੦

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ,
ਕੇਤਿਕ ਦਿਵਸ ਬਿਤਾਇ।
ਭੀਮਚੰਦ ਸੋਂ ਰਸ ਭਯੋ,
ਦੀਨਸਿ ਦ੍ਵੈਸ਼ ਮਿਟਾਇ ॥੧॥

ਪਾਧੜੀ ਛੰਦ: ਅਵਰੰਗ ਤੁਰਕਪਤਿ ਨਹਿਨ ਦੇਸ਼[1]।
ਚਢਿ ਗਯੋ ਦਿਸ਼ਾ ਦੱਖਨ ਬਿਸ਼ੇਸ਼।
ਕਰਿ ਬਡ ਮੁਹਿੰਮ ਸੈਨਾ ਬਿਸਾਲ।
ਜਹਿਂ ਤਾਨਿ ਸ਼ਾਹਿ ਸੱਯਦ ਬਿਸਾਲ ॥੨॥
ਗਢਿ ਗੋਲ ਕੁੰਡ[2] ਮਾਵਾਸ ਕੀਨਿ।
ਗਣ ਚਮੂੰ ਹਨਤਿ ਨਹਿਂ ਦਰਬ ਦੀਨਿ[3]।
ਜਹਿਂ ਨਗਰ ਹੈਦਰਾਵਾਦ ਆਹਿ।
ਤਹਿਂ ਕਰਤਿ ਬਾਸ ਬਡ ਰਾਜ ਤਾਂਹਿ[4] ॥੩॥
ਬਿਤ ਗਏ ਬਰਖ ਬਹੁ ਹੋਤਿ ਜੁੱਧ।
ਨਹਿਂ ਮਿਟਤਿ ਦੁਹੂੰ ਦਿਸ਼ਿ ਅਧਿਕ ਕ੍ਰੁਧ।
ਇਸ ਦੇਸ਼[5] ਬਿਖੈ ਸੂਬੇ ਬਿਸਾਲ।
ਸਭਿ ਰਾਜ ਸਾਜ ਕਰਤੇ ਕਰਾਲ ॥੪॥
ਇਕ ਮਿਯਾਂਖਾਨ ਉਮਰਾਵ ਤਾਂਹਿ[6]।
ਰਹਿ ਸੰਗ ਬਾਹਿਨੀ ਅਧਿਕ ਜਾਂਹਿ।
ਪੁਰਿ ਬਸੇ ਜਾਂਹਿ ਜੰਮੂੰ ਮਹਾਨ।
ਚਢਿ ਗਯੋ ਤਾਂਹਿ ਦਲ ਸੰਗ ਖਾਨ[7] ॥੫॥
ਇਕ ਅਲਫਖਾਨ ਤਿਹ ਸੰਗ ਬੀਰ।
ਪਸ਼ਚਾਤ ਚਲਹਿ ਜਿਹ ਸੁਭਟ ਭੀਰ[8]।
ਤਿਹ ਸਾਥ ਹੁਕਮ ਮਿਯਾਂ ਖਾਂ ਬਖਾਨਿ।

---

[1]ਨਹੀਂ ਸੀ ਦੇਸ਼ ਵਿਚ।
[2]ਨਾਮ ਹੈ ਕਿਲੇ ਦਾ-ਗੋਲ ਕੰਡਾ।
[3](ਨੌਰੰਗੇ ਦੀ) ਬਹੁਤੀ ਸੈਨਾ ਮਾਰਦਾ ਸੀ, (ਨੌਰੰਗੇ ਨੂੰ) ਧਨ ਨਹੀਂ ਸੀ ਦਿੰਦਾ।
[4]ਭਾਵ ਤਾਨੇਸ਼ਾਹ ਦਾ।
[5]ਇੱਥੇ ਦਿੱਲੀ ਦੇ ਲਾਗੇ।
[6]ਬਚਿੱਤ੍ਰ ਨਾਟਕ ਵਿਚ ਆਇਆ ਹੈ। 'ਮੀਆਂ ਖਾਂਨ ਜਮੂੰ ਕਹਿ ਆਯੋ'।
[7]ਖਾਨਾਂ ਦੀ ਸੈਨਾ ਨਾਲ (ਲੈਕੇ) ਤਿੱਥੇ ਭਾਵ ਜਮੂੰ ਵਲ ਚੜ੍ਹ ਗਿਆ।
(ਅ) ਨਾਲ ਦਲ ਲੈਕੇ ਖਾਂ ਚੜ੍ਹ ਗਿਆ।
[8]ਸੂਰਮਿਆਂ ਦੀ ਭੀੜ।

'ਤੁਮ ਜਾਹਿ ਅਬੈ ਸੈਲਨਿ ਸਥਾਨ ॥੬॥
ਨ੍ਰਿਪ ਜੋ ਕਟੋਚੀਆ ਅਰੁ ਗੁਲੇਰ।
ਜਸਵਾਲ ਆਦਿ ਜੇਤਿਕ ਬਡੇਰ।
ਸਭਿਹੂੰਨਿ ਪਾਸ ਲਿਹੁ ਦਰਬ ਜਾਇ।
ਬਡ ਸੰਗ ਬਾਹਿਨੀ ਤਿਨ ਦਬਾਇ[੧]' ॥੭॥
ਸੁਨਿ ਅਲਫਖਾਨ ਹਰਖ੍ਯੋ ਸੁ ਜ਼ੋਰ[੨]।
ਲੈ ਚਮੂੰ ਚਲ੍ਯੋ ਤਨਿ ਸੈਲ ਓਰ।
ਪਠਿ ਪ੍ਰਥਮ ਦੂਤ ਸੁਧ ਹਿਤ ਉਤਾਲ।
ਜਹਿਂ ਹੁਤੋ ਕਟੋਚੀ ਨ੍ਰਿਪ ਕ੍ਰਿਪਾਲ ॥੮॥
'ਦਿਹੁ ਦੰਡ ਦਰਬ[੩], ਮਿਲਿ ਅੱਗ੍ਰ ਆਇ।
ਸਵਧਾਨ ਹੋਹੁ ਨਤੁ ਰਣ ਮਚਾਇ[੪]।'
ਸੁਨਿ ਕੈ ਕ੍ਰਿਪਾਲ ਨਹਿਂ ਭਾ ਸੁਚੇਤ[੫]।
ਚਢਿ ਆਇ ਦੁਰਗ ਤੇ ਮਿਲਿਨਿ ਹੇਤੁ[੬] ॥੯॥
ਜਬਿ ਬਰ੍ਯੋ ਦੂਣ[੭] ਮਹਿਂ ਅਲਫਖਾਨ।
ਬਡ ਕਰੇ ਸ਼ੋਰ ਥਲ ਪਤਿ ਗੁਮਾਨ[੮]।
ਤਬਿ ਮਿਲ੍ਯੋ ਜਾਇ ਗਿਰਪਤਿ ਕ੍ਰਿਪਾਲ।
ਕੁਛ ਦਈ ਭੇਟ ਬਿਨਤੀ ਸੁ ਨਾਲ ॥੧੦॥
ਕਰਿ ਰਾਜਨੀਤ ਕੋ ਫੇਰ ਘੇਰ।
ਕਹਿ ਅਲਫਖਾਨ ਸੋਂ ਨ੍ਰਿਪਤਿ ਫੇਰ।
'ਸਭਿ ਗਿਰਨ ਰਾਜ ਬਾਈਸ ਧਾਰ।
ਕਹਿਲੂਰ ਪਤੀ ਸਭਿ ਮਹਿਂ ਉਦਾਰ ॥੧੧॥
ਲਿਹੁ ਪ੍ਰਥਮ ਤਿਸੀ ਤੇ ਪੁੰਜ ਦਰਬ।
ਪੁਨ ਦੇਹਿਂ ਆਪ ਹੀ ਔਰ ਸਰਬ।
ਜਬਿ ਲਗਿ ਨ ਦੇਇਗੋ ਭੀਮਚੰਦ।

---

[੧]ਤਿੰਨ੍ਹਾਂ ਨੂੰ ਦਬਾ ਕੇ।
[੨]ਜ਼ੋਰ ਕਰਕੇ।
[੩]ਖ਼ਿਰਾਜ (ਯਾ ਡੰਡ) ਦਾ ਧਨ।
[੪]ਮਚਾਵਾਂਗੇ।
[੫]ਜੰਗ ਲਈ ਤਿਆਰ ਨਾ ਹੋਇਆ।
[੬]ਮਿਲਨ ਵਾਸਤੇ ਕਿਲ੍ਹੇ ਤੋਂ ਚੜ੍ਹਕੇ ਆਇਆ (ਕਟੋਚੀਆ)।
[੭]ਇਥੇ ਦੂਣ ਤੋਂ ਮੁਰਾਦ ਕਾਂਗੜੇ ਦੇ ਗਿਰਦ ਨੇੜੇ ਤੇੜੇ ਦਾ ਇਲਾਕਾ ਹੈ।
[੮]ਥਲਪਤਿ ਤੋਂ ਭਾਵ ਔਰੰਗਜ਼ੇਬ ਹੈ ਜੋ ਹਿੰਦ ਦਾ ਪਤੀ ਸੀ ਉਸ ਦੇ ਗੁਮਾਨ ਵਿਚ ਸ਼ੋਰ ਸ਼ਰਾਬਾ ਕਰ ਰਿਹਾ ਹੈ।
(ਅ) ਪਾਠਾਂਤ੍ਰ ਬਲਪਤਿ ਹੋਵੇ ਤਾਂ: ਬਲ ਵਾਲਾ ਹੋਣ ਕਰਕੇ ਆਪਣੇ ਬਲ ਦੇ ਗੁਮਾਨ ਕਰਕੇ।
(ੲ) ਸ਼ੁੱਧ ਪਾਠ 'ਦਲਪਤਿ' ਜਾਪਦਾ ਹੈ। ਲਿਖਾਰੀ ਦੀ ਕਲਮ-ਉਕਾਈ ਹੈ।

ਟਰ ਜਾਹਿਂ ਸਕਲ, ਧਨ ਦੈਂ ਨ ਬ੍ਰਿੰਦ ॥੧੨॥
ਕਹਿਲੂਰ ਪਤੀ ਰਣ ਕਰਹਿਂ ਜੋਇ।
ਹਮ ਅਪਰ ਨ੍ਰਿਪਤਿ ਤੁਹਿ ਸੰਗ ਹੋਇਂ[1]।
ਤਿਹ ਜੀਤ ਜੁੱਧ ਮਹਿਂ ਕਰਹਿਂ ਜ਼ੇਰ[2]।
ਧਨ ਲੇਹਿਂ ਅਧਿਕ ਲਖਿ ਦੋਸ਼ਿ ਫੇਰ[3] ॥੧੩॥
ਮਮ ਕਹਜੋ ਮਾਨਿ ਇਮ ਲੇਹੁ ਦਰਬ।
ਗਿਰਪਤੀ ਮਿਲਹਿਂ ਦੇਂ ਦੰਡ ਸਰਬ।'
ਸੁਨਿ ਕੈ ਕ੍ਰਿਪਾਲ ਤੇ ਅਲਫਖਾਨ।
ਮਾਨੇ ਸੁ ਬੈਨ ਹਿਤ ਅਪਨਿ ਜਾਨਿ ॥੧੪॥
'ਧਨ ਭੀਮਚੰਦ ਤੇ ਪ੍ਰਥਮ ਲੇਉਂ।
ਜੇ ਕਰੈ ਜੰਗ ਲਰਿ ਮਾਰਿ ਦੇਉਂ।
ਮਮ ਸੈਨ ਸੰਗ ਅਰੁ ਨ੍ਰਿਪ ਕ੍ਰਿਪਾਲ।
ਅਰੁ ਮਿਲਹਿਂ ਔਰ, ਦ੍ਵੈ ਦਲ ਬਿਸਾਲ[4] ॥੧੫॥
ਸਭਿ ਕੋ ਦਬਾਇ ਦੈ ਜ਼ੋਰ ਘੋਰ[5]।
ਧਨ ਲੇਉਂ ਅਧਿਕ ਕਰ ਗਿਰਨ ਸ਼ੋਰ।'
ਤਬਿ ਅਲਫਖਾਨ ਕੌਂ ਲੇ ਕ੍ਰਿਪਾਲ।
ਬਿਚ ਬਰਜੋ ਆਇ ਸੈਲਨ ਬਿਸਾਲ ॥੧੬॥
ਨਾਦੌਣ ਆਇ ਕਰਿ ਸਿਵਰ ਕੀਨਿ।
ਸਵਧਾਨ ਹੋਇ ਰਣ ਸਾਜ ਲੀਨਿ।
ਪਠਿ ਦਯੋ ਦੂਤ ਢਿਗ ਭੀਮਚੰਦ।
'ਦੈ ਦਰਬ ਆਨਿ ਮਿਲਿ ਹਾਥ ਬੰਦਿ ॥੧੭॥
ਨਤੁ ਦੇਸ਼ ਤੋਰ[6] ਮੈਂ ਪਾਉਂ ਰੌਰ।
ਸਭਿ ਲੂਟ ਲੇਹੁਂ ਫਿਰ ਠੌਰ ਠੌਰ।'
ਜਬਿ ਗਯੋ ਦੂਤ ਸਗਰੀ ਸੁਨਾਇ।
'ਮਿਲਿਗੋ ਕ੍ਰਿਪਾਲ[7] ਨਿਜ ਹਿਤ ਬਨਾਇ' ॥੧੮॥
ਸੁਨਿ ਭੀਮਚੰਦ ਕਰਿ ਕ੍ਰੋਧ ਭੂਰ।

---

[1]ਅਸੀਂ ਹੋਰ ਰਾਜੇ ਤੇਰੇ ਨਾਲ (ਮਦਦਗੀਰ) ਹੋਵਾਂਗੇ।
[2]ਅਧੀਨ।
[3]ਫੇਰ ਦੋਸ਼ੀ ਜਾਣਕੇ ਬੜਾ ਧਨ ਲਵਾਂਗੇ।
[4]ਤੇ ਹੋਰ ਭੀ ਮਿਲਣਗੇ (ਸਾਡੇ) ਦੋ ਬੜੇ ਦਲਾਂ ਨਾਲ।
[5]ਬਹੁਤਾ।
[6]ਤੇਰੇ ਦੇਸ਼ ਵਿਚ।
[7]ਮਿਲ ਗਿਆ ਹੈ ਕ੍ਰਿਪਾਲ (ਅਲਫ ਖਾਂ ਨਾਲ)।

ਲੀਨੇ ਸਕੇਲ ਹਿਤ ਸਮਰ ਸੂਰ[1]।
ਗਿਰਪਤੀ ਅਪਰ ਹਿਤਵੰਤ ਜੋਇ।
ਸਭਿਹਿਨਿ ਹਕਾਰਿ ਨਿਜ ਨਿਕਟ ਸੋਇ ॥੧੯॥
ਗਰਜਯੋ ਬਿਲੰਦ ਤਬਿ ਭੀਮਚੰਦ।
'ਨਹਿਂ ਦੇਉਂ ਪ੍ਰਥਮ ਧਾਨ ਖ਼ਾਨ ਬ੍ਰਿੰਦ।'
ਲੀਨਸਿ ਹਕਾਰ ਨਿਜ ਢਿਗ ਵਜ਼ੀਰ।
ਤਬਿ ਕਰਯੋ ਮੰਤ੍ਰ 'ਕਿਮ ਹੋਇ ਧੀਰ ॥੨੦॥
ਹਮ ਕਰਹਿਂ ਜੁੱਧ ਤੌ ਨੀਕ ਬਾਤ।
ਨਹਿਂ ਦੇਉਂ ਖਾਨ ਕੌ ਦਰਬ ਥਾਤ[2]।'
ਸੁਨਿ ਕਹਿ ਵਜ਼ੀਰ 'ਮਮ ਕਹਿਨ ਮਾਨ।
ਜੇ ਚਹੋ ਤਿਨਹੁਂ ਸੋਂ ਲਰਨਿ ਥਾਨ ॥੨੧॥
ਸ਼੍ਰੀ ਗੁਰ ਬਹਾਦਰੀ ਜਿਨਹੁਂ ਮਾਂਹਿ।
ਤਿਨ ਕੇ ਮਨਿੰਦ ਕੋ ਬੀਰ ਨਾਂਹਿ।
ਤੁਝ ਪਰ ਪ੍ਰਸੰਨ ਹੈਂ ਸਰਬ ਭਾਂਤਿ।
ਗਹੁ ਸ਼ਰਨ, ਸਹਾਇਕ ਲੇਹੁ ਜਾਤਿ[3] ॥੨੨॥
ਪੁਨ ਪਾਇਂ ਬਿਜੈ ਨਿਸ਼ਚੇ ਸੁਜਾਨ।
ਪ੍ਰਭੁ ਚਲਹਿਂ ਆਪ ਕਿਰਪਾ ਨਿਧਾਨ।'
ਸੁਨਿ ਭੀਮਚੰਦ ਆਨੰਦ ਪਾਇ।
ਲਿਖਿ ਬਿਨੈ ਦੀਨਿ ਮੰਤ੍ਰੀ ਪਠਾਇ ॥੨੩॥
ਤਤਕਾਲ ਅਨੰਦ ਪੁਰਿ ਧਾਇ ਆਇ।
ਪ੍ਰਭੁ ਥਿਰੇ ਸਭਾ ਤਹਿਂ ਮਿਲਯੋ ਜਾਇ।
ਕਰ ਬੰਦਿ ਬੰਦਨਾ ਚਰਨ ਕੀਨਿ।
ਦਿਸ਼ ਭੀਮਚੰਦ ਤੇ ਭਾਖਿ ਦੀਨਿ ॥੨੪॥
ਮੁਖ ਮੰਦ ਮੰਦ ਮੁਸਕਾਤਿ ਧੀਰ।
ਪ੍ਰਭੁ ਕਹੇ ਵਾਕ ਜਿਨ ਧੁਨਿ ਗੰਭੀਰ।
'ਕਹਿਲੂਰ ਪਤੀ ਕਹੁ ਕੁਸ਼ਲ ਗਾਤ?
ਆਗਮਨ ਭਯੋ ਕਿਮ? ਭਨੋ ਬਾਤ' ॥੨੫॥
ਸੁਨਿ ਹਾਥ ਜੋਰਿ ਬੋਲਯੋ ਵਜ਼ੀਰ।
'ਉਤਪਾਤ ਉਠਯੋ ਇਕ ਆਨਿ ਤੀਰ।

---

[1]ਜੰਗ ਲਈ ਸੂਰਮੇ।
[2]ਧਨ ਦੀ ਥੈਲੀ।
[3]ਜਾ ਕੇ ਸਹਾਇਤਾ ਲਓ, ਮੰਗੋ। (ਅ) ਸਹਾਇਕ ਬਣਾਕੇ ਲੈ ਜਾਓ (ਜੰਗ ਵਿਚ)।

ਮਿਲਿ ਕੈ ਕ੍ਰਿਪਾਲ ਕੈ ਸੰਗ ਖਾਨ[੧]।
ਦਲ ਕੋ ਸਕੇਲ ਕਰਿ ਬਲ ਮਹਾਨ ॥੨੬॥
ਕਹਿਲੂਰਪਤੀ ਢਿਗ ਨਰ ਪਠਾਇ।
-ਧਨ ਦੇਹੁ, ਨਹੀਂ[੨] ਅਬਿ ਰਨ ਮਚਾਇ-।
ਸੁਨਿ ਰਿਸਜੋ[੩] ਅਨੀਤ ਲਖਿ ਕੈ ਮਹਾਨ।
ਭਟ ਗਨ ਸਕੇਲਿ ਕਹਿ ਜੰਗ ਠਾਨਿ ॥੨੭॥
ਲਖਿ ਕੈ ਅਲੰਬ ਤੁਮ ਕੌ ਬਿਸਾਲ।
-ਬਡ ਓਟ ਮੋਰ ਸਮ ਸਰਬ ਕਾਲ[੪*]-।
ਕਰਿ ਅੱਗ੍ਰ ਆਪ ਕੌ ਲਰਨਿ ਚਾਹਿ।
ਤੁਮਰੇ ਭਰੋਸ ਮਨ ਕਰਿ ਉਮਾਹਿ ॥੨੮॥
ਬਿੱਸ੍ਵਾਸ ਬਿਜੈ ਕੀ ਧਰਤਿ ਚੀਤ।
ਤੁਮਰੇ ਸੁ ਓਜ[੫], ਨ੍ਰਿਪ ਸ਼ਰਨ ਨੀਤ।
-ਮੁਝ ਦੇਹੁ ਸੁਜਸੁ ਅਪਨੋ ਪਛਾਨ।
ਰਿਪੁ ਵਰਗ ਹਨਹੁ[੬] ਗਹਿ ਸ਼ਸਤ੍ਰ ਪਾਨ ॥੨੯॥
ਇਕ ਤੁਰਕ ਸੈਨ ਦੁਤੀਏ ਗਿਰੇਸ਼।
ਮਿਲਿ ਗਏ ਆਪ ਮਹਿਂ ਦਲ ਵਿਸ਼ੇਸ਼।
ਮ੍ਰਿਗ ਕੇ ਮਨਿੰਦ ਰਿਪੁ ਬ੍ਰਿੰਦ ਜੇਯ।
ਤੁਮ ਹੋ ਮ੍ਰਿਗਿੰਦ੍ਰ[੭] ਦੇਖਤਿ ਪਲੇਇ[੮] ॥੩੦॥
ਗਨ ਸੈਲਪਤੀ ਮਮ ਸੰਗ ਔਰ।
ਬਲ ਕਰੋਂ ਜਾਇ ਮੈਂ ਜੰਗ ਠੌਰ।
ਪਾਵਕ ਸਮਾਨ ਗੁਰ ਪੌਨ ਪਾਇ।
ਤਤਕਾਲ ਜਾਲ ਅਰਿ ਜਾਲ ਜਾਇਂ[੯] ॥੩੧॥
ਤੁਮਰੀ ਸਹਾਇ ਬਲ ਲਹਿ ਬਿਸਾਲ।

---

[੧]ਕ੍ਰਿਪਾਲ ਦੇ ਨਾਲ ਖਾਨ ਮਿਲ ਗਿਆ ਹੈ।
[੨]ਨਹੀਂ ਤਾਂ।
[੩](ਭੀਮ ਚੰਦ) ਰਿਸਜਾ ਹੈ।
[੪]ਸਰਬ ਕਾਲ (ਪ੍ਰਮਾਤਮਾ) ਤੁਲ ਮੇਰੀ ਓਟ ਹੈ।
[*]ਪਰੰਤੂ ਪਾਠ 'ਮੇਰੁ ਸਮ ਸਰਬ ਕਾਲ' ਸ਼ੁੱਧ ਹੈ, ਲਿਖਾਰੀ ਦੀ ਕਲਮ ਉਕਾਈ ਹੋਈ ਜਾਪਦੀ ਹੈ। ਅਰਥ:- ਸਦੀਵ ਕਾਲ ਅਪ ਨੂੰ ਮੇਰੂ ਸਮਾਨ ਓਟ (ਸਮਝਦਾ ਹੈ)।
[੫]ਤੁਹਾਡੇ ਬਲ ਕਰਕੇ ਨਿਸ਼ਚਾ ਜਿੱਤ ਦਾ ਰਖਦਾ ਹੈ।
[੬]ਸ਼ੱਤ੍ਰੂਆਂ ਦੇ ਸਮੂਹ ਨੂੰ ਮਾਰ ਦਿਓ।
[੭]ਆਪ ਸ਼ੇਰ ਹੋ।
[੮](ਓਹ) ਦੇਖਦੇ ਹੀ ਨੱਸ ਜਾਣਗੇ।
[੯]ਸਾਰੇ ਵੈਰੀ ਸੜ ਜਾਣਗੇ।

ਹਤਿ ਸ਼ਸਤ੍ਰ ਸਮੁਖ ਰਿਪੁ ਪਰਹਿਂ ਚਾਲ[1]।
ਬਡ ਪ੍ਰਾਤਿ ਹੋਤਿ ਹੀ ਸਭਿ ਬਟੋਰ।
ਚਢਿ ਕਰਿ ਪਯਾਨ ਦਿਖਰਾਇਂ ਜੋਰ-' ॥੩੨॥
ਕਰੁਨਾ ਨਿਧਾਨ ਸੁਨਿ ਬਿਨਤਿ ਕਾਨ।
ਨਿਜ ਸ਼ਰਨ ਪਰਜੋ ਗਿਰਪਤਿ ਪਛਾਨਿ।
ਹਿਤ ਬਿਜੈ ਦੇਨਿ ਕੈ ਚਹਤਿ ਜਾਨ[2]।
ਪੁਨ ਅਪਰ ਹੇਤੁ ਕਰਿਬੇ ਪਯਾਨ ॥੩੩॥
-ਹਮ ਸੰਗ ਸੰਧਿ ਨ੍ਰਿਪ ਭੀਮਚੰਦ।
ਜਗ ਬਿਖੈ ਬਿਦਤ ਜਹਿਂ ਕਹਿਂ ਬਿਲੰਦ।
ਇਹ ਹਾਰ ਜਾਇ ਨੀਕੀ ਨ ਸੋਇ।
ਹਮ ਦਿਸ਼ਾ ਅਰੋਪਹਿ ਦੋਸ਼ ਕੋਇ ॥੩੪॥
ਜੈ ਪਾਇ, ਜਾਇਂ ਯਾਂ ਤੇ ਸਹਾਇ[3]-।
ਗੁਰ ਚਢਨਿ ਹੇਤੁ ਕੀਨੋ ਉਪਾਇ।
ਚਿਤ ਬਿਖੈ ਚੌਂਪ ਚੌਗੁਣ ਅਦੋਤ।
ਹਿਤ ਲਰਨ ਰਿਦੇ ਨਿਤ ਚਾਹਿ ਹੋਤਿ ॥੩੫॥
-ਜੇ ਨਿਕਟ ਸੈਲਪਤਿ ਸਕਲ ਜਾਇ।
ਰਣ ਹੇਤੁ ਹੋਤਿ ਇਕ ਥਾਇਂ[4] ਧਾਇ।
ਹਮ ਬਿਦਤ ਬੀਰ ਲਖਿ ਜੰਗ ਧੀਰ।
ਕਿਮ[5] ਥਿਰਹਿਂ ਧਾਮ ਜਿਮ ਹੋਤਿ ਭੀਰੁ[6]- ॥੩੬॥
ਇੱਤਯਾਦਿ ਬਾਤ ਚਿਤ ਮੈਂ ਬਿਚਾਰਿ।
ਪਿਖਿ ਦਿਸ਼ਿ ਵਜ਼ੀਰ ਧੀਰਜ ਉਚਾਰਿ।
'ਕਹੁ ਭੀਮਚੰਦ ਕੇ ਸੰਗ ਜਾਇ।
ਹਮ ਹੈਂ ਤਯਾਰ ਪ੍ਰਾਤੈ ਸਿਧਾਇਂ ॥੩੭॥
ਨਹਿਂ ਕਰਹੁ ਚਿੰਤ, ਲਿਹੁ ਰਿਪੁਨਿ ਜੀਤ।
ਨਹਿਂ ਦੇਨਿ ਦਰਬ ਕੋ ਧਰਹੁ ਚੀਤ[7]।
ਅਬਿ ਇਸੇ ਦੇਹੁ ਪੁਨ ਔਰ ਆਇ।

---

[1]ਭਾਵ ਭੱਜ ਜਾਣਗੇ।
[2]ਜਾਣਾ।
[3]ਜਿੱਤ ਪਾ ਲਵੇ ਇਸ ਵਾਸਤੇ ਸਹਾਇਤਾ ਲਈ ਜਾਈਏ।
[4]ਭਾਵ ਇਕੱਠੇ ਹੋਣਗੇ।
[5]ਅਸੀਂ ਪ੍ਰਸਿੱਧ ਬੀਰ ਤੇ ਧੀਰ ਹਾਂ ਕਿਵੇ...... (ਅ) ਅਸੀ ਬੀਰ ਹਾਂ ਕਿਵੇਂ ਧੀਰਜ ਨਾਲ.......।
[6]ਕਾਇਰਾਂ ਵਾਂਗ ਘਰ ਕਿਵੇਂ ਠਹਿਰੀਏ?
[7]ਧਨ ਦੇਣੇ ਦੀ ਗੱਲ ਬਾਤ ਚਿੱਤ ਵਿਚ ਨਾ ਧਰੋ।

ਸਭਿ ਲੇਹਿਂ ਦੰਡ ਤੁਝ ਤੇ ਬਨਾਇ ॥੩੮॥
ਸ਼ੱਤ੍ਰੁਨਿ ਸੰਗ ਧਨ ਭੂਮ ਹੇਤੁ।
ਛੱਤ੍ਰੀਨ ਕਾਮ ਲਰਿ ਜੰਗ ਖ਼ੇਤ[1]।
ਪ੍ਰਿਯ ਪ੍ਰਾਨ ਜਾਨਿ ਗੀਦੀ ਡਰੰਤਿ।
ਉਪਹਾਸ ਇਹਾਂ ਅਪਵਾਦਵੰਤਿ[2] ॥੩੯॥
ਪਰਲੋਕ ਵਿਖੈ ਗਤਿ ਨਹਿਨ ਆਛ।
ਯਾਂ ਤੇ ਸੁਜਾਨ ਸੰਗ੍ਰਾਮ ਬਾਛਿ।'
ਸੁਨਿ ਕੈ ਵਜ਼ੀਰ ਆਨੰਦ ਪਾਇ।
ਕਰ ਬੰਦਿ ਬੰਦਨਾ ਕੀਨਿ ਪਾਇ ॥੪੦॥
ਧਰਿ ਅਧਿਕ ਸ਼ੀਘ੍ਰਤਾ ਗਯੋ ਧਾਇ।
ਨ੍ਰਿਪ ਭੀਮਚੰਦ ਕੋ ਸਭਿ ਸੁਨਾਇ।
'ਗੁਰ ਕਹ੍ਯੋ ਵਾਕ -ਰਣ ਜੀਤ ਤੋਹਿ[3]।
ਨਹਿਂ ਮਿਟਹੁ ਸੁਜਸੁ ਸਭਿ ਮਾਂਹਿ ਹੋਹਿ- ॥੪੧॥
ਉਠਿ ਕੈ ਪ੍ਰਭਾਤਿ ਅਸਵਾਰ ਆਪ।
ਪਹੁਂਚਾਹਿਂ[4] ਪ੍ਰਭੁ ਗਨ ਸ਼ੱਤ੍ਰੂ ਖਾਪ।'
ਸੁਨਿ ਭੀਮਚੰਦ ਕਿਯ ਹਰਖ ਭੂਰ।
ਲੀਨੋ ਬਟੋਰ ਦਲ ਮਹਿਦ ਸੂਰ ॥੪੨॥
ਦੁੰਦਭਿ ਬਜਾਇ ਤਯਾਰੀ ਸੁ ਕੀਨਿ।
ਚਢਿ ਚਲ੍ਯੋ ਸਹਾਇਕ ਸੰਗ ਲੀਨਿ।
ਅਬਿ ਸੁਨੋ ਨਾਮ ਤਿਨਕੇ ਭਨੰਤਿ।
ਜੇ ਚਲਹਿਂ ਸਾਥ ਭਟ ਓਜਵੰਤਿ[5] ॥੪੩॥

ਦੋਹਰਾ: ਰਾਮ ਸਿੰਘ ਜਸਵਾਰੀਆ ਲੈ, ਨਿਜ ਸੰਗ ਸਿਪਾਹਿ।
ਪ੍ਰਿਥੀ ਚੰਦ ਡਢਵਾਰੀਆ, ਜਿਹ ਚਿਤ ਜੰਗ ਉਮਾਹਿ ॥੪੪॥
ਅਪਰ ਚਢ੍ਯੋ ਜਸਰੋਟੀਆ, ਨਾਮ ਕਹੈਂ ਸੁਖਦੇਵ।
ਭੀਮਚੰਦ ਕੇ ਹਿਤ ਕਰਨ, ਚਲੇ ਜੰਗ ਲਖਿ ਭੇਵ ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਭੀਮਚੰਦ' ਪ੍ਰਸੰਗ ਬਰਨਨੰ ਨਾਮ ਏਕ ਊਨ ਚੱਤ੍ਵਾਰਿੰਸਤੀ ਅੰਸੂ ॥੩੯॥

---

[1]ਜੰਗ ਖੇਤ ਵਿਚ ਲੜਨਾ ਧਨ ਤੇ ਭੂਮੀ ਵਾਸਤੇ ਛੱਤ੍ਰੀ ਦਾ ਕੰਮ ਹੈ।
[2]ਭਾਵ ਜੀਉਂਦੀਆਂ ਹਾਸੀ ਯੋਗ ਤੇ ਨਿੰਦ੍ਯਾ ਲੈਣ ਵਾਲਾ ਹੋ ਜਾਂਦਾ ਹੈ। ਅਗਲੀ ਤੁਕ ਵਿਚ ਮਰਨ ਮਗਰੋਂ ਦਾ ਨੁਕਸਾਨ ਦੱਸਦੇ ਹਨ।
[3]ਤੇਰੀ ਜਿੱਤ ਹੋਵੇਗੀ।
[4]ਪਹੁੰਚ ਜਾਣਗੇ।
[5]ਬਲ ਵਾਲੇ।

੪੦. [ਨਾਦੌਣ ਦਾ ਜੰਗ ਆਰੰਭ]

੩੯<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੧

ਦੋਹਰਾ: ਭਏ ਸ਼ਗੁਨ ਸਭਿ ਜੀਤ ਕੇ,
ਭੀਮਚੰਦ ਆਨੰਦ।
ਗੁਲਕਾਂ ਔਰ ਬਰੂਦ ਬਹੁ,
ਦੇ ਕਰਿ ਬੀਰਨਿ ਬ੍ਰਿੰਦ ॥੧॥

ਰਸਾਵਲ ਛੰਦ: ਚਢ੍ਯੋ ਦੈ ਨਗਾਰਾ[1]। ਅਗਾਊ ਪਧਾਰਾ।
ਚਲੇ ਬੀਰ ਮਾਨੀ। ਧਰੇ ਸ਼ਸਤ੍ਰ ਪਾਨੀ[2] ॥੨॥
ਤੁਫੰਗੈਂ ਸੰਭਾਰੀ। ਭਨੈਂ ਮਾਰ ਮਾਰੀ।
ਨਦੌਨੰ ਪਹੂੰਚੇ। ਰਿਪੂ ਥਾਨ ਊਚੇ ॥੩॥
ਕਰ੍ਯੋ ਘੇਰਿ ਬਾਰਾ[3]। ਬਡੋ ਕਾਠ ਡਾਰਾ।
ਦਿਢੰ ਦੁਰਗ ਜੈਸੇ[4]। ਬਰੇ ਬੀਚ ਤੈਸੇ[5] ॥੪॥
ਸਰੰ ਚਾਂਪ ਸੰਗਾ। ਕਸੀ ਹੈਂ ਤੁਫੰਗਾ।
-ਕਰੈਂਗੇ ਲਰਾਈ-। ਸੁ ਤ੍ਯਾਰੀ ਬਨਾਈ ॥੫॥
-ਢੁਕੈ ਨੇਰ ਜੋਈ[6]। ਹਤੈਂ ਛੋਰਿ ਸੋਈ[7]-।
ਬਜਾਵੈਂ ਨਗਾਰੇ। ਕਰ੍ਯੋ ਬਾਰ ਟਾਰੇ[8] ॥੬॥
ਗਯੋ ਭੀਮ ਚੰਦੰ। ਪਿਖ੍ਯੋ ਬ੍ਰਿੰਦ ਬ੍ਰਿੰਦੰ[9*]।
-ਥਿਰ੍ਯੋ ਥਾਨ ਊਚੇ[10]। ਖਰੇ ਕਾਠ ਮੂਚੇ[11] ॥੭॥
ਕਰੀ ਓਟ ਮੋਟੀ। ਲਗੈ ਨਾਂਹਿ ਚੋਟੀ-।
ਤਊ ਹੋਇ ਆਗੇ। ਪਲੀਤੇ ਸੁ ਦਾਗੇ ॥੮॥
ਛੁਟੀ ਬ੍ਰਿੰਦ ਗੋਰੀ। ਗਈ ਬਾਰ ਓਰੀ[12]।
ਲਗੈ ਕਾਠ ਮਾਂਹੀ। ਮਰੈਂ ਸ਼ੱਤ੍ਰ ਨਾਂਹੀ ॥੯॥

---

[1]ਨਗਾਰੇ ਤੇ (ਚੌਬ) ਦੇਕੇ।
[2]ਹੱਥਾਂ ਵਿਚ।
[3]ਘੇਰ ਕੇ ਵਾੜਾ ਬਣਾ ਲਿਆ (ਸ਼ੱਤ੍ਰੂ ਨੇ)।
[4]ਭਾਵ ਕਾਠ ਨਾਲ ਕਿਲ੍ਹੇ ਵਰਗਾ ਵਾੜਾ ਬਣਾਇਆ ਸੀ।
[5]ਉਸ ਵਿਚ ਵੜੇ ਹੋਏ ਸਨ।
[6](ਜੇ ਕੋਈ ਵਾੜੇ ਦੇ) ਨੇੜੇ ਢੁੱਕੇਗਾ।
[7]ਭਾਵ ਬੰਦੂਕਾਂ ਛੱਡਕੇ ਮਾਰਾਂਗੇ ਉਸ ਨੂੰ।
[8]ਵਾੜੇ ਦਾ ਬਹਾਨਾ (ਉਹਲਾ) ਬਣਾਕੇ।
[9]ਸਭਨਾਂ ਦੇ ਇਕੱਠ ਨੂੰ ਡਿੱਠਾ।
[*]ਪਾ:ਬੰਦ ਬੰਦੰ।
[10]ਵੈਰੀ ਖੜਾ ਹੈ ਉੱਥੇ ਥਾਂ ਤੇ।
[11]ਬਹੁਤ।
[12](ਕਾਠ ਦੀ) ਵਾੜ ਵੱਲ।

ਕ੍ਰਿਪਾਲੰ[1] ਕਟੋਚੀ। ਤੁਫੰਗਾਨਿ ਮੋਚੀ[2]।
ਛੁਟੇ ਤੀਰ ਗੋਰੀ। ਸੁ ਅੰਗਾਨਿ ਫੋਰੀ[*] ॥੧੦॥
ਰਣੰ ਰੰਗ ਹੋਵਾ। ਦੁਹੂੰ ਓਰ ਜੋਵਾ।
ਭਨਜੋ ਭੀਮਚੰਦੰ। 'ਮਿਲਜੋ ਬੀਰ ਬ੍ਰਿੰਦੰ[3] ॥੧੧॥
ਕਰੋ ਹੇਲ ਧਾਯੰ। ਚਢੋ ਉਚ ਥਾਯੰ।
ਲਿਜੈ ਮਾਰ ਬਾਰਾ। ਹਥਯਾਰੇ ਸੰਭਾਰਾ ॥੧੨॥
ਪਿਖੋ ਠਾਂਢ ਕੈਸੇ[4]। ਹਤੋ ਕਯੋਂ ਨ ਐਸੇ?'
ਸੁਨਜੋਂ ਬ੍ਰਿੰਦ ਬੀਰੰ। ਤੁਫੰਗਾਨਿ ਤੀਰੰ ॥੧੩॥
ਪ੍ਰਹਾਰੇ ਸਮੂਹੰ। ਦਈ ਦੀਹ ਹੂਹੰ[5]।
ਚਲੇ ਬਾਰ ਨੇਰੇ। ਚਹੂੰ ਓਰ ਘੇਰੇ ॥੧੪॥
ਕੜਾ ਕਾੜ ਗੋਰੀ। ਛੁਟੀ ਦੌਨ ਓਰੀ।
ਬਿਲੋਕੈ ਕ੍ਰਿਪਾਲੰ। -ਭਏ ਆਲ ਬਾਲੰ[6] ॥੧੫॥
ਢੁਕੇ ਆਇ ਨੇਰੇ-। ਕਹਜੋ ਤਾਂਹਿ ਬੇਰੇ।
'ਕਹਾਂ ਬੀਰ ਦੇਖੋ? ਸਮੀਪੀ ਬਿਸ਼ੇਖੋ ॥੧੬॥
ਤਜੋ ਕਯੋਂ ਨ ਗੋਰੀ। ਰਿਪੂ ਅੰਗ ਫੋਰੀ।
ਕ੍ਰਿਪਾਨੈ ਚਲਾਵੋ। ਪ੍ਰਹਾਰੋ ਹਟਾਵੋ' ॥੧੭॥
ਪਿਖਜੋ ਹੇਲ ਮੇਲਾ[7]। ਚਹੈਂ ਰੇਲ ਪੇਲਾ[8]।
ਤਜੈਂ ਬਾਰ ਆਏ[9]। ਤੁਫੰਗੈਂ ਚਲਾਏ ॥੧੮॥
ਦੜਾ ਦਾੜ ਗੇਰੇ। ਹਤੇ ਤੁੰਡ ਫੇਰੇ[10]।
ਨਹੀਂ ਜਾਤਿ ਆਗੇ[11]। ਵਡੇ ਘਾਵ ਲਾਗੇ ॥੧੯॥
ਤਨੰ ਫੋਰਿ ਫੋਰੇ। ਹਟੇ ਸੋ ਪਿਛੋਰੇ।
ਘਨੇ ਘਾਵ ਘਾਲੇ[12]। ਹਤੇ ਭੂਮ ਡਾਲੇ ॥੨੦॥

---

[1](ਉਪਰੋਂ) ਕ੍ਰਿਪਾਲ ਨੇ।
[2]ਛੱਡੀਆਂ।
[*]ਪਾ:-ਮੋਰੀ।
[3]ਮਿਲੋ ਹੇ ਸਾਰੇ ਸੂਰਮਿਓਂ।
[4]ਖੜੇ ਕੀ ਵੇਖਦੇ ਹੋ।
[5]ਭਾਰੀ ਹੱਲਾ।
[6]ਆਲੇ ਦੁਆਲੇ (ਭੀਮ ਚੰਦ ਦੇ ਸੂਰਮੇ)।
[7](ਵੈਰੀ ਨੇ) ਹਮਲਾ ਆ ਪਹੁੰਚਾ ਡਿੱਠਾ।
[8]ਹੱਲੇ ਨੂੰ ਧੱਕ ਦੇਣਾ ਚਾਹੁੰਦੇ ਹਨ।
[9](ਵੈਰੀ) ਵਾੜਾ ਛੱਡਕੇ (ਬਾਹਰ) ਆਏ।
[10]ਮਾਰਕੇ ਮੂੰਹ ਫੇਰ ਦਿੱਤੇ।
[11](ਭੀਮ ਚੰਦ ਦੇ ਸੂਰਮੇ) ਅੱਗੇ ਨਹੀਂ ਵਧਦੇ (ਹੁਣ)।
[12]ਬਹੁਤ ਜ਼ਖਮ ਖਾਧੇ।

ਸ੍ਵੈਯਾ: ਕਹਲੂਰਪਤੀ ਅਵਿਲੋਕਤਿ ਹੈ
-ਬਸ ਨਾਂਹਿ ਚਲੈ ਕਛੁ ਬੀਰਨਿ ਕੌਂ।
ਗਿਰ ਊਪਰ ਬੰਬ ਬਜਾਵਤਿ ਹੈਂ[੧],
ਲਹਿਂ ਓਟ ਪ੍ਰਹਾਰ ਤਿਤੀਰਨ ਕੌਂ[੨]।
ਗੁਲਕਾਂ ਬਰਖਾਵਤਿ ਘਾਵਤਿ ਹੈਂ,
ਨਹਿਂ ਪਾਵਤਿ ਦਾਵ ਅਭੀਰਨ ਕੋ[੩]।
ਨਿਜ ਦੰਤਨ ਪੰਕਤਿ ਪੀਸਤਿ ਹੈਂ,
ਨਹਿਂ ਦੀਸਤਿ ਢੁਕਤਿ ਤੀਰਨ ਕੌਂ[੪]- ॥੨੧॥
ਬੀਰ ਹਟੇ, ਪਿਖਿ ਭੀਮ ਸਸੀ[੫]
ਹਿਤ ਮੋਰਨ ਕੇ ਕਹਿ ਕੈ ਲਲਕਾਰੇ।
'ਹੇਲ ਕੈ ਮੇਲਹੁ ਪੇਲਹੁ ਸ਼ੱਤ੍ਰੁਨਿ[੬],
ਝੇਲਹੁ, ਅੱਗ੍ਰ ਚਲਹੁ ਪਗ ਧਾਰੇ[੭]।
ਘੇਰਹੁ ਬਾਰਿ ਬਡੇ ਬਰਿਆਰਹਿ[੮],
ਪ੍ਰੇਰਹੁ ਬੀਰਨ ਕੌ ਅਗਵਾਰੇ।'
ਫੇਰ ਹਟੇ ਸੁਨਿ ਕੈ ਭਟ ਜੇ
ਬਡ ਬਾਹੁ ਝਟਾਪਟ ਜੁਝਤਿ ਡਾਰੇ[੯] ॥੨੨॥
ਆਵਤਿ ਹੇਲ ਬਿਲੋਕਿ ਕੈ ਰੋਕਨ[੧੦]
ਬੀਰ ਕਟੋਚੀਆ[੧੧] ਮਾਰ ਮਚਾਈ।
ਊਪਰ ਤੇ ਗੁਲਕਾਂ ਬਰਖਾਵਤਿ
ਤੋਮਰ ਤੀਰ ਅਨੀ ਦਿਖਰਾਈ[੧੨]।
ਪ੍ਰੇਰਤਿ ਫੇਰ ਦਿਯੋ ਤਬਿ ਹੇਲ,
ਸਮੀਪ ਨ ਹੋਨਿ ਦਏ ਸਮੁਦਾਈ।

---

[੧](ਵੈਰੀ) ਵਜਾਉਂਦੇ ਹਨ।
[੨]ਵਾੜ ਦਾ ਆਸਰਾ ਲੈ ਕੇ ਤੀਰ ਮਾਰਦੇ ਹਨ।
[੩](ਮੇਰੇ) ਸੂਰਮੇ (ਵੈਰੀ ਦੇ ਮਾਰਨੇ ਦਾ) ਦਾਉ ਨਹੀਂ ਪਾ ਸਕਦੇ। [ਅਭੀਰ = ਜੋ ਕਾਇਰ ਨਾ ਹੋਵੇ, ਸੂਰਮਾਂ]।
[੪](ਮੇਰੇ ਸੂਰਿਆਂ ਨੂੰ) ਨੇੜੇ ਢੁੱਕਣਾ (ਵਾੜ ਦੇ) ਨਜ਼ਰ ਨਹੀਂ ਪੈਂਦਾ ਭਾਵ ਨੇੜੇ ਢੁੱਕਣ ਦੀ ਜੁਗਤ ਨਹੀਂ ਸੁਝਦੀ।
[੫]ਭੀਮ ਚੰਦ ਨੇ ਦੇਖਕੇ।
[੬]ਹੱਲਾ ਕਰਕੇ ਮਿਲੋ ਤੇ ਵੈਰੀ ਨੂੰ ਦਬਾਓ।
[੭]ਪੈਰ ਵਧਾਕੇ।
[੮]ਵਡੇ ਵਾੜੇ ਨੂੰ ਬੜੇ ਜ਼ੋਰ ਨਾਲ ਘੇਰ ਲਓ।
[੯]ਸੁਣਕੇ ਜੋ ਬਡੇ ਬਡੇ ਸੂਰਮੇ ਸਨ ਫਿਰ ਪਿੱਛੇ ਜੰਗ (ਕਰਨ) ਨੂੰ ਹਟੇ ਤੇ ਝਟਾਪੱਟ ਲੜਨ ਲੱਗ ਪਏ।
[੧੦]ਰੋਕਣ ਲਈ।
[੧੧]ਕ੍ਰਿਪਾਲ ਨੇ।
[੧੨]ਤੋਮਰ ਤੇ ਤੀਰਾਂ ਦੀਆਂ ਅਣੀਆਂ ਦਿਖਾਈਆਂ।

ਘਾਇਲ ਹ੍ਵੈ ਗਿਰ ਭੂਮ ਪਰੇ
ਭਟ ਬ੍ਰਿੰਦ ਮਰੇ ਬਡ ਕੀਨਿ ਲਰਾਈ ॥੨੩॥
ਭੀਮ ਨਿਸ਼ੇਸ਼ ਨਿਹਾਰਿ ਅਸ਼ੇਸ਼[1]
-ਵਿਸ਼ੇਸ਼ ਉਤੰਗ ਸਥਾਨ[2] ਮਵਾਸਾ।
ਬੀਰਨ ਕੌ ਬਸ ਨਾਂਹਿ ਚਲੈ,
ਲਰਿ ਸੰਮੁਖ ਆਯੁਧ ਹੋਤਿ ਬਿਨਾਸ਼ਾ[3]-।
ਸ਼ੋਕ ਕੇ ਸੰਗ ਬਿਲਕੋਤਿ, ਰੋਕਤਿ
'ਕਯੋਂ ਨ ਥਿਰੋ ਰਨ, ਹੋਵਤਿ ਹਾਸਾ।'
ਮਾਰਨ ਹੇਤੁ ਅਨੇਕ ਉਪਾਵਨ
ਭੂਪ ਰਿਦੈ ਚਿਤਵੈ ਚਹੁੰ ਆਸਾ[4] ॥੨੪॥
ਕੋਪ ਕੈ ਆਪ ਕਹਲੂਰ ਪਤੀ
ਹਨੁਮਾਨ ਕੌ ਮੰਤ੍ਰ ਜਪਯੋ ਮੁਖ ਮਾਂਹੀ।
ਔਰ ਹੁਤੇ ਗਿਰਨਾਥ ਸਹਾਇਕ
ਤੂਰਨ ਕੀਨਿ ਹਕਾਰਨ ਤਾਂਹੀ।
ਭੂਪ ਪ੍ਰਿਥੀਸਸਿ[5] ਔ ਜਸਰੋਟੀਆ
ਔ ਜਸਵਾਰੀਆ ਸਾਥ ਸਿਪਾਹੀ[6]।
ਲੈ ਉਮਡਯੋ ਹਿਤ ਬਾਰਿ ਕੇ ਮਾਰਨ[7]
ਸੰਮੁਖ ਹੋਹਿ ਹਟੇ ਪਗ ਨਾਂਹੀ ॥੨੫॥
ਨਾਂਹਿ ਚਲਯੋ ਬਸ, ਚਿੰਤ ਲਯੋ ਗ੍ਰਸਿ,
ਸ੍ਰੀ ਗੁਰ ਕੋ ਸਿਮਰਯੋ ਤਿਸ ਕਾਲਾ*।
ਏਕ ਸਉਰ ਸੁ ਤੂਰਨ ਹੀ ਪਠਿ

---

[1]ਭੀਮ ਚੰਦ ਨੇ ਚੰਗੀ ਤਰ੍ਹਾਂ ਡਿੱਠਾ ਕਿ:-
[2]ਉੱਚਾ ਹੈ ਥਾਉਂ।
[3]ਜੰਗ ਵਿਚ ਸਨਮੁਖ ਲੜਕੇ (ਉਹ ਬੀਰ) ਬਿਨਾਸ਼ ਹੋ ਜਾਂਦੇ ਹਨ।
[ਆਯੁਧਨ = ਜੰਗ]।
[4]ਚਹੁੰ ਤਰਫੀਂ।
[5]ਪ੍ਰਿਥੀ ਚੰਦ।
[6]ਫੌਜ ਸਮੇਤ।
[7]ਵਾੜੇ ਦੇ ਮਾਰਨ ਲਈ।
*ਜਾਪਦਾ ਹੈ ਕਿ ਭੀਮ ਚੰਦ ਗੁਰੂ ਜੀ ਦੀ ਬਹਾਦਰੀ ਦੇ ਰੋਅਬ ਦਾ ਲਾਭ ਉਠਾਇਆ ਚਾਹੁੰਦਾ ਸੀ, ਪਰ ਐਨ ਜੰਗ ਵਿਚ ਜਿਥੋਂ ਤਕ ਵਾਹ ਚਲੇ ਗੁਰੂ ਜੀ ਨੂੰ ਸ਼ਾਮਲ ਨਾ ਕਰੇ ਤਾਕਿ ਲਾਭ ਉਹਨਾਂ ਦੇ ਆਉਣ ਦਾ ਹੋ ਜਾਵੇ, ਖਾਸ ਜੰਗ ਦੀ ਫਤਹ ਦਾ ਸਿਹਰਾ ਗੁਰੂ ਸਾਹਿਬ ਨੂੰ ਨਾ ਜਾਵੇ।

ਪਰ ਹੁਣ ਜਦ ਆ ਬਣੀ ਹੈ ਤੇ ਫਤਹ ਦਾ ਰਾਹ ਨਹੀਂ ਦਿੱਸਦਾ ਤਾਂ ਗੁਰੂ ਜੀ ਨੂੰ ਸੱਦਿਆ ਹੈ। ਆਪ ਗੁਰੂ ਸਾਹਿਬ ਬੀ ਰਣ ਦੇ ਜੋਧੇ ਇਕ ਉਚੇ ਟਿਕਾਣੇ ਰਣ ਦਾ ਰੰਗ ਦੇਖ ਰਹੇ ਸੇ ਕਿ ਸਜਣਾਂ ਦੇ ਵੰਗਾਰਿਆਂ ਯਾ...... ਹੁੰਦੀ ਦੇਖਕੇ ਵੇਲੇ ਸਿਰ ਚੱਲ ਬਾਹੁੜਾਂਗੇ।

'ਜਾਹੁ ਪ੍ਰਭੂ ਢਿਗ ਥਾਨ ਉਤਾਲਾ।
ਸ੍ਰੀ ਮੁਖ ਤੇ ਬਰ ਦੀਨਿ ਬਿਜੈ ਕਹੁ,
ਸੋ ਅਬਿ ਸਾਚ ਕਰਹੁ ਬਲ ਨਾਲਾ।
ਹੌਂ ਸ਼ਰਨਾਗਤਿ ਰਾਵਰ ਕੀ
ਜਸੁ ਦੇਹੁ ਸਹਾਇਕ ਹ੍ਵੈ ਰਿਪੁ ਕਾਲਾ[੧]' ॥੨੬॥
ਆਨਿ ਤਬੈ ਅਸਵਾਰ ਪ੍ਰਭੂ ਢਿਗ
ਬੇਨਤਿ ਕੀਨਿ ਉਚਾਰਨ ਕੌ।
'ਭੂਪਤਿ ਹੋਇ ਲਚਾਰ ਰਹ੍ਯੋ,
ਰਨ ਬੀਚ ਜੁਟ੍ਯੋ ਰਿਪੁ ਮਾਰਨ ਕੌ।
ਆਪ ਕੀ ਸ਼ਾਮ ਗਹੀ ਕਰਿ ਭਾਵ[੨]
ਬਿਜੈ ਹਿਤ ਕੀਨਿ ਹਕਾਰਨ ਕੌ।
ਆਯੁਧ ਧਾਰਿ ਚਲੋ ਅਗਵਾਰਿ
ਮਹਾਂ ਬਲਿ! ਬਾਰਿ[੩] ਪ੍ਰਹਾਰਨ ਕੌ' ॥੨੭॥
ਸ੍ਰੀ ਗੁਰ ਤੇਗ ਬਹਾਦਰ ਨੰਦਨ
ਤੇਗ ਬਹਾਦਰ[੪] ਯੌਂ ਸੁਧ ਪਾਈ।
-ਥਾਨ ਉਤੰਗ ਪੈ ਜੰਗ[੫] ਪਰ੍ਯੋ,
ਭਟ ਭੰਗ ਭਏ ਬਡਿ ਮਾਰ ਮਚਾਈ-।
ਆਯੁਧ ਧਾਰਿ ਲਿਯੇ ਤਤਕਾਲ
ਭਏ ਅਸਵਾਰ ਗਏ ਸਮੁਦਾਈ।
ਤੁੰਦ ਤੁਰੰਗਮ ਕੀਨਿ ਤਬੈ
ਰਣ ਰੰਗ ਬਿਖੈ ਹੁਇ ਕੈ ਸਮੁਹਾਈ ॥੨੮॥
ਸ੍ਰੀ ਪ੍ਰਭੁ ਕੋ ਨ੍ਰਿਪ ਆਵਤਿ ਦੇਖਿ
ਪਠਾਇ ਸਊਰ ਬਿਨੰਤਿ ਉਚਾਰੀ।
'ਆਪ ਬਹਾਦਰ ਧੀਰ ਬਡੇ
ਸਗਰੇ ਦਲ ਕੇ ਅਬਿ ਹੋਇ ਅਗਾਰੀ[*]।
ਹੇਲ ਕਰਾਵਹੁ ਆਯੁਧ ਘਾਵਹੁ,
ਬੀਰ ਚਲੈਂ ਗਨ ਆਨਿ ਪਿਛਾਰੀ।

---

[੧]ਵੈਰੀ ਨੂੰ ਮਾਰਕੇ।
[੨]ਸ਼ਰਧਾ ਨਾਲ।
[੩]ਵਾੜੇ ਨੂੰ।
[੪]ਤੇਗ ਦੇ ਬਹਾਦਰ (ਗੁਰੂ ਜੀ ਨੇ)।
[੫]ਉਚੇ ਥਾਂ ਤੇ ਜੰਗ।
[*]ਭਾਵ ਜੰਗ ਸਾਰੇ ਦੀ ਅਗੁਵਾਈ ਆਪਦੇ ਹੱਥ ਦੇ ਦਿੱਤੀ।

ਲੇਹੁ ਬਿਜੈ ਕਰਿ, ਕ੍ਵੈ ਨ ਰਹੈ ਅਰ[੧],
ਜੈ ਲਛਮੀ ਛਬਿ ਪਾਇ ਤਿਹਾਰੀ[੨]' ॥੨੯॥
ਸ਼੍ਰੀ ਕਲਗੀਧਰ ਬੇਨਤਿ ਕੌ ਸੁਨਿ
ਦੇਖਿ ਮਚਯੋ ਬਡ ਜੰਗ ਕਰਾਲਾ।
ਜਯੋਂ ਰਸ ਬੀਰ ਹੁਤੋ ਸੁਪਤਯੋ
ਤਤਕਾਲ ਹੀ ਜਾਗ ਉਠਯੋ ਬਲਵਾਲਾ।
ਸ਼੍ਰੀ ਮੁਖ ਪੈ ਉਤਸਾਹਿ ਸੁਹਾਵਤਿ
ਜਯੋਂ ਅਰਣੋਦਯ ਕੋ ਰੰਗ ਲਾਲਾ।
ਹੇਲ ਕਰਯੋ ਹੁਇ ਸੰਮੁਖ ਬਾਰਿ ਸੁ[੩],
ਪੇਲ ਦਏ ਭਟ ਭੀਮ ਬਿਸਾਲਾ[੪] ॥੩੦॥

ਭੁਯੰਗ ਪ੍ਰਯਾਤ ਛੰਦ: ਤੁਫੰਗੈਂ ਕਸੀ ਪਾਇ ਬਾਰੂਦ ਗੋਰੀ।
ਛਣੰਕੇ ਦਣੰਕੇ ਭਏ ਦੋਨ ਓਰੀ[੫+]।
ਕਲਾ ਪੈ ਜੜੇ ਤੋੜੇ ਧੁਖੰਤੇ[੬]।
ਧਰੇ ਹਾਥ ਪੈ ਸ਼ੱਤ੍ਰੂ ਸੌਂਹੀ ਡਭੰਤੇ[੭] ॥੩੧॥
ਪਲੀਤੇ ਉਠੇ ਨਾਦ ਊਚੇ ਭੜਾਕੇ।
ਦਿਪੀ ਜ੍ਵਾਲਮਾਲਾ ਸੁ ਗੋਰੀ ਸੜਾਕੇ[੮]।
ਲਗੇ ਬੀਰ ਅੰਗਾਨਿ ਬੇਗੰ[੯] ਬਿਸਾਲਾ।
ਰਿਦੈ ਮੁੰਡ ਫੋਰੇ ਪ੍ਰਚੰਡੇ ਕਰਾਲਾ[੧੦] ॥੩੨॥
ਛੁਟਯੋ ਸ਼੍ਰੌਣ ਘਾਯੰ ਭਕਾਭੱਕ ਬੋਲੈਂ।
ਧਕਾਧੱਕ ਬੀਰੰ ਇਤੈ ਉਤ ਡੋਲੈਂ।
ਝੱਟਾਪੱਟ[੧੧] ਜੁੱਟੇ ਲਟਾਪੱਟ ਹੋਏ[੧੨]।

---

[੧]ਕੋਈ ਨਾ ਅੜ ਰਹੇਗਾ।
[੨]ਬਿਜੈ ਲੱਛਮੀ ਨੂੰ ਆਪਣੀ ਛਬੀ ਲਾ ਦਿਓ।
[੩]ਉਸ ਵਾੜੇ ਦੇ ਸਾਹਮਣੇ ਹੋਕੇ।
[੪]ਪ੍ਰੇਰ ਦਿੱਤੇ ਸੂਰਮੇ ਭੀਮਚੰਦ ਦੇ (ਗੁਰੂ ਜੀ ਨੇ)।
[੫]ਭਾਵ ਦੁਹਾਂ ਪਾਸਿਆਂ ਦੇ (ਗਜ ਛਣਕੇ)।
[+]ਪਾ:-ਬੋਰੀ।
[੬]ਕਲਾਂ ਮੋੜਕੇ ਵਿਚ ਜੜੇ ਤੋੜੇ ਧੁਖਦੇ ਹਨ।
[੭]ਵੈਰੀ ਦੇ ਸਾਹਮਣੇ ਧਰਕੇ ਤੋੜੇ ਨੂੰ ਅੱਗ ਲਾਈ।
[੮]ਅਗਨੀ ਦੀ ਲੜੀ ਪ੍ਰਕਾਸ਼ੀ ਤੇ ਗੋਲੀਆਂ ਦੇ ਸੜਾਕੇ ਵੱਜੇ। (ਅ) (ਬੰਦੂਕਾਂ ਦੀ ਅਗਨੀ) ਪ੍ਰਕਾਸ਼ੀ ਤੇ ਗੋਲੀਆਂ ਚਲੀਆਂ। [ਜ੍ਵਾਲਮਾਲਾ = ਬੰਦੂਕ]।
[੯]ਛੇਤੀ ਛੇਤੀ।
[੧੦]ਭਯਾਨਕ ਤੇਜ਼ੀ ਨਾਲ।
[੧੧]ਛੇਤੀ।
[੧੨]ਲਿਪਟ ਗਏ।

ਸਟਾਪੱਟ ਸੌਂਹੇ ਕੱਟਾਕੱਟ ਸੋਏ[੧] ॥੩੩॥
ਕਰੀ ਢੋਇ ਢੂਕੇ[੨] ਗੁਰੂ ਕੇ ਸਹਾਈ।
ਹੁਤੇ ਬਾਹਿਰੇ ਬੀਰ ਦੀਨੇ ਭਜਾਈ[੩]।
ਬਰੇ ਬਾਰਿ ਮੈਂ ਬਾਰ ਬਾਰੀ ਬਿਲੋਕੇ[੪]।
ਢੁਕੇ ਨੇਰ ਪਾਯੋ ਨਹੀਂ ਜਾਇਂ ਰੋਕੇ[੫]- ॥੩੪॥
ਤੜਾਤਾੜ ਗੋਰੀਨ ਕੀ ਮਾਰ ਮਾਚੀ।
ਮਿਲੀ ਜੋਗਨੀ ਸ਼੍ਰੋਣ ਪੀਵੈਂ ਸੁ ਨਾਚੀ।
ਨਭੰ ਗੀਧ ਆਈ ਭ੍ਰਮੈਂ ਬਾਰ ਬਾਰੀ[੬]।
ਭਖੈਂ ਮਾਸ ਕੌ ਚੀਂਕ ਉਚੈ ਪੁਕਾਰੀ ॥੩੫॥
ਰਿਦੇ ਕੋਪ ਧਾਰੇ ਮਹਾਂ ਬੀਰ ਢੂਕੇ[੭]।
ਚਹੈਂ ਬਾਰ ਕੌ ਬਾਰਿਬੇ ਜਯੋਂ ਭਭੂਕੇ[੮]।
ਲਿਯੇ ਚਾਂਪ ਚੌਂਪੇ ਚਲੇ ਚੁੰਗ ਊਚੇ[੯]।
ਚਲਾ ਚਾਲ ਹੋਈ ਚਪੇ ਲਾਜ ਮੂਚੇ[੧੦] ॥੩੬॥
ਛੁਟੇ ਤੀਰ ਤੀਖੇ ਬਡੇ ਬੇਗ ਵਾਰੇ।
ਲਗੇ ਅੰਗ ਮੈਂ ਫੋਰਿ ਪ੍ਰਾਨੈ ਨਿਕਾਰੇ।
ਸਟਾਸੱਟ ਸੇਲੇ[੧੧] ਭਈ ਰੇਲ ਪੇਲਾ[੧੨]।
ਫਿਰੈਂ ਆਲਬਾਲੇ ਬਡੋ ਘਾਲਿ ਹੇਲਾ[੧੩] ॥੩੭॥
ਕਿਤੇ ਮੂਰਛਾ ਖਾਇ ਬੰਕੇ[੧੪] ਸਿਪਾਹੀ।
ਕਿਤੇ ਘੂਮ ਝੂਮੇ ਘਨੇ[*] ਘਾਵ ਖਾਹੀ।

---

[੧]ਭਾਵ ਕੱਟਦੇ ਕਟਾਂਦੇ ਛੇਤੀ ਹੀ ਸਾਹਮਣੇ (ਜਾ ਪੁੱਜੇ ਗੁਰੂ ਜੀ ਦੇ ਪਾਸੇ ਦੇ ਸਿਪਾਹੀ)।
[੨]ਭਾਵ ਹੱਲਾ ਜਾ ਕੀਤਾ।
[੩]ਜੋ ਬਾਹਰ ਸਨ (ਬਾੜੇ ਤੋਂ) ਸੂਰਮੇ ਸੋ ਭੱਜਾ ਦਿੱਤੇ।
[੪]ਵਾੜੇ ਵਿਚ ਵੜ ਗਏ ਦਰਵਾਜ਼ਾ ਵਾੜੇ ਦਾ ਦੇਖਕੇ।
(ਅ) ਵਾੜੇ ਵਿੱਚ ਵੜਕੇ ਵਾਰ ਵਾਰ ਤੱਕਦੇ ਹਨ।
[੫]ਕਿ (ਵੈਰੀ) ਨੇੜੇ ਆ ਢੁੱਕੇ ਹਨ ਸਾਥੋਂ ਰੋਕੇ ਨਹੀਂ ਜਾ ਰਹੇ।
[੬]ਫਿਰ ਫਿਰ।
[੭](ਗੁਰੂ ਪੱਖ ਦੇ) ਮਹਾਂਬੀਰ ਪਹੁੰਚ ਪਏ।
[੮]ਵਾੜੇ ਨੂੰ ਬਾਲਨਾ ਚਾਹੁੰਦੇ ਹਨ ਭਭੂਕੇ ਵਾਂਙੂ।
[੯]ਚੌਂਪ ਨਾਲ ਧਨੁਖ ਲੈ ਕੇ ਟੋਲੇ (ਗੁਰੂ ਪੱਖ ਦੇ) ਉੱਚੇ ਥਾਂ ਚਲੇ ਗਏ।
[੧੦](ਵੈਰੀ ਵਿੱਚ) ਪਿਛੇ ਹਟਣ ਦੀ ਚਾਲ ਹੋਈ, ਬਹੁਤੀ ਸ਼ਰਮ ਵਿਚ ਖਿਝੇ।
[੧੧]ਸੇਲਿਆਂ ਦੀ।
[੧੨]ਧਕਾਧਕ।
[੧੩]ਭਾਰੀ ਹੱਲਾ ਕਰਕੇ।
[੧੪]ਸੁੰਦਰ।
[*]ਪਾ:-ਸਨੇ।

ਭਈ ਲੋਥ ਪੋਥਾਨ[1] ਦੀਹੰ ਕਰਾਲਾ।
ਭਖੈਂ ਮਾਸ ਕੌ ਸਜਾਲ ਬੋਲੈਂ ਬਿਸਾਲਾ ॥੩੮॥
ਡਕੀ ਡਾਕਣੀ ਡਾਰ ਡੋਲੈਂ ਡਕਾਰੈ।
ਪਲੰ ਹੇਤੁ ਲੇਤੀ ਕਿਤੇ ਦੇਹਿ ਫਾਰੈਂ[2]।
ਭਈ ਭੀਮ ਭੂਮੀ ਭਯੰ ਭੂਰ ਭ੍ਰਾਂਤੇ[3]।
ਨਚੈਂ ਭੂਤ ਪੇਤੰ ਫਿਰੈਂ ਮਾਸ ਖਾਤੇ ॥੩੯॥
ਗੁਰੂ ਸੰਗ ਹੋਏ ਮਚਯੋ ਜੰਗ ਭਾਰਾ[4]।
ਭਟੰ ਅੰਗ ਭੰਗੇ ਸੁਰੰਗੇ ਅਖਾਰਾ।
ਇਸੀ ਰੀਤਿ ਘੇਰਯੋ ਜਬੈ ਬਾਰਿ ਜਾਈ।
ਢੁਕੇ ਕੋਪ ਕੈ ਦੀਹ ਮਾਚੀ[+] ਲਰਾਈ ॥੪੦॥

ਦੋਹਰਾ: ਜੇ ਗਿਰੇਸ਼ ਬਿਚ ਬਾਰਿ ਕੇ, ਬੀਰ ਧੀਰ ਕੌ ਧਾਰਿ[5]।
ਢੁਕੇ ਨਿਕਟ ਰਿਪੁ ਜਾਨਿ ਕੈ, ਕੇਤਿਕ ਪਿਖੇ ਸੁਮਾਰਿ[6] ॥੪੧॥
ਲਖੀ ਪਰਾਜਯ[7] ਅਪਨੀ, -ਲਾਜ ਬੰਸ ਕੀ ਜਾਤਿ-।
ਆਪਸ ਮਹਿਂ ਮਿਲਿ ਕਹਤਿ ਭੇ, 'ਇਮ ਹੋਵਹਿਂ ਸਭਿ ਘਾਤ[8] ॥੪੨॥
ਬਲ ਸੰਭਾਰੋ ਆਪਨੋ, ਨਿਕਸਿ ਲਰੋ ਬਰ ਬੀਰ!'
ਮੰਤ੍ਰ ਪਕਾ ਇਵ ਜੰਗ ਕੋ, ਪੁਨ ਉਮਡੇ ਧਰਿ ਧੀਰ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਾਦੌਣ ਜੰਗ' ਪ੍ਰਸੰਗ ਬਰਨਨੰ ਨਾਮ ਚਤਵਾਰਿੰਸਤੀ ਅੰਸੂ ॥੪੦॥

---

[1]ਲੋਥਾਂ ਦੇ ਢੇਰ।
[2]ਮਾਸ ਦੇ ਵਾਸਤੇ ਕਈ ਦੇਹਾਂ ਲੈ ਕੇ ਫਾੜਦੀਆਂ ਹਨ।
[3]ਪ੍ਰਿਥਵੀ ਡਰ ਦੇਣ ਵਾਲੀ ਬੜੀ ਭਯਾਨਕ ਤਰ੍ਹਾਂ (ਵਾਲੀ) ਹੋ ਗਈ।
[4](ਜਦ ਤੋਂ) ਗੁਰੂ ਜੀ ਨਾਲ ਹੋਏ (ਤਦ ਤੋਂ) ਭਾਰੀ ਜੰਗ ਮਚਿਆ।
[+]ਪਾ:-ਮਾਰੀ।
[5]ਜੇਹੜੇ ਗਿਰੇਸ਼ (ਕ੍ਰਿਪਾਲ ਦੇ ਪੱਖੀ) ਤੇ ਸੂਰਮੇ ਵਿਚ ਵਾੜ ਦੇ (ਸਨ ਓਹ) ਧੀਰਜ ਧਾਰ ਕੇ.......।
[6]ਜ਼ਖਮੀ ਹੋਏ ਵੇਖੇ (ਆਪਣੇ ਸੂਰਮੇ)।
[7]ਹਾਰ।
[8]ਨਾਸ਼।

੪੧. [ਬਿੱਝੜ ਵਾਲੀਆ ਦਜਾਲ ਬੱਧ]

੪੦<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੨

ਦੋਹਰਾ: ਬਿੱਝੜਵਾਲੀਆ ਗਿਰਪਤੀ, ਬੀਰ ਸੁ ਬਲੀ ਬਿਸਾਲ।
ਜੰਗ ਘਾਤ ਜਾਨੈ ਅਨਿਕ, ਨਾਮ ਕਹੈਂ ਤਿਸ ਦਜਾਲ ॥੧॥

ਭੁਜੰਗ ਛੰਦ: ਮਿਲ੍ਯੋ ਸੋ ਕਟੋਚੀ ਕ੍ਰਿਪਾਲੰ ਕਿ ਸਾਥਾ।
ਕਹੇ ਬਾਕ ਤਾਂ ਕੌ 'ਲਖੋ ਜੰਗ ਗਾਥਾ।
ਗੁਰੂ ਸੰਗ ਆਨ੍ਯੋ ਕਲੂਰੀ ਭੁਵਾਲੇ।
ਢੁਕੇ ਬਾਰਿ ਨੇਰੇ ਭਏ ਆਲ ਬਾਲੇ[1] ॥੨॥
ਤਜੈਂ ਓਜ ਤੇ ਨਾਂਹਿਨੈ ਨੀਕ ਬਾਤੀ[2]।
ਸਵਾਧਾਨ ਹੁਜੋ ਬਨੋ ਸ਼ੱਤ੍ਰੁ ਘਾਤੀ।
ਪਰਾਜੈ ਕਰੈ ਭੀਮਚੰਦੰ ਜਿ ਈਹਾਂ[3]।
ਹਸੈਂ ਭੂਪ ਸਾਰੇ ਮਿਲੈਂ ਜਾਇ ਕੀਹਾਂ[4] ॥੩॥
ਅਬੈ ਦੇਖਿ ਮੋ ਕੌ ਕਰੌਂ ਜੁੱਧ ਭਾਰੀ।
ਚਲੇ ਆਇੰ ਜੋਊ ਸਭੈ ਦਜੋਂ ਨਿਵਾਰੀ।'
ਕ੍ਰਿਪਾਲੰ ਕਹ੍ਯੋ 'ਮੈਂ ਰਹੌਂ ਤੋਹਿ ਸੰਗਾ।
ਹਤੌਂ ਭੀਮਚੰਦੰ ਭਟੰ ਅੰਗ ਭੰਗਾ' ॥੪॥
ਦੁਹੂੰ ਭੂਪ ਐਸੇ ਜਬੈ ਮੰਤ੍ਰ ਕੀਨਾ।
ਬਡੋ ਜੰਗ ਮਾਚ੍ਯੋ ਨਿਜੰ ਹੀਨ ਚੀਨਾ[5]।
ਧਰੇ ਚਾਂਪ ਆਪੇ ਨਿਕਾਸੇ ਖਤੰਗਾ।
ਹਕਾਰੇ ਮਹਾਂ ਬੀਰ ਲੇ ਆਪ ਸੰਗਾ ॥੫॥
ਗਹੇ ਬ੍ਰਿੰਦ ਸੇਲੇ ਤੁਫੰਗੈਂ ਸੰਭਾਰੀ।
ਬਰੂਦੈਂ ਕਸੀ ਠੋਕਿ ਗੋਰੀ ਦੁ ਡਾਰੀ।
ਭ੍ਰਮਾਏ ਉਤੰਗੇ ਧਰੇ ਹਾਥ ਨੇਜੇ।
ਹਤੈਂ ਸ਼ੱਤ੍ਰੁ ਸੌਹੈਂ ਜਮੰ ਧਾਮ ਭੇਜੇ ॥੬॥
ਚਲੇ ਬਾਰ ਛੋਰ੍ਯੋ ਤਬੈ ਬਾਝ ਲਜਾਏ[6]।
ਬਕੈਂ 'ਮਾਰ ਮਾਰੰ' ਖਤੰਗੈਂ ਚਲਾਏ।

---

[1]ਭਾਵ ਘੇਰਾ ਪਾ ਲਿਆ ਨੇ।
[2](ਵੈਰੀ ਦੇ) ਓਜ ਕਰਕੇ (ਜੇ ਵਾੜਾ ਹੁਣ) ਛੱਡ ਦੇਵੀਏ ਤਾਂ ਗੱਲ ਠੀਕ ਨਹੀਂ।
[3]ਸਾਨੂੰ ਜਿੱਤ ਲਵੇ ਤਾਂ......।
[4]ਭਾਵ ਜਿੱਥੇ ਕਿੱਥੇ ਮੇਲ ਗੇਲ ਹੋਸੀ ਸਾਰੇ ਰਾਜੇ ਹੱਸਣਗੇ।
[5]ਆਪਣਾ (ਪੱਖ) ਘਟਦਾ ਦੇਖਕੇ।
[6]ਭਾਵ ਬਾਹਰ ਨਿਕਲਿ ਵਾੜਾ ਛੱਡ ਟੁਰੇ (ਸੈਨਾ ਨੂੰ ਬੀ) ਬਾਹਰ ਲੈ ਗਏ (ਟਾਕਰਾ ਕਰਨ ਵਾਸਤੇ)। [ਸੰਸ:, ਵਾਹਯ ਤੋਂ ਬਾਝ ਬਣਿਆ ਹੈ]।

ਰਿਦੇ ਕੋਪ ਹ੍ਵੈ ਕੈ ਕਟੋਚੀ ਕ੍ਰਿਪਾਲੰ।
ਚਲ੍ਯੋ ਜੰਗ ਕੋ ਬਾਦ ਬਾਜੇ ਬਿਸਾਲੰ[੧] ॥੭॥
ਲਗੇ ਢੋਲ ਡੰਕੇ ਸੁ ਧੌਂਸੇ ਧੁੰਕਾਰੇ।
ਮਿਲੇ ਆਪ ਮਾਂਹੀ ਬਕੈਂ ਮਾਰ ਮਾਰੇ।
ਕਰਾਚੋਲ[੨] ਕਾਢੇ ਖਿਮੰਕੇ[੩] ਕਰਾਲੇ।
ਕਟੇ ਅੰਗ ਬੀਰੰ ਘਨੇ ਘਾਵ ਡਾਲੇ ॥੮॥
ਭਏ ਛਿੰਨ ਭਿੰਨਾਂ ਛਿਦੇ ਛਿੱਪ੍ਰ ਬੀਰੰ[੪]।
ਕਿਸੂ ਹਾਥ ਕਾਟੇ ਕਿਸੂ ਕੰਧ[੫] ਚੀਰੰ।
ਕਿਤੇ ਪਾਂਵ ਕਾਟੇ, ਕਰਾਹੇ[੬] ਕਰਾਲਾ।
ਕਟੇ ਮੁੰਡ[੭] ਕਾਂ ਕੇ ਪਰੇ ਰੁੰਡ ਮਾਲਾ[੮*] ॥੯॥
ਜਥਾ ਭਾਠ ਮੈਂ ਧਾਨ ਭੁੰਜੰਤਿ ਕੋਈ।
ਤੁਫੰਗੈਂ ਛੁਟੀ ਕੋ ਤਥਾ ਨਾਦ ਹੋਈ।
ਪਲੀਤੇ ਧੁਖੇ ਦੌਨ ਓਰੀ ਸਮੂਹਾ।
ਜੁਟੇ ਆਪ ਮਾਂਹੀ ਦਈ ਦੀਹ ਹੂਰਾ[੯] ॥੧੦॥
ਚਲੇ ਤੀਰ ਤੀਖੇ ਕਮਾਨੈਂ ਕੜੰਕੀ।
ਭਏ ਹੱਥਵੱਥੰ[੧੦] ਕ੍ਰਿਪਾਨੈ ਸੜੰਕੀ।
ਛੁਟ੍ਯੋ ਸ਼੍ਰੋਣ ਘਾਵੰ ਭਏ ਲਾਲ ਬਾਗੇ।
ਅਪਾਤੰ ਪਲਾਸੀ[੧੧] ਮਨੋ ਫੂਲ ਲਾਗੇ ॥੧੧॥
ਕਟੋਚੀ ਕ੍ਰਿਪਾਲੰ ਕੁਪ੍ਯੋ ਕ੍ਰੂਰ ਤੁੰਡੰ[੧੨]।
ਪ੍ਰਹਾਰੇ ਕ੍ਰਿਪਾਨੰ ਕਿਏ ਰੁਡੰ ਮੁੰਡੰ।
ਭਏ ਸਾਮੁਹੇ ਤੁੰਦ ਤਾਜੀ ਤੁਪਾਯੋ।

---

[੧]ਬੜੇ ਬਾਜੇ ਬੱਜੇ।
[+]ਪਾ:-ਮਾਰੀ।
[੨]ਸ੍ਰੀ ਸਾਹਿਬ।
[੩]ਚਮਕੇ।
[੪]ਭਾਵ ਸੂਰਮੇ ਕੱਟੇ ਵੱਢੇ ਗਏ ਤੇ ਜ਼ਖਮੀ ਹੋਏ।
[੫]ਮੋਢਾ।
[੬]ਕੁਰਲਾ ਰਹੇ, ਦੁਖੀ ਹੋਕੇ ਰੋ ਰਹੇ।
[੭]ਸਿਰ।
[੮]ਧੜਾਂ ਦੀ ਪੰਗਤੀ।
[*]ਪਾ:-ਲਾਲਾ।
[੯]ਬੜੀ ਰੌਲੀ ਮਚੀ। (ਅ) ਭਾਰੀ ਹੱਲਾ ਕਰਕੇ।
[੧੦]ਹੱਥੋ ਹੱਥੀ ਹੋ ਪਏ।
[੧੧]ਪੱਤਿਆਂ ਬਿਨਾਂ ਢਿੱਛੜੇ ਨੂੰ।
[੧੨]ਕਰੜਾ ਮੁਖ ਕਰਕੇ।

ਕੁਦੰਡੰ ਸਰੰ ਸੰਧਿ ਬ੍ਰਿੰਦੰ ਚਲਾਯੋ[੧] ॥੧੨॥
ਮਰੇ ਬੀਰ ਘੂਮੈ ਪਰੀ ਲੋਥ ਭੂਮੈ।
ਚਲੈਂ ਬਾਨ ਗੋਰੀ ਭਟੰ ਪ੍ਰਾਨ ਹੂ ਮੈਂ[੨]।
ਰੁਪੇ ਬੀਰ ਧੀਰੰ ਖਰੇ ਘਾਵ ਖਾਏ।
ਕਟੇ ਕੋਪ ਕੈ ਕੈ ਤਜੀ ਪੈ ਨ ਥਾਏ ॥੧੩॥
ਉਤੈ ਬਿੱਝੜੰ ਵਾਲੀਆ ਨਾਮ ਦਜਾਲੰ।
ਘਨੇ ਵਾਰ ਕੀਨੇ ਬਿਸਾਲੇ ਕਰਾਲੰ।
ਲਈ ਸੈਨ ਸਾਰੀ ਮਹਾਂ ਰੌਰ ਪਾਏ।
ਬਕੈਂ 'ਮਾਰ ਮਾਰੇ' ਹੁਤੇ ਅੱਗ੍ਰ ਆਏ ॥੧੪॥
ਚਲਾਕੀ ਕਰੈਂ ਸ਼ੀਘ੍ਰਤਾ ਮਾਰਿਬੇ ਕੀ।
ਕਰੈਂ ਹੇਲ ਸ਼ੱਤ੍ਰੂਨਿ ਕੌ ਟਾਰਿਬੇ ਕੀ।
ਹਟੇ ਪੈਰ ਪਾਛੇ ਪਿਖੇ ਭੀਮ ਚੰਦੰ[੩]।
ਪ੍ਰਿਥੀਚੰਦ ਬੋਲਯੋ[੪] 'ਬਲੀ ਤੂੰ ਬਿਲੰਦੰ ॥੧੫॥
ਕਰੋ ਧੀਰ ਬੀਰਾਨ ਕੌ ਹੋਇ ਆਗੇ[੫]।
ਪਰਯੋ ਜੋਰ ਜੁੱਧੰ ਨਹੀਂ ਜਾਇੰ ਭਾਗੇ।
ਕ੍ਰਿਪਾਲੰ ਸੁ ਦਜਾਲੰ ਕਰਯੋ ਹੇਲ ਆਏ।
ਹਮਾਰੇ ਵਧੇ ਸੂਰ ਪਾਛੇ ਹਟਾਏ' ॥੧੬॥
ਸੁਨਯੋ ਡੱਢਵਾਲੰ ਪ੍ਰਿਥੀਚੰਦ ਗਾਜਾ।
'ਕਰੌਂ ਜੁੱਧ ਕ੍ਰੁੱਧੰ ਪਿਖੋ ਆਪ ਰਾਜਾ[੬]!'
ਦਈ ਧੀਰ ਐਸੇ ਗਯੋ ਆਪ ਆਗੇ।
ਬਿੰਗਾਰੇਂ ਸਭੈ[੭] 'ਜੰਗ ਕਯੋਂ ਤਜਾਗ ਭਾਗੇ? ॥੧੭॥
ਥਿਰੋ ਬੀਰ! ਮਾਰੋ ਧਰੋ ਧੀਰ ਆਛੇ।
ਬਿਗਾਰੌਂ[੮] ਦੁਹੂੰ ਲੋਕ ਕੋ ਹੋਤਿ ਪਾਛੇ।
ਰਜੌਤੀ[੯] ਨਿਬਾਹੋ ਕੁਲੰ ਕੇਰ ਲਾਜਾ।

---

[੧]ਧਨੁਖ ਵਿਚ ਤੀਰ ਸੰਨ੍ਹਕੇ ਬਹੁਤੇ ਚਲਾਏ।
[੨]ਸੂਰਮਿਆਂ ਦੇ ਪ੍ਰਾਣਾਂ ਵਿਚ
(ਅ) ਸੂਰਮੇ (ਆਪਣੇ) ਪ੍ਰਾਣ (ਹੁਮੈਂ =) ਹੋਮ ਦੇ ਭਾਵ ਤਜਾਗਦੇ ਹਨ।
[੩]ਪਿਛੇ ਪੈਰ ਹਟਦੇ ਡਿੱਠੇ ਭੀਮਚੰਦ ਨੇ (ਆਪਣੀ ਸੈਨਾ ਦੇ)।
[੪]ਭੀਮਚੰਦ ਪ੍ਰਿਥੀਚੰਦ ਨਾਲ ਬੋਲਿਆ।
[੫]ਬੀਰਾਂ ਨੂੰ ਧੀਰਜ ਦੇਹ ਅੱਗੇ ਹੋ ਕੇ।
[੬]ਭਾਵ ਹੇ ਭੀਮਚੰਦ!
[੭]ਵੰਗਾਰਿਆ ਸਾਰੇ (ਪਿਛੇ ਹਟਦਿਆਂ ਨੂੰ)।
[੮]ਵਿਗਾੜ ਲਓਗੇ ਦੋਵੇਂ ਲੋਕ ਜੇ ਪਿੱਛੇ ਹਟੋਗੇ।
[੯]ਰਾਜਪੂਤ ਪਨ।

ਜਸੰ ਪਾਇ ਲੀਜੈ ਕਰੇ ਕਾਜ ਰਾਜਾ[੧]' ॥੧੮॥
ਪ੍ਰਿਥੀਚੰਦ ਕੇ ਬਾਕ ਕੌ ਸ੍ਰੂਯ ਬੀਰੰ[੨]।
ਫਿਰੇ ਫੇਰ[੩] ਪਾਛੇ ਸਹੇ ਅੰਗ ਤੀਰੰ।
ਮਨੋ ਬਾਯੁ ਪ੍ਰੇਰੇ ਚਲੇ ਮੇਘ ਆਏ।
ਸਰੰ ਬ੍ਰਿੰਦ ਗੋਰੀਨ ਵੁੱਠੇ ਸਬਾਏ[੪] ॥੧੯॥
ਹਟੇ ਹੇਲ ਘਾਲੇ[੫] ਮਹਾਂ ਬੀਰ ਢੂਕੇ।
ਬਕੈਂ 'ਮਾਰ ਮਾਰੰ' ਇਕੰ ਬਾਰ ਕੂਕੇ।
ਬਜੇ ਢੋਲ ਧੌਂਸੇ ਸੁ ਭੇਰੀ ਭੁੰਕਾਰੇ।
ਭਿਰੈਂ ਹੋਇ ਸੌਂਹੇ ਬਿਸਾਲੰ ਬਿੰਗਾਰੇ ॥੨੦॥
ਬਡੋ ਸੂਰ ਦਜਾਲੰ ਹੁਤੋ ਬਿੱਝੜ ਵਾਰਾ।
ਪਲਾਏ, ਮਰੇ, ਹੇਲ ਕੀਨੋ ਨਿਹਾਰਾ[੬]।
ਤਬੈ ਕੋਪ ਕੈ ਕੈ ਸੁ ਊਚੇ ਪੁਕਾਰਯੋ।
'ਕਟੋਚੀ ਕ੍ਰਿਪਾਲੰ ਮਹਾਂ ਹੇਲ[੭] ਡਾਰਯੋ ॥੨੧॥
ਉਤੈ ਬੀਰ ਸਾਰੇ ਸਕੇਲੇ ਬਿਸਾਲਾ।
ਪ੍ਰਹਾਰੋ ਤੁਫੰਗਾਨਿ ਤੀਰਾਨਿ ਜਾਲਾ।
ਥਿਰੋ ਧੀਰ ਧਾਰੋ ਭਟੰ ਬੀਚ ਆਪੇ।
ਜਮੇ ਪੈਰ ਰਾਖੋ ਸਭੀ ਥਾਨ ਥਾਪੇ[੮] ॥੨੨॥
ਪਿਖੋ ਓਰ ਮੋਰੀ[੯] ਹਤੌਂ ਬ੍ਰਿੰਦਬਾਨਾ।
ਬਧੌਂ ਸ਼ੱਤ੍ਰੁ ਕੌ ਅੰਗ ਆਗੇ ਨਿਸ਼ਾਨਾ[੧੦]।'
ਕ੍ਰਿਪਾਲੰ ਸੁਨਯੋ ਤੇਜ ਤਾਜੀ ਤ੍ਰਪਾਏ।
ਭਏ ਸਾਮੁਹੇ ਚਾਂਪੁ ਐਂਚੰ ਚਲਾਏ ॥੨੩॥
ਦਿਸ਼ਾ ਦੌਨ ਤੇ ਸਾਮੁਹ ਭੇੜ ਐਸੇ।
ਮਹਾਂ ਜੁੱਧ ਕੀਨੋ ਥਿਰੇ ਥੰਭ ਜੈਸੇ।
ਛੁਟੇ ਬਾਨ ਗੋਰੀ ਫਟੇ ਅੰਗ ਸੂਰੇ।

---

[੧]ਰਾਜੇ ਦਾ ਕਾਜ ਕਰਕੇ।
[੨]ਸੁਣਕੇ ਬੀਰਾਂ ਨੇ।
[੩]ਫੇਰ ਮੁੜੇ।
[੪]ਸਭਨਾਂ (ਸੂਰਮਿਆਂ ਰੂਪੀ ਬੱਦਲਾਂ ਨੇ) ਤੀਰਾਂ ਤੇ ਗੋਲੀਆਂ ਦੀ ਵਰਖਾ ਕੀਤੀ।
[੫]ਭਾਵ ਮੁੜਕੇ ਹਮਲਾ ਕੀਤਾ (ਭੀਮਚੰਦੀਆਂ) ਨੇ।
[੬]ਉਸ ਨੇ ਡਿੱਠਾ ਕਿ (ਫਿਰ) ਹਮਲਾ ਕੀਤਾ ਹੈ (ਵੈਰੀ ਨੇ ਤਾਂ ਸਾਡੇ ਆਦਮੀ) ਮਰ ਰਹੇ ਤੇ ਭੱਜ ਰਹੇ ਹਨ।
[੭]ਹੱਲਾ।
[੮]ਟਿਕਾਕੇ।
[੯]ਮੇਰੀ ਵਲ ਤੱਕੋ।
[੧੦]ਨਿਸ਼ਾਨਾ (ਬਣਾਕੇ)।

ਕੜਾਕਾੜ ਮਾਚੀ ਰਿਦੇ ਰੋਸ ਪੂਰੇ ॥੨੪॥
ਪ੍ਰਿਥੀ ਚੰਦ[੧] ਆਗੇ ਜਬੈ ਬੀਰ ਲੀਨੇ[੨]।
ਕ੍ਰਿਪਾਨੈਂ ਨਿਕਾਸੀ ਰਣੰ ਰੰਗੁ ਭੀਨੇ।
ਮਹਾਂ ਓਰੜੇ ਸੇਲ[੩] ਸਾਂਗੰ[੪] ਚਲਾਏ।
ਹਲਾਹਾਲ ਬੋਲੈਂ ਚਹੈਂ ਸੋ ਹਲਾਏ[੫] ॥੨੫॥
ਦੁਚੋਬੈਂ ਲਗੀ ਦੁੰਦਭੀ ਊਚ ਬਾਜੇ।
ਉੱਛਲੇ ਛਲੰਗੀ[੬] ਛੁਭੇ ਛਾਲ ਗਾਜੇ[੭]।
ਹਥਾ ਹੱਥ ਹੋਏ ਗਿਰੇ ਜੰਗ ਕੇਤੰ[੮]।
ਪਰੇ ਹੂਹ[੯] ਦੈ ਓਜ ਤੇ ਜੀਤ ਖੇਤੰ ॥੨੬॥
ਕਟੋਚੀ ਕ੍ਰਿਪਾਲੰ[੧੦] ਜਮੇ ਪਾਇ ਹਾਲੇ।
ਪਿਖਯੋ ਦਜਾਲ ਨੇ ਤੀਰ ਤੀਖੇ ਸੰਭਾਲੇ।
ਤਜੇ, ਚਾਂਪ ਐਂਚੇ ਅਰੀ ਜਾਇ ਲਾਗੇ।
ਸਭੈ ਸੂਰ ਰੋਕੇ ਕਹਾਂ ਜਾਇੰ ਭਾਗੇ ॥੨੭॥
ਜਿਤੇ ਓਰੜੇ ਮਾਰਿ ਦੀਨੇ ਹਟਾਈ।
ਖਰੋ ਊਚ ਗਾਜਯੋ ਮਨੋਂ ਜੀਤ ਪਾਈ।
ਪਿਖਯੋ ਭੀਮਚੰਦੰ ਅਰਜੋ ਸੂਰ ਦਜਾਲੰ।
ਗੁਰੂ ਪਾਸ ਆਯੋ ਕਹਯੋ ਤਾਂਹਿ ਕਾਲੰ ॥੨੮॥
ਫਤੇ ਕਯੋਂ ਨ ਲੇਤੇ ਕਰੋ ਆਪ ਟਾਰਾ।
ਅਰਜੋ ਏਕ ਬੀਰੰ ਇਸੇ ਲੇਹੁ ਮਾਰਾ।
ਰਖੋ ਲਾਜ ਮੋਰੀ ਲਖੋ ਆਪਨੋਈ।
ਅਹੋ ਬੀਚ ਠਾਂਢੇ ਤੁਮੈ ਨਾਮ ਜੋਈ[੧੧]' ॥੨੯॥
ਸੁਨੀ ਬੇਨਤੀ ਸ਼੍ਰੀ ਗੁਰੂ ਬੀਰ ਭਾਰੀ।

---

[੧](ਇਹ ਭੀਮਚੰਦ ਦੇ ਪਾਸੇ ਦਾ ਹੈ)।
[੨]ਜਦੋਂ ਸੂਰਮੇ ਅਗੇ ਲਾ ਲਏ।
[੩]ਨੇਜੇ।
[੪]ਬਰਛੇ।
[੫]ਵੈਰੀ ਦੇ ਪੈਰ ਹਿਲਾ ਦੇਣੇ ਚਾਹੁੰਦੇ ਹਨ।
[੬]ਛਾਲ ਮਾਰਨ ਵਾਲੇ ਭਾਵ (ਸੂਰਮੇ)। (ਅ) ਛੈਲ ਅੰਗੀ = ਸੁਹਣੇ ਅੰਗਾਂ ਵਾਲੇ। ਮੁਰਾਦ ਸੁਹਣੇ ਸੂਰਮਿਆਂ ਤੋਂ ਹੈ।
[੭]ਗੁੱਸੇ ਵਿਚ ਛਾਲ ਮਾਰਕੇ ਗੱਜੇ।
[੮]ਕਈ ਜੰਗ ਵਿਚ ਡਿੱਗੇ।
[੯]ਹੱਲਾ।
[੧੦]ਕ੍ਰਿਪਾਲ (ਦੇ)।
[੧੧]ਜੰਗ ਵਿਚ ਆਪ ਖੜੇ ਹੋ, ਜਿੱਤ ਹਾਰ ਵਿਚ ਨਾਮ ਆਪਦਾ ਹੀ ਜੁੜਨਾ ਹੈ।

ਲਈ ਦਾਸ ਤੇ ਸੋ ਤੁਫੰਗੈਂ ਸੰਭਾਰੀ।
ਕਸੀ ਪਾਇ ਬਾਰੂਦ ਗੋਰੀ ਸੁ ਡਾਰੀ।
ਗਹਯੋ ਮੋੜ ਤੋੜਾ ਕਲਾ ਪੈ ਸੁਧਾਰੀ[1] ॥੩੦॥
ਪਲੀਤਾ ਜਮਾਯੋ ਭਲੀ ਭਾਂਤਿ ਆਪੇ।
ਕਰੀ ਤਯਾਰ ਨੀਕੇ ਰਿਪੂ ਹੇਤੁ ਥਾਪੇ।
ਲਖਯੋ -ਜੰਗ ਥੰਭਾ ਇਹੀ ਬੀਰ ਠਾਂਢੋ।
ਪਲਾਵੈਂ ਨਹੀਂ, ਮਾਰਤੋ ਤੀਰ ਗਾਢੋ ॥੩੧॥
ਹਤੇ ਯਾਂਹਿ ਕੇ ਹ੍ਵੈ ਫਤੇ ਫੇਰ ਸਾਰੀ-।
ਪ੍ਰਭੂ ਹੇਰਿ ਨੀਕੇ ਰਿਦੇ ਯੌਂ ਬਿਚਾਰੀ।
ਕਰਯੋ ਤੇਜ ਘੋਰਾ ਇਤੈ ਉੱਤ ਫੇਰਾ।
ਨਿਸ਼ਾਨੋ ਮਹਾਨੋ ਤਕਯੋ ਨੀਕ ਹੇਰਾ ॥੩੨॥
ਕਰਯੋ ਨੇੜ ਜਾਈ ਫਿਰੇ ਜੰਗ ਮਾਂਹੀ।
ਚਲੈਂ ਬਾਨ ਗੋਰੀ ਰਿਸੇ ਬੀਰ ਜਾਂਹੀ।
ਵਧਾਯੋ ਤੁਰੰਗੈ ਸੰਭਾਰੀ ਤੁਫੰਗਾ।
'ਸਵਾਧਾਨ ਹੂਜੇ' ਬਿੰਗਾਰਯੋ ਉਤੰਗਾ[2] ॥੩੩॥
'ਘਨੇ ਬੀਰ ਮਾਰੇ ਅਰਯੋ ਕੋ ਨਾ ਆਗੇ।
ਅਬੈ ਤੋਹਿ ਮਾਰੌਂ ਇਕੰ ਵਾਰ ਲਾਗੇ।'
ਸੁਨੀ ਦਯਾਲ ਨੇ ਤੀਰ ਤੀਖੇ ਚਲਾਏ।
ਪ੍ਰਭੂ ਫੇਰ ਘੋਰਾ ਸਭੇ ਹੀ ਬਚਾਏ[3] ॥੩੪॥
'ਸਹੋ ਮੋਰ ਤੀਰੰ, ਬਚੋ ਆਪ ਨਾਂਹੀ।'
ਕਰਯੋ ਬੋਲ ਊਚੇ ਗਜਯੋ[4] ਜੰਗ ਮਾਂਹੀ।
ਗੁਰੂ ਸ੍ਰੂਯ[5] ਕੈ ਬੇਗ ਤਯਾਰੀ ਤੁਫੰਗਾ।
ਚਲੀ ਸ਼ੂਕਿ ਗੋਰੀ ਲਗੀ ਜਾਇ ਅੰਗਾ ॥੩੫॥
ਗਿਰਯੋ ਭੂਮ ਬੀਚੰ ਮਹਾਂ ਰੋਸ ਰਾਚਾ।
ਰਿਦੈ ਫੋਰ ਡਾਰਯੋ ਨਹੀਂ ਪਾਨ ਜਾਚਾ[6]।
ਮਨੋ ਬ੍ਰਿੱਛ ਟੂਟਯੋ ਬਡੀ ਬਾਇ[7] ਸੰਗਾ।

---

[1]ਤੋੜਾ ਫੜਕੇ ਮੋੜ ਕੇ ਕਲਾ ਤੇ ਧਰਿਆ।
[2]ਉੱਚੇ ਖੜੇ ਨੂੰ ਵੰਗਾਰਿਆ।
[3](ਸਾਰੇ ਤੀਰਾਂ ਤੋਂ ਹੀ) ਬਚਾ ਕਰ ਗਏ।
[4](ਦਯਾਲ) ਗੱਜਿਆ।
[5]ਗੁਰੂ ਜੀ ਨੇ ਸੁਣਕੇ।
[6]ਪਾਣੀ ਤੱਕ ਨਾ ਮੰਗਿਆ।
[7]ਹਵਾ ਨਾਲ।

ਖਿੰਡੇ ਹਾਥ ਪੈਰੰ ਕਰੇ ਪ੍ਰਾਨ ਭੰਗਾ ॥੩੬॥
ਪਰਜੋ ਤੁੰਡ ਬਾਯੋ[੧] ਭਯੋ ਸੀਸ ਨੰਗਾ।
ਪ੍ਰਿਥੀ ਸ਼੍ਰੋਨ ਫੈਲਜੋ ਭੰਗੇ ਤਾਂਹਿ ਅੰਗਾ।
ਗਤੀ ਸੂਰਮੇ ਕੀ ਲਹੀ ਦੇਵ ਲੋਕੰ।
ਮਿਲੀ ਆਨਿ ਦੇਵੰਬਧੂ ਕੈ ਅਸ਼ੋਕੰ[੨] ॥੩੭॥
ਮਰਜੋ ਮਾਰ ਮਾਰੰ ਬਕੰਤੰ ਸਰੋਸੰ।
ਦਿਯੋ ਪ੍ਰਾਨ ਸੌਂਹੰ ਮਿਟੇ ਪਾਪ ਦੋਸ਼ੰ।
ਜਬੈ ਦਜਾਲ ਮਾਰਜੋ ਪਿਖੀ ਸੈਨ ਸਾਰੀ[੩]।
ਲਰੈਂ ਬੀਰ ਠਾਂਢੇ ਤਊ ਧੀਰ ਹਾਰੀ ॥੩੮॥
ਕਟੋਚੀ ਕ੍ਰਿਪਾਲੰ ਬਿਲੋਕਜੋ ਦਯਾਲਾ[੪]।
ਹੁਤੇ ਔਰ ਸੈਲੰਪਤੀ ਧੀਰ ਹਾਲਾ।
ਮਨੋ ਜੰਗ ਕੇ ਤੋਰ ਡਾਰੇ ਕਪਾਟੰ।
ਕਿਧੌਂ ਥੰਭ ਗਾਡਜੋ ਪ੍ਰਭੂ ਨੇ ਉਪਾਟੰ[੫] ॥੩੯॥
ਭਯੋ ਸ਼ੋਕ ਸ਼ੱਤ੍ਰਾਨ ਕੇ ਬੀਚ ਸਾਰੇ।
ਹੁਤੀ ਕੋਟ ਕੀ ਓਟ ਮਾਨੋ ਬਿਦਾਰੇ[੬]।
ਪਿਖਜੋ ਭੀਮਚੰਦ ਬਡੰ ਜੰਗ ਮਾਨੀ[੭]।
ਹਤਜੋ ਸ਼੍ਰੀ ਗੁਰੂ ਨੈ ਫਤੇ ਲੀਨਿ ਜਾਨੀ- ॥੪੦॥
ਪ੍ਰਿਥੀਚੰਦ ਆਦੰ ਅਨੰਦੇ ਬਿਲੰਦੇ।
ਅਬੈ ਹ੍ਵੈਂ ਨ ਠਾਂਢੇ ਡਰੈਂ ਸ਼ੱਤ੍ਰੂ ਮੰਦੇ[੮]।
ਚਲਾਈ ਤੁਫੰਗੈਂ ਕੜਾਕਾੜ ਛੋਰੀ।
ਮਨੋ ਮੇਘ ਓਰੇ ਪਰੇ ਪੁੰਜ ਗੋਰੀ ॥੪੧॥
ਬਲੰ ਆਪਨੋ ਓਜ ਦੋਨੋ ਲਗਾਏ।
ਖਿੰਚੈਂ ਚਾਂਪ ਕੋ ਤੀਰ ਤੀਖੇ ਚਲਾਏ।
ਖਰੰ ਸੇਲ ਠੇਲੇ[੯] ਭਈ ਰੇਲ ਪੇਲਾ[੧੦]।

---

[੧]ਮੂੰਹ ਟੱਡਿਆ।
[੨]ਅਨੰਦ ਮੰਗਲ ਕਰਕੇ।
[੩]ਸਾਰੀ ਸੈਨਾ ਨੇ ਦਿਆਲ ਮਰਿਆ ਡਿੱਠਾ।
[੪]ਦਜਾਲ ਨੂੰ (ਮਰਿਆ) ਦੇਖਕੇ।
[੫]ਉਖੇੜਿਆ ਹੈ।
[੬]ਮਾਨੋ ਕਿਲ੍ਹੇ ਦੀ ਓਟ ਸੀ ਜੋ ਢਹਿ ਗਈ ਹੈ।
[੭]ਜੰਗ ਦਾ ਮਾਨੀ (ਸੀ ਦਜਾਲ) ਉਸ ਨੂੰ.....।
[੮]ਹੁਣ ਮੰਦੇ ਵੈਰੀ ਡਰ ਜਾਣਗੇ ਤੇ ਸਾਹਮਣੇ ਖੜੋਨਗੇ ਨਹੀਂ।
[੯]ਤਿੱਖੇ ਨੇਜ਼ੇ ਅੱਗੇ ਕੀਤੇ।
[੧੦]ਧਕੇਲਣ ਅਤੇ ਹੱਕਣ ਦੀ ਕ੍ਰਿਯਾ।

ਮਿਲੇ ਤੁੰਡ ਬੈਰੀਨ ਕੇ ਹੇਲ ਝੇਲਾ[1] ॥੪੨॥
ਇਸੀ ਰੀਤਿ ਮਾਚਯੋ ਮਹਾਂ ਜੰਗ ਰੌਰਾ।
ਲਹੂ ਮਾਸ ਤੇ ਦਾਰੁਨੰ ਭੂਰ ਠੌਰਾ[2]।
ਮਰੇ ਪੁੰਜ ਬਾਜੀ[3], ਪਰੇ ਖੇਤ ਮਾਂਹੀ।
ਲਗੇ ਘਾਇ ਘੂਮੇ ਘਨੇ ਧੂਮ ਤਾਂਹੀ[4] ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਦਯਾਲ ਬੱਧ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥੪੧॥

---

[1]ਹੱਲੇ ਝੱਲਿਆ।
[2]ਸਾਰੀ ਥਾਂ ਭਜਾਨਕ ਹੋ ਗਈ।
[3]ਘੋੜੇ।
[4]ਉਸ ਹਮਲੇ ਵਿਚ [ਹਿੰਦੀ, ਧੂਮ = ਰੌਲਾ, ਹਮਲਾ]।

੪੨. [ਜੰਗ ਜਿੱਤਣਾ। ਅਲਫ ਖਾਂ ਦਾ ਰਾਤੀਂ ਨੱਸਣਾ]

੪੧<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੩

ਦੋਹਰਾ: ਕਛੁਕ ਧੀਰ ਧਰਿ ਅਰ ਰਹੇ, ਲਖਿ ਸ੍ਰੀ ਗੋਬਿੰਦ ਸਿੰਘ[੧]।
ਦੀਨ ਤੁਫੰਗ ਸੁ ਦਾਸ ਕੌ, ਗਰਜੇ ਸ੍ਰੀ ਰਣ ਸਿੰਘ[੨] ॥੧॥

ਪਾਧੜੀ ਛੰਦ: ਧਰਿ ਚਾਂਪ ਹਾਥ ਹਯ ਕੋ ਫੰਧਾਇ।
ਰਿਪੁ ਸਮੁਖ ਹੋਇ ਕਰਿ ਜੀਤ ਚਾਇ[*]।
ਬਡ ਬੇਗ ਸਾਥ ਭਾਥਾ ਮਝਾਰ[੩]।
ਕਾਢਜੋ ਖਤੰਗ ਖਰ ਮਨੋ ਮਾਰ[੪] ॥੨॥
ਗੁਨ ਬਿਖੈ ਸੰਧਿ ਕਰਿ ਤਾਨ ਤਾਨ[੫]।
ਰਿਸ ਧਰਿ ਬਿਸਾਲ ਮੁਚਕੰਤਿ ਬਾਨ[੬]।
ਤਬਿ ਗਯੋ ਸ਼ੂਕ ਕਰਿ ਬੇਗ ਭੂਰ।
ਜਿਸ ਪੇਖਿ ਭਏ ਭੈ ਭੀਤ ਸੂਰ ॥੩॥
ਸ਼ੱਤ੍ਰੁਨਿ ਬੀਚ ਕਰਿ ਰੌਰ ਡਾਰ।
ਇਤ ਉਤ ਤਕਾਹਿ ਉਰ ਧੀਰ ਹਾਰ।
ਪੁਨ ਅਪਰ ਤੀਰ ਸਤਿਗੁਰ ਨਿਕਾਸਿ।
ਧਰ ਜੇਹ ਜੋਰਿ ਕਰ ਜੋਰ ਤਾਸ[੭] ॥੪॥
ਚਰੜੰਤਿ ਚਾਂਪ ਬਰਖੰਤਿ ਤੀਰ[੮*]।
ਸਰੜੰਤਿ ਜਾਤਿ ਬਰੜੰਤਿ ਬੀਰ[੯]।
ਤਰਯੰਤਿ ਸ਼ੱਤ੍ਰੁ[੧੦] ਹਤਯੰਤਿ ਜੰਗ।
ਅਤਿਯੰਤਿ ਤ੍ਰਾਸਿ ਥਰਰੰਤਿ[੧੧] ਅੰਗ ॥੫॥

---

[੧]ਵੈਰੀ ਕੁਛ ਧੀਰਜ ਧਾਰਕੇ ਅੜ ਰਹੇ ਹਨ, ਭੱਜੇ ਨਹੀਂ (ਇਹ ਗਲ) ਜਾਣਕੇ ਸ੍ਰੀ ਗੁਰੂ ਗੋਵਿੰਦ ਸਿੰਘ ਜੀ ਨੇ.....।
[੨]ਸਤਿਗੁਰੂ ਜੀ ਜੁੱਧ ਵਿਚ ਸ਼ੇਰ ਵਾਂਙ ਗੱਜੇ।
[*]ਪਾ:-ਜਾਇ।
[੩]ਭੱਥੇ ਵਿਚੋਂ।
[੪]ਸਰਪ ਵਰਗਾ।
[੫]ਚਿੱਲੇ ਵਿਚ ਸੰਨ੍ਹਕੇ ਤੇ ਜ਼ੋਰ ਨਾਲ ਤਾਣਕੇ।
[੬]ਛੱਡ ਦਿੱਤਾ ਤੀਰ।
[੭]ਚਿੱਲੇ ਵਿਚ ਹੱਥ ਦੇ ਜ਼ੋਰ ਨਾਲ ਜੋੜਕੇ ਤਿਸ (ਤੀਰ) ਨੂੰ।
[੮]ਧਨੁਖ ਨੇ ਚਿਰੜ ਕੀਤੀ ਤੇ ਤੀਰ ਛੁੱਟੇ।
[*]ਪਾ:-ਬੀਰ।
[੯]ਸ਼ੂਕਦੇ ਜਾਂਦੇ ਹਨ (ਤੀਰ, ਜਿਨ੍ਹਾਂ ਨੂੰ ਲਗਦੇ ਹਨ ਉਹ) ਚੀਕਦੇ ਹਨ ਸੂਰਮੇ। (ਅ) ਸ਼ੂਕਦੇ ਤੀਰ ਵੜਦੇ ਹਨ ਸੂਰਮਿਆਂ (ਦੀਆਂ ਦੇਹਾਂ ਵਿਚ)।
[੧੦](ਤਕਦੇ ਹਨ ਗੁਰੂ ਜੀ) ਵੈਰੀਆਂ ਨੂੰ।
[੧੧]ਕੰਬਦੇ ਹਨ।

ਕਰਿਯੰਤਿ ਸ਼ੀਘ੍ਰ ਨਿਕਸੰਤਿ ਬਾਨ[੧]।
ਖਿਚਯੰਤਿ ਚਾਂਪ ਲਗਯੰਤਿ ਕਾਨਿ[੨]।
ਮੁਚਕੰਤਿ ਜਾਤਿ, ਬਰਿਯੰਤਿ ਧਾਇ[੩]।
ਗਿਰਯੰਤਿ ਬੀਰ ਬਕਯੰਤਿ 'ਹਾਇ[੪]' ॥੬॥
ਇਮ ਚਾਰ ਬਾਨ ਦਾਏਂ ਸੁ ਹਾਥ।
ਬਿਚ ਸ਼ੱਤ੍ਰੁਨਿ ਮਾਰੇ ਕੋਪ ਸਾਥਿ।
[੫]ਪੁਨ ਬਾਮ ਹਾਥ ਤੇ ਐਂਚਿ ਚਾਪ।
ਬਿੱਦਜਾ ਪ੍ਰਬੀਨ ਧਨੁ ਬਾਨ ਆਪ[੫+] ॥੭॥
ਛੋਰੇ ਖਤੰਗ ਭਟ ਅੰਗ ਬੰਗ।
ਮੁਖ ਰਕਤ ਮਨੋ ਰਸ ਬੀਰ ਰੰਗ।
ਦਲ ਅਰਿਨਿ[੬] ਸਮੁਖ ਕਰਿ ਕੈ ਪਯਾਨ।
ਚਪਲਾਇ ਤੁਰੰਗਮ ਕੋ ਮਹਾਨ ॥੮॥
ਬਡ ਹੇਲ ਘਾਲਿ ਕਰਿ ਧੂਮ ਧਾਮ।
ਪਹੁੰਚੇ ਸਮੀਪ ਨਹਿਂ ਦੈ ਅਰਾਮ[੭]।
ਧੀਰਜ ਛੁਰਾਇ ਦਲ ਕੌ ਭਜਾਇ।
ਕਰ ਬਾਮ ਬਾਨ ਤ੍ਰੈ ਕੋ ਚਲਾਇ[੮] ॥੯॥
ਗੁਰ ਕੀ ਸਹਾਇ ਲੈ ਭੀਮਚੰਦ।
ਬੀਰਨਿ ਬਿੰਗਾਰ ਧੀਰਜ ਬਿਲੰਦ।
ਘੋਰਨਿ ਚਲਾਇ ਮੋਰਨਿ ਮਨਿੰਦ।

---

[੧](ਗੁਰੂ ਜੀ ਹੋਰ) ਬਾਣ ਛੇਤੀ ਕਢਦੇ ਹਨ।
[੨]ਲਗਦਾ ਹੈ ਕੰਨ ਤੱਕ।
[੩]ਵੜਦਾ ਹੈ (ਸਰੀਰ ਵਿਚ ਵੈਰੀ ਦੇ) ਜਾਕੇ।
[੪]'ਹਾਇ' ਕਹਿੰਦੇ ਹਨ।
[੫]ਫਿਰ ਆਪ ਨੇ ਜੋ ਧਨੁਖ ਬਾਣ ਦੀ ਵਿੱਦਜਾ ਵਿਚ ਪ੍ਰਬੀਨ ਹਨ ਖੱਬੇ ਹੱਥ ਨਾਲ ਕਮਾਨ ਖਿੱਚੀ।
[+]ਸ਼੍ਰੀ ਗੁਰੂ ਜੀ ਦਾ ਮੁਖਵਾਕ ਕਥਨ ਹੈ ਇਸ ਮੌਕੇ ਬਾਬਤ:-
"ਤਵੰ ਕੀਟ ਤੌ ਲੌ ਤੁਫੰਗੰ ਸੰਭਾਰੇ ॥ ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੇ ॥
ਗਿਰਿਯੋ ਝੂੰਮ ਭੂਮੈ ਕਰਿਯੋ ਜੁੱਧ ਸੁੱਧੰ ॥ ਤਊ ਮਾਰਿ ਬੋਲਯੋ ਮਹਾਂ ਮਾਨਿ ਕ੍ਰੁੱਧੰ ॥੧੭॥"
ਫਿਰ ਆਪ ਦੱਸਦੇ ਹਨ ਕਿ ਬੰਦੂਕ ਛੱਡਕੇ ਅਸਾਂ ਤੀਰ ਕਮਾਨ ਫੜਿਆ:-
"ਤਜਿਯੋ ਤੁੱਪਕੰ ਬਾਨ ਪਾਨੰ ਸੰਭਾਰੇ ॥
ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ ॥
ਤ੍ਰਿਤਿਯੋ ਬਾਂਣ ਲੈ ਬਾਂਮ ਪਾਂਣੰ ਚਲਾਏ"।
[ਸੱਬਯ = ਸੱਜਾ। ਬਾਮ = ਖੱਬਾ]।
[੬]ਵੈਰੀਆਂ ਦੇ।
[੭]ਕੋਲ ਪਹੁੰਚ ਕੇ ਵੈਰੀ ਨੂੰ ਆਰਾਮ ਨਹੀਂ ਲੈਣ ਦਿੱਤਾ ਭਾਵ ਸਾਹ ਨਹੀਂ ਲੈਣ ਦਿੱਤਾ।
[੮]ਖੱਬੇ ਹੱਥ ਤੋਂ ਤਿੰਨੇ ਤੀਰ ਚਲਾ ਕੇ।

ਕਹਿ 'ਮਾਰ ਮਾਰ' ਉਮਡੇ ਨਰਿੰਦ ॥੧੦॥
ਜੇ ਹੁਤੇ ਕਟੋਚ ਕ੍ਰਿਪਾਲ ਆਦਿ।
ਹਲਿ ਗਏ ਪਾਇ ਪਾਛੇ ਬਿਬਾਦਿ[੧]।
ਭਟ ਬਲੀ ਗਯੋ ਮਰਿ ਭਿਰਹਿ ਕੋਇ[੨]।
ਗੁਰੁ ਕੋ ਪ੍ਰਤਾਪ ਨਹਿਂ ਸਹਹਿਂ ਸੋਇ ॥੧੧॥
ਤਜਿ ਖੇਤ, ਬਾਰ[੩] ਕੀ ਕਰਿ ਸੰਭਾਰ।
ਹਤਿ ਸਨੇ ਸਨੇ ਲਰਤੇ ਜੁਝਾਰ।
ਕਠ ਗੜ੍ਹ[੪] ਉਤੰਗ ਥਲ ਗਾਢਿ[੫] ਜੋਇ।
ਤਹਿਂ ਭਾਜਿ ਪ੍ਰਵੇਸ਼ੇ ਜਾਇ ਸੋਇ ॥੧੨॥
ਕੇਤਿਕ ਥਿਰੰਤਿ ਬਾਹਿਰ ਸੁਭੱਟ।
ਪਿਖਿ ਹਿਲੇ ਪਾਇ ਤਿਨ ਕੋ ਦਬੱਟਿ[੬]।
ਇਕ ਬਾਰ ਕੜਾਕੜ ਛੁਟਿ ਤੁਫੰਗ।
ਗੁਲਕਾਨਿ ਲਗਤਿ ਕਰਿ ਅੰਗ ਭੰਗ ॥੧੩॥
ਕਾਢੇ ਕ੍ਰਿਪਾਨ ਕਾਟੇ ਸਰੀਰ।
ਬਾਢੇ ਉਮੰਗ ਲਖਿ ਜੀਤ ਬੀਰ।
ਬਹੁ ਬਜਨ ਬਾਜ[੭] ਉਤਸਾਹ ਹੇਤੁ।
ਸਭਿ ਵਧੇ ਅੱਗ੍ਰ ਲਿਯ ਜੁੱਧ ਖੇਤ ॥੧੪॥
ਬਹੁ ਭਈ ਲੋਥ ਪੋਥਨ ਕਰਾਲ।
ਗਨ ਮਾਸ ਖਾਤਿ ਕੂਕਰ ਸ਼੍ਰਿੰਗਾਲ।
ਗਨ ਗ੍ਰਿੱਧ ਬ੍ਰਿੱਧ ਭਰਮਤਿ ਅਕਾਸ਼।
ਭਰਿ ਚੋਂਚ ਮਾਸ ਕੇ ਕਰਤਿ ਗ੍ਰਾਸ ॥੧੫॥
ਮਿਲਿ ਕੰਕ ਬੰਕ ਅਰੁ ਕਾਕ ਕੂਕ[੮]।
ਕੂਕਰ ਕਰਾਲ[੯] ਢਿਗ ਢੂਕ ਢੂਕਿ।
ਬਹੁ ਕਰਤਿ ਜੋਗਨੀ ਸ਼੍ਰੋਨ ਪਾਨ।
ਨਾਚੰਤਿ ਫਿਰਤਿ ਮੁਖ ਕਰਤਿ ਗਾਨ ॥੧੬॥

---

[੧]ਲੜਦਿਆਂ।
[੨](ਹੁਣ) ਕੌਣ ਭਿੜੇ?।
[੩]ਵਾੜੇ ਦੀ।
[੪]ਕਾਠ ਦੇ ਵਾੜੇ ਵਿੱਚ।
[੫]ਮਜ਼ਬੂਤ।
[੬]ਦਬਾਉਣ ਲਈ।
[੭]ਵਾਜੇ ਵੱਜੇ।
[੮]ਕੂਕਦੇ ਹਨ।
[੯]ਭਯਾਨਕ ਕੁੱਤੇ।

ਲੀਨੇ ਧਕਾਇ ਕਰਿ ਨੇਰ ਨੇਰ[੧]।
ਤਹਿਂ ਅਰੇ[੨] ਬੀਰ ਲਰਿ ਫੇਰ ਫੇਰ।
ਚਹੁੰ ਦਿਸ਼ਿਨਿ ਬਿਖੈ ਰਿਪੁ ਘੇਰ ਘੇਰ।
ਗੁਲਕਾਨਿ ਬਾਨ ਹਤਿ ਹੇਰਿ ਹੇਰਿ ॥੧੭॥
ਕਰਤੇ ਪ੍ਰਹਾਰ ਭਟ ਦੌਰਿ ਦੌਰਿ।
ਤ੍ਰਾਸਹਿਂ ਉਪਾਇ ਫਿਰਿ ਠੌਰ ਠੌਰ।
ਸ਼ਸਤ੍ਰਨਿ ਪ੍ਰਹਾਰਿ ਬਹੁ ਮਾਰਿ ਮਾਰਿ।
ਜੇ ਅਰੇ ਸ਼ਤ੍ਰੁ ਤਿਨ ਟਾਰਿ ਟਾਰਿ[੩] ॥੧੮॥
ਪ੍ਰਭੁ ਸਪਤ ਬਾਨ ਤੇ ਜੀਤ ਜੁੱਧ।
ਪ੍ਰਵਿਸ਼ਾਇ ਦੀਏ ਬਿਚ ਬਾਰਿ ਕ੍ਰੁੱਧ[੪*]।
ਨਹਿਂ ਥਿਰਯੋ ਗਯੋ ਬਾਹਿਰ ਬਿਸਾਲ।
ਕਠਗੜੇ ਬਿਖੈ ਬੜਿਗੇ ਉਤਾਲ ॥੧੯॥
ਬਿਚ ਬਰੇ ਬਾਰਿ ਪਿਖਿ ਬਾਰਿ ਬਾਰਿ[੫]।
ਅਰ ਰਹੇ ਓਜ ਅਰਿ ਧਾਰਿ ਧਾਰਿ।
[੬]ਛੂਟੇ ਤੁਫੰਗ ਬੁੰਗੇਰ ਫੇਰ।
ਬਿਚ ਥਿਰ ਕਟੋਚੀਆ ਲੀਨਿ ਘੇਰ[੧੦] ॥੨੦॥
ਪੁਨ ਭਯੋ ਜੁੱਧ ਕ੍ਰੁੱਧਤਿ ਕਰਾਰ-।
ਛੁਟਕੰਤਿ ਬਾਨ ਗੋਰੀ ਹਜ਼ਾਰ।
ਥਿਰ ਭਏ ਬੀਚ ਸ਼ੱਤ੍ਰਨਿ ਬਿਲੋਕਿ।
ਤਬਿ ਸੁਭਟ ਆਪਨੇ ਲੀਨਿ ਰੋਕ ॥੨੧॥

---

[੧](ਏਹ ਧੱਕਾ ਦੇ ਦੇਕੇ ਨੇੜਾ ਹੀ ਨੇੜਾ ਕਰਦੇ ਆਉਂਦੇ ਹਨ)।
[੨]ਅੜੇ।
[੩]ਹਟਾ ਹਟਾ ਕੇ।
[੪]ਵਾੜ ਵਿਚ ਵੈਰੀ ਕ੍ਰੋਧ ਨਾਲ ਵਾੜ ਦਿੱਤੇ।
[*]ਸ੍ਰੀ ਗੁਰੂ ਜੀ ਦੀ ਸ਼ੁੱਧ ਸਚਾਈ ਦਾ ਭਾਵ ਤੱਕੋ: ਜਦੋਂ ਗੋਲੀ ਰਾਜੇ ਨੂੰ ਵੱਜਦੀ ਹੈ ਤੇ ਆਪ ਨੇ ਵਜਦੀ ਵੇਖ ਲਈ ਹੈ ਤਾਂ ਕਹਿੰਦੇ ਹਨ ਕਿ ਮੇਰੀ ਗੋਲੀ ਰਾਜੇ ਨੂੰ ਵੱਜੀ। ਪਰ ਸੱਤ ਤੀਰ ਕਿਸੇ ਨੂੰ ਵੱਜੇ ਕਿ ਨਹੀਂ ਇਸ ਗਲ ਵਿਚ ਆਪ ਨਿਸ਼ਚਿਤ ਨਹੀਂ ਹੋਏ ਤਾਂ ਕਹਿੰਦੇ ਹਨ ਪਤਾ ਨਹੀਂ ਕਿਸ ਕਿਸ ਦੇ ਜਾਕੇ ਵੱਜੇ ਹਨ। ਵੱਜੇ ਜ਼ਰੂਰ ਸਰਦਾਰਾਂ ਤੇ ਆਗੂਆਂ ਨੂੰ ਹੋਣਗੇ ਕਿਉਂਕਿ ਆਪ ਦੱਸਦੇ ਹਨ ਕਿ ਇਸ ਦੇ ਮਗਰੋਂ ਵੈਰੀ ਨੂੰ ਹਾਰ ਹੋ ਗਈ, ਪਰ ਆਪ ਨਿਸ਼ਚਿਤ ਨਾ ਹੋਣ ਕਰਕੇ ਅਨਿਸ਼ਚਤ ਬਾਤ ਹੀ ਕਹਿੰਦੇ ਹਨ ਕਿ:-
"ਲਗੇ ਯਾ ਲਗੇ ਨਾ ਕਛੂ ਜਾਨ ਪਾਏ ॥ ੧੮ ॥ ਸੁ ਤਉ ਲਉ ਦਈਵ ਜੁੱਧ ਕੀਨੇ ਉਝਾਰੰ ॥
ਤਿਨੈ ਖੇਦ ਕੇ ਬਾਰ ਕੇ ਬੀਚ ਡਾਰੰ" ॥ [ਬ: ਨਾ:
[੫]ਵਾੜੇ ਵਿਚ ਵੜੇ ਹੋਏ ਫੇਰ ਦੇਖਦੇ ਹਨ।
[੬]ਫੇਰ ਗੋਲੀਆਂ ਚਲਾਈਆਂ ਬੁੰਗੇ ਵੱਲ ਨੂੰ ਭਾਵ ਕਾਠਗੜੇ ਉਪਰ ਤੇ ਉਸ ਵਿਚ ਟਿਕੇ ਕਟੋਚੀਏ ਨੂੰ ਘੇਰ ਲਿਆ। (ਅ) ਬੁੰਗੇ ਦਾ ਅਰਥ ਬੁਰਜ ਬੀ ਕਰਦੇ ਹਨ ਪਰ 'ਬਿਚ ਥਿਰ' ਤੋਂ ਸਹੀ ਪਿਆ ਹੁੰਦਾ ਹੈ 'ਕਾਠਗੜ' ਯਾ 'ਵਾੜਾ'। (ੲ) ਬੁੰਗੇ ਦਾ ਅਰਥ ਫੌਜ ਦੀ ਬਾਰ ਬਰਦਾਰੀ ਬੀ ਹੁੰਦਾ ਹੈ।

-ਅਬਿ ਗਏ ਹਾਰ, ਬਿਚ ਹੋਇ ਗਾਢ।
ਨਿਕਸਹਿਂ ਨ ਵਹਿਰ ਬਡ ਤ੍ਰਾਸਿ ਬਾਢਿ-।
ਇਮ ਫਤੇ ਲੀਨਿ ਪ੍ਰਭੁ ਰਨ ਮਝਾਰ।
ਦੁਇ ਦਿਸ਼ਿਨਿ ਬੀਰ ਲਖਿ ਕੈ ਉਦਾਰ ॥੨੨॥
ਨਹਿਂ ਰਿਦੇ ਤ੍ਰਾਸ ਜਿਨ ਕੇ ਕਦਾਪਿ।
ਰਿਪੁ ਕੋ ਪਲਾਇ ਹਤਿ ਤੀਰ ਆਪ।
'ਜਿਮ ਪ੍ਰਥਮ ਪਾਂਵਟਾ ਜੀਤ ਜੰਗ।
ਗਨ ਸੈਲਪਤੀ ਕਰਿ ਤ੍ਰਾਸ ਸੰਗ ॥੨੩॥
ਅਬਿ ਤਿਸੀ ਰੀਤਿ ਇਹ ਜੀਤ ਪਾਇ।
ਗੁਰ ਬੀਰ ਬਹਾਦੁਰ ਬਹੁ ਬਡਾਇ।'
ਇਮ ਕਰਤਿ ਕੀਰਤੀ ਸੁਭਟ ਬ੍ਰਿੰਦ।
ਹਟਿ ਪਰੇ ਸਿਵਰ ਨਿਜ, ਕਰਿ ਅਨੰਦ ॥੨੪॥
ਸ਼ੱਤ੍ਰਨਿ ਭਜਾਇ ਬਿਚ ਬਾਰ ਬਾਰਿ[1]।
ਤਬਿ ਆਨਿ ਕਰਯੋ ਡੇਰਾ ਸੁਧਾਰਿ।
ਦੁਂਦਭਿ ਬਜਾਇ ਹਰਖੰਤਿ ਬੀਰ।
ਸਭਿ ਉਤਰ ਪਰੇ ਨਿਜ ਲੇ ਬਿਹੀਰ ॥੨੫॥
ਸਤਿਗੁਰੂ ਸਿਵਰ ਆਪਨਿ ਲਗਾਇ।
ਉਤ ਭੀਮਚੰਦ ਕੁਛ ਦੂਰ ਜਾਇ।
ਡੇਰਾ ਉਤਾਰਿ ਆਨੰਦ ਧਾਰਿ।
ਬਿੱਸ੍ਰਾਮ ਕੀਨਿ ਨਿਸ ਤਮ ਗੁਜ਼ਾਰਿ[2] ॥੨੬॥
ਨਹਿਂ ਦਿਸਹਿ ਨਿਕਟ ਤੇ ਜਾਤਿ ਕੋਇ।
ਸਭਿ ਖਾਨ ਪਾਨ ਕਰਿ ਅਰਧ ਸੋਇ[3]।
ਤਬਿ ਅਲਫਖਾਨ ਕਾਟੋਚ ਸੰਗ[4]।
ਮਿਲਿ ਮੰਤ੍ਰ ਕੀਨਿ 'ਨਹਿਂ ਬਨਹਿ ਜੰਗ ॥੨੭॥
ਤਜਿ ਬਾਰਿ[5] ਚਲਹੁ ਇਸ ਬਾਰ[6] ਆਪ।
ਮਰਿ ਬਿਝੜਵਾਲੀਆ, ਸੁਭਟ ਖਾਪ[7]।

---

[1]ਵਿਚ ਵਾੜੇ ਦੇ ਵਾੜਕੇ।
[2]ਅੰਧੇਰੀ ਰਾਤ ਗੁਜ਼ਾਰਨ ਨੂੰ।
[3]ਅਧੀ (ਰਾਤ ਤਕ) ਸੌ ਕੇ। (ਅ) ਅੱਧੇ ਸੌਂ ਗਏ।
[4]ਤਦ ਅਲਫ ਖਾਨ ਨੇ ਕਟੋਚੀਏ ਨਾਲ।
[5]ਵਾੜਾ ਛੱਡ ਕੇ।
[6]ਇਸ ਵੇਰੀ ਭਾਵ ਹੁਣੇ।
[7]ਸੂਰਮੇ ਖਪ ਗਏ, ਬਿਝੜ ਵਾਲੀਆ ਮਾਰਿਆ ਗਿਆ।

ਗੁਰ ਬਡੋ ਬੀਰ ਇਨ ਕੋ ਸਹਾਇ।
ਹਤਿ ਇਕ ਤੁਫੰਗ ਤੇ ਜੀਤ ਪਾਇ ॥੨੮॥
ਜਬਿ ਹੋਇ ਪ੍ਰਾਤਿ ਘਮਸਾਨ ਘੋਰ।
ਰਿਪੁ ਪਰਹਿਂ ਆਨ ਚਹੁਂ ਓਰ ਜੋਰ।
ਲਰਿ ਮ੍ਰਿੱਤੁ ਪਾਇ ਨ੍ਰਿਪ ਕੈ ਸੁਭੱਟ[1]।
ਬਿਨ ਦਜਾਲ ਭਿਰੈ ਤਹਿਂ ਕੋ ਦਬੱਟ[2]? ॥੨੯॥
ਗੁਰ ਬਰੇ ਬੀਚ ਕਰਿ ਰੇਲ ਪੇਲ[3]।
ਹੁਇ ਖਰੋ ਕੌਨ ਤਿਨ ਹੇਲ ਝੇਲ[4]।
ਨਾਹਕ ਮਰੰਤਿ[5], ਤਜਿ ਦੇਹੁ ਜੁੱਧ।
ਗੁਰ ਬਿਨਾਂ ਇਨਹੁਂ ਪਰ ਪੁਨਹ ਕ੍ਰੁੱਧ[6] ॥੩੦॥
ਕਰਿ ਮਹਾਂ ਜੰਗ ਜੀਤੈਂ ਨਿਸੰਗ[7]।
ਇਕ ਰੰਗ ਸਦਾ ਹਮ ਤੋਹਿ ਸੰਗ।'
ਇਮ ਚਲਤਿ[8] ਬਾਤਿ ਸੁਨਿ ਅਲਫਖਾਨ।
ਮਨ ਜਾਨਿ[9] ਮਾਨਿ ਸਨਮਾਨ ਠਾਨਿ ॥੩੧॥
'ਨੀਕੀ ਭਨੰਤਿ ਹਮ ਆਇਂ ਫੇਰ।
ਬਹੁ ਦੇਇਂ ਦੰਡ ਇਨ ਘੇਰਿ ਘੇਰਿ।'
ਇਮ ਮੰਤ੍ਰ ਠਾਨਿ ਸਵਧਾਨ ਹੋਇ।
ਬਨਿ ਸ਼ੀਘ੍ਰ ਤਜਾਰ ਇਸ ਰੀਤਿ ਸੋਇ ॥੩੨॥
ਇਕ ਨਰ ਬਿਠਾਇ ਊਚੇ ਸਥਾਨ।
ਤਿਸ ਅੱਗ੍ਰ ਧਰਜੋ ਦੁੰਦਭਿ ਮਹਾਨ।
'ਸਭਿ ਨਿਸਾ ਬਜਾਵਤਿ ਰਹੌ ਏਹੁ।
ਜਬਿ ਲਖਹਿਂ ਪ੍ਰਾਤਿ[10] ਉਠਿ ਤਜਾਗ ਦੇਹੁ ॥੩੩॥
ਚਲਿ ਆਉ ਭਾਜ' ਸਮੁਝਾਇ ਤਾਂਹਿ।
ਚਢਿ ਹਯਨਿ ਪਯਾਨੇ ਸ਼ੀਘ੍ਰ ਮਾਂਹਿ।

---

[1](ਜੋ) ਲੜੇਗਾ (ਉਹ) ਮਰੇਗਾ (ਚਾਹੇ) ਰਾਜਾ ਚਾਹੇ ਸੂਰਮਾ ਹੋਵੇ।
[2]ਦਿਆਲ ਤੋਂ ਬਿਨਾਂ ਦਬਾਉਣ ਵਾਲਾ ਓਥੇ ਕੌਣ (ਜੰਗ ਵਿਚ) ਭਿੜੇਗਾ।
[3]ਗੁਰੂ ਜੁੱਧ ਵਿਚ ਵੜੇਗਾ ਤੇ ਰੇਲ ਪੇਲ ਕਰ ਦੇਵੇਗਾ ਭਾਵ ਭਾਜੜ ਸਾਡੇ ਵਿਚ ਪਾ ਦੇਵੇਗਾ।
[4]ਉਨ੍ਹਾਂ ਦਾ ਕੌਣ ਹੱਲਾ ਝੱਲੇਗਾ।
[5]ਨਾਹਕ ਮਰਦੇ ਹੋ।
[6]ਭਾਵ (ਜਦੋਂ ਏਹ) ਗੁਰੂ ਤੋਂ ਬਿਨਾਂ (ਹੋਣਗੇ ਤਦੋਂ) ਫੇਰ ਲੜਾਂਗੇ।
[7]ਨਿਸੰਗ ਹੋਕੇ ਜਿੱਤਾਂਗੇ।
[8]ਚਲਣ ਦੀ ਬਾਤ।
[9]ਮਨ ਵਿਚ (ਚੰਗੀ ਗਲ) ਮੰਨਕੇ।
[10]ਜਦੋਂ ਸਵੇਰ ਹੋਈ ਦੇਖੋ।

ਤਸਕਰਨਿ ਗਤੀ[1] ਸਭਿ ਅਪਨ ਧਾਰਿ।
ਕਰਿ ਮੌਨ ਵਹਿਰ ਨਿਕਸੇ ਪਧਾਰਿ ॥੩੪॥
ਨਹਿਂ ਲਖੇ ਜਾਤਿ ਗਮਨੇ ਸੁ ਧਾਮ।
ਗੁਰੁ ਆਦਿ ਇਨਹੁਂ ਸਭਿ ਕਰਿ ਅਰਾਮ[2]।
ਜਬਿ ਭਈ ਭੋਰੁ ਦੁੰਦਭਿ ਸੁਨੰਤਿ।
'ਬਿਚ ਹੈਂ ਮਵਾਸ' ਸਗਰੇ ਭਨੰਤਿ ॥੩੫॥
ਤਬਿ ਗਯੋ ਬਜਾਵਨਹਾਰ ਭਾਜਿ।
ਅਵਿਲੋਕ ਲੀਨਿ ਸੂਨੋ ਸਮਾਜ।
ਰਿਪੁ ਗਏ ਭਾਗ ਤਜਿ ਲਾਜ ਦੀਨਿ।
ਗਾ ਅਲਫਖਾਨ ਖਾਨਾਨਿ ਲੀਨ[3] ॥੩੬॥
ਨਹਿਂ ਥਿਰ ਕਟੋਚੀਆ ਧੀਰ ਧਾਰਿ।
ਨਹਿਂ ਅਰੇ ਮੂਢ ਗੀਦੀ ਗਵਾਰ।
ਤਬਿ ਸਰਬ ਬਾਹਿਨੀ ਕੇਰ ਬੀਰ।
ਹੁਇ ਸਨਧਬੱਧ ਗੇ ਬਾਰਿ ਤੀਰ ॥੩੭॥
ਸਭਿਹੂੰਨ ਜਾਇ ਲੀਨੋ ਨਿਹਾਰ।
ਉਰ ਭੀਰੁ ਭੂਰ[4] ਭਾਜੇ ਬਿਚਾਰ।
ਮਨ ਹਰਖ ਧਾਰਿ ਕਰਿ ਜੀਤਿ ਬਾਤਿ[5]।
ਸੁਨਿ ਭੀਮ ਚੰਦ ਆਨੰਦ ਗਾਤਿ ॥੩੮॥
ਤਬਿ ਨਿਕਟ ਨਦੌਣ ਡੇਰਾ ਸੁ ਡਾਰਿ।
ਨਿਸ਼ਚਿੰਤ ਹੋਇ ਲਹਿ ਜੀਤ ਸਾਰਿ।
ਸੁੰਦਰ ਤਰੰਗ ਸਰਿਤਾ ਬਿਲੋਕਿ।
ਜਲ ਬਿਮਲ ਬਿਪਾਸਾ ਚਲਿ ਅਰੋਕ ॥੩੯॥
ਤਿਸ ਤੀਰ ਧੀਰ ਗੁਰ ਥਾਂਨ ਨੀਕ।
ਪਿਖਿ ਸਿਵਰ ਕੀਨਿ ਉਤਰੀ ਅਨੀਕ[6]।
ਜਸੁ ਕਰੈਂ ਸਕਲ ਪ੍ਰਭੁ ਕੋ ਬਿਸਾਲ।
'ਸੇਵਕ ਨਿਵਾਜ ਰਿਪੁ ਕੋ ਕਰਾਲ' ॥੪੦॥
ਇਕ ਦਿਨ ਬਿਤਾਇ ਕਰਿ ਖਾਨ ਪਾਨ।

---

[1]ਚੋਰਾ ਵਾਂਗ।
[2]ਗੁਰੂ ਆਦਿ (ਇਸ ਪਾਸੇ ਦੇ) ਆਰਾਮ ਵਿਚ ਸਨ।
[3]ਪਠਾਣਾਂ ਨੂੰ ਲੈਕੇ।
[4]ਦਿਲ ਦੇ ਡਾਢੇ ਕਾਇਰ।
[5]ਜਿੱਤ ਦੀਆਂ ਗੱਲਾਂ ਕਰਦੇ ਹਨ।
[6]ਸੈਨਾ।

ਸਤਿਗੁਰ ਬਿਰਾਜਿ ਊਚ ਸਥਾਨ।
ਬਹੁ ਖਰੇ ਤਰੋਵਰ ਸਹਿਤ ਸੈਲ।
ਸਲਿਤਾ ਸਬੇਗ ਕੀ ਕਰਤਿ ਸੈਲ ॥੪੧॥
ਦਿਨ ਕਿਤਿਕ ਕੀਨਿ ਡੇਰਾ ਮੁਕਾਮ।
ਰਾਜਨ[1] ਦਿਖਾਇ ਅਪਨੇ ਸੁ ਧਾਮ।
ਪ੍ਰਭੁ ਕੋ ਪ੍ਰਸੰਨ ਸਭਿ ਭਾਂਤਿ ਕੀਨਿ।
ਬਹੁ ਸੁਜਸੁ ਕਹੈਂ ਬਨਿ ਅੱਗ੍ਰ ਦੀਨ ॥੪੨॥
'ਰਿਪੁ ਬ੍ਰਿੰਦ ਸਰਬ ਭੈ ਭੀਤ ਹੋਇ।
ਤੁਮਰੇ ਪ੍ਰਤਾਪ ਭਾਗੇ ਸੁ ਜੋਇ।'
ਇਸ ਰੀਤਿ ਦਯੋਸ ਕੇਤਿਕ ਬਿਤਾਇ।
ਗੁਰ ਕਰਤਿ ਅਨੰਦ ਜਲ ਤਟ ਸੁਹਾਇ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਨਦੌਣ ਜੁੱਧ ਫਤੇ ਲੈਣ' ਪ੍ਰਸੰਗ ਬਰਨਨੰ ਨਾਮ ਦੁਇ ਚਤਵਾਰਿੰਸਤੀ ਅਾਂਸੂ ॥੪੨॥

---

[1]ਰਾਜਿਆਂ ਨੇ।

੪੩. [ਆਲਸੂਨ ਮਾਰਨਾ]

੪੨<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੪

ਦੋਹਰਾ: ਦ੍ਵੈ ਬਿਸੰਤ ਗਿਨਤੀ ਬਿਖੈ,
ਧਾਰਿ ਪਹਾਰਨਿ ਕੇਰਿ।
ਮਹਾਂ ਬਹਾਦਰ ਬਿਦਤ ਭੇ,
ਸਤਿਗੁਰ ਬੀਰ ਬਡੇਰ ॥੧॥

ਸੈਯਾ ਛੰਦ: ਸ਼ੱਤ੍ਰ ਮਿੱਤ੍ਰ ਗਿਰਪਤੀ[1], ਪਹਾਰੀ
ਸਭਾ ਲਗਾਹਿਂ ਬੀਰ[2] ਜਿਸ ਥਾਨ[3]।
ਜਹਿਂ ਸੰਗ੍ਰਾਮ ਬਾਰਤਾ ਹੋਵਹਿਂ
ਸ਼ਸਤ੍ਰ ਪ੍ਰਹਾਰਨਿ ਕਰਹਿਂ ਬਖਾਨ।
ਤਹਾਂ ਪ੍ਰਥਮ ਗਿਨਤੀ ਮਹਿਂ ਸਗਰੇ
ਕਲਗ਼ੀਧਰ ਕੋ ਗਿਨਹਿਂ ਮਹਾਨ।
'ਜੁੱਧ ਪ੍ਰਬਿਰਤੇ ਨਾਮ ਜਿ ਸਿਮਰਹਿਂ
ਸੋ ਭੀ ਬਿਜੈ ਪਾਇਂ ਰਿਪੁ ਹਾਨਿ[4] ॥੨॥
ਬ੍ਰਿੰਦ ਸ਼ੱਤ੍ਰ ਹੁਇਂ, ਗਿਨਹਿਂ ਨ ਮਨ ਮਹਿਂ,
ਘੋਰਨਿ ਸਾਥ ਹਤਹਿਂ ਹਥੀਆਰ[5]।
ਨਿਰਭੈ ਹੋਇ ਪ੍ਰਵੇਸ਼ਤਿ ਰਨ ਮਹਿਂ,
ਅਰਹਿ ਬੀਰ ਤਿਸ ਮਾਰਹਿਂ ਡਾਰ।
ਰਿਪੁ ਨਹਿਂ ਠਹਿਰਹਿਂ ਭੈ ਧਰਿ ਭਾਜਹਿਂ,
ਬਿਜੈ ਲੱਛਮੀ ਲੇਤਿ ਉਦਾਰ।'
ਇੱਤਯਾਦਿਕ ਬਹੁ ਕਰਹਿਂ ਸੁਜਸੁ ਕੋ,
ਦਰਸਹਿਂ ਬੰਦਹਿਂ ਆਨੰਦ ਧਾਰਿ ॥੩॥
ਪੁਰਿ ਨਦੌਣ ਮਹਿਂ ਭੌਨ ਚੁਕੋਨੇ
ਚੂਨੇ ਸੰਗ ਚਿਨਹਿ ਬਹੁ ਭਾਇ[6]।
ਸੁੰਦਰ ਦਰ ਬਰ[7] ਬ੍ਰਿੰਦ ਬਨੇ[*] ਜਿਨ

---

[1]ਸ਼੍ਰੀ ਗੁਰੂ ਜੀ ਦੇ ਮਿਤ੍ਰ ਵਾ ਸ਼ੱਤ੍ਰੂ ਪਹਾੜੀ ਰਾਜੇ।
[2]ਪਹਾੜੀ ਸੂਰਮੇ।
[3]ਜਿੱਥੇ ਸਭਾ ਲਾ (ਬੈਠਦੇ) ਹਨ।
[4](ਐਉਂ ਕਹਿੰਦੇ ਹਨ ਕਿ ਜੇ ਕੋਈ) ਜੁੱਧ ਵਿਚ ਰਚਿਆਂ (ਕਲਗ਼ੀਧਰ ਜੀ ਦਾ) ਨਾਮ ਹੀ ਸਿਮਰ ਲਏਗਾ ਉਹ ਬੀ ਜਿੱਤ ਪਾਏਗਾ ਤੇ ਵੈਰੀ ਨੂੰ ਨਾਸ਼ ਕਰੇਗਾ। ਫਿਰ ਦੇਖੋ ਕਿ ਆਪ.....)।
[5]ਚਾਹੋ ਕਿੰਨੇ ਵੈਰੀ ਹੋਣ ਮਨ ਵਿਚ ਪ੍ਰਵਾਹ ਨਹੀਂ ਕਰਦੇ, ਘੋੜਿਆਂ ਨਾਲ ਹੀ ਹਥ਼ਯਾਰ ਵਾਹੁੰਦੇ ਹਨ।
[6]ਚਿਣੇ ਹੋਏ ਸਨ ਬਹੁਤ ਤਰ੍ਹਾਂ ਦੇ।
[7]ਸ਼੍ਰੇਸ਼ਟ।
[*]ਪਾ:-ਪਟੇ।

ਊਚੇ ਪੌਰ[੧] ਕੌਰ[੨] ਛਬਿ ਛਾਇ।
ਥਲ ਭੀ ਤੁੰਗ ਬੰਗਲੇ ਸ਼ੋਭਤਿ
ਊਪਰ ਕਲਸ ਰਖੇ ਦਿਪਤਾਇ।
ਚਿੱਤ੍ਰਤਿ ਬਹੁਤ ਬਚਿੱਤ੍ਰ ਬਨਾਏ
ਬਿਸਦ[੩] ਬੈਠਕਾ ਬਿਸਤਰ ਥਾਇਂ[੪] ॥੪॥
ਨਦੀ ਬਿਪਾਸਾ ਕੇ ਤਟ ਸੁੰਦਰ
ਮੰਦਿਰ ਬਨੇ ਅਨੇਕ ਪ੍ਰਕਾਰ।
ਜਿਤੇ ਗਿਰੇਸ਼੍ਵਰ ਪ੍ਰਭੁ ਕੋ ਸਾਦਰ
ਹੇਤੁ ਦਿਖਾਵਨ ਬਿਨਤੀ ਧਾਰਿ।
ਲੇ ਕਰਿ ਸੰਗ ਆਇ ਨਿਜ ਘਰ ਮਹਿਂ
ਫਿਰ ਫਿਰ ਊਚੇ ਥਾਇਂ ਨਿਹਾਰ।
ਹਰਖਾਵਤਿ ਹੈਂ ਸਕਲ ਪਛਾਨਹਿਂ
ਮਾਨਹਿਂ ਦੇਤਿ ਅਕੋਰ ਉਦਾਰ ॥੫॥
ਅਸ਼ਟ ਦਿਵਸ ਲੌ ਪ੍ਰਭੁ ਮੁਕਾਮ ਕਰਿ
ਰਹੇ ਹੇਰਿ ਕਰਿ ਥਲ ਰਮਣੀਕ।
ਬਰ ਮੰਦਰ ਅਰੁ ਸੁੰਦਰ ਸੈਲਨ
ਕਰੈਂ ਸੈਲ ਜਿਤ ਕਿਤ ਬਿਧਿ ਨੀਕ।
ਕਲ ਸਲਿਤਾ ਸੁੰਦਰ[੫] ਜਲ ਚਲਤਾ
ਊਪਰ ਥਲ ਊਚੇ ਕਿਤਹੀ ਕ[੬]।
ਨਾਦਤਿ ਮਗ[੭] ਤੇ ਉਰ ਅਹਿਲਾਦਤਿ,
ਅਵਲੋਕਤਿ ਗੁਰ ਥਿਰਹਿਂ ਨਜੀਕ ॥੬॥
ਗਿਰਵਰ ਪਰ ਤਰੁਵਰ ਬਹੁ ਪੁਸ਼ਪਤਿ[੮],
ਕਰਤਿ ਸੈਲ ਬਹੁ ਦਿਵਸ ਬਿਤਾਇ।
ਭੀਮਚੰਦ ਨ੍ਰਿਪ ਸੰਗ ਕਟੋਚੀ
ਸੰਧਿ ਕਰਨ ਕੋ ਨਰਨ ਪਠਾਇ।

---

[੧]ਦਰਵਾਜੇ।
[੨]ਕੌਲੇ।
[੩]ਚਿੱਟੇ।
[੪]ਖੁੱਲ੍ਹੀ ਥਾਂ ਵਿਚ।
[੫]ਸੁੰਦਰ ਨਦੀ ਦਾ ਸੁੰਦਰ (= ਨਿਰਮਲ) ਜਲ।
[੬]ਕਿਤਨੇ ਹੀ ਤੀਕਰ।
[੭]ਰਾਹ ਤੋਂ (ਡਿਗਦਾ) ਸ਼ਬਦ ਕਰਦਾ ਹੈ।
[੮]ਫੁੱਲਾਂ ਦੇ (ਭਰੇ ਹੋਏ)।

ਇਕ ਦੁਇ ਬਾਰਿ ਫਿਰੇ ਜੁਗ ਅੰਤਰ
ਸਰਬ ਅੰਤਰੋ ਨਿਕਸ ਬਿਲਾਇ[1]।
ਠਹਿਰਯੋ ਮੇਲ ਪਰਸਪਰ ਕਰਨੇ,
ਹਰਨੋ ਦ੍ਵੈਸ਼ ਰਿਦੇ ਹਰਖਾਇ ॥੭॥
ਰਣ ਪ੍ਰਿਯ ਸਤਿਗੁਰ ਕੋ ਨਹਿਂ ਬੂਝਯੋ
ਜਿਨਹੁਂ ਬਿਜੈ ਲੈ ਦਈ ਮਹਾਨ।
ਕੇਤਿਕ ਦਿਨ ਮੈਂ ਸੁਨੀ[2] ਸ਼੍ਰੋਨ ਸੁਧਿ
'ਮਿਲਨਿ ਗਿਰੇਸ਼ਨ ਠਹਿਰਯੋ ਆਨ।'
ਮਹਾਰਾਜ ਤਬਿ ਕੁਛ ਉਰ ਰਿਸ ਧਰਿ
-ਬੇਮੁਖ ਭਾ ਪਹਾਰੀਆ- ਜਾਨਿ।
ਗੀਦੀ ਡਰਤਿ ਜੰਗ ਤੇ ਮਿਲਿਗੇ
ਹਮ ਤੇ ਭੇਦ ਰਾਖਿਬੋ ਠਾਨਿ ॥੮॥
ਤਯਾਰੀ ਕੂਚ ਕਰਨਿ ਕੀ ਕੀਨਸਿ,
ਬਜਯੋ ਦਮਾਮਾ ਤਬਿ ਰਣਜੀਤ।
ਸਭਿ ਰਾਜਨ ਕੇ ਸ਼੍ਰੋਣ ਪਰੀ ਧੁਨਿ
'ਕੈਸੇ ਬਾਜਯੋ?' ਸੰਸੈ ਚੀਤ।
'ਪਰਿ ਬਿਗਾਰ ਹਿਤ ਰਨ ਕੇ ਹੋਯੋ
ਕੈ[3] ਨਿਜ ਪਰਿ ਚਾਲਨ ਹਿਤ ਕੀਤਿ?
ਪ੍ਰਥਮ ਨ ਸੁਨੀ, ਅਚਾਨਕ ਕਿਮ ਭਾ?
ਭੀਮਚੰਦ ਸੋਂ ਬਿਰਸ ਲਖੀਤਿ[4]' ॥੯॥
ਸੁਨਿ ਕਹਿਲੂਰਪਤੀ ਕਰਿ ਤੂਰਨ
ਪਠਯੋ ਆਪਨੋ ਤਬਹਿ ਵਜ਼ੀਰ।
'ਸ੍ਰੀ ਪ੍ਰਭੁ ਸੋਂ ਬੂਝੋ ਸਭਿ ਕਾਰਨ
ਕਿਮ ਧੁਨਿ ਕੀਨਿ ਨਿਸ਼ਾਨ ਗੰਭੀਰ।'
ਧਾਇ ਉਤਾਇਲ ਆਇਸਿ[5] ਤਤਛਿਨ,
ਮਿਲਯੋ ਨਮੋ ਕਰਿ ਚਰਨਨਿ ਧੀਰ।
'ਭੀਮਚੰਦ ਸੈਲੇਂਦ੍ਰ ਬੰਦਨਾ

---

[1](ਕਟੋਚੀਏ ਦੇ ਆਦਮੀ) ਇਕ ਦੋ ਵਾਰ ਦੋਹਾਂ ਦੇ ਵਿਚ ਫਿਰੇ ਤੇ ਸਾਰਾ ਫਰਕ ਦੂਰ ਹੋ ਗਿਆ। (ਅ) ਫਿਰਕੇ ਸਾਰਾ ਭੇਤ ਲੈ ਗਏ [ਅੰਤਰਾ = ਫਰਕ। ਭੇਤ]।
[2](ਗੁਰੂ ਜੀ ਨੇ) ਸੁਣੀ।
[3](ਕੋਈ) ਵਿਗਾੜ ਪੈ ਗਿਆ ਹੈ ਤੇ ਜੰਗ ਕਰਨ ਦੇ ਵਾਸਤੇ (ਧੌਂਸੇ ਦਾ ਸ਼ਬਦ) ਹੋਇਆ ਹੈ ਯਾ.....।
[4]ਬਿਰਸੀ ਜਾਣੀ ਪੈਂਦੀ ਹੈ।
[5]ਆਯਾ।

ਕਰੀ ਆਪ ਕੋ ਪਠਿ ਮੁਝ ਤੀਰ ॥੧੦॥
ਸੰਸ਼ਯ ਭਯੋ ਕੀਨ ਧੁਨਿ ਕੈਸੇ
ਹਿਤ ਬੂਝਨਿ ਕੇ ਤੂਰਨ ਆਇ।'
ਸ੍ਰੀ ਕਲਗ਼ੀਧਰ ਕਹਯੋ ਕੋਪ ਕਰਿ
'ਹਮ ਕਿਹ ਹਿਤ ਆਨਯੋਂ ਸਹਿਸਾਇ[1]।
ਫਤੇ ਭਈ ਲਖਿ ਗਰਬਯੋ ਮਾਨੀ,
ਪ੍ਰਥਮ ਬਾਰਤਾ ਕੋ ਬਿਸਰਾਇ।
ਹਮ ਕੋ ਸੁਧਿ ਭੀ ਕਰੀ ਨਹੀਂ ਕਿਮ,
ਸ਼ੱਤ੍ਰਨਿ ਸੰਗ ਸੰਧਿ ਠਹਿਰਾਇ ॥੧੧॥
ਅਬਿ ਅਰੂਢ ਕਰਿ ਗਮਨਹਿਂ ਹਮ ਪੁਰਿ,
ਨਾਹਕ ਕਯੋਂ ਬੈਠਹਿਂ ਇਸ ਥਾਇੰ।
ਰਹਯੋ ਨ ਕਾਜ ਨਰੇਸ਼ੁਰ ਕੋ ਅਬਿ,
ਕਰਯੋ ਸੰਪੂਰਨ ਜਿਸ ਹਿਤ ਆਇ।'
ਸੁਨਿ ਵਜ਼ੀਰ ਕਰਿ ਬੰਦਨ ਗਮਨਯੋ
ਕਹਯੋ ਜਾਇ ਰਾਜੇ ਸਮੁਝਾਏ।
'ਕਲਗ਼ੀਧਰ ਰਿਸ ਕਰਿ ਕੁਛ ਚਿਤ ਮਹਿਂ
ਚਹਤਿ ਅਨੰਦਪੁਰਿ ਕੌਂ ਅਬਿ ਜਾਇ' ॥੧੨॥
ਸੁਨਿ ਰਾਜੇ ਕਹਿ ਬਿਨੈ ਪਠਾਈ
'ਹਮ ਤੇ ਭੂਲ ਚੂਕ ਹੁਇ ਜਾਇ।
ਠਹਿਰਹੁ ਗਮਨਹਿਂ ਸੰਗ ਸਰਬ ਹੀ
ਬਖਸ਼ਹੁ ਆਪ ਖ਼ਤਾ ਜੁ ਕਰਾਇ[2]।'
ਆਨਿ ਕਹਯੋ ਜਬਿ ਗੁਰੂ ਨ ਮਾਨੀ
'ਹਮਰੋ ਠਹਿਰਨਿ ਨਹਿਂ ਕਿਸ ਭਾਇ।'
ਜਬਿ ਨਿਸ਼ਚੇ ਚਿਤ ਲਖਯੋ ਨ ਟਿਕ ਹੈਂ
ਭੀਮਚੰਦ ਆਯੋ ਉਤਲਾਇ ॥੧੩॥
ਪਦ ਅਰਬਿੰਦ ਬੰਦਨਾ ਠਾਨੀ
ਅਰਪਨਿ ਕੀਨਿ ਅਕੋਰ ਤੁਰੰਗ।
ਸੁੰਦਰ ਜ਼ੀਨ ਸੁ ਚਾਮੀਕਰ ਕੋ
ਛਾਦਯੋ ਬਸਨ ਰੇਸ਼ਮੀ ਸੰਗ।
ਬਸਤ੍ਰ ਦਿਯੋ ਪਸ਼ਮੰਬਰ ਨੀਕੋ

---

[1]ਛੇਤੀ ਆਂਦਾ।
[2]ਕੀਤੀ ਹੈ (ਮੈਂ)।

ਰੁਖ਼ਸਦ ਭਏ ਪ੍ਰਭੁ ਨਹਿਂ ਰੰਗ[੧]।
ਹਯ ਅਰੂਢ ਕਰਿ ਗਮਨੇ ਮਾਰਗ,
ਬਜਤਿ ਨਗਾਰੋ ਧੁਨੀ ਉਤੰਗ ॥੧੪॥
ਚਢੀ ਬਾਹਿਨੀ ਸੰਗ ਸੂਰਮੇ
ਮਾਰ ਬਕਾਰਾ ਕਰਤੇ ਚਾਲ[੨]।
'ਕਾਚੀ ਮਤਿ ਪਹਾਰੀਏ ਕਾਚੇ,
ਹੈਂ ਮਤਲਬ ਕੇ ਮੀਤ[੩] ਬਿਸਾਲ।
ਪ੍ਰਭੁ ਜੀ! ਇਨ ਸੋ ਕਹਾਂ ਮਿੱਤ੍ਰਤਾ
ਜੇ ਨਹਿਂ ਰਾਖਹਿਂ ਧਰਮ ਸੰਭਾਲਿ।'
ਦਯਾਰਾਮ ਜਬਿ ਇਸ ਬਿਧਿ ਭਾਖੀ
ਨੰਦ ਚੰਦ ਬੋਲਜੋ ਗੁਰ ਨਾਲ ॥੧੫॥
'ਗਏ ਬਜਾਹ ਮਹਿਂ ਕਰਨਿ ਭਲੇਰੋ
ਸਵਾ ਲਾਖ ਤੰਬੋਲ ਬਡੇਰ।
ਭੇ ਬਿਪਰੀਤ ਹੇਤ ਬੁਰਿਆਈ,
ਕੁਟਿਲ ਮੂਢ ਬਾਂਛਤਿ ਲੇ ਘੇਰ[੪]।
ਰਾਵਰ ਕੀ ਸਹਾਇਤਾ ਹੁਇ ਜਹਿਂ
ਕੌਨ ਸ਼ੱਤ੍ਰੁ ਹੁਇ ਸਾਕਹਿ ਨੇਰ।
ਕਰਿ ਬਲ ਘਾਟਾ ਆਨਿ ਛੁਰਾਯੋ
ਉਲਟੇ ਸਭਿ ਸੁਖੇਨ ਹੀ ਫੇਰ[੫] ॥੧੬॥
ਦੇਖਹੁ ਫਤੇਸ਼ਾਹਿ ਕਜਾ ਕੀਨਸਿ
ਕਹੇ ਸਬੰਧਿਨਿ ਕੇ ਮਤਿ ਹੀਨ।
ਭਿਰਜੋ ਆਪ ਕੇ ਸੰਗ ਜੰਗ ਮਹਿਂ,
ਪਾਇ ਪਰਾਜਯ ਅਪਜਸ ਲੀਨਿ।
ਰਹਜੋ ਬਿਸੂਰਤ, ਸਰਜੋ ਨਹੀਂ ਕਛੁ
ਤੁਮਰੀ ਮਹਿਮਾ ਲਖੀ ਨ ਪੀਨ[੬]।
ਭੀਮਚੰਦ ਅਬਿ ਮਨ ਬਿਲੰਦ ਛਲ,
ਸੰਧਿ ਆਪ ਹੀ ਰਿਪੁ ਸੋਂ ਕੀਨਿ ॥੧੭॥

---

[੧](ਪਰ) ਪ੍ਰਸੰਨ ਨਹੀਂ ਸਨ।
[੨](ਸੂਰਮੇ ਕਹਿੰਦੇ ਹਨ:-)।
[੩]ਗੌਂ ਦੇ ਯਾਰ।
[੪]ਚਾਹੁੰਦੇ ਸੀ ਘੇਰ ਲੈਣਾ।
[੫](ਅਸਾਂ ਨੇ) ਬਲ ਕਰਕੇ ਘਾਟਾ ਆਕੇ ਛੁਡਾ ਲਿਆ ਤੇ ਸੌਖ ਨਾਲ ਹੀ ਅਸੀਂ ਸਾਰੇ ਪਰਤ ਆਏ।
[੬]ਭਾਰੀ।

ਜੌ ਕਰਿ ਨਹੀਂ ਸੰਘਾਰਹੁ ਦਜਾਲਹਿ
ਤੌ ਇਹ ਹਾਰ ਪਾਇ ਬਿਚ ਜੰਗ[1]।
ਬ੍ਰਿੰਦ ਦਰਬ ਦੈਹੈ[2] ਹਿਤ ਦੰਡਹਿ
ਅਲਫ ਖਾਨ ਲੇਤੋ ਬਲਿ ਸੰਗ।
ਕਰਿ ਸਹਾਇ ਕੌ ਰਖਿ ਬਚਾਇ ਕਰਿ,
ਪੀਛੇ ਰਾਖਯੋ ਇਸ ਬਿਧਿ ਰੰਗ।
ਬਿਨ ਰਾਵਰ ਕੀ ਮਰਜ਼ੀ ਪੂਛੇ
ਕਰੀ ਬਾਰਤਾ ਅਬਹਿ ਕੁਢੰਗ' ॥੧੮॥
ਸੁਨਿ ਕੈ ਸ਼੍ਰੀ ਮੁਖ ਤੇ ਫੁਰਮਾਯੋ
'ਪਰਬਤ ਬਾਸੀ ਨਰ ਸਮੁਦਾਇ।
ਪਾਥਰ ਪੂਜਕ ਪਾਥਰ ਬੁੱਧੀ,
ਜਲ ਮਹਿਂ ਪਾਥਰ ਰਹੈ ਸਦਾਇ।
ਨਹਿਂ ਭੀਜਹਿ ਅਤਿ ਧਰਹਿ ਨਿਠੁਰਤਾ[3],
ਤਯੋਂ ਮਨਮੁਖ ਇਹ ਜਾਨੇ ਜਾਇਂ।
ਬਿਨ ਮਤਲਬ ਇਹ ਮੀਤ ਨ ਕਿਸ ਕੇ,
ਬਿਨਸੇ ਕੂਰੇ ਸਹਿਜ ਸੁਭਾਇ[4]' ॥੧੯॥
ਇਸ ਬਿਧਿ ਕਰਤਿ ਬਾਰਤਾਲਾਪਹਿ
ਚਲੇ ਆਇਂ ਸਤਿਗੁਰ ਭਗਵਾਨ।
ਆਲਸੂਨ[5] ਇਕ ਗ੍ਰਾਮ ਨਿਹਾਰਯੋ
ਹੁਤੋ ਪੰਥ ਮਹਿਂ ਬਸੈ ਮਹਾਨ।
ਦੁੰਦਭਿ ਬਜਤਿ ਲੋਕ ਨਿਕਸੇ ਸਨਿ
ਬਾਲਿਕ ਬੂਢੇ ਜੇਤਿਕ ਜ੍ਵਾਨ।
ਊਚੇ ਥਾਨ ਥਿਰੇ ਅਵਿਲੋਕਤਿ
ਅਸਵਾਰੀ ਪ੍ਰਭੁ ਕੀ ਦੁਤਿਖਾਨ[6] ॥੨੦॥
ਆਨ ਅਕੋਰ ਨ ਆਗੇ ਅਰਪੀ,
ਨਮੋ ਨ ਕੀਨੀ ਜੋਰੇ ਹਾਥ।
ਮਤਿ ਮੂਰਖ ਨਿਜ ਰਾਜੇ ਕੇ ਬਲ

---

[1]ਜੇ ਕਰ (ਆਪ) ਦਿਆਲ ਨੂੰ ਨਾ ਮਾਰਦੇ ਤਾਂ ਇਹ (ਜ਼ਰੂਰ) ਜੰਗ ਵਿਚ ਹਾਰ ਪਾਂਵਦਾ।
[2](ਭੀਮ ਚੰਦ) ਦੇਂਦਾ।
[3]ਕਠੋਰਤਾ।
[4](ਮਤਲਬ ਦੇ) ਦੂਰ ਹੋਇਆਂ ਸੁਭਾਵਕ ਹੀ ਝੂਠੇ ਹਨ। (ਅ) ਝੂਠੇ ਆਪੇ ਨਾਸ਼ ਹੋ ਜਾਣਗੇ।
[5]ਨਾਮ ਹੈ ਪਿੰਡ ਦਾ।
[6]ਸ਼ੋਭਾ ਦੀ ਖਾਣ।

ਮਦ ਕਰਿ ਨਹਿੰ ਪ੍ਰਤਾਪ ਲਖਿ ਨਾਥ[1]।
ਹੁਤੋ ਹੁਤਾਸਨ ਕੋਪ ਅੱਗ੍ਰ ਕਿਛ[2]
ਗਿਰਪਤਿ ਭੀਮਚੰਦ ਕੇ ਸਾਥ।
ਮਨੋ ਅਹੂਤੀ ਪਰੀ ਦਿਪਤਹਿਤ[3]
ਨਹਿੰ ਗ੍ਰਾਮੀਨ[4] ਨਿਮਾਯੋ ਮਾਥ ॥੨੧॥
ਆਲਸੂਨ ਕੀ ਦਿਸ਼ਿ ਅਵਲੋਕਯੋ,
ਗੁਰੂ ਪ੍ਰਤਾਪੀ ਆਇਸੁ ਦੀਨ[*]।
'ਨੰਦ ਚੰਦ ਲੇ ਬ੍ਰਿੰਦ ਬਾਹਿਨੀ
ਲੂਟਹੁ ਗ੍ਰਾਮ ਵਸਤੁ ਲਿਹੁ ਛੀਨ।
ਅਰਹਿ ਪ੍ਰਹਾਰਹੁ, ਵਹਿਰ ਨਿਕਾਰਹੁ,
ਦੇਹੁ ਤਿਦਾਰਕ[5] ਕੁਮਤਿ ਮਲੀਨ।
ਰਾਜਾ ਮੂਢ ਪ੍ਰਜਾ ਜੁਤਿ ਜਾਨਹਿਂ
ਸਹਹਿ ਅਵੱਗਯਾ ਕੋ ਦੁਖ ਪੀਨ' ॥੨੨॥
ਸੁਨਿ ਦਿਵਾਨ ਰਿਸ ਠਾਨਿ ਮਹਾਨੀ
ਮਾਨ ਹੁਕਮ ਲੈ ਸੁਭਟਨ ਜਾਲ।
ਭਯੋ ਪ੍ਰਵੇਸ਼ ਬਖਾਨਯੋਂ ਊਚੇ

---

[1]ਸ਼੍ਰੀ ਕਲਗੀਧਰ ਜੀ ਦਾ।
[2]ਅੱਗੇ ਹੀ ਕ੍ਰੋਧ ਰੂਪ ਅੱਗ ਕੁਛਕ ਸੀ।
[3]ਪ੍ਰਕਾਸ਼ਨ ਵਾਸਤੇ।
[4]ਪੇਂਡੂਆਂ ਨੇ।
[*]ਤ੍ਵਾਰੀਖ ਖਾਲਸਾ ਵਿੱਚ ਲਿਖਿਆ ਹੈ ਕਿ ਆਲਸੂਨ ਵਾਲੇ ਭੀਮਚੰਦ ਦੇ ਪੱਖੀ ਸਨ ਤੇ ਸਿੱਖਾਂ ਨਾਲ ਕ੍ਰੋਧ ਰਖਦੇ ਸੀ, ਉਹਨਾਂ ਦੋ ਤਿੰਨ ਵਾਰ ਅੱਗੇ ਸੰਗਤ ਬੀ ਲੁਟੀ ਸੀ ਤੇ ਹੁਣ ਉਨ੍ਹਾਂ ਨੇ ਸਿੱਖਾਂ ਨੂੰ ਵੱਧ ਘੱਟ ਬੋਲ ਕੇ ਖਿਝਾਇਆ, ਇਸ ਕਰਕੇ ਦੀਵਾਨ ਨੰਦ ਚੰਦ ਨੇ ਹੱਲਾ ਬੋਲ ਕੇ ਉਹਨਾਂ ਨੂੰ ਠੀਕ ਕੀਤਾ, ਇਸਤ੍ਰੀ ਬਾਲਿਕ ਬ੍ਰਿੱਧ ਨੂੰ ਸਿੱਖਾਂ ਨੇ ਕੁਛ ਨਾ ਕਿਹਾ।
ਸੁਰੇਂਦ੍ਰ ਸ਼ਰਮਾ ਦੇ ਲਿਖੇ ਦਸਮ ਗੁਰੂ ਜੀ ਦੇ ਜੀਵਨ ਵਿਚ ਐਉਂ ਲਿਖਤ ਹੈ:-ਰਾਸਤੇ ਮੇਂ ਭੀਮ ਕੇ ਘਰਾਣੇ ਕੇ ਕੁਛ ਰਾਜਪੂਤੋਂ ਨੇ ਸਿੱਖੋਂ ਸੇ ਛੇੜ ਛਾੜ ਕੀ। ਇਸ ਗਾਂਵ ਮੇਂ ਅਨੇਕ ਅਵਸਰੋਂ ਪਰ ਪਹਿਲੇ ਬੀ ਸਿੱਖ ਯਾਤ੍ਰੀਓਂ ਕੋ ਤੰਗ ਕੀਆ ਗਿਆ ਥਾ, ਇਨ ਲੋਗੋਂ ਸੇ ਅੱਛੀ ਤਰ੍ਹਾਂ ਸੁਲਝ ਲੇਨੇ ਕਾ ਸਿੱਖੋਂ ਕੋ ਇਸ ਸਮੇਂ ਉਚਿਤ ਅਵਸਰ ਮਿਲ ਗਿਆ।
ਕਵੀ ਸੰਤੋਖ ਸਿੰਘ ਜੀ ਨੇ ਬੀ ਅੱਗੇ ਰੁਤ ੩ ਅੰਸੂ ੩੩ ਅੰਕ ੩ ਤੋਂ ੬ ਵਿੱਚ ਪਤਾ ਦਿੱਤਾ ਹੈ ਕਿ ਜਿੱਥੋਂ ਦੇ ਲੋਕ ਸੰਗਤ ਨੂੰ ਲੁਟਿਆ ਕਰਦੇ ਸਨ ਯਥਾ:-
"ਪੰਥ ਬਿਸਾਲ ਬਿਦਤ ਨਿਤ ਭਯੋ। ਸਭਿਨਿ ਚੁਗਿਰਦੇ ਡਰ ਉਪਜਯੋ। ਸਿੰਘਨ ਕੋ ਸੰਘਰ ਲਖਿ ਗਾਢੋ। ਕੋ ਨ ਸੁਭਟ ਆਗੇ ਹੁਇ ਠਾਂਢੋ ॥ ੩ ॥ ਹਤਹਿਂ ਤੁਫੰਗਨਿ ਕੋ ਕਰਿ ਹੇਲਾ। ਊਪਰ ਪਰਹਿਂ ਰੇਲ ਅਰੁ ਪੇਲਾ। ਤਬਿ ਤੇ ਡਰ ਧਰਿ ਗ੍ਰਾਮ ਬਿਸਾਲਾ। ਸੰਗਤ ਕੋ ਨ ਕਹੈਂ ਕਿਸ ਕਾਲਾ ॥ ੪ ॥ ਸੰਧਯਾ ਸੁਬਹਿ ਚਲੀ ਮਗ ਆਵੈ। ਦੁਸ਼ਟ ਮਿਲਹਿ ਕੋ ਹਾਥ ਨ ਪਾਵੈ। ਪ੍ਰਥਮੈ ਆਲਸੂਨ ਕਹੁ ਮਾਰਾ। ਨੂਹ ਬਜਰੂੜ ਬਹੁਰ ਸੰਘਾਰਾ ॥ ੫ ॥ ਜੋ ਅਬਿ ਸੰਗਤ ਕੋ ਕਰਿ ਪਾਵੈ। ਤਿਨ ਮਾਨਿੰਦ ਆਪ ਉਜਰਾਵੈ। ਲੇਨਿ ਰਹੈ ਦੇਨੋ ਬਨ ਜਾਇ। ਮਰਨ ਹੋਇ ਪੁਨ ਘਰ ਉਪਜਾਇਂ" ॥ ੬ ॥
[5]ਸਜ਼ਾ।

'ਲੂਟ ਲੇਹੁ ਇਨ ਕੌ ਧਨ ਮਾਲ।'
ਸੁਨਿ ਜੋਧਾ ਤਬਿ ਧਾਮ ਧਰੇ ਸਭਿ
ਬਾਸਨ[੧] ਬਸਨ[੨] ਸਮਾਜ ਬਿਸਾਲ।
ਬਸਤ੍ਰ ਬਿਭੂਖਣ ਮਹਿਖਿ ਤਰੁਗੰਨਿ
ਛੀਨ ਲੀਨਿ ਸਭਿ ਬਲ ਕੇ ਨਾਲ ॥੨੩॥
ਜੋ ਅਰ ਪਰੇ[੩] ਸੁ ਅਰਿ ਕਰਿ[੪] ਮਾਰੇ
ਕਾਤੁਰ ਕਟੇ ਤਰਜਨਾ ਸੰਗ[੫]।
ਕੇਤਿਕ ਡਰ ਕਰਿ ਘਰ ਮਹਿਂ ਦੁਰ ਕਰਿ
ਦਬਕ ਰਹੇ ਉਸਕੇ ਨਹਿਂ ਅੰਗ[੬]।
ਕੋ ਦੂਰ ਦੂਰ ਕਰਿ[੭] ਗਏ ਭਾਜ ਕਰਿ
ਬਹੁਰ ਨ ਮੁਰੇ ਮਹਾਂ ਦੁਖ ਢੰਗ।
ਕੋ ਘਾਇਲ ਹ੍ਵੈ ਤਰਫਤਿ ਮੁਰਛਤਿ,
ਕੋ ਸ਼੍ਰੋਣਤ ਕਰਿ ਭਏ ਸੁਰੰਗ[੮] ॥੨੪॥
ਕਿਤਿਕ ਸਮੁਖ ਹੁਇ ਪ੍ਰਾਨਨ ਕੌ ਤਜਿ
ਮਰਿ ਸ਼ਸ਼ਤ੍ਰਨ ਤੇ ਹ੍ਵੈ ਕਰਿ ਘਾਤਿ[੯]।
ਛੋਰਿ ਸਦਨ ਚਹੁੰ ਓਰ ਪਲਾਏ
ਜਮ ਸਮ ਜਾਨਿ ਰਿਦੈ ਡਰਪਾਤਿ[੧੦]।
ਲੂਟਯੋ ਦਲ ਨੇ ਗ੍ਰਾਮ ਵਸਤੁ ਸਭਿ
ਕਰਿ ਉਜਾਰ ਕੀ ਸਮ ਮਗ ਜਾਤਿ[੧੧]।
ਫਤੇ ਕੀਨਿ ਰਿਪੁ ਹਤੇ ਜਿਤੇ ਤਹਿਂ,
ਦੁੰਦਭਿ ਬਜੇ ਸੁਨਤਿ ਥਰਕਾਤਿ[੧੨] ॥੨੫॥
ਸ਼੍ਰੀ ਸਤਿਗੁਰ ਕੌ ਇਮ ਪ੍ਰਤਾਪ ਲਖਿ

---

[੧]ਰੋਕ।
[੨]ਭਾਂਡੇ।
[੩]ਬਸਤਰ।
[੪]ਅੜੇ।
[੫]ਵੈਰੀ (ਜਾਣਕੇ)।
[੬]ਤਾੜਨਾ ਕੀਤੀ।
[੭]ਹਿਲਾਏ ਨਹੀਂ।
[੮]ਛੁਪ ਛੁਪ ਕੇ।
[੯]ਲਾਲ।
[੧੦]ਸ਼ਸਤ੍ਰਾਂ ਨਾਲ ਜ਼ਖਮੀ ਹੋ ਕੇ ਮਰੇ।
[੧੧]ਡਰੇ।
[੧੨]ਰਾਹੇ ਟੁਰ ਪਾਏ। (ਅ) ਰਸਤੇ ਜਾਂਦਿਆਂ।

ਨਿਕਟ ਨਿਕਟ ਕੇ ਗ੍ਰਾਮ ਜਿ ਬ੍ਰਿੰਦ।
ਤ੍ਰਾਸ ਧਾਰਿ ਹੰਕਾਰ ਤਯਾਗ ਕਰਿ
ਦੇ ਦੇ ਮਿਲਹਿਂ ਅਕੋਰ ਬਿਲੰਦ।
-ਪ੍ਰਭੁ ਕੇ ਕ੍ਰੋਧ ਬਚੇ ਨਹਿਂ ਕਯੋਂ ਹੂੰ,
ਨਹਿ ਸਹਾਇਤਾ ਹੋਇ ਨਰਿੰਦ[1]।
ਦੁਗਧ ਦਧੀ ਸਿਖ ਲੇਤਿ ਸਭਿਨਿ ਤੇ
ਸਮੁਖ ਨ ਬੋਲਹਿਂ ਕਰਹਿਂ ਨਿਕੰਦ[2] ॥੨੬॥
ਦੋਹਰਾ: ਮਾਰਿ ਗ੍ਰਾਮ ਕੌ[*] ਲੇ ਫਤੇ, ਧਰਤਿ ਅਨੰਦ ਬਿਲੰਦ।
ਪ੍ਰਵਿਸ਼ੇ ਸ਼੍ਰੀ ਆਨੰਦਪੁਰਿ, ਤੇਗ ਬਹਾਦਰ ਨੰਦ ॥੨੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਆਲਸੂਨ ਲੁਟਨ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾਰਿਸੰਤੀ ਅੰਸੂ ॥੪੩॥

---

[1]ਕੰਬੇ।

[2]ਰਾਜਾ ਦੀ।

[*]ਆਲਸੂਨ ਪਿੰਡ ਵਿੱਚ ਸਿੱਖਾਂ ਤੇ ਸੰਗਤਾਂ ਦੀ ਲੁੱਟ ਦਾ ਮਾਲ ਬਹੁਤ ਸੀ ਤੇ ਘਰ ਘਰ ਜਮਾ ਸੀ, ਜੈਸਾ ਤਵਾ: ਖਾਲਸਾ ਤੇ ਹੋਰ ਥੋਂ ਪਤਾ ਲਗਦਾ ਹੈ ਕਿ ਉਹ ਸਦਾ ਲੁਟਦੇ ਰਹਿੰਦੇ ਸਨ, ਸੋ ਉਹ ਮਾਲ ਜੋ ਲੁੱਟਾਂ ਦਾ ਉਨ੍ਹਾਂ ਪਾਸ ਸੀ, ਸਿਖ ਉਹ ਲੁੱਟਕੇ ਲਿਆਏ ਸੀ ਤੇ ਹੋਰ ਕੁਛ ਦੰਡ ਵਜੋਂ ਬੀ ਲੁਟਿਆ ਹੋਊ। ਛੇਵੇਂ ਸਤਿਗੁਰਾਂ ਦੇ ਵੇਲੇ ਤੋਂ ਲੁੱਟ ਮਨ੍ਹੇਂ ਸੀ। ਜਿਥੇ ਕਿਤੇ ਲੁਟ ਲੈਣ ਦਾ ਜ਼ਿਕਰ ਆਇਆ ਹੈ ਓਥੇ ਲੁੱਟੇ ਸਾਮਾਨ ਵਾਪਸ ਲੈਣ ਦਾ ਯਾ ਦੁਸ਼ਟਾਂ ਤੇ ਕੀਤੇ ਅਤਯਾਚਾਰਾਂ ਦਾ ਦੰਡ ਦੇਣ ਕਾਰਨ ਲੁੱਟ ਦਾ ਸਦੀਵ ਸਮਝ ਲੈਣਾ ਚਾਹੀਏ। ਅਕਰਾਣ ਕਿਸੇ ਨੂੰ ਕਦੇ ਮਾਰਨ ਲੁੱਟਣ ਦੀ ਆਗਯਾ ਨਹੀਂ ਹੋਈ।

੪੪. [ਆਨੰਦਪੁਰ। ਬਾਬਾ ਜ਼ੋਰਾਵਰ ਸਿੰਘ ਜੀ ਜਨਮ]

੪੩<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੫

ਦੋਹਰਾ: ਸੁਨਿ ਸਤਿਗੁਰ ਆਗਵਨ ਕੌ,
ਪੁਰਿ ਜਨ ਉਰ ਹਰਖਾਇ।
ਨਿਕਸੇ ਆਗੂ ਲੇਨਿ ਹਿਤ,
ਸਾਦਰ ਮਿਲੇ ਸੁ ਆਇ ॥੧॥

ਨਿਸ਼ਾਨੀ ਛੰਦ: ਲੇ ਲੇ ਅਨਿਕ ਅਕੋਰ ਕੋ, ਕਰਿ ਗੁਰ ਸੋਂ ਮੇਲਾ।
ਦਰਸ਼ਨ ਕੌ ਆਨੰਦ ਲੇ, ਕਰਿ ਜਨਮ ਸੁਹੇਲਾ।
ਧੁਨਿ ਦੁੰਦਭਿ ਰਣਜੀਤ ਕੀ, ਸੁਨਿ ਸੁਨਿ ਗਨ ਆਵਹਿਂ।
ਦੌਰ ਦੌਰ ਪੁਰਿ ਪੌਰ ਤਜਿ, ਦਲ ਯੁਤਿ ਦਰਸਾਵੈਂ ॥੨॥
ਮੰਗਲ ਅਨਿਕ ਪ੍ਰਕਾਰ ਕੇ, ਪੁਰਿ ਬਿਖੈ ਰਚੰਤੀ।
ਪੌਰ ਪੌਰ ਪਰ ਸਸਿਮੁਖੀ[1], ਥਿਰ ਹੁਇ ਦਰਸੰਤੀ।
ਪ੍ਰਵਿਸ਼ੇ ਪ੍ਰਭੂ ਬਜ਼ਾਰ ਮਹਿਂ, ਦੇਖਤਿ ਨਰ ਨਾਰੀ।
ਗਨ ਚਕੋਰ ਜਨੁ ਚੰਦ ਕੋ, ਆਗਮਨ ਬਿਚਾਰੀ ॥੩॥
ਪੁਸ਼ਪਨ ਕਉ ਬਰਖਾਵਹੀਂ, ਗੁੰਦਤਿ ਦੈਂ ਮਾਲਾ[2]।
ਗ੍ਰਹਨ ਕਰਤਿ ਲਖਿ ਭਾਵ ਕਉ, ਹੁਇ ਹਰਖ ਬਿਸਾਲਾ।
ਚਖ ਬਿਸਤਿਰਤਿ ਸਰੋਜ ਤੇ[3], ਸਭਿ ਕੀ ਦਿਸ਼ਿ ਦੇਖੈਂ।
ਕੁਸ਼ਲ ਪ੍ਰਸ਼ਨ ਸਭਿ ਸੋਂ ਕਰਹਿਂ, ਦੇ ਮੋਦ ਬਿਸ਼ੇਖੈਂ ॥੪॥
ਭਾਟ ਨਕੀਬ ਪੁਕਾਰਤੇ, ਸਭਿ ਅੱਗ੍ਰ ਚਲੰਤੇ।
ਸੁਜਸੁ ਬਖਾਨਤਿ ਪ੍ਰਭੂ ਕਉ, ਸਭਿਹੂੰਨ ਸੁਨੰਤੇ।
ਪ੍ਰਵਿਸ਼ਹਿਂ ਸਤਿਗੁਰ ਦੁਰਗ ਮਹਿਂ, ਜੋ ਬਨਜੋ ਨਵੀਨਾ।
ਭਾਂਤ ਭਾਂਤ ਕੇ ਗ੍ਰਿਹ ਰਚੇ, ਸੁਖਦਾ ਦੁਤਿ ਭੀਨਾ ॥੫॥
ਉਤਰਿ ਤੁਰੰਗਮ ਤੇ ਗਏ, ਸੁੰਦਰ ਘਰ ਮਾਂਹੀ।
ਪੀਠ ਪਲੰਘ ਕੀ ਪਰ ਥਿਰੇ, ਧਰਿ ਆਯੁਧ ਪਾਹੀ।
ਨੰਦ ਚੰਦ ਪ੍ਰੋਹਤ ਦੁਤੀ, ਅਰੁ ਤੀਨਹੁ ਭ੍ਰਾਤਾ।
ਆਇਸੁ ਤੇ ਨਿਜ ਨਿਜ ਸਿਵਰ, ਉਤਰੇ ਸੁਖਦਾਤਾ[4]* ॥੬॥
ਸਭਿ ਸੈਨਾ ਕੇ ਸੂਰਮੇ, ਆਇ ਸੁ ਲੁਟ ਲਜਾਏ[5]+।

---

[1]ਚੰਦ੍ਰ ਮੁਖੀ (= ਇਸਤ੍ਰੀਆਂ)।
[2]ਗੁੰਦੀਆਂ ਮਾਲਾ ਦਿੰਦੀਆਂ ਹਨ।
[3]ਖਿੜੇ ਹੋਏ ਕਮਲ ਵਤ ਨੇਤ੍ਰਾਂ ਨਾਲ।
[4]ਸੁਖਦਾਤੇ ਦੀ ਆਗਿਆ ਨਾਲ।
*ਪਾ:-ਸੁਖਗਾਤਾ।
[5](ਨਾਲ) ਜੋ ਲੁੱਟ ਲਿਆਏ ਸੀ।

ਵਸਤੁ ਸੰਭਾਰ ਉਤਾਰ ਕਰਿ, ਨਿਜ ਸਿਵਰ ਸੁਹਾਏ।
ਖਾਨ ਪਾਨ ਕਰਿ ਜਾਮਨੀ, ਹੁਇ ਸੁਪਤ ਬਿਤਾਈ।
ਟਿਕੇ ਸਕਲ ਸੁਖ ਪਾਇ ਕਰਿ, ਜੋਧਾ ਸਮੁਦਾਈ ॥੭॥
ਭਈ ਪ੍ਰਾਤਿ ਜਾਗੇ ਪ੍ਰਭੂ, ਕਰਿ ਸੌਚ ਸ਼ਨਾਨਾ।
ਚਾਰ ਘਰੀ ਦਿਨ ਚਰੇ ਤੇ, ਨਿਜ ਲਾਇ ਦਿਵਾਨਾ।
ਚਹੁੰਦਿਸ਼ਿ ਕੀ ਗਨ ਸੰਗਤਾਂ, ਇਕਠੀ ਪੁਰਿ ਹੋਈ।
ਕਰਜੋ ਹੁਕਮ 'ਅਬਿ ਆਇ ਕੈ, ਦਰਸਹਿਂ ਸਭਿ ਕੋਈ' ॥੮॥
ਗਯੋ ਮੇਵਰਾ ਸਭਿਨਿ ਪਹਿ, ਗੁਰ ਆਇਸੁ ਗਾਈ।
ਸੁਨਿ ਸ਼੍ਰੋਨਨ ਮਹਿਂ ਅਨੰਦ ਭਾ, ਤੂਰਨ ਸਮੁਦਾਈ।
ਨਾਨਾ ਲੀਨਿ ਅਕੋਰ ਕਉ, ਉਤਲਾਵਤਿ ਆਏ।
ਮਨੋ ਤ੍ਰਿਖਾਤੁਰ ਤਾਲ ਕੀ, ਸੁਧਿ ਸੁਨਿ ਕਰਿ ਧਾਏ ॥੯॥
ਚਮਰ ਚਲਾਚਲ ਚਾਰੁ ਹ੍ਵੈ, ਜਨੁ ਕਿਰਨ ਸਕੇਲੀ[੧]।
ਝੂਲਤਿ ਕਲਗੀ ਸੀਸ ਪਰ, ਦਮਕਤਿ ਦੁਤਿ ਮੇਲੀ[੨]।
ਰੰਗਦਾਰ ਦਸਤਾਰ ਕੋ, ਬੰਧੇਜ[੩] ਅਨੂਠੋ।
ਜਿਗਾ ਜਵਾਹਰ ਜਗਮਗੈ, ਜ਼ਾਹਰ ਛਬਿ ਵੂਠੋ[੪] ॥੧੦॥
ਬਦਨਚੰਦ ਅਹਿਲਾਦ ਕਰਿ[੫], ਮੰਡਲ ਬਡ ਰੂਰਾ।
ਕੁੰਡਲ ਡੋਲਤਿ ਕਰਨ ਯੁਗ, ਸ਼ੋਭਤਿ ਗੁਰ ਸੂਰਾ।
ਕਮਲ ਪਾਂਖਰੀ ਆਂਖ ਜੁਗ, ਪੈਨੀ ਜੁਗ ਕੋਰਾਂ[੬]।
ਲਾਜ ਜਹਾਜ ਕ੍ਰਿਪਾ ਭਰੇ, ਦੇਖਤਿ ਸਿਖ ਓਰਾ ॥੧੧॥
ਸ਼ਮਸ ਸਜਾਮ ਸੁੰਦਰ ਗਿਰਦ, ਲਘੁ ਲਘੁ ਸਮੁਦਾਈ।
ਸਹਿਜ ਸੁ ਚਿੱਕ੍ਰਨ ਕੇਸ਼ ਸ਼ੁਭ, ਅਸ ਉਪਮਾ ਗਾਈ।
ਰਤਨ ਉਡਗ, ਮੁਖ ਚੰਦ ਢਿਗ, ਪਸਰਜੋ ਤਮ ਜਾਲਾ[੭]।
ਦਿਪਤਿ ਦਸਨ ਮੁਸ਼ਕਜਾਨ ਜੁਤਿ, ਦੁਤਿ ਚਾਰੁ ਬਿਸਾਲਾ ॥੧੨॥
ਮਨਹੁਂ ਸੁਰਨਿ ਕੀ ਸਭਾ ਮਹਿਂ, ਕਮਲਾਸਨ ਬੈਸੇ।

[+]ਦੇਖੋ ਪਿਛਲੇ ਪੰਨੇ ਦੀ ਟੂਕ।
[੧]ਮਾਨੋ ਕਿਰਨਾਂ ਇਕੱਠੀਆਂ ਕੀਤੀਆਂ ਹਨ।
[੨]ਮੇਲਕੇ।
[੩]ਬੰਨ੍ਹਕੇ, ਬੰਦਸ਼।
[੪]ਛਬੀ ਵੱਸ ਰਹੀ ਹੈ।
[੫]ਅਨੰਦ ਕਰਨ ਵਾਲਾ।
[੬]ਕੋਨਿਆਂ ਤੋਂ।
[੭]ਭਾਵ ਰਤਨ ਤਾਰੇ ਹਨ, ਚੰਦ੍ਰਮਾਂ ਮੁਖੜਾ ਹੈ ਦਾੜ੍ਹਾ ਹਨੇਰਾ ਹੈ। [ਸਾਫੇ ਦੇ ਲੜ ਤੇ ਜੋ ਮੱਥੇ ਤੇ ਪਲਮਦ ਹੈ ਉਸਦੀ ਝਾਲਰ ਅੱਗੇ ਮੋਤੀ ਲਗੇ ਹਨ, ਉਹਨਾਂ ਰਤਨਾਂ ਵਲ ਇਸ਼ਾਰਾ ਜਾਪਦਾ ਹੈ ਜਿਗਾ ਵਿੱਚ ਬੀ ਜ੍ਵਾਹਰ ਪਿਛੇ ਦੱਸ ਆਏ ਹਨ। ਕਰਨ ਕੁੰਡਲਾਂ ਵਿਚ ਜੋ ਰਤਨ ਹੁੰਦੇ ਹਨ ਉਹਨਾਂ ਤੋਂ ਬੀ ਮੁਰਾਦ ਹੋ ਸਕਦੀ ਹੈ।

ਸਿਖ ਸੰਗਤਿ ਕੇ ਬੀਚ ਪ੍ਰਭੁ, ਸ਼ੋਭਤਿ ਦੁਤਿ ਐਸੇ।
ਦਰਸ਼ਨ ਕਰਿ ਕਰਿ ਬੰਦਨਾ, ਗਨ ਅਰਪਿ ਅਕੋਰੈਂ।
ਬੈਠਤਿ ਹੈਂ ਚਹੁੰਦਿਸ਼ਾ ਮਹਿਂ, ਦੋਨਹੁੰ ਕਰ ਜੋਰੈਂ ॥੧੩॥
ਜਸ ਜਸ ਧਰਿ ਧਰਿ ਭਾਵਨਾ, ਸਤਿਗੁਰੁ ਦਰਸੰਤੇ।
ਤਸ ਤਸ ਪੁਰਵਤਿ ਸੰਗਤਾਂ, ਅਰਦਾਸ ਕਰੰਤੇ।
ਕ੍ਰਿਪਾ ਦ੍ਰਿਸ਼ਟਿ ਸਭਿਹੂੰਨ ਪਰ, ਡਾਰਤਿ ਦਿਸ਼ਿ ਚਾਰੇ।
ਮਨਹੁੰ ਸ੍ਰਿਸ਼ਟ ਕਰ ਉਤਪਤੀ, ਬਿਧ ਤਿਨਹੁੰ ਨਿਹਾਰੇ[1] ॥੧੪॥
ਜਾਮ ਥਿਰੇ ਬਿਚ ਸਭਾ ਕੇ, ਦਰਸ਼ਨ ਕੋ ਦੀਨਾ।
ਕਰਿ ਨਿਹਾਲ ਤਬਿ ਸੰਗਤਾਂ, ਉਠਿਬੇ ਮਨ ਕੀਨਾ।
ਅਪਨ* ਸਦਨ ਮਹਿਂ ਪੁਨ ਗਏ, ਬੈਠੇ ਗੁਨਖਾਨੀ।
ਭੋਜਨ ਥਾਰ ਪਰੋਸਜੋ, ਆਨਜੋਂ ਤਿਹਂ ਥਾਨੀ ॥੧੫॥
ਅਚਜੋ ਸ੍ਵਾਦ ਮਨ ਭਾਵਤੇ, ਛੁਧਤੇ ਤ੍ਰਿਪਤਾਏ।
ਢਰੇ ਦੁਪਹਿਰੇ ਸਤਿਗੁਰੂ ਲੋਚਨ ਅਲਸਾਏ।
ਪੌਢੇ ਮ੍ਰਿਦੁਲ ਪ੍ਰਯੰਕ ਕਰ, ਕੁਛ ਕੀਨਿ ਅਰਾਮੁ।
ਸਵਾ ਜਾਮ ਦਿਨ ਕੇ ਰਹੇ, ਜਾਗੇ ਸੁਖ ਧਾਮੁ ॥੧੬॥
ਗਰੀ ਬਦਾਮਨ ਆਇ ਗਨ, ਰਗੜੀ ਸ਼ਰਦਾਈ।
ਬਿਜੀਆ ਆਦਿਕ ਜਿਹ ਅਧਿਕ, ਤਿਸ ਬੀਚ ਘੁਟਾਈ।
ਆਨੀ ਦਾਸਨ ਤਜਾਰ ਕਰਿ, ਪਿਖਿ ਹੁਕਮ ਬਖਾਨਾ।
'ਹੁਤੀ ਅਫੀਮ ਬਿਦੇਸ਼ ਕੀ, ਜਿਮ ਅਮਲ ਮਹਾਨਾ ॥੧੭॥
ਬਹੁ ਤਰੀਫ ਸਿਖ ਨੇ ਕਰੀ, ਸੋ ਕੋਸ਼ ਮਝਾਰਾ।
ਆਨੋ ਇਹਾਂ ਨਿਕਾਸ ਕਰਿ, ਜਿਸ ਅਮਲ ਕਰਾਰਾ।'
ਕੋਸ਼ਪ[2] ਢਿਗ ਸੇਵਕ ਗਯੋ, ਸਭਿ ਬਾਤਿ ਜਨਾਈ।
ਕਹਿ ਕਰਿ ਪਤੇ ਬਿਦੇਸ਼ ਕੇ, ਤਿਸ ਛਿਨ ਨਿਕਸਾਈ ॥੧੮॥
ਆਨੀ ਤੁਰਤ ਸਮੀਪ ਗੁਰ, ਕਰ ਧਰੀ ਨਿਹਾਰੀ।
ਦ੍ਵੈ ਰੰਚਕ[3] ਪਰਮਾਨ ਸਮ, ਅੰਗੁਰੀਨ ਸੁਧਾਰੀ।
ਕਰਿ ਗੁਲਕਾ ਕਰ ਤਰ ਧਰੀ[4] ਲੇ ਬਹੁਰ ਕਟੋਰਾ।
ਕਰਜੋ ਖਾਨ ਪਾਨ ਸੁਖਾ ਤਬੈ, ਹਿਤ ਮਾਦਕ ਜੋਰਾ[5] ॥੧੯॥

---

[1]ਮਾਨੋਂ (ਰਚ ਕੇ ਸ੍ਰਿਸ਼ਟੀ ਨੂੰ) ਬ੍ਰਹਮਾ ਦੇਖਦਾ ਹੈ।
*ਪਾ:-ਅਪਰ।
[2]ਖਜ਼ਾਨਚੀ
[3]ਦੋ ਰਤੀ ਭਰ।
[4]ਗੋਲੀ ਬਣਾਕੇ ਹੱਥ ਦੀ ਤਲੀ ਤੇ ਧਰੀ।
[5]ਜ਼ੋਰ ਦਾ ਨਸ਼ਾ ਲੈਣ ਲਈ।

ਮਾਵਾ ਖਾਇ ਅਫੀਮ ਕੋ[੧*], ਪੁਨ ਸੌਚ ਸ਼ਨਾਨੇ।
ਤਬਿ ਕੇ ਲਾਗੇ ਖਾਨ ਪਾਨ, ਦਿਨ ਪ੍ਰਤਿ ਅਧਿਕਾਨੇ।
ਕਿਤਿਕ ਦਯੋਸ ਬੀਤੇ ਜਬਹਿ, ਇਕ ਦਿਨ ਤਬਿ ਆਈ।
ਪਤਿਬਰਤਾ ਜੀਤੋ ਸੁ ਬ੍ਰਿਤ[੨], ਲੱਜਾ ਅਧਿਕਾਈ ॥੨੦॥
ਪਤਿ ਕਉ ਪਾਇ ਇਕੰਤ ਮੈਂ, ਕਰਿ ਜੋਰਿ ਖਰੀ ਹੈ।
ਅਵਨੀ ਖਨਤਿ ਅੰਗੂਠ ਪਗ, ਤਰ[੩] ਦ੍ਰਿਸ਼ਟਿ ਕਰੀ ਹੈ।
ਚਿਤ ਮਹਿਂ ਦ੍ਰਿੜ੍ਹ ਮੂਰਤਿ ਬਸੈ, ਨਹਿਂ ਸਮੁਖ ਬਿਲੋਕੈ।
ਐਂਚਿ ਪ੍ਰੇਮ ਕੀ ਏਕ ਦਿਸ਼ਿ, ਦੂਜੇ ਲਜ ਰੋਕੈ[੪] ॥੨੧॥
ਬਡਭਾਗਣ ਜਗ ਮਾਤਿ ਇਮ, ਗੁਰ ਕੀ ਪਟਰਾਨੀ।
ਮ੍ਰਿਦੁਲ ਸੁਸ਼ੀਲਾ ਗੁਣ ਨਿਧਾ, ਸ਼ੁਭ ਮਤਿ ਮੈਂ ਸਜਾਨੀ।
ਪ੍ਰਭੂ ਕ੍ਰਿਪਾਲ ਬਿਲੋਕਿ ਕਰਿ, ਥਿਰ[੫] ਨੰਮ੍ਰਿ ਬਿਸਾਲਾ।
ਜਾਨਿ ਕਾਮਨਾਵਾਨ ਮਨ, ਬੋਲੇ ਤਿਸ ਕਾਲਾ ॥੨੨॥

---

[੧]ਅਫੀਮ ਦਾ ਮਾਵਾ ਖਾਕੇ

[*]ਹਿਸਾਬ ਕਰਨ ਤੇ ਗੁਰੂ ਜੀ ਦੀ ਉਮਰਾ ਇਸ ਵੇਲੇ ੨੩, ੨੪ ਬਰਸ ਦੀ ਨਿਕਲਦੀ ਹੈ, ਇਸੇ ਵੇਲੇ ਅਫੀਮ ਲਗ ਜਾਣੀ ਕਿਵੇਂ ਬੀ ਸੰਭਵ ਨਹੀਂ। ਪੰਜਾਬ ਵਿਚ ਅਕਸਰ ਅਫ਼ੀਮ ਬੁਢੇਪੇ ਵਿਚ ਸ਼ੁਰੂ ਹੁੰਦੀ ਹੈ। ਚੜ੍ਹਦੀ ਜਵਾਨੀ ਹੈ, ਬਲ ਅਮਿੱਤ ਹੈ, ਸੂਰਮਗਤੀ ਕਮਾਲ ਦੀ ਹੈ, ਆਪ ਅਵਤਾਰ ਹਨ, ਨਸ਼ਿਆਂ ਤੋਂ ਮਨ੍ਹੇ ਕਰਦੇ ਹਨ, ਤਮਾਕੂ ਤੱਕ ਦਾ ਵਰਤਣਾ ਹਰਾਮ ਕਰਾਰ ਦੇਂਦੇ ਹਨ, ਕੈਮੁੱਤਿਕ ਨਯਾਯ ਅਨੁਸਾਰ ਉਨ੍ਹਾਂ ਨੂੰ ਭੰਗ ਤੇ ਅਫੀਮ ਦਾ ਨਸ਼ਾ ਕੀਕੂੰ ਚੰਗਾ ਲੱਗ ਸਕਦਾ ਹੈ? ਫਿਰ ਦੇਖੋ ਅਫੀਮ ਖਜ਼ਾਨੇ ਵਿਚੋਂ ਕਢਵਾਈ ਹੈ, ਕਦੇ ਪਹਿਲੋਂ ਦੀ ਕੋਈ ਸਿੱਖ ਲਿਆਇਆ ਸੀ ਤੇ ਉਹ ਪਈ ਸੀ। ਇਸ ਤੋਂ ਪਤਾ ਲਗਾ ਕਿ ਇਸ ਤੋਂ ਪਹਿਲੋਂ ਗੁਰੂ ਜੀ ਖਾਂਦੇ ਸਨ, ਕਿਉਂਕਿ ਸਿਖ ਢੂੰਡਕੇ ਚੀਜ਼ਾਂ ਓਹ ਲਿਆਂਉਂਦੇ ਸਨ ਜੋ ਗੁਰੂ ਜੀ ਵਰਤਦੇ ਸਨ, ਜੋ ਗੁਰੂ ਜੀ ਨਹੀਂ ਸਨ ਖਾਂਦੇ ਤਾਂ ਕਿਸੇ ਸਿੱਖ ਨੇ ਲਿਆਉਣੀ ਕਿਉਂ ਸੀ ਤੇ ਤਰੀਫ ਕਿਉਂ ਕਰਨੀ ਸੀ? ਸੋ ਇਸ ਗਲ ਤੋਂ ਪਹਿਲੇ ਦੇ ਖਾਂਦੇ ਸਹੀ ਹੁੰਦੇ ਸਨ, ਪਰ ਕਵੀ ਜੀ ਕਹਿੰਦੇ ਹਨ ਕਿ ਅੱਜ ਹੀ ਸ਼ੁਰੂ ਹੋਈ ਹੈ ਇਹ ਪਰਸਪਰ ਵਿਰੋਧੀ ਗਲ ਹੋ ਗਈ। ਕਿਸੇ ਅਫੀਮ ਭੰਗ ਦੇ ਪ੍ਰੇਮੀ ਬੁੱਢੇ ਸਿੰਘ ਨੇ ਕਵਿ ਜੀ ਨੂੰ ਇਹ ਸਾਖੀ ਸੁਣਾਈ ਹੈ ਤੇ ਉਨ੍ਹਾਂ ਨੇ ਬਿਨ ਪੜਤਾਲੇ ਲਿਖ ਲਈ ਹੈ। ਕਵਿ ਜੀ ਦੇ ਸਮੇਂ ਨਿਹੰਗਾਂ ਵਿਚ ਸੁੱਖਾ ਆਮ ਸੀ ਤੇ ਰਾਜ ਘਰਾਂ ਵਿਚ ਸਰਦਾਈ ਸਾਦੀ ਯਾ ਸੁੱਖੇ ਵਾਲੀ ਤੇ ਅਫੀਮਾਂ ਦੇ ਰਿਵਾਜ ਟੁਰ ਪਏ ਸਨ। ਉਸ ਕਰਕੇ ਕਵੀ ਜੀ ਨੂੰ ਇਹ ਸਾਖੀ ਉਸ ਵੇਲੇ ਓਪਰੀ ਨਹੀਂ ਭਾਸੀ ਹੋਣੀ। ਸਿੱਖਾਂ ਵਿਚ ਭੰਗ ਸੁਖੇ ਦਾ ਰਿਵਾਜ ਸਤਿਗੁਰੂ ਜੀ ਤੋਂ ਢੇਰ ਚਿਰ ਬਾਦ ਪੰਥ ਦੀਆਂ ਘਾਲਾਂ ਕੁਰਬਾਨੀਆਂ ਥਕੇਵਿਆਂ ਸਰੀਰਕ ਟੋਟਾਂ ਵੇਲੇ ਪਹਿਲਾਂ ਦਵਾਈ ਮਾਤ੍ਰ ਟੁਰ ਗਿਆ ਸੀ, ਐਸ਼੍ਵਰਜ ਤੇ ਸੁਖ ਵੇਲੇ ਆਕੇ ਫਿਰ ਨਸ਼ੇ ਪਾਣੀ ਦੀ ਹੈਸੀਅਤ ਵਿਚ ਵਧਿਆ। ਨਿਹੰਗ ਸਿੰਘਾਂ ਦੀ ਬੇਨਜ਼ੀਰ ਤੇ ਸਤਿਕਾਰ ਯੋਗ ਜਥੇਬੰਦੀ ਨੂੰ ਤੇ ਲਗ ਪਗ ਸੰਪ੍ਰਦਾਇ ਨੂੰ ਇਹ ਸੁਖਾ ਖਾ ਗਿਆ ਹੈ। ਨਾ ਅਫੀਮ ਨਾ ਸੁੱਖਾ ਨਾ ਸ਼ਰਾਬ ਗੁਰੂ ਘਰ ਵਿਚ ਕੋਈ ਬੀ ਵਿਹਤ ਨਹੀਂ ਹਨ।

ਕਵੀ ਜੀ ਆਪ ਭੀ ਅੱਗੇ ਜਾਕੇ ਰੁਤ ੫ ਅੰਸੂ ੨੮ ਅੰਕ ੨੩ ਵਿਚ ਲਿਖਦੇ ਹਨ:-'ਮਦਰਾ ਦਹਿਤਾ ਸਪਤ ਕੁਲ ਭੰਗ ਦਹੈ ਤਨ ਏਕ'। ਇੱਥੇ ਗੁਰਮਤ ਵਿਚ ਤਾਂ ਨਾਮ ਦਾ ਆਦਰਸ਼ਕ ਨਸ਼ਾ ਵਿਹਤ ਹੈ। ਫਿਰ ਪਹਿਲੇ ਦਿਨ ਹੀ ਦੋ ਰਤੀਆਂ ਖਾ ਲੈਣੀ ਬੀ ਇਕ ਅਤਯੋਕਤੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੪ ਅੰਸੂ ੪੪ ਅੰਕ ੧੧ ਦੀ ਹੇਠਲੀ ਟੂਕ।

[੨]ਸ੍ਰੇਸ਼ਟ ਬ੍ਰਿਤੀ ਵਾਲੀ, ਸੁਹਣੇ ਆਚਾਰ ਵਾਲੀ।

[੩]ਨੀਵੀਂ।

[੪]ਲਜਿਆ ਰੋਕਦੀ ਹੈ।

[੫]ਖੜੀ ਹੈ।

'ਘਰਵਾਲਨ ਕੀ ਸੁਧ ਕਹਾਂ, ਅਭਿਲਾਖਾ ਕੋ ਹੈ?
ਕਹੋ ਮਨੋਰਥ ਆਪਨੋ, ਅਬਿ ਬਾਂਛਤਿ ਜੋ ਹੈ।
ਜਿਸ ਹਿਤ ਕਰਿ ਆਗਵਨ ਕੋ, ਥਿਰ ਭਈ ਸਲਾਜਾ।
ਕਹੁ ਸੁਮੱਧਮੇਂ[੧]! ਬਾਰਤਾ, ਜਿਸ ਬਿਧਿ ਕੋ ਕਾਜਾ' ॥੨੩॥
ਹਾਥ ਬੰਦਿ ਬੰਦਤਿ ਬਦਤਿ[੨], 'ਪ੍ਰਭੁ ਅੰਤਰਜਾਮੀ!
ਜਗਤ ਗੁਰੂ ਜਾਨੋ ਸਕਲ, ਘਟਿ ਘਟਿ ਕੇ ਸ੍ਵਾਮੀ।
ਚਾਰੋਂ ਚੱਕਨਿ ਸੰਗਤਾਂ, ਚਾਹਤਿ ਚਿਤ ਪਾਵੈਂ।
ਸਾਗਰਾਂਤਿ[੩] ਅਵਨੀ ਜਿਤਿਕ, ਤੁਮ ਚਰਨ ਮਨਾਵੈਂ ॥੨੪॥
ਪੂਰਵਹੁ ਸਭਿ ਕੀ ਕਾਮਨਾ, ਨਹਿਂ ਊਨ ਖਜ਼ਾਨਾ।
ਹੇਰੋ ਜਸ ਜਸ ਭਾਵਨਾ, ਦਿਹੁ ਫਲ ਤਿਮ ਨਾਨਾ।
ਤ੍ਰਿਯ ਸਰੀਰ ਕੀ ਮਤ ਗਤੀ[੪], ਜਿਮ ਹੁਇ ਤਿਮ ਜਾਨੋ।
ਤੁਮ ਤੇ ਸੁਤ ਸਪਤਨਿ[੫] ਲਹਜੋ, ਦੁਤਿਵਾਨ ਮਹਾਨੋ ॥੨੫॥
ਬਿਨ ਨੰਦਨ ਅਨੰਦ ਨਹਿਂ, ਘਰ ਸੁੰਨ ਸਮਾਨਾ[੬]।
ਦੀਪਕ ਜਥਾ ਪ੍ਰਕਾਸ਼ ਕਰਿ, ਤਿਮ ਕਹਿਂ ਮਤਿਵਾਨਾ।
ਪੂਖਨ[੭] ਕਰੇ ਪ੍ਰਕਾਸ਼ ਦਿਨ, ਸਭਿ ਜਗ ਸੁਖਪਾਵੈ।
ਨਿਸ ਕਾ ਦੀਪਕ ਚੰਦ ਹੈ, ਤਮ ਦੂਖ ਨਸਾਵੈ' ॥੨੬॥
ਭਾਖਜੋ ਕ੍ਰਿਪਾਨਿਧਾਨ 'ਕਰਿ, ਸਿਖ ਸੰਤਨਿ ਸੇਵਾ।
ਭੋਜਨ ਨਾਨਾ ਭਾਂਤਿ ਕੇ, ਦੇ ਬਿਨ ਅਹੰਮੇਵਾ।
ਪ੍ਰਾਪਤਿ ਹੁਇ ਸਭਿ ਕਾਮਨਾ, ਸਤਿਸੰਗਤ ਪਾਸੀ।
ਲਹੈਂ ਅਨੰਦ ਜੁਗ ਲੋਕ ਕੌਂ, ਜੇ ਕਰਹਿਂ ਹੁਲਾਸੀ[੮]' ॥੧੭॥
ਸੁਨਿ ਕਰਿ ਮਾਨਜੋਂ ਹੁਕਮ ਕੌਂ, ਕਰਿ ਨਮੋ ਸਿਧਾਰੀ?
ਹਿਤ ਅਹਾਰ ਬਹੁ ਭਾਂਤਿ ਕੇ, ਕਰਿਵਾਇਸੁ ਤਜਾਰੀ।
ਅਥਿਤ ਸੰਤ ਸਿਖ ਜੇ ਹੁਤੇ, ਤਿਨ ਕੌਂ ਤ੍ਰਿਪਤਾਵੈ।
ਮਨ ਮਹਿਂ ਧਰਿ ਸੁਤ ਕਾਮਨਾ, ਸਤਿਗੁਰੂ ਰਿਝਾਵੈ ॥੨੮॥
ਨਿਤ ਨਵੀਨ[੯] ਅਨਵਾਇ ਕਰਿ, ਤਿਨ ਚਰਨ ਪਖਾਰੇ।

---

[੧] ਹੇ ਸੁਪਤਨੀ! (ਅ) ਐਉਂ ਬੀ ਲਾਉਂਦੇ ਹਨ, ਸੁ ਮੱਧ ਮੇਂ ਬਾਰਤਾ = (ਜੋ) ਗਲ ਹੈ ਸੁਹਣੇ ਦਿਲ ਵਿੱਚ।
[੨] ਕਹਿਣ ਲਗੇ (ਸ਼੍ਰੀ ਜੀਤੋ ਜੀ)।
[੩] ਸਮੁੰਦਰ ਦੇ ਅੰਤ ਤਕ।
[੪] ਗਤਿਮਿਤ, ਹਾਲਤ।
[੫] ਸਉਕਣ ਨੇ।
[੬] ਸੁੰਞ ਸਮਾਨ ਹੈ।
[੭] ਸੂਰਜ।
[੮] ਖੁਸ਼ੀ ਨਾਲ।
[੯] ਨਵੇਂ (ਸਿਖ ਸੰਗਤ)।

ਲੇ ਕਰਿ ਬਿਜਨਾ ਹਾਥ ਮੈਂ, ਸੁਖ[1] ਪੌਨ ਝੁਲਾਰੇ।
ਇੱਤਯਾਦਿਕ ਸੇਵਾ ਅਧਿਕ, ਕਿਯ ਜੀਤੋ ਰਾਨੀ।
ਪ੍ਰਭੁ ਮਨ ਪਰਮ ਪ੍ਰਸੰਨ ਭੇ, ਸਗਰੇ ਸੁਖਦਾਨੀ ॥੨੯॥
ਬੀਤਯੋ ਆਦਿਤਵਾਰ ਜਬਿ, ਨਿਸ ਬਿਖੈ ਗੁਸਾਈਂ।
ਬਸੇ ਮਹਿਲ ਹਿਤ ਪੁੱਤ੍ਰ ਕੇ, ਬਸਿ ਪ੍ਰੇਮ ਸਦਾਈ।
ਸ਼੍ਰੀ ਜੀਤੋ ਕੀ ਕਾਮਨਾ, ਤਬਿ ਪੂਰਨ ਕੀਨੀ।
ਧਰਯੋ ਗਰਭ ਹਰਖਤਿ ਭਈ, ਪਤਿ ਸੇਵ ਪ੍ਰਬੀਨੀ ॥੩੦॥
ਬਡਭਾਗਨ ਅਨੁਰਾਗਨੀ[2], ਉਰ ਕੰਤ ਬਸਾਯੋ।
ਨਿਸ ਬਾਸੁਰ ਚਿਤਵਤਿ ਸੁਮਤਿ, ਅਤਿ ਪ੍ਰੇਮ ਵਧਾਯੋ।
ਦਿਨਪ੍ਰਤਿ ਬ੍ਰਿੱਧਾ[3] ਗਰਭ ਕੀ, ਦੁਤਿ ਹ੍ਵੈ ਅਧਿਕਾਈ।
ਮਨੋ ਦੂਜ ਤੇ ਚੰਦ੍ਰਮਾ, ਪੁਰਵਤਿ[4] ਸੁਖਦਾਈ ॥੩੧॥
ਜਿਸ ਮੰਦਰ ਮਹਿਂ ਮੁਦਿਤ ਚਿਤ, ਥਿਰਤਾ ਕੋ ਧਾਰੈ।
ਅਧਿਕ ਲਹੈ ਸ਼ੋਭਾ ਤਬਹਿ, ਬਡਿ ਕਰਿ ਉਜਿਯਾਰੈ।
ਬੀਤ ਗਏ ਨਵ ਮਾਸ ਇਮ, ਹਰਖਤਿ ਪਰਿਵਾਰਾ।
ਸਹਿਤ ਪੁੱਤ੍ਰ ਪਰਤੀਖਨਾ, ਉਤਸਵ ਹੁਇ ਭਾਰਾ ॥੩੨॥
ਚੇਤ ਸੁਦੀ ਥਿਤ ਸਪਤਮੀ, ਕੁਜ ਬਾਸੁਰ[5] ਆਵਾ।
ਸੱਤ੍ਰਾਂ ਸੈ ਸੰਤਾਲੀਏ, ਸੰਮਤ ਮੁਦ ਛਾਵਾ।
ਭਲੇ ਲਗਨ ਗ੍ਰਹ ਊਚ ਕਛੁ, ਜਨਮਯੋ ਸੁਖ ਪਾਏ।
ਸੇਬਜਮਾਨ ਗਨ ਧਾਇ[6] ਤੇ, ਬਹੁ ਦੀਪ ਜਗਾਏ ॥੩੩॥
ਮੰਗਲ ਮੰਗਲਵਾਰ ਮੈਂ, ਬਜਿ ਉਠੀ ਬਧਾਈ।
ਬਾਦਿਤ ਅਨਿਕ ਪ੍ਰਕਾਰ ਕੇ, ਦਰ ਪਰ ਸਮੁਦਾਈ।
ਸ਼੍ਰੀ ਗੁਜਰੀ ਬਹੁ ਭਾਂਤਿ ਕਰਿ, ਉਤਸਵ ਕੋ ਠਾਨਾ।
ਮੰਗਤਿ ਗਨ ਜਨ ਸੁਨਤਿ ਹੀ, ਦੌਰੇ ਹਿਤ ਦਾਨਾ ॥੩੪॥
ਭਈ ਭੀਰ ਬਡ ਪੌਰ ਪਰ, ਧਨ ਪਾਇਂ ਉਦਾਰਾ।
'ਚਿਰੰਜੀਵ ਗੁਰ ਪੁੱਤ੍ਰ ਹੁਇ', ਸਭਿ ਬਾਕ ਉਚਾਰਾ।
ਇਤ ਕਲਗੀਧਰ ਕੇ ਨਿਕਟ, ਪਾਵਹਿਂ ਮਨ ਭਾਯੋ।
ਆਸ਼ਿਖ ਕੀਰਤਿ ਕੇ ਇਹ ਸਹਿਤ, ਸਭਿ ਕਹਤਿ ਸੁਨਾਯੋ ॥੩੫॥

---

[1]ਸੁਖਦਾਈ।
[2]ਪ੍ਰੇਮਣ ਨੇ।
[3]ਵਧਣ ਨਾਲ।
[4]ਪੂਰਣ ਹੋ ਰਿਹਾ ਹੈ।
[5]ਮੰਗਲਵਾਰ।
[6]ਦਾਈਆਂ।

ਇਕ ਗੁਜਰੀ ਕੇ ਜਾਇੰ ਢਿਗ, ਬਹੁ ਦੇਤਿ ਬਧਾਈ।
ਹਰਿਤ ਦੂਰਬਾ ਅਰਪਿ ਕਰਿ, ਪ੍ਰਾਪਤਿ ਮਨ ਭਾਈ[1]।
ਫੂਲਨਿ ਮਾਲ ਬਿਸਾਲ ਕੌ, ਅਰੁ ਬੰਦਨਵਾਲਾ[2]।
ਸਭਿ ਦਰ ਪਰ ਬੰਧਨਿ ਕਰੀ ਦਲ ਹਰਿਤ ਬਿਸਾਲਾ[3] ॥੩੬॥
ਮੁਕਤਾਂ ਲਰੀਅਨ ਪੋਇ ਕਰਿ ਵਿਚ ਕੰਚਨ ਸੂਤਾ[4]।
ਬਾਂਧੀ ਦ੍ਵਾਰੇ ਚਾਰੁ[5] ਪਰ ਜਹਿਂ ਜਨਮ ਸਪੂਤਾ।
ਸੋਢਿ ਬੰਸ ਕੀ ਰੀਤਿ ਸਭਿ ਕਹਿ ਕਰਿ ਕਰਿਵਾਈ।
ਪੌਤ੍ਰ ਜਨਮ ਤੇ ਮੋਦ ਮਨ ਗੁਜਰੀ ਸੁਖਪਾਈ ॥੩੭॥
ਦੂਸਰ ਜੰਗ ਨਦੌਣ ਕੋ ਜਯ ਲੈ ਕਰਿਆਏ।
ਜਨਮ ਪੁੱਤ੍ਰ ਭਾ ਦੂਸਰੇ ਬਹੁ ਬਜੇ ਵਧਾਏ।
ਰਿਦੈ ਬਿਚਾਰਯੋ ਸਤਿਗੁਰੂ ਧਰਿਬੇ ਹਿਤ ਨਾਮੂ।
'ਜੋਰਾਵਰ ਸਿੰਘ' ਤਬਿ ਕਹਯੋ ਬਿਦਤਯੋ ਸੁਖ ਧਾਮੂ ॥੩੯॥ {ਵਿਸ਼ੇਸ਼ ਟੂਕ}

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਜ਼ੋਰਾਵਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥੪੪॥

{ਵਿਸ਼ੇਸ਼ ਟੂਕ} ਸਾਹਿਬਜ਼ਾਦਿਆਂ ਦੇ 'ਜਨਮ-ਕ੍ਰਮ' ਪਰ ਕੁਛ ਰਾਇ ਦਾ ਵਖੇਵਾਂ ਹੈ, ਸਾਰੀ ਖੋਜ ਇਸ ਪ੍ਰਕਾਰ ਹੈ:

੧. ਕਵਿ ਸੰਤੋਖ ਸਿੰਘ ਜੀ ਦੇ ਦਿਤੇ ਜਨਮ ਤਿੱਥਾਂ ਦੇ ਹਿਸਾਬ ਸਾਹਿਬਜ਼ਾਦਿਆਂ ਦਾ ਕ੍ਰਮ ਇਕ੍ਹੱਰ ਹੈ:-

ਬਾਬਾ ਅਜੀਤ ਸਿੰਘ ਜੀ, ਮਾਘ ਸ਼ੁਦੀ ਚੌਥ ਸੰਮਤ ੧੭੪੩,
ਮਾਤਾ ਸੁੰਦਰੀ ਜੀ ਦੇ ਉਦਰੋਂ।

ਬਾਬਾ ਜ਼ੋਰਾਵਰ ਸਿੰਘ ਜੀ, ਚੇਤ ਸ਼ੁਦੀ ਸੱਤਮੀ ਸੰਮਤ ੧੭੪੭,
ਮਾਤਾ ਜੀਤੋ ਜੀ ਦੇ ਉਦਰੋਂ।

ਬਾਬਾ ਜੁਝਾਰ ਸਿੰਘ ਜੀ, ਮਾਘ ਸ਼ੁਦੀ ਏਕਮ ਸੰਮਤ ੧੯੫੩,
ਮਾਤਾ ਜੀਤੋ ਜੀ ਦੇ ਉਦਰੋਂ।

ਬਾਬਾ ਫਤਹ ਸਿੰਘ ਜੀ, ਫਗਨ ਸ਼ੁਦੀ ਇਕਾਦਸ਼ੀ ਸੰਮਤ ੧੭੫੫,
ਮਾਤਾ ਜੀਤੋ ਜੀ ਦੇ ਉਦਰੋਂ।

ਇਸ ਮੂਜਬ ਆਪ ਨੇ ਏਥੇ ਵਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਉਨ੍ਹਾਂ ਤੋਂ ਛੋਟੇ ਜੋਰਾਵਰ ਸਿੰਘ ਜੀ ਦੀ ਸ਼ਹਾਦਤ ਚਮਕੌਰ ਦੱਸੀ ਹੈ ਤੇ ਬਾਬਾ ਜੁਝਾਰ ਸਿੰਘ ਤੇ ਬਾਬਾ ਫਤਹ ਸਿੰਘ ਜੀ ਦੀ ਸ਼ਹਾਦਤ ਸਰਹਿੰਦ ਵਿਚ ਦੱਸੀ ਹੈ। ਸ਼੍ਰੀ ਗੁਰ ਪ੍ਰਤਾਪ ਸੂਰਜ ੧੯੦੦ ਵਿਚ ਮੁਕਾ ਹੈ।

---

[1]ਹਰਾ ਖੱਬਲ ਘਾਸ ਸਮਰਪਨ ਕਰਕੇ ਪ੍ਰਾਪਤ ਕਰਦੇ ਹਨ ਮਨੋ ਕਾਮਨਾ।
[2]ਤੋਰਣ।
[3]ਸਾਰੇ ਦਰਾਂ ਤੇ ਹਰੇ ਪੱਤੇ ਬਹੁਤੇ ਬੰਨ੍ਹੇ।
[4]ਭਾਵ ਮੋਤੀਆਂ ਦੀਆਂ ਲੜੀਆਂ ਪ੍ਰੋਤੀਆਂ ਹਨ ਤਿੱਲੇ ਦੇ ਸਤ ਵਿਚ।
[5]ਸੰਦਰ।

੨. ਗੁਰਬਿਲਾਸ ਭਾਈ ਸੁੱਖਾ ਸਿੰਘ ਜੀ ਜੋ ਸਮੰਤ ੧੮੫੪ ਵਿਚ ਲਿਖਿਆ ਗਿਆ, ਇਸ ਵਿਚ ਸ਼ਹਾਦਤ ਦੇ ਪ੍ਰਸੰਗ ਵਿਚ ਸੂਰਜ ਪ੍ਰਕਾਸ਼ ਵਾਲਾ ਹੀ ਕ੍ਰਮ ਦਿੱਤਾ ਹੈ। ਇਸ ਤੋਂ ਪਤਾ ਲੱਗਾ ਕਿ ਕਵੀ ਸੰਤੋਖ ਸਿੰਘ ਜੀ ਨੇ ਆਪਣਾ ਕ੍ਰਮ ਇਸੇ ਗੁਰ ਬਿਲਾਸ ਤੋਂ ਲੀਤਾ ਹੈ।

੩. ਸੌ ਸਾਖੀ ਵਿਚ ਮਾਤਾ ਜੀਤੋ ਜੀ ਦੇ ਸਪੁਤ੍ਰਾਂ ਦਾ ਕ੍ਰਮ ਇਹ ਦਿੱਤਾ ਹੈ:-ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਤੇ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਮਾਤਾ ਸੁੰਦਰੀ ਜੀ ਦੇ ਬੇਟੇ ਦੱਸੇ ਹਨ, ਪਰ ਇਸ ਨੇ ਤ੍ਰਿਹਾਂ ਪਹਿਲਿਆਂ ਦੀ ਸਾਖੀ ਪਹਿਲੋਂ ਦਿੱਤੀ ਹੈ ਤੇ ਬਾਬਾ ਅਜੀਤ ਸਿੰਘ ਜੀ ਦੀ ਪਿਛੋਂ ਦਿੱਤੀ ਹੈ, ਜਿਸ ਤੋਂ ਜਾਪਦਾ ਹੈ ਕਿ ਏਹ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਨੂੰ ਛੋਟੇ ਗਿਣਦਾ ਹੈ। ਸੋ ਇਸ ਦਾ ਸਾਰਾ ਕ੍ਰਮ ਇੱਕੁਰ ਹੋਇਆ:-

ਬਾਬਾ ਜੁਝਾਰ ਸਿੰਘ ਜੀ।
ਬਾਬਾ ਜੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।
ਬਾਬਾ ਅਜੀਤ ਸਿੰਘ ਜੀ।

੪. ਕਵਿ ਸੈਨਾਪਤੀ ਦਾ ਕ੍ਰਮ ਪਹਿਲੋਂ ਤਾਂ ਇਹ ਜਾਪਦਾ ਹੈ:-ਬਾਬਾ ਰਣਜੀਤ ਯਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹ ਸਿੰਘ, ਪਰ ਅੱਗੇ ਜਾਕੇ ਗੜਬੜ ਪੈ ਜਾਂਦੀ ਹੈ। ਉਹਨਾਂ ਦਾ ਚਮਕੌਰ ਜੁਧ ਬਾਬਤ ਦੋਹਾ ਹੈ:-

'ਜਬ ਦੇਖਿਓ ਜੁਝਾਰ ਸਿੰਘ ਸਮਾਂ ਪਹੂਚਿਓ ਆਨ।
ਦੌਰਿਓ ਦਲ ਮੈਂ ਧਾਇ ਕੈ ਕਰ ਮੈਂ ਗਹੀ ਕਮਾਨ।'

ਫਿਰ ਅੱਗੇ ਇਕ ਦੋ ਵੇਰ ਜੁਝਾਰ ਨਾਮ ਆਕੇ ਅੰਕ ੬੨, ੬੪ ਵਿਚ ਜ਼ੋਰਾਵਰ ਸਿੰਘ ਜੀ ਲੜਦੇ ਜਾਪਦੇ ਹਨ। ਪਰ ਅੰਕ ੭੩ ਵਿਚ ਜੋ ਸਾਹਿਬਜ਼ਾਦੇ ਸਰਹਿੰਦ ਆਏ ਹਨ, ਉਹਨਾਂ ਵਿਚ ਦੱਸਦੇ ਹਨ ਕਿ-

'ਭਾਰੀ ਜਵਾਬ ਜੁਝਾਰ ਦਏ ਸੁਨਿ ਕੈ ਸਭ ਦੂਤਨ ਅੰਗ ਪਿਰਾਏ।'

ਫਿਰ ਅੰਕ ੭੫ ਵਿਚ ਸਰਹਿੰਦ ਵਿਚ ਪ੍ਰਾਣ ਤਜਣ ਵਾਲੇ ਸਾਹਿਬਜ਼ਾਦਿਆਂ ਦੇ ਨਾਮ ਐਉਂ ਦਿਤੇ ਹਨ:

'ਫਤੇ ਸਿੰਘ ਜੁਝਾਰ ਸਿੰਘ ਇਹ ਬਿਧ ਤਜੇ ਪਰਾਨ।
ਪਰਗਟ ਭਏ ਇਹ ਲੋਕ ਮੈਂ ਜਾਨਤ ਸਕਲ ਜਹਾਨ।'

ਸੋ ਇਨ੍ਹਾਂ ਦੇ ਲਿਖੇ ਵਿਚ ਟਪਲਾ ਹੀ ਲਗਦਾ ਹੈ, ਪਹਿਲਾਂ ਜੁਝਾਰ ਸਿੰਘ ਜੀ ਨੂੰ ਚਮਕੌਰ ਲੜਦੇ ਦੱਸਦੇ ਹਨ ਫੇਰ ਸਰਹੰਦ ਵਿਚ ਜਵਾਬ ਕਰਦੇ ਤੇ ਪ੍ਰਾਣ ਤਜਦੇ ਦੱਸਦੇ ਹਨ।

ਇਹ ਖਿਆਲ ਭੀ ਕੀਤਾ ਜਾਂਦਾ ਹੈ ਕਿ ਜੁਝਾਰ ਸਿੰਘ ਜ਼ੋਰਾਵਰ ਸਿੰਘ ਜੀ ਇਕੋ ਸਾਹਿਬਜ਼ਾਦੇ ਜੀ ਦੇ ਦੋ ਨਾਮ ਸਨ, ਇਕ ਨਾਮ ਹੈ ਤੇ ਇਕ ਅੱਲ ਹੈ। ਪਰ ਇਹ ਗਲ ਜ਼ਫਰਨਾਮੇ ਵਿਚ ਆਏ ਸ੍ਰੀ ਮੁਖ ਵਾਕ ਤੋਂ ਗ਼ਲਤ ਹੋ ਜਾਂਦੀ ਹੈ ਜਿੱਥੇ ਸਾਹਿਬਜ਼ਾਦੇ ਚਾਰ ਗਿਣੇ ਹਨ:-

'ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ। [ਹਿ: ੧-੭੮.

੫. ਭਾਈ ਰਤਨ ਸਿੰਘ ਜੀ ਭੰਗੂ ਨੇ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਨਾਮ ਬਾਬਾ ਜੁਝਾਰ ਸਿੰਘ ਤੇ ਬਾਬਾ ਜ਼ੋਰਾਵਰ ਸਿੰਘ ਜੀ ਦਿੱਤੇ ਹਨ। ਸਰਹਿੰਦ ਦੇ ਸ਼ਹੀਦ ਬਾਬਿਆਂ ਦੇ

ਨਾਮ ਨਹੀਂ ਦਿੱਤੇ। ਸੋ ਇਨ੍ਹਾਂ ਦੇ ਹਿਸਾਬ ਬਾਬਾ ਫਤਹ ਸਿੰਘ ਤੇ ਬਾਬਾ ਅਜੀਤ ਸਿੰਘ ਜੀ ਛੋਟੇ ਸਹੀ ਹੁੰਦੇ ਹਨ ਜਿਨ੍ਹਾਂ ਨੂੰ ਆਪ ਸ਼ੀਰ ਖੋਰ ਕਹਿੰਦੇ ਤੇ ਨਾਮ ਨਹੀਂ ਦਿੰਦੇ। ਸੌ ਸਾਖੀ ਨਾਲ ਇਹ ਗਲ ਮੇਲ ਖਾਂਦੀ ਹੈ।

੬. ਮਹਿਮਾ ਪ੍ਰਕਾਸ਼ (ਬਾ: ਸਰੂਪ ਦਾਸ ਵਾਲੇ) ਤੋਂ ਬੀ ਇਹੋ ਗਲ ਸਹੀ ਹੁੰਦੀ ਹੈ ਜੋ ਰਤਨ ਸਿੰਘ ਜੀ ਭੰਗੂ ਨੇ ਲਿਖੀ ਹੈ। ਉਹਨਾਂ ਨੇ ਲਿਖਿਆ ਹੈ ਕਿ 'ਦੋਨੋ ਛੋਟੇ ਸ੍ਰੀ ਬਾਬਾ ਫਤਹ ਸਿੰਘ ਜੀ ਸ੍ਰੀ ਬਾਬਾ ਰਣਜੀਤ ਸਿੰਘ ਜੀ ਕੋ ਹੁਕਮ ਹੁਆ ਜੋ ਤੁਸੀਂ ਆਗੇ ਚਲੋ। ਔਰ ਦੋਨੋਂ ਸਾਹਿਬਜ਼ਾਦੇ ਬੜੇ ਜੋ ਥੇ ਆਗੇ ਸ਼ਹੀਦ ਹੋ ਚੁਕੇ ਥੇ। ਚਮਕੌਰ ਜੀ ਦੇਹੁਰਾ ਹੈ ਦੋਨੋਂ ਸਾਹਿਬਾਂ ਦਾ ਨਾਮ ਸ੍ਰੀ ਬਾਬਾ ਜੁਝਾਰ ਸਿੰਘ ਜੀ ਸ੍ਰੀ ਬਾਬਾ ਜ਼ੋਰਾਵਰ ਸਿੰਘ ਜੀ।' ਮਹਿਮਾ ਪ੍ਰਕਾਸ਼ ਦਾ ਸੰਮਤ ੧੮੩੩ ਬਿਕ੍ਰਮੀ ਹੈ।

੭. ਤਵਾਰੀਕ ਖਾਲਸਾ ਵਿਚ ਇਹ ਕ੍ਰਮ ਦਿੱਤਾ ਹੈ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੮. ਮਿ: ਮੈਕਾਲਫ ਤੇ ਸ: ਖਜ਼ਾਨ ਸਿੰਘ ਜੀ ਨੇ ਜੋ ਕ੍ਰਮ ਦਿੱਤਾ ਹੈ ਸੋ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਾਲਾ ਹੀ ਹੈ।

੯. ਕਨ੍ਹੱਯਾ ਲਾਲ, ਦੌਲਤ ਰਾਏ, ਸਾਧੂ ਗੋਬਿੰਦ ਸਿੰਘ ਜੀ ਆਦਿਕ ਲੇਖਕਾਂ ਨੇ ਇਹ ਕ੍ਰਮ ਦਿੱਤਾ ਹੈ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

੧੦. ਜੋ ਕ੍ਰਮ ਸਰਹਿੰਦ ਵਿਚ ਸੀਨੇ ਬਸੀਨੇ ਸੇਵਾਦਾਰਾਂ ਦੇ ਯਾਦ ਆ ਰਿਹਾ ਹੈ* ਸੋ ਇਹ ਹੈ ਜੋ ਉਪਰ ਅੰਕ ੭ ਤੇ ੯ ਵਿਚ ਆਇਆ ਹੈ।

੧੧. ਮਹਿੰਮਾ ਪ੍ਰਕਾਸ਼ ਵਾਰਤਕ ਦੇ ਰਚੇ ਜਾਣ ਦਾ ਸੰਮਤ ੧੭੯੮ ਹੈ। ਇਨ੍ਹਾਂ ਨੇ ਪੁਸਤਕ ਦੇ ਅੰਤ ਵਿਚ ਬੰਸਾਵਲੀ ਗੁਰੂ ਘਰ ਦੀ ਦਿਤੀ ਹੈ ਉਸ ਵਿਚ ਕ੍ਰਮ ਇਹੋ ਦਿੱਤਾ ਹੈ ਜੋ ਸਰਹਿੰਦ ਵਿਚ ਸੀਨੇ ਬਸੀਨੇ ਆ ਰਿਹਾ ਹੈ। ਯਥਾ:-

ਬਾਬਾ ਅਜੀਤ ਸਿੰਘ ਜੀ।
ਬਾਬਾ ਜੁਝਾਰ ਸਿੰਘ ਜੀ।
ਬਾਬਾ ਜ਼ੋਰਾਵਰ ਸਿੰਘ ਜੀ।
ਬਾਬਾ ਫਤਹ ਸਿੰਘ ਜੀ।

ਹੁਣ ਤਕ ਦੀਆਂ ਮਿਲੀਆਂ ਗਵਾਹੀਆਂ ਤੋਂ ਇਹ ਉਗਾਹੀ ਸਭ ਤੋਂ ਪੁਰਾਤਨ ਹੈ ਤੇ ਲਿਖਣ ਵਾਲੇ ਨੇ ਸਪਸ਼ਟ ਲਿਖਿਆ ਹੈ, ਗੁਰ ਸ਼ੋਭਾ ਦੇ ਲੇਖ ਵਾਂਙੂ ਭਰਮ ਕੋਈ ਨਹੀਂ ਪੈਂਦਾ ਇਸ ਕਰਕੇ ਇਸੇ ਕ੍ਰਮ ਨੂੰ ਸਹੀ ਮੰਨਣਾ ਠੀਕ ਹੈ।

੪੫. [ਸ੍ਰੀ ਗੁਰੂ ਜੀ ਦਾ ਪ੍ਰਤਾਪ]

੪੪<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੬

ਦੋਹਰਾ: ਜ਼ੋਰਾਵਰ ਸਿੰਘ ਨਾਮ ਧਰਿ, ਸੁਨਿ ਹਰਖਜੋ ਪਰਵਾਰ।
ਉਤ ਅਜੀਤ ਸਿੰਘ ਖੇਲਤੇ, ਭੂਖਨ ਸ਼ਬਦ ਸੁ ਧਾਰਿ ॥੧॥
ਚੌਪਈ: ਸਤਿਗੁਰੂ ਘਰ ਜੁਗ ਸਾਹਿਬਜ਼ਾਦੇ।
ਮਾਤ ਬਿਲੋਕਤਿ ਚਿਤ ਅਹਿਲਾਂਦੇ।
ਬਸਨ ਬਿਭੂਖਨ ਪਾਇ ਨਵੀਨੇ।
ਡੀਠ ਨ ਲਗਹਿ ਦਿਠੌਨਾ ਦੀਨੇ[1] ॥੨॥
ਕਰਹਿ ਦੁਲਾਰਨ ਦਾਈ ਦਾਏ[2]।
ਪੁਰਿ ਨਰ ਨਾਰਿ ਹੇਰਿ ਹਰਖਾਏ।
ਸੰਗਤਿ ਸਹਿਤ ਮਸੰਦਨਿ ਬ੍ਰਿੰਦ।
ਸੁਨਹਿਂ ਜਨਮ ਗੁਰ ਨੰਦ ਅਨੰਦ ॥੩॥
ਅਲੰਕਾਰ ਰਚਨਾ ਬਿਧਿ ਨਾਨਾ।
ਸੁਧਰਾਵਹਿਂ[3] ਦੇ ਦਰਬ ਮਹਾਨਾ।
ਭਾਂਤਿ ਭਾਂਤਿ ਕੇ ਬਸਨ ਬਨਾਵਹਿਂ।
ਗੁਰੂ ਰਿਝਾਵਨਿ ਕਾਰਨ ਲਜਾਵਹਿਂ ॥੪॥
ਕਲਗ਼ੀਧਰ ਘਰ ਉਤਸਵ ਘਨੇ।
ਦਿਨ ਪ੍ਰਤਿ ਹੋਤਿ ਅਨੰਦ ਕੋ ਜਨੇ[4]।
ਦਿਵਸ ਬਸੋਏ[5] ਕੋ ਬਡ ਮੇਲਾ।
ਚਹੁਂ ਦਿਸ਼ਿ ਤੇ ਨਰ ਨਾਰਿ ਸਕੇਲਾ ॥੫॥
ਸ਼ਸਤ੍ਰ ਸਜਾਇ ਉਚ ਥਲ ਬੈਸੇ।
ਬੀਚ ਸਭਾ ਕੇ ਰਘੁਵਰ ਜੈਸੇ।
ਵਸਤੁ ਅਜਾਇਬ ਪੁੰਜ ਅਕੋਰ।
ਅਰਪਤਿ ਆਨਿ ਦੁਊ ਕਰ ਜੋਰਿ ॥੬॥
ਜੁਗ ਲੋਕਨਿ ਕੀ ਚਹਿਂ ਕੱਲਜਾਨਾ।
ਦਰਸ਼ਨ ਦਰਸਹਿਂ ਭਾਵ ਮਹਾਨਾ।
ਸੁਤ ਬਿਤ ਆਦਿ ਰਿਦੇ ਕਰਿ ਆਸ।

---

[1](ਇਸ ਕਰਕੇ) ਕਾਲਾ ਦਾਗ਼ ਲਾਇਆ।
[2]ਦਾਈ = ਪਾਲਣ ਵਾਲੀ। ਦੁੱਧ ਚੁੰਘਾਉਣ ਵਾਲੀ। ਦਾਇਆ = ਖਿਡਾਵਾ।
[*]ਜਬਾਨੀ ਸਰਦਾਰ ਮਾਨ ਸਿੰਘ ਜੀ।
[3]ਬਣਵਾਉਂਦੇ ਹਨ।
[4]ਜਣਾਵਣ ਵਾਲੇ।
[5]ਵਸਾਖੀ।

ਖਰੇ ਹੋਇ ਭਾਖਤਿ ਅਰਦਾਸ ॥੭॥
ਤਨ ਅਰੋਗਤਾ ਜਾਚਤਿ ਸੇਈ।
ਭਗਤਿ ਗਯਾਨ ਚਹਿਂ ਸੇਵਤਿ ਕੇਈ।
ਲੋਕ ਹਜ਼ਾਰਹੁਂ ਦਰਸ਼ਨ ਕਰਿ ਕਰਿ।
ਲਹੈਂ ਕਾਮਨਾ ਮੁਦ ਉਰ ਧਰਿ ਧਾਰਿ ॥੮॥
ਆਪ ਆਪਨੇ ਸਦਨ ਸਿਧਾਰੈਂ।
ਚਹੁਂ ਦਿਸ਼ਿ ਮਹਿਂ ਸ਼ੁਭ ਸੁਜਸੁ ਪਸਾਰੈਂ।
ਕੇਚਿਤ ਰਹੈਂ ਸਮੀਪ ਗੁਸਾਈਂ।
ਸੇਵਤਿ ਚਰਨ ਕਮਲ ਸੁਖਦਾਈ ॥੯॥
ਸਾਹਿਬਜ਼ਾਦਨ ਕੌ ਦਰਸੰਤੇ।
ਕਰਹਿਂ ਦੁਲਾਰਨਿ ਅਨੰਦ ਵਧੰਤੇ।
ਪੌਤ੍ਰਨ ਕੋ ਪ੍ਰਤਿਪਾਰਨ ਆਛੇ।
ਸ਼੍ਰੀ ਗੁਜਰੀ ਨਿਤ ਸ਼੍ਰੇਯਹਿ ਬਾਛੇ[1] ॥੧੦॥
ਧਰਹਿ ਪ੍ਰੇਮ ਨਿਜ ਅੰਕ ਬਿਠਾਰਹਿ।
ਬਾਰਿ ਬਾਰਿ ਮੁਖ ਕਮਲ ਨਿਹਾਰਹਿ।
-ਸੁਤ ਕੋ ਬੰਸ ਬ੍ਰਿੱਧਤਾ ਪਾਵਹਿ-।
ਰਿਦੈ ਬਿਚਾਰਤਿ ਮੋਦ ਉਪਾਵਹਿ ॥੧੧॥
ਸ਼੍ਰੀ ਅਜੀਤ ਸਿੰਘ ਆਂਗਨ ਮਾਂਹੀ।
ਪਾਇ ਬਿਭੂਖਨ ਸ਼ਬਦ[*] ਉਠਾਹੀਂ।
ਕਰਹਿਂ ਹਕਾਰਨਿ ਨਿਕਟ ਬਿਠਾਵਹਿਂ।
ਤਉ ਦੌਰਿ ਖੇਲਨਿ ਹਿਤ ਜਾਵਹਿਂ ॥੧੨॥
ਮਾਤ ਸੁੰਦਰੀ ਸੁੰਦਰ ਨੰਦਨ।
ਅਵਿਲੋਕਤਿ ਕਰਤਾ ਅਭਿਬੰਦਨ[2]।
ਰੱਛਾ ਠਾਨਤਿ ਅਨਿਕ ਪ੍ਰਕਾਰਨਿ।
ਦਧਿ ਓਦਨ[3] ਅਚਵਾਇ ਅਹਾਰਨਿ ॥੧੩॥
ਪਿਤਾ ਸਮੀਪ ਜਾਤਿ ਜਿਹ ਸਮੋਂ।
ਦੇਖਿ ਅਪਰ ਕੋ ਠਾਨਤਿ ਨਮੋ[4]।

---

[1]ਸੁਖ ਮੰਗਦੀ ਹੈ।
[*]ਪਾ:-ਬਸਤ੍ਰ।
[2]ਦੇਖਣ ਵਾਲੇ ਨਮਸਕਾਰ ਕਰਦੇ ਹਨ।
[3]ਦਹੀਂ ਚਾਵਲ।
[4]ਹੋਰ (ਸਿੱਖਾਂ)ਨੂੰ (ਨਮੋ ਕਰਦਿਆਂ) ਦੇਖਕੇ ਨਮਸਕਾਰ ਕਰਦੇ ਹਨ (ਅ) (ਜੇਹੜਾ) ਕੋਈ (ਸਾਹਿਬਜ਼ਾਦਿਆਂ ਨੂੰ) ਦੇਖਦਾ ਹੈ ਨਮਸਕਾਰ ਕਰਦਾ ਹੈ।

ਬਾਲਿਕ ਲੀਲਾ ਕਰਤਿ ਦਿਖਾਵਤਿ।
ਸਭਿਹਿਨ ਕੇ ਮਨ ਮੋਦ ਉਪਾਵਤਿ ॥੧੪॥
ਸ੍ਰੀ ਜ਼ੋਰਾਵਰ ਸਿੰਘ ਲਘੁ ਬਯ ਮੈਂ।
ਰਹੈਂ ਸਦਨ ਮਹਿ ਬ੍ਰਿੰਦਨ ਤਿਯ ਮੈਂ।
ਵਧਤਿ ਦੇਹਿ ਨਿਸ ਦਿਨ ਪ੍ਰਤਿਪਾਰਹਿਂ।
ਦਾਸੀ ਦੇਤਿ ਦਿਲਾਸ ਉਚਾਰਹਿਂ ॥੧੫॥
ਇਸ ਬਿਧਿ ਦ੍ਵੈ ਕਲ਼ਗੀਧਰ ਨੰਦਨ।
ਦਰਸ਼ਨ ਦੇਤਿ ਕਰਤਿ ਅਭਿਬੰਦਨ।
ਹਸਤਿ ਹਸਾਵਤਿ ਲੀਲਾ ਠਾਨਤਿ।
ਦਾਸ ਅਨੇਕ ਸਾਥ ਅਨੁਮਾਨਤਿ[1]- ॥੧੬॥
ਜਬਿ ਸਤਿਗੁਰ ਅਲਸੂਨ ਉਜਾਰਾ।
ਪਰੀ ਧਾਂਕ ਤਬਿ ਬਾਇਸ ਧਾਰਾ।
ਸਰਬ ਧਾਰ[2] ਤੇ ਤ੍ਰਾਸਤਿ[*] ਰਿਦੇ।
-ਛੀਨਹਿ ਰਾਜ ਗੁਰੂ ਜਦ ਕਦੇ- ॥੧੭॥
ਕੇਤਿਕ ਸੰਧਿ ਕਰੀ ਮਿਲਿ ਗਏ।
ਸਾਹਿਬ ਕਰਾਮਾਤ ਲਖਿ ਲਏ।
ਪਠਹਿਂ ਮੁਸਾਹਿਬ ਕੈ ਚਲਿ ਆਪ।
ਦਰਸਹਿਂ ਬਦਨ ਪਾਪ ਗਨਖਾਪ ॥੧੮॥
ਅਨਿਕ ਪ੍ਰਕਾਰ ਉਪਾਇਨ ਆਛੇ।
ਪਠਤਿ ਰਹੇ ਗੁਰ ਸੋਂ ਰਸ ਬਾਂਛੇ।
ਜੇ ਸੈਲਨ ਕੀ ਵਸਤੁ ਅਜਾਇਬ।
ਬਾਰਿ ਬਾਰਿ ਭੇਜਹਿਂ ਢਿਗ ਸਾਹਿਬ ॥੧੯॥
ਤਿਨ ਕੇ ਸੰਗ ਤਿਸੀ ਹੀ ਰੀਤ।
ਕਲ਼ਗੀਧਰ ਵਰਤਹਿਂ ਹਿਤ ਚੀਤ।
ਕ੍ਰਿਪਾ ਦ੍ਰਿਸ਼ਟਿ ਕੌ ਧਾਰਨ ਕਰੈਂ।
ਰਾਜਨੀਤ ਕੇ ਬਜੋਂਤ ਉਚਰੈਂ ॥੨੦॥
ਕੇਤਿਕ ਧਰਹਿਂ ਦੁਸ਼ਟਤਾ ਮੰਦੇ।
ਤੇ ਨਿਤ ਰਹਿਂ ਸਵਧਾਨ ਬਿਲੰਦੇ।
ਦੇ ਬੀਰਨਿ ਕੋ ਜੰਗ ਸਮਾਜੂ।

---

[1]ਨਾਲ ਦੇ ਦਾਸ ਅਨੇਕ ਤਰ੍ਹਾਂ ਨਾਲ ਅਨੁਮਾਨ ਕਰਦੇ ਹਨ (ਅ)...... ਸਤਿਕਾਰ ਕਰਦੇ ਹਨ।
[2]ਸਾਰੀਆਂ ਧਾਰਾਂ (ਦੇ ਰਾਜੇ)।
[*]ਪਾ:-ਸਰਬ ਤ੍ਰਾਸ ਕੋ ਧਾਰਤਿ।

ਰਾਖਹਿਂ ਤਜਾਰ -ਹੋਹਿਂ[੧] ਕਬਿ ਕਾਜੂ- ॥੨੧॥
ਨਰ ਅਨੰਦ ਪੁਰਿ ਬੇਮੁਖ ਜੇਈ।
ਗੁਰ ਮਹਿਮਾਂ ਕੋ ਲਖੈਂ ਨ ਤੇਈ।
ਉਰ ਮਹਿਂ ਡਰ ਧਰਿ ਕੁਮਤਿ ਗਵਾਰੇ।
ਛੋਰਿ ਸ਼ਹਿਰ ਕੋ ਭਾਜਿ ਸਿਧਾਰੇ ॥੨੨॥
ਅਪਰ ਗ੍ਰਾਮ ਪੁਰਿ ਮਹਿਂ ਚਲਿ ਬਾਸੇ।
ਦੇਖਤਿ ਲੋਕ ਕਰਹਿਂ ਸਭਿ ਹਾਸੇ।
ਕਹੂੰ ਜੀਵਕਾ ਹਾਥ ਨ ਆਈ।
ਹਾਰੇ ਕਰਿ ਕਰਿ ਅਨਿਕ ਉਪਾਈ ॥੨੩॥
ਜਿਨ ਪਰ ਕੋਪ ਗੁਰਨਿ ਕੋ ਹੋਵੈ।
ਲੋਕ ਪ੍ਰਲੋਕ ਤਿਨਹੁਂ ਕੋ ਖੋਵੈ[੨]।
ਇਹਾਂ[੩] ਸਦਾ ਦਾਰਿਦ ਬਸਿ ਰਹੈਂ।
ਮਾਂਗਹਿ ਨਹਿਂ ਬਿਰਾਟਕਾ[੪] ਲਹੈਂ ॥੨੪॥
ਤਜੈਂ ਪ੍ਰਾਨ ਜਮਦੂਤ ਹਰੰਤੇ[੫]।
ਨਰਕ ਜਾਤਨਾ[੬+] ਘਨੀ ਸਹੰਤੇ।
ਜਿਨ ਤੇ ਲੇਹਿਂ ਗੁਰੂ ਮੁਖ ਫੇਰੀ।
ਪ੍ਰਥਮ ਮਿੱਤ੍ਰ ਤਿਨ ਬਨਿ ਹੈਂ ਬੈਰੀ[੭] ॥੨੫॥
ਜਹਾਂ ਜੇਵਰੀ ਪਿਖਿ ਕਰ ਘਾਲਹਿ[੮]।
ਤਹਿਂ ਤੂਰਨ ਦਾਰੁਨ ਹ੍ਵੈ ਬਜਾਲਹਿ[੯]।
ਜਹਾਂ ਲੇਨਿ ਹਿਤ ਕੰਚਨ ਤਾਕਹਿਂ।
ਤਹਿਂ ਤਤਕਾਲ ਮੂਠ ਹ੍ਵੈ ਖਾਕਹਿ ॥੨੬॥
ਦੌਰਤਿ ਇਹਾਂ ਲਖਹਿਂ ਮੁਦ ਲੈ ਹੈਂ[੧੦]।
ਅਨਿਕ ਭਾਂਤਿ ਤਹਿਂ ਸਾਸਨ ਪੈ ਹੈਂ।

---

[੧]ਹੋਣਗੇ।
[੨]ਨਾਸ਼ ਹੋ ਜਾਂਦਾ ਹੈ।
[੩]ਇਸ ਲੋਕ ਵਿਚ।
[੪]ਕੌਡੀ।
[੫]ਪਕੜਦੇ ਹਨ।
[੬]ਤਾੜਨਾ।
[+]ਪਾ:-ਜਾਚਨਾ।
[੭]ਪਹਿਲਾਂ ਤਾਂ ਉਹਨਾਂ ਦੇ ਮਿੱਤ੍ਰ ਹੀ ਵੈਰੀ ਬਣ ਜਾਂਦੇ ਹਨ।
[੮]ਜਿੱਥੇ ਵੇਖਕੇ ਰੱਸੀ ਹੱਥ ਪਾਉਂਦੇ ਹਨ।
[੯]ਸਰਪ।
[੧੦]ਦੌੜਦੇ ਹਨ ਇਹ ਜਾਣਕੇ ਕਿ ਇੱਥੇ ਤਾਂ ਆਨੰਦ ਲਵਾਂਗੇ।

ਦੁਖ ਦਾਇਕ ਹ੍ਵੈ ਹੈਂ ਸੁਰ ਸਾਰੇ।
ਜਥਾ ਚੋਰ ਕੋ ਚਹਿਂ ਸਭਿ ਮਾਰੇ ॥੨੭॥
ਛੋਰਿ ਅਨੰਦਪੁਰਿ ਕੋ ਜੋ ਗਏ।
ਤਿਨ ਕੌ ਦੁਖਦ ਸਕਲ ਥਲ ਭਏ।
ਨਹਿਂ ਕਿਨਹੂੰ ਕੀਨੋ ਸਨਮਾਨੂ।
ਦੁਖਤਿ ਛੁਧਤਿ ਸੇ ਭਏ ਮਹਾਨੂੰ ॥੨੮॥
ਥਕਤਿ ਹੋਇ ਥਿਰ ਕੈ ਜਹਿਂ ਕਹਾਂ।
ਚਿੰਤਾਤੁਰ ਵ੍ਯਾਕੁਲ ਮਨ ਮਹਾਂ।
ਬਹੁਰ ਅਨੰਦਪੁਰਿ ਕੌ ਚਲਿ ਆਏ।
ਪਰੀ ਬਿਪਤ ਦੀਰਘ ਡਰਪਾਏ ॥੨੯॥
ਹੁਇ ਨਿਰਲਾਜ ਬਸੇ ਹਿਤ ਜੀਵਾ।
ਲਾਗੇ ਕਰਨ ਅਹਾਰ ਸਦੀਵਾ।
ਕਿਤਿਕ ਬਰਖ ਇਸ ਭਾਂਤਿ ਬਿਤਾਏ।
ਚੁਨਿ ਚੁਨਿ ਚੋਰ ਸਭੈ ਗਹਿ ਘਾਏ ॥੩੦॥
ਜੇਤਿਕ ਭਾਜ ਸ਼ਹਿਰ ਤੇ ਗਏ।
ਭੂਖ ਮਰਤਿ ਫਿਰ ਆਵਤਿ ਭਏ।
ਦਿਨ ਪ੍ਰਤਿ ਅਧਿਕ ਅਧਿਕ ਪਰਤਾਪਾ।
ਵਧੈ ਗੁਰਨਿ ਕੋ ਦੁਸ਼ਟਨਿ ਖਾਪਾ ॥੩੧॥
ਕਬਹੂੰ ਘਨੀ ਸੈਨ ਹੁਇ ਜਾਵੈ।
ਰਹੈਂ ਨਿਕਟ ਚਹੁ ਦਿਸ਼ਿ ਸਿਖ ਆਵੈਂ।
ਕਬਿਹੂੰ ਅਪਨੇ ਸਦਨ ਸਿਧਾਰਹਿਂ।
ਸੁਤ ਬਨਿਤਾ ਕੋ ਨੇਹ ਸੰਭਾਰਹਿਂ ॥੩੨॥
ਚਾਕਰ ਕਬਹੁ ਘਨੇ ਹੁਇ ਜਾਇਂ।
ਕਬਹੁ ਦਰਬ ਲੇ ਘਰਹੁ ਸਿਧਾਇਂ।
ਗੁਰ ਕੇ ਸੰਗ ਜੰਗ ਕਬਿ ਹੋਇ।
ਕਬਹੂੰ ਕਰਹਿਂ ਸੰਧਿ ਰਿਪੁ ਜੋਇ ॥੩੩॥
ਕਬਹੁ ਅਖੇਰ ਬ੍ਰਿਤ ਕੋ ਕਰੈਂ।
ਦੁੰਦਭਿ ਬਜਹਿ ਸੁਭਟ ਸੰਗ ਚਰੈਂ।
ਮਨ ਭਾਵਤਿ ਬਿਚਰਤਿ ਬਹੁ ਕਾਨਨ।
ਸ਼ੱਤ੍ਰਨਿ ਤ੍ਰਾਸ ਨਾਦ ਸੁਨਿ ਕਾਨਨਿ ॥੩੪॥
ਗ੍ਰਾਮ ਨਗਰ ਜੋ ਮਗ ਮਹਿਂ ਆਵੈ।
ਮਿਲਹਿ ਭਟ ਦੇ ਸੀਸ ਨਿਵਾਵੈ।

ਸੋ ਅਪਨੀ ਰੱਛਜਾ ਕਰਿ ਲੇਤਿ।
ਤਿਹ ਕੋ ਸੁਭਟ ਤ੍ਰਾਸ ਨਹਿਂ ਦੇਤਿ ॥੩੫॥
ਅਕਰੈ[1] ਅਹੰਕਾਰ ਤੇ ਜੋਇ।
ਆਗੇ ਨਿਕਸ ਨ ਨਰਮੀ[*] ਹੋਇਂ।
ਤਿਨ ਘਰ ਤੇ ਦਧਿ ਦੁਗਧ ਨਿਕਾਰੈਂ।
ਗਹੈਂ ਛਾਂਗ[2] ਜੇਤਿਕ ਹੁਇਂ, ਮਾਰੈਂ ॥੩੬॥
ਕਾਸ਼ਟ ਘਾਸ ਜਿ ਸੰਚਜੋ ਹੋਇ।
ਛੀਨ ਲੇਤਿ ਬਸ ਚਲੈ ਨ ਕੋਇ।
ਕਰਤੈ ਰਹੈਂ ਉਤੰਗ ਪੁਕਾਰ।
ਬੋਲੈ ਬਹੁਤ, ਖਾਹਿ ਸੋ ਮਾਰ[3] ॥੩੭॥
ਇਸ ਪ੍ਰਕਾਰ ਨਿਜ ਤੇਜ ਟਿਕਾਯੋ।
ਸਭਿ ਰਾਜਨਿ ਮਨ ਤ੍ਰਾਸ ਉਪਾਯੋ।
ਸਿਖ ਸੰਗਤਿ ਨਿਤ ਵਧਹਿ ਬਿਸਾਲਾ।
ਸਤਿਗੁਰ ਦਰਸ਼ਨ ਕਰਹਿਂ ਸੁਖਾਲਾ ॥੩੮॥
ਦੀਪਮਾਲ ਵੈਸਾਖੀ ਜੋਇ।
ਦਿਨ ਇੱਤਜਾਦਿ ਪੁਰਬ ਕੋ ਹੋਇ।
ਚਹੁੰ ਦਿਸ਼ਿਨਿ ਤੇ ਚਲਿ ਚਲਿ ਆਵਹਿਂ।
ਕਰਿ ਦਰਸ਼ਨ ਬਾਂਛਤਿ ਕੌ ਪਾਵਹਿਂ ॥੩੯॥
ਬਸਨ ਬਿਭੂਖਨ ਦਰਬ ਬਿਸਾਲਾ।
ਹਯ ਹੱਥਜਾਰ ਆਦਿ ਵਥੁ ਜਾਲਾ।
ਅਰਪਹਿਂ ਗੁਰ ਪਗ ਪੰਕਜ ਪਾਸ।
ਅਨਿਕ ਬਿਧਿਨਿ ਕੀ ਕਰਿ ਅਰਦਾਸ ॥੪੦॥
ਕੋ ਤੂਸ਼ਨ ਹੀ ਮਨ ਕਰਿ ਜਾਚੇ।
ਕੋ ਕਰ ਜੋਰਤਿ ਬਾਕ ਉਬਾਚੇ।
ਸਗਰੇ ਪਾਇਂ ਕਾਮਨਾ ਗੁਰ ਤੇ।
ਕਰਹਿਂ ਪ੍ਰੇਮ ਪਦ ਪੰਕਜ ਉਰ ਤੇ ॥੪੧॥
ਕੇਤਿਕ ਸੁਮਤਿ ਭਗਤਿ ਕੋ ਪਾਵੈਂ।
ਸਤਿ ਸੰਗਤਿ ਮਿਲਿ ਦਿਵਸ ਬਿਤਾਵੈਂ।

---

[1]ਆਕੜੇ।
[*]ਸ਼ੁਧ ਪਾਠ-ਨੰਮ੍ਰੀ-ਜਾਪਦਾ ਹੈ।
[2]ਬੱਕਰੇ।
[3]ਜੋ ਬਹੁਤ ਬੋਲੇ ਉਹ ਮਾਰ ਖਾਂਦਾ ਹੈ।

ਕੇਚਿਤ ਕਰਤਿ ਪ੍ਰੇਮ ਤੇ ਸੇਵਾ।
ਜਿਸ ਤੇ ਰੀਝਹਿਂ ਸ਼੍ਰੀ ਗੁਰਦੇਵਾ ॥੪੨॥
ਕਰਾਮਾਤਿ ਆਦਿਕ ਸਭਿ ਪਾਇ।
ਬ੍ਰਹਮ ਗ੍ਯਾਨ ਮਹਿਂ ਰਹਿਂ ਲਿਵਲਾਇ।
ਸ਼ੱਤ੍ਰ ਮਿੱਤ੍ਰ ਮਹਿਂ ਬ੍ਰਿਤੀ ਸਮਾਨਾ।
ਰਾਚੇ ਏਕ ਰੰਗ ਤਜਿ ਨਾਨਾ ॥੪੩॥
ਕੋ ਕੋ ਗਿਨੀਅਹਿ, ਤਰੇ ਅਨੇਕ।
ਭਉਜਲ ਉਬਰੇ ਪਾਇ ਬਿਬੇਕ।
ਸਿੱਧਾਂ ਸਰਬ ਪਾਇ* ਆਨੰਦੇ।
ਗੁਰ ਸੇਵੇ ਜਿਨ, ਭਾਗ ਬਿਲੰਦੇ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਗੁਰ ਪ੍ਰਤਾਪ' ਪ੍ਰਸੰਗ ਬਰਨਨੰ ਨਾਮ ਪੰਚ ਚੱਤ੍ਵਾਰਿੰਸਤੀ ਅੰਸੂ ॥੪੫॥

*ਪਾ:-ਤ੍ਯਾਗ।

੪੬. [ਦਿਲਾਵਰ ਖਾਂ ਦੇ ਪੁੱਤ੍ਰ ਦੀ ਚੜ੍ਹਾਈ]

੪੫<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੭

ਦੋਹਰਾ: ਸ਼੍ਰੀ ਜੀਤੋ ਸਤਿਸੰਗ ਕੋ, ਸੇਵਹਿ ਤਿਸਹਿ ਪ੍ਰਕਾਰ।
ਅਸਨ ਬਸਨ ਕੌ ਦੇਤਿ ਹੈ, ਕਰਿ ਉਰ ਭਾਵ ਉਦਾਰ+ ॥੧॥
ਚੌਪਈ: ਮਧੁਰ ਸਲਵਨ ਤੁਰਸ਼ ਯੁਤਿ ਸ੍ਵਾਦ।
ਕਰਵਹਿਂ ਬਿੰਜਨ ਚਾਵਰ ਆਦਿ।
ਪਾਇਸ ਬਨਹਿ ਪਾਇ ਬਿਚ ਮੇਵੇ।
ਅਥਿਤਨ ਕੌ ਹਕਾਰਿ ਬਹੁ ਦੇਵੇ ॥੨॥
ਚਾਹਤਿ ਚਿਤ ਪ੍ਰਸੰਨਤਾ ਪਤਿ ਕੀ।
ਨਿੰਮ੍ਰੀ ਰਹੈ ਸਦਾ ਗਤਿ ਮਨ ਕੀ।
ਪਿਖਹਿ ਨਗਨ ਕੋ ਬਸਨ ਉਢਾਵਹਿ।
ਇਮ ਸੰਤਨਿ ਸਿਖ ਸੇਵ ਕਮਾਵਹਿ ॥੩॥
ਪਤਿ ਮੂਰਤਿ ਉਰ ਮਹਿਂ ਦ੍ਰਿੜ੍ਹ ਵਾਸੀ।
ਨਿਸ ਦਿਨ ਪ੍ਰੇਮ ਵਧ੍ਯੋ ਅਬਿਨਾਸ਼ੀ।
ਅਧਿਕ ਰਹੈ ਦਰਸ਼ਨ ਕੀ ਲਾਲਸ।
ਸੇਵਾ ਕਰਤਿ ਨ ਠਾਨਹਿਂ ਆਲਸ ॥੪॥
ਇਮ ਸ਼੍ਰੀ ਜੀਤੋ ਕੋ ਲਖਿ ਭਾਉ।
ਬਸੀ ਪ੍ਰੇਮ ਗੁਰ ਸਹਿਜ ਸੁਭਾਉ।
ਮੰਦਿਰ ਤਿਸ ਕੇ ਚਲਿ ਕਰਿ ਆਏ।
ਅਭਿਲਾਖਾ ਪੂਰਨ ਸਮੁਦਾਏ ॥੫॥
ਤਿਥ ਨਵਮੀ ਤਬਿ ਸੁਰ ਗੁਰ ਵਾਰ[1]।
ਬਸੇ ਨਿਸਾ ਮਹਿਂ ਕਰੁਨਾ ਧਾਰਿ।
ਸੰਤਤਿ ਕੇਰ ਕਾਮਨਾ ਜਾਨੀ।
ਪ੍ਰੇਮ ਬਸੀ ਹੁਇ ਪੂਰਨ ਠਾਨੀ ॥੬॥
ਦੀਨ ਰਿਦੇ ਤਹਿ ਮੋਦ ਘਨੇਰਾ।
ਸਫਲ ਮਨੋਰਥ ਕਰਿ ਤਿਸ ਬੇਰਾ।
ਸਕਲ ਜਾਮਨੀ ਮਹਿਲ ਬਿਤਾਈ।
ਆਏ ਵਹਿਰ ਹੋਤਿ ਅਰੁਣਾਈ ॥੭॥
ਸੌਚ ਸ਼ਨਾਨ ਠਾਨਿ ਗੁਰ ਪੂਰੇ।

+ਸਤਿਸੰਗ ਦੀ ਸੇਵਾ ਸਤਿਗੁਰਾਂ ਨੇ ਆਪਣੇ ਮਹਿਲਾਂ ਤੋਂ ਹੀ ਕਰਵਾਈ ਹੈ। ਕਿਤਨਾ ਵਧੀਕ ਗੁਰ ਸਿੱਖਾਂ ਵਿਚ ਇਹ ਭਾਵ ਲੋੜੀਏ।

[1]ਵੀਰਵਾਰ।

ਬੈਠੇ ਦੇ ਦਰਸ਼ਨ ਮੁਖ ਰੂਰੇ।
ਭਈ ਸਗਰਭਾ ਦੂਜੀ ਵਾਰ।
ਸ੍ਰੀ ਜੀਤੋ ਮਨ ਅਨੰਦ ਉਦਾਰ ॥੮॥
ਜ਼ੋਰਾਵਰ ਸਿੰਘ ਸੁੰਦਰ ਸੋਹੇ।
ਖੇਲਤਿ ਬਿਚਰਤਿ ਪਗ ਬਲ ਹੋਹੇ।
ਜ਼ੇਵਰ ਜ਼ੇਬ ਜਵਾਹਰ ਜਰੇ।
ਦੌਰਤਿ ਅੰਗਨਿ ਨਾਦਤਿ ਖਰੇ[1] ॥੯॥
ਦੁਤੀ ਅਜੀਤ ਸਿੰਘ ਬਿਚਰੰਤੇ।
ਦਾਸੀ ਦਾਸ ਸਾਥ ਰਖਿਯੰਤੇ।
ਮਿਲ ਦ੍ਵੈ ਭ੍ਰਾਤਾ ਖੇਲਤਿ ਕਬੈ।
ਸੁੰਦਰਤਾ ਸਰੀਰ ਮੈਂ ਸਬੈ ॥੧੦॥
ਪਿਖਹਿਂ ਸਗੰਤਾਂ ਹਰਖਹਿਂ ਬੰਦਹਿਂ।
ਸੁੰਦਰ ਸਤਿਗੁਰ ਬੰਸ ਬਿਲੰਦਹਿ।
ਜਹਿਂ ਕਹਿਂ ਦੇਸ਼ ਬਿਦੇਸ਼ਨਿ ਬਿਖੈ।
ਕਰਹਿਂ ਸਰਾਹਨ ਪੁਨ ਪੁਨ ਪਿਖੈਂ ॥੧੧॥
ਸ੍ਰੀ ਗੁਜਰੀ ਜੁਗ ਪੌਤ੍ਰ ਹਕਾਰੈ।
ਬਾਰਿ ਬਾਰਿ[2] ਕਰਿ ਪਾਸਿ ਬਿਠਾਰੈ।
ਬਸਨ ਬਿਭੂਖਨ ਅੰਗ ਸੁਧਾਰਹਿ।
ਹੇਰਿ ਹੇਰਿ ਕਰਿ ਆਨੰਦ ਧਾਰਹਿ ॥੧੨॥
ਨਿਜ ਹਾਥਨਿ ਅਚਵਾਇ ਅਹਾਰਾ।
ਕਰਹਿ ਸਪ੍ਰੇਮ ਪੌਤ੍ਰ ਪ੍ਰਤਿਪਾਰਾ।
ਦੋਨਹੁਂ ਬਿਚਰਤਿ ਕਬਿ ਚਲਿ ਆਵੈਂ।
ਸਾਥ ਅਦਾਬ ਪਿਤਹਿ[3] ਸਿਰ ਨਜਾਵੈਂ ॥੧੩॥
ਨਿਕਟ ਬਿਠਾਇ ਕਹੈਂ ਗੁਰ ਪੂਰੇ।
'ਹੋਹਿਂ ਸ਼ਸਤ੍ਰ ਧਾਰੀ ਜੁਗ ਸੂਰੇ।
ਤੁਰਕ ਰਿਪੁਨ ਕੌ ਦੈ ਹੈਂ ਤ੍ਰਾਸਾ।
ਰਣ ਠਾਨਹਿਂ ਬਹੁ ਕਰਹਿਂ ਬਿਨਾਸ਼ਾ' ॥੧੪॥
ਇਸ ਪ੍ਰਕਾਰ ਜੁਗ ਸਾਹਿਬਜ਼ਾਦੇ।
ਬਧਹਿ ਸ਼ਰੀਰ ਹੋਹਿਂ ਅਹਿਲਾਦੇ।

---
[1]ਚੰਗੀ ਤਰ੍ਹਾਂ ਸ਼ਬਦ ਕਰਦੇ ਹਨ (ਜ਼ੇਵਰ)।
[2]ਬਲਿਹਾਰ ਬਲਿਹਾਰ ਹੋਕੇ।
[3]ਅਦਬ ਨਾਲ ਪਿਤਾ ਜੀ ਨੂੰ।

ਸ੍ਰੀ ਕਲਗੀਧਰ ਸੈਨ ਸਮੇਤਾ।
ਚਢਹਿਂ ਅਖੇਰ ਬ੍ਰਿੱਤ ਕੇ ਹੇਤਾ ॥੧੫॥
ਬੇਮੁਖ ਹੋਹਿਂ ਲੂਟ ਤਿਹ ਲੇਹੀ।
ਰੱਛਹਿਂ, ਮਿਲਹਿ ਆਨਿ ਕਰਿ ਜੇਹੀ।
ਦੂਰ ਦੂਰ ਲੌ ਤੇਜ ਬਿਸਾਲਾ।
ਬਿਦਤ ਭਯੋ ਸਭਿ ਮਹਿ ਤਿਸ ਕਾਲਾ ॥੧੬॥
'ਭੀਮਚੰਦ ਕੀ ਕਰੀ ਸਹਾਇ।
ਅਲਫ ਖਾਨ ਕੋ ਦੀਨਿ ਭਜਾਇ।'
ਤਿਸ ਕੋ[1] ਤੁਰਕ ਬਿਚਾਰਤਿ ਰਹੇ।
ਲਰਨਿ ਗੁਰੂ ਸੰਗ ਕੋ ਚਿਤ ਚਹੇ ॥੧੭॥
ਮਹਾਂਬੀਰ ਬਰ ਜਾਨਹਿਂ ਮਨ ਮਹਿਂ।
ਦੇਤਿ ਨ ਅਰਨ[2] ਅਰਿਨਿ ਕੋ[3] ਰਨ ਮਹਿਂ।
ਹੁਤੋ ਦਿਲਾਵਰ ਖਾਨ ਪਠਾਨ।
ਪੰਚ ਹਜ਼ਾਰੀ ਮਨਸਬਵਾਨ[4] ॥੧੮॥
ਸੁਨਿ ਗੁਰ ਜਸੁ ਕੋ ਤਿਸਹਿ ਨ ਸਹਜੋ।
'ਪਠੌਂ ਬਾਹਿਨੀ ਮੈਂ' ਤਬਿ ਕਹਜੋ।
ਇਮ ਕਹਿ ਤਜਾਰੀ ਕੀਨਿ ਬਿਲੰਦ।
ਬਹੁ ਸਮੁਝਾਇ ਪਠਾਯੋ ਨੰਦ[5] ॥੧੯॥
'ਜਾਹੁ ਸੈਨ ਲੈ ਸੁਭਟ ਹਜ਼ਾਰ।
ਲਰਿ ਕਰਿ ਲੇਹੁ ਅਨੰਦਪੁਰਿ ਮਾਰਿ।
ਜੇ ਕਰਿ ਦੈਹੈਂ ਦਰਬ ਘਨੇਰੇ।
ਲੈ ਕਰਿ ਤਜਿ ਆਵਹੁ ਤਿਸ ਬੇਰੇ ॥੨੦॥
ਨਤੁ ਸੰਗ੍ਰਾਮ ਕੀਜੀਅਹਿ ਭਾਰੀ।'
ਸੁਨਿ ਪਿਤ ਤੇ ਹੋਯੋ ਤਬਿ ਤਜਾਰੀ।
ਗੁਲਕਾਂ ਗਨ ਬਰੂਦ ਬਰਤਾਈ।
ਬੀਨ ਬੀਨ ਜੋਧਾ ਸਮੁਦਾਈ ॥੨੧॥
ਦੁੰਦਭਿ ਕੋ ਬਜਾਇ ਤਬਿ ਚਾਲਾ।
ਮਗ ਅਨੰਦ ਪੁਰਿ ਕੇ ਪਗ ਘਾਲਾ।

---

[1]ਤਿਸ (ਬਾਤ) ਨੂੰ।
[2]ਅੜਨ।
[3]ਵੈਰੀ ਨੂੰ।
[4]ਔਹਦੇ ਵਾਲਾ।
[5]ਪੁੱਤ੍ਰ ਨੂੰ।

-ਸਭਿ ਗਿਰਪਤਿ ਤੇ ਧਨ ਕੌ ਲੈਨਾ-।
ਆਦਿ ਦਿਲਾਵਰ ਖਾਂ ਬਡ ਸੈਨਾ[੧] ॥੨੨॥
ਗੁਰ ਦਿਸ਼ਿ ਪਠਯੋ ਪੁੱਤ੍ਰ ਕੋ ਪਹਿਲੇ।
-ਇਤ ਤੇ ਜ਼ੋਰ ਸਰਬ ਕੌ ਲਹਿ ਲੇ[੨]-।
ਇਹ ਬਿਧਿ ਉਰ ਮਹਿਂ ਧਾਰਿ ਗੁਮਾਨੀ।
ਭੇਜਯੋ ਨੰਦਨ ਕਰਿ ਅਗੁਵਾਨੀ ॥੨੩॥
'ਜਾਇ ਅਨੰਦ ਪੁਰਿ ਨਿਸ ਮਹਿਂ ਲਰਿਈ।
ਸਭਿ ਇਕ ਬਾਰਿ ਹੇਲ ਕੋ ਕਰਿਈ।'
ਇਹ ਮਸਲਤ ਕਰਿ ਪੂਤ ਪਠਾਨ।
ਭਯੋ ਅਰੂਢਨਿ ਸੈਨ ਮਹਾਨ[੩] ॥੨੪॥
ਸਰਿਤਾ ਪਾਰ ਹੁਤੋ ਤਿਸ ਡੇਰਾ।
ਭਈ ਜਾਮਨੀ ਤਿਮਰ ਘਨੇਰਾ।
ਦ੍ਵੈਕ ਘਰੀ ਬੀਤੀ ਜਬਿ ਜਾਨੀ।
ਸ਼ੀਘ੍ਰ ਤਯਾਰ ਭੀ ਚਮੂੰ ਮਹਾਨੀ ॥੨੫॥
ਚਲਿ ਕਰਿ ਸਰਿਤਾ ਕੇ ਤਟ ਆਏ।
ਸੀਤ ਕਾਲ ਠਰਿਗੇ ਕਰ ਪਾਏ[੪]।
ਕੋ ਨਰ ਹੇਰਿ ਅਨੰਦ ਪੁਰਿ ਆਯੋ।
ਪਹੁੰਚਯੋ ਜਹਿਂ ਗੁਰ ਪੌਰ ਸੁਹਾਯੋ ॥੨੬॥
ਚਹੂੰ ਦਿਸ਼ਨਿ ਮਹਿਂ ਬਹੁ ਤਕਰਾਈ।
ਚੌਂਕੀ ਦੇਤਿ ਬੀਰ ਸਮੁਦਾਈ।
ਦ੍ਵਾਰਪਾਲ ਆਲਮ ਤਹਿਂ ਖਰਯੋ।
ਤਿਹ ਕੇ ਸੰਗ ਜਸੂਸ[੫] ਉਚਰਯੋ ॥੨੭॥
'ਕਹਾਂ ਪਰੇ ਹੋ ਸੁਪਤਿ ਸੁਖਾਰੇ?
ਆਯੋ ਤੁਰਕਨ ਦਲ ਬਲ ਭਾਰੇ।
ਸੁਧਿ ਹਜ਼ੂਰ ਕੌ ਦਿਹੁ ਇਸ ਕਾਲਾ।
ਬਨੈਂ ਸੁਚੇਤ ਸਮੈਂ ਨ ਬਿਸਾਲਾ[੬]' ॥੨੮॥

---

[੧]ਦਿਲਾਵਰ ਦੀ ਵੱਡੀ ਸੈਨਾ ਆਦਿਕ ਨੇ ਅਨੰਦਪੁਰ ਦੇ ਰਸਤੇ ਪੈਰ ਰੱਖੇ ਕਿ ਸਾਰਿਆਂ ਰਾਜਿਆਂ ਤੋਂ ਧਨ ਲੈਣਾ ਹੈ।
[੨]ਇਧਰੋਂ ਭਾਵ ਗੁਰੂ ਜੀ ਵਲੋਂ ਸਾਰਿਆਂ ਦੇ ਜ਼ੋਰ ਦਾ ਪਤਾ ਲਗ ਜਾਏਗਾ।
[੩]ਮਹਾਨ ਸੈਨਾ ਸਮੇਤ।
[੪]ਹੱਥ ਪੈਰ ਠਰ ਗਏ।
[੫]ਖੁਫੀਆ ਖਬਰ ਲਿਆਉਣ ਵਾਲੇ ਨੇ।
[੬]ਬਹੁਤ ਸਮਾਂ ਨਹੀਂ (ਹੁਣ)।

ਸੁਨਿ ਆਲਮ ਦਲ ਕੋ ਆਗਵਨੁ।
ਤੂਰਨ ਪ੍ਰਵਿਸ਼ੇ ਅੰਤਰ ਭਵਨੂ।
ਕਰੁਨਾ ਸਿੰਧੁ ਪ੍ਰਯੰਕ ਸੁਹਾਏ।
ਹੁਤੇ ਮਹਾਂ ਸੁਖ ਮੈਂ ਸੁਪਤਾਏ ॥੨੯॥
ਚਰਨ ਕਮਲ ਸੁੰਦਰ ਜੁਗ ਦਰਸੇ।
ਮਰਦਤਿ ਸਨੇ ਸਨੇ ਕਰ ਪਰਸੇ।
ਭਏ ਪ੍ਰਬੋਧਤਿ[1] ਅੰਗ ਹਿਲਾਏ।
ਬੂਝੋ 'ਕਵਨ ਚਰਨ ਕਰ ਲਾਏ?' ॥੩੦॥
ਹ੍ਵੈ ਠਾਂਢੋ ਕਰਿ ਜੋਰਿ ਅਲਾਯੋ।
'ਪ੍ਰਭੁ ਜੀ ਤੁਰਕਨ ਕੋ ਦਲ ਆਯੋ।
ਚਹਤਿ ਅਨੰਦਪੁਰਿ ਬਿਖੈ ਪ੍ਰਵੇਸ਼ਾ।
ਠਾਂਢੋ ਸਰਿਤਾ ਪਾਰ ਅਸ਼ੇਸ਼ਾ[2] ॥੩੧॥
ਹੁਕਮ ਆਪਨੋ ਸੁਭਟਨ ਦੀਜੈ।
ਬਨਹਿਂ ਸੁਚੇਤ ਹੇਤ ਰਣ ਕੀਜੈ।'
ਸ਼੍ਰੀ ਮੁਖ ਤੇ ਤਤਛਿਨ ਫੁਰਮਾਯੋ।
'ਨਰ ਗਨ ਪਠਿ ਸਭਿ ਦੇਹੁ ਜਗਾਯੋ' ॥੩੨॥
ਸੁਨਿ ਕਰਿ ਆਲਮ ਤੂਰਨ ਧਰਿ ਕੈ।
ਚਮੂੰ ਬਿਲੰਦ ਜਗਾਵਨ ਕਰਿ ਕੈ।
ਬਾਜ ਉਠੇ ਰਣਜੀਤ ਨਗਾਰਾ।
ਪਰੇ ਸ਼ੋਰ ਪੁਰਿ ਮੈਂ ਤਬਿ ਭਾਰਾ ॥੩੩॥
ਨੰਦਚੰਦ ਤੇ ਆਦਿਕ ਜੋਧਾ।
ਤਤਛਿਨ ਸਾਜੀ ਹੁਇ ਧਰਿ ਕ੍ਰੋਧਾ[3]।
ਦਯਾਰਾਮ ਪ੍ਰੋਹਤ ਜੁਤਿ ਆਯੋ।
ਕਲਗ਼ੀਧਰ ਢਿਗ ਸੀਸ ਨਿਵਾਯੋ ॥੩੪॥
ਦੇਖਤਿ ਹੁਕਮ ਕੀਨਿ ਗੁਰ ਪੂਰੇ।
'ਗਮਹੁ ਅੱਗ੍ਰ ਲੈ ਕਰਿ ਸਭਿ ਸੂਰੇ।
ਮਾਰਹੁ ਦੁਸ਼ਟਨਿ ਸਮੁਖ ਤੁਫੰਗੇ।
ਤੀਨੋ ਤਹਾਂ ਭਾਨਜੇ ਸੰਗੇ' ॥੩੫॥
ਅਪਰ ਮੁਖੀ ਜੋਧਾ ਸਭਿ ਚਾਲੇ।

---

[1]ਸਾਵਧਾਨ ਹੋਏ, ਜਾਗੇ।
[2]ਸਾਰਾ ਹੀ।
[3]ਕ੍ਰੋਧ ਧਾਰ ਕੇ (ਫੌਜ) ਤਿਆਰ ਕਰ ਲਈ।

ਬਾਜੇ ਦੁੰਦਭਿ ਨਾਦ ਬਿਸਾਲੇ।
ਸ਼ਲਖੈਂ ਛੁਟੀ ਤੁਫੰਗਨ ਕੇਰੀ।
ਤੜਭੜ ਭੀ ਇਕ ਬਾਰ ਘਨੇਰੀ ॥੩੬॥
ਗਰਜੇ ਜੋਧਾ ਸ਼ਬਦ ਉਤੰਗਾ।
ਪਰਜੋ ਸ਼ੋਰ ਭਾਰੋ ਇਕ ਸੰਗਾ[1]।
ਨਿਕਸੇ ਵਹਿਰ ਨਗਰ ਤੇ ਤਬੈ।
ਸ਼ਲਖ ਤੁਫੰਗਨ ਕੀ ਕਰਿ ਸਬੈ ॥੩੭॥
ਸ੍ਰੀ ਪ੍ਰਭੁ ਮਾਨਵ ਅਪਰ ਪਠਾਯੋ।
ਸਕਲ ਬਾਹਿਨੀ ਕੌ ਸਮੁਝਾਯੋ।
-ਰੋਕਹੁ ਦੁਸ਼ਟਨ ਕੋ ਚਲਿ ਆਗਾ।
ਹਤੋ ਤੁਫੰਗ ਜੰਗ ਬਡ ਜਾਗਾ[2] ॥੩੮॥
ਸੁਨਿ ਸੁਨਿ ਬੀਰ ਚੌਂਪ ਕਰਿ ਭਲੇ।
ਸਵਾਧਾਨ ਬਨਿ ਆਗੇ ਚਲੇ।
ਬਾਜੇ ਭੇਰਨਿ ਕੇ ਭੁੰਕਾਰਾ।
ਊਚੇ ਧੌਂਸਨਿ ਕੇ ਧੁੰਕਾਰਾ ॥੩੯॥
ਬੀਰ ਬ੍ਰਿੰਦ ਕੇ ਬੋਲ ਬਕਾਰਾ[3]।
ਉਠੇ ਤੁਰੰਗਨਿ ਕੇ ਹਿਣਕਾਰਾ।
ਤੁਪਕ ਅਵਾਜ਼ ਉਠੇ ਇਕ ਵਾਰਾ।
ਉਠਯੋ ਨਾਦ ਸਰਿਤਾ ਕੋ ਪਾਰਾ ॥੪੦॥
ਇਕ ਤੌ ਸੀਤ ਕਾਲ ਬਡ ਪਾਰਾ[4]।
ਭਏ ਪਿੰਗ ਸਮ ਥਿਰ ਜਲ ਪਾਰਾ[5]।
ਹਾਥ ਪਾਵ ਜੜ੍ਹ ਸਮ ਹੁਇ ਗਏ।
ਸ਼ਸਤ੍ਰ ਉਠਾਇ ਸਕੇ ਨਹਿਂ ਲਏ[6] ॥੪੧॥
ਦੁਤੀਏ ਗੁਰ ਦਲ ਕੌ ਬਡ ਸ਼ੋਰ।
ਏਕੈ ਬਾਰਿ ਭਯੋ ਬਡ ਜ਼ੋਰ[7]।

---

[1]ਇਕੱਠਾ ਹੀ।
[2]ਗੋਲੀਆਂ ਮਾਰੋ (ਤੇ) ਜੰਗ ਵਡੇ ਥਾਂ (ਤੇ ਮਚਾਓ) ਭਾਵ ਸ਼ਹਿਰੋਂ ਦੂਰ ਅਗੇ ਵਧਕੇ (ਅ) ਵਡਾ ਜੰਗ ਲੱਗਣ ਲੱਗਾ ਹੈ।
[3]ਸੂਰਮਿਆਂ ਦਾ ਉਤਸਾਹ ਭਰਿਆ ਸ਼ੋਰ। [ਸੰਸ:, ਬੁਕਾਰ = ਸ਼ੇਰ ਦੀ ਗੱਜ]।
[4]ਪਾਲਾ।
[5]ਜਲ ਦੇ ਪਾਰ ਖੜੇ (ਵੈਰੀ) ਪਿੰਗਲੇ ਵਾਂਙੂ ਹੋ ਰਹੇ ਹਨ।
[6]ਸ਼ਸਤ੍ਰ ਚਾ ਕੇ ਹੱਥਾਂ ਵਿਚ ਫੜ ਨਹੀਂ ਸਕਦੇ।
[7]ਬੜੇ ਜ਼ੋਰ ਦਾ।

ਹੁਇ ਭੈ ਭੀਤ ਜੀਤ ਨਹਿਂ ਜਾਨੀ।
-ਨਾਹਕ ਹੋਇ ਸਭਿਨਿ ਕੀ ਹਾਨੀ- ॥੪੨॥
ਖਾਨ ਦਿਲਾਵਰ ਸੁਤ ਕੇ ਪਾਸ।
ਅਸ ਮਸਲਤ ਬੋਲੇ ਧਰਿ ਤ੍ਰਾਸ।
'ਗੁਰ ਕੇ ਸੰਗ ਜੰਗ ਕੋ ਕਰਨੋ।
ਨਹਿਂ ਆਛੀ ਲਖਿ ਹੁਇ ਅਬਿ ਮਰਨੋ ॥੪੩॥
ਸ਼ੂੰਨ ਭਏ[1] ਤਨ ਪਾਰੇ[2] ਪਰੇ।
ਸ਼ਸਤ੍ਰ ਨ ਉਠਹਿਂ ਊਚ ਕਰ ਕਰੇ[3]।
ਸਰਿਤਾ ਬਿਖੈ ਬਰਹਿਂ ਜਿਸ ਕਾਲ।
ਬਿਨ ਹੀ ਮਾਰੇ ਹੁਇਂ ਭਟ ਕਾਲ[4] ॥੪੪॥
ਕਯੋਂ ਨਾਹਕ ਦੇਤੇ ਹੋ ਪ੍ਰਾਨ।
ਉਤ ਤੇ ਪਹੁੰਚੀ ਸੈਨ ਮਹਾਨ।
ਜਿਸ ਮਹਿ ਊਚੀ ਪਰੀ ਪੁਕਾਰ।
ਕੋ ਜਾਨਹਿ ਹੁਇਂ ਕਿਤਿਕ ਹਜ਼ਾਰ ॥੪੫॥
ਛੀਨ ਲੇਹਿਂਗੇ ਲਯ ਹਥਿਯਾਰ।
ਕਰੋ ਸਮੁਖ ਸੋਂ ਲੈਹੈਂ ਮਾਰ।
ਤੁਝ ਕੋ ਭਾਖਹਿਂ[5] ਸਭਿ ਅਨਜਾਨ।
ਨਾਹਕ ਦਏ ਜਾਇ ਜਿਸ ਪ੍ਰਾਨ' ॥੪੬॥
ਮਿਲਿ ਖਾਨਨਿ ਸਮੁਝਾਵਨਿ ਕਰਯੋ।
ਲਖਿ ਗੁਰ ਬੀਰ ਬਲੀ ਉਰ ਡਰਯੋ।
ਰਹਯੋ ਠਟਕ ਤਬਿ ਨਦੀ ਕਿਨਾਰੇ।
ਨਹੀਂ ਪਾਵ[6] ਕੋ ਜਲ ਮਹਿਂ ਡਾਰੇ ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁੱਤੇ 'ਦਿਲਾਵਰ ਖਾਨ ਪੁੱਤਰ' ਪ੍ਰਸੰਗ ਬਰਨਨੰ ਨਾਮ ਖਸ਼ਟ ਚਤ੍ਵਾਰਿੰਸਤੀ ਅੰਸੂ ॥੪੬॥

---

[1]ਸੁੰਨ ਹੋ ਗਏ।
[2]ਪਾਲੇ।
[3]ਹੱਥ ਉੱਚਾ ਕਰਕੇ ਸ਼ਸਤ੍ਰ ਨਹੀਂ ਫੜੇ ਜਾਂਦੇ।
[4]ਸੁਰੇ ਮਰਨਗੇ।
[5]ਕਹਿਣਗੇ।
[6]ਪੈਰ।

੪੭. [ਖਾਨਜ਼ਾਦੇ ਦੀ ਭਾਜੜ ਤੇ ਬਰਵਾ ਲੁਟਣਾ]

੪੬<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੮

ਦੋਹਰਾ: ਪੁੱਤ੍ਰ ਦਿਲਾਵਰ ਕੋ ਤਬੈ, ਬਨਿ ਕਾਤੁਰ ਭੈ ਭੀਤ।
ਗੁਰ ਪ੍ਰਤਾਪ ਦੀਰਘ ਲਖ੍ਯੋ, ਤਜੀ ਆਸ ਨਹਿਂ ਜੀਤ[1] ॥੧॥

ਭੁਜੰਗ ਪ੍ਰਯਾਤ ਛੰਦ: ਪਰ੍ਯੋ ਭੂਰ ਪਾਰੋ[2] ਸੁ ਪਿੰਗੰ[3] ਸਮਾਨੰ।
ਸੁਨ੍ਯੋਂ ਸ਼ੋਰ ਦੂਜੇ ਚਮੂੰ ਕੇ ਮਹਾਨੰ।
ਬਿਨਾ ਜੰਗ ਤੇ ਤ੍ਰਾਸ ਕੋ ਭੂਰ ਧਾਰੇ।
ਮਿਲੇ ਸੂਮ ਸੋਫੀ[4] ਸਿਪਾਹੀ ਡਰਾਰੇ ॥੨॥
ਬਿਨਾ ਸ਼ਸਤ੍ਰ ਝਾਰੇ ਭਏ ਏਣੁ[5] ਜੈਸੇ।
ਮਹਾਂ ਮੂੜ੍ਹ ਗੀਦੀ ਚਲੇ ਭਾਜਿ ਤੈਸੇ।
'ਗੁਰੂ ਜੰਗ ਬੀਚੰ ਜਬੈ ਆਪ ਆਵੈ।
ਕਹੋ ਕੌਨ ਜੋਧਾ[6] ਸੁ ਬੀਰੰ ਥਿਰਾਵੈ ॥੩॥
ਪਰਾਜੈ ਕਰੈ[7] ਛੋਰਿ ਤੀਖੇ ਸੁ ਤੀਰੰ।'
ਇਮੰ ਬੋਲਤੇ ਜਾਤਿ ਭਾਜੇ ਸੁ ਬੀਰੰ।
ਯਥਾ ਸ਼ੇਰ ਸੂਤੋ ਉਠਹਿ ਜਾਗ ਸੋਈ।
ਕਰੀ[8] ਬ੍ਰਿੰਦ ਭਾਗੈਂ ਬਿਨਾ ਲਾਜ ਹੋਈ ॥੪॥

ਦੋਹਰਾ: ਚਲਤਿ[9] ਪੰਥ ਮੈਂ ਆਇਗੋ, ਬਰਵਾ ਗ੍ਰਾਮ ਸੁ ਨਾਮ।
ਕਰਿ ਮਸਲਤ ਲੂਟ੍ਯੋ ਤਬੈ, ਬਸਹਿਂ ਜਿਤਿਕ ਤਹਿਂ ਧਾਮ ॥੫॥

ਭੁਜੰਗ ਪ੍ਰਯਾਤ ਛੰਦ: ਨਹੀਂ ਲੋਕ ਜਾਨੈ ਭਜੇ ਭੀਰੁ ਹ੍ਵੈ ਕੈ।

---

[1](ਲੜਾਈ ਛੱਡ) ਦਿੱਤੀ (ਕਿ) ਜਿੱਤ ਦੀ ਆਸ ਨਹੀਂ ਹੈ। (ਅ) ਜਿੱਤ ਨਾ ਹੁੰਦੀ (ਦੇਖ ਕੇ) ਲੜਾਈ ਦੀ ਆਸ ਛੱਡ ਦਿੱਤੀ।
[2]ਪਾਲਾ।
[3]ਪਿੰਗਲੇ।
[4]ਅ:, ਸੂਮ = ਭੈੜੇ ਸ਼ਗਨਾਂ ਵਾਲਾ। ਸੂਫੀ = ਪਸ਼ਮ ਪਹਿਨਣ ਵਾਲਾ। ਸੂਫੀ ਨਾਮ ਫਕੀਰ ਦਾ ਬੀ ਹੈ। ਪੰਜਾਬੀ ਦੇ ਮੁਹਾਵਰੇ ਵਿਚ ਸੂਮ = ਬਖੀਲ, ਕੰਜੂਸ ਨੂੰ ਕਹਿੰਦੇ ਹਨ ਤੇ ਸੋਫ਼ੀ = ਨਸ਼ਾ ਨਾ ਪੀਣ ਵਾਲੇ ਨੂੰ। ਸੂਮ ਸੋਫੀ ਇਕੱਠੇ ਪਦ ਦਾ ਭਾਵ ਹੈ ਬਦਸ਼ਗਨਾ ਤੇ ਕੰਜੂਸ ਕਿਉਂਕਿ ਦਾਰੂ ਪੀਣ ਵਾਲੇ ਸੂਫੀ ਨੂੰ ਆਪਣੇ ਵਿਚ ਕੰਟਕ ਤੇ ਬਦਸ਼ਗਨਾ ਸਮਝਦੇ ਹਨ ਤੇ ਸੂਮ ਨੇ ਵੀ ਪੀਣੀ ਨਹੀਂ ਕਿਉਂਕਿ ਫੇਰ ਪਿਆਉਣੀ ਪੈਂਦੀ ਹੈ ਤੇ ਪਿਆਉਂਣੀ ਨਹੀਂ ਕਿਉਂਕਿ ਪੈਸੇ ਖਰਚਣੇ ਪੈਂਦੇ ਹਨ। ਕਵੀ ਜੀ ਦਾ ਕਟਾਖਜ ਇਹ ਹੈ:-ਸ਼ੂਮ = ਓਹ ਆਦਮੀ ਜੋ ਬੀਰਤਾ ਦੇ ਕੰਮਾਂ ਵਿਚ ਬਦਸ਼ਗਨਾ ਹੈ ਤੇ ਸੋਫੀ ਜੋ ਬੀਰਤਾ ਰੂਪੀ ਨਸ਼ੇ ਤੋਂ ਸੱਖਣਾ ਹੈ। (ਅ) ਦੂਜੇ ਵਾਸਤੇ ਤਾਂ ਖਰਚੇ ਕੁਛ ਨਾਂ ਤੇ ਆਪ ਬਨ ਠਨ ਕੇ ਰਹੇ ਇਹੋ ਜਿਹੇ ਆਦਮੀ ਲਈ ਬੀ ਮੁਹਾਵਰਾ ਹੈ ਕਿ ਇਹ ਤਾਂ ਸ਼ੂਮਸੋਫੀ ਹੈ।
[5]ਹਿਰਨ। ਭਾਵ ਕਮਜ਼ੋਰ ਦਿਲ।
[6]ਜੁੱਧ ਕਰਨ ਵਾਲਾ।
[7]ਹਰਾ ਦੇਂਦਾ ਹੈ, ਜਿਤ ਲੈਂਦਾ ਹੈ।
[8]ਹਾਥੀ।
[9](ਪਠਾਣਾਂ ਨੂੰ) ਜਾਂਦਿਆਂ।

ਲੁਟਯੋ ਗ੍ਰਾਮ ਕੋ ਜੋਰ ਮੂਢੰ ਜਨੈਕੈ[੧]।
ਗੁਰੂ ਊਪਰੇ ਓਜ ਲਾਗ੍ਯੋ ਨ ਕੋਈ।
ਬਲੰ ਹੀਨ ਜਾਨ੍ਯੋ ਲੁਟ੍ਯੋ ਗ੍ਰਾਮ ਸੋਈ[੨] ॥੬॥
ਜਥਾ ਬਾਨੀਓ, ਮਾਸ ਕੋ ਨਾਂਹਿ ਖਾਵੈ।
ਚਹੈ ਸ੍ਵਾਦ ਕੌ, ਰੋਰ ਕੋ ਰਿੰਧ ਖਾਵੈ[੩]।
ਤਥਾ ਮੂਢ ਕੀਨੀ, ਉਜਾਰ੍ਯੋ ਸੁ ਗ੍ਰਾਮੰ।
ਲਹ੍ਯੋ ਅੰਨ ਆਦਿਕ, ਜਿਤੀ ਸੌਜ ਧਾਮੰ ॥੭॥
ਜਥਾ ਮੱਤ ਹਾਥੀ, ਡਰੇ ਸ਼ੇਰ ਹੇਰੇ[੪]।
ਮ੍ਰਿਗੀ ਔਰ ਪੈ, ਜ਼ੋਰ ਘਾਲੈ ਘਨੇਰੇ[੫]।
ਦਰੈ ਪਾਇ ਸੰਗਾ[੬], ਤਥਾ ਗ੍ਰਾਮ ਮਾਰਾ।
ਗੁਰੂ ਸਾਵਧਾਨੀ, ਪਿਖੀ[੭] ਤ੍ਰਾਸ ਧਾਰਾ ॥੮॥

ਨਰਾਜ ਛੰਦ: ਭਲਾਨ[੮] ਆਨ ਗ੍ਰਾਮ ਕੋ, ਬਿਲੋਕਿ ਡੇਰ ਕੀਨਿਓ।
ਗੁਰੂ ਗੁਬਿੰਦ ਸਿੰਘ ਕੀ, ਨ ਓਰ ਡੀਠ ਦੀਨਿਓਂ।
ਕ੍ਰਿਪਾ ਨਿਕੇਤ ਕੀ ਕ੍ਰਿਪਾ[*], ਕ੍ਰਿਪਾਨ ਕੇਤੁ ਜਾਂਹਿ ਕੇ[੯]।
ਕਹੋ ਸੁ ਕੌਨ ਦੂਸਰੋ, ਬਿਗਾਰ ਕਾਜ ਤਾਂਹਿ ਕੇ ॥੯॥
ਭਲਾਨ ਗ੍ਰਾਮ ਮੈਂ ਮੁਕਾਮ, ਏਕ ਦੋਇ ਕੀਨਿਯਾਂ।
ਪਲਾਇ ਫੇਰ ਮੂਢ ਗੇ, ਸੁ ਧੀਰ ਛੋਰਿ ਦੀਨਿਯਾਂ।
ਪਿਤਾ ਸਮੀਪ ਜਾਇ ਕੈ, ਨਿਵਾਇ ਸੀਸ ਬੈਠਿਓ।
ਨ ਬਾਕ ਆਇ ਤੁੰਡ ਤੇ, ਸਲਾਜ ਧਾਮ ਪੈਠਿਓ[੧੦] ॥੧੦॥
ਸਭਾ ਮਝਾਰ ਖਾਨ ਕੀ, ਜਬੈ ਨ ਬੈਨ ਪ੍ਰਾਹਿ ਕੋ[੧੧]।

---

[੧]ਮੂਰਖਾਂ ਨੇ ਜੋਰ ਜਣਾਕੇ।
[੨]ਪਿੰਡ ਨੂੰ ਬਲਹੀਨ ਜਾਣਕੇ ਲੁੱਟਿਆ।
[੩]ਰੋੜਾਂ ਨੂੰ ਰਿੰਨ੍ਹ ਕੇ ਖਾਂਦਾ ਹੈ ਇਹ ਉਦਾਹਰਨ ਬਚਿੱਤ੍ਰ ਨਾਟਕ ਵਿਚੋਂ ਹੈ:-ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ।
[੪]ਸ਼ੇਰ ਵੇਖਕੇ ਡਰਿਆ ਹੋਇਆ।
[੫]ਬਹੁਤ ਜ਼ੋਰ ਪਾਂਵਦਾ ਹੈ (ਹਾਥੀ)।
[੬]ਪੈਰਾਂ ਨਾਲ ਦਲਣਾ ਕਰੇ (ਹਾਥੀ)।
[੭]ਸ਼੍ਰੀ ਗੁਰੂ ਜੀ ਦੀ ਸਾਵਧਾਨਤਾ ਦੇਖਕੇ।
[੮]ਨਾਮ ਪਿੰਡ ਦਾ।
[*]ਪਾ:-ਕ੍ਰਿਪਾ ਨਿਕੇਤ ਗੋਪਤਾ।
[੯]ਜਿਸ ਦੇ ਝੰਡੇ ਵਿਚ ਕ੍ਰਿਪਾਨ (ਦਾ ਚਿੰਨ੍ਹ) ਹੈ ਉਸ (ਕਲਗ਼ੀਧਰ ਪਰ) (ਕ੍ਰਿਪਾ ਦੇ ਨਿਕੇਤ =) ਕ੍ਰਿਪਾ ਦੇ ਘਰ ਵਾਹਿਗੁਰੂ ਦੀ ਕ੍ਰਿਪਾ ਹੈ। (ਅ) ਕ੍ਰਿਪਾਨ ਕੇਤੁ = ਅਸਿਧੁਜ ਭਾਵ) ਅਕਾਲ ਪੁਰਖ ਜੋ (ਕ੍ਰਿਪਾ ਨਿਕੇਤ =) ਕ੍ਰਿਪਾ ਦਾ ਘਰ ਹੈ ਉਸ ਦੀ ਕ੍ਰਿਪਾ ਜਿਸ ਦੇ ਉੱਤੇ ਹੈ।
[੧੦]ਸਹਿਤ ਲੱਜਿਆ ਦੇ ਘਰ ਵਿਚ ਵੜਿਆ।
[੧੧]ਕਹਿਆ ਕੋਈ।

ਗੁਲਾਮ ਧਾਮ ਤੌਨ ਕੌ, ਹੁਸੈਨ ਨਾਮ ਤਾਂਹਿ ਕੋ[੧]।
ਦਿਲਾਵਰੰ ਪਠਾਨ ਪਾਸ, ਓਜ ਆਪ ਤੋਲਿਓ।
ਹੰਕਾਰ ਧਾਰਿ ਭੂਰ ਕੋ[੨], ਗ਼ਰੂਰ ਸੰਗ ਬੋਲਿਓ ॥੧੧॥
'ਗੁਰੂ ਗੁਬਿੰਦ ਸਿੰਘ ਪੈ, ਪੁਰੇ ਅਨੰਦ ਜਾਇ ਹੌਂ।
ਬਰੌਂ[੩] ਸੁ ਦੂਣ ਤਾਂਹਿ, ਮਾਰਿ ਦੂਨ ਦ੍ਰਬ[੪] ਲਜਾਇ ਹੌਂ।
ਕਰੌਂ ਸੁ ਜੀਤ ਜ਼ੇਰ[੫] ਮੈਂ, ਬਿਲੰਦ ਦੰਡ ਦੇਇ ਹੈ[੬]।
ਨਹੀਂ ਤ ਲੋਹ ਕ੍ਰੋਹ ਕੋ, ਸੁ ਸੀਸ ਆਪ ਲੇਇ ਹੈ[੭] ॥੧੨॥
ਸੁ ਦੇਇ ਮੋਹਿ ਆਗਿਆ, ਸਮੇਤ ਬ੍ਰਿੰਦ ਬਾਹਿਨੀ।
ਸਿਧਾਇ ਸ਼ੀਘ੍ਰ ਜੀਤ ਹੌਂ, ਫਰੰਕ ਬਾਹਿ ਦਾਹਣੀ[੮]।'
ਦਿਲਾਵਰਾ ਪਠਾਨ, 'ਸਾਧ ਸਾਧ' ਤਾਂਹਿ ਭਾਖਿਯੋ।
ਉਛਾਹਿ ਕੋ ਬਿਸਾਲ ਧਾਰਿ, ਜੰਗ ਕੋ ਭਿਲਾਖਯੋ ॥੧੩॥
ਸਮੂਹ ਸੈਨ ਤਜਾਰ, ਦ੍ਵੈ ਹਜ਼ਾਰ ਸੰਗ ਦੀਨਿਯਾਂ।
ਬਰੂਦ ਬ੍ਰਿੰਦ ਗੋਰੀਯਾਂ, ਖਤੰਗ, ਚਾਂਪ ਚੀਨਿਯਾਂ[੯]।
ਗ਼ਰੂਰ ਭੂਰ ਸੂਰਮਾਨ, ਬੀਨ ਬੀਨ ਲੀਨਿਯੋਂ।
ਤੁਰੰਗ ਜ਼ੀਨ ਤੰਗ ਐਂਚਿ, ਐਂਚਿ[੧੦] ਤਜਾਰ ਕੀਨਿਯੋ ॥੧੪॥
ਅਰੂਢ ਹ੍ਵੈ ਬਜਾਇ, ਦੁੰਦਭਾਨ ਬ੍ਰਿੰਦ ਚਾਲਿਯੋ।
ਪੁਰੇ ਅਨੰਦ ਸ਼੍ਰੀ ਗੁਰੂ, ਅਨੰਦ ਮੈਂ ਬਿਸ਼ਾਲਯੋ[੧੧]।
ਜਬੈ ਪਠਾਨ ਪੂਤ ਸ੍ਰੂਯ[੧੨], ਸ਼ੋਰ ਕੋ ਮਹਾਨਯੋ।
ਅਧੀਨ ਹੋਇ ਭੀਰੁ ਭੇ, ਭਲਾਨ ਕੌ ਪਲਾਨਯੋਂ ॥੧੫॥
ਬਿਲੋਕਿ ਦੂਰ ਦੂਰ ਲੌਂ, ਦਿਵਾਨ ਨੰਦ ਚੰਦ ਹੀ।
ਥਿਰੇ ਲਰੰਨ ਹੇਤੁ ਸੋ, ਲਏ ਚਮੂੰ ਬਿਲੰਦ ਹੀ।
ਉਡੀਕ ਕੀਨਿ ਸ਼ੱਤ੍ਰੂ ਕੀ, ਬਚਿੱਤ੍ਰ[੧੩] ਜੰਗ ਦੇਨ ਕੋ।

---

[੧]ਤਿਸ ਦੇ ਘਰ ਦਾ ਨੌਕਰ ਹੁਸੈਨ ਨਾਮ ਸੀ ਤਿਸ ਦਾ।
[੨]ਬਹੁਤੇ ਹੰਕਾਰ ਨੂੰ ਧਾਰਕੇ।
[੩]ਪ੍ਰਵੇਸ਼ ਕਰਕੇ।
[੪]ਦੁਗਣਾ ਧਨ।
[੫]ਜਿੱਤ ਕੇ ਅਧੀਨ ਕਰਾਂਗਾ।
[੬]ਬਹੁਤ ਦੰਡ (ਦਾ ਧਨ) ਦੇਵੇਗਾ।
[੭]ਲੋਹ (= ਸ਼ਸਤ੍ਰਾਂ) ਦਾ ਕ੍ਰੋਧ ਆਪਣੇ ਸਿਰ ਤੇ ਲਵੇਗਾ।
[੮]ਫਰਕਦੀ ਹੈ ਭੁਜਾ ਸੱਜੀ (ਮੇਰੀ)।
[੯]ਧਨੁਖ ਦੇਖੇ। (ਅ) ਚੀਨੀ ਧਨੁਖ।
[੧੦]ਖਿੱਚ ਖਿੱਚ ਕੇ।
[੧੧]ਬੜੇ ਅਨੰਦ ਵਿਚ (ਹਨ)।
[੧੨]ਸੁਣਿਆਂ।
[੧੩]ਸੁਹਣਾ।

ਪਰਾ[1] ਬਨਾਇ ਸੈਨ ਕੋ, ਅਗਾਊ ਆਇ ਲੈਨ ਕੋ ॥੧੬॥
ਸੁਨ੍ਯੋ ਜਬੈ ਪਲਾਇਗੋ, ਬਿਜੈ ਲਈ ਮਹਾਨ ਕੋ।
ਅਨੰਦ ਹ੍ਵੈ ਸੁ ਜੀਤ ਕੋ, ਬਜਾਇ ਕੈ ਨਿਸ਼ਾਨ[2] ਕੋ।
ਤੁਫੰਗ ਬ੍ਰਿੰਦ ਛੋਰਿਯਾਂ, ਅਵਾਜ਼ ਦੂਰ ਦੂਰ ਮੇਂ।
ਗ਼ਰੂਰ ਭੂਰ ਪੂਰ ਕੈ, ਗਰੂਰ[*] ਨੂਰ ਸੂਰਮੇ[3] ॥੧੭॥
ਸਮਾਜ ਪੁੰਜ ਗਾਮ ਕੈ[4], ਪੁਰੇ ਅਨੰਦ ਕੋ ਮੁਰੇ।
ਧਰੇ ਅਨੰਦ ਕੋ ਸਬੈ, ਜੈਕਾਰ ਦੀਹ ਕੋ ਕਰੇਂ।
ਪ੍ਰਵੇਸ਼ ਹ੍ਵੈ ਅਸ਼ੇਸ਼ ਹੀ, ਵਿਸ਼ੇਸ਼ ਜੀਤ ਪਾਇ ਕੈ।
ਤੁਰੰਗ ਆਪ ਆਪਨੇ, ਸੁ ਥਾਨ ਮੈਂ ਟਿਕਾਇ ਕੈ ॥੧੮॥
ਰਹੀ ਸੁ ਜਾਮ ਜਾਮਨੀ, ਕ੍ਰਿਪਾ ਨਿਕੇਤ[5] ਜਾਨਿ ਕੈ।
ਤਬੈ ਸੁ ਤਜਾਗਿ ਨੀਂਦ ਕੌ, ਸ਼ਨਾਨ ਸੌਚ ਠਾਨਿ ਕੈ।
ਧਰੇ ਸ਼ਰੀਰ ਚੀਰ ਕੋ, ਸੁ ਬੀਰ ਦੇਹਿ ਧੀਰਜੰ।
ਸਜਾਇ ਆਯੁਧਾਨ ਕੌ, ਬਿਸਾਲ ਜਾਂਹਿ ਬੀਰਜੰ[6] ॥੧੯॥
ਪ੍ਰਤੀਖਤੰ ਨਿਜੰ ਦਲੰ, ਬਲੰ ਬਿਲੰਦ ਜੰਗ ਕੋ[7]।
ਪ੍ਰਭਾਤਿ ਲੌ ਪ੍ਰਭੁ ਥਿਰੇ, ਨ ਜਾਨ ਕੌਨ ਢੰਗ ਕੋ[8]।
ਅਰੂਢਿ ਮਾਰਤੰਡ[9] ਤੇ, ਪ੍ਰਚੰਡ ਸੂਰ[10] ਆਇ ਕੈ।
ਅਨੰਦ[11] ਨੰਦ ਚੰਦ ਆਦਿ, ਬੰਦਨਾ ਸੁ ਗਾਇ ਕੈ ॥੨੦॥
ਸੁਨਾਇੰ ਜੰਗ ਬਾਰਤਾ, 'ਉਡੀਕ ਸ਼ੱਤ੍ਰ ਕੀਨਿਯਾ।

---

[1]ਸਫ ਬੰਨ੍ਹ ਕੇ।
[2]ਧੌਂਸੇ।
[*]ਪਾ:-ਕਰੂਰ।
[3]ਭਾਰੇ (ਗ਼ਰੂਰ =) ਹੰਕਾਰ ਵਿਚ ਭਰੇ ਜਾ ਕੇ ਰਣ ਦੇ ਵਡੇ ਬਲਵਾਨ ਸੂਰਮੇ
[ਅ:, ਗ਼ਰੂਰ = ਹੰਕਾਰ। ਹਿੰ: ਗ਼ਰੂਰ ਨੂਰ = ਗੁਰੂ+ਗਨ+ਊਰ। ਗੁਰੂ = ਭਾਰੇ। ਰਨ = ਮੈਦਾਨ ਜੰਗ। ਊਰ = ਊਰਜ = ਬਲ]। (ਅ) ਵਡੇ ਹੰਕਾਰ ਵਿਚ ਭਰਕੇ ਵਡੇ ਚਮਕਾਰ ਵਾਲੇ ਸੂਰਮੇ। (ੲ) ਵਡੇ ਹੰਕਾਰ ਨਾਲ ਭਰਕੇ ਹੰਕਾਰ ਦੇ ਨੂਰ ਨਾਲ (ਚਮਕਦੇ) ਸੂਰੇ।
[4]ਸਮੂਹ ਸੂਰਮਿਆਂ ਦਾ ਸਮਾਜ ਗੱਜ ਕੇ।
[5]ਭਾਵ ਸ਼੍ਰੀ ਕਲਗੀਧਰ ਜੀ।
[6]ਜਿਸਦਾ ਮਹਾਂ ਬਲ ਹੈ।
[7]ਉਡੀਕਦੇ ਹਨ ਆਪਣੇ ਦਲ ਨੂੰ ਜਿਸਦਾ ਬਲ ਜੰਗ ਲਈ ਬਹੁਤ ਵਡਾ ਹੈ।
[8]ਸਵੇਰ ਤਾਈਂ ਖੜੇ ਰਹੇ (ਯਾ ਟਿਕੇ ਰਹੇ) ਕੋਈ ਨਹੀਂ ਜਾਣਦਾ ਜੋ ਕਿਸ ਲਈ (ਖੜੇ ਹਨ), ਕਵੀ ਜੀ ਦੱਸਦੇ ਹਨ ਕਿ ਕਿਸੇ ਨੂੰ ਪਤਾ ਨਹੀਂ ਲਗਾ ਕਿ ਸ਼ਸਤ੍ਰ ਧਾਰਕੇ ਪਹਿਰ ਭਰ ਕਿਉਂ (ਖੜੇ) ਰਹੇ, ਹੁਣ ਸਮਝ ਸੱਕਣਾ ਤਾਂ ਖਰਾ ਕਠਨ ਹੈ। ਖਿਆਲ ਹੋ ਸਕਦਾ ਹੈ ਕਿ ਆਤਮ ਬਲ ਆਪਣੀ ਸੈਨਾ ਵਿਚ ਧਿਆਨ ਨਾਲ ਭਰਦੇ ਰਹੇ ਹਨ।
[9]ਸੂਰਜ ਚੜ੍ਹੇ ਤੇ।
[10]ਤੇਜ ਵਾਲੇ ਸੂਰਮੇ।
[11]ਅਨੰਦ ਸਮੇਤ।

ਭਯੋ ਨ ਆਇ ਸਾਮੁਹੇ, ਬਿਸਾਲ ਤ੍ਰਾਸ ਭੀਨਿਯਾ।
ਪ੍ਰਤਾਪੁ ਦੀਹ ਆਪ ਕੋ, ਸਕੈ ਨ ਆਇ ਤੀਰ ਕੋ।
ਪ੍ਰਸਿੱਧ ਦੇਸ਼ ਬ੍ਰਿੰਦ ਮੈਂ, ਸਹੈ ਸੁ ਕੌਨ ਤੀਰ ਕੋ ॥੨੧॥
ਨਦੀ ਕਿਨਾਰ ਪਾਰ ਕੋ, ਨ ਪਾਇ ਨੀਰ ਬੋਰਿਓ[1]।
ਅਧੀਰ ਭੀਰੁ ਭੂਰ ਹ੍ਵੈ, ਉਛਾਹਿ ਜੁੱਧ ਛੋਰਜੋ।'
ਕ੍ਰਿਪਾ ਨਿਧਾਨ ਸ੍ਰੂਯ[2] ਕਾਨ, ਬੈਨ ਕੋ ਬਖਾਨਿਓ।
'ਸਹਾਇ ਸ੍ਰੀ ਅਕਾਲ ਕੀ, ਬਿਸ਼ਾਲ ਤੇ[3] ਪਲਾਨਿਓ[*] ॥੨੨॥
ਮਹਾਨ ਮਾਨ ਹਾਨਿਯੇ[4], ਕ੍ਰਿਪਾਨ ਬਾਨ ਸੰਗ ਹੀ।
ਬਹੋਰ ਸ਼ੱਤ੍ਰ ਆਇ ਹੈਂ[5], ਮਚਾਇ ਦਾਇ ਜੰਗ ਹੀਂ[6]।
ਸਮੇਤ ਬ੍ਰਿੰਦ ਸੈਨ, ਸਾਵਧਾਨ ਹੀ ਰਹੀਜਿਯੇ।
ਤੁਰੰਗ ਆਯੁਧਾਨ ਕੋ, ਭਟਾਨ ਬਾਂਟ ਦੀਜਿਯੇ' ॥੨੩॥
ਪੁਰੇ ਅਨੰਦ ਮੈਂ ਅਨੰਦ, ਯੌਂ ਬਿਲੰਦ ਹੋਇਓ।
ਦਿਵਾਨ ਮੈਂ ਦਿਵਾਨ ਸਾਥ[7], ਯੌਂ ਪ੍ਰਭੁ ਪ੍ਰਭੋਇਓ[8]।
ਉਤੈ ਪਠਾਨ ਕੋ ਗੁਲਾਮ, ਜ਼ੋਰ ਸੈਨ ਆਇਓ[9]।
ਹੁਸੈਨ ਨਾਮ ਜਾਸ ਕੌ, ਪ੍ਰਤਾਪ ਕੋ ਜਨਾਇਓ ॥੨੪॥
ਪੁਰਾ ਪਯਾਨਿ[10] ਆਨਿ ਕੈ, ਅਵਾਨ ਗ੍ਰਾਮ[11] ਲੂਟਿਓ।
ਭਯੋ ਜੁ ਕੋਇ ਸਾਮੁਹੇ, ਸੁ ਠਾਨਿ ਜੰਗ ਕੂਟਿਓ।
ਸਮਾਜ ਗ੍ਰਾਮ ਧਾਮ ਕੋ[12], ਸੁ ਛੀਨ ਛੀਨ ਲੀਨਿਓ।
ਜਨਾਇ ਜ਼ੋਰ ਆਪਨੋ, ਹੰਕਾਰ ਪੀਨ ਕੀਨਿਓ ॥੨੫॥
ਬਹੋਰ ਡੱਢਵਾਰਿਯਾ[13], ਸੰਗ੍ਰਾਮ ਘਾਲਿ[14] ਜੀਤਿਓ।

---

[1]ਨਦੀ ਦੇ ਪਾਰਲੇ ਕਿਨਾਰੇ ਤੇ (ਰਿਹਾ) ਉਸ ਨੇ ਜਲ ਵਿਚ ਪੈਰ ਬੀ ਨਾ ਡੋਬਿਆ।
[2]ਸੁਣ ਕੇ।
[3]ਭਾਰੀ ਸਹਾਇਤਾ ਨਾਲ।
[*]ਕਿੰਨਾਂ ਨਿੰਮ੍ਰਤਾ ਭਰਿਆ ਭਰੋਸਾ ਸਿਖਾ ਰਹੇ ਹਨ।
[4]ਹੰਕਾਰ ਨੂੰ ਨਾਸ਼ ਕਰਨਾ।
[5]ਫੇਰ ਵੈਰੀ ਔਣਗੇ।
[6]ਜੰਗ ਦਾ ਦਾਉ ਲਗਾ ਕੇ।
[7]ਸਭਾ ਵਿਚ ਦਿਵਾਨ ਨੰਦ ਚੰਦ ਨਾਲ।
[8]ਕਹਿਆ।
[9]ਭਾਵ ਦਿਲਾਵਰਖਾਨ ਪਠਾਣ ਦਾ ਨੌਕਰ ਜੋੜ ਕੇ ਸੈਨਾ ਆ ਰਿਹਾ ਹੈ।
[10]ਪਹਿਲਾਂ ਚਲ ਕੇ।
[11]ਨਾਮ ਹੈ ਪਿੰਡ ਦਾ।
[12]ਪਿੰਡ ਦੇ ਘਰਾਂ ਦਾ।
[13]ਫਿਰ ਡਢਵਾਲੀਏ ਨੂੰ।
[14]ਕਰ ਕੇ।

ਸੁ ਦੰਡ ਲੀਨ ਦਰਬ ਕੋ, ਕੁਨੀਤਿ ਮੈਂ ਪ੍ਰਤੀਤਯੋ[੧]।
ਕਿਤੇ ਕ ਸੈਲ ਰਾਜ, ਮੇਲ ਹੇਤੁ ਪਾਸ ਆਵਹੀਂ।
ਸਮੂਹ ਤੇ ਸੁ ਲੇਤਿ, ਦਾਮ[੨] ਦੰਡ ਕੋ ਚੁਕਾਵਹੀ ॥੨੬॥
ਕਿਤੇਕ ਸੈਲਪਾਲ ਕੇ, ਸੁ ਨੰਦ ਬੰਦ ਮੈਂ ਕਿਯੋ[੩]।
'ਬਿਲੰਦ ਦਰਬ ਦੇਹਿੰਗੇ, ਤੇ ਛੋਰਿਹੈਂ' ਸੁਨੈ ਦਿਏ।
ਕਟੋਚੀਆ ਕ੍ਰਿਪਾਲ, ਭੀਮਚੰਦ ਕੋ ਕਲੂਰਿਯਾ।
ਮਿਲੇ ਅਕੋਰ ਦੇਇ ਦੇਇ, ਹੇਰਿ ਓਜ ਪੂਰਿਯਾ[੪+] ॥੨੭॥
ਬਿਸਾਲ ਦੂਨ ਮੈਂ ਪ੍ਰਵੇਸ਼, ਲੂਟ ਲੂਟ ਲੀਨਿਓਂ।
ਸਤ੍ਰਾਸ ਭੀਰ ਭੂਰ ਹ੍ਵੈ, ਕਿਸੂ ਨ ਜੰਗ ਕੀਨਿਓਂ।
ਮਹਾਨ ਅੰਨ ਛੀਨ ਛੀਨ, ਸੈਨ ਬਾਂਟ ਦੀਨਿਯੰ।
ਰਿਦੇ ਗੁਰੂ ਪੁਰੋਨ ਕੌ[੫], ਪ੍ਰਭਾਵ ਨਾਂਹਿ ਚੀਨਿਯੰ ॥੨੮॥
ਕਰੰਤਿ ਕਾਜ ਖੋਟ ਕੌ, ਬਿਚਾਰ ਕੌ ਨ ਠਾਨਿਯੰ।
ਬਿਸਾਲ ਮੂਢ ਆਤਮਾ, ਗ਼ੁਲਾਮ ਬੁੱਧਿਵਾਨਯੰ[੬]।
ਨਿਵੇਸ ਘਾਲਿ ਦੂਨ ਮੈਂ, ਜਨਾਇ ਜੋਰ ਆਪਨੋ।
ਖਸੋਟ ਲੇਤਿ ਕਾਂਹੁ ਕੌ, ਮਹਾਨ ਦੇਤਿ ਤਾਪਨੋ[੭] ॥੨੯॥
ਬਿਨਾਇ ਦ੍ਵੈਸ਼ ਕੇਤਨੰ[*], ਕਰੰਤਿ ਓਤਪਾਤਿ ਕੌ[੮]।
ਸਤ੍ਰਾਸ ਹੋਇ ਦੂਣ ਮੈਂ, ਨ ਕੋਪ ਧਾਰਿ ਘਾਤ ਕੌ[੯]।
ਮਿਲੈਂ ਅਨੇਕ ਆਨਿ ਕੈ, ਅਕੋਰ ਹਾਥ ਜੋਰਿ ਕੈ।
ਕਿਤੇਕ ਭਾਜਿ ਜਾਤਿ ਹੈਂ, ਕਿਤੇਕ ਲੈਂ ਨਿਹੋਰਿ ਕੈ[੧੦] ॥੩੦॥

---

[੧]ਕੁਨੀਤੀ ਵਿਚ ਭਰੋਸੇ ਵਾਲਾ ਹੋਇਆ (ਹੁਸੈਨੀ) ਭਾਵ ਜ਼ੁਲਮ ਕਰਨ ਲੱਗਾ।
[੨]ਦਮੜੇ, ਰੁਪੱਯੇ।
[੩]ਪਹਾੜੀ ਰਾਜਿਆਂ ਦੇ ਪੁੱਤ੍ਰ ਕੈਦ ਕੀਤੇ।
[੪]ਪੂਰਾ ਬਲ ਵਾਲਾ ਦੇਖਕੇ।
[+]ਪਾ:-ਹੇਰਿਯੋ ਸੁ ਘੂਰਿਆ।
[੫]ਪੂਰਨ ਗੁਰੂ ਦਾ।
[੬]ਗ਼ੁਲਾਮਾਂ ਵਾਲੀ ਬੁੱਧੀ ਰੱਖਣ ਵਾਲਾ। (ਖੋਟੇ ਕਾਜ ਕਰਨ ਵਿਚ)।
[੭]ਸਜ਼ਾ।
[*]ਪਾ:-'ਬਿਹਾਇ ਦਜੋਸ ਕੇਤਨੈ'
ਅਤੇ
'ਬਿਤਾਇ ਦਜੋਸ ਕੇਤਨੈ'
ਬੀ ਦੋ ਪਾਠਾਂਤ੍ਰ ਹੋਰ ਦੱਸੀਦੇ ਹਨ।
ਛਾਪੇ ਵਿਚ ਪਾਠ ਹੈ:-
ਬਿਜਾਇ ਦ੍ਵੈਸ਼ ਕੇਤਨੇ।
[੮]ਬਿਨਾਂ ਦ੍ਵੈਸ਼ ਕਰਨ ਦੇ ਬੀ ਕਿੰਨਿਆਂ ਨਾਲ ਉਪੱਦ੍ਰਵ ਕੀਤੇ।
[੯]ਕਿਸੇ (ਪਹਾੜੀਏ) ਨੂੰ (ਉਨ੍ਹਾਂ ਨੂੰ) ਮਾਰਨ ਲਈ ਕ੍ਰੋਧ ਨਾ ਆਇਆ।
[੧੦]ਕਿੰਨੇ ਕੁ ਬੇਨਤੀ ਕਰਕੇ (ਭੇਟਾ) ਲੈਕੇ (ਮਿਲਦੇ ਹਨ)।

ਦੋਹਰਾ: ਇਸ ਪ੍ਰਕਾਰ ਸਭਿ ਦੂਣ ਮਹਿਂ,
ਘਾਲਯੋ ਜੋਰ ਸੁਜੋਰ[1]।
ਅਭਿਲਾਖਤਿ ਮੂਰਖ ਰਿਦੇ,
-ਚਲੌਂ ਅਨੰਦਪੁਰਿ ਓਰ- ॥੩੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਹੁਸੈਨੀ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਚਤਵਾਰਿੰਸਤੀ ਅੰਸੂ ॥੪੭॥

---

[1]ਭਾਵ ਬਹੁਤਾ ਜ਼ੋਰ। (ਅ) (ਹੋਰਨਾਂ ਨੂੰ ਨਾਲ) ਜੋੜਕੇ ਜ਼ੋਰ ਪਾਇਆ।

੪੮. [ਗੁਪਾਲ ਤੇ ਹੁਸੈਨੀ ਦੀ ਸੁਲਹ ਲਈ ਸੰਗਤੀਆ ਸਿੰਘ ਆਇਆ]

੪੭<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੪੯

ਦੋਹਰਾ: ਭੂਪ ਕ੍ਰਿਪਾਲ ਕਟੋਚੀਆ, ਭੀਮਚੰਦ ਤੇ ਆਦਿ।
ਮਿਲੇ ਸੁ ਰਾਖਹਿਂ ਨਿਕਟ ਤਿਸ, ਕਹਿ ਸਾਦਰ ਸੰਬਾਦ[੧] ॥੧॥
ਚੌਪਈ: ਇਕਠੀ ਸੈਨ ਕਰਿਤ ਸਮੁਦਾਯਾ।
ਚਹੈ ਅਨੰਦ ਪੁਰਿ ਗੁਰੂ ਢਿਗ ਆਯਾ।
-ਸੰਘਰ ਘਾਲ[੨] ਘਨੋ ਘਮਸਾਨਾ।
ਕਰੋਂ ਪਰਾਜਯ, ਕੈ ਹੁਇ ਹਾਨਾ[੩] ॥੨॥
ਦੇਉਂ ਚਮੂੰ ਕੋ ਜ਼ੋਰ ਬਡੇਰਾ।
ਮਿਲਹਿਂ ਤ ਲੈਹੋਂ ਦਰਬ ਘਨੇਰਾ।
ਭੇਜਯੋ ਪੁੱਤ੍ਰ ਦਿਲਾਵਰ ਖਾਨ।
ਜਿਨ ਤੇ ਡਰ ਹਟਿ ਗਯੋ ਨਿਦਾਨ[੪] ॥੩॥
ਤਿਸ ਕਾਰਨ ਤੇ ਮੈਂ ਚਢਿ ਆਯੋ।
ਸੰਚਿ[੫] ਘਨੋ ਦਲ ਸੰਗ ਪਠਾਯੋ।
ਨਹੀਂ ਅਨੰਦਪੁਰਿ ਮਾਰੌਂ ਜਾਵਦ।
ਬਨੈ ਨ ਹਟਿ ਕਰਿ ਜੈਬੋ ਤਾਵਦ ॥੪॥
ਲਰਿਬੇ ਕੋ ਬਲ ਕੇਤਿਕ ਧਰੈਂ।
ਦੇਖੋਂ ਅਬਿ ਜੇਤੋ ਰਣ ਕਰੈਂ-।
ਇਮ ਗਿਨਿ ਗਿਨਿ ਮਨ ਠਾਨਹਿ ਤਯਾਰੀ।
ਦਿਨ ਪ੍ਰਤਿ ਮੇਲ ਕਿਯੋ[੬] ਦਲ ਭਾਰੀ ॥੫॥
ਤਜੇਂ ਤਜੇਂ ਕਰਿ ਹੰਕਾਰ ਘਨੇਰਾ।
ਚਹੈਂ ਅਨੰਦਪੁਰਿ ਪਾਵਨ ਘੇਰਾ।
ਨੰਦ ਚੰਦ ਤੇ ਆਦਿ ਮਸੰਦ।
ਸ਼੍ਰੀ ਗੁਜਰੀ ਯੁਤਿ ਦੁਖਿਤਿ ਬਿਲੰਦ ॥੬॥
ਤੀਨ ਭਾਨਜੇ ਪ੍ਰੋਹਿਤ ਔਰ।
ਸਮੁਝਾਵਹਿਂ ਸੋਢੀ ਕੁਲ ਮੌਰ।

---

[੧]ਜੋ ਮੇਲ ਕਰਦਾ ਹੈ ਉਸ ਨੂੰ ਆਦਰ ਨਾਲ ਪਾਸ ਰੱਖਦੇ ਹਨ ਤੇ ਦੱਸਦੇ ਹਨ (ਗੁਰੂ ਜੀ ਨਾਲ) ਝਗੜੇ ਦੀ ਗਲ। (ਅ) ਮਿਲੇ ਹਨ (ਹੁਸੈਨੀ ਨਾਲ) (ਜੋ ਉਨ੍ਹਾਂ ਨੂੰ ਆਦਰ ਨਾਲ ਕੋਲ ਰੱਖਦਾ ਹੈ ਉਸ ਨੂੰ (ਉਹ ਰਾਜੇ ਗੁਰੂ ਜੀ ਨਾਲ) ਝਗੜੇ ਦੀ ਗਲ ਕਹਿੰਦੇ ਹਨ।
[੨]ਜੰਗ ਕਰਾਂਗਾ ਵਡੇ ਘਮਸਾਨ ਦਾ। (ਅ) ਘੇਰਾ ਪਾਕੇ ਘਮਸਾਨ ਕਰਾਂਗਾ।
[੩]ਜਿੱਤ ਲਵਾਂਗਾ ਜਾਂ ਮਾਰਿਆ ਜਾਏਗਾ।
[੪]ਮੂਰਖ (ਦਿਲਾਵਰ ਦਾ ਪੁੱਤ੍ਰ)।
[੫]ਇਕੱਠਾ ਕਰਕੇ।
[੬]ਕੱਠ ਕੀਤਾ।

'ਮਹਾਰਾਜ! ਤੁਮ ਅਹੋ ਨਿਚਿੰਤ।
ਪਰਯੋ ਨੇਰ ਸ਼ੱਤ੍ਰੂ ਬਲਵੰਤ ॥੭॥
ਤੁਮ ਸੋਂ ਚਾਹਤਿ ਕਰਯੋ ਲਰਾਈ।
ਆਜ ਕਾਲ ਮੈਂ ਦੇਰ ਨ ਕਾਈ।
ਸਭਿ ਗਿਰਪਤਿ ਦੈ ਦੈ ਬਹੁ ਧਨ ਕੌਂ।
ਮਿਲੇ ਜਾਤਿ ਹਤਿ ਧੀਰਜ ਮਨ ਕੋ ॥੮॥
ਕਯੋਂ ਨ ਕਰੋ ਅਪਨੀ ਤਕਰਾਈ।
ਕੈ ਮਸੰਦ ਦਿਹੁ ਅੱਗ੍ਰ ਪਠਾਈ।
ਸੰਧਿ ਕਰਹੁ ਨਹਿਂ ਬੈਰ ਵਧਾਵਹੁ।
ਜਯੋਂ ਕਯੋਂ ਕਰਿ ਇਤ ਤੇ ਉਲਟਾਵਹੁ ॥੯॥
ਸੈਨ ਘਨੀ ਸੰਗ, ਕਰੋ ਨ ਰਨ ਕੋ[1]।
ਫੇਰ ਦੇਹੁ ਕੁਛ ਦੇ ਕਰਿ ਧਨ ਕੋ।'

ਗੁਜਰੀ ਆਦਿਕ ਜਬਿ ਇਮ ਕਹਯੋ।
ਮਿਲਨਿ ਹੇਤੁ ਸਭਿਹਿਨਿ ਕਹਿ ਲਹਯੋ[2] ॥੧੦॥

ਗਰਜੇ ਸਭਾ ਬੀਚ ਬਲ ਭਾਰੀ।
'ਹਮ ਇਨ ਕੀ ਜੜ ਦੇਇਂ ਉਖਾਰੀ।
ਰਾਜ ਪ੍ਰਤਾਪ ਦੂਰ ਸਭਿ ਜੈ ਹੈ।
ਨਹੀਂ ਨਗਾਰਬੰਦ ਕੋ ਹ੍ਵੈ ਹੈ ॥੧੧॥
ਧਨ ਗਨ ਛੀਨਹਿਂ ਰੰਕ ਬਨਾਵਹਿਂ।
ਨਿਜ ਦਾਸਨ ਕੋ ਰਾਜ ਵਧਾਵਹਿਂ।
ਜੇ ਗ਼ੁਲਾਮ ਲੇ ਦਲ ਸਮੁਦਾਈ।
ਆਇ ਕਰੈ ਹਮ ਸੰਗ ਲਰਾਈ ॥੧੨॥
ਇਮ ਰਣ ਕਰਹਿਂ ਉਪਾਵਹਿਂ ਤ੍ਰਾਸਾ।
ਹੱਥਜਾਰਨ ਤੇ ਹੋਇ ਬਿਨਾਸ਼ਾ।
ਖੜਗਕੇਤੁ ਕੋ ਕੌਤਕ ਪਿਖੋ।
ਕਹਾਂ ਕਰਤਿ ਹੈ ਸੁਖ ਸੋਂ ਲਖੋ ॥੧੩॥
ਅਪਰ ਥਾਨ ਹੀ ਮਰਿ ਕਰਿ ਰਹੇ।
ਹਮਰੀ ਨਹਿਂ ਸਮੀਪਤਾ ਲਹੇ।
ਘਟਾ ਸਮਾਨ ਬਨਾਵਤਿ ਆਵੈ।
ਕਾਲ ਕਰਮ ਕੋ ਮਰਮ ਨ ਪਾਵੈ ॥੧੪॥

---
[1](ਸ਼ੱਤ੍ਰੂ ਪਾਸ) ਸੈਨਾ ਬਹੁਤੀ (ਹੈ ਤਾਂਤੇ ਉਸ ਨਾਲ) ਜੰਗ ਨਾ ਕਰੋ।
[2]ਕਹਿੰਦੇ ਹਨ ਸਾਰੇ (ਏਹ) ਜਾਣਿਆਂ (ਗੁਰੂ ਜੀ ਨੇ)।

ਬਾਯੁ ਮਨਿੰਦ ਉਡਾਇ ਖਪਾਵੈ[1]।
ਪਿਖਿਨਿ ਰਹੇ ਕਿਤ, ਸੁਨਿਯ ਨ ਜਾਵੈ[2]।
ਤਊ ਨੰਦ ਚੰਦ! ਸੁਨੀਯਹਿ ਕਾਨ।
ਰਨ ਸਮਾਜ ਕਰਿ ਬਨਿ ਸਵਧਾਨ ॥੧੫॥
ਗੁਲਕਾਂ ਗਨ ਬਰੂਦ ਬਰਤਾਵੋ।
ਸੁਧਿ ਕੋ ਰਖੋ ਜਸੂਸ ਪਠਾਵੋ।
ਸਰਬ ਪ੍ਰਕਾਰ ਧਰਿ ਤਕਰਾਈ।
ਆਵਹਿ ਰਣ ਕਰਿ ਹੈਂ ਅਗਵਾਈ[3]' ॥੧੬॥
ਇਸਿ ਬਿਧਿ ਕਥਾ ਅਨੰਦਪੁਰਿ ਕੇਰੀ।
ਦ੍ਰਿੜ੍ਹਤਾ ਕਰਹਿ ਦਿਵਾਨ ਬਡੇਰੀ।
ਚਮੂੰ ਬ੍ਰਿੰਦ ਕੋ ਰਾਖਿ ਬਟੋਰੀ।
ਬਿਚਰਤਿ ਹੈਂ ਅਰੂਢਿ ਚਹੂੰ ਓਰੀ ॥੧੭॥
ਉਤੇ ਹੁਸੈਨ ਖਾਨ ਹੰਕਾਰੀ।
ਕੇਰ ਬਟੋਰਨ ਭਾ ਦਲ ਭਾਰੀ।
ਭਯੋ ਸੁ ਤਯਾਰ ਅਨੰਦ ਪੁਰਿ ਆਵਨ।
ਤਬਿ ਗੁਪਾਲ[4] ਨਰ ਕੀਨਿ ਪਠਾਵਨ ॥੧੮॥
'ਤ੍ਰਾਸ ਗੁਲੇਰੀਆਨ ਕੇ ਮਨ ਕੋ।
ਮਿਲਯੋ ਚਹਿਤ ਦੇ ਕਰਿ ਕੁਛ ਧਨ ਕੋ।'
ਸੁਨਿ ਹੁਸੈਨ ਤਿਨ ਨਿਕਟ ਹਕਾਰਾ।
[5]'ਮਿਲਹੁ ਮੋਹਿ ਕੌ ਬਿਨਾ ਅਵਾਰਾ ॥੧੯॥
ਜਥਾ ਅਪਰ ਨ੍ਰਿਪ ਦੀਨਸਿ ਦਰਬਾ।
ਤਿਮ ਇਹ[6] ਦੇਹਿ ਮਿਲਹੁ ਸੰਗ ਸਰਬਾ[7]।
ਸੈਨ ਸਮੇਤ ਕਟੋਚੀ ਜੈਸੇ।
ਭੀਮਚੰਦ ਕਹਿਲੂਰੀ ਤੈਸੇ ॥੨੦॥
ਤਥਾ ਗੁਪਾਲ ਗੁਲੇਰੀ ਆਇ।

---

[1]ਨਾਸ਼ ਕਰੇਗਾ (ਪਰਮੇਸ਼ੁਰ)।
[2]ਦੇਖਣਾ ਤਾਂ ਕਿਤੇ ਰਹਿਆ ਸੁਣਿਆਂ ਨਹੀਂ ਜਾਵੇਗਾ।
[3]ਜੇ ਆਵੇ ਤਾਂ ਅੱਗੋਂ ਜੰਗ ਕਰਾਂਗੇ।
(ਅ) ਜੇ ਜੰਗ ਕਰਨ ਆਵੇ ਤਾਂ ਅਗਵਾਈ ਕਰਾਂਗੇ, ਭਾਵ ਵਧ ਕੇ ਲੜਾਂਗੇ।
[4]ਰਾਜਾ ਗੁਪਾਲ ਨੇ।
[5]ਦੂਤ ਨੂੰ ਹੁਸੈਨਾ ਕਹਿੰਦਾ ਹੈ।
[6]ਗੁਪਾਲ।
[7]ਸਾਰਿਆਂ ਨਾਲ ਮਿਲ ਜਾਓ।

ਰਹੈ ਸੰਗ ਮਮ ਜਿਤ ਚਢਿ ਜਾਇ[੧]।'
ਇਮ ਸੁਨਿ ਦੂਤ ਗਯੋ ਨ੍ਰਿਪ ਤੀਰ।
ਕਥ ਹੁਸੈਨ ਕੀ ਕਹੀ ਸੁ ਧੀਰ[੨] ॥੨੧॥
ਸੁਨਿ ਗੋਪਾਲ ਲੀਨਿ ਕੁਛ ਦਰਬ।
ਚਢਿ ਕਰਿ ਚਲ੍ਯੋ ਸੰਗ ਲੇ ਸਰਬ।
ਰਾਮ ਸਿੰਘ ਇਕ ਸੈਲਪ ਆਨ[੩]।
ਚਲ੍ਯੋ ਗੁਪਾਲ ਸੰਗ ਹਿਤ ਠਾਨਿ ॥੨੨॥
[੪]ਜੇ ਕਰਿ ਇਹ ਨਹਿਂ ਹੋਤਿ ਬਖੇਰਾ[੫]।
ਖਾਨ ਹੁਸੈਨ ਗੁਮਾਨ ਘਨੇਰਾ।
ਤੌ ਦਿਨ ਦੋ ਇਕ ਮੈਂ ਕਰਿ ਤਯਾਰੀ।
ਹੁਤੋ ਸਕੇਲ੍ਯੋ ਦਲ ਭਟ ਭਾਰੀ ॥੨੩॥
ਆਇ ਅਨੰਦਪੁਰਿ ਘਾਲਤਿ ਜ਼ੋਰ।
ਲੇ ਗਿਰਪਤਿ ਸਭਿ ਅਪਨੀ ਓਰ।
ਹੋਤਿ ਘੋਰ ਘਮਸਾਨ ਘਨੇਰਾ[੬]।
ਲਸ਼ਕਰ ਜਿਸ ਕੇ ਸੰਗ ਬਡੇਰਾ ॥੨੪॥
ਹੋਇ ਪਰਤ ਜਿਮ ਸਤਿਗੁਰ ਕਰਤੇ[੭]।
ਕਿਯ ਸਹਾਇ ਅਬਿ ਅਸਿਧੁਜ ਕਰਤੇ[੮]।
ਭਾ ਪਹਾਰੀਅਨਿ ਸੰਗ ਬਖੇਰਾ।
ਪਰ੍ਯੋ ਗਰੇ[*] ਤਿਨ ਜੰਗ ਬਡੇਰਾ ॥੨੫॥
ਕਾਲ ਕਰਮ ਸੋ ਪ੍ਰੇਰਨ ਕਰੇ।
ਆਪਸ ਬਿਖੈ ਸਪਰਧਾ[੯] ਧਰੇ।
ਰਾਮ ਸਿੰਘ ਕੇ ਸਹਿਤ ਗੁਪਾਲ।
ਆਨਿ ਪਹੁੰਚ੍ਯੋ ਤਹਿਂ ਜਿਸ ਕਾਲ ॥੨੬॥
ਬਾਸੁਰ ਜਾਮ ਰਹ੍ਯੋ ਤਬਿ ਆਯੋ।

---

[੧]ਜਿਧਰ ਮੈਂ ਚੜ੍ਹ ਜਾਵਾਂ।
[੨]ਧੀਰਜ ਨਾਲ।
[੩]ਪਹਾੜੀ ਰਾਜਾ ਹੋਰ ਸੀ।
[੪]ਕਵੀ ਕਹਿੰਦਾ ਹੈ।
[੫]ਇਸ ਬਖੇੜੇ ਦਾ ਅਗੇ ਵਰਨਨ ਆਵੇਗਾ।
[੬]ਭਾਵ, ਬੜਾ ਭਯਾਨਕ ਜੰਗ ਹੁੰਦਾ।
[੭]ਜਿਵੇਂ ਸਤਿਗੁਰ ਕਰਦੇ ਤਿਵੇਂ ਹੀ ਹੋ ਜਾਂਦੀ।
[੮]ਹੁਣ ਪ੍ਰਮਾਤਮਾਂ ਕਰਤੇ ਨੇ (ਸ੍ਰੀ ਕਲਗ਼ੀਧਰ ਜੀ ਦੀ) ਸਹਾਇਤਾ ਕੀਤੀ।
[*]ਪਾ:-ਹੁਤੋ।
[੯]ਈਰਖਾ।

ਪਿਖਿ ਹੁਸੈਨ ਮਨ ਬਹੁ ਗਰਬਾਯੋ।
ਭੀਮਚੰਦ ਜਿਹ ਸੰਗ ਕਹਲੂਰੀ।
ਅਰੁ ਕਟੋਚ ਸੰਗ ਸੈਨਾ ਭੂਰੀ ॥੨੭॥
ਲਖੈ -ਕਿ ਮਹਿਂ ਮਹਿਂ[1] ਮੋ ਸਮ ਔਰ ਨ।
ਭਯੋ ਤ੍ਰਾਸ ਮੋ ਤੇ ਸਭਿ ਠੌਰਨ।
ਚਹੌਂ ਰਾਜ ਜਿਹ ਛੀਨ ਨਿਕਾਰੌਂ।
ਜਿਹ ਕੋ[2] ਚਹੌਂ ਬਾਂਧਿ ਕਰਿ ਡਾਰੌਂ ॥੧੭॥
ਦਰਬ ਦੰਡ ਕੋ ਪੂਰਬ ਲੈ ਕੇ।
ਦਲਜੁਤਿ ਪੁਨ ਗੁਪਾਲ ਸੰਗ ਕੈ ਕੈ।
ਲਰਿ ਹੌਂ ਸ਼੍ਰੀ ਗੁਬਿੰਦ ਸਿੰਘ ਸੰਗ।
ਬਡ ਲਸ਼ਕਰ ਤੇ ਘਾਲਹੁਂ ਜੰਗ ॥੨੯॥
ਛੀਨ ਅਨੰਦ ਪੁਰਿ ਵਹਿਰ ਨਿਕਾਰੋਂ।
ਨਿਜ ਸ੍ਵਾਮੀ ਕੀ ਕਾਰ ਸੁਧਾਰੋਂ-।
ਨਿਜ ਮੰਤ੍ਰੀਨ ਸੰਗ ਇਮ ਕਹੈ।
ਲਰਨਿ ਗੁਰੂ ਸੰਗ ਨਿਸ ਦਿਨ ਚਹੈ ॥੩੦॥
ਮਿਲਜੋ ਗੁਪਾਲ ਹੁਸੈਨੀ ਸਾਥ।
ਦੇਨਿ ਲਗਜੋ ਧਨ ਲਜਾਇ ਜੁ ਹਾਥ।
ਗਰਬਤਿ ਕੇ[3] ਪਸੰਦ ਨਹਿਂ ਆਵਾ।
ਕਹਤਿ ਭਯੋ 'ਇਹ ਥੋਰੋ ਲਜਾਵਾ ॥੩੧॥
ਇਸ ਤੇ ਦੁਗਨ ਆਨਿ ਜਬਿ ਦੀਜੈ।
ਪੀਛੇ ਮੇਲ ਮੋਹਿ ਸੰਗ ਕੀਜੈ।
ਜੇ ਨਹਿਂ ਦੇਹੁ ਤੋਹਿ ਰਜਧਾਨੀ।
ਛੀਨੌਂ ਜਾਨਿ ਕਰੌਂ ਸਭਿ ਹਾਨੀ[4]' ॥੩੨॥
ਸੁਨਿ ਗੁਪਾਲ ਨ੍ਰਿਪ ਸੋ ਨਹਿਂ ਮਾਨੀ।
ਕਪਟ ਠਾਨਿ ਕਰਿ ਗਿਰਾ ਬਖਾਨੀ।
'ਆਨੌਂ ਜਾਇ ਸਦਨ ਕਉ ਹੇਰਿ।
ਲੇ ਧਨ ਮਿਲਹਿਂ ਪਹੁੰਚ ਕਰਿ ਫੇਰ' ॥੩੩॥
ਰਿਪੁ ਤੇ ਦੂਰ ਨਿਕਸ ਜਬਿ ਗਯੋ।

---

[1]ਪ੍ਰਿਥਵੀ ਵਿਚ।
[2]ਜਿਸ ਨੂੰ।
[3]ਹੰਕਾਰੀ ਦੇ।
[4]ਜਾਣ ਲੈ ਕਿ ਖੋਹਕੇ ਸਾਰੀ ਨਾਸ਼ ਕਰ ਦਿਆਂਗਾ।

ਸਭਿ ਧਨ ਸਾਂਭ ਪਯਾਨਾ ਕਿਯੋ।
ਕਹਤਿ ਭਯੋ, 'ਇਹ ਭੀ ਨਹਿਂ ਦੈ ਹੈਂ।
ਸਮੁਖ ਹੋਇ ਕਰਿ ਲੋਹ ਬਜੈ ਹੈਂ' ॥੩੪॥
ਇਮ ਕਹਿ ਪਹੁੰਚਜੋ ਜਾਇ ਗੁਲੇਰ।
ਤਕਰਾਈ ਬਹੁ ਕਰਿ ਤਿਸ ਬੇਰ।
ਲਖਜੋ ਹੁਸੈਨਖਾਨ ਜਬਿ ਐਸੇ।
ਜਗਜੋ ਕ੍ਰੋਧ ਹੁਇ ਪਾਵਕ ਜੈਸੇ ॥੩੫॥
ਲੋਚਨ ਬਦਨ ਲਾਲ ਹੁਇ ਗਯੋ।
ਭਲਾ ਬੁਰਾ ਕਛੁ ਲਖਤਿ ਨ ਭਯੋ।
ਕਹਜੋ 'ਤੁਰਤ ਦੁੰਦਭਿ ਬਜਵਾਇ।
ਸਕਲ ਅਰੂਢਹੁ ਬਿਲਮ ਬਿਹਾਇ' ॥੩੬॥
ਚਢਜੋ ਚਮੂੰ ਲੈ ਬਜਜੋ ਨਗਾਰਾ।
ਜਾਇ ਤਹਾਂ ਪੁਰਿ ਘੇਰੋ ਡਾਰਾ।
ਵਸਤੁ ਵਹਿਰ ਤੇ ਪਹੁੰਚਤਿ ਅੰਤਰ[1]।
ਰਾਖੀ ਸਗਰੀ ਬਰਜਿ ਨਿਰੰਤਰ ॥੩੭॥
ਤ੍ਰਿਣ ਅੰਨਾਦਿਕ ਸਕਲ ਹਟਾਯੋ।
'ਹਤੋ ਹੇਲ ਕਰਿ[2]' ਭਾਖਿ ਪਠਾਯੋ।
ਜਬਿ ਕਛੁ ਪਹੁੰਚਨਿ ਦਿਯੋ ਨ ਅੰਤਰ।
ਸੂਰ ਸਮੂਹ ਰਿਸਾਇ ਨਿਰੰਤਰ ॥੩੮॥
ਕਹਜੋ ਗੁਪਾਲ ਸੰਗ 'ਰਣ ਕਰੈਂ।
ਨਿਕਸਿ ਵਹਿਰ ਹਮ ਹਤਿ ਹਤਿ ਲਰੈਂ[3]।'
ਨ੍ਰਿਪ ਸੁਨਿ 'ਧੀਰਜ' ਭਟਨਿ ਅਲਾਯੋ।
ਸੰਧਿ ਕਰਨਿ ਕੋ ਦੂਤ ਪਠਾਯੋ ॥੩੯॥
ਹੁਤੋ ਗ਼ੁਲਾਮ ਦਿਲਾਵਰਖਾਨਾ।
ਹੇਰਿ[4] ਹੁਸੈਨਖਾਨ ਗਰਬਾਨਾ।
ਸੈਨ ਪਠਾਨੀ ਜਾਨ ਮਹਾਨੀ।
'ਲਰਿ ਕਰਿ ਮਾਰੋ' ਮਸਲਤ ਠਾਨੀ ॥੪੦॥
ਦੂਤ ਆਨਿ ਜਬਿ ਬਾਤ ਸੁਨਾਈ।

---

[1]ਜੋ ਅੰਦਰ ਪਹੁੰਚਦੀ ਸੀ।
[2]ਮਾਰੋ ਹੱਲਾ ਕਰਕੇ।
[3](ਸ਼ਸਤ੍ਰ) ਮਾਰ ਮਾਰਕੇ ਲੜਾਂਗੇ।
[4]ਦੇਖ ਕੇ (ਦੂਤ ਨੂੰ)।

ਨਹਿਂ ਮਾਨੀ ਰਿਸ ਧਾਰਿ ਅਲਾਈ।
'ਦਸ ਹਜ਼ਾਰ ਅਬਿ ਧਨ ਗਿਨ ਲੈਹੌਂ।
ਤੌ ਗੁਪਾਲ ਕੋ ਰਸ ਰਖਵੈਹੌਂ ॥੪੧॥
ਨਾਂਹਿ ਤ ਲਰ ਕਰਿ ਛੀਨੌਂ ਰਾਜ।
ਲੂਟ ਲੇਇ ਹੌਂ ਸਕਲ ਸਮਾਜ।'
ਇਸ ਪ੍ਰਕਾਰ ਜਬਿ ਫਿਰੇ ਦੁਬਾਰੇ*।
ਸ੍ਰੀ ਗੁਰ ਕੇ ਭਟ ਕਿਤਿਕ ਹਕਾਰੇ[੧] ॥੪੨॥
ਆਨਿ ਬੇਨਤੀ ਜਬਹਿ ਉਚਾਰੀ।
'ਨ੍ਰਿਪ ਗੁਪਾਲ ਹੈ ਸ਼ਰਣ ਤੁਹਾਰੀ।
ਪਠੋ ਦਾਸ ਪਰਧਾਨ ਜੁ ਹੋਇ।
ਤੁਰਕਨਿ ਸੰਗ ਮਿਲਾਵਹਿਂ[੨] ਸੋਇ' ॥੪੩॥
ਸ੍ਰੀ ਕਲਗ਼ੀਧਰ ਸੁਨਤਿ ਬਿਚਾਰਾ।
ਸੰਗਤੀਆ ਸਿੰਘ ਨਿਕਟ ਹਕਾਰਾ।
ਸਪਤ ਸਊਰ ਤਾਂਹਿ ਸੰਗ ਕੀਨੇ।
'ਗਮਨਹੁਂ ਨ੍ਰਿਪ ਗੁਪਾਲ ਢਿਗ ਚੀਨੇ ॥੪੪॥
ਜਿਮ ਗੁਲੇਰੀਏ ਕੋ ਹੁਇ ਭਲੋ।
ਤਿਮ ਸਭਿ ਕਰੋ, ਤਾਂਹਿ ਸੰਗ ਮਿਲੋ[੩]।'
ਪ੍ਰਭੁ ਤੇ ਰੁਖਸਦ ਹੁਇ ਕਰਿ ਗਯੋ।
ਤਿਸੀ[੪] ਸੈਨ ਮਹਿਂ ਮਿਲਤੋ ਭਯੋ ॥੪੫॥
ਭੀਮਚੰਦ ਅਰੁ ਦੁਤੀ ਕ੍ਰਿਪਾਲ।
ਮੇਲ ਕਰਾਵਨਿ ਚਹਤੋ ਗੁਪਾਲ।
ਸੰਗਤੀਆ ਸਿੰਘ ਦੁਹਨ ਹਕਾਰਾ[੫]।
ਪਠਨਿ ਹੇਤੁ ਕਹੁ[੬] ਬਾਕ ਉਚਾਰਾ ॥੪੬॥
'ਦੇ ਕਰਿ ਧਰਮ[੭] ਲਜਾਉ ਤੂੰ ਜਾਇ।
ਸੰਗ ਹੁਸੈਨ ਸੁ ਦੇਹੁ ਮਿਲਾਇ।

*ਪਾ:-ਨਿਹਾਰੇ।
[੧](ਗੁਪਾਲ ਨੇ) ਸੱਦੇ।
[੨]ਮੇਲ ਕਰਾ ਦੇਵੇ।
[੩]ਨਾਲ ਮਿਲ ਕੇ।
[੪]ਭਾਵ ਹੁਸੈਨੀ ਦੀ ਸੈਨਾ ਵਿਚ।
[੫]ਦੁਹਾਂ (ਕ੍ਰਪਾਲ ਤੇ ਭੀਮਚੰਦ ਨੇ) ਬੁਲਾਇਆ।
[੬]ਭੇਜਣ ਦੇ ਵਾਸਤੇ।
[੭]ਭਾਵ ਧਰਮ ਦੀ ਸੌਂਹ।

ਗੁਰ ਕੋ ਦਾਸ ਪਤਜਾਵਹਿ ਤੋਹੀ[੧+]।
ਕਰਹਿ ਕਾਜ ਇਮ ਸ਼ਾਂਤਿ ਸੁ ਹੋਹੀ ॥੪੭॥
ਦੋਹਰਾ: ਕਹੋ ਸਕਲ ਕੇ ਧਰਮ ਕਰਿ[੨], ਆਛੀ ਰੀਤਿ ਪਕਾਇ।'
ਸੰਗਤੀਆ ਸਿੰਘ ਤਬਿ ਗਯੋ, ਜਹਿਂ ਗੁਪਾਲ ਗਿਰਰਾਇ[++] ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਗੁਪਾਲ ਹੁਸੈਨੀ' ਪ੍ਰਸੰਗ ਬਰਨਨੰ ਨਾਮ ਅਸ਼ਟ ਚੱਤਵਾਰਿੰਸਤੀ ਅੰਸੂ ॥੪੮॥

---

[੧]ਤੂੰ ਗੁਰੂ ਦਾ ਦਾਸ ਹੈਂ। (ਇਉਂ) ਭਰੋਸਾ ਕਰੇਗਾ ਤੇਰੇ ਪਰ।
[+]ਲੋਕਾਂ ਦੇ ਦਿਲਾਂ ਵਿਚ ਗੁਰੂ ਕੇ ਸਿੱਖਾਂ ਦਾ ਕਿੰਨਾ ਭਰੋਸਾ ਸੀ।
[੨]ਸਾਰਿਆਂ ਦੇ ਧਰਮ ਦੀ ਸੌਂਹ ਦੇ ਕਰਿਕੇ।
[++]ਗੁਰੂ ਸਾਹਿਬ ਦਾ ਹੁਕਮ ਸੰਗਤੀਆ ਸਿੰਘ ਨੂੰ ਇਹ ਸੀ ਕਿ ਹਰ ਤਰ੍ਹਾਂ ਗੁਪਾਲ ਦੀ ਸਹਾਇਤਾ ਕਰਨੀ ਹੈ; ਜਿਸ ਵਿਚ ਇਸ ਦਾ ਭਲਾ ਹੋਵੇ। ਗੁਪਾਲ ਨੇ ਆਪਣਾ ਭਲਾ ਇਸ ਵੇਲੇ ਸੁਲਹ ਵਿਚ ਜਾਤਾ ਹੈ, ਇਸ ਕਰਕੇ ਸੰਗਤੀਆਂ ਸਿੰਘ ਨੇ ਵਿਚ ਹੋਕੇ ਸਹਾਇਤਾ ਕੀਤੀ ਹੈ।

੪੯. [ਹੁਸੈਨੀ ਬੱਧ ਗੁਪਾਲ ਦੀ ਫਤਹ। ਜੁਝਾਰ ਸਿੰਘ ਜਨਮ]

੪੮<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>੫੦

ਦੋਹਰਾ: ਭੇਜਯੋ ਸਭਿਹਿਨਿ ਕੋ ਜਬੈ,
ਮਿਲ਼ਯੋ ਗੁਪਾਲਹਿ ਜਾਇ।
ਆਸ਼ੈ ਕਹ੍ਯੋ ਸੁਨਾਇ ਕਰਿ,
'ਚਲਹੁ ਮਿਲਹੁ ਗਿਰਰਾਇ ॥੧॥
ਚੌਪਈ: ਤੋਹਿ ਭਲੇ ਹਿਤ ਮੋਹਿ ਪਠਾਯੋ।
ਯਾਂ ਤੇ ਧਰਮ ਹੇਤੁ ਕਰਿ ਆਯੋ[1]।
ਨਹਿਂ ਬਿਗਰਹਿਂਗੇ ਸੰਗ ਤਿਹਾਰੇ।
ਕਰੀ ਬਾਤ ਮੈਂ ਅਨਿਕ ਪ੍ਰਕਾਰੇ ॥੨॥
ਜੇ ਕਰਿ ਧਰਮ ਜਾਹਿਂਗੇ ਹਾਰ।
ਸ਼੍ਰੀ ਸਤਿਗੁਰ ਮੈਂ ਦੀਨਿ ਮਝਾਰ।
ਤਉ ਫਤੇ ਤੇਰੀ ਤਬਿ ਹੋਇ।
ਧਰਮ ਹੀਨ ਰਿਪੁ ਹਾਰਹਿਂ ਸੋਇ' ॥੩॥
ਇੱਤਯਾਦਿਕ ਨ੍ਰਿਪ ਕੋ ਸਮੁਝਾਯੋ।
ਗੁਰ ਕੋ ਨਾਮ ਸੁਨਤਿ ਹੁਲਸਾਯੋ।
ਕਹਤਿ ਭਯੋ 'ਜੇ ਪ੍ਰਭੁ ਬਿਚ ਆਏ।
ਤੌ ਸੰਦੇਹ ਨਹਿਂ ਮੁਝ ਬਨਿ ਆਏ' ॥੪॥
ਸੰਗਤੀਆ ਸਿੰਘ ਕੇ ਸੰਗ ਭਯੋ।
ਵਹਿਰ ਨਿਕਸਿ ਗਨ ਦਲ ਯੁਤਿ ਅਯੋ।
ਭੀਮਚੰਦ ਅਰੁ ਜਹਾਂ ਕ੍ਰਿਪਾਲ।
ਤਹਾਂ ਆਨਿ ਕਰਿ ਮਿਲ਼ਯੋ ਗੁਪਾਲ ॥੫॥
ਬੈਠੇ ਸਭਿ ਮਸਲਤ ਕੌ ਕੀਨਿ।
ਖਾਨ ਹੁਸੈਨ ਸੰਗ ਬਡ ਲੀਨਿ।
'ਦਸ ਹਜ਼ਾਰ ਦੀਜੈ ਧਨ ਆਨਿ।
ਤੌ ਮੇਲਹਿਂ ਇਹ ਨਿਸ਼ਚੈ ਜਾਨਿ' ॥੬॥
ਸੁਨਿ ਗੁਪਾਲ ਬੋਲ਼ਯੋ 'ਧਨ ਏਤੋ।
ਹੌਂ ਨਹਿਂ ਦੇਤਿ ਲਰੈ ਰਿਪੁ ਕੇਤੌ[2]।'
ਜਬਿ ਕ੍ਰਿਪਾਲ ਹੁਇ ਬੈਠਸਿ ਨਜ਼ਾਰੋ।
ਭੀਮਚੰਦ ਕੇ ਸੰਗ ਬਿਚਾਰੋ ॥੭॥

---

[1]ਧਰਮ (ਮੈਂ ਜਾਮਨੀ) ਵਿਚ ਦੇਕੇ ਆਇਆ ਹਾਂ।
[2]ਇਤਨਾ ਧਨ ਮੈਂ (ਕਦੇ) ਨਹੀਂ ਦਿਆਂਗਾ (ਭਾਵੇਂ) ਵੈਰੀ ਕਿਤਨਾ ਹੀ ਲੜੇ।

'ਐਸ ਘਾਤਿ[1] ਫਿਰਿ ਹਾਥ ਨ ਐਹੈ।
ਸਭਿਹੂੰ ਫੇਰਿ ਸਮੋਂ ਛਲਿ ਜੈਹੈ[2]।
ਗੋਪਾਲੈ ਸੁ ਅਬੈ ਗਹਿ ਲੀਜੈ।
ਕੈਦ ਕੀਜੀਐ ਕੈ ਬਧ ਕੀਜੈ[3]' ॥੮॥
ਤਿਨ ਸੁਧਿ ਜਬਹਿ ਤਨਕ ਸੁਨਿ ਪਾਈ।
ਨਿਜ ਦਲ ਬਿਖੈ ਗਯੋ ਨ੍ਰਿਪ ਧਾਈ।
ਲਖਯੋ ਕ੍ਰਿਪਾਲ -ਭਾਜਿ ਇਹ ਚਾਲਾ-।
ਕੋਪਯੋ ਹਿੰਮਤ ਸਹਿਤ ਬਿਸਾਲਾ ॥੯॥
ਖਾਨ ਹੁਸੈਨ ਘਾਲਿ ਘਮਸਾਨਾ।
ਲਰੇ ਸਰਬ ਹੀ ਬਜੇ ਨਿਸ਼ਾਨਾ[4]।
ਇਤ ਨ੍ਰਿਪ ਦੁਇ ਜਸਵਾਲ ਗੁਪਾਲ[5]।
ਸਨਮੁਖ ਲੋਹਾ ਲੀਨਿ ਕਰਾਲ[6] ॥੧੦॥
ਉਤ ਤੀਨਹੁੰ, ਇਕ ਖਾਨ ਹੁਸੈਨ।
ਭੀਮਚੰਦ ਦੂਸਰ ਬਡ ਸੈਨ।
ਤ੍ਰਿਤੀਆ ਬਡੋ ਕ੍ਰਿਪਾਲ ਕਟੋਚ।
ਬਰਛੀ ਗੁਲਕਾਂ ਬਾਨਨ ਮੋਚ[7] ॥੧੧॥
ਦਾਰੁਨ ਜੰਗ ਭਯੋ ਇਨ ਕੇਰਾ।
ਕਾਰਚੋਲ[8] ਚਮਕੇ ਤਿਸ ਬੇਰਾ।
ਹਥਾਵੱਥ[9] ਮਿਲਿਗੇ ਇਕ ਵਾਰੀ।
ਮਰੇ ਛਿਨਕ ਮਹਿਂ ਗਨ ਭਟਭਾਰੀ ॥੧੨॥
ਸਭਿ ਰਣ[10] ਗੁਰ ਗੁਬਿੰਦ ਸਿੰਘ ਕਹਯੋ।
ਬੀਚ ਬਚਿੱਤ੍ਰ ਨਾਟਕੇ ਲਹਯੋ।
ਸਪਤ ਸਊਰਨ ਸਹਿਤ ਸੁ ਲਰਯੋ।
ਸੰਗਤੀਆ ਸਿੰਘ ਰਣ ਮਹਿਂ ਮਰਯੋ ॥੧੩॥

---

[1]ਦਾਉ।
[2]ਇਹ ਸਾਰਾ ਸਮਾਂ ਫਿਰ ਛਲ ਜਾਏਗਾ।
[3]ਇਹ ਸ਼੍ਰੀ ਮੁਖਵਾਕ ਹੈ ਦੇਖੋ ਬਚਿੱਤਰ ਨਾਟਕ ਧਿਆ ੧੧ ਛੰਦ ੧੪ ਤੇ ੧੫।
[4]ਨਗਾਰੇ।
[5]ਰਾਮ ਸਿੰਘ ਤੇ ਗੁਪਾਲ।
[6]ਭਾਵ ਜੰਗ ਅਰੰਭਿਆ।
[7]ਛੱਡੋ।
[8]ਸ਼੍ਰੀ ਸਾਹਿਬ।
[9]ਹੱਥੋ ਹੱਥੀ।
[10]ਭਾਵ ਜੁੱਧ ਦਾ ਹਾਲ ਗੁਰੂ ਜੀ ਨੇ ਲਿਖਿਆ ਹੈ।

ਜੰਗ ਹੁਸੈਨੀ ਘਾਲਜੋ ਘਨੋ।
ਲਰਤਿ ਬਿਸਾਲ ਤਹਾਂ ਹੀ ਹਨੋ[੧]।
ਪੁਨ ਕਟੋਚੀਆ ਬਲੀ ਕ੍ਰਿਪਾਲ।
ਪੁਰਸ਼ਾਰਥ ਜਿਨ ਕੀਨਿ ਬਿਸਾਲ ॥੧੪॥
ਸੋ ਭੀ ਮਾਰਿ ਲੀਨਿ ਰਣ ਮਾਂਹੀ।
ਕਟਜੋ ਕ੍ਰਿਪਾਨ ਸੰਗ ਸਿਰ ਜਾਂਹੀ।
ਹਿੰਮਤ ਕਿੰਮਤ[੨] ਸਹਿਤ ਸੰਘਾਰਾ।
ਤੀਨੋ ਜਬਿ ਮਾਰੇ ਸਰਦਾਰਾ[੩] ॥੧੫॥
ਤਬਿ ਗੁਲੇਰੀਆ ਹੇਰਿ ਕ੍ਰਿਪਾਲ[੪]।
ਲੇ ਰਣ ਕੀ ਜੈ[੫] ਹਰਖ ਬਿਸਾਲ।
ਬਜੇ ਫਤੇ ਕੇ ਉਚ ਨਗਾਰੇ।
ਰਿਪੁ ਦਲ ਭਾਜਿ ਚਲਜੋ ਬਿਨ ਮਾਰੇ ॥੧੬॥
ਬਿਨ ਸਰਦਾਰ ਲਰੈ ਕੋ ਰਨ ਮੈਂ।
ਦਾਰੁਨ ਮਾਚੇ[੬] ਧੀਰ ਨ ਮਨ ਮੈਂ।
ਆਪ ਆਪਨੇ ਥਾਨ ਸਿਧਾਰੇ।
ਮਿਲਜੁ ਜੁ ਬਹੁ ਦਲ, ਭਯੋ ਕਿਨਾਰੇ[੭] ॥੧੭॥
ਸ਼੍ਰੀ ਸਤਿਗੁਰ ਪਰ ਰਿਪੁ ਚਢਿ ਆਯੋ।
ਚਾਹਤਿ ਪੁਰਿ ਅਨੰਦ ਛੁਰਵਾਯੋ।
ਲਸ਼ਕਰ ਘਨੋ ਬਟੋਰਤਿ ਆਨਜੋ।
ਕਰਤਾ ਪੁਰਖ ਸੁ ਤਤਛਿਨ ਹਾਨਜੋ ॥੧੮॥
ਰਾਖਿ ਲਓ ਗੁਰ ਕੋ ਜਗਰਾਈ।
ਲੋਹ ਘਟਾ ਅਨਤੈ ਬਰਸਾਈ[੮*]।
ਕਰਿ ਹੰਕਾਰ ਜੁ ਦਲ ਬਲ ਕੇਰਾ।

---

[੧]ਓਥੇ ਹੀ ਮਾਰਿਆ ਗਿਆ।
[੨]ਦੋ ਪਹਾੜੀਏ ਜੋਧੇ।
[੩]ਹੁਸੈਨੀ ਤੋਂ ਵਖਰੇ ਇਹ ਤਿੰਨ ਪਹਾੜੀਏ ਸੈਨਾਪਤਿ ਅਰਥਾਤ:-੧. ਰਾਜ ਕ੍ਰਿਪਾਲ,। ੨. ਹਿੰਮਤ। ੩. ਕਿੰਮਤ।
[੪]ਕ੍ਰਿਪਾਲ (ਕਟੋਚੀਏ ਨੂੰ ਮਰਿਆ) ਦੇਖਕੇ।
[੫]ਰਣ ਦੀ ਜੈ ਲੈਕੇ।
[੬]ਭਾਵ ਭਯਾਨਕ ਜੰਗ ਮਚਿਆਂ ਯਾ ਭਯਾਨਕਤਾ ਛਾਇਆਂ।
[੭]ਜੋ ਮਿਲਿਕੇ ਦਲ ਬਹੁਤ ਹੋਇਆ ਸੀ ਕਿਨਾਰੇ ਹੋ ਗਿਆ ਭਾਵ ਖਿੰਡ ਗਿਆ।
[੮]ਸ਼ਸਤ੍ਰਾਂ ਦੀ ਘਟਾ ਹੋਰ ਥੇ ਵੱਸ ਪਈ।
[*]ਸ਼੍ਰੀ ਮੁਖ ਵਾਕ ਇੰਵ ਹੈ:-
'ਰਾਖ ਲੀਓ ਹਮ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ।'

ਸ਼੍ਰੀ ਪ੍ਰਭੁ ਸਨ[1] ਚਹਿ ਕਰਨ ਬਖੇਰਾ ॥੧੯॥
ਸੋ ਪੂਰਾ ਉਤਰਹਿ ਕਿਮ ਨਾਂਹੀ।
ਮਰਿ ਪਚ ਜਾਹਿ ਬਾਦ[2] ਜਗ ਮਾਂਹੀ।
ਕਰਜੋ ਧਰਮ ਨਿਬਹਜੋ ਨ ਕ੍ਰਿਪਾਲ।
ਸੋ ਰਣ ਮਹਿਂ ਹਤਿ ਦਿਯੋ ਗੁਪਾਲ[3] ॥੨੦॥
ਫਤੇ ਪਾਇ ਕਰਿ ਗੁਰ ਢਿਗ ਗਯੋ[4]।
ਡੇਰਾ ਪੁਰਿ ਅਨੰਦ ਕਰਿ ਦਯੋ।
ਸਭਾ ਸਥਾਨ ਪ੍ਰਭੁ ਚਲਿ ਆਏ।
ਸੁਭਟ ਮਸੰਦ ਥਿਰੇ ਸਮੁਦਾਏ ॥੨੧॥
ਚਮਰ ਚਰਾਚਰ[5] ਸਿਰ ਪਰ ਢੋਰਤਿ।
ਚਹੂੰ ਓਰ ਸਭਿ ਚਰਨ ਨਿਹੋਰਤਿ।
ਤਬਿ ਗੁਲੇਰੀਆ ਗੁਰੂ[6] ਬੁਲਾਯੋ।
ਹਿਤ ਦਰਸ਼ਨ ਕੇ ਹਰਖਤਿ ਆਯੋ ॥੨੨॥
ਧਰਿ ਅਕੋਰ ਕਰ ਜੋਰਿ ਪ੍ਰਨਾਮੁ।
ਮੁਸਕਾਵਤਿ ਸ਼੍ਰੀ ਪ੍ਰਭੁ ਅਭਿਰਾਮੁ।
'ਆਵਹੁ ਬਡ ਜੈਤਾ ਬਰ ਬੀਰ।
ਦੁਸ਼ਮਨ ਨਾਸ਼ ਕਰੇ ਧਰਿ ਧੀਰ' ॥੨੩॥
ਆਇਸੁ ਪਾਇ ਸੁ ਬੈਠਜੋ ਪਾਸ।
ਸਰਬ ਬਾਰਤਾ ਕਰੀ ਪ੍ਰਗਾਸ।
'ਦਗ਼ਾ ਕਰਤਿ ਮੋ ਕੌ ਚਹਿ ਗਹਜੋ।
ਸੋ ਫਲ ਤਾਤਕਾਲ ਹੀ ਲਹਜੋ ॥੨੪॥
ਰਾਵਰ ਕੀ ਸਹਾਇਤਾ ਪਾਇ।
ਹਤੇ ਸ਼ੱਤ੍ਰ ਗਨ ਖੜਗ ਚਲਾਇ।
ਤਜੀ ਨ ਥਾਉਂ ਕਟੇ ਗਿਰ ਮਰੇ[7]।
ਭੀਮ ਭੂਰ ਸੰਘਰ ਕੌ ਕਰੇ[8] ॥੨੫॥

---

[1]ਸਾਥ।
[2]ਬਿਅਰਥ।
[3]ਗੁਪਾਲ ਨੇ (ਮਾਰ ਲਿਆ ਕ੍ਰਿਪਾਲ ਕਟੋਚੀਆ)।
[4](ਗੁਪਾਲ) ਆਯਾ।
[5]ਚੰਚਲ।
[6]ਗੁਰੂ ਜੀ ਨੇ।
[7]ਭਾਵ ਆਪਦਾ ਘੱਲਿਆ ਸਰਦਾਰ ਸੰਗਤੀਆਂ ਤੇ ਉਸ ਦੇ ਸਾਥੀ।
[8]ਡਾਢਾ ਭਯਾਨਕ ਜੁੱਧ ਕਰਕੇ (ਉਹ ਮਰੇ)।

ਆਗਜ਼ਾ ਦੇਹੁ ਅਬੈ ਪੁਰਿ ਜਾਵੌਂ।
ਘਾਇਲ ਭਟਨ ਸੇਵ ਕਰਿਵਾਵੌਂ।'
ਤਬਿ ਸਤਿਗੁਰ ਦੇ ਕਰਿ ਸਿਰੁਪਾਉ।
ਰੁਖਸਦ ਕਰਜੋ ਚਢ੍ਯੋ ਹਰਖਾਉ ॥੨੬॥
ਇਮ ਕਲਗੀਧਰ ਆਨੰਦ ਧਾਰੇ।
ਦਾਸ ਉਬਾਰਿ ਸ਼ੱਤ੍ਰ ਨਿਰਵਾਰੇ।
ਮਾਘ ਮਾਸ ਪਾਛਲ ਪਖ ਆਯੋ।
ਬਾਸੁਰ ਆਦਿਤਵਾਰ ਸੁਹਾਯੋ ॥੨੭॥
ਏਕਮ ਥਿਤ ਨਿਸ ਦੋਇ ਘਟੀ ਜਬਿ।
ਸ੍ਰੀ ਜੀਤੋ ਤੇ ਪੁੱਤ੍ਰ ਭਯੋ ਤਬਿ।
ਸੇਬਜਮਾਨਿ[1] ਧਾਇਨ ਤੇ ਹੋਏ।
ਸੁਨਿ ਉਤਸਾਹਿ ਹਰਖਿ ਸਭਿ ਕੋਏ ॥੨੮॥
ਬਾਜ ਉਠੇ ਦਰ ਪਰ ਸ਼ਦਿਯਾਨੇ[2]।
ਤੋਪ ਬੰਦੂਕਨਿ ਸ਼ਲਖ ਮਹਾਨੇ।
ਭਯੋ ਕੁਲਾਹਲ ਆਨੰਦਪੁਰਿ ਮੈਂ।
ਆਨੰਦ ਭਾ ਨਰ ਨਾਰਿਨ ਉਰ ਮੈਂ ॥੨੯॥
ਗਾਵਤਿ ਗੀਤ ਬ੍ਰਿੰਦ ਪਿਕ ਬੈਨੀ[3]।
ਮਿਲੀ ਆਨਿ ਗੁਰ ਘਰ ਮ੍ਰਿਗ ਨੈਨੀ।
ਸ੍ਰੀ ਗੁਜਰੀ ਕੋ ਦੇਤਿ ਬਧਾਈ।
ਮਾਨਹਿ ਮਾਨ ਸਹਿਤ ਮੁਦ ਪਾਈ ॥੩੦॥
ਮੰਗਲ ਵਸਤੁ ਅਨੇਕ ਪ੍ਰਕਾਰਨਿ।
ਸਭਿ ਹੀ ਕਰਤਿ ਦਿਖਾਇ ਸੁ ਨਾਰਨਿ।
ਹਰਖਤਿ ਇਮ ਪ੍ਰਭਾਤਿ ਹੁਇ ਆਈ।
ਭਈ ਦਿਵਸ ਮਹਿਂ ਦੁਗਨ ਬਧਾਈ ॥੩੧॥
ਜਾਚਕ ਭੀਰ ਆਇ ਦਰ ਹੋਈ।
ਦਰਬ ਪਟਾਦਿ ਪਾਇ ਸਭਿ ਕੋਈ।
'ਚਿਰੰਜੀਵ ਹੁਇ' ਆਸ਼ਿਖ ਦੇਤਿ।
ਕੀਰਤਿ ਕਰਤਿ ਜਾਤਿ ਧਨ ਲੇਤਿ ॥੩੨॥
ਆਨ ਹੀਜ ਦ੍ਵੈ ਹਾਥਨਿ ਤਾਲੀ।

---

[1]ਸੇਵਾ ਕਰਨ ਯੋਗ।
[2]ਖੁਸ਼ੀ ਦੇ ਵਾਜੇ।
[3]ਭਾਵ ਇਸਤ੍ਰੀਆਂ।

ਢੋਲਕ ਟਲਕਾ ਬਜਤਿ ਬਿਸਾਲੀ।
ਗਾਵਤਿ ਨਾਚਤਿ ਲੇਤਿ ਭਵਾਲੀ।
ਤਾਲ ਮਿਲਾਇ ਘੁੰਗਰੂ ਨਾਲੀ ॥੩੩॥
ਇੱਤਜਾਦਿਕ ਉਛਾਹਿ ਬਡ ਹੋਵਾ।
ਮਿਲਿ ਮਿਲਿ ਮੇਲ ਸਭਿਨਿਹੂੰ ਜੋਵਾ।
ਨਿਜ ਕੁਲ ਰੀਤਿ ਕੀਨਿ ਬਡ ਮਾਤਾ।
ਮਿਲੀ ਆਨਿ ਗਨ ਨਾਗਰਿ ਕਾਂਤਾ[੧] ॥੩੪॥
ਸ੍ਰੀ ਸਤਿਗੁਰ ਤਬਿ ਨਾਮ ਬਿਚਾਰਾ।
ਰਿਪੁ ਦਲ ਸਕਲ ਦੂਰ ਹੀਟਾਰਾ।
ਨਿਕਟ ਨ ਆਇ ਅਪਰ ਹੀ ਮਾਰਜੋ।
ਇਮ 'ਜੁਝਾਰ ਸਿੰਘ[*]' ਨਾਮ ਉਚਾਰਜੋ[+] ॥੩੫॥
ਸੁਨਿ ਪਰਵਾਰ ਅਨੰਦਤਿ ਹੋਵਾ।
ਤੀਨੋ ਗੁਰੁ ਨੰਦਨ ਕੋ ਜੋਵਾ।
ਬਿਚਰਹਿੰ ਅਜਰ ਬਿਖੈ ਹਰਖੰਤੇ।
ਧਾਵਤਿ ਭੂਖਨ ਸ਼ਬਦ ਉਠੰਤੇ ॥੩੬॥
ਸ੍ਰੀ ਅਜੀਤ ਸਿੰਘ ਚਢਹਿੰ ਤੁਰੰਗਮ।
ਸੇਵਕ ਹੁਇੰ ਸੰਬੂਹ ਤਬਿ ਸੰਗਮ[੨]।
ਤਿਮ ਜੋਰਾਵਰ ਸਿੰਘ ਮੁਖ ਸੁੰਦਰ।
ਬਿਚਰਤਿ ਬਾਹਰ ਅੰਦਰ ਮੰਦਰ ॥੩੭॥
ਬਹੁ ਜੁਝਾਰ ਸਿੰਘ ਕੋ ਦੁਲਰਾਵੈਂ।
ਦਾਈ ਦਾਯਾ ਅੰਕ ਉਠਾਵੈਂ।
ਅਨਿਕ ਬਰਨ ਕੇ ਬਸਨ ਬਨਾਵਤਿ।
ਗੋਟਾ ਦਮਕਤਿ ਦੁਤਿ ਚਿਤ ਭਾਵਤਿ ॥੩੮॥
ਤੀਨਹੁੰ ਕੇ ਸਰੀਰ ਬਿਰਧੰਤੇ।
ਜਨੁ ਤ੍ਰੈ ਬਿਧਿ ਪਾਵਕ[੩] ਲਖਿਯੰਤੇ।

---

[੧]ਨਗਰ ਦੀਆਂ ਇਸਤ੍ਰੀਆਂ।

[*]ਸਾਹਿਬਜ਼ਾਦਿਆਂ ਦੇ ਨਾਮ ਕ੍ਰਮ ਤੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰੁਤ ਦੇ ਅੰਸੂ ੪੪ ਅੰਕ ੩੮ ਦੀ ਹੇਠਲੀ ਟੂਕ।

[+]ਨਦੌਣ ਵਿਖੇ ਤਾਂ ਜੁੱਧ ਹੋਇਆ ਸੀ, ਉਸ ਦੀ ਫਤੇ ਮਗਰੋਂ ਅਵਤਰੇ ਸਾਹਿਬਜ਼ਾਦੇ ਦਾ ਨਾਮ ਜੁਝਾਰ ਸਿੰਘ ਢੁੱਕਦਾ ਹੈ। ਹੁਣ ਤਾਂ ਅਸਿਧੁਜ ਦੇ ਬਲ (= ਜ਼ੋਰ) ਨਾਲ ਬਲਾ ਟਲੀ ਹੈ ਇਸ ਬੇਟੇ ਦਾ ਨਾਉਂ ਜ਼ੋਰਾਵਰ ਸਿੰਘ ਹੀ ਢੁਕਦਾ ਹੈ।

[੨]ਤਦ ਸੇਵਕ ਨਾਲ ਬਹੁਤ ਹੁੰਦੇ ਹਨ।

[੩]ਤਿੰਨ ਤਰ੍ਹਾਂ ਦੀਆਂ ਅਗਨੀਆਂ। ਦੇਖੋ ਅਗਲੇ ਅੰਸੂ ਦਾ ਅੰਕ ੩੯।

ਤੁਰਕ ਤਰੁਨਿ[1] ਕੀ ਜਰ ਕੌ ਜਾਰਨਿ।
ਨਿਜ ਸਿੱਖਨ ਕੇ ਸੁਖ ਕੋ ਕਾਰਨ ॥੩੯॥
ਜੋਧਾ ਬਲੀ ਹੋਹਿੰਗੇ ਰਨ ਮੈਂ।
ਪ੍ਰਾਨ ਤਜਨ ਲੌ ਧੀਰਜ ਮਨ ਮੈਂ।
ਗੁਰ ਨੰਦਨ ਅਬਿ ਬੰਦਨ ਜੋਗ।
ਸਿਖ ਪਰਵਾਰ ਆਦਿ ਸਭਿ ਲੋਗ ॥੪੦॥
ਸ੍ਰੀ ਗੁਜਰੀ ਕੋ ਅਧਿਕ ਸਨੇਹੂ।
ਪ੍ਰਤਿਪਾਰਨ ਪੌਤ੍ਰਾਨਿ ਅਛੇਹੂ[2]।
ਕਰਿ ਇਕਠੇ ਨਿਜ ਨਿਕਟਿ ਬਿਠਾਵਹਿਂ।
ਪਰਚਾਵਤਿ ਭੋਜਨ ਅਚਵਾਵਹਿ ॥੪੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ੍ਰੀ ਜੁਝਾਰ ਸਿੰਘ ਜਨਮ' ਪ੍ਰਸੰਗ ਬਰਨਨੰ ਨਾਮ ਏਕੋਨ ਪੰਚਾਸਤੀ ਅੰਸੂ ॥੪੯॥

---

[1] ਤੁਰਕਾਂ ਰੂਪ ਬ੍ਰਿੱਛਾਂ ਦੀ।
[2] ਨਿਰੰਤਰ, ਬਹੁਤ।

੫੦. [ਕਵੀਆਂ ਦੀ ਕਦਰ। ਬਾਬਾ ਫਤਹ ਸਿੰਘ ਜਨਮ]

੪੯<<ਪਿਛਲਾ ਅੰਸੂ ਤਤਕਰਾ ਰੁਤਿ ੨ ਅਗਲਾ ਅੰਸੂ>>

ਦੋਹਰਾ: ਸ਼੍ਰੀ ਕਲ਼ਗੀਧਰ ਅਨੰਦਪੁਰ, ਬਿਲਸਤਿ ਬਹੁਤ ਬਿਲਾਸ।
ਜਿਤ ਕਿਤ ਤੇ ਬਹੁ ਗੁਨੀ ਨਰ, ਸੁਨਿ ਜਸੁ ਆਵਤਿ ਪਾਸ ॥੧॥
ਚੌਪਈ: ਚਹੁਂ ਕੁੰਟਨ ਤੇ ਦੂਰ ਕਿ ਨੇਰੇ।
ਹੋਇ ਕਿਸੂ ਗੁਨ ਬਿਖੈ ਬਡੇਰੇ।
ਇਕ ਤੌ ਦਰਬ ਲਾਲਸਾ ਧਰੈਂ।
ਦੁਤੀਏ ਗੁਰ ਦਰਸ਼ਨ ਮੁਦ ਧਰੈਂ ॥੨॥
ਪਾਵਹਿਂ ਸੌਂਜ[1] ਪਸਾਰਹਿਂ ਜਸੁ ਕੌ।
ਤਜੋਂ ਤਜੋਂ ਆਇ ਸੁਨਾਵਹਿਂ ਰਸ ਕੌ[2]।
ਪੂਰਬ ਦੱਛਨ ਪੱਛਮ ਉੱਤਰ।
ਪੰਡਤ ਕਰਤਿ ਪ੍ਰਸ਼ਨ ਦੈਂ ਉੱਤਰ[3] ॥੩॥
ਕਵਿਤਾ ਕਾਵਜ ਬਨਾਵਹਿਂ ਜੋਈ।
ਨਵ ਰਸ ਸਹਿਤ ਬਿਭੂਖਨ[4] ਕੋਈ।
ਸੋ ਆਏ ਚਲਿ ਸਤਿਗੁਰ ਦ੍ਵਾਰੇ।
ਰੁਚਿਰ ਕਵਿੱਤ ਬਨਾਇ ਉਚਾਰੇਂ ॥੪॥
ਸੁਨਿ ਪ੍ਰਸੰਨ ਹ੍ਵੈ ਦੈਂ ਧਨ ਰਾਸ।
ਸਾਦਰ ਨਿਤ ਰਾਖਤਿ ਗੁਰ ਪਾਸਿ।
ਕੇਸ਼ਵ ਦਾਸ ਹੁਤੋ ਕਵਿ ਜੋਇ।
ਭਯੋ ਬੁੰਦੇਲ ਖੰਡ ਮਹਿਂ ਸੋਇ ॥੫॥
ਤਿਸ ਕੌ ਪੁੱਤ੍ਰ ਕੁਵਰ ਹੈ ਨਾਮੁ।
ਸੋ ਭੀ ਰਚਤਿ ਗਿਰਾ ਅਭਿਰਾਮੂ।
ਤੁਰਕ ਕਰਨ ਨਵਰੰਗ ਚਿਤ ਚਹਜੋ[5]।
ਗੁਨੀ ਅਧਿਕ ਹਿੰਦੁਨਿ ਮਹਿਂ ਲਹਜੋ[6] ॥੬॥
ਜਬਹਿ ਕੁਵਰ ਸੁਧ ਇਸ ਬਿਧਿ ਪਾਈ।
ਤਜਾਗਿ ਦੇਸ਼ ਘਰ ਗਯੋ ਪਲਾਈ।
ਰਿਦੇ ਬਿਚਾਰਜੋ ਬਸਨ ਸਥਾਨ।

---

[1]ਸਾਜ ਸਮਾਨ।
[2](ਕਵਿਤਾ ਵਿਚ ਰਚੇ) ਰਸਾਂ ਨੂੰ।
[3](ਗੁਰੂ ਜੀ) ਦਿੰਦੇ ਹਨ ਉੱਤਰ।
[4]ਅਲੰਕ੍ਰਿਤ, ਫਬੀ ਹੋਈ।
[5]ਨੁਰੰਗੇ ਨੇ (ਉਸ ਨੂੰ) ਤੁਰਕ ਕਰਨਾ ਚਾਹਿਆ।
[6]ਹਿੰਦੂਆਂ ਵਿਚ ਬੜਾ ਗੁਣੀ ਜਾਣ ਕੇ।

ਨਹਿਂ ਪ੍ਰਾਪਤਿ ਭਾ ਬੀਚ ਜਹਾਨ ॥੭॥
ਸੁਨੀ ਹੁਤੀ ਸੁਧਿ ਸ੍ਰੀ ਗੁਰ ਕੇਰੀ।
-ਇਕ ਸਮ ਨਿਬਹੈ ਸ਼ਕਤਿ ਘਨੇਰੀ[੧]-।
ਦੂਰਿ ਕਰਿ ਦੂਰ ਦੂਰ[੨] ਨਿਤ ਚਲਿ ਕਰਿ।
ਪਹੁੰਚਜੋ ਆਨਿ ਅਨੰਦਪੁਰਿ ਹਿਤ ਕਰਿ ॥੮॥
ਰੁਚਿਰ ਕਵਿੱਤ ਕਿਤੂ ਕੇ[੩] ਕਰਿ ਕੈ[੪]।
ਮਿਲਜੋ ਗੁਰੂ ਸਨ ਤਬਹਿ ਉਚਰਿ ਕੈ।
'ਬਿਨਾ ਆਸਰੇ ਗਹਜੋ ਅਲੰਬ।
ਜਗਤ ਗੁਰੂ ! ਗੁਨ ਧਰਹੁ ਕਦੰਬ[੫] ॥੯॥
ਸੁਨਾ ਨਿਥਾਵਨ ਕੇ ਤੁਮ ਥਾਨ।
ਸਦਾ ਨਿਮਾਨਨ ਕੇ ਬਡ ਮਾਨ।
ਅਹੋ ਨਿਤਾਨਨ ਕੇ ਤੁਮ ਤ੍ਰਾਨ।
ਅਸ ਸ਼ੋਭਾ ਕੋ ਕਥਹਿ ਜਹਾਨ' ॥੧੦॥
ਸੁਨਿ ਸ੍ਰੀ ਪ੍ਰਭੁ ਸਾਦਰ ਬੈਠਾਯੋ।
ਨਿਜ ਪ੍ਰਸੰਗ ਤਬਿ ਬਿੱਪ੍ਰ ਸੁਨਾਯੋ।
'ਤੁਰਕ ਤੇਜ ਤੇ ਬਿਨ ਬਲ ਹਿੰਦੂ[੬]।
ਧਰਮ ਬਿਨਾਸਤਿ ਮੇਲਤਿ ਬ੍ਰਿੰਦੂ[੭] ॥੧੧॥
ਮਹਾਂ ਤ੍ਰਾਸ ਤੇ ਮੈਂ ਚਲਿ ਆਯੋ।
ਚਹਤਿ ਆਪਨੋ ਧਰਮ ਬਚਾਯੋ।'
ਸੁਨਿ ਸ੍ਰੀ ਸਤਿਗੁਰ ਧੀਰਜ ਦੀਨਾ।
ਰੋਜ ਰਜਤਪਣ ਪੰਚ ਸੁ ਕੀਨਾ ॥੧੨॥
ਕਹਜੋ 'ਤੋਹਿ ਪਿਤ ਕਵੀ ਬਿਸਾਲਾ।
ਰਚੀ ਆਦਿ[੮] ਕਵਿਪ੍ਰਿਯਾ[੯] ਰਸਾਲਾ।

---

[੧]ਇਕ (ਗੁਰੂ ਜੀ ਹੀ ਨੁਰੰਗੇ ਦੇ) ਸਮ ਬਹੁਤੀ ਸ਼ਕਤੀ ਵਾਲੇ ਹਨ ਨਿਬਾਹੁਣਗੇ (ਮੇਰਾ ਧਰਮ)। (ਅ) ਜਿਨ੍ਹਾਂ ਦੀ ਬਹੁਤੀ ਸ਼ਕਤੀ ਇਕ ਤਾਰ ਨਿਭਦੀ ਹੈ।
[੨]ਭਾਵ ਆਮ ਰਸਤਿਆਂ ਤੋਂ ਦੁਰੇਡੇ ਦੁਰੇਡੇ ਟੁਰ ਕੇ।
[੩]ਕੀਰਤੀ ਦੇ।
(ਅ) ਕਿੰਨੇ ਕੁ।
[੪]ਰਚਕੇ।
[੫]ਸਮੂਹ ਗੁਣਾਂ ਨੂੰ ਧਾਰਦੇ ਹੋ।
[੬]ਹਿੰਦੂ ਬਲਹੀਨ ਹੋਏ ਹਨ।
[੭]ਬਹੁਤਿਆਂ ਦਾ ਧਰਮ ਨਾਸ਼ ਕਰਕੇ ਮੇਲਦੇ ਹਨ (ਆਪਣੇ ਮਜ਼ਹਬ ਵਿਚ)।
[੮]ਪਹਿਲਾਂ।
[੯]ਨਾਮ ਹੈ ਗ੍ਰੰਥ ਦਾ।

ਗ੍ਰੰਥ ਮਹਾਂਭਾਰਤ ਮਨ ਭਾਵੈ[1]।
ਕਵਿ ਗਨ ਤੇ ਭਾਖਾ ਬਨਵਾਵੈਂ[2]' ॥੧੩॥
ਇਮ ਕਹਿ ਰਾਖਜੋ ਨਿਕਟ ਹਮੇਸ਼ਾ।
ਸੁਨਿ ਕਵਿ ਆਵਨਿ ਲਗੇ ਵਿਸ਼ੇਸ਼ਾ।
ਦਰਬ ਬ੍ਰਿੰਦ ਦੇ ਰਾਖਹਿਂ ਤੀਰ।
ਪਰਚਹਿਂ ਤਿਨ ਕੇ ਸੰਗ ਸਧੀਰ ॥੧੪॥
ਬਾਨੀ ਸ਼੍ਰੀ ਗੁਰ ਆਪ ਬਨਾਵੈਂ।
ਚੰਡਿ ਚਰਿੱਤ੍ਰ ਆਦਿ ਗਨ ਭਾਵੈਂ[3]।
ਰਿਦੇ ਬਿਚਾਰਹਿਂ ਬਹੁਤ ਕ੍ਰਿਪਾਲਾ।
-ਚਹੈਂ ਰਚਨਿ ਕੋ ਪੰਥ ਬਿਸਾਲਾ ॥੧੫॥
ਸੁਨਿ ਅੱਨਜਾਇ ਤੁਰਕ ਕੋ ਭਾਰੀ।
ਦੇਤਿ ਜਗਤ ਕੌਂ ਦੁਖ ਬੁਰਿਆਰੀ।
ਰਾਜ ਤੇਜ ਜਿਮ ਸਰਬ ਬਿਨਾਸੈ।
ਪੰਥ ਖਾਲਸਾ ਸੁਖਦ ਪ੍ਰਕਾਸ਼ੈ ॥੧੬॥
ਰਕਤਬੀਜ[4] ਕੋ ਜੁੱਧ ਕਰਾਲਾ।
ਸਿਮਰਨ ਕੀਨਸਿ ਭਲੋ ਸੁ ਕਾਲਾ।
ਜਗਤਮਾਤ ਕੌਂ ਬਰ ਤਿਹ ਸਮੋਂ।
ਪੰਥ ਕਰਨ ਕੋ ਦੀਨਸਿ ਹਮੋਂ ॥੧੭॥
ਬਿਦਤ ਹੋਇ ਕਰਿ ਬਰ ਤਬਿ ਦੇਊ।
ਸੋ ਅਬਿ ਸਮਾ ਭਯੋ ਬਿਦਿ ਤੇਊ।
ਹੋਇ ਬਿੱਪ੍ਰ ਬਰ ਅਸ ਕਿਸ ਦੇਸ਼।
ਪੂਜਹਿਂ, ਹੋਮ ਕਰਾਇ ਵਿਸ਼ੇਸ਼ ॥੧੮॥
ਜਥਾ ਜੋਗ ਬਿਧ[5] ਤੇ ਕਰਿਵਾਵਹਿਂ।
ਕਲੀ ਕਾਲ ਦੇਵੀ ਬਿਦਤਾਵਹਿਂ।
ਕਰਿ ਦਰਸ਼ਨ ਪੂਰਬ ਬਰ ਲੈ ਹੈਂ।
ਪੀਛੇ ਪੰਥ ਖਾਲਸਾ ਕੈ ਹੈਂ* ॥੧੯॥

---

[1]'ਮਹਾਂ ਭਾਰਤ' ਦਿਲ ਨੂੰ ਚੰਗਾ ਲੱਗਣ ਵਾਲਾ ਹੈ (ਜੰਗਾਂ ਕਰਕੇ)।
[2]ਬਨਵਾਵਾਂਗੇ।
[3]ਆਦਿਕ (ਬੀਰ ਰਸ ਉਤਪਤ ਕਰਨ ਵਾਲੇ) ਸਾਰੇ (ਗ੍ਰੰਥ) ਚੰਗੇ ਲਗਦੇ ਹਨ।
[4]ਨਾਮ ਦੈਂਤ ਦਾ।
[5]ਰੀਤੀ ਸਹਿਤ।
*ਇਹ ਕਥਨ ਜੇ ਕਵੀ ਜੀ ਦਾ ਹੈ ਤਾਂ ਵਦਤੋਵਯਾਘਤ ਹੈ ਪਿਛੇ ਰੁਤ ੨ ਅੰਸੂ ੨੪ ਅੰਕ ੬ ਵਿੱਚ ਕਹਿ ਆਏ ਹਨ:-'ਬ੍ਰਹਮਾਦਿਕ ਸਨਕਾਦਿਕ ਸਾਰੇ। ਸ਼ੇਸ਼ ਸਾਰਦਾ ਪਾਇਂ ਨ ਪਾਰੇ'। ਜੇ ਸਾਰਦਾ ਤੇ ਸ਼ੇਸ਼ਨਾਗ ਆਦਿ ਸਾਰੇ

ਰੱਛਕ ਹਿੰਦੁ ਧਰਮ ਕੇ ਬਨੈਂ।
ਦੁਸ਼ਟ ਅਰਿਸ਼ਟਿ[1] ਪ੍ਰਬਲ ਕੋ ਹਨੈਂ-।
ਇੱਤ੍ਯਾਦਿਕ ਪ੍ਰਭੁ ਚਿਤਵਤਿ ਰਹੈਂ।
ਬਿੱਪ੍ਰ ਖੋਜਿਬੇ ਹਿਤ ਕਬਿ ਕਹੈਂ ॥੨੦॥
ਚਹੁੰ ਕੁੰਟਨਿ ਤੇ ਨਰ ਗਨ ਆਵੈਂ।
ਅਨਿਕ ਅਕੋਰਨਿ ਕੋ ਅਰਪਾਵੈਂ।
ਬਸਨ ਬਿਭੂਖਨ ਹਯ ਹੱਥ੍ਯਾਰ।
ਵਸਤੁ ਅਜਾਇਬ ਦਰਬ ਉਦਾਰ ॥੨੧॥
ਮਨੋ ਕਾਮਨਾ ਪਾਇ ਸਿਧਾਰੈਂ।
ਕੀਰਤਿ ਚਾਰੋਂ ਬਰਨ ਉਚਾਰੈਂ।
ਪੀਰ ਅਜ਼ਮਤੀ ਆਇਂ ਅਨੇਕੇਂ।
ਬਪੁ ਖ਼ੁਦਾਇ ਲਖਿ ਮਸਤਕ ਟੇਕੈਂ ॥੨੨॥
ਪ੍ਰਸ਼ਨੋਤਰ ਕਰਿ ਉਰ ਹਰਖਾਵੈਂ।
ਕਿਤਿਕ ਨਿਕਟ ਰਹਿ ਸੇਵ ਕਮਾਵੈਂ।
ਤਿਮ ਹੀ ਬਹੁਤ ਜੋਗੀ ਸੰਨ੍ਯਾਸੀ।
ਦਿਪਤਿ ਤੇਜ ਤੇ ਆਵਹਿਂ ਪਾਸੀ ॥੨੩॥
ਜਪੀ ਤਪੀ ਬਹੁ ਭੇਖ ਵਿਰਾਗੀ।
ਦਰਸਹਿਂ ਪ੍ਰਭੁ ਕੋ ਜੋ ਬਡਭਾਗੀ।
ਰਚਹਿਂ ਅਨਿਕ ਛੰਦਨ ਕੀ ਬਾਨੀ।
ਸੁੰਦਰ ਰਸ ਸ਼ਿੰਗਾਰ ਕੇ ਸਾਨੀ[2] ॥੨੪॥
ਬਰਣਨ ਕਰੈਂ ਬਹੁਤ ਰਸਬੀਰ[3]।
ਬਿਚ ਸੰਗ੍ਰਾਮ ਧਰਨ ਭਟ ਧੀਰ[4]।
ਅਧਿਕ ਰੌਦ੍ਰ ਪੁਰਖਾਰਥ ਜੋਧਾ[5]।
ਲਗਹਿ ਸ਼ਸਤ੍ਰ ਜਿਮ ਬਢ ਹੈ ਕ੍ਰੋਧਾ ॥੨੫॥
ਜਿਸ ਤੇ ਬਕਤਾ ਅਰੁ ਸ਼੍ਰੋਤਾਨ।
ਵਧੈ ਬੀਰਤਾ ਮਨ ਮਹਿਂ ਆਨ।

ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕ ਹਨ ਤਦ ਫੇਰ ਗੁਰੂ ਜੀ ਨੂੰ ਆਪਣੇ ਸੇਵਕਾਂ ਵਿਚੋਂ ਕਿਸੇ ਇਕ ਦੀ ਉਪਾਸਨਾ ਦੀ ਕੀ ਲੋੜ ਹੈ?

[1]ਉਪੱਦ੍ਰਵੀ।

[2]ਵਾਲੀ, ਮਿਲੀ ਹੋਈ।

[3]ਬੀਰ ਰਸ।

[4]ਸੂਰਮਿਆਂ ਦਾ ਧੀਰਜ ਧਰਨਾ।

[5]ਰੌਦ੍ਰਰਸ ਤੇ ਜੋਧਿਆਂ ਦਾ ਪੁਰਸ਼ਾਰਥ।

ਕੋ ਅਸ ਕਾਇਰ ਹੈ ਜਗ ਮਾਂਹੀ।
ਸੁਨਿ ਪਠਿ ਹ੍ਵੈ ਉਤਸਾਹ ਨ ਜਾਂਹੀ ॥੨੬॥
ਰਣ ਮਹਿਮਾ ਕੋ ਕਹੈਂ ਮਹਾਨੀ।
ਚਹਿਬੋ ਸਭਿ ਨਰ ਆਯੁਧ ਪਾਨੀ[1]।
ਆਨ[2] ਕਵੀ ਬਹੁ ਪਾਸ ਥਿਰੇ ਹੈਂ।
ਅਨਿਕ ਭਾਂਤਿ ਕੀ ਗਿਰਾ ਕਰੇ ਹੈਂ ॥੨੭॥
ਮਨ ਭਾਵਤ ਬਹੁ ਲਹੈਂ ਪਦਾਰਥ।
ਦਰਬ ਦੀਹ ਲੇ ਪੁਰਵਹਿਂ ਸ੍ਵਾਰਥ।
ਭਾਰਤ ਕੇ ਗਨ ਪਰਬ ਉਦਾਰਾ[3]।
ਜਿਨ ਮਹਿਂ ਬਰਨਜੋਂ ਜੰਗ ਅਖਾਰਾ ॥੨੮॥
ਸੋ ਕਵੀਅਨਿ ਤੇ ਕਹਿ ਬਨਵਾਏ।
ਅਨਿਕ ਛੰਦ ਸੁੰਦਰ ਬਿਧਿ ਗਾਏ।
ਸ਼੍ਰੀ ਅਜੀਤ ਸਿੰਘ ਅਨੰਦ ਬਿਲੰਦ।
ਬੈਠਹਿਂ ਨਿਕਟ ਪਿਤਾ ਸੁਖਕੰਦ ॥੨੯॥
ਖੇਲਤਿ ਸ਼੍ਰੀ ਜੁਝਾਰ ਸਿੰਘ ਆਵੈਂ।
ਪਿਤਾ ਸਮੀਪ ਥਿਰਹਿਂ ਹਰਖਾਵੈਂ।
ਅੰਕ ਬਿਖੈ ਦਾਯਾ ਲੇ ਆਵਹਿ।
ਸ਼੍ਰੀ ਜ਼ੋਰਾਵਰ ਸਿੰਘ ਸੁਹਾਵਹਿਂ[*] ॥੩੦॥
ਹੇਰਿ ਹੇਰਿ ਹੋਵਤਿ ਬਲਿਹਾਰੀ।
ਕਰਹਿਂ ਸਰਾਹਨਿ ਬਹੁ ਨਰ ਨਾਰੀ।
ਜ਼ੇਵਰ ਜਬਰ ਜੋਤਿ ਜਿਨ ਜ਼ਾਹਰ।
ਜਗਮਗ ਜ਼ਾਹਰ ਜਰੇ ਜਵਾਹਰ ॥੩੧॥
ਸ਼੍ਰੀ ਜੀਤੋ ਕੀ ਬਹੁ ਅਭਿਲਾਖਾ।
ਗੁਰ ਪਤਿ ਬਿਖੈ ਭਾਵ ਨਿਤ ਰਾਖਾ।
ਮਾਨਹਿ ਸਦਾ ਜਥਾ ਪ੍ਰਭੁ ਕਹੈਂ।
ਤਿਮ ਸੇਵਤਿ ਸਤਿ ਸੰਗਤਿ ਰਹੈ ॥੩੨॥
ਪਤਿ ਮੂਰਤਿ ਕੋ ਰਿਦੈ ਬਸਾਵੈ।
ਥਿਰ ਕਰਿ ਮਨ ਕੋ ਮੋਦ ਉਪਾਵੈ।

---

[1]ਚਾਹੁੰਦੇ ਹਨ ਕਿ ਸਾਰੇ ਪੁਰਸ਼ ਹੱਥ ਵਿਚ ਸ਼ਸਤ੍ਰ ਧਾਰੀ ਹੋ ਜਾਣ।
[2]ਹੋਰ।
[3]ਮਹਾਂਭਾਰਤ (ਗ੍ਰੰਥ) ਦੇ ਸਾਰੇ ਅਧਯਾਯ।
[*]ਏਥੇ ਕਵੀ ਜੀ ਕੋਲੋਂ ਬੀ ਜੁਝਾਰ ਸਿੰਘ ਜੀ ਖੇਲਦੇ ਤੇ ਜ਼ੋਰਾਵਰ ਸਿੰਘ ਜੀ ਕੁੱਛੜ ਚੁਕੇ ਆਏ ਕਹਿਣ ਤੋਂ ਜੁਝਾਰ ਸਿੰਘ ਜੀ ਦੂਸਰੇ ਬੇਟੇ ਸਹੀ ਹੋਏ।

ਬਹੁ ਅਭਿਲਾਖਾ ਲਖਿ ਕਰਿ ਸ੍ਵਾਮੀ।
ਤਿਸ ਕੇ ਮੰਦਿਰ ਅੰਤਰਜਾਮੀ ॥੩੩॥
ਵਾਰ ਸਨਿਸ਼ਚਰ ਕੀ ਨਿਸ ਜਬੈ।
ਬਸੇ ਜਾਇ ਜੀਤੋ ਗ੍ਰਿਹ ਤਬੈ।
ਕਰਿ ਕੈ ਮੰਗਲ ਅਨਿਕ ਪ੍ਰਕਾਰੇ।
ਸੇਵਹਿ ਚਰਨ ਕਮਲ ਹਿਤ ਧਾਰੇ ॥੩੪॥
ਚੌਥੀ ਵਾਰ ਨੰਦ[1] ਚੌਥੇ ਹਿਤ।
ਨਿਜ ਘਰ ਬਸੇ ਅਨੰਦ ਦੈਬੇ ਹਿਤ।
ਪੰਚਮ ਬੇਰਿ ਨ ਬਸੇ ਗੁਸਾਈਂ।
ਬ੍ਰਹਮਚਰਜ ਧਰਿ ਬੈਸ ਬਿਤਾਈ ॥੩੫॥
ਇਕ ਸੀਤਾ ਬਿਨ ਜਿਮ ਰਘੁਬੀਰ।
ਸਰਬ ਆਰਬਲ ਰਾਖੀ ਧੀਰ।
ਪ੍ਰਾਤਿ ਆਇ ਕਰਿ ਸੌਚ ਸ਼ਨਾਨੇ।
ਜੀਤੋ ਗਰਭ ਧਰਜੋ ਸਭਿ ਜਾਨੇ ॥੩੬॥
ਕਰੇ ਬਿਤਾਵਨ ਨਵਮ ਮਹੀਨੇ।
ਫਾਗਨ ਸੁਦਿ ਬੁਧਵਾਰ ਸੁ ਚੀਨੇ।
ਸੰਮਤ ਹੁਤੋ ਸਤਾਰਾਂ ਸੈਯਾ।
ਪਚਵੰਜਾ[2] ਊਪਰ ਬਿਤ ਵੈਯਾ ॥੩੭॥
ਚਤੁਰਥ ਪੁੱਤ੍ਰ[*] ਜਨਮ ਕੋ ਲੀਨਾ।
ਬਜੀ ਵਧਾਈ ਉਮਰ ਨਵੀਨਾ।
ਤਿਥ ਇਕਾਦਸ਼ੀ ਉਤਸਵ ਕਿਤੋ[3]।
ਤਬਿ ਨਖੱਤ੍ਰ ਅਨੁਰਾਧਾ ਹੁਤੋ ॥੩੮॥
ਤੀਨ ਪੁੱਤ੍ਰ ਸ਼੍ਰੀ ਜੀਤੋ ਕੇਰੇ।
ਤੀਨ ਅਗਨਿ[4+] ਤਨ ਦਿਪਤਿ ਬਡੇਰੇ।

---

[1]ਪੁੱਤ੍ਰ।
[2]੧੭੫੫।
[*]ਸਾਹਿਬਜ਼ਾਦਿਆਂ ਦੇ ਜਨਮ ਤਿੱਥਾਂ ਬਾਬਤ ਦੇਖੋ ਇਸੇ ਰਾਸਿ ਦੇ ਅੰਸੂ ੪੪ ਅੰਕ ੩੯ ਦੀ ਹੇਠਲੀ ਟੂਕ ਤੇ ਇਸੇ ਅੰਸੂ ਦਾ ਅੰਕ ੩੦।
[3]ਕੀਤਾ।
[4]ਤ੍ਰੈ ਅਗਨੀਆਂ ਰੂਪ।
[+]ਕਰਮ ਕਾਂਡ ਨੇ ਛੇ ਅਗਨੀਆਂ ਮੰਨੀਆਂ ਹਨ:-'ਗਾਰ੍ਹਪਤਜ, ਆਹਵਨੀਯ, ਦਕਸ਼ਨਾਗਨਿ, ਸਭਜਾਗਨਿ, ਆਵਸਥਜ ਤੇ ਔਪਾਸਨਾਗਨਿ। ਇਹਨਾਂ ਵਿਚੋਂ ਪਹਿਲੀਆਂ ਤਿੰਨ ਮੁੱਖ ਹਨ।

ਇਕ ਦਖਣਾਤਜ, ਗ੍ਰਾਹਿਪਤਜ ਬੀਜੀ।
ਮਹਾਂ ਪ੍ਰਸਥ ਅਵਤਾਰੀ[1] ਸੁ ਤੀਜੀ ॥੩੯॥
ਤਰਕਨਿ ਤੇਜ ਮਹਿਦ ਬਨ ਜੋਵਾ।
ਇਨ ਅਪਰਾਧ[2] ਦਗਧ ਸੋ ਹੋਵਾ।
ਸਿੰਘਨ ਕੇ ਦਾਰਿਦ ਬਡ ਸੀਤ।
ਇਨ ਤੇ ਸ਼ੀਘ੍ਰ ਗਯੋ ਬਹੁ ਬੀਤ ॥੪੦॥
ਮਾਤ ਸੁੰਦਰੀ ਕੋ ਸੁਤ ਸੂਰਾ।
ਸ਼ਸਤ੍ਰਨਿ ਕੀ ਬਿੱਦਜਾ ਮਹਿਂ ਪੂਰਾ।
ਰਣ ਮਹਿਂ ਅਨਗਨ ਤੁਰਕ ਪ੍ਰਹਾਰੇ।
ਨਹਿਂ ਠਹਿਰਨ ਕੋ ਦੀਨਿ ਅਗਾਰੇ ॥੪੧॥
ਚਾਰਹੁਂ ਕੇ ਸਰੂਪ ਦੁਤਿ ਚਾਰੂ।
ਚਤੁਰ ਸੁਮਤਿ ਕੇ ਮਨਹੁਂ ਪਹਾਰੂ।
ਦਿਨ ਪ੍ਰਤਿ ਸ਼ਸਤ੍ਰਨਿ ਕੋ ਅੱਭਜਾਸਾ।
ਪਿਤ ਕੀ ਆਇਸੁ ਮੈਂ ਜਿਮ ਦਾਸਾ ॥੪੨॥
ਰੁਤਿ ਦੂਜੀ ਅਬਿ ਪੂਰਨ ਹੋਈ।
ਕਹੌਂ ਕਥਾ ਪੁਨ ਆਗਲ ਜੋਈ।
ਦਸਹੁਂ ਗੁਰਨ ਕੇ ਚਰਨ ਮਨਾਇ।
ਜਥਾ ਸ਼ਕਤਿ ਸਭਿ ਦੇਉਂ ਸੁਨਾਇ ॥੪੩॥

[ਅਰਦਾਸ]

ਕਬਿੱਤ: ਸੀਰ ਨਾ ਸੁਸੰਗ ਮੈਂ, ਕੁਸੰਗ ਮੈਂ ਸੰਤੋਖ ਸਿੰਘ,
ਰਮਜੋਂ ਨਿਤ ਪਾਪਨਿ ਮੋਂ, ਮਿਲਜੋ ਕਬਿ ਧੀਰ ਨਾ।

---

੧. ਗਾਰ੍ਹਪਤਜ ਉਹ ਅਗਨੀ ਹੈ ਜਿਸ ਨਾਲ ਜੱਗ ਦੇ ਭਾਂਡੇ ਗਰਮ ਕੀਤੇ ਜਾਂਦੇ ਹਨ। ਜੱਗ ਲਈ ਰੋਟੀ ਪਕਾਉਣ ਤੋਂ ਲੈ ਸੰਸਕਾਰ ਤਕ ਸਾਰੀ ਕ੍ਰਿੱਤ ਇਸੇ ਅਗਨੀ ਨਾਲ ਕਰਦੇ ਹਨ। ਹਰੇਕ ਗ੍ਰਿਹਸਥੀ ਨੂੰ ਇਸ ਅਗਨੀ ਦੀ ਰਖਜਾ ਕਰਨੀ ਮੰਨੀ ਗਈ ਹੈ।
੨. ਦਕਸ਼੍ਨਾਗਨਿ ਉਹ ਹੈ ਜੋ ਜੱਗ ਦੇ ਮੰਡਪ ਵਿਚ ਗਾਰ੍ਹਪਤਜ ਅਗਨੀ ਦੇ ਦੱਖਣ ਪਾਸੇ ਵੱਲ ਥਾਪੀ ਜਾਂਦੀ ਹੈ।
੩. ਆਹਵਨੀਯ ਅਗਨੀ ਉਹ ਹੈ ਜੋ ਗਾਰ੍ਹਪਤਜ ਅਗਨੀ ਵਿਚੋਂ ਲੈ ਕੇ ਮੰਤ੍ਰ ਉਚਾਰ ਕੇ ਮੰਡਪ ਵਿਚ ਪੂਰਬ ਦੇ ਪਾਸੇ ਸਥਾਪਨ ਕੀਤੀ ਜਾਂਦੀ ਹੈ। ਹਵਨ ਇਸ ਨਾਲ ਹੁੰਦਾ ਹੈ। ਇਸ ਨੂੰ ਕਵੀ ਜੀ ਨੇ ਮਹਾਂਪ੍ਰਸਤ ਲਿਖਿਆ ਹੈ।
(ਅ) ਤ੍ਰੈ ਅਗਨੀਆਂ ਚਕਿਤਸਾ ਵਾਲਿਆਂ ਨੇ ਬੀ ਮੰਨੀਆਂ ਹਨ, ਓਹ ਏਹ ਹਨ:-੧. ਭੌਮ = ਜੋ ਲਕੜੀ ਆਦਿ ਤੋਂ ਬਾਲੀ ਦੀ ਹੈ। ੨. ਦਿਵਜ = ਜੋ ਬਿਜਲੀ ਵਿਚ ਹੁੰਦੀ ਹੈ। ੩. ਜਠਰ = ਜੋ ਪੇਟ ਵਿਚ ਭੋਜਨ ਪਚਾਉਂਦੀ ਹੈ। ਪਰ ਏਥੇ ਇਹਨਾਂ ਤੋਂ ਕਵੀ ਜੀ ਦੀ ਮੁਰਾਦ ਨਹੀਂ ਹੈ। ਕਵੀ ਜੀ ਨੇ ਇਹ ਸੌ ਸਾਖੀ ਦੀ ਸਾਖੀ ੫੨ ਤੋਂ ਲੈ ਕੇ ਲਿਖਿਆ ਹੈ।
[1]ਪ੍ਰਗਟ ਹੋਈ।
[2]ਸਾਹਿਬਜ਼ਾਦਿਆਂ ਦਾ ਅਪਰਾਧ ਕਰਨੇ ਤੇ (ਉਹਨਾਂ ਦਾ ਤੇਜ) ਦਗਧ ਹੋਇਆ, ਗੋਇਆ, ਇਹਨਾਂ ਨੂੰ ਮਾਰਨਾਂ ਤੁਰਕਾਂ ਲਈ ਤ੍ਰੈ ਹੋਮ ਅਗਨੀਆਂ ਪ੍ਰਜ੍ਵਲਤ ਕਰਨੀਆਂ ਸਨ ਜਿਨ੍ਹਾਂ ਵਿਚ ਉਨ੍ਹਾਂ ਦਾ ਰਾਜ ਤੇਜ ਅਹੂਤੀ ਹੋ ਗਿਆ।

ਧੀਰ ਨਾ ਧਰਤਿ ਕਾਮ ਲੰਪਟ ਕਠੋਰ, ਕੂਰ
ਬੋਰਜੋ* ਮੈਂ ਬਿਕਾਰਨ ਮੈਂ, ਭਯੋ ਮਨ ਤੀਰ ਨਾ।
ਤੀਰ ਨਾ ਪਛਾਨਜੋ ਤੁਮੈਂ, ਦੂਰ ਕਰਿ ਜਾਨਜੋ ਪ੍ਰਭੁ !
ਆਪਨੇ ਉਧਾਰ ਕੀ ਬਿਚਾਰੀ ਤਤਬੀਰ ਨਾ।
ਬੀਰ ਨਾ ਭਗਤ, ਭੇਖ ਧਾਰੀ ਹਿਤ ਨਾਰੀ ਜਿਮ,
ਰਾਖੀ ਪੈਜ ਤੈਸੇ ਮੇਰੀ ਹੇਰੋ ਤਕਸੀਰ ਨਾ ॥੪੪॥

ਸੀਰ = ਹਿੱਸਾ, ਸੰਬੰਧ, ਮੇਲ [ਹਿੰਦੀ, ਮੀਰ = ਸਾਂਝ। ਪੰਜਾ:, ਸੀਰ = ਹਿੱਸਾ]।
ਸੁਸੰਗ = ਸ੍ਰੇਸ਼ਟ ਸੰਗ, ਭਾਵ ਨਾਮੀ ਪੁਰਖਾਂ ਦਾ ਸੰਗ। ਬੋਰਜੋ = ਡੋਬ ਰਿਹਾ ਹੈ।
ਤੀਰ = ਤੀਰ, ਤੀਰ ਵਰਗਾ ਭਾਵ ਸਿੱਧਾ। ਤੀਰ = ਨੇੜੇ।
ਤਤਬੀਰ = ਜੁਗਤਿ, ਉਪਾਉ। [ਫਾ: ਤਦਬੀਰ] ਬੀਰ = ਸੂਰਮਾਂ, ਬਹਾਦਰ।
ਮੁਰਾਦ ਹੈ ਕਿ ਦਇਆ ਦਾਨ ਉਤਸਾਹ ਤੇ ਸੂਰਮਗਤੀ ਦੇ ਕੰਮ ਮੈਂ ਨਹੀਂ ਕੀਤੇ।
ਤਕਸੀਰ = ਗੁਨਾਹ, ਪਾਪ, [ਫਾ:, ਤਕਸੀਰ]।

ਅਰਥ: (ਹੇ ਪ੍ਰਭੂ !) ਮੈਂ ਸੰਤੋਖ ਸਿੰਘ ਨੇ ਸਤਿਸੰਗਤ ਨਾਲ ਕਦੀ ਮੇਲ ਨਹੀਂ (ਰਖਿਆ ਤੇ ਸਦਾ) ਕੁਸੰਗ ਵਿਚ (ਮੇਲ ਰਖਿਆ ਹੈ), ਪਾਪਾਂ ਵਿਚ ਮੈਂ ਨਿਤ ਪ੍ਰਵਿਰਤ ਰਿਹਾ ਹਾਂ, (ਮੈਨੂੰ) ਕਦੇ ਧੀਰਜ ਨਹੀਂ ਪ੍ਰਾਪਤਿ ਹੋਇਆ।

ਹਾਂ, (ਮੇਰਾ) ਮਨ ਧੀਰਜ ਨਹੀਂ ਧਰਦਾ, (ਇਹ) ਕਠੋਰ ਕਾਮ ਵਿਚ ਲੰਪਟ ਹੈ। (ਮੈਨੂੰ) ਝੂਠੇ ਵਿਕਾਰਾਂ ਵਿਚ ਡੋਬ ਰਿਹਾ ਹੈ, (ਕਿਸੇ ਉਪਾਉ ਨਾਲ ਅਜੇ ਤੱਕ ਇਹ ਮਨ ਸਿੱਧਾ) ਤੀਰ ਨਹੀਂ ਹੋਇਆ। ਹੇ ਪ੍ਰਭੂ ਤੈਨੂੰ (ਮੈਂ) ਨੇੜੇ ਨਾ ਪਛਾਣਿਆਂ ਤੇ (ਸਦਾ) ਦੂਰ ਹੀ ਕਰਕੇ ਜਾਣਦਾ ਰਿਹਾ (ਤੇ ਆਪਣੇ) ਉਧਾਰ ਦੀ (ਕਦੇ ਕੋਈ) ਜੁਗਤ ਨਾ ਵਿਚਾਰੀ। (ਹੇ ਪ੍ਰਭੂ !) ਜਿਵੇਂ ਉਹ (ਤਰਖਾਣ ਪੁੱਤ੍ਰ) ਨਾ ਸੂਰਮਾਂ ਤੇ ਨਾਂ (ਤੇਰਾ ਮੁੱਢ ਤੋਂ) ਭਗਤ ਸੀ (ਕੇਵਲ) ਨਾਰੀ ਦੇ ਵਾਸਤੇ (ਉਸ ਨੇ ਵਿਸ਼ਨੂੰ ਦਾ) ਭੇਖ ਧਾਰਿਆ (ਹੋਇਆ ਸੀ) (ਤੇ ਤੂੰ) ਉਸ ਦੀ ਪੈਜ ਰੱਖੀ ਸੀ ਤਿਵੇਂ ਹੀ ਮੇਰੀ ਕੋਈ ਤਕਸੀਰ ਨਾ ਵੇਖੋ (ਤੇ ਪੈਜ ਰੱਖ ਦਿਖਾਓ)।

ਚੌਥੀ ਸਤਰ ਵਿਚ ਦਿਤੇ ਇਸ਼ਾਰੇ ਦੀ ਕਥਾ:

ਇਕ ਰਾਜ ਕੰਨਯਾਂ ਨੇ ਵਿਸ਼ਨੂੰ ਜੀ ਦਾ ਸਰੂਪ, ਜਸੁ ਤੇ ਬਲ ਸੁਣਕੇ ਪ੍ਰਣ ਕੀਤਾ ਕਿ ਮੈਂ ਵਿਸ਼ਨੂੰ ਤੋਂ ਬਿਨਾਂ ਕਿਸੇ ਹੋਰ ਨਾਲ ਵਿਆਹ ਨਹੀਂ ਕਰਨਾ। ਇਕ ਚਤੁਰ ਜੁਆਨ ਸੁੰਦਰ ਲੜਕੇ ਨੇ ਜੋ ਤਰਖਾਣੀ ਕਾਰੀਗਰੀ ਦਾ ਕਮਾਮ ਕਰਦਾ ਸੀ ਰਾਜ ਕੰਨਜਾਂ ਨੂੰ ਵੇਖਕੇ ਉਸ ਨਾਲ ਵਿਆਹ ਕਰਨ ਦੀ ਪੱਕੀ ਧੁਨ ਲਾ ਲਈ ਸੀ। ਗਰੀਬ ਆਦਮੀ ਦੇ ਯਤਨ ਨਿਸ਼ਫਲ ਜਾਣੇ ਹੀ ਸਨ, ਪਰ ਅੰਤ ਉਸ ਨੂੰ ਰਾਜ ਕੰਨਜਾਂ ਦੇ ਪ੍ਰਣ ਦਾ ਪਤਾ ਲੱਗਾ, ਤਦ ਉਸ ਨੇ ਇਕ ਹਵਾ ਵਿਚ ਉਡਣ ਵਾਲਾ ਗਰੁੜ ਬਣਾਇਆ, ਦੋ ਬਾਹਾਂ ਬਨਾਉਟੀ ਲਾਈਆਂ ਤੇ ਵਿਸ਼ਨੂੰ ਦਾ ਵੇਸ ਧਾਰਕੇ ਉੱਡਕੇ ਰਾਜ ਮਹਿਲ ਆ ਪੁਹੰਚਾ। ਭੇਖ ਨਿਭ ਗਿਆ ਵਿਆਹ ਹੋ ਗਿਆ। ਵੱਖਰੇ ਮਹਿਲ ਵਿਚ ਰਹਿਣ ਬਹਿਣ ਲੱਗੇ, ਬਨਾਵਟੀ ਵਿਸ਼ਨੂੰ ਨੇ ਪੱਜ ਬਣਾ ਲਿਆ ਕਿ ਰਾਜ ਕੰਨਜਾਂ ਦੇ ਅਤੀ ਪ੍ਰੇਮ ਦੇ ਕਾਰਨ ਮੈਂ ਮਨੁੱਖ ਰੂਪ ਵਿਚ ਹੀ ਇਸ ਦੇ ਜੀਉਂਦੇ ਜੀ ਇਸ ਪਾਸ ਰਹਾਂਗਾ।

---

*ਪਾ:-ਬੈਠਜੋ।

ਕੁਛ ਸਮਾਂ ਪਾ ਕੇ ਉਸ ਕੰਨਜਾਂ ਦੇ ਪਿਤਾ ਰਾਜਾ ਤੇ ਕਿਸੇ ਹੋਰ ਰਾਜਾ ਵਲੋਂ ਹਮਲਾ ਹੋਇਆ, ਹਾਰ ਦੀਆਂ ਸੂਰਤਾਂ ਤੱਕ ਕੇ ਰਾਜਾ ਤੇ ਦਰਬਾਰੀ ਇਸ ਵਿਸ਼ਨੂੰ ਦੀ ਪੈਰੀਂ ਆ ਪਏ ਕਿ ਆਪ ਲਾਜ ਰੱਖੋ। ਉਸ ਨੇ ਕਿਹਾ ਚਿੰਤਾ ਨਾ ਕਰੋ, ਕੱਲ ਜੀਤ ਹੋਇਗੀ। ਰਾਜਾ ਤੇ ਦਰਬਾਰੀ ਤਾਂ ਚਲੇ ਗਏ, ਪਰ ਬਨਾਵਟੀ ਵਿਸ਼ਨੂੰ ਜੀ ਇਤਨੇ ਡਰੇ ਅਰ ਸਹਿਮੇ ਕਿ ਸੁਰਤ ਸੰਕੁਚਦੀ ਸੰਕੁਚਦੀ ਜੁੜ ਗਈ, ਅਰਦਾਸ ਵਿਚ ਲੀਨ ਹੋ ਗਈ, ਸਮੇਂ ਦੀ ਔਕੜ ਪੈ ਜਾਣ ਤੇ ਭੈ ਦੀ ਪ੍ਰਬਲਤਾ ਕਰਕੇ ਚਿਤ ਨਿਰਮਲ ਹੋ ਕੇ ਜੁੜਦਾ ਜੁੜਦਾ ਇਕ ਚਿਤ ਇਕ ਛਿਨ' ਵਾਲੀ ਏਕਾਗ੍ਰਤਾ ਵਿਚ ਚਲਾ ਗਿਆ। ਅਗਲੇ ਦਿਨ ਜੁੱਧ ਵਿਚ ਗ਼ੈਬੀ ਮਦਦ ਆਈ ਤੇ ਜੁੱਧ ਫਤਹ ਹੋ ਗਿਆ। ਇਹ ਪ੍ਰਮਾਣ ਦੇਕੇ ਵਾਹਿਗੁਰੂ ਜੀ ਅੱਗੇ ਭਗਤ ਜੀ ਨੇ ਅਰਦਾਸ ਕੀਤੀ ਹੈ ਜੋ ਭਗਤ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਆਈ ਹੈ। ਉਸ ਵੱਲ ਇਸ਼ਾਰਾ ਕਰਕੇ ਕਵੀ ਜੀ ਬਿਨੈ ਕਰਦੇ ਹਨ ਕਿ ਹੇ ਵਾਹਿਗੁਰੂ ! ਆਪ ਅਰਦਾਸ ਪਾਪੀਆਂ ਦੀ ਬੀ ਸੁਣ ਲੈਂਦੇ ਹੋ, ਮੇਰੀਆਂ ਬੀ ਤਕਸੀਰਾਂ ਨਾ ਤੱਕੋ ਤੇ ਤ੍ਰੁਠ ਕੇ ਮੇਰੇ ਇਸ ਕਾਰਜ ਨੂੰ ਸਿਰੇ ਚਾੜ੍ਹੋ ਤੇ ਸ਼ੁਭਗਤੀ ਦਾਨ ਕਰੋ।

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਦੁਤਿਯ ਰੁਤੇ 'ਸ਼੍ਰੀ ਫਤੇ ਸਿੰਘ ਜੀ ਜਨਮ ਪ੍ਰਸੰਗ' ਬਰਨਨੰ ਕਵੀ ਸੰਤੋਖ ਸਿੰਘ ਬਿਰਚਤਾਯਾਂ ਭਾਂਖ੍ਯਾਯਾਂ ਨਾਮ ਪੰਚਾਸਤੀ ਅੰਸੂ ॥੫੦॥

[ਦੂਜੀ ਰੁਤਿ ਸੰਪੂਰਨ ਹੋਈ]